


ਅਕੱਥ ਕਹਾਣੀ ਪ੍ਰੇਮ ਕੀ

ਫਰੀਦ ਬਾਣੀ

ਅਕੱਥ ਕਹਾਣੀ ਪ੍ਰੇਮ ਕੀ

ਫਰੀਦ ਬਾਣੀ

ਓਸ਼ੋ ਨੇ ਫਰੀਦ ਬਾਣੀ ਉੱਤੇ ਹਿੰਦੀ ਭਾਸ਼ਾ ਵਿਚ 10 ਪ੍ਰਵਚਨ ਦਿੱਤੇ ਸਨ। ਉਸ ਕਿਤਾਬ ਦਾ ਨਾਮ 'ਅਕੱਥ ਕਹਾਣੀ ਪ੍ਰੇਮ ਕੀ' ਹੈ। ਇਹ ਪੰਜਾਬੀ ਅਨੁਵਾਦ ਉਨ੍ਹਾਂ ਹੀ 10 ਪ੍ਰਵਚਨਾਂ ਦੀ ਲਫ਼ਜ਼-ਬ-ਲਫ਼ਜ਼ ਰਚਨਾ ਹੈ।

ਓਸ਼ੋ ਪਰਮ ਕਲਿਆਣ ਮਿੱਤ੍ਰ ਹਨ, ਅਸਤਿਤਵ ਦਾ ਮਿੱਠਾ ਰਸ ਹਨ। ਉਨ੍ਹਾਂ ਦੀ ਕਰੁਣਾ ਦਾ ਸਹਾਰਾ ਪਾ ਕੇ ਮਨੁੱਖਤਾ ਧੰਨ ਹੋਈ ਹੈ।

ਓਸ਼ੋ ਜਿਨ੍ਹਾਂ ਦਾ ਨਾ ਕਦੇ ਜਨਮ ਹੋਇਆ, ਨਾ ਕਦੇ ਮ੍ਰਿਤੂ, ਜੋ ਇਸ ਪ੍ਰਿਥਵੀ (ਧਰਤੀ) ਗ੍ਰਹਿ ਉੱਤੇ 11 ਦਸੰਬਰ 1931 ਤੋਂ ਲੈ ਕੇ 19 ਜਨਵਰੀ 1990 ਤਕ ਕੇਵਲ ਇਕ ਮਹਿਮਾਨ ਰਹੇ।

650 ਕਿਤਾਬਾਂ ਦੇ ਰਚਨਾਕਾਰ ਓਸ਼ੋ ਨੇ ਆਪ ਕਦੇ ਕੋਈ ਕਿਤਾਬ ਨਹੀਂ ਲਿਖੀ। ਪਰ ਉਨ੍ਹਾਂ ਨੇ ਆਪਣੇ ਸ਼ਿਸ਼ਾਂ ਅਤੇ ਹੋਰ ਅਨੇਕ ਸੁਣਨ ਵਾਲਿਆਂ ਦੇ ਸਾਹਮਣੇ ਬੈਠ ਕੇ ਸਹਿਜਤਾ ਅਤੇ ਪ੍ਰੇਮ ਭਾਵ ਨਾਲ ਪ੍ਰਵਚਨ ਦਿੱਤੇ ਹਨ, ਜੋ ਕਿਤਾਬਾਂ ਦੇ ਰੂਪ ਵਿਚ ਉਪਲੱਬਧ ਹਨ। "ਅਕੱਥ ਕਹਾਨੀ ਪ੍ਰੇਮ ਕੀ" ਉਨ੍ਹਾਂ ਦੇ ਅੰਮ੍ਰਿਤ ਪ੍ਰਵਚਨਾਂ ਦਾ ਇਕ ਅਜਿਹਾ ਹੀ ਅਨੋਖਾ ਸੰਗ੍ਰਹਿ ਹੈ। ਇਹ ਪ੍ਰਵਚਨ ਮਨੁੱਖ ਮਾਤਰ ਲਈ ਹਨ, ਸੰਪੂਰਣ ਮਨੁੱਖਤਾ ਲਈ ਹਨ।

ਅਕੱਥ ਕਹਾਣੀ ਪ੍ਰੇਮ ਕੀ

ਫਰੀਦ ਬਾਣੀ

ਓਸ਼ੋ

ਭਾ: ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

ਸੂਚੀ

1.	ਪਹਿਲਾ ਪ੍ਰਵਚਨ	6
2.	ਦੂਜਾ ਪ੍ਰਵਚਨ	48
3.	ਤੀਜਾ ਪ੍ਰਵਚਨ	82
4.	ਚੌਥਾ ਪ੍ਰਵਚਨ	126
5.	ਪੰਜਵਾਂ ਪ੍ਰਵਚਨ	166
6.	ਛੇਵਾਂ ਪ੍ਰਵਚਨ	214
7.	ਸੱਤਵਾਂ ਪ੍ਰਵਚਨ	254
8.	ਅੱਠਵਾਂ ਪ੍ਰਵਚਨ	288
9.	ਨੌਵਾਂ ਪ੍ਰਵਚਨ	332
10.	ਦਸਵਾਂ ਪ੍ਰਵਚਨ	368

ਪਹਿਲਾ ਪ੍ਰਵਚਨ

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥
ਆਜੁ ਮਿਲਾਵਾ ਸੇਖ ਫਰੀਦ
ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥
ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥
ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥
ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥
ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥
ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥
ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥
ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥

7

ਪ੍ਰੇਮ ਅਤੇ ਧਿਆਨ—ਦੋ ਸ਼ਬਦ ਜਿਸ ਨੇ ਠੀਕ ਤਰ੍ਹਾਂ ਸਮਝ ਲਏ, ਉਸ ਨੂੰ ਧਰਮਾਂ ਦੇ ਸਾਰੇ ਪੱਖ ਸਮਝ ਵਿਚ ਆ ਗਏ।

ਦੋ ਹੀ ਮਾਰਗ ਹਨ। ਇਕ ਮਾਰਗ ਹੈ ਪ੍ਰੇਮ ਦਾ, ਹਿਰਦੇ ਦਾ, ਇਕ ਮਾਰਗ ਹੈ ਧਿਆਨ ਦਾ, ਬੁੱਧੀ ਦਾ। ਧਿਆਨ ਦੇ ਮਾਰਗ ਤੇ ਬੁੱਧੀ ਨੂੰ ਸ਼ੁੱਧ ਕਰਨਾ ਹੈ—ਐਨਾ ਸ਼ੁੱਧ ਕਿ ਬੁੱਧੀ ਬਾਕੀ ਹੀ ਨਾ ਰਹਿ ਜਾਏ, ਸ਼ੂਨਯ ਹੋ ਜਾਏ। ਪ੍ਰੇਮ ਦੇ ਮਾਰਗ ਉੱਤੇ ਹਿਰਦੇ ਨੂੰ ਸ਼ੁੱਧ ਕਰਨਾ ਹੈ—ਇੰਨਾ ਸ਼ੁੱਧ ਕਿ ਹਿਰਦੇ ਗੁਆਚ ਜਾਏ, ਪ੍ਰੇਮੀ ਗੁਆਚ ਜਾਏ। ਦੋਹਾਂ ਮਾਰਗਾਂ ਤੋਂ ਸ਼ੂਨਯ ਦੀ ਉਪਲਬਧੀ ਕਰਨੀ ਹੈ, ਮਿਟਣਾ ਹੈ। ਕੋਈ ਵਿਚਾਰ ਨੂੰ ਕੱਟ-ਕੱਟ ਕੇ ਮਿਟੇਗਾ; ਕੋਈ ਵਾਸਨਾ ਨੂੰ ਕੱਟ-ਕੱਟ ਕੇ ਮਿਟੇਗਾ।

ਪ੍ਰੇਮ ਹੈ ਵਾਸਨਾ ਤੋਂ ਮੁਕਤੀ। ਧਿਆਨ ਹੈ ਵਿਚਾਰ ਤੋਂ ਮੁਕਤੀ। ਦੋਵੇਂ ਹੀ ਤੁਹਾਨੂੰ ਮਿਟਾ ਦੇਣਗੇ ਅਤੇ ਜਿਥੇ ਤੁਸੀਂ ਨਹੀਂ ਹੋ, ਉਥੇ ਹੀ ਪਰਮਾਤਮਾ ਹੈ।

ਧਿਆਨੀ ਨੇ ਪਰਮਾਤਮਾ ਲਈ ਆਪਣੇ ਸ਼ਬਦ ਘੜੇ ਹਨ—ਸਤਯ, ਮੋਖਸ਼, ਨਿਰਵਾਣ, ਪ੍ਰੇਮੀ ਨੇ ਆਪਣੇ ਸ਼ਬਦ ਘੜੇ ਹਨ। ਪਰਮਾਤਮਾ ਪ੍ਰੇਮੀ ਦਾ ਸ਼ਬਦ ਹੈ। ਸਤਯ ਧਿਆਨੀ ਦਾ ਸ਼ਬਦ ਹੈ। ਪਰ ਭੇਦ ਸ਼ਬਦਾਂ ਦਾ ਹੈ। ਇਸ਼ਾਰਾ ਇਕ ਹੀ ਦੇ ਵੱਲ ਹੈ। ਜਦ ਤਦ ਦੋ ਹਨ ਤਦ ਤਕ ਸੰਸਾਰ ਹੈ, ਜਿਵੇਂ ਹੀ ਇਕ ਬਚਿਆ, ਸੰਸਾਰ ਗੁਆਚ ਗਿਆ।

ਸ਼ੇਖ਼ ਫ਼ਰੀਦ ਪ੍ਰੇਮ ਦੇ ਰਾਹੀ ਹਨ, ਅਤੇ ਜਿਸ ਤਰ੍ਹਾਂ ਦਾ ਪ੍ਰੇਮ ਦਾ ਗੀਤ ਫ਼ਰੀਦ ਨੇ ਗਾਇਆ ਹੈ, ਉਹੋ ਜਿਹਾ ਕਿਸੇ ਨੇ ਨਹੀਂ ਗਾਇਆ। ਕਬੀਰ ਵੀ ਪ੍ਰੇਮ ਦੀ ਗੱਲ ਕਰਦੇ ਹਨ, ਲੇਕਿਨ ਧਿਆਨ ਦੀ ਵੀ ਗੱਲ ਕਰਦੇ ਹਨ। ਦਾਦੂ ਵੀ ਪ੍ਰੇਮ ਦੀ ਗੱਲ ਕਰਦੇ ਹਨ, ਪਰ ਧਿਆਨ ਦੀ ਗੱਲ ਨੂੰ ਬਿਲਕੁਲ ਭੁੱਲ ਨਹੀਂ ਜਾਂਦੇ। ਨਾਨਕ ਵੀ ਪ੍ਰੇਮ ਦੀ ਗੱਲ ਕਰਦੇ ਹਨ, ਲੇਕਿਨ ਉਹ ਧਿਆਨ ਨਾਲ ਘੁਲੀ-ਮਿਲੀ ਹੈ। ਫ਼ਰੀਦ ਨੇ ਸ਼ੁੱਧ ਪ੍ਰੇਮ ਦੇ ਗੀਤ ਗਾਏ ਹਨ, ਧਿਆਨ ਦੀ ਗੱਲ ਹੀ ਨਹੀਂ ਕੀਤੀ, ਪ੍ਰੇਮ ਵਿਚ ਹੀ ਧਿਆਨ ਜਾਣਿਆ ਹੈ। ਇਸ ਲਈ ਪ੍ਰੇਮ ਦੀ ਇੰਨੀ ਸ਼ੁੱਧ ਕਹਾਣੀ ਕਿਤੇ ਹੋਰ ਨਹੀਂ ਮਿਲੇਗੀ। ਫ਼ਰੀਦ ਖ਼ਾਲਿਸ ਪ੍ਰੇਮ ਹਨ। ਪ੍ਰੇਮ ਨੂੰ ਸਮਝ ਲਿਆ ਤਾਂ ਫ਼ਰੀਦ ਨੂੰ ਸਮਝ ਲਿਆ। ਫ਼ਰੀਦ ਨੂੰ ਸਮਝ ਲਿਆ ਤਾਂ ਪ੍ਰੇਮ ਨੂੰ ਸਮਝ ਲਿਆ।

ਪ੍ਰੇਮ ਦੇ ਸੰਬੰਧ ਵਿਚ ਕੁਝ ਗੱਲਾਂ ਰਾਹ ਦੀ ਖ਼ਬਰ ਹੋਣਗੀਆਂ, ਉਨ੍ਹਾਂ ਨੂੰ ਪਹਿਲਾਂ ਧਿਆਨ ਵਿਚ ਲੈ ਲਈਏ। ਪਹਿਲੀ ਗੱਲ—ਜਿਸ ਨੂੰ ਤੁਸੀਂ ਪ੍ਰੇਮ ਕਹਿੰਦੇ ਹੋ, ਫ਼ਰੀਦ ਉਸ ਨੂੰ ਪ੍ਰੇਮ ਨਹੀਂ ਕਹਿੰਦੇ। ਤੁਹਾਡਾ ਪ੍ਰੇਮ ਤਾ ਪ੍ਰੇਮ ਦਾ ਧੋਖਾ ਹੈ। ਉਹ ਪ੍ਰੇਮ ਹੈ ਨਹੀਂ, ਸਿਰਫ਼ ਪ੍ਰੇਮ ਦੀ ਨਕਲ ਹੈ, ਨਕਲੀ ਸਿੱਕਾ ਹੇ ਅਤੇ ਇਸ ਲਈ ਤਾਂ ਉਸ ਪ੍ਰੇਮ ਤੋਂ ਸਿਵਾਏ ਦੁੱਖ ਦੇ ਤੁਸੀਂ ਕੁਝ ਹੋਰ ਨਹੀਂ ਜਾਣਿਆ ਹੈ।

ਕਲ੍ਹ ਹੀ ਫ਼ਰਾਂਸ ਤੋਂ ਆਈ ਇਕ ਸੰਨਿਆਸਨੀ ਮੈਨੂੰ ਰਾਤ ਪੁੱਛ ਰਹੀ ਸੀ ਕਿ ਪ੍ਰੇਮ ਵਿਚ ਬਹੁਤ ਦੁੱਖ ਹੈ, ਤੁਸੀਂ ਕੀ ਕਹਿੰਦੇ ਹੋ? ਜਿਸ ਪ੍ਰੇਮ ਨੂੰ ਤੁਸੀਂ ਜਾਣਿਆ ਹੈ ਉਸ ਵਿਚ ਬਹੁਤ ਦੁੱਖ ਹੈ, ਇਸ ਵਿਚ ਕੋਈ ਸ਼ੱਕ ਨਹੀਂ। ਲੇਕਿਨ ਉਹ ਪ੍ਰੇਮ ਦੇ ਕਾਰਨ ਨਹੀਂ ਹੈ, ਉਹ ਤੁਹਾਡੇ ਕਾਰਨ ਹੈ। ਤੁਸੀਂ ਅਜਿਹੇ ਪਾਤਰ ਹੋ ਕਿ ਅੰਮ੍ਰਿਤ ਵੀ ਵਿਸ਼ ਹੋ ਜਾਂਦਾ ਹੈ। ਤੁਸੀਂ ਅਪਾਤਰ ਹੋ, ਇਸ ਲਈ ਪ੍ਰੇਮ ਵੀ ਜ਼ਹਿਰੀਲਾ ਹੋ ਜਾਂਦਾ ਹੈ, ਫਿਰ ਉਸ ਨੂੰ ਤੁਸੀਂ ਪ੍ਰੇਮ ਕਹੋਗੇ ਤਾਂ ਫ਼ਰੀਦ ਨੂੰ ਸਮਝਣਾ ਬਹੁਤ ਮੁਸ਼ਕਿਲ ਹੋ ਜਾਏਗਾ; ਕਿਉਂਕਿ ਫ਼ਰੀਦ ਤਾਂ ਪ੍ਰੇਮ ਦੇ ਆਨੰਦ ਦੀਆਂ ਗੱਲਾਂ ਕਹੇਗਾ, ਪ੍ਰੇਮ ਦਾ ਨਾਚ ਅਤੇ ਪ੍ਰੇਮ ਦੀ ਸਮਾਧੀ ਅਤੇ ਪ੍ਰੇਮ ਵਿਚ ਹੀ ਪਰਮਾਤਮਾ ਨੂੰ ਪਾਏਗਾ ਅਤੇ ਤੁਸੀਂ ਤਾਂ ਪ੍ਰੇਮ ਵਿਚ ਸਿਰਫ਼ ਦੁੱਖ ਹੀ ਜਾਣਿਆ ਹੈ, ਚਿੰਤਾ, ਕਲਹ, ਸੰਘਰਸ਼ ਹੀ ਜਾਣਿਆ ਹੈ। ਪ੍ਰੇਮ ਵਿਚ ਤਾਂ ਤੁਸੀਂ ਇਕ ਤਰ੍ਹਾਂ ਦੀ ਵਿਗੜੀ ਹੋਈ ਰੋਗੀ ਦਸ਼ਾ ਹੀ ਜਾਣੀ ਹੈ। ਪ੍ਰੇਮ ਨੂੰ ਤੁਸੀਂ ਨਰਕ ਦੇ ਵਾਂਗ ਜਾਣਿਆ ਹੈ। ਤੁਹਾਡੇ ਪ੍ਰੇਮ ਦੀ ਗੱਲ ਹੀ ਨਹੀਂ ਹੋ ਰਹੀ ਹੈ।

ਜਿਸ ਪ੍ਰੇਮ ਦੀ ਫ਼ਰੀਦ ਗੱਲ ਕਰ ਰਿਹਾ ਹੈ, ਉਹ ਤਾਂ ਤਦੇ ਪੈਦਾ ਹੁੰਦਾ ਹੈ ਜਦ ਤੁਸੀਂ ਮਿਟ ਜਾਂਦੇ ਹੋ। ਤੁਹਾਡੀ ਕਬਰ ਉੱਤੇ ਉੱਗਦਾ ਹੈ ਫੁੱਲ ਉਸ ਪ੍ਰੇਮ ਦਾ। ਤੁਹਾਡੀ ਰਾਖ (ਸੁਆਹ) ਤੋਂ ਪੈਦਾ ਹੁੰਦਾ ਹੈ ਉਹ ਪ੍ਰੇਮ। ਤੁਹਾਡਾ ਪ੍ਰੇਮ ਤਾਂ ਹੰਕਾਰ ਦੀ ਸਜਾਵਟ ਹੈ। ਤੁਸੀਂ ਪ੍ਰੇਮ ਵਿਚ ਦੂਜੇ ਨੂੰ ਵਸਤੂ (ਚੀਜ਼) ਬਣਾ ਦਿੰਦੇ ਹੋ। ਤੁਹਾਡੇ ਪ੍ਰੇਮ ਦੀ ਕੋਸ਼ਿਸ਼ ਵਿਚ ਦੂਜੇ ਦੀ ਮਾਲਕੀਅਤ ਹੈ। ਤੁਸੀਂ ਚਾਹੁੰਦੇ ਹੋ, ਤੁਸੀਂ ਜਿਸ ਨੂੰ ਪ੍ਰੇਮ ਕਰੋ, ਉਹ ਤੁਹਾਡੀ ਮੁੱਠੀ ਵਿਚ ਬੰਦ ਹੋਵੇ, ਤੁਸੀਂ ਮਾਲਿਕ ਹੋ ਜਾਓ। ਦੂਜਾ ਵੀ ਇਹ ਹੀ ਚਾਹੁੰਦਾ ਹੈ। ਤੁਹਾਡੇ ਪ੍ਰੇਮ ਦੇ ਨਾਂ 'ਤੇ ਮਾਲਕੀਅਤ ਦਾ ਸੰਘਰਸ਼ (ਘੋਲ-ਮਥੋਲਾ) ਚੱਲਦਾ ਹੈ।

ਜਿਸ ਪ੍ਰੇਮ ਦੀ ਫ਼ਰੀਦ ਗੱਲ ਕਰ ਰਿਹਾ ਹੈ, ਉਹ ਅਜਿਹਾ ਪ੍ਰੇਮ ਹੈ, ਜਿਥੇ ਤੁਸੀਂ ਦੂਜੇ ਨੂੰ ਆਪਣੀ ਮਾਲਕੀਅਤ ਦੇ ਦਿੰਦੇ ਹੋ, ਜਿਥੇ ਤੁਸੀਂ ਆਪਣੀ ਇੱਛਾ ਨਾਲ ਸਮਰਪਿਤ ਹੋ ਜਾਂਦੇ ਹੋ, ਜਿਥੇ ਤੁਸੀਂ ਕਹਿੰਦੇ ਹੋ, ਤੇਰੀ ਮਰਜ਼ੀ, ਮੇਰੀ ਮਰਜ਼ੀ। ਸੰਘਰਸ਼ ਦਾ ਤਾਂ ਕੋਈ ਸਵਾਲ ਨਹੀਂ ਹੈ। ਨਿਸ਼ਚਿਤ ਹੀ ਅਜਿਹਾ ਪ੍ਰੇਮ ਦੋ ਵਿਅਕਤੀਆਂ ਦੇ ਵਿਚਕਾਰ ਨਹੀਂ ਹੋ ਸਕਦਾ। ਅਜਿਹਾ ਪ੍ਰੇਮ ਦੋ ਸਮਸਥਿਤੀ

(ਇਕੋ ਜਿਹੀ ਹਾਲਤ) ਵਿਚ ਖਲੋਤੀਆਂ ਚੇਤਨਾਵਾਂ ਦੇ ਵਿਚਕਾਰ ਨਹੀਂ ਹੋ ਸਕਦਾ। ਅਜਿਹੇ ਪ੍ਰੇਮ ਦੀ ਨਿੱਕੀ ਮੋਟੀ ਝਲਕ ਸ਼ਾਇਦ ਗੁਰੂ ਦੇ ਕੋਲ ਮਿਲੇ, ਪੂਰਾ ਝਲਕ ਤਾਂ ਪਰਮਾਤਮਾ ਦੇ ਕੋਲ ਹੀ ਮਿਲੇਗੀ। ਅਜਿਹਾ ਪ੍ਰੇਮ ਪਤੀ-ਪਤਨੀ ਦਾ ਨਹੀਂ ਹੋ ਸਕਦਾ, ਮਿੱਤਰ, ਮਿੱਤਰ ਦਾ ਨਹੀਂ ਹੋ ਸਕਦਾ। ਦੂਜਾ ਜਦ ਤੁਹਾਡੇ ਹੀ ਵਰਗਾ ਹੈ ਤਾਂ ਤੁਸੀਂ ਕਿਵੇਂ ਆਪਣੇ ਨੂੰ ਸਮਰਪਿਤ ਕਰ ਪਾਉਗੇ ? ਸੰਦੇਹ (ਸ਼ੱਕ) ਫੜੇਗਾ ਮਨ ਨੂੰ। ਹਜ਼ਾਰ ਭੈਅ ਫੜਨਗੇ ਮਨ ਨੂੰ। ਇਹ ਦੂਜੇ ਉੱਤੇ ਭਰੋਸਾ ਹੋ ਨਹੀਂ ਸਕਦਾ ਕਿ ਸਭ ਛੱਡ ਦਿਓ, ਕਿ ਕਹਿ ਸਕੋ ਕਿ ਤੇਰੀ ਮਰਜ਼ੀ, ਮੇਰੀ ਮਰਜ਼ੀ ਹੈ। ਇਸ ਦੀ ਮਰਜ਼ੀ ਵਿਚ ਬਹੁਤ ਭੁੱਲ-ਚੁੱਕ ਵਿਖਾਈ ਪਏਗੀ। ਇਹ ਤਾਂ ਭਟਕਾਵ ਹੋ ਜਾਏਗਾ। ਇਹ ਤਾਂ ਆਪਣੇ ਹੱਥਾਂ ਨਾਲ ਅੱਖਾਂ ਫੂਟਾ ਲੈਣਾ ਹੋਏਗਾ। ਇਵੇਂ ਹੀ ਹਨੇਰਾ ਕੀ ਘੱਟ ਹੈ, ਅੱਖਾਂ ਫੁਟਾ ਕੇ ਤਾਂ ਹੋਰ ਮੁਸ਼ਕਿਲ ਹੋ ਜਾਏਗੀ। ਇਹ ਤਾਂ ਆਪਣੇ ਹੱਥ ਵਿਚ ਜਿਹੜਾ ਨਿੱਕਾ-ਮੋਟਾ ਦੀਵਾ ਹੈ ਬੁੱਧੀ ਦਾ, ਉਹ ਵੀ ਬੁਝਾ ਦੇਣਾ ਹੋ ਜਾਏਗਾ। ਇਹ ਤਾਂ ਨਿਰਬੁੱਧੀ ਵਿਚ ਉਤਰਨਾ ਹੋਏਗਾ। ਇਹ ਸੰਭਵ ਨਹੀਂ ਹੈ।

ਮਨੁੱਖ ਅਤੇ ਮਨੁੱਖ ਦੇ ਵਿਚਕਾਰ ਪ੍ਰੇਮ ਸੀਮਿਤ (ਹੱਦਬੰਦੀ ਵਿਚ) ਹੀ ਹੋਏਗਾ। ਤੁਸੀਂ ਛੱਡੋਗੇ ਵੀ ਤਾਂ ਸ਼ਰਤਾਂ ਨਾਲ ਛੱਡੋਗੇ। ਤੁਸੀਂ ਜੇਕਰ ਥੋੜ੍ਹੀ ਦੂਜੇ ਨੂੰ ਮਾਲਕੀਅਤ ਵੀ ਦਿਉਗੇ ਤਾਂ ਵੀ ਪੂਰੀ ਨਾ ਦਿਉਗੇ, ਥੋੜ੍ਹੀ ਬਚਾ ਲਉਗੇ, ਪਰਤਨੇ ਦਾ ਉਪਾਇ ਰਹੇ, ਜੇਕਰ ਕਲ੍ਹ ਪਰਤਣਾ ਪਿਆ, ਸਮਰਪਣ ਨੂੰ ਇਨਕਾਰ ਕਰਨਾ ਪਿਆ ਤਾਂ ਤੁਸੀਂ ਪਰਤ ਸਕੋ, ਅਜਿਹਾ ਨਾ ਹੋਵੇ ਕਿ ਫਿਰ ਪਰਤਨੇ ਦੀ ਥਾਂ ਨਾ ਰਹਿ ਜਾਏ। ਤੁਸੀਂ ਪੌੜੀ ਨੂੰ ਹਟਾ ਨਹੀਂ ਦਿਉਗੇ, ਲਾਈ ਹੀ ਰੱਖੋਗੇ।

ਸਾਧਾਰਣ ਪ੍ਰੇਮ ਬਿਨਾਂ ਸ਼ਰਤ ਤੋਂ ਨਹੀਂ ਹੋ ਸਕਦਾ। Unconditioinal ਨਹੀਂ ਹੋ ਸਕਦਾ। ਅਤੇ ਪ੍ਰੇਮ ਜਦ ਤਕ ਬੇ-ਸ਼ਰਤ ਨਾ ਹੋਵੇ ਤਦ ਤਕ ਪ੍ਰੇਮ ਹੀ ਨਹੀਂ ਹੁੰਦਾ। ਤੁਹਾਡੇ ਤੋਂ ਉਪਰ ਕੋਈ, ਜਿਸ ਨੂੰ ਵੇਖ ਕੇ ਤੁਹਾਨੂੰ ਆਕਾਸ਼ ਦੇ ਬੱਦਲਾਂ ਦਾ ਸਮਰਣ ਆਏ। ਜਿਸ ਦੇ ਵੱਲ ਤੁਸੀਂ ਅੱਖਾਂ ਚੁੱਕਣੀਆਂ ਹੋਣ ਤਾਂ ਇਵੇਂ ਜਿਵੇਂ ਸੂਰਜ ਦੇ ਵੱਲ ਕੋਈ ਅੱਖ ਚੁੱਕੇ, ਉਸ ਦੇ ਅਤੇ ਤੁਹਾਡੇ ਵਿਚਕਾਰ ਇਕ ਲੰਮਾ ਫ਼ਾਸਲਾ ਹੋਵੇ। ਇਕ ਨਾ ਟੱਪ ਸਕਣ ਵਾਲੀ ਖਾਈ ਹੋਵੇ, ਜਿਸ ਵਿਚ ਤੁਹਾਨੂੰ ਪਰਮਾਤਮਾ ਦੀ ਥੋੜ੍ਹੀ ਜਿਹੀ ਪ੍ਰਤੀਤੀ ਮਿਲੇ—ਉਸ ਨੂੰ ਹੀ ਅਸੀਂ ਗੁਰੂ ਕਿਹਾ ਹੈ!

ਗੁਰੂ, ਪੂਰਬ ਦੀ ਨਿਰਾਲੀ ਖੋਜ ਹੈ। ਪੱਛਮ ਇਸ ਰਸ ਤੋਂ ਵਾਂਝਾ ਹੀ ਰਹਿ ਗਿਆ ਹੈ, ਉਸ ਨੂੰ ਗੁਰੂ ਦਾ ਕੋਈ ਪਤਾ ਹੀ ਨਹੀਂ, ਉਹ ਪੱਥ ਜਾਣਿਆ ਹੀ ਨਹੀਂ ਪੱਛਮ ਨੇ। ਪੱਛਮ ਨੂੰ ਦੋ ਮਿੱਤਰਾਂ ਦਾ ਪਤਾ ਹੈ, ਸ਼ਿਕਸ਼ਕ-ਵਿਦਿਆਰਥੀ

ਦਾ ਪਤਾ ਹੈ, ਪਤੀ-ਪਤਨੀ ਦਾ ਪਤਾ ਹੈ, ਪ੍ਰੇਮੀ-ਪ੍ਰੇਮਿਕਾ ਦਾ ਪਤਾ ਹੈ, ਲੇਕਿਨ ਫ਼ਰੀਦ ਜਿਸ ਦੀ ਗੱਲ ਕਰੇਗਾ—ਗੁਰੂ ਅਤੇ ਸ਼ਿਸ਼—ਉਸ ਦਾ ਕੋਈ ਪਤਾ ਨਹੀਂ ਹੈ।

ਗੁਰੂ ਅਤੇ ਸ਼ਿਸ਼ ਦਾ ਅਰਥ ਹੈ—ਕੋਈ ਅਜਿਹਾ ਮਨੁੱਖ ਜਿਸ ਦੇ ਅੰਦਰੋਂ ਤੁਹਾਨੂੰ ਪਰਮਾਤਮਾ ਦੀ ਝਲਕ ਮਿਲੀ, ਜਿਸ ਦੇ ਅੰਦਰ ਤੁਸੀਂ ਆਕਾਸ਼ ਵੇਖਿਆ. ਜਿਸ ਦੀ ਖਿੜਕੀ 'ਚੋਂ ਤੁਸੀਂ ਵਿਰਾਟ ਵਿਚ ਝਾਂਕਿਆ। ਉਸ ਦੀ ਖਿੜਕੀ ਭਾਵੇਂ ਛੋਟੀ ਹੀ ਹੋਵੇ—ਖਿੜਕੀ ਦੇ ਵੱਡੇ ਹੋਣ ਦੀ ਕੋਈ ਜ਼ਰੂਰਤ ਵੀ ਨਹੀਂ ਹੈ, ਲੇਕਿਨ ਖਿੜਕੀ ਵਿਚੋਂ ਜੋ ਝਾਂਕਿਆ, ਉਹ ਆਕਾਸ਼ ਸੀ। ਤਦ ਸਪਰਪਣ ਹੋ ਸਕਦਾ ਹੈ। ਤਦ ਤੁਸੀਂ ਪੂਰਾ ਆਪਣੇ ਨੂੰ ਛੱਡ ਸਕਦੇ ਹੋ।

ਧਰਮ ਦੀ ਭਾਲ ਮੂਲ ਰੂਪ ਵਿਚ ਗੁਰੂ ਦੀ ਹੀ ਭਾਲ ਹੈ। ਕਿਉਂਕਿ ਹੋਰ ਤੁਸੀਂ ਧਰਮ ਨੂੰ ਕਿਥੇ ਵੇਖ ਪਾਉਗੇ ? ਹੋਰ ਤਾਂ ਤੁਸੀਂ ਜਿਥੇ ਜਾਉਗੇ, ਆਪਣੇ ਹੀ ਵਰਗਾ ਮਨੁੱਖ ਪਾਉਗੇ। ਤਾਂ ਜੇਕਰ ਤੁਹਾਡੇ ਜੀਵਨ ਵਿਚ ਕਦੇ ਕੋਈ ਅਜਿਹਾ ਵਿਅਕਤੀ ਆ ਜਾਏ, ਜਿਸ ਨੂੰ ਵੇਖ ਕੇ ਤੁਹਾਨੂੰ ਆਪਣੇ ਤੋਂ ਉੱਪਰ ਅੱਖਾਂ ਚੁੱਕਣੀਆਂ ਪੈਂਦੀਆਂ ਹੋਣ, ਜਿਸ ਨੂੰ ਵੇਖ ਕੇ ਤੁਹਾਡੇ ਵਿਚ ਦੂਰ ਦੇ ਸੁਫ਼ਨੇ, ਇੱਛਾ ਅਭਿਲਾਸ਼ਾ ਭਰ ਜਾਂਦੀ ਹੋਵੇ, ਜਿਸ ਨੂੰ ਵੇਖ ਕੇ ਤੁਹਾਨੂੰ ਦੂਰ ਆਕਾਸ਼ ਦਾ ਬੁਲਾਵਾ ਮਿਲਦਾ ਹੋਵੇ—ਹੋਰ ਇਸ ਦੀ ਕੋਈ ਫ਼ਿਕਰ ਨਾ ਕਰਨਾ ਕਿ ਦੁਨੀਆਂ ਉਸ ਦੇ ਸੰਬੰਧ ਵਿਚ ਕੀ ਕਹਿੰਦੀ ਹੈ, ਇਹ ਸਵਾਲ ਨਹੀਂ ਹੈ—ਤੁਹਾਨੂੰ ਜੇਕਰ ਉਸ ਖਿੜਕੀ ਤੋਂ ਕੁਝ ਦਰਸ਼ਨ ਹੋਇਆ ਹੋਵੇ ਤਾਂ ਅਜਿਹੇ ਵਿਅਕਤੀ ਦੇ ਕੋਲ ਸਮਰਪਣ ਦੀ ਕਲਾ ਸਿੱਖ ਲੈਣਾ। ਉਸ ਦੇ ਕੋਲ ਤੁਹਾਨੂੰ ਪਹਿਲੇ ਪਾਠ ਮਿਲਣਗੇ, ਪ੍ਰਥਮਿਕ ਸ਼ਬਦ ਮਿਲਣਗੇ—ਆਪਣੇ ਨੂੰ ਛੱਡਣ ਦੇ। ਉਹ ਹੀ ਪਾਠ ਪਰਮਾਤਮਾ ਦੇ ਕੋਲ ਕੰਮ ਆਉਣਗੇ।

ਗੁਰੂ ਆਖ਼ਰੀ ਨਹੀਂ ਹੈ, ਗੁਰੂ ਤਾਂ ਮਾਰਗ ਹੈ। ਅਖ਼ੀਰ 'ਚ ਤਾਂ ਗੁਰੂ ਹਟ ਜਾਏਗੀ, ਖਿੜਕੀ ਵੀ ਹਟ ਜਾਏਗੀ—ਆਕਾਸ਼ ਹੀ ਰਹਿ ਜਾਏਗਾ। ਜਿਹੜੀ ਖਿੜਕੀ ਰੁਕਾਵਟ ਪਾਵੇ, ਹਟੇ ਨਾ ਉਹ ਤਾਂ ਆਕਾਸ਼ ਅਤੇ ਤੁਹਾਡੇ ਵਿਚਕਾਰ ਵਿਘਨ ਹੋ ਜਾਏਗੀ, ਉਹ ਤਾਂ ਸੇਤੂ (ਜੋੜ) ਨਾ ਹੋਵੇਗੀ, ਵਿਘਨ ਹੋ ਜਾਏਗਾ।

ਜਿਸ ਪ੍ਰੇਮ ਦੀ ਫ਼ਰੀਦ ਗੱਲ ਕਰ ਰਹੇ ਹਨ, ਉਸ ਦੀ ਝਲਕ ਤੁਹਾਨੂੰ ਕਦੇ ਗੁਰੂ ਕੇ ਕੋਲ ਮਿਲੇਗੀ। ਤੁਸੀਂ ਮੈਨੂੰ ਪੁੱਛੋਗੇ ਕਿ ਕਿਵੇਂ ਅਸੀਂ ਗੁਰੂ ਨੂੰ ਪਛਾਣੀਏ। ਮੈਂ ਤੁਹਾਨੂੰ ਆਖਾਂਗਾ, ਜਿਥੇ ਤੁਹਾਨੂੰ ਅਜਿਹੀ ਝਲਕ ਮਿਲ ਜਾਏ। ਉਸ ਤੋਂ ਇਲਾਵਾ ਹੋਰ ਕੋਈ ਕਸੌਟੀ ਨਹੀਂ ਹੈ। ਗੁਰੂ ਦੀ ਪਰਿਭਾਸ਼ਾ ਇਹ ਹੈ ਕਿ ਜਿਥੇ ਤੁਹਾਨੂੰ ਵਿਰਾਟ ਦੀ ਥੋੜ੍ਹੀ ਜਿਹੀ ਵੀ ਝਲਕ ਮਿਲ ਜਾਏ, ਜਿਸ ਬੂੰਦ ਵਿਚ ਤੁਹਾਨੂੰ ਸਾਗਰ ਦਾ ਥੋੜ੍ਹਾ ਜਿਹਾ ਵੀ ਸੁਆਦ ਮਿਲ ਜਾਏ, ਜਿਸ ਬੀਂ ਵਿਚ ਤੁਹਾਨੂੰ

ਉਮੀਦਾਂ ਦੇ ਫੁੱਲ ਖਿੜਦੇ ਹੋਏ ਵਿਖਾਈ ਪੈਣ। ਫਿਰ ਧਿਆਨ ਨਾ ਦੇਣਾ ਕਿ ਦੁਨੀਆਂ ਕੀ ਕਹਿੰਦੀ ਹੈ, ਕਿਉਂਕਿ ਦੁਨੀਆਂ ਦਾ ਕੋਈ ਸਵਾਲ ਨਹੀਂ ਹੈ। ਜਿਥੇ ਤੁਸੀਂ ਖੜੋਤੇ ਹੋ, ਉਥੋਂ ਹੀ ਹੋ ਸਕਦਾ ਹੈ, ਕਿਸੇ ਖਿੜਕੀ ਵਿਚੋਂ ਆਕਾਸ਼ ਵਿਖਾਈ ਪੈਂਦਾ ਹੋਵੇ, ਜਿਥੇ ਦੂਜੇ ਖਲੋਤੇ ਹੋਣ ਉਥੋਂ ਉਸ ਖਿੜਕੀ ਦੇ ਰਾਹੀਂ ਆਕਾਸ਼ ਵਿਖਾਈ ਨਾ ਪੈਂਦਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਤੁਹਾਡੀ ਹੀ ਬਗਲ ਵਿਚ ਖਲੋਤਾ ਹੋਇਆ ਵਿਅਕਤੀ ਖਿੜਕੀ ਦੇ ਵੱਲ ਪਿੱਠ ਕਰ ਕੇ ਖਲੋਤਾ ਹੋਵੇ ਅਤੇ ਉਸ ਨੂੰ ਆਕਾਸ਼ ਨਾ ਵਿਖਾਈ ਦਿੰਦਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਕਿਨ੍ਹੀਂ ਘੜੀਆਂ ਵਿਚ ਤੁਹਾਨੂੰ ਹੀ ਆਕਾਸ਼ ਵਿਖਾਈ ਪਏ ਅਤੇ ਕਿਨ੍ਹੀਂ ਘੜੀਆਂ ਵਿਚ ਤੁਹਾਨੂੰ ਹੀ ਆਕਾਸ਼ ਨਾ ਵਿਖਾਈ ਦੇਵੇ। ਕਿਉਂਕਿ ਜਦ ਤੁਸੀਂ ਉਚਾਈ ਉੱਤੇ ਹੋਵੋਗੇ ਅਤੇ ਤੁਹਾਡੀਆਂ ਅੱਖਾਂ ਨਿਰਮਲ ਹੋਣਗੀਆਂ ਤਾਂ ਹੀ ਆਕਾਸ਼ ਵਿਖਾਈ ਪਏਗਾ। ਜਦ ਤੁਹਾਡੀਆਂ ਅੱਖਾਂ ਘੱਟੇ ਮਿੱਟੀ ਨਾਲ ਭਰੀਆਂ ਹੋਣਗੀਆਂ, ਅੱਥਰੂਆਂ ਨਾਲ ਭਰੀਆਂ ਹੋਣਗੀਆਂ, ਪੀੜਾ, ਦੁੱਖ ਨਾਲ ਦੱਬੀਆਂ ਹੋਣਗੀਆਂ—ਤਦ ਖਿੜਕੀ ਵੀ ਕੀ ਕਰੇਗੀ ? ਜੇਕਰ ਅੱਖਾਂ ਹੀ ਘੱਟੇ-ਮਿੱਟੀ ਨਾਲ ਭਰੀਆਂ ਹੋਣ ਤਾਂ ਖਿੜਕੀ ਆਕਾਸ਼ ਨਹੀਂ ਵਿਖਾ ਸਕੇਗੀ। ਖਿੜਕੀ ਖੁੱਲ੍ਹੀ ਰਹੇਗੀ, ਤੁਹਾਡੇ ਲਈ ਬੰਦ ਹੋ ਜਾਏਗੀ। ਤੁਹਾਨੂੰ ਵੀ ਆਕਾਸ਼ ਤਦ ਹੀ ਵਿਖਾਈ ਪਏਗਾ ਜਦ ਅੱਖਾਂ ਖੁੱਲ੍ਹੀਆਂ ਹੋਣ, ਅਤੇ ਅੰਦਰ ਹੋਸ਼ ਹੋਵੇ। ਅੱਖਾਂ ਵੀ ਖੁੱਲ੍ਹੀਆਂ ਹੋਣ ਅਤੇ ਅੰਦਰ ਬੇਹੋਸ਼ੀ ਹੋਵੇ ਤਾਂ ਵੀ ਖਿੜਕੀ ਵਿਅਰਥ ਹੋ ਜਾਏਗੀ।

ਤਾਂ ਧਿਆਨ ਰੱਖਣਾ, ਜਿਸ ਨੂੰ ਤੁਸੀਂ ਗੁਰੂ ਜਾਣਿਆ ਹੈ, ਉਹ ਤੁਹਾਨੂੰ ਵੀ ਚੌਵੀ ਘੰਟੇ ਗੁਰੂ ਨਹੀਂ ਮਾਲੂਮ ਹੋਏਗਾ। ਕਦੇ-ਕਦੇ ਕਿਨ੍ਹਾਂ ਉਚਾਈਆਂ ਦੀਆਂ ਘੜੀਆਂ ਵਿਚ ਕਿਨ੍ਹੀਂ ਗਹਿਰਾਈਆਂ ਦੇ ਮੌਕਿਆਂ ਉੱਤੇ ਕਦੇ ਤੁਹਾਡੀ ਅੱਖ ਤੁਹਾਡੇ ਬੋਧ (ਗਿਆਨ) ਅਤੇ ਖਿੜਕੀ ਦਾ ਤਾਲਮੇਲ ਹੋ ਜਾਏਗਾ ਅਤੇ ਆਕਾਸ਼ ਦੀ ਝਲਕ ਆਏਗੀ। ਪਰ ਉਹ ਹੀ ਝਲਕ ਰੁਪਾਂਤਰਕਾਰੀ (ਬਦਲਾਓ ਵਿਚ ਕਾਰਗਰ) ਹੈ। ਤੁਸੀਂ ਉਸ ਝਲਕ 'ਤੇ ਭਰੋਸਾ ਰੱਖਣਾ। ਤੁਸੀਂ ਆਪਣੀ ਉਚਾਈ 'ਤੇ ਭਰੋਸਾ ਰੱਖਣਾ।

ਜੇਕਰ ਠੀਕ ਤਰ੍ਹਾਂ ਸਮਝੋ ਤਾਂ ਗੁਰੂ ਉੱਤੇ ਭਰੋਸਾ, ਆਪਣੀ ਹੀ ਜੀਵਨ ਦਸ਼ਾ ਦੀ ਉਚਾਈ ਵਿਚ ਹੋਈਆਂ ਅਨੁਭੂਤੀਆਂ (ਅਨੁਭਵ) 'ਤੇ ਭਰੋਸਾ ਹੈ। ਸੰਦੇਹ (ਸ਼ੱਕ) ਆਪਣੀ ਹੀ ਜੀਵਨ-ਦਸ਼ਾ ਦੀਆਂ ਨਿਚਾਈਆਂ ਉੱਤੇ ਭਰੋਸਾ ਹੈ। ਸ਼ਰਧਾ ਆਪਣੀ ਹੀ ਪ੍ਰਤੀਤੀ ਦੀਆਂ ਉਚਾਈਆਂ ਉੱਤੇ ਭਰੋਸਾ ਹੈ। ਅਤੇ ਤੁਹਾਡੇ ਅੰਦਰ ਦੋਵੇਂ ਹਨ। ਤੁਸੀਂ ਕਦੇ ਏਨੇ ਨੀਵੇਂ ਹੋ ਜਾਂਦੇ ਹੋ ਜਿਵੇਂ ਪੱਧਰ ਬਿਲਕੁਲ ਬੰਦ, ਕਿਤੇ ਕੋਈ ਜ਼ਰਾ ਕੁ ਜਿੰਨੀ ਵੀ ਤਰੇੜ ਨਹੀਂ ਰਹਿ ਜਾਂਦੀ ਕਿ ਤੁਹਾਨੂੰ ਆਪਣੇ

ਤੋਂ ਪਾਰ ਦੀ ਕੋਈ ਝਲਕ ਮਿਲੇ। ਕਦੇ ਤੁਸੀਂ ਖੁੱਲ੍ਹ ਜਾਂਦੇ ਹੋ, ਜਿਵੇਂ ਖਿੜਦਾ ਹੋਇਆ ਫੁੱਲ ਅਤੇ ਤੁਹਾਡੀਆਂ ਪੰਖੜੀਆਂ ਉੱਤੇ ਸੂਰਜ ਨੱਚਦਾ ਹੈ ਅਤੇ ਤੁਹਾਡੇ ਪਰਾਗ ਨਾਲ ਆਕਾਸ਼ ਦਾ ਮੇਲ ਹੁੰਦਾ ਹੈ। ਲੇਕਿਨ ਜਿਥੇ ਤੁਹਾਨੂੰ ਝਲਕ ਮਿਲ ਜਾਏ ਉਥੋਂ ਹੀ ਸਿੱਖ ਲੈਣਾ ਪਰਮਾਤਮਾ ਦਾ ਪਾਠ, ਕਿਉਂਕਿ ਪ੍ਰੇਮ ਦੀ ਪਹਿਲੀ ਖ਼ਬਰ ਉਥੇ ਹੀ ਹੋਏਗੀ, ਉਥੇ ਤੁਸੀਂ ਝੁਕ ਸਕੋਗੇ। ਜਿਥੇ ਤੁਸੀਂ ਝੁਕ ਸਕੋ, ਉਥੇ ਹੀ ਧਰਮ ਦੀ ਸ਼ੁਰੂਆਤ ਹੈ।

ਲੋਕ ਕਹਿੰਦੇ ਹਨ ਮੰਦਰ ਵਿਚ ਜਾਓ ਅਤੇ ਝੁਕੋ, ਅਤੇ ਮੈਂ ਤੁਹਾਨੂੰ ਕਹਿੰਦਾ ਹਾਂ ਜਿੱਥੇ ਤੁਹਾਡਾ ਝੁਕਣਾ ਹੋ ਜਾਏ ਉਥੇ ਹੀ ਸਮਝ ਲੈਣਾ ਮੰਦਰ ਹੈ। ਜਿਸ ਦੇ ਕੋਲ ਝੁਕਣਾ ਸਹਿਜਤਾ ਨਾਲ ਹੋ ਜਾਏ, ਜ਼ਰਾ ਵੀ ਕੋਸ਼ਿਸ਼ ਨਾ ਕਰਨੀ ਪਏ, ਝੁਕਣਾ ਆਨੰਦਪੂਰਣ ਹੋ ਜਾਏ, ਲੜਨਾ ਨਾ ਪਵੇ ਅੰਦਰ—ਉਥੇ ਤੁਹਾਨੂੰ ਪ੍ਰੇਮ ਦੀ ਪਹਿਲੀ ਖ਼ਬਰ ਮਿਲੇਗੀ, ਉਥੇ ਤੁਹਾਨੂੰ ਪਹਿਲੀ ਵਾਰੀ ਪਤਾ ਚੱਲੇਗਾ ਕਿ ਪ੍ਰੇਮ ਦਾਨ ਹੈ—ਚੀਜ਼ਾਂ ਦਾ ਨਹੀਂ, ਧਨ ਦਾ ਨਹੀਂ, ਆਪਣਾ, ਸ੍ਵੈ ਦਾ।

ਪ੍ਰੇਮ ਮੰਗ ਨਹੀਂ ਹੈ। ਜਿਥੇ ਮੰਗ ਹੈ ਉਥੇ ਪ੍ਰੇਮ ਧੋਖਾ ਹੈ, ਫਿਰ ਉਥੇ ਕਲਹ ਹੈ। ਜੇਕਰ ਗੁਰੂ ਕੋਲੋਂ ਵੀ ਤੁਹਾਡੀ ਕੋਈ ਮੰਗ ਹੋਵੇ ਕਿ ਸਮਾਧੀ ਮਿਲੇ, ਪਰਮਾਤਮਾ ਮਿਲੇ, ਆਤਮ ਗਿਆਨ ਮਿਲੇ—ਜੇਕਰ ਅਜਿਹੀ ਕੋਈ ਮੰਗ ਹੋਵੇ ਤਾਂ ਤੁਸੀਂ ਉਥੇ ਵੀ ਸੌਦਾ ਕਰ ਰਹੇ ਹੋ, ਉਥੇ ਵੀ ਵਿਉਪਾਰ ਜਾਰੀ ਹੈ। ਪ੍ਰੇਮ ਦੀ ਤੁਹਾਨੂੰ ਸਮਝ ਨਹੀਂ ਆਈ।

ਗੁਰੂ ਦੇ ਕੋਲ ਕੋਈ ਮੰਗ ਨਹੀਂ ਹੈ। ਤੁਸੀਂ ਗੁਰੂ ਨੂੰ ਧੰਨਵਾਦ ਦਿੰਦੇ ਹੋ ਕਿ ਉਸ ਨੇ ਤੁਹਾਡੇ ਸਮਰਪਣ ਨੂੰ ਸਵੀਕਾਰ ਕਰ ਲਿਆ। ਫਿਰ ਸਮਾਧੀ ਤਾਂ ਛਾਂ ਦੇ ਵਾਂਗ ਟੁਰੀ ਆਉਂਦੀ ਹੈ। ਜਿਥੇ ਸਮਰਪਣ ਹੈ ਉਥੇ ਸਮਾਧੀ ਆ ਹੀ ਜਾਏਗੀ, ਅਸੰਭਵ (ਨਾਮੁਮਕਿਨ) ਹੋ ਜਾਏਗੀ। ਕਿਉਂਕਿ ਵਿਚਾਰ ਤੋਂ ਹੀ ਖ਼ਬਰ ਮਿਲ ਜਾਏਗੀ ਕਿ ਸਮਰਪਣ ਨਹੀਂ ਹੈ। ਹੋਰ ਤੁਹਾਡਾ ਮਨ ਇੰਨਾ ਚਾਲਾਕ ਹੈ, ਕਾਨੂੰਨੀ ਹੈ, ਹਿਸਾਬ ਨਾਲ ਭਰਿਆ ਹੈ ਕਿ ਤੁਹਾਨੂੰ ਪਤਾ ਹੀ ਨਹੀਂ ਰਹਿੰਦਾ ਕਿ ਉਹ ਕਿਸ ਤਰ੍ਹਾਂ ਦਾ ਧੋਖਾ ਦਿੰਦਾ ਹੈ।

ਵੰਦਨਾ ਮਰਾਠੀ ਵਿਚ ਇਕ ਪੱਤ੍ਰਿਕਾ ਮੇਰੇ ਲਈ ਕੱਢਦੀ ਹੈ। ਯੋਗਦੀਪ, ਸੁੰਦਰ ਹੈ। ਕੱਲ੍ਹ ਮੈਂ ਉਸ ਨੂੰ ਵੇਖ ਰਿਹਾ ਸੀ। ਉਸ ਨੇ ਵਰ੍ਹਿਆਂ ਤੋਂ ਮਿਹਨਤ ਕੀਤੀ ਹੈ ਅਤੇ ਪੱਤ੍ਰਿਕਾ ਨੂੰ ਬੜੇ ਨਾਪ ਤੋਲ ਨਾਲ ਉਪਰ ਚੁੱਕਿਆ ਹੈ। ਲੇਕਿਨ ਜਦ ਤੋਂ ਉਸ ਨੇ ਕੱਢੀ ਹੈ ਪੱਤ੍ਰਿਕਾ (ਰਸਾਲਾ) ਤਦੋਂ ਤੋਂ ਇਕ ਨਿੱਕਾ ਜਿਹਾ ਵਕਤਵਧ (ਵਾਕ) ਉਸ ਵਿਚ ਮੈਂ ਹਮੇਸ਼ਾ ਵੇਖਦਾ ਹਾਂ। ਉਸ ਰਸਾਲੇ ਵਿਚ ਉਹ ਸਿਰਫ਼ ਮੇਰੇ ਹੀ ਵਿਚਾਰ ਛਾਪਦੀ ਹੈ, ਪਰ ਜਿਥੇ ਸੰਪਾਦਕਾਂ ਦੇ ਨਾਂ ਹਨ, ਉਥੇ ਉਸ ਨੇ ਇਕ ਲਾਇਨ ਲਿਖ ਰੱਖੀ ਹੈ ਕਿ ਰਸਲੇ ਵਿਚ ਪ੍ਰਕਾਸ਼ਿਤ ਵਿਚਾਰਾਂ

ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਹੋਸ਼ਿਆਰੀ ਹੈ। ਮੇਰੇ ਲਈ ਹੀ ਪੱਤ੍ਰਿਕਾ ਚਲਾਉਂਦੀ ਹੈ। ਲੇਕਿਨ ਮੇਰੇ ਵਿਚਾਰਾਂ ਨਾਲ ਵੀ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ? ਕੋਈ ਮੁਕੱਦਮਾ ਚੱਲੇ, ਕੋਈ ਝੰਜਟ ਹੋਵੇ। ਸਮਰਪਣ ਵੀ ਸ਼ਰਤ ਨਾਲ ਹੈ। ਸਵੀਕਾਰ ਵਿਚ ਵੀ ਕਾਨੂੰਨ ਹੈ। ਉਲਝਣ ਵਿਚ ਪੈਣ ਦੀ ਕਿਸੇ ਦੀ ਵੀ ਹਿੰਮਤ ਨਹੀਂ ਹੈ, ਸਾਹਸ ਨਹੀਂ ਹੈ।

ਪ੍ਰੇਮ ਦੁੱਸਾਹਸ ਹੈ। ਉਹ ਅਜਿਹੀ ਛਲਾਂਗ ਹੈ, ਜਿਸ ਵਿਚ ਤੁਸੀਂ ਕੱਲ੍ਹ ਦਾ ਵਿਚਾਰ ਨਹੀਂ ਕਰਦੇ। ਜਦ ਤੁਸੀਂ ਜਾਂਦੇ ਹੋ ਤਾਂ ਤੁਸੀਂ ਪੂਰੇ ਹੀ ਨਾਲ ਜਾਂਦੇ ਹੋ, ਜਾਂ ਨਹੀਂ ਜਾਂਦੇ, ਕਿਉਂਕਿ ਅੱਧਾ-ਅੱਧਾ ਕੀ ਜਾਣਾ ! ਇਵੇਂ ਤਾਂ ਤੁਸੀਂ ਹੀ ਕੱਟੋਗੇ ਅਤੇ ਮੁਸ਼ਕਿਲ ਵਿਚ ਪਉਗੇ। ਜਿਵੇਂ ਅੱਧਾ ਸਰੀਰ ਤੁਹਾਡਾ ਮੇਰੇ ਨਾਲ ਚਲਾ ਗਿਆ ਹੋਵੇ ਅਤ ਅੱਧਾ ਘਰ ਰਹਿ ਗਿਆ। ਤਾਂ ਤੁਸੀਂ ਹੀ ਕਸ਼ਟ ਪਾਉਗੇ। ਇਸ ਵਿਚ ਮੇਰਾ ਕੋਈ ਹਰਜ ਨਹੀਂ ਹੈ। ਲੇਕਿਨ ਤੁਸੀਂ ਹੀ ਦੁਵਿਧਾ ਵਿਚ ਰਹੋਗੇ। ਜਾਂ ਤਾਂ ਪੂਰੇ ਘਰ ਰਹਿ ਜਾਓ ਜਾਂ ਪੂਰੇ ਮੇਰੇ ਨਾਲ ਚਲ ਪਓ। ਜ਼ਰਾ ਕੁ ਜਿੰਨੀ ਵੀ ਮੰਗ ਹੋਵੇ, ਖੰਡਿਤ (ਟੁਕੜੇ) ਹੋ ਗਏ!

ਤੁਸੀਂ ਕਦੇ ਖ਼ਿਆਲ ਕੀਤਾ ?—ਜਿਥੇ ਵੀ ਮੰਗ ਆਉਂਦੀ ਹੈ, ਉਥੇ ਤੁਸੀਂ ਛੋਟੇ ਹੋ ਜਾਂਦੇ ਹੋ, ਜਿਥੇ ਮੰਗ ਨਹੀਂ ਹੁੰਦੀ, ਸਿਰਫ਼ ਦਾਨ ਹੁੰਦਾ ਹੈ, ਉਥੇ ਤੁਸੀਂ ਹੀ ਵਿਰਾਟ ਹੁੰਦੇ ਹੋ। ਜਦ ਤੁਹਾਡੇ ਮਨ 'ਚ ਕੋਈ ਮੰਗਣ ਦਾ ਭਾਵ ਹੀ ਨਹੀਂ ਉੱਠਦਾ, ਤਦ ਤੁਹਾਡੇ ਵਿਚ ਅਤੇ ਪਰਮਾਤਮਾ ਵਿਚ ਕੀ ਫ਼ਾਸਲਾ ਹੈ ? ਇਸ ਲਈ ਤਾਂ ਬੁੱਧ ਪੁਰਸ਼ਾਂ ਨੇ ਨਿਰਵਾਸਨਾ ਨੂੰ ਸੂਤਰ ਮੰਨਿਆ ਹੈ ਕਿ ਜਦ ਤੁਹਾਡੀ ਕੋਈ ਵਾਸਨਾ ਨਹੀਂ ਹੋਏਗੀ, ਤਦ ਪਰਮਾਤਮਾ ਤੁਹਾਡੇ ਵਿਚ ਅਵਤਰਿਤ ਹੋ ਜਾਏਗਾ। ਪਰਮਾਤਮਾ ਤੁਹਾਡੇ ਵਿਚ ਲੁਕਿਆ ਹੀ ਹੈ, ਕੇਵਲ ਵਾਸਨਾਵਾਂ ਦੇ ਬੱਦਲਾਂ ਵਿਚ ਹੀ ਘਿਰਿਆ ਹੈ। ਸੂਰਜ ਮਿਟ ਨਹੀਂ ਗਿਆ ਹੈ, ਸਿਰਫ ਬੱਦਲਾਂ ਵਿਚ ਘਿਰਿਆ ਹੈ। ਵਾਸਨਾ ਦੇ ਬੱਦਲ ਹਟ ਜਾਣਗੇ। ਤੁਸੀਂ ਪਾਉਗੇ ਸੂਰਜ ਸਦਾ ਤੋਂ ਮੌਜੂਦ ਸੀ।

ਗੁਰੂ ਦੇ ਕੋਲ ਪ੍ਰੇਮ ਦਾ ਪਹਿਲਾ ਪਾਠ ਸਿੱਖਣਾ ਹੈ, ਬੇ-ਸ਼ਰਤ ਹੋਣਾ ਸਿੱਖਣਾ ਹੈ, ਝੁਕਣਾ ਅਤੇ ਆਪਣੇ ਨੂੰ ਮਿਟਾਉਣਾ ਸਿੱਖਣਾ ਹੈ। ਮੰਗਣਾ ਨਹੀਂ। ਮਨ ਬਹੁਤ ਮੰਗ ਕਰੀ ਚਲਾ ਜਾਏਗਾ, ਕਿਉਂਕਿ ਮਨ ਦੀ ਪੁਰਾਣੀ ਆਦਤ ਹੈ। ਮਨ ਭਿੱਖ-ਮੰਗਾ ਹੈ। ਸਮਰਾਟ ਦਾ ਮਨ ਵੀ ਭਿਖਾਰੀ ਹੈ, ਉਹ ਵੀ ਮੰਗਦਾ ਹੈ।

ਆਤਮਾ ਸਮਰਾਟ ਹੈ; ਉਹ ਮੰਗਦੀ ਨਹੀਂ। ਜਿਸ ਦਿਨ ਪ੍ਰੇਮ ਵਿਚ ਤੁਸੀਂ ਆਪਣੇ ਨੂੰ ਇਸ ਤਰ੍ਹਾਂ ਦੇ ਦਿੰਦੇ ਹੋ ਕਿ ਕੋਈ ਮੰਗ ਦੀ ਰੇਖਾ ਵੀ ਨਹੀਂ ਹੁੰਦੀ। ਉਸ ਘੜੀ ਤੁਸੀਂ ਸਮਰਾਟ ਹੋ ਜਾਂਦੇ ਹੋ। ਪ੍ਰੇਮ ਤੁਹਾਨੂੰ ਸਮਰਾਟ ਬਣਾ ਦੇਂਦਾ

ਹੈ। ਪ੍ਰੇਮ ਤੋਂ ਬਿਨਾਂ ਤੁਸੀਂ ਭਿਖਾਰੀ ਹੋ। ਉਹ ਹੀ ਤੁਹਾਡਾ ਦੁੱਖ ਹੈ। ਦੂਜੀ ਗੱਲ : ਜਦ ਫ਼ਰੀਦ ਪ੍ਰੇਮ ਦੀ ਗੱਲ ਕਰਦਾ ਹੈ, ਤਾਂ ਪ੍ਰੇਮ ਤੋਂ ਉਸ ਦਾ ਅਰਥ ਹੈ : ਪ੍ਰੇਮ ਦਾ ਵਿਚਾਰ ਨਹੀਂ, ਪ੍ਰੇਮ ਦਾ ਭਾਵ। ਅਤੇ ਉਨ੍ਹਾਂ ਦੋਹਾਂ ਵਿਚ ਬਹੁਤ ਫ਼ਰਕ ਹੈ। ਤੁਸੀਂ ਜਦ ਪ੍ਰੇਮ ਵੀ ਕਰਦੇ ਹੋ ਤਦ ਤੁਸੀਂ ਸੋਚਦੇ ਹੋ ਕਿ ਪ੍ਰੇਮ ਕਰਦੇ ਹੋ। ਇਹ ਹਿਰਦੇ ਦਾ ਸਿੱਧਾ ਸੰਬੰਧ ਨਹੀਂ ਹੁੰਦਾ; ਇਸ ਦੇ ਵਿਚਕਾਰ ਬੁੱਧੀ ਖਲੋਤੀ ਹੁੰਦੀ ਹੈ।

ਮੇਰੇ ਕੋਲ ਲੋਕ ਆਉਂਦੇ ਹਨ। ਉਹ ਕਹਿੰਦੇ ਹਨ, ਸਾਡਾ ਕਿਸੇ ਨਾਲ ਪ੍ਰੇਮ ਹੋ ਗਿਆ ਹੈ। ਮੈਂ ਕਹਿੰਦਾ ਹਾਂ, ਠੀਕ ਤਰ੍ਹਾਂ ਕਹੋ, ਸੋਚ ਕੇ ਕਹੋ। ਉਹ ਥੋੜ੍ਹੇ ਚਿੰਤਿਤ ਹੋ ਜਾਂਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਸੋਚਦੇ ਹਾਂ ਕਿ ਪ੍ਰੇਮ ਹੋ ਗਿਆ ਹੈ; ਪੱਕਾ ਨਹੀਂ, ਹੋਇਆ ਕਿ ਨਹੀਂ, ਪਰ ਅਜਿਹਾ ਵਿਚਾਰ ਆਉਂਦਾ ਹੈ ਕਿ ਪ੍ਰੇਮ ਹੋ ਗਿਆ ਹੈ।

ਪ੍ਰੇਮ ਦਾ ਕੋਈ ਵਿਚਾਰ ਜ਼ਰੂਰੀ ਹੈ ? ਤੁਹਾਡੇ ਪੈਰ ਵਿਚ ਕੰਡਾ ਚੁੱਭਦਾ ਹੈ ਤਾਂ ਤੁਹਾਡਾ ਬੋਧ ਸਿੱਧਾ ਹੁੰਦਾ ਹੈ ਕਿ ਪੈਰ ਵਿਚ ਪੀੜਾ ਹੋ ਰਹੀ ਹੈ। ਅਜਿਹਾ ਥੋੜ੍ਹੀ ਤੁਸੀਂ ਕਹਿੰਦੇ ਹੋ ਕਿ ਅਸੀਂ ਸੋਚਦੇ ਹਾਂ ਕਿ ਸ਼ਾਇਦ ਪੈਰ 'ਚ ਪੀੜਾ ਹੋ ਰਹੀ ਹੈ। ਸੋਚ-ਵਿਚਾਰ ਨੂੰ ਵਿੰਨ੍ਹ ਸੁੱਟਦਾ ਹੈ ਕੰਡਾ, ਆਰ-ਪਾਰ ਨਿਕਲ ਜਾਂਦਾ ਹੈ। ਜਦ ਤੁਸੀਂ ਆਨੰਦਿਤ ਹੁੰਦੇ ਹੋ ਤਾਂ ਕੀ ਤੁਸੀਂ ਸੋਚਦੇ ਹੋ ਕਿ ਤੁਸੀਂ ਸਿਰਫ਼ ਆਨੰਦਿਤ ਹੁੰਦੇ ਹੋ ? ਜਦ ਤੁਸੀਂ ਦੁਖੀ ਹੁੰਦੇ ਹੋ—ਕੋਈ ਪਿਆਰਾ ਚੱਲ ਵੱਸਿਆ, ਛੱਡ ਦਿੱਤੀ ਦੇਹ, ਮਰਘਟ ਉੱਤੇ ਵਿਦਾ ਕਰ ਆਏ—ਜਦ ਤੁਸੀਂ ਰੋਂਦੇ ਹੋ; ਤਦ ਤੁਸੀਂ ਸੋਚਦੇ ਹੋ ਕਿ ਦੁਖੀ ਹੋ ਰਹੇ ਹੋ, ਜਾਂ ਕਿ ਦੁਖੀ ਹੁੰਦੇ ਹੋ ? ਦੋਹਾਂ ਵਿਚ ਫ਼ਰਕ ਹੈ। ਜੇਕਰ ਸੋਚਦੇ ਹੋ ਕਿ ਦੁਖੀ ਹੋ ਰਹੇ ਹੋ ਤਾਂ ਦੁਖੀ ਹੋ ਹੀ ਨਹੀਂ ਰਹੇ ਹੋ; ਸ਼ਾਇਦ ਦਿਖਾਵਾ ਹੋਏਗਾ। ਸਮਾਜ ਲਈ ਅੱਥਰੂ ਵੀ ਵਗਾਉਣੇ ਪੈਂਦੇ ਹਨ। ਦੂਜਿਆਂ ਨੂੰ ਵਿਖਾਉਣ ਲਈ ਹੱਸਣਾ ਵੀ ਪੈਂਦਾ ਹੈ, ਦੁਖੀ ਵੀ ਹੋਣਾ ਪੈਂਦਾ ਹੈ; ਲੇਕਿਨ ਤੁਹਾਡੇ ਅੰਦਰ ਕੁਝ ਵੀ ਨਹੀਂ ਹੋ ਰਿਹਾ; ਲੇਕਿਨ ਜਦ ਤੁਹਾਡੇ ਅੰਦਰ ਦੁੱਖ ਹੋ ਰਿਹਾ ਹੈ ਤਾਂ ਵਿਚਾਰ ਵਿਚਾਲੇ ਮਾਧਿਅਮ ਨਹੀਂ ਹੁੰਦਾ। ਇਹ ਸਿੱਧਾ ਹੁੰਦਾ ਹੈ।

ਫ਼ਰੀਦ ਜਦ ਪ੍ਰੇਮ ਦੀ ਗੱਲ ਕਰੇ ਤਾਂ ਯਾਦ ਰੱਖਣਾ, ਇਹ ਸੋਚ ਵਿਚਾਰ ਵਾਲਾ ਪ੍ਰੇਮ ਨਹੀਂ ਹੈ, ਇਹ ਪਾਗਲ ਪ੍ਰੇਮ ਹੈ, ਇਹ ਭਾਵ ਦਾ ਪ੍ਰੇਮ ਹੈ। ਅਤੇ ਜਦ ਭਾਵ ਨਾਲ ਤੁਹਾਨੂੰ ਕੋਈ ਗੱਲ ਫੜ ਲੈਂਦੀ ਹੈ ਤਾਂ ਤੁਹਾਨੂੰ ਜੜ੍ਹਾਂ ਤੋਂ ਫੜ ਲੈਂਦੀ ਹੈ। ਵਿਚਾਰ ਤਾਂ ਦਰੱਖ਼ਤਾਂ ਵਿਚ ਲੱਗੇ ਹੋਏ ਪੱਤਿਆਂ ਦੇ ਵਾਂਗ ਹਨ। ਭਾਵ ਦਰੱਖ਼ਤ ਦੇ ਹੇਠਾਂ ਲੁਕੀਆਂ ਹੋਈਆਂ ਜੜ੍ਹਾਂ ਦੇ ਵਾਂਗ ਹਨ। ਨਿੱਕਾ ਜਿਹਾ ਬੱਚਾ ਵੀ ਜਨਮ ਲੈਂਦੇ ਹੀ ਭਾਵ ਵਿਚ ਸਮਰੱਥ ਹੁੰਦਾ ਹੈ, ਵਿਚਾਰ ਵਿਚ ਸਮਰੱਥ ਨਹੀ ਹੁੰਦਾ। ਵਿਚਾਰ ਤਾਂ ਬਾਅਦ ਵਿਚ ਪ੍ਰਸ਼ਿਕਸ਼ਣ (ਪੜ੍ਹਾਈ) ਹੈ; ਸਿਖਾਉਣਾ

ਪੈਂਦਾ ਹੈ—ਸਕੂਲ, ਕਾਲਜ, ਯੂਨੀਵਰਸਿਟੀ, ਸੰਸਾਰ, ਅਨੁਭਵ—ਤਦ ਵਿਚਾਰ ਕਰਨਾ ਸਿੱਖਦਾ ਹੈ; ਲੇਕਿਨ ਭਾਵ ਤਾਂ ਪਹਿਲੀ ਘੜੀ ਤੋਂ ਹੀ ਕਰਦਾ ਹੈ। ਹੁਣੇ-ਹੁਣੇ ਪੈਦਾ ਹੋਏ ਬੱਚੇ ਨੂੰ ਵੀ ਗੌਰ ਨਾਲ ਦੇਖੋ ਤਾਂ ਤੁਸੀਂ ਪਾਉਗੇ, ਭਾਵ ਨਾਲ ਆਂਦੋਲਿਤ ਹੁੰਦਾ ਹੈ। ਜੇਕਰ ਤੁਸੀਂ ਖ਼ੁਸ਼ ਹੋ ਅਤੇ ਆਨੰਦ ਨਾਲ ਤੁਸੀਂ ਛੂਹਿਆ ਹੈ ਤਾਂ ਉਹ ਵੀ ਪੁਲਕਿਤ ਹੁੰਦਾ ਹੈ। ਜੇਕਰ ਤੁਸੀਂ ਉਪੇਕਸ਼ਾਂ ਨਾਲ ਭਰੇ ਹੋਏ ਹੋ ਅਤੇ ਤੁਹਾਡੇ ਛੋਹ ਵਿਚ ਪ੍ਰੇਮ ਦੀ ਉਸ਼ਮਾਂ, ਗਰਮੀ ਨਹੀਂ ਹੈ, ਤਾਂ ਉਹ ਤੁਹਾਡੇ ਹੱਥਾਂ 'ਚੋਂ ਵੱਖਰਾ ਹੋ ਜਾਣਾ ਚਾਹੁੰਦਾ ਹੈ, ਉਹ ਤੁਹਾਡੇ ਕੋਲ ਨਹੀਂ ਆਉਣਾ ਚਾਹੁੰਦਾ। ਅਜੇ ਸੋਚ-ਵਿਚਾਰ ਕੁਝ ਵੀ ਨਹੀਂ ਹੈ। ਅਜੇ ਮਸਤਿਕ ਦੇ ਤੰਤੂ (ਤਾਰਾਂ) ਤਾਂ ਨਿਰਮਿਤ ਹੋਣਗੇ, ਅਜੇ ਤਾਂ ਗਿਆਨ, ਸਮ੍ਰਤੀ ਬਣੇਗੀ। ਤਦ ਉਹ ਜਾਣੇਗਾ: ਕੌਣ ਆਪਣਾ ਹੈ, ਕੌਣ ਪਰਾਇਆ ਹੈ। ਅਜੇ ਉਹ ਆਪਣਾ, ਪਰਾਇਆ ਨਹੀਂ ਜਾਣਦਾ। ਅਜੇ ਤਾਂ ਜੋ ਭਾਵ ਦੇ ਨੇੜੇ ਹੈ ਉਹ ਆਪਣਾ ਹੈ; ਜੋ ਭਾਵ ਦੇ ਨੇੜੇ ਨਹੀਂ ਉਹ ਪਰਾਇਆ ਹੈ। ਫਿਰ ਤਾਂ ਉਹ ਜੋ ਆਪਣਾ ਹੈ ਉਸੇ ਲਈ ਭਾਵ ਵਿਖਾਏਗਾ; ਜਿਹੜਾ ਆਪਣਾ ਨਹੀਂ ਹੈ ਉਸ ਲਈ ਭਾਵ ਨੂੰ ਕੱਟ ਲਏਗਾ। ਅਜੇ ਹਾਲਤ ਬਿਲਕੁਲ ਉਲਟੀ ਹੈ। ਇਸ ਲਈ ਨਿੱਕੇ ਬੱਚਿਆਂ ਵਿਚ ਨਿਰਦੋਸ਼ਤਾ ਦਾ ਅਨੁਭਵ ਹੁੰਦਾ ਹੈ। ਅਤੇ ਜੀਸਸ ਵਰਗੇ ਆਦਮੀਆਂ ਨੇ ਕਿਹਾ ਹੈ ਕਿ ਜਿਹੜੇ ਨਿੱਕੇ ਬੱਚਿਆਂ ਦੇ ਵਾਂਗ ਹੋਣਗੇ, ਉਹ ਹੀ ਮੇਰੇ ਪਰਮਾਤਮਾ ਦੇ ਰਾਜ ਵਿਚ ਪ੍ਰਵੇਸ਼ ਕਰ ਸਕਣਗੇ।

ਫ਼ਰੀਦ ਦਾ ਪ੍ਰੇਮ ਭਾਵ ਦਾ ਪ੍ਰੇਮ ਹੈ। ਅਤੇ ਭਾਵ ਤੋਂ ਤੁਸੀਂ ਬਿਲਕੁਲ ਹੀ ਭੁੱਲ ਗਏ ਹੋ, ਤੁਸੀਂ ਜੋ ਵੀ ਕਰਦੇ ਹੋ ਉਹ ਦਿਮਾਗ਼ ਨਾਲ ਚਲਦਾ ਹੈ। ਹਿਰਦੇ ਨਾਲੋਂ ਤੁਹਾਡੇ ਸੰਬੰਧ ਗੁਆਚ ਗਏ ਹਨ। ਤਾਂ ਥੋੜ੍ਹੀ ਜਿਹੀ ਸਿੱਖਿਆ ਜ਼ਰੂਰੀ ਹੈ ਹਿਰਦੇ ਦੀ।

ਇਥੇ ਮੇਰੇ ਕੋਲ ਲੋਕ ਆਉਂਦੇ ਹਨ। ਉਨ੍ਹਾਂ ਨੂੰ ਮੈਂ ਕਹਿੰਦਾ ਹਾਂ ਕਿ ਥੋੜ੍ਹਾ ਤੁਸੀਂ ਹਿਰਦੇ ਨੂੰ ਵੀ ਜਗਾਓ; ਕਦੇ ਆਕਾਸ਼ ਵਿਚ ਘੁੰਮਦੇ ਹੋਏ, ਲੰਘਦੇ ਹੋਏ ਬੱਦਲਾਂ ਨੂੰ ਵੇਖ ਕੇ ਨੱਚੋ ਵੀ, ਜਿਵੇਂ ਮੋਰ ਨੱਚਦਾ ਹੈ। ਬੱਦਲ ਘੁਮੜ-ਘੁਮੜ ਕੇ ਆਉਣ ਲੱਗੇ, ਇਹੋ ਜਿਹੇ ਪਲਾਂ ਵਿਚ ਤੁਸੀਂ ਬੈਠੇ ਕੀ ਕਰ ਰਹੇ ਹੋ? ਬੱਦਲਾਂ ਨੇ ਘੁੰਗਰੂ ਵਜਾ ਦਿੱਤੇ, ਢੋਲ ਉੱਤੇ ਥਾਪ ਦੇ ਦਿੱਤੀ, ਤੁਸੀਂ ਬੈਠੇ ਕੀ ਕਰ ਰਹੇ ਹੋ? ਨੱਚੋ! ਪੰਛੀ ਗੀਤ ਗਾਉਂਦੇ ਹਨ! ਸੁਰ ਵਿਚ ਸੁਰ ਮਿਲਾਓ! ਦਰੱਖ਼ਤਾਂ ਵਿਚ ਫੁੱਲ ਖਿੜਦੇ ਹਨ; ਤੁਸੀਂ ਵੀ ਪ੍ਰਫੁੱਲਿਤ ਹੋਵੋ! ਥੋੜ੍ਹਾ, ਚੌਹੀਂ ਪਾਸੀਂ ਜਿਹੜਾ ਵਿਰਾਟ ਫੈਲਿਆ ਹੋਇਆ ਹੈ। ਜਿਸ ਦੇ ਹੱਥ ਅਨੇਕ-ਅਨੇਕ ਰੂਪਾਂ ਵਿਚ ਤੁਹਾਡੇ ਨੇੜੇ ਆਏ ਹਨ—ਕਦੇ ਫੁੱਲ, ਕਦੇ ਸੂਰਜ ਦੀਆਂ ਕਿਰਣਾਂ, ਕਦੇ ਪਾਣੀ ਦੀ

ਲਹਿਰ—ਇਸ ਨਾਲ ਥੋੜ੍ਹਾ ਭਾਵ ਦਾ ਰਿਸ਼ਤਾ ਜੋੜੋ। ਬੈਠੇ ਸੋਚਦੇ ਨਾ ਰਹੋ। ਇੰਦਰਧਨੁੱਸ਼ ਆਕਾਸ਼ ਵਿਚ ਖਿੜੇ, ਤਾਂ ਤੁਸੀਂ ਇਹ ਨਾ ਸੋਚੋ ਕਿ ਇੰਦਰਧਨੁੱਸ਼ ਦੀ ਫਿਜ਼ਿਕਸ ਕੀ ਹੈ, ਕਿ ਇਹ ਪ੍ਰਕਾਸ਼ ਪ੍ਰਿਜ਼ਮ ਤੋਂ ਲੰਘ ਕੇ ਸੱਤ ਰੰਗਾਂ ਵਿਚ ਟੁੱਟ ਜਾਂਦਾ ਹੈ, ਅਜਿਹੇ ਪਾਣੀ ਦੇ ਕਣਾਂ ਤੋਂ ਲੰਘ ਕੇ ਸੂਰਜ ਦੀਆਂ ਕਿਰਣਾਂ ਸੱਤ ਰੰਗਾਂ ਵਿਚ ਟੁੱਟ ਗਈਆਂ ਹਨ—ਇਸ ਮੂੜ੍ਹਤਾ ਵਿਚ ਨਾ ਪਓ। ਇਸ ਪੰਡਿਤਪਣੇ ਦੇ ਕਾਰਨ ਤੁਸੀਂ ਵਾਂਝੇ ਹੀ ਰਹਿ ਜਾਉਗੇ। ਇੰਦਰਧਨੁੱਸ਼ ਦੀ ਸੁੰਦਰਤਾ ਗੁਆਚ ਜਾਏਗੀ; ਹੱਥ ਵਿਚ ਫਿਜ਼ਿਕਸ ਦੀ ਕਿਤਾਬ ਰਹਿ ਜਾਏਗੀ, ਜਿਸ ਵਿਚ ਕੋਈ ਵੀ ਇੰਦਰਧਨੁੱਸ਼ ਨਹੀਂ ਹੈ। ਤੁਸੀਂ ਇਸ ਦੇ ਰਹੱਸਯ ਨੂੰ ਅਨੁਭਵ ਕਰੋ। ਤੁਸੀਂ ਕਿਸੇ ਸਿਧਾਂਤ ਨਾਲ ਇਸ ਨੂੰ ਸਮਝ ਨਾ ਲਓ ਆਪਣੇ ਆਪ ਨੂੰ। ਇੰਦਰਧਨੁੱਸ਼ ਆਕਾਸ਼ ਵਿਚ ਖਿੜਿਆ ਹੈ, ਤੁਸੀਂ ਆਪਣੇ ਅੰਦਰ ਵੀ ਇੰਦਰਧਨੁੱਸ਼ ਨੂੰ ਖਿੜਨ ਦਿਓ। ਤੁਸੀਂ ਵੀ ਅਜਿਹੇ ਹੀ ਰੰਗ-ਬਿਰੰਗੇ ਹੋ ਜਾਓ। ਥੋੜ੍ਹੀ ਦੇਰ ਲਈ ਤੁਸੀਂ ਆਪਣੀ ਬੇਰੰਗ ਜ਼ਿੰਦਗੀ ਵਿਚ ਰੰਗ ਉਤਰਨ ਦਿਓ।

ਚੌਹਾਂ ਪਾਸਿਆਂ ਤੋਂ ਪਰਮਾਤਮਾ ਬਹੁਤ ਰੂਪਾਂ ਵਿਚ ਆਪਣਾ ਹੱਥ ਫੈਲਾਉਂਦਾ ਹੈ; ਪਰ ਤੁਸੀਂ ਆਪਣੇ ਹੱਥ ਫੈਲਾਉਂਦੇ ਹੀ ਨਹੀਂ; ਨਹੀਂ ਤਾਂ ਮਿਲਨ ਹੋ ਜਾਏ। ਅਤੇ ਇਹ ਹੀ ਪ੍ਰਸ਼ਿਕਸ਼ਣ (ਪੜ੍ਹਾਈ) ਹੋਏਗਾ। ਇਥੋਂ ਹੀ ਤੁਸੀਂ ਜਾਗੋਗੇ, ਅਤੇ ਹੌਲੀ-ਹੌਲੀ ਤੁਹਾਨੂੰ ਪਹਿਲੀ ਵਾਰੀ ਪਤਾ ਚੱਲੇਗਾ ਭੇਦ, ਕਿ ਵਿਚਾਰ ਦਾ ਪ੍ਰੇਮ ਕੀ ਹੈ, ਭਾਵ ਦਾ ਪ੍ਰੇਮ ਕੀ ਹੈ।

ਵਿਚਾਰ ਦਾ ਪ੍ਰੇਮ ਸੌਦਾ ਹੀ ਬਣਿਆ ਹੈ, ਕਿਉਂਕਿ ਵਿਚਾਰ ਚਲਾਕ ਹੈ। ਵਿਚਾਰ ਯਾਨੀ ਹਿਸਾਬ। ਵਿਚਾਰ ਯਾਨੀ ਤਰਕ। ਵਿਚਾਰ ਦੇ ਕਾਰਨ ਤੁਸੀਂ ਨਿਰਦੋਸ਼ ਹੋ ਹੀ ਨਹੀਂ ਪਾਂਦੇ। ਵਿਚਾਰ ਹੀ ਤਾਂ ਵਯਭਿਚਾਰ (ਬੁਰਾ ਚਰਿਤ੍ਰ) ਹੈ। ਭਾਵ ਨਿਰਦੋਸ਼ ਹੁੰਦਾ ਹੈ। ਭਾਵ ਦਾ ਕੋਈ ਵਯਭਿਚਾਰ ਨਹੀਂ ਹੈ। ਅਤੇ ਵਿਚਾਰ ਦੇ ਕਾਰਨ ਤੁਸੀਂ ਕਦੇ ਸਹਿਜਤਾ, ਸਰਲਤਾ, ਸਮਰਪਣ—ਇਨ੍ਹਾਂ ਦਾ ਅਨੁਭਵ ਨਹੀਂ ਕਰ ਪਾਂਦੇ, ਕਿਉਂਕਿ ਵਿਚਾਰ ਕਹਿੰਦਾ ਹੈ : ਸਜਗ ਰਹੋ ! ਕੋਈ ਧੋਖਾ ਨਾ ਦੇ ਜਾਏ ! ਚਾਹੇ ਵਿਚਾਰ ਤੁਹਾਨੂੰ ਸਾਰਿਆਂ ਧੋਖਿਆਂ ਤੋਂ ਬਚਾ ਲਵੇ; ਲੇਕਿਨ ਵਿਚਾਰ ਹੀ ਅਖ਼ੀਰ ਵਿਚ ਧੋਖਾ ਦੇ ਜਾਂਦਾ ਹੈ। ਹੋਰ ਭਾਵ ਦੇ ਕਾਰਨ ਸ਼ਾਇਦ ਤੁਹਾਨੂੰ ਬਹੁਤਾ ਖੋਣਾ ਪਏ; ਲੇਕਿਨ ਜਿਸ ਨੇ ਭਾਵ ਪਾ ਲਿਆ, ਉਸ ਨੇ ਸਭ ਪਾ ਲਿਆ।

ਫ਼ਰੀਦ ਜਿਸ ਪ੍ਰੇਮ ਦੀ ਗੱਲ ਕਰੇਗਾ, ਉਹ ਭਾਵ ਹੈ। ਅਤੇ ਤੁਹਾਨੂੰ ਉਸ ਦੀ ਥੋੜ੍ਹੀ ਜਿਹੀ ਸਿੱਖਿਆ ਲੈਣੀ ਪਵੇਗੀ। ਅਤੇ ਸਿੱਖਿਆ ਔਖੀ ਨਹੀਂ ਹੈ। ਕਿਸੇ ਯੂਨੀਵਰਸਿਟੀ ਵਿਚ ਭਰਤੀ ਹੋਣ ਦੀ ਲੋੜ ਨਹੀਂ ਹੈ। ਚੰਗਾ ਹੀ ਹੈ ਕਿ

ਭਾਵ ਨੂੰ ਸਿਖਾਉਣ ਦਾ ਕੋਈ ਉਪਾਇ ਨਹੀਂ ਹੈ; ਨਹੀਂ ਤਾਂ ਸੰਸਥਾਵਾਂ ਉਸ ਨੂੰ ਵੀ ਸਿਖਾ ਦਿੰਦੀਆਂ ਤੇ ਖ਼ਰਾਬ ਕਰ ਦਿੰਦੀਆਂ। ਜੇਕਰ ਨਿਰਦੋਸ਼ਤਾ ਨੂੰ ਸਿਖਾਉਣ ਲਈ ਵਿਆਯਾਮ ਸ਼ਾਲਾਵਾਂ (ਕਸਰਤੀ. ਥਾਂ) ਵਰਗੀ ਥਾਂ ਹੁੰਦੀ ਤਾਂ ਉਥੇ ਨਿਰਦੋਸ਼ਤਾ ਵੀ ਸਿਖਾ ਦਿੱਤੀ ਜਾਂਦੀ; ਤੁਸੀਂ ਉਸ ਵਿਚ ਵੀ ਪਾਰੰਗਤ (ਪੂਰੇ ਉਤਰਨਾ) ਹੋ ਜਾਂਦੇ, ਅਤੇ ਤਦ ਤੁਸੀਂ ਉਸ ਤੋਂ ਵੀ ਵਾਂਝੇ ਹੋ ਜਾਂਦੇ।

ਭਾਵ ਨੂੰ ਸਿਖਾਉਣ ਦਾ ਕੋਈ ਉਪਾਇ ਨਹੀਂ ਹੈ; ਸਿਰਫ਼ ਥੋੜ੍ਹਾ ਬੁੱਧੀ ਨੂੰ ਸਿਥਿਲ (ਢਿੱਲਾ) ਕਰਨ ਦੀ ਗੱਲ ਹੈ। ਭਾਵ ਸਦਾ ਤੋਂ ਮੌਜੂਦ ਹੈ; ਤੁਸੀਂ ਲੈ ਕੇ ਆਏ ਹੋ; ਭਾਵ ਤੁਹਾਡੀ ਆਤਮਾ ਹੈ।

ਹੁਣ ਫ਼ਰੀਦ ਦੇ ਇਨ੍ਹਾਂ ਬਚਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

ਸ਼ੇਖ਼ ਫ਼ਰੀਦ ਕਹਿੰਦਾ ਹੈ : ਮੇਰੇ ਪਿਆਰਿਓ ਅੱਲ੍ਹਾ ਨਾਲ ਜੋੜ ਲਓ ਆਪਣੀ ਪ੍ਰੀਤ।

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

ਅਜਿਹਾ ਹੀ ਇਸ ਦਾ ਅਨੁਵਾਦ ਸਦਾ ਤੋਂ ਕੀਤਾ ਗਿਆ ਹੈ ਕਿ ਫ਼ਰੀਦ ਕਹਿੰਦਾ ਹੈ : ਮੇਰੇ ਪਿਆਰਿਓ ਅੱਲ੍ਹਾ ਨਾਲ ਜੋੜ ਲਵੋ ਆਪਣੀ ਪ੍ਰੀਤ। ਪਰ ਮੈਨੂੰ ਲੱਗਦਾ ਹੈ ਕਿ ਸ਼ਾਬਦਿਕ ਰੂਪ ਨਾਲ ਤਾਂ ਅਰਥ ਠੀਕ ਹੈ। ਲੇਕਿਨ ਫ਼ਰੀਦਾ ਦਾ ਗਹਿਰਾ ਇਸ਼ਾਰਾ ਚੂਕ ਗਿਆ ਹੈ। ਮੈਂ ਇਸ ਦੇ ਅਨੁਵਾਦ ਵਿਚ ਥੋੜ੍ਹਾ ਫ਼ਰਕ ਕਰਨਾ ਚਾਹੁੰਦਾ ਹਾਂ।

'ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ।' ਸ਼ੇਖ਼ ਫ਼ਰੀਦ ਕਹਿੰਦਾ ਹੈ—ਪਿਆਰਿਓ, ਅੱਲ੍ਹਾ ਨਾਲ ਲੱਗ ਜਾਓ। ਅੱਲ੍ਹਾ ਨਾਲ ਲੱਗ ਜਾਣਾ—ਉਸੇ ਨੂੰ ਮੈਂ ਕਹਿ ਰਿਹਾ ਸੀ ਭਾਵ ਦਾ ਪ੍ਰਸ਼ਿਕਸ਼ਣ (ਪੜ੍ਹਾਈ)। ਅੱਲ੍ਹਾ ਨਾਲ ਜੇਕਰ ਤੁਸੀਂ ਪ੍ਰੇਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਤੁਸੀਂ ਉਹ ਹੀ ਪ੍ਰੇਮ ਕਰੋਗੇ ਜਿਹੜਾ ਤੁਸੀਂ ਹੁਣ ਤੱਕ ਕਰਦੇ ਰਹੇ ਹੋ। ਤੁਹਾਡੀ ਵੀ ਮਜਬੂਰੀ ਹੈ। ਤੁਸੀਂ ਨਵਾਂ ਪ੍ਰੇਮ ਕਿਥੋਂ ਲਿਆਓਗੇ? ਤੁਸੀਂ ਅੱਲ੍ਹਾ ਨਾਲ ਵੀ ਪ੍ਰੇਮ ਕਰੋਗੇ ਤਾਂ ਉਹ ਹੀ ਪ੍ਰੇਮ ਕਰੋਗੇ ਜਿਹੜਾ ਹੁਣ ਤਕ ਕਰਦੇ ਰਹੇ ਹੋ। ਅਨੇਕ ਭਗਤ ਉਹ ਹੀ ਤਾਂ ਕਰਦੇ ਹਨ। ਕੋਈ ਰਾਮ ਦੀ ਮੂਰਤੀ ਸਜਾ ਕੇ ਬੈਠਾ ਹੈ, ਤਾਂ ਉਸ ਨੇ ਰਾਮ ਦੀ ਮੂਰਤੀ ਇਵੇਂ ਸਜਾ ਲਈ ਹੈ ਜਿਵੇਂ ਕਿ ਕੋਈ ਪ੍ਰੇਮਿਕਾ ਆਪਣੇ ਪਤੀ ਨੂੰ ਸਜਾਉਂਦੀ ਹੈ, ਹੀਰੇ-ਜਵਾਹਰਾਤ ਲੱਦ ਦਿੱਤੇ ਹਨ, ਸੋਨੇ-ਚਾਂਦੀ ਦਾ ਸਮਾਨ ਇਕੱਠਾ ਕਰ ਦਿੱਤਾ ਹੈ, ਭੋਗ ਲਗਾ ਦਿੰਦਾ ਹੈ, ਬਿਸਤਰੇ ਉੱਤੇ ਸੁਲਾ ਦਿੰਦਾ ਹੈ, ਉਠਾ ਦਿੰਦਾ ਹੈ, ਮੰਦਰ ਦੇ ਪੱਟ (ਦਰਵਾਜ਼ੇ) ਬੰਦ ਹੋ ਜਾਂਦੇ, ਖੁੱਲ੍ਹ ਜਾਂਦੇ।

ਜੇਕਰ ਤੁਸੀਂ ਪਰਮਾਤਮਾ ਨੂੰ ਪਿਤਾ ਦੇ ਵਾਂਗ ਵੇਖਿਆ ਤਾਂ ਤੁਸੀਂ ਉਸ ਦੀ ਸੇਵਾ ਵਿਚ ਉਵੇਂ ਹੀ ਲੱਗ ਜਾਉਗੇ ਜਿਵੇਂ ਤੁਹਾਨੂੰ ਆਪਣੇ ਪਿਤਾ ਦੀ ਸੇਵਾ ਵਿਚ ਲੱਗਣਾ ਚਾਹੀਦਾ ਹੈ। ਜੇਕਰ ਤੁਸੀਂ ਪਰਮਾਤਮਾ ਨੂੰ ਪ੍ਰੇਮਿਕਾ ਦੇ ਰੂਪ ਵਿਚ ਵੇਖਿਆ ਹੈ, ਜਿਵੇਂ ਸੂਫ਼ੀਆਂ ਨੇ ਵੇਖਿਆ ਹੈ, ਤਾਂ ਤੁਸੀਂ ਉਸ ਦੇ ਗੀਤ ਉਹੋ-ਜਿਹੇ ਹੀ ਗਾਉਣ ਲੱਗ ਪਉਗੇ ਜਿਸ ਤਰ੍ਹਾਂ ਲੈਲਾ ਨੇ ਮਜਨੂੰ ਦੇ ਗਾਏ। ਲੇਕਿਨ ਇਨ੍ਹਾਂ ਸਾਰਿਆਂ ਵਿਚ ਤੁਸੀਂ ਜੋ ਪ੍ਰੇਮ ਜਾਣਿਆ, ਉਸੇ ਨੂੰ ਤੁਸੀਂ ਪਰਮਾਤਮਾ 'ਤੇ ਥੋਪ ਰਹੇ ਹੋ, ਨਵੇਂ ਪ੍ਰੇਮ ਦਾ ਪ੍ਰਕਾਸ਼ ਨਹੀਂ ਹੋ ਰਿਹਾ ਹੈ।

ਇਸ ਲਈ ਤਾਂ ਹਜ਼ਾਰਾਂ ਭਗਤ ਹਨ, ਲੇਕਿਨ ਕਦੇ ਇਕ ਅੱਧ ਭਗਵਾਨ ਨੂੰ ਪ੍ਰਾਪਤ ਕਰਦਾ ਹੈ। ਕਿਉਂਕਿ ਤੁਹਾਡੀ ਭਗਤੀ ਤੁਹਾਡੇ ਹੀ ਪ੍ਰੇਮ ਦੀ ਪੁੰਨਰੁਕਤੀ (ਦੋਹਰਾਉਣਾ) ਹੁੰਦੀ। ਜੇਕਰ ਤੁਹਾਡੇ ਪ੍ਰੇਮ ਨਾਲ ਹੀ ਪਰਮਾਤਮਾ ਮਿਲਦਾ ਹੁੰਦਾ ਤਾਂ ਕਦੇ ਦਾ ਮਿਲ ਗਿਆ ਹੁੰਦਾ। ਤੁਸੀਂ ਫਿਰ ਤੋਂ ਪਰਮਾਤਮਾ ਨਾਲ ਉਹ ਹੀ ਰਿਸ਼ਤੇ-ਨਾਤੇ ਬਣਾ ਲੈਂਦੇ ਹੋ ਜਿਹੜੇ ਤੁਸੀਂ ਆਦਮੀਆਂ ਨਾਲ ਬਣਾਏ ਸਨ। ਤੁਸੀਂ ਉਸ ਨਾਲ ਵੀ ਉਹ ਹੀ ਗੱਲਾਂ ਕਰਦੇ ਹੋ, ਜਿਹੜੀਆਂ ਤੁਸੀਂ ਆਦਮੀਆਂ ਨਾਲ ਕੀਤੀਆਂ ਸਨ। ਤੁਸੀਂ ਕਿਸੇ ਦੇ ਪ੍ਰੇਮ 'ਚ ਪੈ ਗਏ ਸੀ, ਤੁਸੀਂ ਕਿਹਾ ਸੀ, ਤੇਰੇ ਤੋਂ ਸੋਹਣਾ ਕੋਈ ਵੀ ਨਹੀਂ, ਹੁਣ ਤੁਸੀਂ ਪਰਮਾਤਮਾ ਨੂੰ ਇਹ ਹੀ ਕਹਿੰਦੇ ਹੋ, ਕਿ ਤੂੰ ਪਤਿਤਪਾਵਨ ਹੈਂ, ਇਹੋ ਜਿਹਾ ਹੈਂ, ਉਹੋ ਜਿਹਾ ਹੈਂ! ਤੁਸੀਂ ਉਹ ਹੀ ਗੱਲਾਂ ਕਰ ਰਹੇ ਹੋ, ਸ਼ਬਦ ਬਾਸੇ ਹਨ, ਉਧਾਰ ਹਨ।

ਇਸ ਲਈ ਮੈਂ ਫ਼ਰੀਦ ਦੇ ਵਚਨ ਦਾ ਅਰਥ ਕਰਦਾ ਹਾਂ—'ਪਿਆਰੇ ਅਲਹ ਲਗੇ' ਤੂੰ ਅੱਲ੍ਹਾ ਨਾਲ ਲੱਗ ਜਾ। ਹੁਣ ਅੱਲ੍ਹਾ ਨਾਲ ਲੱਗ ਜਾਣਾ ਇਸ ਦਾ ਅਰਥ ਕੀ ਹੋਏਗਾ ? ਉਹ ਹੀ ਅਰਥ ਹੋਏਗਾ ਕਿ ਚੌਹਾਂ ਪਾਸਿਆਂ ਤੋਂ ਅਸਤਿੱਤਵ ਨੇ ਘੇਰਿਆ ਹੋਇਆ ਹੈ, ਅੱਲ੍ਹਾ ਨੇ ਤੈਨੂੰ ਘੇਰਿਆ ਹੀ ਹੋਇਆ ਹੈ। ਤੂੰ ਹੀ ਅਲੱਗ-ਥਲੱਗ ਹੈਂ, ਅੱਲ੍ਹਾ ਤਾਂ ਲੱਗਿਆ ਹੀ ਹੋਇਆ ਹੈ। ਤੂੰ ਵੀ ਲੱਗ ਜਾ। ਅੱਲ੍ਹਾ ਨੇ ਤਾਂ ਤੈਨੂੰ ਇਸੇ ਤਰ੍ਹਾਂ ਵੀ ਘੇਰਿਆ ਹੋਇਆ ਹੈ ਜਿਵੇਂ ਮੱਛੀ ਨੂੰ ਸਾਗਰ ਨੇ ਘੇਰਿਆ ਹੈ। ਅੱਲ੍ਹਾ ਤਾਂ ਤੇਰੇ ਨਾਲ ਲੱਗਿਆ ਹੀ ਹੋਇਆ ਹੈ, ਕਿਉਂਕਿ ਅੱਲ੍ਹਾ ਨਾ ਲੱਗਿਆ ਹੋਵੇ ਤਾਂ ਤੂੰ ਬਚ ਹੀ ਨਹੀਂ ਸਕੇਂਗਾ, ਇਕ ਛਿਣ (ਪਲ) ਨਾ ਜੀਏਂਗਾ, ਸੁਵਾਸ ਵੀ ਨਹੀਂ ਚੱਲੇਗੀ, ਹਿਰਦੇ ਵੀ ਨਹੀਂ ਧੜਕੇਗਾ। ਉਹ ਤਾਂ ਅੱਲ੍ਹਾ ਤੇਰੇ ਨਾਲ ਲੱਗਿਆ ਹੈ। ਇਸ ਲਈ ਤੂੰ ਧੜਕਦਾ ਹੈਂ। ਚੱਲਦਾ ਹੈਂ, ਸੁਵਾਸ ਹੈ, ਜੀਵਨ ਹੈ। ਤੂੰ ਗ਼ਲਤ ਵੀ ਹੋ ਜਾਏਂ ਤਾਂ ਵੀ ਅੱਲ੍ਹਾ ਲੱਗਿਆ ਹੋਇਆ ਹੈ।, ਹੋਰ ਵੀ ਹੋ ਜਾਵੇ, ਹਤਿਆਰਾ ਵੀ ਹੋ ਜਾਵੇਂ ਤਾਂ ਵੀ ਅੱਲ੍ਹਾ ਲੱਗਿਆ ਹੋਇਆ ਹੈ, ਕਿਉਂਕਿ ਅੱਲ੍ਹਾ ਤੋਂ ਬਗ਼ੈਰ ਹਤਿਆਰਾ ਵੀ ਸਾਹ ਨਹੀਂ ਲੈ ਸਕੇਗਾ, ਚੋਰ ਦਾ ਦਿਲ ਵੀ ਨਹੀਂ ਧੜਕੇਗਾ। ਬੁਰੇ

ਹੋ ਜਾਂ ਭਲੇ, ਅੱਲ੍ਹਾ ਚਿੰਤਾ ਨਹੀਂ ਕਰਦਾ, ਉਹ ਲੱਗਾ ਹੀ ਹੋਇਆ ਹੈ।

ਅਸਲੀ ਸਵਾਲ ਹੁਣ ਇਹ ਹੈ ਕਿ ਅਸੀਂ ਵੀ ਉਸ ਦੇ ਨਾਲ ਕਿਵੇਂ ਲੱਗ ਜਾਈਏ ਜਿਵੇਂ ਉਹ ਸਾਡੇ ਨਾਲ ਲੱਗਿਆ ਹੈ ਬੇ-ਸ਼ਰਤ। ਕਹਿੰਦਾ ਨਹੀਂ ਕਿ ਤੁਸੀਂ ਚੰਗੇ ਹੋ ਤਾਂ ਹੀ ਤੁਹਾਡੇ ਅੰਦਰ ਸਾਹ ਲਵਾਂਗਾ, ਸਾਧੂ ਹੋਵੋ ਤਾਂ ਹੀ ਹਿਰਦੇ ਧੜਕੇਗਾ, ਅਸਾਧੂ ਤਾਂ ਬੰਦ, ਕਾਨੂੰਨ ਦੇ ਖ਼ਿਲਾਫ਼ ਗਏ, ਸੱਜੇ ਟੁਰੇ, ਖੱਬੇ ਨਹੀਂ ਟੁਰੇ ਸੜਕ ਉੱਤੇ, ਹੁਣ ਸੁਆਸ ਨਹੀਂ ਚੱਲੇਗੀ। ਅੱਲ੍ਹਾ ਜੇਕਰ ਅਜਿਹਾ ਕੰਜੂਸ ਹੁੰਦਾ ਕਿ ਸਿਰਫ਼ ਸਾਧੂਆਂ ਵਿਚ ਹੀ ਧੜਕਦਾ, ਅਸਾਧੂਆਂ ਵਿਚ ਨਾ ਧੜਕਦਾ, ਤਾਂ ਸੰਸਾਰ ਬਹੁਤ ਬੇ-ਰੌਣਕ ਹੋ ਜਾਂਦਾ, ਤਾਂ ਰਾਮ ਹੀ ਰਾਮ ਹੁੰਦੇ, ਰਾਵਣ ਦਿਖਾਈ ਨਾ ਦਿੰਦੇ ਅਤੇ ਤੁਸੀਂ ਸੋਚ ਸਕਦੇ ਹੋ, ਕਿ ਰਾਮ ਹੀ ਰਾਮ ਹੋਣ ਦੁਨੀਆਂ ਵਿਚ ਤਾਂ ਕਿਹੋ ਜਿਹੀ ਬੇਰੌਣਕ ਹੋ ਜਾਏ ਦੁਨੀਆਂ। ਲੈ ਕੇ ਆਪਣਾ-ਆਪਣਾ ਧਨੁੱਸ਼ ਖਲੋਤੇ ਹਨ, ਮਾਰਨ ਤਕ ਦੇ ਲਈ ਕੋਈ ਨਹੀਂ ਜਿਸ ਨੂੰ ਆਪਣਾ ਬਾਣ ਮਾਰਨ! ਸੀਤਾ ਜੀ ਖਲੋਤੀ ਹਨ, ਕੋਈ ਚੁਰਾਉਣ ਵਾਲਾ ਨਹੀਂ ਹੈ! ਰਾਮ-ਕਥਾ ਅੱਗੇ ਵਧਦੀ ਨਹੀਂ!

ਨਾ, ਪਰਮਾਤਮਾ ਰਾਮ ਵਿਚ ਵੀ ਸੁਵਾਸ ਲੈ ਰਿਹਾ ਹੈ, ਰਾਵਣ ਵਿਚ ਵੀ, ਅਤੇ ਜ਼ਰਾ ਵੀ ਪਕਸ਼ਪਾਤ ਨਹੀਂ ਹੈ, ਦੋਹਾਂ ਵਿਚ ਲੱਗਿਆ ਹੋਇਆ ਹੈ। ਪਰਮਾਤਮਾ ਬੇ-ਸ਼ਰਤ, ਬਿਨਾਂ ਸ਼ੁਭ-ਅਸ਼ੁਭ ਦਾ ਵਿਚਾਰ ਕੀਤੇ, ਤੁਹਾਡੀ ਯੋਗਤਾ-ਅਯੋਗਤਾ ਦਾ ਬਿਨਾਂ ਵਿਚਾਰ ਕੀਤੇ, ਤੁਹਾਡੇ ਨਾਲ ਹੈ। ਤੁਸੀਂ ਉਸਦੇ ਨਾਲ ਨਹੀਂ ਹੋ। ਸਾਗਰ ਤਾਂ ਤੁਹਾਡੇ ਨਾਲ ਹੈ, ਤੁਸੀਂ ਉਸ ਨਾਲ ਲੜ ਰਹੇ ਹੋ।

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ।

ਫ਼ਰੀਦ ਕਹਿੰਦਾ ਹੈ—ਪਿਆਰਿਓ, ਅੱਲ੍ਹਾ ਨਾਲ ਲੱਗ ਜਾਓ, ਉਵੇਂ ਹੀ ਜਿਵੇਂ ਅੱਲ੍ਹਾ ਤੁਹਾਡੇ ਨਾਲ ਲੱਗਾ ਹੈ।

ਹਿੰਦੂ ਦੇ ਅੱਲ੍ਹਾ ਨਾਲ ਮਤਲਬ, ਨਾ ਮੁਸਲਮਾਨ ਦੇ ਅੱਲ੍ਹਾ ਨਾਲ ਮਤਲਬ, ਨਹੀਂ ਤਾਂ ਸ਼ਰਤ ਹੋ ਜਾਏਗੀ। ਮੰਦਰ ਦੇ ਅੱਲ੍ਹਾ ਨਾਲ ਨਾ ਮਤਲਬ, ਨਾ ਮਸਜਿਦ ਦੇ ਅੱਲ੍ਹਾ ਨਾਲ ਮਤਲਬ, ਨਹੀਂ ਤਾਂ ਸ਼ਰਤ ਹੋ ਜਾਏਗੀ। ਜਿਵੇਂ ਉਹ ਬੇ-ਸ਼ਰਤ ਲੱਗਾ ਹੈ—ਨਾ ਪੁੱਛਦਾ ਹੈ ਕਿ ਤੁਸੀਂ ਹਿੰਦੂ ਹੋ, ਨਾ ਪੁੱਛਦਾ ਹੈ ਕਿ ਤੁਸੀਂ ਮੁਸਲਮਾਨ ਹੋ, ਨਾ ਪੁੱਛਦਾ ਹੈ ਕਿ ਤੁਸੀਂ ਜੈਨ ਹੋ, ਬੋਧ ਹੋ, ਕਿ ਇਸਾਈ, ਪੁੱਛਦਾ ਹੀ ਨਹੀਂ, ਨਾ ਪੁੱਛਦਾ ਹੈ ਕਿ ਇਸਤ੍ਰੀ ਹੋ ਕਿ ਪੁਰਸ਼, ਨਾ ਪੁੱਛਦਾ ਹੈ ਕਾਲੇ ਕਿ ਗੋਰੇ, ਕੁਝ ਪੁੱਛਦਾ ਹੀ ਨਹੀਂ। ਬੱਸ ਤੁਹਾਡੇ ਨਾਲ ਲੱਗਿਆ ਹੈ, ਇਸੇ ਤਰ੍ਹਾਂ ਤੁਸੀਂ ਵੀ ਨਾ ਪੁੱਛੋ ਕਿ ਤੂੰ ਮਸਜਿਦ ਦਾ ਕਿ ਮੰਦਰ ਦਾ ਕਿ ਤੂੰ ਕੁਰਾਨ ਦਾ ਕਿ ਪੁਰਾਣ ਦਾ ਕਿ ਤੂੰ ਗੋਰੇ ਦਾ ਕਿ ਕਾਲੇ ਦਾ, ਤੁਸੀਂ ਵੀ ਲੱਗ ਜਾਓ।

ਮੰਦਰ ਅਤੇ ਮਸਜਿਦ ਦੇ ਅੱਲ੍ਹਾ ਨੇ ਮੁਸੀਬਤ ਖੜੀ ਕੀਤੀ ਹੈ। ਤੁਸੀਂ ਉਸ ਅੱਲ੍ਹਾ ਨੂੰ ਲੱਭੋ ਜਿਹੜਾ ਸਭ ਵਿਚ ਵਿਆਪਕ ਹੈ, ਸਾਰੇ ਪਾਸੇ ਮੌਜੂਦ ਹੈ, ਜਿਸ ਨੇ ਸਾਰੇ ਪਾਸੇ ਆਪਣਾ ਮੰਦਰ ਬਣਾਇਆ ਹੈ, ਕਿਤੇ ਦਰੱਖ਼ਤ ਦੀ ਹਰਿਆਲੀ ਵਿਚ, ਕਿਤੇ ਝਰਨੇ ਦੇ ਨਾਦ ਵਿਚ, ਕਿਤੇ ਪਰਬਤ (ਪਹਾੜ) ਤੇ ਇਕਾਂਤ ਵਿਚ, ਕਿਤੇ ਬਾਜ਼ਾਰ ਦੇ ਰੌਲੇ-ਰੱਪੇ ਵਿਚ, ਜਿਸ ਨੇ ਬਹੁਤ ਤਰ੍ਹਾਂ ਨਾਲ ਆਪਣਾ ਮੰਦਰ ਬਣਾਇਆ ਹੈ। ਸਾਰਾ ਜਗਤ ਉਸ ਦੇ ਮੰਦਰ ਦੇ ਸਤੰਭ (ਖੰਭੇ) ਹਨ। ਸਾਰਾ ਆਕਾਸ਼ ਉਸਦੇ ਹੀ ਮੰਦਰ ਦਾ ਚੰਦੋਵਾ ਹੈ। ਸਾਰਾ ਵਿਸਤਾਰ ਉਸੇ ਦੀ ਹੀ ਭੂਮੀ ਹੈ। ਤੁਸੀਂ ਇਸ ਅੱਲ੍ਹਾ ਨੂੰ ਪਛਾਣਨਾ ਸ਼ੁਰੂ ਕਰੋ, ਇਸ ਨਾਲ ਲੱਗੋ।

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥੧॥

ਅਤੇ ਇਸ ਦੇਹ ਨਾਲ ਬਹੁਤੇ ਨਾ ਲੱਗੇ ਰਹੋ, ਕਿਉਂਕਿ ਛੇਤੀ ਹੀ ਕਬਰ ਵਿਚ ਸੜੇਗਾ। ਇਹ ਦੇਹ ਤਾਂ ਖ਼ਾਕ ਹੋ ਜਾਏਗੀ ਅਤੇ ਇਸ ਦਾ ਘਰ ਨਿਗੌੜੀ (ਨਿਮਾਣੀ) ਕਬਰ ਵਿਚ ਜਾ ਬਣੇਗਾ। ਇਸ ਨਾਲ ਤੁਸੀਂ ਜ਼ਰੂਰਤ ਤੋਂ ਜ਼ਿਆਦਾ ਲੱਗ ਗਏ ਹੋ। ਜਿਸ ਨਾਲ ਲੱਗਣਾ ਚਾਹੀਦਾ, ਉਸ ਨੂੰ ਭੁੱਲ ਗਏ। ਜਿਸ ਨਾਲ ਨਹੀਂ ਲੱਗਣਾ ਸੀ, ਉਸ ਨਾਲ ਚਿੰਬੜ ਗਏ। ਜੋ ਤੁਹਾਡੇ ਜੀਵਨ ਦਾ ਜੀਵਨ ਹੈ, ਉਸ ਤੋਂ ਤੁਸੀਂ ਹੱਥ ਦੂਰ ਕਰ ਲਏ ਅਤੇ ਜਿਹੜਾ ਪਲ ਭਰ ਲਈ ਤੁਹਾਡੀ ਅਰਾਮਗਾਹ ਹੈ, ਰਾਹ ਉੱਤੇ ਸਰਾਂ ਵਿਚ ਰੁਕ ਗਏ ਹੋ ਰਾਤ ਭਰ ਲਈ। ਸਰਾਂ ਨੂੰ ਤਾ ਫੜ ਲਿਆ, ਆਪਣੇ ਨੂੰ ਛੱਡ ਦਿੱਤਾ ਹੈ।

ਇਹ ਸਰੀਰ—'ਇਹੁ ਤਨੁ ਹੋਸੀ ਖਾਕ'—ਇਹ ਸਰੀਰ ਤਾਂ ਛੇਤੀ ਹੀ ਖ਼ਾਕ ਹੋ ਜਾਏਗਾ। 'ਨਿਮਾਣੀ ਗੋਰ ਘਰੇ'—ਅਤੇ ਕਿਸੇ ਨਿਗੌੜੀ (ਨਿਮਾਣੀ) ਕਬਰ ਵਿਚ ਇਸ ਦਾ ਘਰ ਬਣ ਜਾਏਗਾ। ਤੁਸੀਂ ਇਸ ਨਾਲ ਨਾ ਜਕੜੋ। ਜੇਕਰ ਫੜਨਾ ਹੀ ਹੈ ਤਾਂ ਜੀਵਨ ਦੇ ਸੂਤਰ ਨੂੰ ਫੜੋ। ਲਹਿਰਾਂ ਨੂੰ ਕੀ ਫੜਦੇ ਹੋ, ਫੜਨਾ ਹੀ ਹੈ ਤਾਂ ਸਾਗਰ ਨੂੰ ਫੜ ਲਓ। ਕਿਉਂਕਿ ਲਹਿਰਾਂ ਤਾਂ ਤੁਸੀਂ ਫੜ ਵੀ ਨਾ ਸਕੋਗੇ ਅਤੇ ਮਿਟ ਜਾਣਗੀਆਂ, ਤੁਸੀਂ ਮੁੱਠੀ ਬੰਨ੍ਹ ਵੀ ਨਾ ਪਾਉਗੇ ਅਤੇ ਵਿਸਰਜਿਤ ਹੋ ਜਾਣਗੀਆਂ।

ਲਹਿਰਾਂ ਨੂੰ ਫੜਨਾ ਸਰੀਰ ਨੂੰ ਫੜਨਾ ਹੈ। ਸਰੀਰ ਤਰੰਗ ਹੈ, ਪੰਜ ਤੱਤਾਂ ਦੀ ਤਰੰਗ ਹੈ, ਪੰਜ ਤੱਤਾਂ ਦੇ ਇਸ ਵਿਰਾਟ ਸਾਗਰ ਵਿਚ ਉੱਠੀ ਇਕ ਵੱਡੀ ਲਹਿਰ ਹੈ—ਸੱਤਰ ਸਾਲ ਤਕ ਬਣੀ ਰਹਿੰਦੀ ਹੈ, ਅੱਸੀ ਸਾਲ ਤਕ ਬਣੀ ਰਹਿੰਦੀ ਹੈ। ਪਰ ਵਿਰਾਟ ਨੂੰ ਵੇਖ ਕੇ ਸੱਤਰ-ਅੱਸੀ ਸਾਲ ਕੀ, ਪਲ ਭਰ ਵੀ ਨਹੀਂ ਹੈ। ਜਿਹੜਾ ਸਮਾਂ ਤੁਹਾਡੇ ਤੋਂ ਪਹਿਲਾਂ ਹੋਇਆ ਅਤੇ ਜੋ ਸਮਾਂ ਤੁਹਾਡੇ ਬਾਅਦ

ਹੋਏਗਾ, ਉਸ ਨੂੰ ਹਿਸਾਬ ਵਿਚ ਲਓ ਤਾਂ ਤੁਸੀਂ ਜਿੰਨੇ ਸਮੇਂ ਰਹੇ, ਉਹ ਨਹੀਂ ਦੇ ਬਰਾਬਰ ਹਨ। ਇਹ ਲਹਿਰ ਹੈ। ਇਸ ਨੂੰ ਤਾਂ ਤੁਸੀਂ ਜ਼ੋਰ ਨਾਲ ਫੜ ਲਿਆ ਹੈ ਅਤੇ ਜਿਸ ਵਿਚ ਇਹ ਲਹਿਰ ਉੱਠੀ ਹੈ, ਉਸ ਨੂੰ ਤੁਸੀਂ ਭੁੱਲ ਹੀ ਗਏ ਹੋ। ਜੋ ਆਧਾਰ ਹੈ ਉਹ ਭੁੱਲ ਗਿਆ ਹੈ, ਪੱਤਿਆਂ 'ਤੇ ਭਟਕ ਰਹੇ ਹੋ।

ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥

'ਆਜੁ ਮਿਲਾਵਾ ਸੇਖ'—ਇਹ ਵਚਨ ਮੈਨੂੰ ਬਹੁਤ ਪਿਆਰਾ ਰਿਹਾ ਹੈ। ਇਹ ਬਹੁਤ ਅਨੂਠਾ ਹੈ। ਇਸ ਨੂੰ ਬਹੁਤ ਗੌਰ ਨਾਲ ਜਾਗ ਕੇ ਸਮਝਣ ਦੀ ਕੋਸ਼ਿਸ਼ ਕਰਨਾ।

'ਅੱਜ ਉਸ ਪ੍ਰੀਤਮ ਨਾਲ ਮਿਲਣ ਹੋ ਸਕਦਾ ਹੈ ਸ਼ੇਖ, ਜੇਕਰ ਤੂੰ ਉਨ੍ਹਾਂ ਭਾਵਨਾਵਾਂ ਨੂੰ ਕਾਬੂ ਕਰ ਲਵੇਂ ਜਿਹੜੀਆਂ ਤੇਰੇ ਮਨ ਨੂੰ ਬੇਚੈਨ ਕਰ ਰਹੀਆਂ ਹਨ।'

'ਆਜੁ ਮਿਲਾਵਾ ਸੇਖ'—ਅੱਜ ਮਿਲਣਾ ਹੋ ਸਕਦਾ ਹੈ ਤੇਰਾ। ਇਹ ਬਹੁਤ ਕ੍ਰਾਂਤੀਕਾਰੀ ਵਚਨ ਹੈ, ਕਿਉਂਕਿ ਸਾਧਾਰਣਤਾ, ਤੁਹਾਡੇ ਪੰਡਿਤ-ਪ੍ਰੋਹਿਤ ਕਹਿੰਦੇ ਹਨ ਕਿ ਜਨਮਾਂ-ਜਨਮਾਂ ਦਾ ਪਾਪ ਹੈ, ਉਸ ਨੂੰ ਕੱਟਣਾ ਪਏਗਾ, ਤਦ ਮਿਲਣ ਹੋ ਸਕੇਗਾ। ਅਤੇ ਸ਼ੇਖ਼ ਕਹਿੰਦਾ ਹੈ, ਆਜੁ ਮਿਲਾਵਾ ਸੇਖ—ਇਹ ਅੱਜ ਹੋ ਸਕਦੀ ਹੈ, ਗੱਲ ਇਸੇ ਘੜੀ ਹੋ ਸਕਦੀ ਹੈ। ਇਸ ਨੂੰ ਇਕ ਪਲ ਵੀ ਟਾਲਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਪਰਮਾਤਮਾ ਅੱਜ ਇੰਨਾ ਹੀ ਪ੍ਰਾਪਤ ਹੈ ਜਿੰਨਾ ਕਦੇ ਸੀ, ਅਤੇ ਇੰਨਾ ਹੀ ਸਦਾ ਉਪਲਬਧ ਰਹੇਗਾ। ਉਸ ਦੀ ਉਪਲਬਧੀ ਵਿਚ ਰੱਤੀ ਭਰ ਵੀ ਫ਼ਰਕ ਨਹੀਂ ਪੈਂਦਾ। ਤੁਸੀਂ ਪਾਪ ਕੀਤੇ ਕਿ ਪੁੰਨ ਕੀਤੇ—ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਤੁਸੀਂ ਜਿਸ ਦਿਨ ਵੀ ਉਸ ਦੇ ਨਾਲ ਲੱਗਣ ਨੂੰ ਰਾਜ਼ੀ ਹੋ, ਉਸ ਦਾ ਅਲਿੰਗਨ (ਜੱਫੀ) ਸਦਾ ਹੀ ਉਨਮੁਕਤ ਸੀ, ਸਦਾ ਸਦਾ ਹੀ ਸੀ। ਤੁਹਾਡੇ ਪਾਪ ਰੁਕਾਵਟ ਨਹੀਂ ਬਣ ਸਕਣਗੇ। ਤੁਸੀਂ ਹੀ ਕੀ ਹੋ, ਤੁਹਾਡੇ ਪਾਪ ਦਾ ਕਿੰਨਾ ਮੁੱਲ ਹੋ ਸਕਦਾ ਹੈ? ਲਹਿਰ ਹੀ ਮਿਟ ਜਾਂਦੀ ਹੈ, ਤਾਂ ਲਹਿਰ ਦਾ ਮਟਕਣਾ ਕਿੰਨਾ ਟਿੱਕ ਸਕਦਾ ਹੈ?

ਇਸ ਨੂੰ ਥੋੜ੍ਹਾ ਅਸੀਂ ਸਮਝੀਏ।

ਇਹ ਵੀ ਮਨੁੱਖ ਦਾ ਹੰਕਾਰ ਹੈ ਕਿ ਮੈਂ ਬਹੁਤ ਪਾਪ ਕੀਤੇ ਹਨ। ਇਹ ਤੁਹਾਨੂੰ ਅੜਚਨ ਲੱਗੇਗੀ ਸਮਝਣ ਵਿਚ। ਤੁਸੀਂ ਕਹੋਗੇ ਇਹ ਕਿਹੋ ਜਿਹਾ ਹੰਕਾਰ? ਲੇਕਿਨ ਇਸ ਤੋਂ ਵੀ ਅਜਿਹਾ ਲੱਗਦਾ ਹੈ ਕਿ ਮੈਂ ਕੁਝ ਹਾਂ। ਹੋਰ ਇਸ ਨਾਲ ਅਜਿਹਾ ਵੀ ਲੱਗਦਾ ਹੈ ਕਿ ਜਦ ਤਕ ਮੈਂ ਇਨ੍ਹਾਂ ਸਾਰਿਆਂ ਪਾਪਾਂ ਨੂੰ ਨਾ ਕੱਟ ਦਿਆਂਗਾ, ਤਦ ਤਕ ਪਰਮਾਤਮਾ ਨਹੀਂ ਮਿਲੇਗਾ। ਜਿਵੇਂ ਪਰਮਾਤਮਾ

ਦਾ ਮਿਲਣਾ ਮੇਰੇ ਕਿਸੇ ਕ੍ਰਤਯ (ਕਰਮ) 'ਤੇ ਨਿਰਭਰ ਹੈ। ਇਸ ਲਈ ਕਰਮ ਦਾ ਸਿਧਾਂਤ ਹੰਕਾਰੀਆਂ ਨੂੰ ਖ਼ੂਬ ਜੰਮਿਆ, ਖ਼ੂਬ ਜਚਿਆ। ਹੰਕਾਰੀਆਂ ਦੇ ਹੰਕਾਰ ਨੂੰ ਪੁਸ਼ਟੀ (ਤ੍ਰਿਪਤੀ) ਮਿਲੀ ਕਿ ਅਸੀਂ ਹੀ ਕਰਮ ਕੀਤੇ ਸਨ, ਇਸ ਲਈ ਅਸੀਂ ਭਟਕ ਰਹੇ ਹਾਂ, ਅਸੀਂ ਹੀ ਕਰਮ ਜਦ ਠੀਕ ਕਰਾਂਗੇ ਤਾਂ ਪੁੱਜ ਜਾਵਾਂਗੇ। ਲੇਕਿਨ ਅਸੀਂ, ਮੈਂ ਲੁਕਿਆ ਹੈ ਅੰਦਰ।

ਇਹ ਹੀ ਫ਼ਰਕ ਹੈ ਭਗਤਾਂ ਦਾ। ਭਗਤ ਕਹਿੰਦੇ ਹਨ ਪੁੱਜਾਂਗੇ ਉਸ ਦੇ ਪ੍ਰਸ਼ਾਦ ਨਾਲ। ਤੁਹਾਡੇ ਜਤਨਾਂ ਨਾਲ ਨਹੀਂ ਪੁੱਜਾਂਗੇ। ਤੁਹਾਡਾ ਜਤਨ ਹੀ ਤਾਂ ਅਟਕਾ ਰਿਹਾ ਹੈ। ਇਹ ਖ਼ਿਆਲ ਕਿ ਮੇਰੇ ਕਰਨ ਨਾਲ ਕੁਝ ਹੋਏਗਾ, ਇਹ ਹੀ ਤਾਂ ਤੁਹਾਨੂੰ ਭਟਕਾ ਰਿਹਾ ਹੈ। ਕਰਮ ਨਹੀਂ ਭਟਕਾ ਰਹੇ ਹਨ, ਕਰਤਾ ਦਾ ਭਾਵ ਭਟਕਾ ਰਿਹਾ ਹੈ। ਅਸਲੀ ਪਾਪ ਕਰਮਾਂ ਵਿਚ ਨਹੀਂ ਹੈ, ਕਰਤਾ ਦੇ ਭਾਵ ਵਿਚ ਹੈ। ਇਸ ਲਈ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਵਿਚ ਕਿਹਾ—ਤੂੰ ਕਰਤਾ ਦਾ ਭਾਵ ਛੱਡ ਦੇ। ਤੂੰ ਨਿਮਿੱਤਮਾਤਰ ਹੋ ਜਾ। ਫਿਰ ਤੈਨੂੰ ਕੁਝ ਵੀ ਕਰਮ ਨਹੀਂ ਛੂਹੇਗਾ। ਕਰਮ ਤੂੰ ਕਰ, ਪਰ ਇਸ ਤਰ੍ਹਾਂ ਕਰ ਜਿਵੇਂ ਉਹ ਹੀ ਤੇਰੇ ਤੋਂ ਕਰਾ ਰਿਹਾ ਹੈ, ਤੂੰ ਵਿਚਕਾਰ ਨਹੀਂ ਹੈਂ। ਤੂੰ ਬਾਂਸ ਦੀ ਪੋਰੀ (ਪੋਂਗਰੀ) ਹੋ ਜਾ, ਉਸ ਨੂੰ ਹੀ ਗਾਉਣ ਦੇ ਗੀਤ। ਉਹ ਗਾਏ ਤਾਂ ਠੀਕ, ਨਾ ਗਾਏ ਤਾਂ ਠੀਕ। ਤੂੰ ਵਿਚਕਾਰ ਕੋਸ਼ਿਸ਼ ਨਾ ਕਰ। ਤੂੰ ਆਪਣੇ ਆਪ ਨੂੰ ਵਿਚਕਾਰ ਨਾ ਲਿਆ, ਆਪਣੇ ਨੂੰ ਵਿਚਾਲੇ ਖੜਾ ਨਾ ਕਰ।

ਸ਼ੇਖ਼ ਫ਼ਰੀਦ ਕਹਿੰਦੇ ਹਨ—ਅੱਜ ਹੀ ਹੋ ਸਕਦਾ ਹੈ ਮਿਲਨ। ਇਹ ਬਹੁਤ ਹਿੰਮਤ ਵਾਲੇ ਫ਼ਕੀਰਾਂ ਨੇ ਅਜਿਹੀ ਗੱਲ ਕਹੀ ਹੈ। ਤੁਹਾਡਾ ਮਨ ਤਾਂ ਖ਼ੁਦ ਵੀ ਡਰੇਗਾ ਕਿ ਇਹ ਕਿਵੇਂ ਹੋ ਸਕਦਾ ਹੈ ਅੱਜ। ਅਸਲ ਵਿਚ ਸੱਚਾਈ ਇਹ ਹੈ ਕਿ ਤੁਸੀਂ ਅੱਜ ਚਾਹੁੰਦੇ ਵੀ ਨਹੀਂ। ਤੁਸੀਂ ਚਾਹੁੰਦੇ ਹੋ ਕਿ ਕੋਈ ਸਮਝਾਏ ਕਿ ਕੱਲ੍ਹ ਹੋ ਸਕਦਾ ਹੈ, ਅੱਜ ਨਹੀਂ, ਕਿਉਂਕਿ ਅੱਜ ਹੋਰ ਦੂਜੇ ਕੰਮ ਕਰਨੇ ਹਨ, ਹਜ਼ਾਰ ਧੰਦੇ ਪੂਰੇ ਕਰਨੇ ਹਨ। ਅੱਜ ਹੀ ਹੋ ਸਕਦਾ ਹੈ ਮਿਲਨ। ਇਹ ਜ਼ਰਾ ਛੇਤੀ ਹੋ ਜਾਏਗੀ। ਇਸ ਵਿਚ ਤਾਂ ਪੋਸਟਪੋਨ ਕਰਨ ਦਾ, ਟਾਲਣ ਦਾ ਉਪਾਇ ਨਾ ਰਹੇਗਾ।

ਸੋ, ਮੈਂ ਤੁਹਾਨੂੰ ਆਖਦਾ ਹਾਂ ਕਿ ਕਰਮ ਦਾ ਸਿਧਾਂਤ ਹੰਕਾਰੀਆਂ ਨੂੰ ਖ਼ੂਬ ਜਚਿਆ ਅਤੇ ਹੰਕਾਰੀਆਂ ਨੂੰ ਇਹ ਗੱਲ ਵੀ ਖ਼ੂਬ ਜਚੀ ਕਿ ਜਦ ਤਕ ਅਸੀਂ ਕਰਮਾਂ ਨੂੰ ਬਦਲ ਨਹੀਂ ਦਿਆਂਗੇ, ਬੁਰੇ ਨੂੰ ਸ਼ੁਭ ਨਾਲ ਮਿਟਾ ਨਾ ਦਿਆਂਗੇ, ਕਾਲੇ ਨੂੰ ਚਿੱਟੇ ਨਾਲ ਪੋਚ ਨਾ ਦਿਆਂਗੇ। ਅਸ਼ੁਭ ਨੂੰ ਸ਼ੁਭ ਵਿਚ ਢੱਕ ਨਾ ਦਿਆਂਗੇ, ਜਦ ਤਕ ਤੱਕੜੀ ਬਰਾਬਰ ਸੰਤੁਲਨ (ਇਕਸਾਰ ਪੱਲੜੇ) ਵਿਚ ਨਾ ਆ ਜਾਏਗੀ, ਸ਼ੁਭ ਅਤੇ ਅਸ਼ੁਭ ਬਰਾਬਰ ਨਾ ਹੋ ਜਾਣਗੇ—ਤਦ ਤਕ ਛੁਟਕਾਰਾ ਨਹੀਂ ਹੋ

ਸਕਦਾ। ਇਸ ਦਾ ਅਰਥ ਹੋਇਆ ਕਿ ਮੈਂ ਹੀ ਪਾਪ ਕੀਤੇ, ਮੈਨੂੰ ਹੀ ਪੁੰਨ ਕਰਨੇ ਹੋਣਗੇ। ਮੇਰੇ ਹੀ ਕਾਰਨ ਘਟਨਾ ਘਟੇਗੀ, ਪਰਮਾਤਮਾ ਦੇ ਪ੍ਰਸਾਦ ਨਾਲ ਨਹੀਂ, ਉਸ ਦੀ ਕ੍ਰਿਪਾ ਨਾਲ ਨਹੀਂ ਅਤੇ ਇਸ ਵਿਚ ਬਹੁਤ ਸੁਵਿਧਾ (ਸੌਖ) ਹੈ ਕਿ ਜਨਮਾਂ-ਜਨਮਾਂ ਦੇ ਕਰਮ ਹਨ, ਉਹ ਅੱਜ ਤਾਂ ਕੱਟ ਨਹੀਂ ਜਾਣਗੇ, ਜਨਮ-ਜਨਮ ਲੱਗਣਗੇ। ਸੁਭਾਵਿਕ ਹੈ, ਜਿੰਨੇ ਦਿਨ ਮਿਟਾਇਆ, ਓਨੇ ਦਿਨ ਬਣਾਉਣਾ ਪਏਗਾ, ਜਿੰਨੇ ਦਿਨ ਵਿਗਾੜਿਆ ਹੈ, ਓਨੇ ਦਿਨ ਸੁਧਾਰਨਾ ਪਏਗਾ। ਕਿੰਨੀ ਹੀ ਛੇਤੀ ਕਰੋ ਤਾਂ ਵੀ ਜਨਮ-ਜਨਮ ਲੱਗ ਜਾਣਗੇ। ਇਸ ਨਾਲ ਬਹੁਤ ਸੁਵਿਧਾ ਹੈ। ਇਸ ਨਾਲ ਅੱਜ ਕੋਈ ਝੰਜਟ ਨਹੀਂ ਹੈ; ਅੱਜ ਦੁਕਾਨ ਕਰੋ, ਅੱਜ ਚੋਰੀ ਕਰੋ, ਧਰਮ ਕੱਲ੍ਹ! ਅੱਜ ਤੁਸੀਂ ਜਿਵੇਂ ਚੱਲਦੇ ਹੋ, ਚੱਲਦੇ ਰਹੋ; ਕੋਈ ਉਪਾਇ ਹੀ ਨਹੀਂ ਹੈ, ਕਲ੍ਹ ਪਰਿਵਰਤਨ ਹੋਏਗਾ। ਕੱਲ੍ਹ ਹੋਏਗਾ ਰੂਪਾਂਤਰਣ!

ਕੱਲ੍ਹ ਦੇ ਖ਼ਿਆਲ ਨੇ ਮਨੁੱਖ ਨੂੰ ਅਧਾਰਮਿਕ ਬਣਾਇਆ ਹੈ। ਕੱਲ੍ਹ ਬਹੁਤ ਸੁਵਿਧਾ ਹੈ। ਉਸ ਦੀ ਆੜ ਵਿਚ ਅਸੀਂ ਆਪਣੇ ਆਪ ਨੂੰ ਲੁਕਾ ਲੈਂਦੇ ਹਾਂ। ਕੱਲ੍ਹ ਹੋਏਗਾ, ਅੱਜ ਤਾਂ ਕੁਝ ਹੋਣਾ ਨਹੀਂ ਹੈ—ਸੋ ਅੱਜ ਤਾਂ ਅਸੀਂ ਜੋ ਹਾਂ ਅਸੀਂ ਰਹਾਂਗੇ! ਇਕਦਮ ਤਾਂ ਕੋਈ ਕ੍ਰਾਂਤੀ ਹੋ ਨਹੀਂ ਜਾਏਗੀ! ਝਟਪਟ ਤਾਂ ਕੁਝ ਘਟ ਨਹੀਂ ਜਾਏਗਾ। ਸਿਲਸਿਲਾ ਹੋਏਗਾ। ਕਰਮਬੱਧ ਵਿਕਾਸ ਹੋਏਗਾ। ਵਿਕਾਸ ਹੁੰਦੇ-ਹੁੰਦੇ ਸਮਾਂ ਆਏਗਾ, ਤਦ ਕਿਤੇ ਘਟਨਾ ਘਟੇਗੀ। ਇਸ ਜਨਮ ਵਿਚ ਤਾਂ ਹੋਣ ਵਾਲਾ ਨਹੀਂ ਹੈ। ਸੋ ਇਸ ਜਨਮ ਵਿਚ ਜੋ ਕਰ ਰਹੇ ਹਾਂ, ਕਰਦੇ ਰਹੋ, ਹੋਰ ਥੋੜ੍ਹੀ ਕੁਸ਼ਲਤਾ ਨਾਲ ਕਰ ਲਓ। ਵਕਤ ਜਿੰਨੀ ਦੇਰ ਮਿਲਿਆ ਹੈ, ਹੋਰ ਭੋਗ ਲਓ, ਕਿਤੇ ਅਗਲੇ ਜਨਮ ਵਿਚ ਮੁਕਤੀ ਹੋ ਹੀ ਨਾ ਜਾਏ।

ਇਸ ਤਰ੍ਹਾਂ ਪੂਰਬ ਵਿਚ, ਜਿਥੇ ਕਿ ਪੁਨਰਜਨਮ ਦੇ ਸਿਧਾਂਤ ਨੂੰ, ਕਰਮ ਦੇ ਸਿਧਾਂਤ ਨੂੰ ਬੜੀ ਸਵੀਕ੍ਰਿਤੀ ਮਿਲੀ, ਅਧਰਮ ਦਾ ਬਹੁਤ ਗਹਿਰ ਵਿਸਤਾਰ ਹੋਇਆ। ਹੋਣਾ ਨਹੀਂ ਚਾਹੀਦਾ ਸੀ। ਜੇਕਰ ਅਸਲੀਅਤ ਵਿਚ ਲੋਕਾਂ ਨੇ ਇਸ ਲਈ ਸਵੀਕਾਰ ਕੀਤਾ ਸੀ ਪੁਨਰਜਨਮ ਦਾ ਸਿਧਾਂਤ ਕਿ ਉਹ ਧਾਰਮਿਕ ਸਨ, ਤਾਂ ਪੂਰਬ ਵਿਚ ਕ੍ਰਾਂਤੀ ਹੋ ਜਾਣੀ ਚਾਹੀਦੀ ਸੀ, ਪੂਰਬ ਵਿਚ ਸੂਰਜ ਉਜਾਗਰ ਹੋ ਜਾਂਦਾ। ਨਹੀਂ ਹੋਇਆ।

ਪੂਰਬ ਜਿੰਨਾ ਬੇਈਮਾਨ ਹੈ, ਪੱਛਮ ਵਿਚ ਓਨੇ ਬੇਈਮਾਨ ਆਦਮੀ ਨਹੀਂ ਪਾਏ ਜਾਂਦੇ। ਹੋਰ ਪੂਰਬ ਜਿੰਨਾ ਅਨੈਤਿਕ ਹੈ ਅਤੇ ਜਿੰਨਾ ਭ੍ਰਿਸ਼ਟ ਹੈ, ਉਹੋ ਜਿਹਾ ਭ੍ਰਿਸ਼ਟਾਚਾਰ ਅਤੇ ਉਹੋ ਜਿਹੀ ਅਨੈਤਿਕਤਾ ਵੀ ਕਿਤੇ ਨਹੀਂ ਪਾਈ ਜਾਂਦੀ। ਨਾਸਤਿਕ ਤੋਂ ਨਾਸਤਿਕ ਅਤੇ ਭੌਤਿਕਵਾਦੀ ਤੋਂ ਭੌਤਿਕਵਾਦੀ (ਉਹ ਸਿਧਾਂਤ

ਜਿਨ੍ਹਾਂ ਵਿਚ ਪਦਾਰਥਾਂ ਨੂੰ ਹੀ ਮੰਨਿਆ ਜਾਂਦਾ ਹੈ, ਆਤਮਾ ਜਾਂ ਈਸ਼ਵਰ ਨਹੀਂ) ਮੁਲਕਾਂ ਵਿਚ ਵੀ ਅਜਿਹੀ ਅਨੀਤੀ ਨਹੀਂ ਹੈ। ਕਾਰਨ ਕੀ ਹੋਏਗਾ ?

ਪੂਰਬ ਦੇ ਕੋਲ ਸੁਵਿਧਾ ਹੈ। ਅਸੀਂ ਟਾਲ ਸਕਦੇ ਹਾਂ। ਉਨ੍ਹਾਂ ਦੇ ਕੋਲ ਅਸਾਨੀ ਨਹੀਂ ਹੈ, ਉਨ੍ਹਾਂ ਦਾ ਇਹ ਜੀਵਨ ਸਭ ਕੁਝ ਹੈ। ਚੰਗੇ ਹੋਣਾ ਹੈ ਤਾਂ ਇਹ ਹੀ ਜੀਵਨ ਹੈ। ਸਾਡੇ ਕੋਲ ਬਹੁਤ ਜੀਵਨ ਹੈ। ਸਾਨੂੰ ਕੋਈ ਛੇਤੀ ਨਹੀਂ ਹੈ।

ਪੂਰਬ ਦੇ ਮਨ 'ਚ ਕਾਹਲੀ ਨਹੀਂ ਹੈ। ਇਸ ਲਈ ਜੋ ਚੱਲ ਰਿਹਾ ਹੈ, ਚੱਲਣ ਦਿਓ; ਜੋ ਹੋ ਰਿਹਾ ਹੈ, ਹੋਣ ਦਿਓ। ਅਸੀਂ ਕਿਸੇ ਤੇਜ਼ੀ ਵਿਚ ਨਹੀਂ ਹਾਂ ਕਿ ਕ੍ਰਾਂਤੀ ਹੁਣੇ ਹੋ ਜਾਏ। ਵਕਤ ਸਾਡੇ ਕੋਲ ਜ਼ਰੂਰਤ ਤੋਂ ਜ਼ਿਆਦਾ ਹੈ। ਅੱਜ ਨਹੀਂ ਹੋਏਗਾ, ਕੱਲ੍ਹ ਹੋਏਗਾ, ਕੱਲ੍ਹ ਨਹੀਂ ਹੋਏਗਾ, ਪਰਸੋਂ ਹੋਏਗਾ। ਸਾਨੂੰ ਬਹੁਤ ਧੀਰਜ ਹੈ। ਧੀਰਜ ਆੜ (ਸਹਾਰਾ) ਬਣ ਗਈ ਹੈ। ਜਿਥੇ-ਜਿਥੇ ਧੀਰਜ ਬਹੁਤਾ ਹੋ ਜਾਂਦਾ ਹੈ, ਉਥੇ ਕ੍ਰਾਂਤੀ ਅਸੰਭਵ ਹੋ ਜਾਂਦੀ ਹੈ।

ਜੇਕਰ ਅੱਜ ਤੁਹਾਨੂੰ ਪਤਾ ਚੱਲ ਜਾਏ ਕਿ ਅੱਜ ਹੀ ਹੋ ਸਕਦੀ ਹੈ ਇਹ ਗੱਲ, ਤਾਂ ਫਿਰ ਤੁਹਾਨੂੰ ਦੋਸ਼ ਆਪਣੇ ਆਪ ਨੂੰ ਹੀ ਦੇਣਾ ਪਏਗਾ; ਫਿਰ ਤੁਹਾਨੂੰ ਸਾਫ਼ ਕਰ ਲੈਣਾ ਹੋਏਗਾ ਕਿ ਜੇਕਰ ਟਾਲਣਾ ਹੈ ਤਾਂ ਤੁਸੀਂ ਟਾਲਦੇ ਹੋ, ਪੋਸਟਪੋਨ ਕਰਨਾ ਹੈ ਤਾਂ ਤੁਸੀਂ ਹੀ ਪੋਸਟਪੋਨ ਕਰਦੇ ਹੋ; ਪਰਮਾਤਮਾ ਅੱਜ ਰਾਜ਼ੀ ਸੀ। ਤਦ ਤੁਹਾਨੂੰ ਬਹੁਤ ਬੇਚੈਨੀ ਹੋਏਗੀ। ਤਦ ਤੁਹਾਨੂੰ ਕੋਈ ਵੀ ਸਾਂਤਵਨਾ (ਤਸੱਲੀ) ਦਾ ਉਪਾਇ ਨਹੀਂ ਰਹਿ ਜਾਏਗਾ।

ਇਸ ਲਈ ਫ਼ਰੀਦ ਦਾ ਵਚਨ ਮੈਂ ਕਹਿੰਦਾ ਹਾਂ ਬੜਾ ਕ੍ਰਾਂਤੀਕਾਰੀ ਹੈ: ਆਜੁ ਮਿਲਾਵਾ ਸੇਖ—ਹੋ ਸਕਦਾ ਹੈ ਮਿਲਣਾ, ਸ਼ੇਖ। ਦੇਰ ਉਸ ਦੇ ਵੱਲੋਂ ਨਹੀਂ ਹੈ।

ਸਾਡੇ ਮੁਲਕ ਵਿਚ ਕਹਾਵਤ ਹੈ: ਦੇਰ ਹੈ ਅੰਧੇਰ ਨਹੀਂ। ਮੈਂ ਤੁਹਾਨੂੰ ਆਖਦਾ ਹਾਂ, ਨਾ ਦੇਰ ਹੈ, ਨਾ ਅੰਧੇਰ ਹੈ। ਉਸ ਦੇ ਵੱਲੋਂ ਕੁਝ ਨਹੀਂ ਹੈ, ਤੁਹਾਡੇ ਵੱਲੋਂ ਦੋਵੇਂ ਹਨ। ਉਸ ਦੇ ਵੱਲੋਂ ਨਾ ਦੇਰ ਹੈ ਨਾ ਅੰਧੇਰ ਹੈ। ਤੁਹਾਡੇ ਵੱਲੋਂ ਦੇਰ ਹੈ। ਇਸ ਲਈ ਅੰਧੇਰ ਹੈ। ਦੇਰ ਦੇ ਆਧਾਰ ਨਾਲ ਅੰਧੇਰ ਹੈ। ਟਾਲਣ ਦੀ ਸੁਵਿਧਾ ਹੈ—ਤਾਂ ਅੱਜ ਜਿਹੋ ਜਿਹੀ ਵੀ ਹਾਲਤ ਹੈ, ਠੀਕ ਹੈ। ਕੱਲ੍ਹ ਸਭ ਠੀਕ ਹੋ ਜਾਏਗਾ। ਕੱਲ੍ਹ ਦੇ ਸੁਫ਼ਨਿਆਂ ਦੇ ਆਧਾਰ ਉੱਤੇ ਤੁਸੀਂ ਅੱਜ ਦੇ ਗੰਦੇ ਯਥਾਰਥ (ਜੋ ਸੱਚਾਈ ਹੈ) ਨੂੰ ਟਾਲਦੇ ਜਾਂਦੇ ਹੋ; ਕੱਲ੍ਹ ਦੀ ਆਸ ਵਿਚ ਅੱਜ ਦੀ ਬੀਮਾਰੀ ਝੱਲ ਲੈਂਦੇ ਹੋ। ਅੱਜ ਦਾ ਨਰਕ ਭੋਗ ਲੈਂਦੇ ਹੋ, ਕੱਲ੍ਹ ਸਵਰਗ ਮਿਲੇਗਾ।

ਆਜੁ ਮਿਲਾਵਾ ਸੇਖ—ਅੱਜ ਉਸ ਪ੍ਰੀਤਮ ਨਾਲ ਮਿਲਨ ਹੋ ਸਕਦਾ ਹੈ। ਕਰਨਾ ਕੀ ਹੈ ? ਬੱਸ ਇਕ ਨਿੱਕੀ ਜਿਹੀ ਗੱਲ ਕਰਨੀ ਹੈ: 'ਕੂੰਜੜੀਆ ਮਨਹੁ

ਮਚਿੰਦੜੀਆ'—ਇਹ ਜਿਹੜ ਮਨ 'ਚ ਵਿਚਾਰਾਂ ਦਾ ਅਤੇ ਭਾਵਾਂ ਦਾ ਸ਼ੋਰਗੁਲ (ਰੌਲਾ-ਰੱਪਾ) ਮੱਚਿਆ ਹੈ, ਇਹ ਸਿਰਫ਼ ਬੰਦ ਹੋ ਜਾਏ। ਕਰਮਾਂ ਨੂੰ ਨਹੀਂ ਬਦਲਣਾ ਹੈ; ਸਿਰਫ਼ ਵਿਚਾਰਾਂ ਨੂੰ ਸ਼ਾਂਤ ਕਰਨਾ ਹੈ। ਕਰਮਾਂ ਨੂੰ ਬਦਲਣਾ ਤਾਂ ਅਸੰਭਵ (ਨਾਮੁਮਕਿਨ) ਹੈ। ਕਿੰਨੇ ਜਨਮ ਤੁਹਾਡੇ ਹੋਏ, ਕੋਈ ਹਿਸਾਬ ਹੈ ? ਉਨ੍ਹਾਂ ਵਿਚ ਕੀ-ਕੀ ਤੁਸੀਂ ਨਹੀਂ ਕੀਤਾ, ਕੋਈ ਹਿਸਾਬ ਹੈ ? ਉਸ ਸਾਰੇ ਨੂੰ ਬਦਲਣ ਬੈਠੋਗੇ ਤਾਂ ਇਹ ਕਥਾ ਤਾਂ ਅੰਤਹੀਣ ਹੋ ਜਾਏਗੀ। ਇਹ ਤਾਂ ਫਿਰ ਕਦੇ ਹੋ ਹੀ ਨਹੀਂ ਪਾਏਗਾ। ਲੇਕਿਨ ਬੁੱਧ ਹੋਏ, ਮਹਾਂਵੀਰ ਹੋਏ, ਫ਼ਰੀਦ ਹੋਇਆ, ਨਾਨਕ ਹੋਏ, ਦਾਦੂ ਹੋਏ, ਕਬੀਰ ਹੋਇਆ—ਇਨ੍ਹਾਂ ਦੇ ਜੀਵਨ ਵਿਚ ਕ੍ਰਾਂਤੀ ਘਟਿਤ ਹੁੰਦੀ ਅਸੀਂ ਵੇਖੀ। ਇਹ ਘਟਨਾ ਘਟੀ ਹੈ, ਤਾਂ ਇਸ ਦੇ ਘਟਨ ਦਾ ਕਾਰਨ ਇਕ ਹੀ ਹੋ ਸਕਦਾ ਹੈ ਕਿ ਜੋ ਅਸੀਂ ਸਮਝਿਆ ਹੈ ਕਿ ਕਰਮ ਬਦਲਣੇ ਹੋਣਗੇ, ਉਹ ਭਰਮ ਹੈ; ਸਿਰਫ਼ ਵਿਚਾਰ ਡਿਗਾ ਦੇਣੇ ਕਾਫ਼ੀ ਹਨ। ਅਜਿਹਾ ਸਮਝੋ ਕਿ ਇਕ ਆਦਮੀ ਰਾਤ ਸੁਫ਼ਨਾ ਵੇਖਦਾ ਰਿਹਾ ਹੈ ਕਿ ਉਸ ਨੇ ਬਹੁਤ ਹੱਤਿਆਵਾਂ ਕੀਤੀਆਂ ਹਨ, ਬੜੀਆਂ ਚੋਰੀਆਂ ਕੀਤੀਆਂ ਹਨ, ਬਹੁਤ ਵਿਭਚਾਰ ਕੀਤੇ ਹਨ, ਅਤੇ ਉਹ ਬਹੁਤ ਪ੍ਰੇਸ਼ਾਨ ਹੈ ਆਪਣੇ ਸੁਫ਼ਨੇ ਵਿਚ, ਹੁਣ ਕਿਵੇਂ ਛੁਟਕਾਰਾ ਹੋਏਗਾ; ਇੰਨਾ ਉਪੱਦਰ ਕਰ ਲਿਆ ਹੈ। ਹੁਣ ਇਨ੍ਹਾਂ ਸਾਰਿਆਂ ਦੇ ਉਲਟ ਕਿਵੇਂ ਸ਼ੁਭ ਕਰਮ ਕਰਾਂਗਾ ? ਅਤੇ ਤਦ ਤੁਸੀਂ ਜਾਂਦੇ ਹੋ, ਉਸ ਨੂੰ ਹਿਲਾ ਕੇ ਜਗਾ ਦਿੰਦੇ ਹੋ, ਅੱਖ ਖੁੱਲ੍ਹਦੀ ਹੈ, ਸੁਫ਼ਨੇ ਗੁਆਚ ਗਏ ! ਕਰਮ ਨਹੀਂ ਬਦਲਣੇ ਪੈਂਦੇ, ਸੁਫ਼ਨਾ ਟੁੱਟ ਜਾਏ, ਬੱਸ ! ਫਿਰ ਉਹ ਖ਼ੁਦ ਹੀ ਹੱਸਣ ਲੱਗਦਾ ਹੈ ਕਿ ਇਹ ਵੀ ਮੈਂ ਕੀ ਸੋਚ ਰਿਹਾ ਸੀ। ਇਹ ਕੀ ਹੋ ਰਿਹਾ ਸੀ। ਅਤੇ ਮੈਂ ਸੋਚ ਰਿਹਾ ਸੀ ਇਸ ਤੋਂ ਛੁਟਕਾਰਾ ਕਿਵੇਂ ਹੋਏਗਾ, ਲੇਕਿਨ ਸੁਫ਼ਨਾ ਟੁੱਟਦੇ ਹੀ ਛੁਟਕਾਰਾ ਹੋ ਗਿਆ।

ਵਿਚਾਰ ਤੁਹਾਡੇ ਸੁਫ਼ਨੇ ਹਨ। ਕਰਮ ਨੇ ਨਹੀਂ ਬੰਨ੍ਹਿਆ ਹੈ, ਬੰਨ੍ਹਿਆ ਹੈ ਵਿਚਾਰਾਂ ਨੇ। ਕਰਮ ਤਾਂ ਵਿਚਾਰਾਂ ਦੇ ਸੁਫ਼ਨਿਆਂ ਦੇ ਅੰਦਰ ਘਟ ਰਿਹਾ ਹੈ। ਜੇਕਰ ਵਿਚਾਰ ਟੁੱਟ ਜਾਣ, ਤੁਸੀਂ ਜਾਗ ਜਾਉਗੇ। ਸਾਰੇ ਜਨਮ ਤੁਹਾਡੇ ਜੋ ਹੋਏ, ਉਹ ਇਕ ਗਹਿਰਾ ਸੁਫ਼ਨਾ ਸੀ। ਇਕ ਦੁੱਖ ਦਾ ਸੁਫ਼ਨਾ ਸੀ। ਉਸ ਨੂੰ ਬਦਲਣ ਦਾ ਕੋਈ ਸਵਾਲ ਨਹੀਂ ਹੈ, ਉਸ ਨੂੰ ਮਿਟਾਉਣ ਦਾ ਵੀ ਕੋਈ ਸਵਾਲ ਨਹੀਂ ਹੈ। ਜਾਗਦੇ ਹੀ ਉਹ ਨਹੀਂ ਪਾਇਆ ਜਾਂਦਾ ਹੈ।

ਸ਼ੇਖ਼, ਜੇਕਰ ਤੂੰ ਉਨ੍ਹਾਂ ਭਾਵਨਾਵਾਂ ਨੂੰ ਕਾਬੂ ਕਰ ਲਵੇਂ ਜਿਹੜੀਆਂ ਤੇਰੇ ਮਨ ਨੂੰ ਬੇਚੈਨ ਕਰ ਰਹੀਆਂ ਹਨ...। ਉਹ ਜਿਹੜੇ ਤੇਰੇ ਭਾਵ, ਤੇਰੇ ਵਿਚਾਰ ਅਤੇ ਉਨ੍ਹਾਂ ਦੀਆਂ ਜੋ ਤਰੰਗਾਂ, ਝੰਝਾਵਾਤ ਅਤੇ ਉਹਾਪੋਹ (ਝੰਜਟ, ਰੌਲਾ-ਰੱਪਾ ਆਦਿ) ਤੇਰੇ ਅੰਦਰ ਮੱਚਿਆ ਹੈ—ਬੱਸ ਉਸ ਨੂੰ ਤੂੰ ਸ਼ਾਂਤ ਕਰ ਲੈ।

ਉਸ ਨੂੰ ਸ਼ਾਂਤ ਕਰਨ ਦੇ ਦੋ ਢੰਗ ਹਨ।

ਇਕ ਢੰਗ ਧਿਆਨ ਹੈ।

ਧਿਆਨ ਸ਼ੁਧ ਵਿਗਿਆਨ ਹੈ ਕਿ ਤੁਸੀਂ ਵਿਗਿਆਨਿਕ ਆਧਾਰ ਉੱਤੇ ਮਨ ਦੀਆਂ ਤਰੰਗਾਂ ਨੂੰ ਇਕ ਦੇ ਬਾਅਦ ਇਕ ਸ਼ਾਂਤ ਕਰਦੇ ਚਲੇ ਜਾਂਦੇ ਹੋ। ਲੇਕਿਨ ਧਿਆਨ ਦਾ ਰਾਹ ਰੇਗਿਸਤਾਨ ਦਾ ਰਸਤਾ ਹੈ। ਉਸੇ ਛਾਂ ਵਾਲੇ ਦਰੱਖ਼ਤ ਨਹੀਂ ਹਨ। ਮਰੂਧਾਨ (ਉਪਜਾਊ ਧਰਤੀ) ਨਹੀਂ ਹੈ। ਉਥੇ ਚੌਹੀਂ ਪਾਸੀਂ ਫੁੱਲ ਹਰਿਆਲੀ ਨਹੀਂ ਹੈ, ਪੰਛੀਆਂ ਦੇ ਗੀਤ ਨਹੀਂ ਗੂੰਜਦੇ, ਅੰਤਹੀਣ ਰੇਤ ਦਾ ਵਿਸਤਾਰ ਹੈ– ਤਪਤ-ਉੱਤਪਾਤ! ਧਿਆਨ ਦਾ ਮਾਰਗ ਸੁੱਕਾ ਹੈ, ਹਿਸਾਬ ਦਾ ਹੈ।

ਦੂਜਾ ਰਾਹ ਪ੍ਰੇਮ ਦਾ ਹੈ, ਕਿ ਤੁਸੀਂ ਏਨੇ ਪ੍ਰੇਮ ਨਾਲ ਭਰ ਜਾਓ ਕਿ ਤੁਹਾਡੇ ਜੀਵਨ ਦੀ ਸਾਰੀ ਊਰਜਾ ਪ੍ਰੇਮ ਬਣ ਜਾਏ, ਤਾਂ ਜਿਹੜੀ ਊਰਜਾ ਭਾਵਨਾ ਬਣ ਰਹੀ ਸੀ, ਵਿਚਾਰ ਬਣ ਰਹੀ ਸੀ, ਤਰੰਗਾਂ ਬਣ ਰਹੀ ਸੀ, ਉਹ ਖਿੱਚ ਆਏ ਅਤੇ ਸਾਰੀ ਪ੍ਰੇਮ ਵਿਚ ਨਿਯੋਜਿਤ (ਸ਼ਾਮਿਲ) ਹੋ ਜਾਏ। ਇਸ ਲਈ ਤਾਂ ਤੁਸੀਂ ਜੇਕਰ ਵੱਡੇ ਦਰੱਖ਼ਤ ਦੇ ਹੇਠਾਂ ਨਿੱਕਾ ਦਰੱਖ਼ਤ ਲਗਾਓ ਤਾਂ ਪਨਪਦਾ ਨਹੀਂ ਹੈ, ਕਿਉਂਕਿ ਵੱਡਾ ਦਰੱਖ਼ਤ ਸਾਰੇ ਰਸ ਨੂੰ ਖਿੱਚ ਲੈਂਦਾ ਹੈ। ਧਰਤੀ ਵਿਚੋਂ ਨਿੱਕੇ ਦਰੱਖ਼ਤ ਨੂੰ ਰਸ ਨਹੀਂ ਮਿਲਦਾ। ਜਿਹੜੇ ਬਹੁਤ ਵੱਡੇ ਦਰੱਖ਼ਤ ਹਨ, ਉਹ ਆਪਣੇ ਬੀਆਂ ਨੂੰ ਦੂਰ ਭੇਜਣ ਦੀ ਕੋਸ਼ਿਸ਼ ਕਰਦੇ ਹਨ, ਕਿਉਂਕਿ ਬੀ ਜੇਕਰ ਹੇਠਾਂ ਹੀ ਡਿੱਗ ਪੈਣ ਤਾਂ ਉਹ ਕਦੇ ਦਰੱਖ਼ਤ ਨਹੀਂ ਬਣ ਸਕਣਗੇ।

ਸਿੰਬਲ ਦਾ ਵੱਡਾ ਦਰੱਖ਼ਤ ਆਪਣੇ ਬੀਆਂ ਨੂੰ ਰੂੰ ਵਿਚ ਲਪੇਟ ਕੇ ਦੂਰ ਭੇਜਦਾ ਹੈ ਤਾਂਕਿ ਹਵਾ ਵਿਚ ਰੂੰ ਉੱਡ ਜਾਏ। ਵਿਗਿਆਨਕ ਕਹਿੰਦੇ ਹਨ ਕਿ ਉਹ ਬਹੁਤ ਕੁਸ਼ਲ ਅਤੇ ਹੋਸ਼ਿਆਰ ਦਰੱਖ਼ਤ ਹੈ, ਬਹੁਤ ਚਾਲਬਾਜ਼ ਹੈ। ਉਹ ਤਰਕੀਬ ਸਮਝ ਗਿਆ ਹੈ ਕਿ ਜੇਕਰ ਬੀ ਹੇਠਾਂ ਹੀ ਡਿੱਗੇ ਤਾਂ ਕਦੇ ਪਨਪਣਗੇ ਨਹੀਂ, ਉਸ ਦੀ ਸੰਤਾਨ ਨਸ਼ਟ ਹੋ ਜਾਏਗੀ। ਉਹ ਉਸ ਰੂੰ ਨੂੰ ਤੁਹਾਡੇ ਸਿਰਹਾਣਿਆਂ ਲਈ ਨਹੀਂ ਬਣਾਉਂਦਾ। ਤੁਹਾਡੇ ਸਿਰਹਾਣਿਆਂ ਨਾਲ ਸਿੰਬਲ ਨੂੰ ਕੀ ਲੈਣਾ ਦੇਣਾ ? ਉਹ ਆਪਣੇ ਬੀਆਂ ਨੂੰ ਖੰਭ ਲਾਉਂਦਾ ਹੈ, ਰੂੰ ਵਿਚ ਲਪੇਟ ਦਿੰਦਾ ਹੈ। ਰੂੰ ਹਵਾ ਵਿਚ ਉੱਡ ਜਾਂਦੀ ਹੈ ਅਤੇ ਜਦ ਤਕ ਠੀਕ ਧਰਤੀ ਨਾ ਮਿਲ ਜਾਏ ਤਦ ਤਕ ਉਹ ਉੱਡਦੀ ਚਲੀ ਜਾਂਦੀ ਹੈ ਜਦ ਅਜਿਹੀ ਧਰਤੀ ਮਿਲ ਜਾਂਦੀ ਹੈ, ਜਿਥੇ ਕੋਈ ਵੱਡਾ ਦਰੱਖ਼ਤ ਨਹੀਂ ਹੈ ਨੇੜੇ-ਤੇੜੇ, ਤਦ ਉਹ ਧਰਤੀ ਨੂੰ ਫੜ ਲੈਂਦਾ ਹੈ।

ਵੱਡੇ ਦਰੱਖ਼ਤ ਦੇ ਹੇਠਾਂ ਛੋਟਾ ਦਰੱਖ਼ਤ ਨਹੀਂ ਪਨਪਦਾ। ਠੀਕ ਤੁਹਾਡੇ ਅੰਦਰ ਜਦੋਂ ਪ੍ਰੇਮ ਦਾ ਵੱਡਾ ਦਰੱਖ਼ਤ ਪੈਦਾ ਹੁੰਦਾ ਹੈ ਤਾਂ ਸਾਰੀਆਂ ਨਿੱਕੀਆਂ-ਮੋਟੀਆਂ ਤਰੰਗਾਂ ਗੁਆਚ ਜਾਂਦੀਆਂ ਹਨ। ਸਾਰਾ ਧਰਤੀ ਤੋਂ ਰਸ ਇਕ ਹੀ ਪ੍ਰੇਮ ਵਿਚ ਚਲਿਆ ਆਉਂਦਾ ਹੈ, ਪ੍ਰੇਮ ਇਕੱਲੀ ਅਭਿਲਾਸ਼ਾ, ਇੱਛਾ ਬਣ ਜਾਂਦਾ ਹੈ। ਸਾਰੀਆਂ ਲਪਟਾਂ ਨੂੰ ਆਪਣੇ ਵਿਚ ਸਮੋ ਲੈਂਦਾ ਹੈ।

ਸੋ, ਇਕ ਤਾਂ ਧਿਆਨ ਹੈ ਕਿ ਤੁਸੀਂ ਇਕ-ਇਕ ਤਰੰਗ ਅਤੇ ਇਕ-ਇਕ ਵਿਚਾਰ ਨੂੰ ਕ੍ਰਮਸ਼ਾ—(ਇਕ ਤੋਂ ਬਾਅਦ ਇਕ) ਸ਼ਾਂਤ ਕਰਦੇ ਜਾਓ। ਫਿਰ ਇਕ ਪ੍ਰੇਮ ਹੈ ਕਿ ਸ਼ਾਂਤ ਕਿਸੇ ਨੂੰ ਨਾ ਕਰੋ, ਸਭ ਨੂੰ ਲਪੇਟ ਲਓ ਇਕ ਮਹਾਂ ਅਭੀਪਸਾ (ਅਭਿਲਾਸ਼ਾ) ਵਿਚ ਇਕ ਪ੍ਰੇਮ ਦੀ ਪ੍ਰਗਾੜ੍ਹ (ਗੂੜ੍ਹੀ) ਅਭਿਲਾਸ਼ਾ ਵਿਚ ਤੁਸੀਂ ਇਕ ਮਹਾਂ ਲਪਟ ਬਣ ਜਾਓ, ਸਾਰੀਆ ਲਪਟਾਂ ਉਸ ਵਿਚ ਸਮਾ ਜਾਣ। ਇਹ ਦੋ ਉਪਾਇ ਹਨ।

ਪ੍ਰੇਮ ਦਾ ਰਾਹ ਬਹੁਤ ਹਰਿਆ-ਭਰਿਆ ਹੈ। ਉਸ ਉੱਤੇ ਪੰਛੀ ਵੀ ਗੀਤ ਗਾਉਂਦੇ ਹਨ, ਮੋਰ ਵੀ ਨੱਚਦੇ ਹਨ। ਉਸ ਉੱਤੇ ਨਾਚ ਵੀ ਹੈ। ਉਸ ਉੱਤੇ ਤੁਹਾਨੂੰ ਕ੍ਰਿਸ਼ਨ ਵੀ ਮਿਲਣਗੇ—ਬੰਸਰੀ ਵਜਾਉਂਦੇ। ਉਸ ਉੱਤੇ ਤੁਹਾਨੂੰ ਚੈਤੰਨਯ ਵੀ ਮਿਲਣਗੇ—ਗੀਤ ਗਾਉਂਦੇ। ਉਸ ਉੱਤੇ ਤੁਹਾਨੂੰ ਮੀਰਾਂ ਵੀ ਨੱਚਦੀ ਹੋਈ ਮਿਲੇਗੀ।

ਧਿਆਨ ਦਾ ਰਾਹ ਬਹੁਤ ਸੁੱਕਾ ਹੈ। ਉਸ ਉੱਤੇ ਤੁਹਾਨੂੰ ਮਹਾਂਵੀਰ ਮਿਲਣਗੇ, ਲੇਕਿਨ ਰੇਗਿਸਤਾਨ ਵਰਗਾ ਰਾਹ ਹੈ। ਉਸ ਉੱਤੇ ਤੁਹਾਨੂੰ ਬੁੱਧ ਬੈਠੇ ਮਿਲਣਗੇ, ਪਰ ਕਿਸੇ ਪੰਛੀ ਦੀ ਗੂੰਜ ਤੁਹਾਨੂੰ ਸੁਣਾਈ ਨਹੀਂ ਪਏਗੀ। ਤੁਹਾਡੀ ਮਰਜ਼ੀ! ਜਿਸ ਨੂੰ ਰੇਗਿਸਤਾਨ ਨਾਲ ਲਗਾਓ ਹੋਵੇ...। ਅਜਿਹੇ ਵੀ ਲੋਕ ਹਨ ਜਿਨ੍ਹਾਂ ਨੂੰ ਰੇਗਿਸਤਾਨ ਵਿਚ ਸੁੰਦਰਤਾ ਮਿਲਦੀ ਹੈ, ਵਿਅਕਤੀ-ਵਿਅਕਤੀ ਦੀ ਗੱਲ ਹੈ।

ਇਕ ਨੌਜਵਾਨ ਨੇ ਆ ਕੇ ਮੈਨੂੰ ਕਿਹਾ ਕਿ ਜਿਹੋ ਜਿਹੀ ਸੁੰਦਰਤਾ ਉਸ ਨੇ ਰੇਗਿਸਤਾਨ ਵਿਚ ਜਾਣੀ ਹੈ, ਉਹੋ ਜਿਹੀ ਉਸ ਨੇ ਕਿਤੇ ਹੋਰ ਨਹੀਂ ਜਾਣੀ। ਇਹ ਸੰਭਵ ਹੈ। ਕਿਉਂਕਿ ਰੇਗਿਸਤਾਨ ਵਿਚ ਜੋ ਵਿਸਤਾਰ ਹੈ, ਉਹ ਕਿਤੇ ਵੀ ਨਹੀਂ ਹੈ, ਸਹਾਰਾ ਦੇ ਰੇਗਿਸਤਾਨ ਵਿਚ ਖਲੋ ਕੇ ਤਾਂ ਓਰ-ਛੋਰ (ਕਿਨਾਰਾ) ਹੀ ਵਿਖਾਈ ਨਹੀਂ ਪੈਂਦਾ, ਰੇਤ ਦਾ ਸਾਗਰ ਹੈ ਅੰਤਹੀਨ, ਕਿਤੇ ਕੋਈ ਅੰਤ ਨਹੀਂ ਮਲੂਮ ਹੁੰਦਾ। ਇਸ ਅਨੰਦ ਵਿਚ ਕਿਸੇ ਨੂੰ ਸੁੰਦਰਤਾ ਮਿਲ ਸਕਦੀ ਹੈ, ਕੋਈ ਅਸਚਰਜ ਨਹੀਂ ਹੈ। ਅਤੇ ਜਿਹੋ ਜਿਹੀ ਰਾਤ ਰੇਗਿਸਤਾਨ ਦੀ ਹੁੰਦੀ ਹੈ, ਉਹੋ ਜਿਹੀ ਤਾਂ ਕਿਤੇ ਵੀ ਨਹੀਂ ਹੁੰਦੀ! ਜਿਵੇਂ ਰੇਗਿਸਤਾਨ ਦੀ ਰਾਤ ਵਿਚ ਤਾਰੇ

ਸਾਫ਼ ਵਿਖਾਈ ਦਿੰਦੇ ਹਨ, ਉਸ ਤਰ੍ਹਾਂ ਦੇ ਕਿਤੇ ਨਹੀਂ ਵਿਖਾਈ ਦਿੰਦੇ, ਕਿਉਂਕਿ ਰੇਗਿਸਤਾਨ ਦੀਆਂ ਹਵਾਵਾਂ ਵਿਚ ਕੋਈ ਵੀ ਭਾਫ਼ ਨਹੀਂ ਹੁੰਦੀ, ਹਵਾ ਬਿਲਕੁਲ ਸ਼ੁੱਧ ਹੁੰਦੀ ਹੈ, ਪਾਰਦਰਸ਼ੀ ਹੁੰਦੀ ਹੈ, ਤਾਰੇ ਉੱਨੇ ਸਾਫ਼ ਵਿਖਾਈ ਪੈਂਦੇ ਹਨ ਕਿ ਹੱਥ ਵਧਾਓ ਅਤੇ ਛੂਹ ਲਓ।

ਸੋ ਧਿਆਨ ਦਾ ਆਪਣਾ ਮਜ਼ਾ ਹੈ। ਧਿਆਨ ਜਿਸ ਨੂੰ ਠੀਕ ਲੱਗ ਜਾਏ, ਉਹ ਉਸ ਪਾਸੇ ਚੱਲ ਪਏ। ਪ੍ਰੇਮ ਦਾ ਆਪਣਾ ਮਜ਼ਾ ਹੈ। ਧਿਆਨ ਦਾ ਪੂਰਾ ਮਜ਼ਾ ਤਾਂ ਜਦ ਮੰਜ਼ਿਲ ਮਿਲੇਗੀ ਤਦ ਆਏਗਾ। ਧਿਆਨ ਦਾ ਮਜ਼ਾ ਤਾਂ ਪੂਰਾ ਅੰਤ 'ਚ ਆਏਗਾ। ਪ੍ਰੇਮ ਦਾ ਮਜ਼ਾ ਕਦਮ-ਕਦਮ ਉੱਤੇ ਹੈ। ਪ੍ਰੇਮ ਦੀ ਮੰਜ਼ਿਲ ਪੂਰੇ ਰਸਤੇ ਉੱਤੇ ਫੈਲੀ ਹੈ। ਧਿਆਨ ਦੀ ਮੰਜ਼ਿਲ ਅੰਤ ਵਿਚ ਹੈ ਅਤੇ ਰਸਤਾ ਬਹੁਤ ਰੁੱਖਾ-ਸੁੱਖਾ ਹੈ। ਪ੍ਰੇਮ ਦੀ ਮੰਜ਼ਿਲ ਅੰਤ ਵਿਚ ਨਹੀਂ ਹੈ, ਕਦਮ-ਕਦਮ ਉੱਤੇ ਫੈਲੀ ਹੈ, ਪੂਰੇ ਰਾਹ ਉੱਤੇ ਫੈਲੀ ਹੈ ਮੰਜ਼ਿਲ। ਤੁਸੀਂ ਜਿਥੇ ਰਹੋਗੇ, ਉਥੇ ਹੀ ਆਨੰਦਿਤ ਰਹੋਗੇ। ਤੁਹਾਡੀ ਮਰਜ਼ੀ! ਆਦਮੀ-ਆਦਮੀ ਨੂੰ ਆਪਣਾ ਚੁਣਾਓ ਕਰ ਲੈਣਾ ਚਾਹੀਦਾ ਹੈ।

ਅੱਜ ਉਸ ਪ੍ਰੀਤਮ ਨਾਲ ਮਿਲਨ ਹੋ ਸਕਦਾ ਹੈ, ਸ਼ੇਖ਼; ਜੇਕਰ ਤੂੰ ਵਿਚਾਰਾਂ ਨੂੰ ਕਾਬੂ ਕਰ ਲਵੇਂ, ਉਨ੍ਹਾਂ ਤਰੰਗਾਂ ਨੂੰ ਰੋਕ ਲੈ ਜਿਹੜੀਆਂ ਤੈਨੂੰ ਬੇ-ਚੈਨ ਕਰ ਰਹੀਆਂ ਹਨ।

'ਕੂੰਜੜੀਆ ਮਨਹੁ ਮਚਿੰਦੜੀਆ'—ਜਿਨ੍ਹਾਂ ਨੇ ਤੇਰੇ ਮਨ 'ਚ ਬਹੁਤ ਉਪੱਦਰ ਮਚਾ ਰੱਖਿਆ ਹੈ, ਝੰਝਾਵਾਤ, ਤੂਫ਼ਾਨ—ਉਨ੍ਹਾਂ ਨੂੰ ਤੂੰ ਸਾਂਭ ਲੈ।

ਅਤੇ ਧਿਆਨ ਰੱਖਣਾ, ਪ੍ਰੇਮ ਦਾ ਰਸਤਾ ਸੁਗਮ (ਆਸਾਨ) ਹੈ, ਕਿਉਂਕਿ ਤੁਸੀਂ ਸਾਰੇ ਉਪੱਦਰ ਨੂੰ ਪਰਮਾਤਮਾ ਦੇ ਚਰਨਾਂ ਵਿਚ ਸਮਾ ਦਿੰਦੇ ਹੋ। ਤੁਸੀਂ ਕਹਿੰਦੇ ਹੋ ਤੂੰ ਹੀ ਸੰਭਾਲ! ਅਸੀਂ ਤੇਰੇ ਨਾਲ ਲੱਗ ਲੈਂਦੇ ਹਾਂ, ਤੂੰ ਫ਼ਿਕਰ ਕਰ।

ਤੁਸੀਂ ਇਕ ਵੱਡੀ ਬੇੜੀ ਵਿਚ ਸਵਾਰ ਹੋ ਜਾਂਦੇ ਹੋ।

ਧਿਆਨ ਦਾ ਰਾਹ ਛੋਟੀ ਬੇੜੀ ਦਾ ਹੈ।

ਬੁੱਧ ਦੇ ਧਰਤੀ ਤੋਂ ਵਿਦਾ ਹੋ ਜਾਣ ਤੋਂ ਬਾਅਦ ਦੋ ਸੰਪ੍ਰਦਾਏ ਹੋ ਗਏ, ਉਨ੍ਹਾਂ ਦੇ ਪਿੱਛੇ ਟੁਰਨ ਵਾਲਿਆਂ ਦੇ। ਇਕ ਦਾ ਨਾਂ ਹੈ ਹੀਨਯਾਨ। ਹੀਨਯਾਨ ਦਾ ਅਰਥ ਹੁੰਦਾ ਹੈ ਛੋਟੀ ਬੇੜੀ। ਛੋਟੀ ਬੇੜੀ ਵਾਲੇ ਲੋਕ। ਹੀਨਯਾਨ ਧਿਆਨ ਦਾ ਰਸਤਾ ਹੈ। ਆਪਣੀ-ਆਪਣੀ ਡੋਂਗੀ, ਦੋ ਵੀ ਨਹੀਂ ਬੈਠ ਸਕਦੇ, ਦੋ ਬੈਠ ਵੀ ਜਾਣ ਤਾਂ ਉਲਟ ਜਾਏ, ਇਕ ਹੀ ਬੈਠ ਸਕੇ, ਅਤੇ ਉਹ ਵੀ ਪੂਰਾ ਸੰਭਲ ਕੇ ਹੀ ਟੁਰੇ। ਅਤੇ ਆਪਣੇ ਹੀ ਹੱਥ ਨਾਲ ਤੋਰਨੀ ਹੈ, ਹੋਰ ਕੋਈ ਸਹਾਰਾ ਨਹੀਂ ਹੈ, ਅਤੇ ਵੱਡਾ ਤੂਫ਼ਾਨ ਹੈ।

ਅਤੇ ਦੂਜੇ ਪੰਥ ਦਾ ਨਾਂ ਹੈ ਮਹਾਂਯਾਨ। ਮਹਾਂਯਾਨ ਪ੍ਰੇਮ ਦਾ ਮਾਰਗ ਹੈ। ਮਹਾਂਯਾਨ ਦਾ ਅਰਥ ਹੈ, ਵੱਡੀ ਬੇੜੀ। ਜਿਸ ਉੱਤੇ ਹਜ਼ਾਰਾਂ ਲੋਕ ਇਕੱਠੇ ਸਵਾਰ ਹੋ ਜਾਣ। ਹੀਨਯਾਨ ਕਹਿੰਦਾ ਹੈ ਬੁੱਧ ਤੋਂ ਇਸ਼ਾਰਾ ਲੈ ਲਓ, ਲੇਕਿਨ ਬੁੱਧ ਦਾ ਸਹਾਰਾ ਨਾ ਲਓ, ਕਿਉਂਕਿ ਟੁਰਨਾ ਤੁਹਾਨੂੰ ਹੈ। ਮਹਾਂਯਾਨ ਕਹਿੰਦਾ ਹੈ ਇਸ਼ਾਰਾ ਕੀ ਲੈਣਾ, ਸਹਾਰਾ ਹੀ ਲੈਂਦੇ ਹਾਂ, ਬੁੱਧ ਦੇ ਮੋਢੇ ਉੱਤੇ ਹੀ ਸਵਾਰ ਹੋ ਜਾਂਦੇ ਹਾਂ। ਬੁੱਧ ਜਾ ਹੀ ਰਹੇ ਹਨ, ਅਸੀਂ ਉਨ੍ਹਾਂ ਦੇ ਨਾਲ ਲੱਗ ਲੈਂਦੇ ਹਾਂ।

ਮਹਾਂਯਾਨ ਫੈਲਿਆ ਬਹੁਤ, ਹੀਨਯਾਨ ਸੁੰਗੜ ਗਿਆ। ਕਿਉਂਕਿ ਹੀਨਯਾਨ ਥੋੜ੍ਹੇ ਜਿਹੇ ਲੋਕਾਂ ਦਾ ਰਸ ਹੋ ਸਕਦਾ ਹੈ। ਉਹ ਮਾਰਗ ਹੀ ਸੰਕੀਰਣ (ਤੰਗ-ਭੀੜਾ) ਹੈ। ਮਹਾਂਯਾਨ ਵਿਰਾਟ ਹੋਇਆ। ਜੋ ਵੀ ਬੁੱਧ ਧਰਮ ਦਾ ਵਿਕਾਸ ਹੋਇਆ ਬਾਅਦ ਵਿਚ ਉਹ ਮਹਾਂਯਾਨ ਦੇ ਕਾਰਨ ਹੋਇਆ। ਕਿਉਂਕਿ ਭਗਤੀ ਅਤੇ ਪ੍ਰੇਮ ਹਿਰਦੇ ਨੂੰ ਛੂੰਹਦੇ ਹਨ, ਜਗਾਉਂਦੇ ਹਨ। ਕੀ ਜ਼ਰੂਰਤ ਹੈ ਰੋਂਦੇ ਹੋਏ ਜਾਣ ਦੀ, ਜਦ ਹੱਸਦੇ ਹੋਏ ਜਾਇਆ ਜਾ ਸਕਦਾ ਹੋਵੇ ? ਹੋਰ ਕੀ ਜ਼ਰੂਰਤ ਹੈ ਗੰਭੀਰ ਚੇਹਰੇ ਬਣਾਉਣ ਦੀ, ਜਦ ਮੁਸਕਰਾਉਂਦੇ ਹੋਏ ਰਸਤਾ ਮੁੱਕ ਜਾਂਦਾ ਹੋਵੇ ? ਹੋਰ ਕੀ ਜ਼ਰੂਰਤ ਹੈ ਅਕਾਰਣ ਕਸ਼ਟ ਪਾਉਣ ਦੀ, ਜਦ ਪ੍ਰੇਮ ਦੀ ਭਿੰਨੀ-ਭਿੰਨੀ ਬਹਾਰ ਵਿਚ ਯਾਤਰਾ ਹੋ ਸਕਦੀ ਹੋਵੇ ?

ਅੱਜ ਉਸ ਪ੍ਰੀਤਮ ਨਾਲ ਮਿਲਨ ਹੋ ਸਕਦਾ ਹੈ, ਸ਼ੇਖ਼, ਬੱਸ ਤੂੰ ਮਨ ਦੀਆਂ ਸਾਰੀਆਂ ਤਰੰਗਾਂ ਨੂੰ ਸਮਰਪਿਤ ਕਰ ਦੇ।

'ਜੇ ਜਾਣਾ ਮਰਿ ਜਾਈਐ'—ਸ਼ੇਖ਼ ਕਹਿੰਦਾ ਹੈ, ਜੇਕਰ ਪਤਾ ਹੁੰਦਾ ਕਿ ਮਰਨਾ ਹੀ ਹੋਏਗਾ ਤਾਂ ਜ਼ਿੰਦਗੀ ਐਵੇਂ ਨਾ ਗੁਆਂਦੇ। ਇਸ ਜ਼ਿੰਦਗੀ ਵਿਚ ਜਿਸ ਨੂੰ ਵੀ ਪਤਾ ਹੋ ਜਾਂਦਾ ਹੈ ਕਿ ਮੌਤ ਹੈ, ਉਹ ਹੀ ਬਦਲ ਜਾਂਦਾ ਹੈ। ਅਤੇ ਜਿਸ਼ ਨੂੰ ਪਤਾ ਨਹੀਂ ਕਿ ਮੌਤ ਹੈ ਉਹ ਹੀ ਬਰਬਾਦ ਹੋ ਜਾਂਦਾ ਹੈ। ਧਰਮ ਤੁਹਾਡੇ ਜੀਵਨ ਵਿਚ ਉਸੇ ਦਿਨ ਉਤਰਦਾ ਹੈ, ਜਿਸ ਦਿਨ ਤੁਹਾਡੇ ਜੀਵਨ ਵਿਚ ਮੌਤ ਦਾ ਬੋਧ ਆਉਂਦਾ ਹੈ, ਜਿਸ ਦਿਨ ਤੁਹਾਨੂੰ ਲੱਗਦਾ ਹੈ ਕਿ ਮੌਤ ਆਉਂਦੀ ਹੈ। ਮੌਤ ਦਾ ਆਉਣਾ, ਮੌਤ ਦੇ ਆਉਣ ਦਾ ਖ਼ਿਆਲ, ਮੌਤ ਦੇ ਪੈਰਾਂ ਦੀ ਪਗਧੁਨੀ (ਪੈਰਾਂ ਦੀ ਆਵਾਜ਼) ਜਿਸ ਨੂੰ ਸੁਣਾਈ ਪੈ ਗਈ ਉਹ ਆਦਮੀ ਤੱਤਛਣ (ਉਸੇ ਵੇਲੇ) ਰੂਪਾਂਤਰਿਤ (ਬਦਲਾਓ) ਹੋ ਜਾਂਦਾ ਹੈ। ਮੌਤ ਜਦ ਆਉਂਦੀ ਹੋਵੇ ਤਾਂ ਚਾਂਦੀ ਦੇ ਠੀਕਰਿਆਂ ਵਿਚ ਕੀ ਅਰਥ ਰਹਿ ਜਾਂਦਾ ਹੈ ? ਮੌਤ ਜਦ ਆ ਹੀ ਰਹੀ ਹੋਵੇ ਤਾਂ ਵੱਡੇ ਮਹਿਲ ਬਣਾ ਲੈਣ ਨਾਲ ਕੀ ਹੋਏਗਾ ? ਮੌਤ ਜਦ ਆ ਰਹੀ ਹੈ, ਟੁਰ ਹੀ ਪਈ ਹੈ, ਰਸਤੇ ਉੱਤੇ ਹੀ ਹੈ, ਕਿਸੇ ਵੀ ਪਲ ਮਿਲਣ ਹੋ ਜਾਏਗਾ, ਤਾਂ ਦੁਸ਼ਮਣੀ, ਵੈਮਨਸਯ, ਈਰਖਾ, ਇਨ੍ਹਾਂ ਦਾ ਕੀ ਮੁੱਲ ਹੈ ?

ਤੁਸੀਂ ਇਸ ਤਰ੍ਹਾਂ ਜੀਉਂਦੇ ਹੋ, ਜਿਵੇਂ ਕਦੇ ਮਰਨਾ ਹੀ ਨਹੀਂ। ਇਸ ਲਈ ਤੁਸੀਂ ਗ਼ਲਤ ਜੀਉਂਦੇ ਹੋ। ਜੇਕਰ ਤੁਸੀਂ ਇਸ ਤਰ੍ਹਾਂ ਜੀਊਣ ਲੱਗੋ ਕਿ ਅੱਜ ਹੀ ਮਰਨਾ ਹੋ ਸਕਦਾ ਹੈ, ਤੁਹਾਡੀ ਜ਼ਿੰਦਗੀ ਤੋਂ ਗ਼ਲਤੀ ਵਿਦਾ ਹੋ ਜਾਏਗੀ। ਗ਼ਲਤੀ ਲਈ ਸਮਾਂ ਚਾਹੀਦਾ ਹੈ। ਗ਼ਲਤੀ ਲਈ ਸੁਵਿਧਾ ਚਾਹੀਦੀ ਹੈ।

ਥੋੜ੍ਹਾ ਸੋਚੋ, ਅੱਜ ਅਚਾਨਕ ਤੁਹਾਨੂੰ ਖ਼ਬਰ ਆ ਜਾਏ ਕਿ ਬਸ ਅੱਜ ਸ਼ਾਮ ਨੂੰ ਵਿਦਾ ਹੋ ਜਾਉਗੇ ਤਾਂ ਤੁਸੀਂ ਤਾਂ ਅੱਜ ਸੋਚਿਆ ਸੀ ਕਿ ਕਿਸੇ ਦੀ ਹੱਤਿਆ ਕਰ ਦੇਣ ਦਾ—ਕੀ ਕਰੋਗੇ ? ਬਜਾਏ ਹੱਤਿਆ ਕਰਨ ਦੇ, ਤੁਸੀਂ ਜਾ ਕੇ ਉਸ ਨੂੰ ਗਲੇ ਲਗਾ ਲਉਗੇ, ਕਹੋਗੇ ਕਿ ਭਾਈ ਜਾ ਰਹੇ ਹਾਂ, ਹੁਣ ਕੋਈ ਸਵਾਲ ਹੀ ਨਾ ਰਿਹਾ। ਹੁਣ ਝਗੜਾ ਹੀ ਕੀ! ਵਿਦਾ ਹੋਣ ਦਾ ਵਕਤ ਆ ਗਿਆ। ਤੂੰ ਖ਼ੁਸ਼ ਰਹਿ, ਆਬਾਦ ਰਹਿ, ਅਸੀਂ ਤਾਂ ਜਾਂਦੇ ਹਾਂ। ਕਿਸੇ ਦੀ ਚੋਰੀ ਕਰਨ ਦੀ ਤਿਆਰੀ ਉੱਤੇ ਹੀ ਸੀ ਕਿ ਜੇਬ ਕੱਟਣ ਨੂੰ ਹੀ ਸੀ—ਹੁਣ ਕੀ ਜੇਬ ਕੱਟਣੀ ਹੈ! ਹੁਣ ਤਾਂ ਉਲਟਾ ਮਨ ਹੋਏਗਾ ਕਿ ਆਪਣੀ ਜੇਬ ਵੀ ਉਸੇ ਨੂੰ ਹੀ ਦੇ ਦਿਓ, ਕਿਉਂਕਿ ਜਦ ਜਾਣ ਦਾ ਵੇਲਾ ਆ ਗਿਆ। ਇੰਚ-ਇੰਚ ਜ਼ਮੀਨ ਲਈ ਲੜ ਰਹੇ ਸੀ—ਹੁਣ ਕੋਈ ਅੜਚਨ ਨਾ ਰਹੀ, ਕਿਉਂਕਿ ਜ਼ਮੀਨ ਮਰੇ ਹੋਏ ਸਮਰਾਟ ਨੂੰ ਵੀ ਓਨੀ ਹੀ ਮਿਲਦੀ ਹੈ, ਭਿਖਾਰੀ ਨੂੰ ਵੀ ਓਨੀ ਹੀ ਮਿਲਦੀ ਹੈ। ਛੇ ਫੁਟ ਜ਼ਮੀਨ ਕਾਫ਼ੀ ਹੋ ਜਾਂਦੀ ਹੈ।

ਫ਼ਰੀਦ ਕਹਿੰਦਾ ਹੈ, ਜੇਕਰ ਮੈਨੂੰ ਪਤਾ ਹੀ ਹੁੰਦਾ, ਫ਼ਰੀਦ ਕਿ ਮਰਨਾ ਹੋਇਗਾ ਅਤੇ ਫਿਰ ਪਰਤਣਾ ਨਹੀਂ ਹੈ, ਤਾਂ ਇਸ ਝੂਠੀ ਦੁਨੀਆਂ ਨਾਲ ਪ੍ਰੀਤ ਜੋੜ ਕੇ ਆਪਣੇ ਨੂੰ ਬਰਬਾਦ ਨਾ ਕਰ ਬੈਠਦਾ। ਤਦ ਫਿਰ ਮੈਂ ਪ੍ਰੇਮ ਤੇਰੇ ਨਾਲ ਹੀ ਲਾਇਆ ਹੁੰਦਾ।

ਅਸੀਂ ਵਿਅਰਥ ਦੀਆਂ ਚੀਜ਼ਾਂ ਨਾਲ ਪ੍ਰੇਮ ਲਾਉਂਦੇ ਰਹੇ। ਖ਼ੁਦ ਵਿਦਾ ਹੋਣਾ ਸੀ ਜਿਥੋਂ, ਉਥੇ ਅਸੀਂ ਪ੍ਰੇਮ ਦੇ ਬੀ ਬੀਜੇ। ਜਿਥੋਂ ਅਸੀਂ ਹੀ ਚਲੇ ਜਾਣਾ ਸੀ, ਉਥੇ ਅਸੀਂ ਆਪਣਾ ਹਿਰਦੇ ਜੋੜਿਆ। ਤਾਂ ਸੁਭਾਵਿਕ ਹੈ। ਅਸੀਂ ਟੁੱਟਾਂਗੇ, ਹਿਰਦਾ ਟੁੱਟੇਗਾ, ਦੁੱਖ ਅਤੇ ਪੀੜਾ ਹੋਏਗੀ।

'ਜੇ ਜਾਣਾ ਮਰਿ ਜਾਈਐ'—ਤਦ ਤਾਂ ਕ੍ਰਾਂਤੀ ਘਟ ਜਾਂਦੀ। ਪਸ਼ੂਆਂ ਵਿਚ ਕੋਈ ਧਰਮ ਪੈਦਾ ਨਹੀਂ ਹੋਇਆ ਅਤੇ ਜਿਸ ਮਨੁੱਖ ਦੇ ਜੀਵਨ ਵਿਚ ਧਰਮ ਦੀ ਕਿਰਣ ਨਾ ਉਤਰੇ, ਉਹ ਪਸ਼ੂ ਵਰਗਾ ਹੈ। ਇਕ ਗੱਲ ਵਿਚ ਸਮਾਨਤਾ ਹੈ ਉਸਦੀ ਅਤੇ ਪਸ਼ੂ ਦੀ। ਪਸ਼ੂਆਂ ਵਿਚ ਧਰਮ ਕਿਉਂ ਨਾ ਪੈਦਾ ਹੋਇਆ ? ਕਿਉਂਕਿ ਪਸ਼ੂਆਂ ਨੂੰ ਮੌਤ ਦਾ ਕੋਈ ਗਿਆਨ ਨਹੀਂ ਹੈ। ਮਰਦੇ ਜ਼ਰੂਰ ਹਨ, ਲੇਕਿਨ ਜਦ ਇਕ ਕੁੱਤਾ ਦੂਜੇ ਕੁੱਤੇ ਨੂੰ ਮਰਦਾ ਵੇਖਦਾ ਹੈ ਤਾਂ ਉਹ ਸਮਝਦਾ ਹੈ, ਅੱਛਾ

ਤਾਂ ਤੂੰ ਮਰ ਗਿਆ! ਪਰ ਉਸ ਨੂੰ ਕਦੇ ਇਹ ਖ਼ਿਆਲ ਨਹੀਂ ਆਉਂਦਾ ਕਿ ਮੈਂ ਮਰਾਂਗਾ। ਇਹ ਆ ਵੀ ਕਿਵੇਂ ਸਕਦਾ ਹੈ? ਕਿਉਂਕਿ ਕੁੱਤਾ ਸਦਾ ਦੂਜੇ ਨੂੰ ਮਰਦਾ ਵੇਖਦਾ ਹੈ, ਆਪਣੇ ਨੂੰ ਤਾਂ ਕਦੇ ਮਰਦਾ ਵੇਖਦਾ ਨਹੀਂ। ਇਸ ਲਈ ਤਰਕਯੁਕਤ ਹੈ ਕਿ ਦੂਜੇ ਮਰਦੇ ਹਨ, ਮੈਂ ਨਹੀਂ ਮਰਦਾ। ਹਰ ਇਕ ਮਰਦੇ ਕੁੱਤੇ ਨੂੰ ਵੇਖ ਕੇ ਉਸ ਦੀ ਆਕੜ ਹੋਰ ਵਧ ਜਾਂਦੀ ਹੈ ਕਿ ਮੈਂ ਤਾਂ ਮਰਨ ਵਾਲਾ ਨਹੀਂ, ਹਰੇਕ ਮਰ ਰਿਹਾ ਹੈ, ਸਭ ਮਰ ਰਹੇ ਹਨ, ਮੈਂ ਅਮਰ ਹਾਂ।

ਅਜਿਹੀ ਨਾ-ਸਮਝੀ ਮਨੁੱਖ ਦੇ ਅੰਦਰ ਵੀ ਹੈ। ਤੁਸੀਂ ਦੂਜੇ ਨੂੰ ਮਰਦੇ ਵੇਖ ਕੇ ਦਇਆ ਕਰਦੇ ਹੋ, ਸਹਾਨੂੰਭੂਤੀ (ਹਮਦਰਦੀ) ਕਰਦੇ ਹੋ, ਦੋ ਅੱਥਰੂ ਵਗਾਉਂਦੇ ਹੋ, ਕਹਿੰਦੇ ਹੋ, ਬਹੁਤ ਬੁਰਾ ਹੋਇਆ। ਲੇਕਿਨ ਤੁਹਾਨੂੰ ਯਾਦ ਆਉਂਦਾ ਕਿ ਉਸ ਦੀ ਮੌਤ ਵਿਚ ਤੁਹਾਡੀ ਮੌਤ ਨੇ ਵੀ ਤੁਹਾਨੂੰ ਸੁਨੇਹਾ ਦਿੱਤਾ ਕਿ ਉਸ ਦੀ ਮੌਤ ਤੁਹਾਡੀ ਵੀ ਮੌਤ ਹੈ?

ਇਕ ਅੰਗਰੇਜ਼ ਕਵੀ ਨੇ ਲਿਖਿਆ ਹੈ। ਉਸ ਦੇ ਪਿੰਡ ਦਾ ਨਿਯਮ ਹੈ, ਜਦ ਕੋਈ ਮਰ ਜਾਂਦਾ ਹੈ ਤਾਂ ਚਰਚ ਦੀਆਂ ਘੰਟੀਆਂ ਵੱਜਦੀਆਂ ਹਨ, ਤਾਂ ਉਸ ਨੇ ਲਿਖਿਆ ਹੈ ਕਿ ਪਹਿਲਾਂ ਮੈਂ ਭੇਜਦਾ ਸੀ ਲੋਕਾਂ ਨੂੰ ਪਤਾ ਕਰਨ ਲਈ ਕਿ ਵੇਖੋ ਕੌਣ ਮਰ ਗਿਆ, ਹੁਣ ਮੈਂ ਨਹੀਂ ਭੇਜਦਾ, ਕਿਉਂਕਿ ਜਦ ਵੀ ਚਰਚ ਦੀ ਘੰਟੀ ਵੱਜਦੀ ਹੈ ਤਾਂ ਮੈਂ ਹੀ ਮਰਦਾ ਹਾਂ।

ਹਰ ਮਨੁੱਖ ਦੀ ਮੌਤ ਮਨੁੱਖਤਾ ਦੀ ਮੌਤ ਹੈ। ਹਰ ਮਨੁੱਖ ਦੀ ਮੌਤ ਵਿਚ ਤੁਹਾਡੀ ਮੌਤ ਘਟਦੀ ਹੈ। ਜੇਕਰ ਇਹ ਵਿਖਾਈ ਦੇਣ ਲੱਗੇ ਤਾਂ ਤੁਸੀਂ ਕੀ ਅਜਿਹੇ ਹੀ ਰਹੋਗੇ ਜਿਸ ਤਰ੍ਹਾਂ ਹੁਣ ਤਕ ਰਹੇ ਹੋ? ਇਨ੍ਹਾਂ ਹੀ ਖੇਡ-ਖਿਡੌਣਿਆਂ ਨਾਲ ਖੇਡਦੇ ਰਹੋਗੇ? ਇਨ੍ਹਾਂ ਹੀ ਵਿਅਰਥ ਦੀਆਂ ਚੀਜ਼ਾਂ ਨੂੰ ਇਕੱਠਾ ਕਰਦੇ ਰਹੋਗੇ ਜਾਂ ਬਦਲੋਗੇ? ਮੌਤ ਬਦਲ ਦੇਵੇਗੀ, ਝਕਝੋਰ ਦੇਵੇਗੀ, ਸੁਫ਼ਨਾ ਤੋੜ ਦੇਵੇਗੀ।

'ਜੇ ਜਾਣਾ ਮਰਿ ਜਾਈਐ'—ਪਤਾ ਹੁੰਦਾ ਕਿ ਮਰ ਜਾਣਾ ਹੈ, ਤਾਂ ਕਦੇ ਦੇ ਬਦਲ ਗਏ ਹੁੰਦੇ। ਫ਼ਰੀਦ ਤੁਹਾਨੂੰ ਕਹਿ ਰਿਹਾ ਹੈ, ਉਸ ਨੂੰ ਤਾਂ ਪਤਾ ਹੀ ਹੈ। ਉਹ ਤੁਹਾਨੂੰ ਕਹਿ ਰਿਹਾ ਹੈ ਕਿ ਜਾਗੋ। ਜਿਸ ਨੂੰ ਤੁਸੀਂ ਜੀਵਨ ਸਮਝਿਆ ਹੈ, ਉਹ ਜੀਵਨ ਨਹੀਂ ਹੈ; ਉਹ ਮਰਨ ਦੀ ਲੰਮੀ ਪ੍ਰਕਿਰਿਆ (ਪ੍ਰੋਸੈੱਸ) ਹੈ। ਜੀਵਨ ਕਿਤੇ ਹੋਰ ਹੈ, ਜਿਥੇ ਤੁਸੀਂ ਲੱਭਿਆ ਹੀ ਨਹੀਂ। ਜੀਵਨ ਤਾਂ ਪਰਮਾਤਮਾ ਦੇ ਨਾਲ ਹੈ।

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

ਉਸ ਦੇ ਨਾਲ ਮਰਨਾ ਕਦੇ ਨਹੀਂ ਹੁੰਦਾ। ਸੰਸਾਰ ਦੇ ਨਾਲ ਜੋ ਜੁੜਦਾ ਹੈ ਉਹ ਬਾਰ-ਬਾਰ ਮਰਦਾ ਹੈ, ਕਿਉਂਕਿ ਟੁੱਟੇਗਾ ਹੀ ਸੰਬੰਧ। ਇਹ ਨਦੀ-ਨਾਵ

ਸੰਜੋਗ ਹੈ! ਇਹ ਕੋਈ ਥਿਰ ਰਹਿਣ ਵਾਲੀ ਗੱਲ ਨਹੀਂ ਹੈ। ਨਦੀ ਬਦਲਦੀ ਹੀ ਜਾ ਰਹੀ ਹੈ, ਹਰ ਪਲ ਭੱਜੀ ਜਾ ਰਹੀ ਹੈ, ਉਸੀ ਨਦੀ ਨਾਲ ਉਸੇ ਨਾਵ ਦਾ ਸੰਜੋਗ ਕਿਵੇਂ ਰਹੇਗਾ?

ਹੈਰਾਕਲਤੂ ਨੇ ਕਿਹਾ ਹੈ, ਇਕ ਹੀ ਨਦੀ ਵਿਚ ਦੁਬਾਰਾ ਉਤਰਨਾ ਨਾ-ਮੁਮਕਿਨ ਹੈ, ਕਿਉਂਕਿ ਜਦ ਤੁਸੀਂ ਦੁਬਾਰਾ ਉਤਰਨੇ ਜਾਉਗੇ, ਉਹ ਨਦੀ ਤਾਂ ਜਾ ਚੁੱਕੀ ਹੋਵੇਗੀ। ਇਕ ਹੀ ਆਦਮੀ ਦੁਬਾਰਾ ਮਿਲਣਾ ਅਸੰਭਵ ਹੈ, ਕਿਉਂਕਿ ਜਦ ਤੁਸੀਂ ਦੁਬਾਰਾ ਮਿਲਣ ਜਾਉਗੇ, ਉਹ ਆਦਮੀ ਹੁਣ ਕਿਥੇ ਰਿਹਾ। ਸਭ ਬਦਲ ਚੁਕਿਆ। ਗੰਗਾ ਵਿਚ ਕਿੰਨਾ ਪਾਣੀ ਵਗ ਗਿਆ। ਪਹਿਲੀ ਵਾਰੀ ਮਿਲੇ ਸੀ ਤਾਂ ਬਹੁਤ ਪ੍ਰੇਮਪੂਰਣ ਸੀ, ਹੁਣ ਮਿਲੇ ਤਾਂ ਬਹੁਤ ਉਦਾਸ ਸੀ। ਉਹ ਆਦਮੀ ਉਹ ਹੀ ਨਹੀਂ ਹੈ। ਪਹਿਲੀ ਵਾਰੀ ਮਿਲੇ ਸੀ ਤਾਂ ਬਹੁਤ ਕ੍ਰੋਧ ਵਿਚ ਸੀ, ਹੁਣ ਮਿਲੇ ਤਾਂ ਬਹੁਤ ਦਿਆਵਾਨ ਸੀ। ਇਹ ਆਦਮੀ ਉਹ ਹੀ ਨਹੀਂ ਹੈ।

ਬੁੱਧ ਉੱਤੇ ਇਕ ਆਦਮੀ ਥੁੱਕ ਗਿਆ ਅਤੇ ਦੂਜੇ ਦਿਨ ਮਾਫ਼ੀ ਮੰਗਣ ਆਇਆ। ਬੁੱਧ ਨੇ ਕਿਹਾ ਨਾ-ਸਮਝੀ ਨਾ ਕਰ। ਤੂੰ ਕਰ ਤਾਂ ਕਰ, ਮੇਰੇ ਕੋਲੋਂ ਤਾਂ ਨਾ ਕਰਵਾ। ਜਿਸ ਉੱਤੇ ਤੂੰ ਥੁੱਕ ਗਿਆ, ਉਹ ਆਦਮੀ ਹੁਣ ਕਿੱਥੇ! ਅਤੇ ਜਿਹੜਾ ਥੁੱਕ ਗਿਆ ਸੀ ਉਹ ਆਦਮੀ ਹੁਣ ਕਿੱਥੇ! ਉਹ ਗੱਲ ਗਈ ਗੁਜ਼ਰੀ ਹੋ ਗਈ। ਭੁੱਲ! ਜਾਗ! ਮੈਂ ਉਹ ਹੀ ਨਹੀਂ ਹਾਂ। ਚੌਵੀ ਘੰਟਿਆਂ ਵਿਚ ਗੰਗਾ ਦਾ ਕਿੰਨਾ ਪਾਣੀ ਵਗ ਗਿਆ। ਤੂੰ ਉਹ ਹੀ ਨਹੀਂ ਹੈ। ਮੇਰੀ ਤਾਂ ਫ਼ਿਕਰ ਛੱਡ, ਲੇਕਿਨ ਤੇਰੀ ਤਾਂ ਗੱਲ ਸਾਫ਼ ਹੈ। ਕੱਲ੍ਹ ਤੂੰ ਥੁੱਕ ਗਿਆ ਸੀ, ਅੱਜ ਤੂੰ ਮਾਫ਼ੀ ਮੰਗਣ ਆਇਆ ਹੈਂ! ਤੂੰ ਉਹ ਹੀ ਕਿਵੇਂ ਹੋ ਸਕਦਾ ਹੈਂ? ਥੁੱਕਣ ਵਾਲਾ ਅਤੇ ਮਾਫ਼ੀ ਮੰਗਣ ਵਾਲਾ ਦੋ ਵੱਖਰੀਆਂ ਦੁਨੀਆਂ ਹਨ। ਜਾਗ!

'ਜੇ ਜਾਣਾ ਮਰਿ ਜਾਈਐ'—ਜਿਸ ਨੇ ਜਾਣਿਆ ਕਿ ਮੌਤ ਹੋਏਗੀ ਉਸ ਨੇ ਅਸਲੀ ਜੀਵਨ ਦੀ ਖੋਜ ਸ਼ੁਰੂ ਕਰ ਦਿੱਤੀ। ਵਕਤ ਗੁਆਉਣ ਵਰਗਾ ਨਹੀਂ ਹੈ। ਇਸ ਤੋਂ ਪਹਿਲਾਂ ਕਿ ਵਕਤ ਹੱਥਾਂ 'ਚੋਂ ਨਿਕਲ ਜਾਏ, ਮੌਕਾ ਗੁਆਚ ਜਾਏ, ਜੀਵਨ ਦੀਆਂ ਜੜ੍ਹਾਂ ਉੱਤੇ ਪੁੱਜ ਜਾਣਾ ਚਾਹੀਦਾ ਹੈ।

'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥'

ਇਸ ਦਾ ਅਨੁਵਾਦ ਸਦਾ ਤੋਂ ਕੀਤਾ ਜਾ ਰਿਹਾ ਹੈ ਕਿ ਤੂੰ ਧਰਮ ਨਾਲ ਸੱਚ ਬੋਲ, ਝੂਠ ਨਾ ਬੋਲ। ਜੋ ਰਸਤਾ ਗੁਰੂ ਵਿਖਾ ਦੇਵੇ ਉਸੇ ਉੱਤੇ ਚੱਲ। ਇਸ ਵਿਚ ਮੈਂ ਥੋੜ੍ਹਾ ਫ਼ਰਕ ਕਰਦਾ ਹਾਂ।

ਬੋਲੀਐ ਸਚੁ ਧਰਮੁ—। ਫ਼ਰੀਦ ਦਾ ਸ਼ਬਦ ਹੈ। ਬੋਲੀਐ ਸਚੁ ਧਰਮੁ—ਸਤਯ ਧਰਮ ਨਾਲ ਬੋਲ, ਸਤਯ ਨਾਲ ਬੋਲ। ਸਚੁ ਧਰਮੁ ਦਾ ਅਰਥ ਹੁੰਦਾ ਹੈ, ਸੁਭਾਵ ਨਾਲ ਬੋਲ। ਜੋ ਤੇਰਾ ਅਸਲੀ ਸੁਭਾਵ ਹੈ ਉਹ ਹੀ ਧਰਮ ਹੈ। ਆਪਣੀ ਪ੍ਰਮਾਣਿਕਤਾ ਨਾਲ ਬੋਲ। ਆਪਣੇ ਅਸਤਿਤਵ (ਹੋਂਦ) ਨਾਲ ਬੋਲ। ਧਰਮ ਨਾਲ ਸੱਚੇ ਬੋਲਾਂ ਵਿਚ ਗੱਲ ਚਲੀ ਜਾਂਦੀ ਹੈ। ਧਰਮ ਨਾਲ ਸੱਚ ਬੋਲ—ਜਿਵੇਂ ਕੀ ਅਸੀਂ ਕਿਸੇ ਨੂੰ ਕਸਮ ਦਿਲਵਾ ਰਹੇ ਹਾਂ ਕਿ ਖਾ ਧਰਮ ਦੀ ਕਸਮ ਅਤੇ ਸੱਚ ਬੋਲ, ਖਾ ਇਮਾਨ ਦੀ ਕਸਮ ਅਤੇ ਸੱਚ ਬੋਲ। ਨਹੀਂ, ਧਰਮ ਨਾਲ ਸੱਚ ਬੋਲ—ਅਜਿਹਾ ਨਹੀਂ, ਸਤਯ ਧਰਮ ਨਾਲ ਬੋਲ, ਉਹ ਤੇਰਾ ਜੋ ਸੁਭਾਵ ਹੈ ਉਹ ਤੇਰਾ ਜੋ ਸੱਚਾ ਧਰਮ ਹੈ—ਜਿਸ ਨੂੰ ਕ੍ਰਿਸ਼ਨ ਨੇ ਸਵਧਰਮ ਕਿਹਾ ਹੈ—ਸਵਧਰਮੇ ਨਿਧਨ ਸ੍ਰੇਯ। ਤੂੰ ਉਥੋਂ ਬੋਲ ਜੋ ਤੂੰ ਹੈਂ, ਤੂੰ ਆਪਣੀ ਅਸਲੀਅਤ ਨਾਲ ਬੋਲ।

ਇਹ ਦੋਵੇਂ ਵੱਖਰੀਆਂ ਗੱਲਾਂ ਹਨ। ਧਰਮ ਨਾਲ ਸੱਚ ਬੋਲਣ ਦਾ ਮਤਲਬ ਇਹ ਹੈ ਕਿ ਝੂਠ ਨਾ ਬੋਲ, ਜਿਹੋ ਜਿਹਾ ਤੂੰ ਜਾਣਿਆ ਹੈ ਉਹੋ ਜਿਹਾ ਬੋਲ, ਤੱਥਯ (ਸੱਚਾਈ) ਬੋਲ ਅਤੇ ਜੋ ਅਨੁਵਾਦ ਮੈਂ ਕਰ ਰਿਹਾ ਹਾਂ, ਉਹ ਹੈ ਤੂੰ ਆਪਣੀ ਅਸਲੀਅਤ ਨਾਲ ਬੋਲ, ਸਚਾਈ ਦੀ ਫ਼ਿਕਰ ਨਾ ਕਰ ਸਤਯ ਬੋਲ। ਕਿਉਂਕਿ ਬਹੁਤ ਵਾਰੀ ਸਤਯ, ਤੱਥਯ ਦੇ ਉਲਟ ਹੁੰਦਾ ਹੈ। ਬਹੁਤ ਵਾਰੀ ਤੱਥਯ (ਸੱਚਾਈ) ਬੋਲਣ ਨਾਲ ਸਤਯ ਨਹੀਂ ਬੋਲਿਆ ਜਾਂਦਾ ਹੈ। ਬਹੁਤ ਵਾਰੀ ਤੁਸੀਂ ਬੋਲਦੇ ਹੋ, ਬਿਲਕੁਲ ਫੈਕਚੂਅਲ ਹੁੰਦਾ ਹੈ, ਤੱਥਯ ਪੂਰਣ ਹੁੰਦਾ ਹੈ। ਲੇਕਿਨ ਸਤਯ ਨਹੀਂ ਹੁੰਦਾ, ਕਿਉਂਕਿ ਤੁਹਾਡੀ ਅਸਲੀਅਤ ਨਾਲ ਨਹੀਂ ਬੋਲਿਆ ਗਿਆ ਹੁੰਦਾ।

ਅਜਿਹਾ ਸਮਝੋ, ਹਿੰਦੂਆਂ ਅਤੇ ਮੁਸਲਮਾਨਾਂ ਦਾ ਫ਼ਸਾਦ ਹੋ ਰਿਹਾ ਹੈ। ਇਕ ਹਿੰਦੂ ਨੇ ਵੀ ਲੜਾਈ ਵੇਖੀ ਹੈ, ਇਕ ਮੁਸਲਮਾਨ ਨੇ ਵੀ ਵੇਖੀ ਹੈ। ਦੋਨੋਂ ਅਦਾਲਤ ਦੇ ਸਾਹਮਣੇ ਬਿਆਨ ਦਿੰਦੇ ਹਨ। ਹਿੰਦੂ ਕੁਝ ਹੋਰ ਵੇਖੇਗਾ ਜੋ ਮੁਸਲਮਾਨ ਨੇ ਵੇਖਿਆ ਹੀ ਨਹੀਂ। ਮੁਸਲਮਾਨ ਕੁਝ ਹੋਰ ਵੇਖੇਗਾ ਜੋ ਹਿੰਦੂ ਨੇ ਵੇਖਿਆ ਹੀ ਨਹੀਂ। ਦੋਵੇਂ ਤੱਥਯ ਬੋਲ ਰਹੇ ਹਨ। ਨਾ ਤਾਂ ਹਿੰਦੂ ਝੂਠ ਬੋਲ ਰਿਹਾ ਹੈ, ਨਾ ਮੁਸਲਮਾਨ ਝੂਠ ਬੋਲ ਰਿਹਾ ਹੈ। ਹਿੰਦੂ ਵੀ ਉਹ ਹੀ ਬੋਲ ਰਿਹਾ ਹੈ ਜੋ ਉਸ ਨੇ ਵੇਖਿਆ ਹੈ। ਲੇਕਿਨ ਸਵਾਲ ਤਾਂ ਇਹ ਹੈ ਕਿ ਵੇਖਣ ਵਿਚ ਹੀ ਵਿਆਖਿਆ ਹੋ ਜਾਂਦੀ ਹੈ। ਜੇਕਰ ਹਿੰਦੂ ਵੇਖ ਰਿਹਾ ਹੈ ਤਾਂ ਵਿਆਖਿਆ ਤਾਂ ਉਹ ਹੀ ਹੋ ਗਈ। ਕੁਝ ਚੀਜ਼ਾਂ ਹਿੰਦੂ ਵੇਖ ਹੀ ਨਹੀਂ ਸਕਦਾ, ਉਹ ਹਿੰਦੂ ਹੋਣ ਦੇ ਕਾਰਨ ਅਸੰਭਵ (ਨਾਮੁਮਕਿਨ) ਹਨ ਅਤੇ ਕੁਝ ਚੀਜ਼ਾਂ ਮੁਲਸਮਾਨ ਨਹੀਂ ਵੇਖ ਸਕਦਾ, ਉਹ ਮੁਸਲਮਾਨ ਹੋਣ ਦੇ ਕਾਰਨ ਅਸੰਭਵ ਹਨ।

ਜਿਵੇਂ ਸਮਝੋ ਕਿ ਕਿਸੇ ਨੇ ਕੁਰਾਨ ਸਾੜ ਸੁੱਟੀ। ਤਾਂ ਮੁਸਲਮਾਨ ਦੇ ਤਾਂ ਪ੍ਰਾਣ ਸਾੜ ਦਿੱਤੇ, ਹਿੰਦੂ ਲਈ ਇਕ ਕਿਤਾਬ, ਜੋ ਕਬਾੜੀ ਬਾਜ਼ਾਰ ਵਿਚ ਇਕ ਰੁਪਏ ਦੀ ਵਿਕ ਸਕਦੀ ਸੀ, ਉਹ ਸਾੜ ਦਿੱਤੀ—ਇਸ ਵਿਚ ਝਗੜਾ-ਝਾਂਸਾ ਕੀ ਹੈ ? ਇਸ ਵਿਚ ਕੀ ਵਿਗੜ ਰਿਹਾ ਹੈ ? ਦੂਜੀ ਖ਼ਰੀਦ ਲਓ ਬਾਜ਼ਾਰੋਂ। ਇਕ ਰੁਪਏ ਦੀ ਰੱਦੀ ਜਲਾਈ ਹੈ !—ਅਤੇ ਮੁਸਲਮਾਨ ਦੀ ਆਤਮਾ ਜਲਾ ਦਿੱਤੀ।

ਜਦ ਕਿਸੇ ਹਿੰਦੂ ਦੀ ਮੂਰਤੀ ਤੋੜੀ ਜਾਂਦੀ ਹੈ ਤਾਂ ਮੁਸਲਮਾਨ ਲਈ ਪੱਥਰ ਹੈ। ਹਿੰਦੂ ਲਈ ਪਰਮਾਤਮਾ ਹੈ। ਤੱਥਯ (ਸਚਾਈ) ਕਾਫ਼ੀ ਨਹੀਂ ਹੈ। ਮੁਸਲਮਾਨ ਕਹੇਗਾ ਇਕ ਪੱਥਰ ਨੂੰ ਲੋਕਾਂ ਨੇ ਤੋੜਿਆ। ਉਸ ਲਈ ਇੰਨਾ ਉਪੱਦਰ ਕਰਨ ਦੀ ਲੋੜ ਨਹੀਂ ਸੀ। ਲੋਕਾਂ ਨੇ ਵਿਅਰਥ ਰੌਲਾ-ਰੱਪਾ ਪਾਇਆ, ਹੱਤਿਆ ਕੀਤੀ। ਇਹ ਸਭ ਅਕਾਰਣ ਹੈ। ਇਕ ਪੱਥਰ ਤੋੜਿਆ ਸੀ। ਹਿੰਦੂ ਕਹੇਗਾ ਸਾਡੇ ਪਰਮਾਤਮਾ 'ਤੇ ਹਮਲਾ ਹੋ ਗਿਆ, ਸਾਡੇ ਉੱਤੇ ਹਮਲਾ ਹੋ ਗਿਆ। ਸਾਡੇ ਪ੍ਰਾਣਾਂ ਨੂੰ ਡੂੰਘੀ ਤੋਂ ਡੂੰਘੀ ਚੋਟ ਪਹੁੰਚਾਈ ਗਈ ਹੈ। ਫਿਰ ਜੋ ਵੀ ਹੋਇਆ ਉਹ ਕੁਝ ਵੀ ਨਹੀਂ ਉਸਦੇ ਮੁਕਾਬਲੇ। ਤੱਥਯ ਤਾਂ ਤੁਹਾਡੀ ਅੱਖ ਨਾਲ ਤੱਥਯ ਬਣਦਾ ਹੈ, ਤੁਹਾਡਾ ਦ੍ਰਿਸ਼ਟੀਕੋਣ ਉਸ ਵਿਚ ਸ਼ਾਮਿਲ ਹੋ ਗਿਆ। ਮੈਂ ਕਿਸ ਨੂੰ ਕਹਾਂਗਾ ਸੱਚ ? ਮੈਂ ਦੋਹਾਂ ਨੂੰ ਸੱਚ ਨਹੀਂ ਕਹਾਂਗਾ, ਕਿਉਂਕਿ ਜਦ ਤਕ ਤੁਸੀਂ ਹਿੰਦੂ ਹੋ, ਤੁਸੀਂ ਸੱਚ ਨਹੀਂ ਹੋ ਸਕਦੇ। ਜਦ ਤਕ ਤੁਸੀਂ ਮੁਸਲਮਾਨ ਹੋ, ਤੁਸੀਂ ਸੱਚ ਨਹੀਂ ਹੋ ਸਕਦੇ, ਕਿਉਂਕਿ ਤੁਸੀਂ ਕੁਝ ਧਾਰਨਾਵਾਂ ਪਹਿਲਾਂ ਤੋਂ ਹੀ ਮੰਨ ਲਈਆਂ ਜਿਹੜੀਆਂ ਤੁਹਾਨੂੰ ਸੱਚ ਨਹੀਂ ਹੋਣ ਦੇਣਗੀਆਂ। ਤੁਸੀਂ ਜਦ ਨਾ ਹਿੰਦੂ ਦੇ ਵਾਂਗ ਬੋਲੋਗੇ ਨਾ ਮੁਸਲਮਾਨ ਦੀ ਤਰ੍ਹਾਂ ਬੋਲੋਗੇ, ਜਦ ਤੁਸੀਂ ਇਕ ਸ਼ੁੱਧ ਚੈਤੰਨਯ ਦੀ ਤਰ੍ਹਾਂ ਬੋਲੋਗੇ, ਤਦ ਤੁਸੀਂ ਸੱਚ ਧਰਮ ਨਾਲ ਬੋਲੇ। ਤਦ ਤੁਸੀਂ ਆਪਣੀ ਅਸਲੀਅਤ ਨਾਲ ਬੋਲੇ। ਤਦ ਤੁਸੀਂ ਨਾ ਤਾਂ ਹਿੰਦੂ ਦੇ ਢੰਗ ਨਾਲ ਕਿਹਾ, ਨਾ ਮੁਸਲਮਾਨ ਦੇ ਢੰਗ ਨਾਲ ਕਿਹਾ। ਤਦ ਤੁਸੀਂ ਸ਼ੁੱਧ ਚੈਤੰਨਯ ਦੇ ਢੰਗ ਨਾਲ ਕਿਹਾ ਅਤੇ ਇਹ ਬਹੁਤ ਵੱਖਰੀ ਗੱਲ ਹੈ। ਇਹ ਬਹੁਤ ਭਿੰਨ ਗੱਲ ਹੈ।

ਤਥਿਆਂ ਦੀ ਬਹੁਤ ਫ਼ਿਕਰ ਨਾ ਕਰਨਾ। ਸਤਯ ਦੀ ਫ਼ਿਕਰ ਕਰਨਾ, ਕਿਉਂਕਿ ਤੱਥਯ ਤਾਂ ਆਦਮੀ ਦਾ ਮਨ ਹੀ ਬਣਾਉਂਦਾ ਹੈ। ਅਸਲੀ ਸਵਾਲ ਉਸ ਸਤਯ ਦੀ ਖੋਜ ਦਾ ਹੈ, ਜਿਹੜਾ ਆਦਮੀ ਦਾ ਬਣਾਇਆ ਹੋਇਆ ਨਹੀਂ, ਜੋ ਪਰਮਾਤਮਾ ਦਾ ਬਣਾਇਆ ਹੋਇਆ ਹੈ। ਸਤਯ ਉਹ ਹੈ ਜੋ ਪਰਮਾਤਮਾ ਦੇ ਰਾਹੀਂ ਹੈ, ਤੱਥਯ ਉਹ ਹੈ ਜਿਹੜੀ ਸਾਡੀ ਵਿਆਖਿਆ ਹੈ। ਸੋ ਵਿਆਖਿਆਵਾਂ ਤਾਂ ਬਹੁਤ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ।

ਮੁੱਲਾ ਨਸਰੂਦੀਨ ਦਾ ਇਕ ਮਿੱਤਰ ਹੈ—ਮਿੱਤਰ ਵੀ ਹੈ ਤੇ ਦੁਸ਼ਮਣ ਵੀ ਹੈ, ਕਿਉਂਕਿ ਦੋਵੇਂ ਕਵੀ ਹਨ ਅਤੇ ਬਹੁਤ ਵੈਮਨਸ (ਦੁਸ਼ਮਣੀ) ਹੈ ਅਤੇ ਬੜੀ ਈਰਸ਼ਾ ਹੈ। ਸਾਲਾਂ ਪਿੱਛੋਂ ਮਿੱਤਰ ਨਾਲ ਮਿਲਣਾ ਹੋਇਆ ਹੈ ਜਾਂ ਦੁਸ਼ਮਣ ਨਾਲ। ਸੁਭਾਵਿਕ ਹੈ—ਜਿਵੇਂ ਕਵੀਆਂ ਦੀ ਆਦਤ ਹੁੰਦੀ ਹੈ, ਇਕ ਦੂਜੇ ਨੇ ਡੀਂਗ ਮਾਰਨੀ ਸ਼ੁਰੂ ਕਰ ਦਿੱਤੀ। ਮਿੱਤਰ ਨੇ ਕਿਹਾ ਕਿ ਸਾਲਾਂ ਬਾਅਦ ਮਿਲੇ, ਨਸਰੂਦੀਨ ਤੈਨੂੰ ਪਤਾ ਵੀ ਨਹੀਂ ਹੋਏਗਾ, ਮੇਰੀਆਂ ਕਵਿਤਾਵਾਂ ਪੜ੍ਹਨ ਵਾਲਿਆਂ ਦੀ ਗਿਣਤੀ ਦੁਗਣੀ ਹੋ ਗਈ ਹੈ। ਨਸਰੂਦੀਨ ਨੇ ਕਿਹਾ। ਹੱਦ ਹੋ ਗਈ, ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਤੇਰਾ ਵਿਆਹ ਹੋ ਗਿਆ।

ਉਹ ਕਹਿ ਰਿਹਾ ਹੈ ਕਿ ਮੇਰੇ ਪੜ੍ਹਨ ਵਾਲਿਆਂ ਦੀ ਗਿਣਤੀ ਦੁਗਣੀ ਹੋ ਗਈ ਹੈ ਅਤੇ ਨਸਰੂਦੀਨ ਕਹਿ ਰਿਹਾ ਹੈ ਕਿ ਮੈਨੂੰ ਪਤਾ ਹੀ ਨਹੀਂ ਚੱਲਿਆ ਕਿ ਤੇਰਾ ਵਿਆਹ ਹੋ ਗਿਆ। ਕਿਉਂਕਿ ਹੋਰ ਤਾਂ ਕੋਈ ਉਪਾਇ ਨਹੀਂ ਕਿ ਤੇਰੇ ਪੜ੍ਹਨ ਵਾਲੇ ਦੁਗਣੇ ਹੋ ਜਾਣ। ਪਹਿਲਾਂ ਇਕੱਲੇ ਪੜ੍ਹਨ ਵਾਲੇ ਸੀ, ਹੁਣ ਜ਼ਨਾਨੀ ਹੋਰ ਪੜ੍ਹਦੀ ਹੋਵੇਗੀ। ਤੇਰੀ ਕਵਿਤਾ ਕੋਈ ਹੋਰ ਪੜ੍ਹੇਗਾ ?

ਆਂਕੜੇ ਜਿੰਨਾ ਝੂਠ ਬੋਲਦੇ ਹਨ ਉਨਾ ਦੁਨੀਆਂ ਵਿਚ ਕੋਈ ਚੀਜ਼ ਨਹੀਂ ਬੋਲਦੀ। ਸਰਕਾਰਾਂ ਜਾਣਦੀਆਂ ਹਨ ਚੰਗੀ ਤਰ੍ਹਾਂ, ਇਸ ਲਈ ਉਹ ਆਂਕੜਿਆਂ ਵਿਚ ਗੱਲਾਂ ਕਰਦੀਆਂ ਹਨ। ਇਹ ਝੂਠ ਬੋਲਣ ਦੇ ਢੰਗ ਹਨ।

ਉੱਨੀ ਸੌ ਸਤਾਰਾਂ ਵਿਚ ਰੂਸ ਵਿਚ ਕ੍ਰਾਂਤੀ ਹੋਈ। ਸਾਲ ਭਰ ਪਿੱਛੋਂ ਇਕ ਨਿੱਕੇ ਪਿੰਡ ਦੇ ਸੰਬੰਧ 'ਚ ਅਖ਼ਬਾਰ ਵਿਚ ਖ਼ਬਰ ਛਪੀ ਕਿ ਉਥੇ ਸਿੱਖਿਆ ਦੁਗਣੀ ਹੋ ਗਈ। ਹੁਣ ਇਹ ਆਂਕੜਾ ਵੱਡਾ ਹੈ। ਲੇਕਿਨ ਹੋਇਆ ਕੁੱਲ ਏਨਾ ਸੀ ਕਿ ਉਸ ਸਕੂਲ ਵਿਚ ਇਕ ਮਾਸਟਰ ਸੀ ਅਤੇ ਇਕ ਹੀ ਵਿਦਿਆਰਥੀ ਸੀ, ਹੁਣ ਦੋ ਵਿਦਿਆਰਥੀ ਹੋ ਗਏ ਸੀ। ਸਿੱਖਿਆ ਦੁਗਣੀ ਹੋ ਗਈ। ਸੌ ਪ੍ਰਤੀਸ਼ਤ (ਸੌ ਫ਼ੀਸਦੀ) ਵੱਧ ਗਈ।

ਆਂਕੜੇ ਬਹੁਤ ਝੂਠ ਬੋਲਦੇ ਹਨ। ਰਾਜਨੀਤਿਕ ਭਲੀ-ਭਾਂਤ ਜਾਣਦੇ ਹਨ, ਕਿਵੇਂ ਆਂਕੜਿਆਂ ਦੀ ਵਰਤੋਂ ਕਰਨੀ। ਤੁਹਾਨੂੰ ਸਮਝ ਵਿਚ ਹੀ ਨਹੀਂ ਆਏਗਾ। ਉਨ੍ਹਾਂ ਦੇ ਆਂਕੜੇ ਤੁਸੀਂ ਵੇਖੋ ਤਾਂ ਮੁਲਕ ਅਮੀਰ ਹੁੰਦਾ ਜਾਂਦਾ ਹੈ। ਤੁਸੀਂ ਗਰੀਬ ਹੁੰਦੇ ਜਾਂਦੇ ਹੋ। ਤੁਸੀਂ ਭੁੱਖੇ ਮਰਦੇ ਹੋ, ਮੁਲਕ ਦੀ ਸੰਪਤੀ ਵਧਦੀ ਚਲੀ ਜਾਂਦੀ ਹੈ। ਉਨ੍ਹਾਂ ਦੇ ਆਂਕੜੇ ਜੇਕਰ ਤੁਸੀਂ ਵੇਖੋ ਤਾਂ ਕੁਝ ਹੋਰ ਹੀ ਦੁਨੀਆਂ ਹੈ, ਉਨ੍ਹਾਂ ਦੇ ਆਂਕੜਿਆਂ ਦੀ ਅਤੇ ਉਹ ਆਂਕੜਿਆਂ ਵਿਚ ਘਿਰੇ ਹੋਏ ਬੈਠੇ ਰਹਿੰਦੇ ਹਨ ਅਤੇ ਹਿਸਾਬ ਲਾਉਂਦੇ ਰਹਿੰਦੇ ਹਨ। ਹੇਠਾਂ ਅਸਲੀਅਤ ਬਹੁਤ ਹੋਰ ਹੈ। ਆਂਕੜੇ ਅਸਲੀਅਤ ਨੂੰ ਲੁਕਾਉਂਦੇ ਹਨ, ਉਘਾੜਦੇ ਨਹੀਂ।

ਤੱਥਯ ਤਾਂ ਤੁਹਾਡੀ ਵਿਆਖਿਆ ਹੈ। ਤੁਹਾਡੀ ਧਾਰਨਾ ਉਸ ਵਿਚ ਸ਼ਾਮਲ ਹੋ ਗਈ ਹੈ। ਸਤਯ ਨਿਰਧਾਰਣਾ ਹੋ ਕੇ ਵੇਖੀ ਗਈ ਗੱਲ ਹੈ।

ਫ਼ਰੀਦ ਦੇ ਵਚਨ ਦਾ ਮੈਂ ਅਰਥ ਕਰਦਾ ਹਾਂ : ਬੋਲੀਐ ਸਚੁ ਧਰਮੁ—ਤੁਹਾਡੀ ਸੱਚਾਈ ਨਾਲ—ਤੁਹਾਡੇ ਅਸਤਿੱਤਵ (ਹੋਂਦ) ਨਾਲ, ਤੁਹਾਡੇ ਸੁਭਾਵ ਨਾਲ, ਤੁਹਾਡੇ ਧਰਮ ਨਾਲ ਬੋਲੋ; ਆਪਣੀ ਪ੍ਰਮਾਣਿਕਤਾ ਨਾਲ ਬੋਲੋ, ਅਪ੍ਰਮਾਣਿਕਤਾ ਨਾਲ ਨਹੀਂ। ਅਤੇ ਤਦ ਇਹ ਸੰਭਵ ਹੋਏਗਾ :

'ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥'

ਤਦੇ ਇਹ ਸੰਭਵ ਹੋਏਗਾ ਕਿ ਗੁਰੂ ਜੋ ਰਾਹ ਵਿਖਾਏਗਾ, ਤੁਸੀਂ ਉਸ ਉੱਤੇ ਚੱਲ ਸਕੋਗੇ, ਉਸ ਤੋਂ ਪਹਿਲਾਂ ਨਹੀਂ। ਕਿਉਂਕਿ ਉਸ ਤੋਂ ਪਹਿਲਾਂ ਗੁਰੂ ਜੋ ਰਸਤਾ ਦੱਸੇਗਾ, ਉਸ ਵਿਚ ਵੀ ਤੁਸੀਂ ਆਪਣੀ ਧਾਰਣਾ ਨਾਲ ਹਿਸਾਬ ਲਗਾਉਗੇ। ਇਹ ਮੇਰਾ ਰੋਜ਼ ਦਾ ਅਨੁਭਵ ਹੈ : ਮੈਂ ਕੁਝ ਕਹਿੰਦਾ ਹਾਂ, ਲੋਕ ਕਰਦੇ ਕੁਝ ਹਨ ਅਤੇ ਉਨ੍ਹਾਂ ਤੋਂ ਮੈਂ ਪੁੱਛਦਾ ਹਾਂ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਹੀ ਤਾਂ ਕਿਹਾ ਸੀ! ਤਦ ਮੈਂ ਗ਼ੌਰ ਕਰਦਾ ਹਾਂ ਤਾਂ ਪਾਉਂਦਾ ਹਾਂ ਕਿ ਉਨ੍ਹਾਂ ਨੇ ਕਿਥੇ ਹੋਸ਼ਿਆਰੀ ਕੀਤੀ। ਜੋ ਮੈਂ ਕਹਿੰਦਾ ਹਾਂ ਉਸ ਦੇ ਵਿਚੋਂ ਕੁਝ ਚੁਣ ਲੈਂਦੇ ਹਨ ਉਹ। ਕਦੇ-ਕਦੇ ਅਜਿਹਾ ਵੀ ਹੋ ਸਕਦਾ ਹੈ ਕਿ ਉਹ ਕੁਝ ਪੂਰੇ ਦੇ ਵਿਪਰੀਤ (ਉਲਟ) ਹੋਣ।

ਕੁਰਾਨ ਵਿਚ ਇਕ ਵਚਨ ਹੈ। ਵਚਨ ਇਹ ਹੈ ਕਿ ਤੂੰ ਸ਼ਰਾਬ ਪੀ, ਨਰਕ ਵਿਚ ਸੜਾਇਆ ਜਾਏਂਗਾ। ਇਕ ਮੁਸਲਮਾਨ ਸ਼ਰਾਬ ਪੀਂਦਾ ਸੀ। ਮੌਲਵੀ ਨੇ ਉਸ ਨੂੰ ਕਿਹਾ : ਪਾਗ਼ਲ, ਤੂੰ ਸਦਾ ਮਸਜਿਦ ਆਉਂਦਾ ਹੈਂ। ਸਦਾ ਮੇਰੀ ਗੱਲ ਸੁਣਦਾ ਹੈਂ। ਹਜ਼ਾਰ ਵਾਰ ਤੂੰ ਸੁਣਿਆ ਹੋਏਗਾ ਇਹ ਵਚਨ ਕਿ ਤੂੰ ਸ਼ਰਾਬ ਪੀ, ਅਤੇ ਨਰਕ ਵਿਚ ਸੜਾਇਆ ਜਾਏਂਗਾ। ਫਿਰ ਵੀ ਤੂੰ ਪੀਤੀ ਚਲਾ ਜਾਂਦਾ ਹੈਂ ? ਤੈਨੂੰ ਹੋਸ਼ ਨਹੀਂ ਆਇਆ ?

ਉਸ ਨੇ ਕਿਹਾ : ਅਜੇ ਤਾਂ ਮੈਂ ਅੱਧੇ ਵਚਨ ਨੂੰ ਹੀ ਪੂਰਾ ਕਰਨ ਵਿਚ ਸਮਰੱਥ ਹਾਂ—ਤੂੰ ਸ਼ਰਾਬ ਪੀ; ਅਜੇ ਬਾਕੀ ਵਚਨ ਦੀ ਹੈਸੀਅਤ ਨਹੀਂ; ਹੌਲੀ-ਹੌਲੀ...।

ਕਦੇ-ਕਦੇ ਅੰਸ਼ (ਹਿੱਸਾ) ਪੂਰੇ ਦੇ ਉਲਟ ਹੋ ਜਾਂਦਾ ਹੈ। ਕਦੇ-ਕਦੇ ਖੰਡ ਸਮਗਰ ਦੇ ਉਲਟ ਹੋ ਸਕਦਾ ਹੈ; ਕਿਉਂਕਿ ਸਮਗਰ ਬੜੀ ਹੋਰ ਗੱਲ ਹੈ। ਤਾਂ ਮੈਂ ਵੇਖਦਾ ਹਾਂ ਕਿ ਕਹਾਂ ਕੁਝ, ਨਤੀਜਾ ਕੁਝ ਹੋ ਜਾਂਦਾ ਹੈ। ਉਹ ਚੁਨਣ ਵਾਲਾ ਉਥੇ ਬੈਠਾ ਹੈ। ਜਦ ਤਦ ਤੁਸੀਂ ਆਪਣੀ ਪ੍ਰਮਾਣਿਕਤਾ ਨਾਲ ਹੀ ਬਦਲਨੇ ਨੂੰ ਨਹੀਂ ਰਾਜ਼ੀ ਹੋ ਤਦ ਤਕ ਕੋਈ ਤੁਹਾਨੂੰ ਬਦਲ ਨਹੀਂ ਸਕੇਗਾ। ਕਿਉਂਕਿ ਤੁਹਾਨੂੰ ਕੋਈ ਕਿਵੇਂ ਬਦਲੇਗਾ, ਜਦ ਤੁਸੀਂ ਹੀ ਬਦਲਣਾ ਨਾ ਚਾਹੁੰਦੇ ਹੋਵੋ ? ਜੇਕਰ ਤੁਸੀਂ ਹੀ ਆਪਣੇ ਨਾਲ ਖੇਡ, ਖੇਡ ਰਹੇ ਹੋ, ਆਪਣੇ ਨੂੰ ਹੀ ਧੋਖਾ ਦੇਣ 'ਚ

ਲੱਗੇ ਹੋ, ਤਾਂ ਤੁਹਾਨੂੰ ਕੋਈ ਵੀ ਨਹੀਂ ਜਗਾ ਸਕਦਾ। ਸੁੱਤੇ ਨੂੰ ਕੋਈ ਜਗਾ ਦੇਵੇ; ਅਤੇ ਜਾਗਿਆ ਹੋਇਆ ਕੋਈ ਅੱਖਾਂ ਬੰਦ ਕਰ ਕੇ ਬੈਠਾ ਹੈ, ਉਸ ਨੂੰ ਤੁਸੀਂ ਕਿਵੇਂ ਜਗਾਉਗੇ ? ਉਹ ਜਾਗਣਾ ਹੀ ਨਹੀਂ ਚਾਹੁੰਦਾ।

'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥ ੩॥

ਔਰ ਫਿਰ ਜੋ ਗੁਰੂ ਰਾਹ ਦੱਸ ਦੇਵੇ, ਉਸ ਨੂੰ ਸੁਨਣਾ ਆਪਣੀ ਵਾਸਤਵਿਕਤਾ (ਅਸਲੀਅਤ) ਵਿਚ। ਉਸ ਨੂੰ ਸੁਨਣਾ ਆਪਣੀਆਂ ਧਾਰਨਾਵਾਂ ਨੂੰ ਹਟਾ ਕੇ। ਉਸ ਦੇ ਇਸ਼ਾਰੇ ਨੂੰ ਪਛਾਨਣ ਦੀ ਕੋਸ਼ਿਸ਼ ਕਰਨਾ—ਉਸ ਦੇ ਵੱਲੋਂ, ਆਪਣੇ ਵੱਲੋਂ ਨਹੀਂ; ਕਿਉਂਕਿ ਤੁਸੀਂ ਤਾਂ ਕੁਝ ਗ਼ਲਤ ਹੀ ਸਮਝੋਗੇ। ਤੁਸੀਂ ਗ਼ਲਤ ਹੋ; ਤੁਸੀਂ ਜੋ ਵਿਆਖਿਆ ਕਰੋਗੇ, ਉਹ ਗ਼ਲਤ ਹੋਏਗੀ, ਤੁਸੀਂ ਜੋ ਮਤਲਬ ਕੱਢੋਗੇ ਉਹ ਤੁਹਾਡਾ ਆਪਣਾ ਹੋਏਗਾ। ਉਹ ਜੋ ਕਹਿੰਦਾ ਹੈ, ਉਸ ਨੂੰ ਠੀਕ ਤਰ੍ਹਾਂ ਸੁਣ ਲੈਣਾ—ਆਪਣੇ ਮਨ ਨੂੰ ਵੱਖਰਾ ਹਟਾ ਕੇ, ਕੰਢੇ 'ਤੇ ਰੱਖ ਕੇ।

'ਪ੍ਰੇਮੀ ਦੇ ਰਸਤਾ ਪਾਰ ਕਰ ਲੈਣ ਨਾਲ ਪ੍ਰੇਮਿਕਾ ਦੀ ਹਿੰਮਤ ਬੱਝ ਜਾਂਦੀ ਹੈ।' ਹੋਰ ਜਿਵੇਂ-ਜਿਵੇਂ ਤੁਸੀਂ ਗੁਰੂ ਦੀ ਗੱਲ ਮੰਨ ਕੇ ਚੱਲੋਗੇ, ਗੁਰੂ ਦੀਆਂ ਅੱਖਾਂ ਵਿਚ ਤੁਹਾਨੂੰ ਵਿਖਾਈ ਪੈਣ ਲੱਗੇਗਾ ਕਿ ਤੁਹਾਡੇ ਸੰਬੰਧ ਵਿਚ ਆਸਥਾ (ਸ਼ਰਧਾ) ਅਤੇ ਆਸ਼ਵਾਸਨ (ਭਰੋਸਾ) ਆਉਣ ਲੱਗਾ। ਤੁਸੀਂ ਆਪਣੀ ਫ਼ਿਕਰ ਨਾ ਕਰਨਾ, ਤੁਸੀਂ ਗੁਰੂ ਦੀ ਅੱਖ ਵਿਚ ਵੇਖਣਾ। ਤੁਸੀਂ ਇਹ ਨਾ ਸੋਚਣਾ ਆਪਣੀ ਵੱਲੋਂ ਕਿ ਖ਼ੂਬ ਕਰ ਰਿਹਾ ਹਾਂ ਅਤੇ ਠੀਕ ਵਿਕਾਸ ਹੋ ਰਿਹਾ ਹੈ। ਇਹ ਸਵਾਲ ਨਹੀਂ ਹੈ। ਤੁਸੀਂ ਇਸ ਗੱਲ ਨੂੰ ਵੇਖਣਾ ਕਿ ਗੁਰੂ ਤੁਹਾਡੇ ਲਈ ਭਰੋਸੇਵਾਨ ਹੋ ਰਿਹਾ ਹੈ ਜਾਂ ਨਹੀਂ।

ਅਜੇ ਕੱਲ੍ਹ ਰਾਤ ਹੀ ਮੈਂ ਇਕ ਜਰਮਨ ਵਿਚਾਰਕ, ਹੈਰੀਗੇਲ ਦੀ ਕਿਤਾਬ ਪੜ੍ਹ ਰਿਹਾ ਸੀ। ਉਸ ਨੇ ਛੇ ਸਾਲ ਤਕ ਜਪਾਨ ਵਿਚ ਇਕ ਗੁਰੂ ਦੇ ਕੋਲ ਧਨੁਰ ਵਿਦਿਆ ਸਿੱਖੀ। ਧਨੁਰ ਵਿਦਿਆ ਦੇ ਮਾਧਿਅਮ ਨਾਲ ਜਪਾਨ ਵਿਚ ਧਿਆਨ ਸਿਖਾਇਆ ਜਾਂਦਾ ਹੈ। ਉਹ ਜ਼ੇਨ ਫ਼ਕੀਰਾਂ ਦਾ ਇਕ ਰਸਤਾ ਹੈ। ਅਤੇ ਧਨੁਰ ਵਿਦਿਆ ਵਿਚ ਧਿਆਨ ਬੜੀ ਆਸਾਨੀ ਨਾਲ ਫਲਦਾ ਹੈ, ਪਰ ਬਹੁਤ ਔਖਾ ਵੀ ਹੈ। ਛੇ ਸਾਲ! ਅਤੇ ਹੈਰੀਗੇਲ ਪਹਿਲਾਂ ਤੋਂ ਹੀ ਧਨੁਰ ਵਿਦਿਆ ਵਿਚ ਕੁਸ਼ਲ ਵਿਅਕਤੀ ਸੀ। ਸੋ ਉਸ ਨੇ ਸੋਚਿਆ ਸੀ ਕਿ ਸਾਲ ਛੇ ਮਹੀਨਿਆਂ ਵਿਚ ਸਭ ਸਿੱਖ ਕੇ ਪਰਤ ਆਵਾਂਗਾ। ਤਿੰਨ ਸਾਲ ਬੀਤ ਗਏ ਕੁਝ ਵੀ ਹੱਲ ਨਹੀਂ ਹੋਇਆ ਅਤੇ ਗੁਰੂ ਕੁਝ ਅਨਹੋਣਾ ਮਲੂਮ ਹੁੰਦਾ ਹੈ, ਕਿਉਂਕਿ ਉਹ ਗੱਲਾਂ ਅਜਿਹੀਆਂ ਕਹਿੰਦਾ ਹੈ ਜਿਹੜੀਆਂ ਹੈਰੀਗੇਲ ਦੀ ਪਕੜ ਵਿਚ ਨਹੀਂ ਆਉਂਦੀਆਂ। ਪਹਿਲੀ

ਤਾਂ ਗੱਲ ਉਹ ਇਹ ਕਹਿੰਦਾ ਹੈ ਕਿ ਨਿਸ਼ਾਨਾ-ਸਾਧਣਾ ਸਾਡਾ ਨਿਸ਼ਾਨਾ ਨਹੀਂ ਹੈ। ਤੀਰ ਤੁਹਾਡਾ ਠੀਕ ਥਾਂ ਲੱਗ ਗਿਆ, ਇਸ ਨਾਲ ਸਾਨੂੰ ਕੁਝ ਲੈਣਾ-ਦੇਣਾ ਨਹੀਂ ਹੈ—ਲੱਗ ਗਿਆ ਠੀਕ, ਨਹੀਂ ਲੱਗਾ, ਠੀਕ। ਅਸਲੀ ਸਵਾਲ ਤੁਹਾਡੇ ਹਿਰਦੇ ਤੋਂ ਤੁਹਾਡੇ ਅੰਦਰੋਂ ਜਦ ਤੀਰ ਛੁੱਟੇ ਤਦ ਠੀਕ ਛੁੱਟਿਆ ਕਿ ਨਹੀਂ, ਉਹ ਸਵਾਲ ਹੈ। ਠੀਕ ਤਾਂ ਕਦੇ-ਕਦੇ ਇਵੇਂ ਵੀ ਲੱਗ ਜਾਂਦਾ ਹੈ, ਹਨੇਰੇ ਵਿਚ ਵੀ ਲੱਗ ਜਾਂਦਾ ਹੈ। ਠੀਕ ਤਾਂ ਟੈਕਨੀਕੀ ਢੰਗ ਨਾਲ ਵੀ ਲੱਗ ਜਾਂਦਾ ਹੈ। ਜੇਕਰ ਕਿਸੇ ਆਦਮੀ ਨੇ ਟੈਕਨੀਕ ਸਿੱਖ ਲਈ ਤਾਂ ਤੀਰ ਲੱਗ ਜਾਂਦਾ ਹੈ ਜਾ ਕੇ। ਇਹ ਸਵਾਲ ਹੈ। ਧਿਆਨ ਕਿਥੇ ਘਟਿਤ ਹੋਏਗਾ ? ਤੁਹਾਡੇ ਅੰਦਰ ਜਦ ਤੀਰ ਛੁੱਟਦਾ ਹੈ, ਉਸ ਪਲ ਦਾ ਸਵਾਲ ਹੈ। ਉਸ ਘੜੀ ਧਿਆਨ ਵਿਚ ਛੁੱਟਦਾ ਹੈ ਤਾਂ ਲੱਗ ਗਿਆ। ਲੱਗੇ ਜਾਂ ਨਾ ਲੱਗੇ, ਜੇਕਰ ਧਿਆਨ ਵਿਚ ਨਾ ਛੁੱਟਿਆ, ਵਿਚਾਰਣਾ ਵਿਚ ਛੁੱਟਿਆ ਤਾਂ ਲਗ ਵੀ ਜਾਏ ਤਾਂ ਬੇਕਾਰ।

ਤਿੰਨ ਸਾਲ ਬਾਅਦ ਹੈਰੀਗੇਲ ਨੂੰ ਲੱਗਿਆ ਕਿ ਮੈਂ ਸਿਰ ਮਾਰ ਰਿਹਾ ਹਾਂ ਇਸ ਆਦਮੀ ਦੇ ਨਾਲ, ਕਿਉਂਕਿ ਤੀਰ ਦਾ ਮਤਲਬ ਹੁੰਦਾ ਹੈ ਕਿ ਲੱਗਣਾ ਚਾਹੀਦਾ। ਪੱਛਮ ਦਾ ਸੋਚਣ ਦਾ ਢੰਗ ਇਹ ਹੈ ਕਿ ਜਦ ਤੁਸੀਂ ਤੀਰ ਚਲਾਉਣਾ ਸਿੱਖ ਰਹੇ ਹੋ ਤਾਂ ਉਸ ਦਾ ਕੁਲ ਅਰਥ ਇੰਨਾ ਹੈ ਕਿ ਕਿੰਨੀ ਵਾਰ ਨਿਸ਼ਾਨੇ 'ਤੇ ਲੱਗਦਾ ਹੈ, ਜੇਕਰ ਸੌ ਫ਼ੀਸਦੀ ਲੱਗਣ ਲੱਗਾ ਤਾਂ ਤੁਸੀਂ ਪੂਰੇ ਕਲਾਕਾਰ ਹੋ ਗਏ। ਅਤੇ ਇਹ ਆਦਮੀ ਪਾਗਲ ਹੈ, ਸੌ ਫ਼ੀਸਦੀ ਤੀਰ ਲੱਗੇ ਤਾਂ ਵੀ ਉਹ ਸਿਰ ਹਿਲਾਈ ਜਾਂਦਾ ਹੈ, ਉਹ ਕਹਿੰਦਾ ਹੈ ਕਿ ਨਹੀਂ।

ਹੋਰ ਦੂਜੀ ਗੱਲ ਗੁਰੂ ਨੇ ਕਹੀ ਕਿ ਜਦ ਤੁਸੀਂ ਤੀਰ ਚਲਾਓ ਤਾਂ ਤੁਹਾਨੂੰ ਨਹੀਂ ਚਲਾਉਣਾ ਚਾਹੀਦਾ, ਉਹ ਚਲਾਏ—ਪਰਮਾਤਮਾ ! ਤੁਸੀਂ ਤਾਂ ਸਿਰਫ਼ ਤੀਰ ਲੈ ਕੇ ਖਲੋਤੇ ਰਹੋ।

ਉਸ ਨੇ ਕਿਹਾ, ਇਹ ਬਿਲਕੁਲ ਪਾਗ਼ਲਪਨ ਹੋ ਗਿਆ। ਉਹ ਕੌਣ ਹੈ ? ਉਹ ਕਿੱਥੋਂ ਚਲਾਏਗਾ ? ਮੈਂ ਨਹੀਂ ਚਲਾਵਾਂਗਾ ਤਾਂ ਤੀਰ ਕਿਵੇਂ ਚੱਲੇਗਾ ?

ਅਤੇ ਗੁਰੂ ਕਹਿੰਦਾ ਹੈ, ਚੱਲੇਗਾ ਅਤੇ ਗੁਰੂ ਜਦ ਚਲਾਉਂਦਾ ਹੈ ਤਾਂ ਹੈਰੀਗੇਲ ਵੀ ਵੇਖਦਾ ਹੈ ਕਿ ਗੱਲ ਤਾਂ ਠੀਕ ਕਹਿੰਦਾ ਹੈ। ਜਦ ਉਹ ਤੀਰ ਖਿੱਚਦਾ ਹੈ ਤਾਂ ਹੈਰੀਗੇਲ ਨੇ ਜਾ ਕੇ ਉਸ ਦੀ ਮਸਲ ਟੋਹ ਕੇ ਵੇਖੀ, ਉਸ ਦੀ ਮਸਲ ਉੱਤੇ ਜ਼ੋਰ ਨਹੀਂ ਹੈ ਜੋ ਕਿ ਹੋਣਾ ਚਾਹੀਦਾ ਹੈ। ਇਸ ਵੱਡੀ ਪ੍ਰਤਯੰਚਾ (ਚਿੱਲਾ) ਨੂੰ ਉਹ ਖਿੱਚ ਰਿਹਾ ਹੈ, ਮਸਲ ਅਜਿਹੇ ਹਨ, ਜਿਵੇਂ ਨਿੱਕੇ ਬੱਚੇ ਦੇ ਹੋਣ। ਉਸ ਵਿਚ ਮਸਲ ਹੈ ਹੀ ਨਹੀਂ ! ਕਿਤੇ ਕੋਈ ਤੀਰ ਖਿੱਚਣ ਦਾ ਤਣਾਓ ਨਹੀਂ ਹੈ। ਚਿਹਰੇ ਉਪਰ ਕੋਈ ਤਣਾਓ ਨਹੀਂ ਹੈ ਅਤੇ ਉਹ ਖਲੋਤਾ ਰਹਿੰਦਾ ਹੈ ਤੀਰ ਖਿੱਚ

ਕੇ, ਅਤੇ ਜਦ ਤੀਰ ਛੁੱਟਦਾ ਹੈ ਤਾਂ ਇਵੇਂ ਹੀ ਛੁੱਟਦਾ ਹੈ ਜਿਵੇਂ ਕਿ ਉਹ ਗੁਰੂ ਉਸ ਨੂੰ ਜਿਸ ਢੰਗ ਨਾਲ ਸਮਝਾਉਂਦਾ ਹੈ। ਉਹ ਪ੍ਰਤੀਕ ਉਸ ਵੀ ਠੀਕ ਲੱਗਦਾ ਹੈ।

ਜਾਪਾਨ ਵਿਚ ਬਾਂਸਾਂ ਨਾਲ ਬਹੁਤ ਪ੍ਰੇਮ ਹੈ ਅਤੇ ਗੁਰੂ ਕਹਿੰਦਾ ਹੈ ਕਿ ਜਿਸ ਤਰ੍ਹਾਂ ਬਾਂਸ ਦੀ ਸ਼ਾਖ਼ (ਡਾਲੀ) ਉੱਤੇ ਬਰਫ਼ ਪੈ ਜਾਂਦੀ ਹੈ ਤਾਂ ਬਾਂਸ ਉਸ ਨੂੰ ਹਲੂਣਦਾ ਥੋੜ੍ਹੇ ਹੀ ਹੈ, ਬਾਂਸ ਭਾਰ ਨਾਲ ਝੁਕ ਜਾਂਦਾ ਹੈ, ਝੁਕਦਾ ਜਾਂਦਾ ਹੈ, ਝੁਕਦਾ ਜਾਂਦਾ ਹੈ, ਇਕ ਘੜੀ ਆਉਂਦੀ ਹੈ, ਬਰਫ਼ ਖ਼ੁਦ ਹੀ ਸਰਕ ਜਾਂਦੀ ਹੈ, ਫਿਰ ਬਾਂਸ ਆਪਣੀ ਥਾਂ ਉੱਠ ਕੇ ਖੜਾ ਹੋ ਜਾਂਦਾ ਹੈ, ਅਜਿਹਾ ਹੀ ਤੀਰ ਤੁਸੀਂ ਖਿੱਚ ਕੇ ਖਲੋਤੇ ਰਹੋ, ਖਲੋਤੇ ਹੀ ਰਹੋ—ਇਕ ਘੜੀ ਆਉਂਦੀ ਹੈ, ਤੀਰ ਆਪੇ ਹੀ ਛੁੱਟ ਜਾਂਦਾ ਹੈ, ਜਿਵੇਂ ਬਰਫ਼ ਸਰਕ ਜਾਂਦੀ ਹੈ।

ਉਹ ਉਸ ਦੀ ਸਮਝ ਵਿਚ ਨਹੀਂ ਆਉਂਦਾ। ਉਸ ਨੇ ਬਹੁਤ ਉਪਾਇ ਕੀਤੇ। ਉਹ ਇਕ ਮਹੀਨੇ ਭਰ ਦੀ ਛੁੱਟੀ ਲੈ ਕੇ ਦੂਰ ਸਮੁੰਦਰ ਦੇ ਕੰਢੇ 'ਤੇ ਚਲਾ ਗਿਆ, ਉਹ ਆਦਮੀ ਕੁਸ਼ਲ ਹੈ, ਹੋਸ਼ਿਆਰ ਹੈ, ਉਸ ਨੇ ਸੋਚਿਆ ਕੋਈ ਤਰਕੀਬ ਹੋਏਗੀ ਇਸ ਵਿਚ ਕਿਉਂਕਿ ਗੁਰੂ ਦਾ ਹੱਥ ਬਿਲਕੁਲ ਛੁੱਟ ਜਾਂਦਾ ਹੈ। ਤਾਂ ਉਸ ਨੇ ਤਰਕੀਬ ਸਾਧ ਲਈ। ਇਕ ਮਹੀਨਾ ਉਸ ਨੇ ਕਈ ਤਰ੍ਹਾਂ ਦੇ ਉਪਾਇ ਕੀਤੇ। ਉਸ ਨੇ ਇਕ ਤਰਕੀਬ ਲੱਭ ਲਈ। ਉਹ ਤਰਕੀਬ ਉਸ ਨੇ ਇਹ ਲੱਭੀ ਕਿ ਤੀਰ ਨੂੰ ਉਹ ਖਿੱਚ ਕੇ ਖੜਾ ਹੋ ਜਾਏ ਅਤੇ ਹੱਥ ਨੂੰ ਏਨੀ ਹੌਲੀ ਜਿਹੀ ਛੱਡੇ, ਇੰਨੀ ਆਹਿਸਤਾ ਨਾਲ ਛੱਡੇ ਕਿ ਛੱਡਣ ਦਾ ਪਤਾ ਨਾ ਲੱਗੇ, ਅਤੇ ਤੀਰ ਛੁੱਟ ਜਾਏ। ਉਹ ਮਹੀਨੇ ਭਰ ਵਿਚ ਨਿਪੁੰਨ ਹੋ ਗਿਆ। ਉਸ ਨੇ ਕਿਹਾ ਕਿ ਓਏ, ਇੰਨੀ ਜਿਹੀ ਗੱਲ ਸੀ ਅਤੇ ਮੈਂ ਨਾਹਕ ਪਰੇਸ਼ਾਨ ਹੋ ਰਿਹਾ ਸੀ।

ਉਹ ਆਇਆ, ਉਸ ਨੇ ਤੀਰ ਚਲਾ ਕੇ ਗੁਰੂ ਨੂੰ ਵਿਖਾਇਆ। ਗੁਰੂ ਇਕ ਦਮ ਚੌਂਕਿਆ, ਏਨਾ ਕਦੇ ਨਹੀਂ ਚੌਂਕਿਆ ਸੀ। ਉਹ ਕੋਲ ਆਇਆ ਅਤੇ ਉਸ ਨੇ ਕਿਹਾ, ਵੰਸ ਅਗੇਨ ਪਲੀਜ਼। (ਇਕ ਵਾਰ ਫਿਰ) ਹੈਗੀਗੇਲ ਵੀ ਡਰਿਆ ਕਿ ਸ਼ਾਇਦ ਉਸ ਵਿਚ ਕੁਝ ਗੜਬੜ ਹੋ ਗਈ ਹੈ ਜਾਂ ਕੀ ? ਤੀਰ ਬਿਲਕੁਲ ਛੁੱਟਿਆ ਤਾਂ ਸਹੀ ਹੈ। ਗੁਰੂ ਨੂੰ ਭਰੋਸਾ ਨਹੀਂ ਆਇਆ ਕਿ ਇਹ ਛੁੱਟ ਨਹੀਂ ਸਕਦਾ, ਕਿਉਂਕਿ ਇਹ ਤਾਂ ਛੁੱਟ ਹੀ ਤਦ ਸਕਦਾ ਹੈ ਜਦ ਧਿਆਨਅਸਥ ਚਿੱਤ ਹੋਵੇ, ਇਹ ਧਿਆਨਅਸਥ ਚਿੱਤ ਹੈ ਨਹੀਂ ਅਜੇ। ਇਹ ਤੀਰ ਛੁੱਟਿਆ ਕਿਵੇਂ ? ਇਸ ਨੇ ਕੋਈ ਤਰਕੀਬ ਸਿੱਖ ਲਈ ਹੈ।

ਦੁਬਾਰਾ ਉਸ ਨੇ ਤੀਰ ਛੱਡ ਕੇ ਦੱਸਿਆ। ਗੁਰੂ ਨੇ ਉਸ ਦੇ ਹੱਥੋਂ ਚਿੱਲਾ ਲੈ ਲਿਆ ਅਤੇ ਉਸ ਦੇ ਵੱਲ ਪਿੱਠ ਕਰ ਕੇ ਬੈਠ ਗਿਆ ਜੋ ਕਿ ਜਾਪਾਨ ਵਿਚ

ਵੱਡੇ ਤੋਂ ਵੱਡਾ ਅਪਮਾਨ ਹੈ ਜੋ ਗੁਰੂ ਸ਼ਿਸ਼ ਦਾ ਕਰ ਸਕਦਾ ਹੈ, ਪਿੱਠ ਕਰ ਕੇ ਬੈਠ ਜਾਣਾ। ਉਸ ਨੇ ਕਿਹਾ ਕਿ ਗੱਲ ਮੁੱਕ ਗਈ। ਪੰਦਰਾਂ ਦਿਨਾਂ ਤਕ ਬਹੁਤ ਮਿੰਨਤਾਂ ਕੀਤੀਆਂ ਗੁਰੂ ਦੀਆਂ। ਲੋਕਾਂ ਰਾਹੀਂ ਖ਼ਬਰਾਂ ਪਹੁੰਚਾਈਆਂ, ਉਸ ਨੇ ਕਿਹਾ ਕਿ ਨਹੀਂ। ਜਦ ਸ਼ਿਸ਼ ਗੁਰੂ ਨੂੰ ਧੋਖਾ ਦੇਵੇ ਤਾਂ ਫਿਰ ਕੋਈ ਉਪਾਇ ਨਹੀਂ।

ਹੈਰੀਗੇਲ ਨੇ ਲਿਖਿਆ ਹੈ—ਮੈਂ ਧੋਖਾ ਨਹੀਂ ਦਿੱਤਾ ਸੀ। ਇਹ ਪੱਛਮੀ ਅਤੇ ਪੂਰਬੀ ਬੁੱਧੀ ਦਾ ਭੇਦ ਹੈ। ਮੈਂ ਤਾਂ ਕੋਈ ਧੋਖਾ ਦਿੱਤਾ ਨਹੀਂ ਸੀ। ਮੈਂ ਤਾਂ ਸੋਚਿਆ ਸੀ ਕਿ ਮੈਂ ਕੋਈ ਤਰਕੀਬ ਲੱਭ ਲਈ ਹੈ। ਪਰ ਗੁਰੂ ਨੇ ਉਸ ਨੂੰ ਇਸ ਤਰ੍ਹਾਂ ਲਿਆ ਕਿ ਧੋਖਾ ਦਿੱਤਾ ਗਿਆ ਹੈ। ਬੜੀ ਮੁਸ਼ਕਿਲ ਨਾਲ ਗੁਰੂ ਰਾਜ਼ੀ ਹੋਇਆ ਅਤੇ ਉਸ ਨੇ ਕਿਹਾ—ਦੁਬਾਰਾ ਅਜਿਹੀ ਭੁੱਲ ਨਾ ਹੋਵੇ, ਨਹੀਂ ਤਾਂ ਮੈਂ ਤੇਰੀ ਸ਼ਕਲ ਨਹੀਂ ਦੇਖਾਂਗਾ।

ਉਹ ਜਿਹੜਾ ਪਿੱਠ ਮੋੜ ਕੇ ਬੈਠ ਜਾਣਾ ਹੈ...

'ਛੈਲ ਲਘੰਦੇ ਪਾਰ ਗੋਰੀ ਮਨ ਧੀਰਿਆ—

ਜਿਵੇਂ ਕਿ ਪ੍ਰੇਮੀ ਨਦੀ ਪਾਰ ਕਰ ਕੇ ਆ ਰਿਹਾ ਹੈ ਅਤੇ ਪ੍ਰੇਮਿਕਾ ਇਸ ਕੰਢੇ ਖੜੀ ਹੈ ਅਤੇ ਪ੍ਰੇਮੀ ਉਸ ਪਾਰ ਤੋਂ ਆ ਰਿਹਾ ਹੈ। ਨਦੀ ਤੇਜ਼ ਹੈ, ਭਿਅੰਕਰ ਉਸ ਦਾ ਪ੍ਰਵਾਹ ਹੈ, ਜਾਂ ਬਾਰਸ਼ ਦੀ ਬਾੜ੍ਹ ਹੈ, ਉੱਚੀਆਂ ਤਰੰਗਾਂ ਅਤੇ ਗੋਰੀ ਦਾ ਡਰ ਅਤੇ ਗੋਰੀ ਦਾ ਮਨ ਕੰਬ ਰਿਹਾ ਹੈ ਕਿ ਪਤਾ ਨਹੀਂ ਪ੍ਰੇਮੀ ਪਾਰ ਕਰ ਪਾਏਗਾ, ਨਹੀਂ ਕਰ ਪਾਏਗਾ, ਨਦੀ ਬਹਾ ਕੇ ਤਾਂ ਨਹੀਂ ਲੈ ਜਾਏਗੀ। ਉਹ ਸ਼ੰਕਿਤ (ਚਿੰਤਾ ਵਾਲੀ ਸ਼ੰਕਾ) ਹੈ। ਉਹ ਭਰੋਸੇਵਾਨ ਨਹੀਂ ਹੈ। ਪਰ ਜਿਵੇਂ-ਜਿਵੇਂ ਪ੍ਰੇਮੀ ਕੋਲ ਆਉਣ ਲੱਗਦਾ ਹੈ ਇਸ ਕੰਢੇ 'ਤੇ ਗੋਰੀ ਭਰੋਸੇਵਾਨ ਹੁੰਦੀ ਜਾਂਦੀ ਹੈ, ਪ੍ਰੇਮਿਕਾ ਦਾ ਧੀਰਜ ਬੱਝਦਾ ਜਾਂਦਾ ਹੈ, ਹੁਣ ਡਰ ਨਹੀਂ ਹੈ।

ਗੁਰੂ ਕੰਢੇ 'ਤੇ ਖਲੋਤੇ ਸ਼ਿਸ਼ ਨੂੰ ਇਸੇ ਤਰ੍ਹਾਂ ਹੀ ਵੇਖਦਾ ਹੈ। ਤੁਸੀਂ ਗੁਰੂ ਦੀਆਂ ਨਜ਼ਰਾਂ 'ਤੇ ਨਜ਼ਰ ਰੱਖਣਾ। ਜਦ ਤੁਸੀਂ ਉਸ ਵਿਚ ਪਾਓ ਕਿ ਉਸ ਦੀ ਤਸੱਲੀ ਹੋ ਗਈ, ਜਦ ਤੁਸੀਂ ਪਾਓ ਕਿ ਉਹ ਮੁਸਕਰਾ ਰਿਹਾ ਹੈ। ਜਦ ਤੁਸੀਂ ਪਾਓ ਕਿ ਅਸੀਸਾਂ ਵਰ੍ਹ ਰਹੀਆਂ ਹਨ ਉਸ ਤੋਂ, ਜਦ ਤੁਸੀਂ ਪਾਓ ਕਿ ਉਹ ਤਸੱਲੀਬਖ਼ਸ਼ ਹੈ—ਤਦ ਹੀ ਤੁਸੀਂ ਵੀ ਤਸੱਲੀਬਖ਼ਸ਼ ਹੋਣਾ। ਆਪਣੇ ਵੱਲੋਂ ਤਸੱਲੀਬਖ਼ਸ਼ ਨਾ ਹੋ ਜਾਣਾ, ਨਹੀਂ ਤਾਂ ਤੁਸੀਂ ਖ਼ੁਦ ਧੋਖਾ ਦੇ ਲਉਗੇ ਆਪਣੇ ਆਪ ਨੂੰ। ਤੁਹਾਡੀ ਧੋਖਾ ਦੇਣ ਦੀ ਏਨੀ ਸੰਭਾਵਨਾ (ਉਮੀਦ) ਹੈ ਕਿ ਜਿਸ ਦਾ ਕੋਈ ਹਿਸਾਬ ਨਹੀਂ। ਤੁਸੀਂ ਆਪਣੇ ਉੱਤੇ ਭਰੋਸਾ ਨਾ ਕਰ ਲੈਣਾ।

'ਛੈਲ ਲਘੰਦੇ ਪਾਰਿ ਗੋਰੀ ਮਨੁ ਧੀਰਿਆ'—ਕਿ ਪ੍ਰੇਮੀ ਕੋਲ ਆ ਗਿਆ, ਹੁਣ ਜ਼ਿਆਦਾ ਦੂਰ ਨਾ ਰਹੀ, ਹੱਥ ਦੋ ਹੱਥ ਮਾਰਨ ਦੀ ਗੱਲ ਹੈ, ਕੰਢੇ ਲੱਗ ਜਾਏਗਾ। ਗੋਰੀ ਦੇ ਮਨ ਧੀਰਜ ਆ ਗਿਆ।

ਪ੍ਰੇਮੀ ਦੇ ਨਦੀ ਪਾਰ ਕਰ ਲੈਣ ਨਾਲ ਜਿਵੇਂ ਪ੍ਰੇਮਿਕਾ ਦੀ ਹਿੰਮਤ ਬੱਝ ਜਾਂਦੀ ਹੈ, ਇਸੇ ਤਰ੍ਹਾਂ ਹੀ ਜਿਸ ਦਿਨ ਤੁਸੀਂ ਗੁਰੂ ਦੀ ਅੱਖ ਵਿਚ ਹਿੰਮਤ ਬੱਝੀ ਵੇਖੋ, ਤੁਹਾਡੇ ਬਾਬਤ ਭਰੋਸੇਵਾਨ ਵੇਖੋ ਗੁਰੂ ਨੂੰ, ਉਸੇ ਦਿਨ ਭਰੋਸੇਵਾਨ ਹੋਣਾ, ਉਸ ਤੋਂ ਪਹਿਲਾਂ ਨਹੀਂ।

'ਤੂੰ ਕਰੌਤ ਨਾਲ ਚੀਰ ਦਿੱਤਾ ਜਾਏਂਗਾ, ਜੇਕਰ ਤੂੰ ਕੰਚਨ ਦੇ ਵੰਗ ਲੁਭਾਏਂਗਾ।' 'ਕੰਚਨ ਵੰਨੇ ਪਾਸੇ ਕਲਵਤਿ ਚੀਰਿਆ॥'

ਹੋਰ ਪ੍ਰੇਮ ਦੇ ਜਗਤ ਵਿਚ ਇਕ ਮਾਤਰ ਹੀ ਭਟਕਾਵ ਹੈ, ਉਹ ਹੈ ਧਨ। ਇਹ ਬਹੁਤ ਮਨੋਵਿਗਿਆਨਕ ਅਤੇ ਬਹੁਤ ਗਹਿਰੀ ਗੱਲ ਹੈ। ਫ਼ਰੀਦ ਕਹਿ ਰਿਹਾ ਹੈ ਕਿ ਪ੍ਰੇਮ ਨੂੰ ਭੁੱਲਣ ਦਾ ਇਕ ਹੀ ਉਪਾਇ ਹੈ ਕਿ ਤੂੰ ਕੰਚਨ ਵਿਚ ਉਤਸੁਕ ਹੋ ਜਾਏਂ, ਤੂੰ ਧਨ ਵਿਚ ਉਤਸੁਕ ਹੋ ਜਾਏਂ। ਹੁਣ ਇਹ ਨਾਜ਼ੁਕ ਹੈ, ਇਹ ਖ਼ਿਆਲ ਬਹੁਤ ਗਹਿਰਾ ਹੈ। ਅਤੇ ਮਨੋਵਿਗਿਆਨ ਹੁਣ ਇਸ ਦੀ ਖੋਜ ਕਰ ਰਿਹਾ ਹੈ ਹੌਲੀ-ਹੌਲੀ। ਅਤੇ ਮਨੋਵਿਗਿਆਨ ਕਹਿੰਦਾ ਹੈ ਕਿ ਜੋ ਆਦਮੀ ਧਨ ਵਿਚ ਉਤਸੁਕ ਹੈ, ਉਹ ਆਦਮੀ ਪ੍ਰੇਮ ਵਿਚ ਉਤਸੁਕ ਨਹੀਂ ਹੁੰਦਾ। ਇਹ ਦੋਵੇਂ ਗੱਲਾਂ ਇਕੱਠੀਆਂ ਹੁੰਦੀਆਂ ਹੀ ਨਹੀਂ—ਇਸੇ ਤਰ੍ਹਾਂ ਜਿਵੇਂ ਜੋ ਆਦਮੀ ਪੂਰਬ ਵੱਲ ਚੱਲ ਰਿਹਾ ਹੈ, ਉਹ ਪੱਛਮ ਦੇ ਵੱਲ ਨਹੀਂ ਚੱਲ ਰਿਹਾ ਹੈ।

ਕਿਉਂ ਧਨ ਅਤੇ ਪ੍ਰੇਮ ਵਿਚ ਇੰਨਾ ਵਿਰੋਧ ਹੈ?

ਪ੍ਰੇਮ ਵੱਡੇ ਤੋਂ ਵੱਡਾ ਧਨ ਹੈ। ਜਿਸ ਨੇ ਪ੍ਰੇਮ ਨੂੰ ਪਾ ਲਿਆ, ਉਸ ਨੂੰ ਧਨ ਮਿਲ ਗਿਆ। ਉਹ ਆਪਣੀ ਗਰੀਬੀ ਵਿਚ ਵੀ ਹੀਰੇ, ਜਵਾਹਰਾਤਾਂ ਦਾ ਮਾਲਕ ਹੈ। ਲੇਕਿਨ ਜਿਸ ਨੇ ਪ੍ਰੇਮ ਨਹੀਂ ਪਾਇਆ, ਉਸ ਲਈ ਫਿਰ ਇਕ ਹੀ ਰਾਹ ਹੈ ਕਿ ਉਹ ਧਨ ਇਕੱਠਾ ਕਰੇ, ਤਾਂ ਕਿ ਥੋੜ੍ਹੀ ਜਿਹੀ ਤਸੱਲੀ ਤਾਂ ਮਿਲੇ ਕਿ ਮੇਰੇ ਕੋਲ ਵੀ ਕੁਝ ਹੈ। ਧਨ ਪ੍ਰੇਮ ਦਾ ਸਬਸਟੀਚਿਯੂਟ ਹੈ, ਪਰਿਪੂਰਕ ਹੈ। ਇਸ ਲਈ ਕੰਜੂਸ ਆਦਮੀ ਪ੍ਰੇਮੀ ਨਹੀਂ ਹੁੰਦਾ। ਕੰਜੂਸ ਪ੍ਰੇਮੀ ਨਹੀਂ ਹੁੰਦਾ—ਹੋ ਨਹੀਂ ਸਕਦਾ, ਨਹੀਂ ਤਾਂ ਉਹ ਕੰਜੂਸ ਨਹੀਂ ਹੋ ਸਕਦਾ। ਇਹ ਦੋਵੇਂ ਗੱਲਾਂ ਇਕੱਠੀਆਂ ਨਹੀਂ ਘਟ ਸਕਦੀਆਂ, ਇਹ ਵਿਪਰੀਤ (ਉਲਟ) ਹਨ। ਜਿੰਨਾ ਤੁਸੀਂ ਧਨ ਨੂੰ ਇਕੱਠਾ ਕਰਦੇ ਹੋ, ਓਨਾ ਹੀ ਤੁਹਾਡਾ ਪ੍ਰੇਮ ਉੱਤੇ ਭਰੋਸਾ ਘੱਟ ਹੈ। ਤੁਸੀਂ ਕਹਿੰਦੇ ਹੋ। ਕੱਲ੍ਹ ਕੀ ਹੋਏਗਾ? ਬੁਢਾਪੇ ਵਿਚ ਕੀ ਹੋਏਗਾ? ਆਰਥਿਕ ਹਾਲਤ ਵਿਗੜ ਜਾਏਗੀ ਤਾਂ ਹਾਲਾਤ ਨੂੰ ਕਿਵੇਂ ਸੰਭਾਲਾਂਗਾ?

ਪ੍ਰੇਮੀ ਕਹਿੰਦਾ ਹੈ, ਕੀ ਕਰਾਂਗੇ, ਜੋ ਪ੍ਰੇਮ ਅੱਜ ਕਰਦਾ ਹੈ ਉਹ ਕੱਲ੍ਹ ਵੀ ਕਰੇਗਾ। ਜਿਸ ਨੇ ਅੱਜ ਪ੍ਰੇਮ ਦਿੱਤਾ ਹੈ ਅਤੇ ਭਰਪੂਰ ਦਿੱਤਾ ਹੈ, ਉਹ ਕਲ੍ਹ ਵੀ ਫ਼ਿਕਰ ਲਏਗਾ।

ਜੇਕਰ ਤੁਸੀਂ ਕਿਸੇ ਨੂੰ ਪਾਂਦੇ ਹੋ ਜਿਹੜਾ ਤੁਹਾਨੂੰ ਪ੍ਰੇਮ ਕਰ ਰਿਹਾ ਹੈ ਤਾਂ ਤੁਹਾਨੂੰ ਬੁਢਾਪੇ ਦੀ ਚਿੰਤਾ ਨਹੀਂ ਹੋਏਗੀ। ਲੇਕਿਨ ਜੇਕਰ ਤੁਹਾਡਾ ਕੋਈ ਨਹੀਂ ਪ੍ਰੇਮੀ, ਤੁਸੀਂ ਕਿਸੇ ਨੂੰ ਏਨਾ ਪ੍ਰੇਮ ਨਹੀਂ ਦਿੱਤਾ, ਨਾ ਕਦੇ ਕਿਸੇ ਤੋਂ ਏਨਾ ਪ੍ਰੇਮ ਲਿਆ ਹੈ, ਤਾਂ ਤਿਜੋਰੀ ਹੀ ਸਹਾਰਾ ਹੈ ਬੁਢਾਪੇ ਵਿਚ। ਅਤੇ ਫਿਰ ਤੁਹਾਨੂੰ ਡਰ ਹੈ, ਪ੍ਰੇਮੀ ਤਾਂ ਧੋਖਾ ਦੇ ਜਾਏ, ਤਿਜੋਰੀ ਕਦੇ ਧੋਖਾ ਨਹੀਂ ਦਿੰਦੀ। ਪ੍ਰੇਮੀ ਦਾ ਕੀ ਭਰੋਸਾ, ਅੱਜ ਨਾਲ ਹੈ ਕੱਲ੍ਹ ਵੱਖਰਾ ਹੋ ਜਾਏ! ਧਨ ਜ਼ਿਆਦਾ ਹਿਫ਼ਾਜ਼ਤੀ ਮਲੂਮ ਹੁੰਦਾ ਹੈ। ਪ੍ਰੇਮੀ ਮੰਨੇ ਨਾ ਮੰਨੇ, ਧਨ ਤਾਂ ਸਦਾ ਤੁਹਾਡੀ ਮੰਨ ਕੇ ਚੱਲੇਗਾ। ਧਨ ਤਾਂ ਕੋਈ ਅੜਚਨ ਖੜੀ ਨਹੀਂ ਕਰਦਾ, ਮਾਲਕੀਅਤ ਪੂਰੀ ਸਵੀਕਾਰ ਕਰਦਾ ਹੈ। ਫਿਰ ਧਨ ਦੀ ਤੁਸੀਂ ਜਿਸ ਤਰ੍ਹਾਂ ਵਰਤੋਂ ਕਰਨੀ ਚਾਹੋ, ਜਦ ਕਰਨੀ ਚਾਹੋ, ਉਸੇ ਤਰ੍ਹਾਂ ਕਰ ਸਕਦੇ ਹੋ। ਪ੍ਰੇਮੀ ਦੀ ਤੁਸੀਂ ਵਰਤੋਂ ਨਹੀਂ ਕਰ ਸਕਦੇ। ਪ੍ਰੇਮੀ ਪ੍ਰੇਮ ਵਿਚ ਕੁਝ ਕਰੇ, ਠੀਕ, ਪ੍ਰੇਮੀ ਦੇ ਨਾਲ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ।

ਮਨੋਵਿਗਿਆਨਿਕ ਕਹਿੰਦੇ ਹਨ, ਨਿੱਕਾ ਬੱਚਾ ਜਦ ਪੈਦਾ ਹੁੰਦਾ ਹੈ ਤਾਂ ਜੇਕਰ ਮਾਂ ਉਸ ਨੂੰ ਪ੍ਰੇਮ ਕਰਦੀ ਹੋਵੇ ਤਾਂ ਉਹ ਬਹੁਤਾ ਦੁੱਧ ਨਹੀਂ ਪੀਂਦਾ। ਤੁਹਾਨੂੰ ਵੀ ਅਨੁਭਵ ਹੋਏਗਾ, ਜੇਕਰ ਮਾਂ ਬੱਚੇ ਨੂੰ ਠੀਕ ਪ੍ਰੇਮ ਕਰਦੀ ਹੈ ਤਾਂ ਮਾਂ ਸਦਾ ਪਰੇਸ਼ਾਨ ਰਹਿੰਦੀ ਹੈ ਕਿ ਉਸ ਨੂੰ ਜਿੰਨਾ ਦੁੱਧ ਪੀਣਾ ਚਾਹੀਦਾ ਹੈ, ਉਹ ਨਹੀਂ ਪੀ ਰਿਹਾ ਹੈ, ਜਿੰਨਾ ਖਾਣਾ ਚਾਹੀਦਾ, ਉਹ ਨਹੀਂ ਖਾ ਰਿਹਾ ਹੈ। ਉਹ ਉਸ ਦੇ ਪਿੱਛੇ ਲੱਗੀ ਹੈ ਕਿ ਹੋਰ ਖਾ। ਕਿਉਂ ? ਕਿਉਂਕਿ ਬੱਚਾ ਜਾਣਦਾ ਹੈ, ਜਿਸ ਥਣ (ਸਤੰਨ) ਤੋਂ ਦੁੱਧ ਹੁਣੇ ਵਰ੍ਹਿਆ ਪ੍ਰੇਮ ਨਾਲ ਭਰਿਆ ਹੋਇਆ, ਜਦ ਭੁੱਖ ਲੱਗੇਗੀ ਫਿਰ ਵਰ੍ਹੇਗਾ। ਭਰੋਸਾ ਹੈ। ਪਰ ਜੇਕਰ ਮਾਂ ਬੱਚੇ ਨੂੰ ਪ੍ਰੇਮ ਨਾ ਕਰਦੀ ਹੋਵੇ, ਨਰਸ ਹੋਵੇ, ਮਾਂ ਨਾ ਹੋਵੇ, ਤਾਂ ਬੱਚਾ ਛੱਡਦਾ ਹੀ ਨਹੀਂ ਥਣ। ਕਿਉਂਕਿ ਬੱਚੇ ਨੂੰ ਡਰ ਹੈ। ਤਿੰਨ ਘੰਟਿਆਂ ਬਾਅਦ ਜਦ ਭੁੱਖ ਲੱਗੇਗੀ, ਨਰਸ ਉਪਲੱਬਧ ਰਹੇਗੀ, ਨਹੀਂ ਰਹੇਗੀ, ਇਸ ਦਾ ਕੁਝ ਪੱਕਾ ਨਹੀਂ ਹੈ। ਭਵਿੱਖ ਅੰਧਕਾਰਪੂਰਣ ਹੈ। ਇਸ ਲਈ ਤੁਸੀਂ ਵੇਖੋਗੇ, ਜਿਨ੍ਹਾਂ ਬੱਚਿਆਂ ਨੂੰ ਪ੍ਰੇਮ ਨਹੀਂ ਮਿਲਿਆ, ਉਨ੍ਹਾਂ ਦੇ ਢਿੱਡ ਵੱਡੇ ਵੇਖੋਗੇ, ਜਿਨ੍ਹਾਂ ਬੱਚਿਆ ਨੂੰ ਪ੍ਰੇਮ ਮਿਲਿਆ, ਉਨ੍ਹਾਂ ਦੇ ਢਿੱਡ ਵੱਡੇ ਨਹੀਂ ਪਾਉਗੇ। ਢਿੱਡ ਵੱਡਾ ਮਾਂ ਦੇ ਵੱਲੋਂ ਪਿਆਰ ਨਹੀਂ ਮਿਲਿਆ, ਇਸ ਦਾ ਸਬੂਤ ਹੈ। ਵੱਡਾ ਢਿੱਡ ਇਹ ਕਹਿ ਰਿਹਾ ਹੈ ਕਿ ਥੋੜ੍ਹਾ ਭੋਜਨ ਅਸੀਂ ਇਕੱਠਾ ਕਰ ਲਈਏ ਵਕਤ-ਬੇ-ਵਕਤ ਲਈ ਕਿਉਂਕਿ ਕੁਝ ਭਰੋਸਾ ਤਾਂ ਹੈ ਨਹੀਂ। ਨਰਸ ਦਾ ਕੀ ਭਰੋਸਾ ? ਮਾਂ ਦਾ, ਜੇਕਰ ਉਹ ਸਿਰਫ਼ ਸਰੀਰ ਦੀ ਹੀ ਮਾਂ ਹੋਵੇ ਅਤੇ ਹਿਰਦੇ ਤੋਂ ਪਿਆਰ ਨਾ ਵਗਦਾ ਹੋਵੇ ਅਤੇ ਭਰੋਸਾ ਨਾ ਹੋਵੇ ਤਾਂ ਬੱਚਾ ਵਿਚਾਰਾ

ਆਪਣੀ ਸੁਰੱਖਿਆ ਕਰ ਰਿਹਾ ਹੈ। ਉਹ ਇਹ ਕਹਿ ਰਿਹਾ ਹੈ, ਥੋੜ੍ਹਾ ਬਚਾ ਕੇ ਹਮੇਸ਼ਾ ਰੱਖਣਾ ਚਾਹੀਦਾ, ਕਦੇ ਰਾਤ ਭੁੱਖ ਲੱਗੇਗੀ ਕੋਈ ਉਠਾਉਣ ਵਾਲਾ ਨਹੀਂ ਹੋਏਗਾ, ਤਾਂ ਪੇਟ ਭਰਿਆ ਹੋਣਾ ਚਾਹੀਦਾ।

ਤੁਸੀਂ ਧਿਆਨ ਰੱਖਣਾ ਗ਼ਰੀਬ ਲੋਕ ਬਹੁਤਾ ਖਾਂਦੇ ਹਨ ਕਿਉਂਕਿ ਕੱਲ੍ਹ ਦਾ ਭਰੋਸਾ ਨਹੀਂ। ਅਮੀਰ ਦੀ ਭੁੱਖ ਹੀ ਮਿਟ ਜਾਂਦੀ ਹੈ ਕਿਉਂਕਿ ਜਦ ਚਾਹੀਦਾ ਹੋਵੇ, ਤਦ ਮਿਲ ਜਾਏਗਾ। ਅਮੀਰਾਂ ਦੇ ਢਿੱਡ ਵੱਡੇ ਹੋਣੇ ਚਾਹੀਦੇ ਅਸਲ ਵਿਚ। ਲੇਕਿਨ ਤੁਸੀਂ ਪਾਉਗੇ, ਅਕਾਲ ਨਾਲ ਡੁੱਬੇ ਖੇਤਰਾਂ ਵਿਚ ਲੋਕਾਂ ਦੇ ਢਿੱਡ ਬਹੁਤ ਵੱਡੇ ਹੋ ਜਾਂਦੇ ਹਨ। ਸਾਰਾ ਸਰੀਰ ਸੁੱਕ ਜਾਂਦਾ ਹੈ, ਢਿੱਡ ਵੱਡਾ ਹੋ ਜਾਂਦਾ ਹੈ, ਕਿਉਂਕਿ ਜਦ ਮਿਲ ਜਾਂਦਾ ਹੈ ਤਦ ਉਹ ਪੂਰਾ ਖਾ ਲੈਂਦੇ ਹਨ, ਜ਼ਰੂਰਤ ਤੋਂ ਜ਼ਿਆਦਾ ਖਾ ਲੈਂਦੇ ਹਨ, ਕਿਉਂਕਿ ਦੋ, ਚਾਰ, ਪੰਜ ਦਿਨ ਚੱਲਣਾ ਪਏਗਾ, ਕੀ ਪਤਾ ਬਿਨਾਂ ਖਾਣ ਤੋਂ ਟੁਰਨਾ ਪਏਗਾ!

ਮਾਂ ਦੇ ਥਣ ਤੋਂ ਪੁੱਤਰ ਲਈ ਦੋ ਰਾਹ ਖੁੱਲ੍ਹਦੇ ਹਨ। ਇਕ ਪ੍ਰੇਮ ਦਾ ਰਾਹ ਹੈ, ਇਕ ਪੇਟ ਦਾ ਰਾਹ ਹੈ। ਪੇਟ ਯਾਨੀ ਧਨ ਯਾਨੀ ਤਿਜੋਰੀ। ਇਕ ਪ੍ਰੇਮ ਦਾ ਰਸਤਾ ਹੈ, ਪ੍ਰੇਮ ਯਾਨੀ ਪ੍ਰਾਣ, ਪ੍ਰੇਮ ਯਾਨੀ ਆਤਮਾ। ਤਿਜੋਰੀ ਯਾਨੀ ਸਰੀਰ, ਪ੍ਰੇਮ ਯਾਨੀ ਪਰਮਾਤਮਾ, ਤਾਂ ਜਿਨ੍ਹਾਂ ਦੇ ਜੀਵਨ ਵਿਚ ਪ੍ਰੇਮ ਦੀ ਕਮੀ ਹੈ, ਉਹ ਧਨ ਉੱਤੇ ਭਰੋਸਾ ਰੱਖਣਗੇ।

ਇਸ ਲਈ ਫ਼ਰੀਦ ਕਹਿੰਦਾ ਹੈ—"ਕੰਚਨ ਵੰਨੇ ਪਾਸੇ ਕਲਵਤਿ ਚੀਰਿਆ" ਅਤੇ ਧਿਆਨ ਵਿਚ ਰੱਖਣਾ, ਪਿਆਰ ਦੇ ਰਾਹ ਵਿਚ ਧਨ ਤੋਂ ਇਲਾਵਾ ਹੋਰ ਕੋਈ ਚੀਜ਼ ਰੁਕਾਵਟ ਨਹੀਂ ਹੈ। ਜੇਕਰ ਧਨ ਦੇ ਵੱਲ ਝੁਕਿਆ, ਲੋਭ ਵਿਚ ਆਇਆ ਤਾਂ ਆਰੇ ਨਾਲ ਚੀਰ ਦਿੱਤਾ ਜਾਏਗਾ। ਇਸ ਦਾ ਕੁਝ ਮਤਲਬ ਅਜਿਹਾ ਨਹੀਂ ਹੈ ਕਿ ਕੋਈ ਆਰੇ ਨਾਲ ਕਿਸੇ ਨੂੰ ਚੀਰ ਦੇਵੇਗਾ। ਪਰ ਜਦ ਪਿਆਰ ਕੱਟ ਜਾਂਦਾ ਹੈ ਤਾਂ ਪ੍ਰਾਣ ਇਵੇਂ ਕੱਟੇ ਜਾਂਦੇ ਹਨ ਜਿਵੇਂ ਆਰੇ ਨਾਲ ਚੀਰ ਦਿੱਤੇ ਗਏ ਹੋਣ।

'ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥'

ਸ਼ੇਖ਼, ਇਸ ਦੁਨੀਆਂ ਵਿਚ ਕੋਈ ਹਮੇਸ਼ਾ ਰਹਿਣ ਵਾਲਾ ਨਹੀਂ ਹੈ। ਜਿਸ ਪੀੜ੍ਹੇ ਉੱਤੇ ਅਸੀਂ ਬੈਠੇ ਹਾਂ, ਉਸ ਉੱਤੇ ਕਿੰਨੇ ਹੀ ਬੈਠ ਚੁੱਕੇ ਹਨ।

ਵਿਗਿਆਨਿਕ ਕਹਿੰਦੇ ਹਨ ਕਿ ਜਿਸ ਥਾਂ ਤੁਸੀਂ ਬੈਠੇ ਹੋ, ਉਥੇ ਘੱਟੋ-ਘੱਟ ਦਸ ਆਦਮੀਆਂ ਦੀਆਂ ਲਾਸ਼ਾਂ ਦਫ਼ਨਾਈਆਂ ਜਾ ਚੁੱਕੀਆਂ ਹਨ। ਇੰਚ-ਇੰਚ ਜ਼ਮੀਨ ਉੱਤੇ ਕਰੋੜਾਂ-ਕਰੋੜਾਂ ਲੋਕ ਦਫ਼ਨਾਏ ਜਾ ਚੁੱਕੇ ਹਨ। ਤੁ

ਦਿਨਾਂ ਬਾਅਦ ਧਰਤੀ ਦੇ ਅੰਦਰ ਹੋਵੋਗੇ। ਕੋਈ ਹੋਰ ਤੁਹਾਡੇ ਉੱਪਰ ਬੈਠਾ ਹੋਵੇਗਾ। ਪਰਤ-ਦਰ-ਪਰਤ ਮੁਰਦੇ ਦੱਬਦੇ ਜਾਂਦੇ ਹਨ।

ਸ਼ੇਖ਼, ਇਸ ਦੁਨੀਆਂ ਵਿਚ ਕੋਈ ਵੀ ਹਮੇਸ਼ਾ ਰਹਿਣ ਵਾਲਾ ਨਹੀਂ ਹੈ। ਬੁੱਧ ਦਾ ਬੜਾ ਪਿਆਰਾ ਵਚਨ ਹੈ : ਸਭੇ ਸੰਘਾਰ ਅਨਿੱਚਾ—ਇਸ ਸੰਸਾਰ ਵਿਚ ਸਾਰਾ ਕੁਝ ਬਹਾਵਮਾਨ (ਬਹਿ ਜਾਣ ਵਾਲਾ) ਹੈ, ਵਗਦਾ ਜਾ ਰਿਹਾ ਹੈ, ਪਰਿਵਰਤਨਸ਼ੀਲ (ਬਦਲਣ ਵਾਲਾ) ਹੈ। ਇਸ ਵਿਚ ਕਿਤੇ ਵੀ ਕੋਈ ਕੰਢਾ ਨਹੀਂ ਹੈ। ਲਹਿਰਾਂ ਨੂੰ ਕੰਢੇ ਨਾ ਸਮਝ ਲੈਣਾ ਅਤੇ ਉਨ੍ਹਾਂ ਨੂੰ ਫੜ ਕੇ ਨਾ ਰੁੱਕ ਜਾਣਾ। ਹੋਰ ਜਿਸ ਥਾਂ ਤੁਸੀਂ ਬੈਠੇ ਹੋ, ਬੈਠੇ-ਬੈਠੇ ਆਕੜ ਨਾ ਜਾਣ, ਉਸ ਨੂੰ ਸਿੰਘਾਸਣ ਨਾ ਸਮਝ ਲੈਣਾ। ਸਾਰੇ ਸਿੰਘਾਸਣਾਂ ਦੇ ਹੇਠਾਂ ਕਬਰਾਂ ਦੱਬੀਆਂ ਹਨ।

ਜਿਵੇਂ ਕੁਲੰਗ ਪੰਛੀ (ਕੂੰਜਾਂ) ਕਾਤਿਕ ਵਿਚ ਆਉਂਦੇ ਹਨ, ਚੇਤਿ ਵਿਚ ਦਾਵਾਨਲ (ਦਰੱਖ਼ਤਾਂ ਦੀ ਰਗੜ ਦੇ ਨਾਲ ਪੈਦਾ ਹੋਣ ਵਾਲੀ ਅੱਗ) ਅਤੇ ਸਾਵਣ ਵਿਚ ਬਿਜਲੀਆਂ ਆਉਂਦੀਆਂ ਹਨ ਅਤੇ ਸਰਦੀ ਵਿਚ ਜਿਵੇਂ ਕਾਮਿਨੀ ਆਪਣੇ ਪ੍ਰੀਤਮ ਦੇ ਗਲ ਵਿਚ ਬਾਹਾਂ ਪਾ ਦਿੰਦੀ ਹੈ—ਇਸੇ ਤਰ੍ਹਾਂ ਹੀ ਸਭ ਪਲ ਕੁ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਸਤਯ ਉੱਤੇ ਤੂੰ ਆਪਣੇ ਮਨ 'ਚ ਵਿਚਾਰ ਕਰ ਕਿ ਇਥੇ ਸਭ ਛਣ-ਭੰਗੁਰ (ਪਲ ਵਿਚ ਮਿਟ ਜਾਣ ਵਾਲਾ) ਹੈ। ਸ਼ਾਸ਼ਵਤ (ਸਦਾ ਰਹਿਣ ਵਾਲਾ) ਦੇ ਸੁਫ਼ਨੇ ਨਾ ਸਜਾ। ਸ਼ਾਸ਼ਵਤ ਦੇ ਸੁਫ਼ਨੇ ਸਜਾਏਂਗਾ ਤਾਂ ਭਟਕੇਂਗਾ। ਛਣ-ਭੰਗੁਰ ਦੇ ਸਤਯ ਨੂੰ ਵੇਖ। ਇਸ ਉੱਤੇ ਤੂੰ ਆਪਣੇ ਮਨ ਨਾਲ ਵਿਚਾਰ ਕਰ।

'ਮਨੁੱਖ ਦੇ ਘੜੇ ਜਾਣ ਵਿਚ ਮਹੀਨੇ ਲੱਗਦੇ ਹਨ, ਟੁੱਟ ਜਾਣ ਵਿਚ ਪਲ ਵੀ ਨਹੀਂ ਲੱਗਦਾ।'

ਫ਼ਰੀਦ ਜੀ ਕਹਿੰਦੇ ਹਨ—ਜ਼ਮੀਨ ਨੇ ਅਸਮਾਨ ਤੋਂ ਪੁੱਛਿਆ, ਕਿੰਨੇ ਖੇਣ ਵਾਲੇ ਚਲੇ ਗਏ, ਸ਼ਮਸ਼ਾਨ ਅਤੇ ਕਬਰਾਂ ਵਿਚ ਉਨ੍ਹਾਂ ਦੀਆਂ ਰੂਹਾਂ ਝਿੜਕੀਆਂ ਝੱਲ ਰਹੀਆਂ ਹਨ।' 'ਚਲੇ ਚਲਣਹਾਰ ਵਿਚਾਰਾ ਲੇਇ ਮਨੋ॥'

ਚੱਲਦੀ ਹੋਈ ਹਾਲਤ ਹੈ—ਚੱਲ ਹੀ ਰਹੇ ਹਾਂ ਮੌਤ ਦੇ ਵੱਲ, ਚਲੇ ਚੱਲਣਹਾਰ—ਚੱਲ ਹੀ ਪਏ ਹਾਂ। ਜਨਮ ਦੇ ਨਾਲ ਹੀ ਆਦਮੀ ਮਰਨ ਦੇ ਵੱਲ ਟੁਰ ਪੈਂਦਾ ਹੈ। 'ਚਲੇ ਚਲਣਹਾਰ ਵਿਚਾਰਾ ਲੇਇ ਮਨੋ॥'

ਠੀਕ ਤਰ੍ਹਾਂ ਸੋਚ ਲਵੋ। ਇਥੇ ਘਰ ਬਨਾਉਣ ਦੀ ਕੋਈ ਥਾਂ ਨਹੀਂ ਹੈ। ਇਥੇ ਰਾਤ ਠਹਿਰ ਜਾ ਠੀਕ, ਮੰਜ਼ਿਲ ਇਥੇ ਨਹੀਂ ਹੈ ਪੜਾਅ ਹੋਵੇ, ਬੱਸ, ਸਵੇਰੇ ਉਠੇ ਅਤੇ ਡੇਰਾ ਚੁੱਕ ਲੈਣਾ ਹੈ।

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥

ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥

ਛੇ ਮਹੀਨੇ ਲੱਗ ਜਾਂਦੇ ਹਨ ਬੱਚੇ ਦੇ ਘੜਨ ਵਿਚ, ਛਣ ਭਰ ਵਿਚ ਮਿੱਟ ਜਾਂਦਾ ਹੈ। ਮਰਨ ਵਿਚ ਪਲ ਭਰ ਵੀ ਨਹੀਂ ਲੱਗਦਾ।

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥

ਜ਼ਮੀਨ ਅਸਮਾਨ ਨੂੰ ਪੁੱਛਦੀ ਹੈ, ਫ਼ਰੀਦ ਕਿੰਨੇ ਖੇਵਨ ਵਾਲੇ, ਬੇੜੀਆਂ ਚਲਾਉਣ ਵਾਲੇ ਮਾਂਝੀ ਅਤੇ ਚਲੇ ਗਏ।

ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥

ਅਤੇ ਹੁਣ ਉਹ ਕਿਥੇ ਹਨ, ਜਿਹੜੇ ਵੱਡਾ ਮੱਥਾ ਚੁੱਕ ਕੇ ਮਾਂਝੀ ਬਣੇ ਸੀ, ਜਿਹੜੀ ਬੇੜੀ ਉੱਤੇ ਆਕੜ ਕੇ ਬੈਠੇ ਸੀ! ਜਿਨ੍ਹਾਂ ਨੇ ਸਿੰਘਾਸਣਾਂ ਨੂੰ ਸ਼ੋਭਾਏਮਾਨ ਕੀਤਾ ਸੀ—ਉਹ ਹੁਣ ਸਾਰੇ ਕਿੱਥੇ ਹਨ? ਉਹ ਸਭ ਵੱਡੇ ਖੇਵਨ ਵਾਲੇ ਲੋਕ ਕਿਥੇ ਗੁਆਚ ਗਏ ਹਨ?

ਸ਼ਮਸ਼ਾਨ ਅਤੇ ਕਬਰਾਂ ਵਿਚ ਉਨ੍ਹਾਂ ਦੀਆਂ ਰੂਹਾਂ ਝਿੜਕੀਆਂ ਝੱਲ ਰਹੀਆਂ ਹਨ।

ਹੁਣ ਉਹ ਆਪਣੇ ਲਈ ਹੀ ਪਛਤਾ ਰਹੇ ਹਨ ਕਿ ਉਨ੍ਹਾਂ ਨੇ ਜੀਵਨ ਵਿਅਰਥ ਗੁਆਇਆ। ਹੁਣ ਉਹ ਰੋ ਰਹੇ ਹਨ ਕਿ ਉਨ੍ਹਾਂ ਨੇ ਕੁਝ ਨਾ ਕੀਤਾ, ਜੋ ਕਰਨ ਯੋਗ ਸੀ ਅਤੇ ਉਹ ਸਭ ਕਮਾਇਆ, ਜੋ ਮਿੱਟੀ ਸੀ! ਹੀਰੇ ਗੁਆਏ, ਕੰਕੜ ਇਕੱਠੇ ਕੀਤੇ। ਕੂੜਾ-ਕਰਕਟ ਸਾਂਭਿਆ, ਪੂੰਜੀ ਗੁਆਈ। ਹੁਣ ਉਹ ਝਿੜਕੀਆਂ ਝੱਲ ਰਹੇ ਹਨ, ਖ਼ੁਦ ਪਛਤਾ ਰਹੇ ਹਨ।

ਜੀਵਨ ਜਿਸ ਨੂੰ ਤੁਸੀਂ ਜੀਵਨ ਕਹਿੰਦੇ ਹੋ, ਜੀਵਨ ਨਹੀਂ ਹੈ, ਇਹ ਤਾਂ ਖ਼ਾਲੀ ਮਰਨ ਦੀ ਉਡੀਕ ਹੈ, ਮੌਤ ਦੇ ਦਰਵਾਜ਼ੇ 'ਤੇ ਲੱਗਿਆ ਕਿਉਂ ਹੈ, ਹੁਣ ਮਰੇ, ਘੜੀ ਨੂੰ ਮਰੇ। ਇਕ ਹੋਰ ਜੀਵਨ ਹੈ, ਇਕ ਮਹਾਂ ਜੀਵਨ ਹੈ। ਧਰਮ ਉਸੇ ਦਾ ਦੁਆਰ ਹੈ। ਪਰ ਜਿਹੜੇ ਇਸ ਜੀਵਨ ਨੂੰ ਮੌਤ ਜਾਣ ਲੈਣਗੇ ਉਹ ਹੀ ਉਸ ਮਹਾਂ ਜੀਵਨ ਦੀ ਖੋਜ ਵਿਚ ਨਿਕਲਦੇ ਹਨ। ਇਸ ਉੱਤੇ ਠੀਕ ਤਰ੍ਹਾਂ ਸੋਚਣਾ।

ਫ਼ਰੀਦ ਠੀਕ ਕਹਿੰਦਾ ਹੈ—ਮਨ ਖ਼ੂਬ ਠੀਕ ਤਰ੍ਹਾਂ ਵਿਚਾਰ ਕਰ ਲੈ। ਇਹ ਹੀ ਜੀਵਨ ਹੋ ਸਕਦਾ ਹੈ, ਇਹ ਛਣ-ਭੰਗੁਰ ਹੈ ਜਿਹੜਾ ਹੁਣੇ ਹੈ ਅਤੇ ਹੁਣੇ ਗਿਆ, ਹਵਾ ਦੇ ਝੋਂਕੇ ਵਿਚ ਕੰਬਦੇ ਹੋਏ ਪੱਤੇ ਦੇ ਵਾਂਗ, ਜਿਹੜਾ ਹਰ ਪਲ ਮਰਨ ਲਈ ਕੰਬ ਰਿਹਾ ਹੈ। ਸਵੇਰੇ ਦੇ ਚੜ੍ਹਦੇ ਹੋਏ ਸੂਰਜ ਵਿਚ ਜਿਵੇਂ ਤ੍ਰੇਲ ਸਮਾ ਜਾਂਦੀ ਹੈ, ਵਿਲੀਨ ਹੋ ਜਾਂਦੀ ਹੈ, ਇਸੇ ਤਰ੍ਹਾਂ ਮੌਤ ਕਿਸੇ ਵੀ ਦਿਨ ਤੈਨੂੰ ਤਿਰੋਹਿਤ (ਅਲੋਪ) ਕਰ ਦੇਵੇਗੀ। ਇਹ ਤੇਰਾ ਹੋਣਾ ਕੋਈ ਹੋਣਾ ਹੈ? ਇਸ ਉੱਤੇ

ਠੀਕ ਤਰ੍ਹਾਂ ਵਿਚਾਰ ਕਰ ਲੈ। ਜਿਨ੍ਹਾਂ ਨੇ ਵੀ ਠੀਕ ਤਰ੍ਹਾਂ ਵਿਚਾਰ ਕੀਤਾ, ਉਹ ਹੀ ਅਸਤਿਤਵ ਦੀ ਖੋਜ ਵਿਚ ਲੱਗ ਗਏ।

ਬੁੱਧ ਨੇ ਵੇਖਿਆ ਮਰੇ ਹੋਏ ਆਦਮੀ ਨੂੰ, ਪੁੱਛਿਆ ਆਪਣੇ ਸਾਰਥੀ ਨੂੰ—ਕੀ ਹੋ ਗਿਆ ਹੈ ਇਸ ਨੂੰ ? ਸਾਰਥੀ ਨੇ ਕਿਹਾ ਸਾਰਿਆਂ ਨੂੰ ਹੋ ਜਾਂਦਾ ਹੈ—ਅੰਤ ਵਿਚ ਸਾਰੇ ਮਰ ਜਾਂਦੇ ਹਨ। ਬੁੱਧ ਨੇ ਕਿਹਾ, ਰਥ ਵਾਪਸ ਲੈ ਚੱਲ।

ਸਾਰਥੀ ਨੇ ਕਿਹਾ—ਲੇਕਿਨ ਅਸੀਂ ਤਾਂ ਯੁਵਕਾਂ ਦੇ ਜਸ਼ਨ ਵਿਚ ਹਿੱਸਾ ਲੈਣ ਜਾ ਰਹੇ ਹਾਂ। ਉਹ ਤੁਹਾਡੀ ਉਡੀਕ ਕਰ ਰਹੇ ਹੋਣਗੇ। ਕਿਉਂਕਿ ਰਾਜਕੁਮਾਰ ਗੌਤਮ ਹੀ ਨੌਜਵਾਨਾਂ ਦੇ ਜਸ਼ਨ ਦਾ ਉਦਘਾਟਨ ਕਰਨੇ ਨੂੰ ਸੀ।

ਗੌਤਮ ਬੁੱਧ ਨੇ ਕਿਹਾ—ਹੁਣ ਮੈਂ ਨੌਜਵਾਨ ਨਾ ਰਿਹਾ। ਹੁਣ ਮੌਤ ਆਉਂਦੀ ਹੈ ਅਤੇ ਮੌਤ ਆ ਰਹੀ ਹੈ—ਕਜਿਹੀ ਜਵਾਨੀ ? ਕਜਿਹਾ ਉਸਤਵ ? ਵਾਪਸ ਮੋੜ ਲੈ। ਮੈਂ ਮਰ ਗਿਆ। ਇਸ ਆਦਮੀ ਨੂੰ ਮਰਿਆ ਵੇਖ ਕੇ ਮੈਂ ਜਿਸ ਨੂੰ ਹੁਣ ਤਕ ਜੀਵਨ ਸਮਝਦਾ ਸੀ, ਉਹ ਮਿਟ ਗਿਆ, ਹੁਣ ਮੈਨੂੰ ਕਿਸੇ ਹੋਰ ਜੀਵਨ ਦੀ ਤਲਾਸ਼ ਵਿਚ ਜਾਣਾ ਹੈ।

ਉਸ ਜੀਵਨ ਦੀ ਖੋਜ ਹੀ ਧਰਮ ਹੈ।

ਅੱਜ ਏਨਾ ਹੀ।

ਦੂਜਾ ਪ੍ਰਵਚਨ

ਦੂਜਾ ਪ੍ਰਵਚਨ

ਸਵਾਲ-ਸਾਰ

ਤੜਫਦੇ-ਤੜਫਦੇਂ ਜਦ ਸੀਨਾ ਛਾਨਣੀ ਹੋ ਜਾਏ, ਆਦਮੀ ਇਕ ਜ਼ਖ਼ਮ ਹੋ ਜਾਏ ਅਤੇ ਫਿਰ ਵੀ ਹੋਸ਼ ਨਾ ਆਏ ਤਦ ਕੀ?

ਲਗਾਤਾਰ ਬਾਰਾਂ ਵਰ੍ਹਿਆਂ ਤਕ ਸਤਯ-ਭਾਸ਼ਣ ਨਾਲ ਕੀ ਮੁਕਤੀ ਉਪਲੱਬਧ ਹੁੰਦੀ ਹੈ?

ਮੇਰਾ ਅਤੇ ਹੋਰਨਾਂ ਦਾ ਦੁੱਖ ਓਸ਼ੋ ਕਿਵੇਂ ਜਾਣ ਲੈਂਦੇ ਹਨ, ਅਤੇ ਪ੍ਰਵਚਨ ਨਾਲ ਹੀ ਸਾਰੇ ਸ਼ੱਕ ਅਤੇ ਸਵਾਲਾਂ ਦਾ ਸਮਾਧਾਨ ਕਿਵੇਂ ਮਿਲ ਜਾਂਦਾ ਹੈ?

ਪਹਿਲਾ ਸਵਾਲ—ਤੜਫਦੇ-ਤੜਫਦੇ ਮੇਰਾ ਸੀਨਾ ਛਾਨਣੀ ਹੋ ਗਿਆ ਹੈ ਅਤੇ ਮੈਂ ਇਕ ਜ਼ਖ਼ਮ ਹੋ ਗਈ, ਪਰ ਜਾਗਣ ਅਤੇ ਹੋਸ਼ ਵਿਚ ਆਉਣ ਦੀ ਫਿਰ ਵੀ ਕੋਈ ਇੱਛਾ ਨਹੀਂ ਹੈ। ਕੀ ਕਾਰਨ ਹੈ ? ਹੋਰ ਗਹਿਰੀ ਚੋਟ ਦੇ ਹੀ ਦਿਉ।

ਅਤਿਸ਼ਯੋਕਤਿ (ਬਹੁਤ ਹੀ ਵਧਾ-ਚੜ੍ਹਾ ਕੇ ਕਹਿਣਾ) ਤੋਂ ਬਚਣਾ ਜ਼ਰੂਰੀ ਹੈ। ਅਤਿਸ਼ਯੋਕਤਿ ਅਸਤੱਯ ਦਾ ਹੀ ਇਕ ਰੂਪ ਹੈ—ਲੁਕਿਆ ਹੋਇਆ, ਵਿਖਾਈ ਨਹੀਂ ਦਿੰਦਾ। ਅਤੇ ਅਤਿਸ਼ਯੋਕਤਿ ਨੂੰ ਜਿਸ ਨੇ ਵੀ ਜੀਵਨ ਵਿਚ ਫੜ ਲਿਆ, ਉਸ ਦੀ ਕੋਈ ਸਮੱਸਿਆ (ਤਕਲੀਫ਼) ਹੱਲ ਹੋਣੀ ਅਸੰਭਵ (ਨਾਮੁਮਕਿਨ) ਹੋ ਜਾਏਗੀ; ਕਿਉਂਕਿ ਸਮੱਸਿਆ ਇੰਨੀ ਵੱਡੀ ਹੁੰਦੀ ਹੀ ਨਹੀਂ ਜਿੰਨੀ ਵੱਡੀ ਅਤਿਸ਼ਯੋਕਤਿ ਦੇ ਕਾਰਨ ਵਿਖਾਈ ਦਿੰਦੀ ਹੈ। ਜਿਥੇ ਸੂਈ ਨਾਲ ਕੰਮ ਹੋ ਜਾਏ ਉਥੇ ਤਲਵਾਰ ਦੀ ਤਾਂ ਕੋਈ ਜ਼ਰੂਰੀ ਹੁੰਦੀ ਨਹੀਂ। ਪਰ ਜੇਕਰ ਅਤਿਸ਼ਯੋਕਤਿ ਦੇ ਕਾਰਨ ਤੁਹਾਨੂੰ ਅਜਿਹਾ ਵਿਖਾਈ ਪਏ ਕਿ ਤਲਵਾਰ ਦੀ ਲੋੜ ਹੈ ਤਾਂ ਜੋ ਕੰਮ ਸੂਈ ਨਾਲ ਹੋ ਸਕਦਾ ਸੀ, ਉਹ ਤਲਵਾਰ ਨਾਲ ਨਹੀਂ ਹੋਏਗਾ। ਸੂਈ ਤਾਂ ਜੋੜਦੀ ਹੈ, ਤਲਵਾਰ ਹੋਰ ਤੋੜ ਦੇਵੇਗੀ, ਸੂਈ ਨਾਲ ਤਾਂ ਸੀਣਾ ਹੋ ਜਾਂਦਾ, ਤਲਵਾਰ ਨਾਲ ਤਾਂ ਹੋਰ ਕੱਪੜੇ ਫਟ ਜਾਣਗੇ।

ਧਰਮ ਦੇ ਰਾਹ ਉੱਤੇ ਵੀ ਅਤਿਸ਼ਯੋਕਤਿ ਇਕ ਬਹੁਤ ਵੱਡਾ ਉਪੱਦਰ ਹੈ, ਅਤੇ ਮਨ ਦਾ ਆਗ੍ਰਹਿ (ਦਬਾਓ) ਹੈ। ਅਤਿਸ਼ਯੋਕਤਿ ਦਾ ਮਨ ਸਾਰੀਆਂ ਚੀਜ਼ਾਂ ਨੂੰ ਵੱਡਾ ਕਰ ਕੇ ਵੇਖਦਾ ਹੈ। ਨਾ ਤਾਂ ਤੁਹਾਡਾ ਦੁਖ ਇੰਨਾ ਵੱਡਾ ਹੈ ਜਿੰਨਾਂ ਵੱਡਾ ਕਰ ਕੇ ਤੁਸੀਂ ਵੇਖਦੇ ਹੋ, ਨਾ ਤੁਹਾਡੀਆਂ ਸਮੱਸਿਆਵਾਂ ਇੰਨੀਆਂ ਵੱਡੀਆਂ ਹਨ ਜਿੰਨੀਆਂ ਵੱਡੀਆਂ ਕਰ ਕੇ ਤੁਸੀਂ ਵੇਖਦੇ ਹੋ।

ਮਨ ਸਾਰੀਆਂ ਚੀਜ਼ਾਂ ਨੂੰ ਮੈਗਨੀਫ਼ਾਈ ਕਰਦਾ ਹੈ, ਕਿਉਂਕਿ ਹੰਕਾਰ ਵੱਡੀਆਂ ਚੀਜ਼ਾਂ ਵਿਚ ਰਸ ਲੈਂਦਾ ਹੈ। ਦੁੱਖ ਦੀ ਗੱਲ ਹੋਏਗੀ ਤਾਂ ਤੁਸੀਂ ਦੁੱਖ ਦੇ ਹਿਮਾਲਿਆ ਦੀ ਚਰਚਾ ਕਰੋਗੇ। ਜ਼ਰਾ ਕੁ ਜਿੰਨੀ ਅਸ਼ਾਂਤੀ ਹੋ ਜਾਏਗੀ ਤਾਂ ਹਨੇਰੀ ਅਤੇ ਤੂਫ਼ਾਨ ਨੂੰ ਲੈ ਆਉਗੇ। ਇਸ ਬਚਕਾਨੀ ਆਦਤ ਤੋਂ ਬਚੋ। ਕਿਉਂਕਿ ਜਦ ਪ੍ਰਾਰੰਭ ਤੋਂ ਹੀ ਯਾਤਰਾ ਗ਼ਲਤ ਹੋ ਗਈ, ਸਮਾਧਾਨ ਦਾ ਉਪਾਇ ਨਹੀਂ ਹੋਏਗਾ।

ਮੈਂ ਇਕ ਘਰ ਵਿਚ ਮਹਿਮਾਨ ਸੀ। ਮੇਜ਼ਮਾਨ ਦਾ ਨਿੱਕਾ ਜਿਹਾ ਬੱਚਾ ਭੱਜਦਾ ਹੋਇਆ ਬਾਹਰੋਂ ਅੰਦਰ ਆਇਆ ਅਤੇ ਆਪਣੇ ਪਿਤਾ ਨੂੰ ਆ ਕੇ ਕਿਹਾ ਕਿ ਮੇਰੇ ਪਿੱਛੇ ਸੈਂਕੜੇ ਸ਼ੇਰ ਲੱਗ ਗਏ—ਬੱਬਰ ਸ਼ੇਰ। ਪਿਓ ਨੇ ਕਿਹਾ ਠੀਕ ਤਰ੍ਹਾਂ ਦੱਸ। ਸ਼ੇਰ ਇਥੇ ਸੜਕ ਉੱਤੇ ਕਿਥੇ ਮਿਲ ਜਾਣਗੇ? ਬੱਬਰ ਸ਼ੇਰ ਤੈਨੂੰ ਕਿਥੇ ਮਿਲ ਗਏ?

ਮੁੰਡਾ ਥੋੜ੍ਹਾ ਚੌਂਕਿਆ। ਉਸ ਨੇ ਕਿਹਾ ਸ਼ੇਰ ਤਾਂ ਨਹੀਂ ਸੀ, ਕੁੱਤੇ ਹੀ ਸੀ। ਪਿਓ ਨੇ ਕਿਹਾ, ਹੋਰ ਜ਼ਰਾ ਠੀਕ ਤਰ੍ਹਾਂ ਦੱਸ। ਸੈਂਕੜੇ ਕੁੱਤੇ ਅਚਾਨਕ ਕਿਥੋਂ ਆ ਗਏ? ਉਸ ਨੇ ਕਿਹਾ, ਸੈਂਕੜੇ ਤਾਂ ਨਹੀਂ ਸਨ, ਇਕ ਹੀ ਸੀ।

ਪਿਓ ਨੇ ਪੁੱਛਿਆ, ਉਹ ਤੇਰੇ ਪਿੱਛੇ ਲੱਗਾ ਸੀ? ਤੇਰੇ ਉੱਤੇ ਹਮਲਾ ਕੀਤਾ ਸੀ? ਉਸ ਨੇ ਕਿਹਾ, ਉਹ ਹਮਲਾ ਕੀ ਕਰੇਗਾ? ਗੁਆਂਢੀ ਦਾ ਲੰਗੜਾ ਕੁੱਤਾ। ਪਰ ਉਹ ਪਿੱਛੇ-ਪਿੱਛੇ ਆ ਰਿਹਾ ਸੀ। ਪਿਓ ਦਾ ਨਾਰਾਜ਼ ਹੋਣਾ ਸੁਭਾਵਿਕ ਸੀ। ਉਸ ਨੇ ਕਿਹਾ, ਦਸ ਕਰੋੜ ਦਫ਼ਾ ਤੈਨੂੰ ਕਹਿ ਚੁੱਕਿਆ ਹਾਂ ਕਿ ਅਤਿਸ਼ਯੋਕਤਿ ਨਾ ਕੀਤਾ ਕਰ।

ਮੁੰਡਾ ਤਾਂ ਚਲਾ ਗਿਆ। ਮੈਂ ਪਿਓ ਨੂੰ ਪੁੱਛਿਆ, ਇਸ ਬੱਚੇ ਦੀ ਉਮਰ ਕਿੰਨੀ ਹੈ? ਉਸ ਨੇ ਕਿਹਾ, ਹੋਏਗੀ ਕੋਈ ਤਿੰਨ ਸਾਲ ਦੀ।

ਤਾਂ ਮੈਂ ਕਿਹਾ—ਜੇਕਰ ਇਸ ਦੇ ਜਨਮ ਤੋਂ ਲੈ ਕੇ ਤੁਸੀਂ ਰੋਜ਼ ਇਕ ਲੱਖ ਵਾਰ ਕਹਿ ਰਹੇ ਹੋ ਤਦ ਕਿਤੇ ਤਿੰਨ ਸਾਲਾਂ ਵਿਚ ਦਸ ਕਰੋੜ...।

ਅਤਿਸ਼ਯੋਕਤਿ ਤੁਸੀਂ ਇਸ ਦੀ ਰੁਕਵਾਉਣਾ ਚਾਹੁੰਦੇ ਹੋ, ਜ਼ਿਆਦਤੀ ਤਾਂ ਤੁਸੀਂ ਵੀ ਕਰ ਰਹੇ ਹੋ, ਅਤੇ ਉਸ ਤੋਂ ਬਹੁਤੀ ਕਰ ਰਹੇ ਹੋ। ਸ਼ਾਇਦ ਉਸ ਦੀ ਜ਼ਿਆਦਤੀ ਵਿਚ ਤਾਂ ਥੋੜ੍ਹਾ ਸੱਚ ਹੈ—ਥੋੜ੍ਹਾ ਸੱਚ ਇਹ ਹੈ ਕਿ ਇਹ ਡਰ ਗਿਆ ਹੈ, ਕੁੱਤਾ ਹੀ ਸੀ, ਲੇਕਿਨ ਇਸ ਨੂੰ ਡਰ ਸ਼ੇਰ ਦਾ ਲੱਗ ਗਿਆ ਹੋਏਗਾ। ਇਹ ਘਾਬਰ ਗਿਆ ਹੈ, ਘਬਰਾਹਟ ਵਿਚ ਹਜ਼ਾਰਾਂ-ਸੈਂਕੜੇ ਕਰ ਸੁੱਟੇ ਇਸ ਨੇ, ਕੁੱਤੇ ਦਾ ਸ਼ੇਰ ਬਣ ਗਿਆ। ਪਰ ਇਸ ਦੀ ਇਸ ਵੱਡੀ ਜ਼ਿਆਦਤੀ ਵਿਚ ਵੀ ਥੋੜ੍ਹਾ ਸੱਚ ਹੈ, ਤੁਹਾਡੇ ਦਸ ਕਰੋੜ ਵਿਚ ਤਾਂ ਇੰਨਾ ਵੀ ਸੱਚ ਨਹੀਂ ਹੈ, ਪਰ ਆਪਣੀ ਜ਼ਿਆਦਤੀ ਵਿਖਾਈ ਨਹੀਂ ਦਿੰਦੀ। ਦੂਜੇ ਦੀ ਜ਼ਿਆਦਤੀ ਸਰਲਤਾ ਨਾਲ ਵਿਖਾਈ ਦੇ ਜਾਂਦੀ ਹੈ।

ਪੁੱਛਿਆ ਹੈ, ਤੜਫਦੇ-ਤੜਫਦੇ ਮੇਰਾ ਸੀਨਾ ਛਾਨਣੀ ਹੋ ਗਿਆ ਹੈ! ਜੇਕਰ ਸੱਚ-ਮੁੱਚ ਹੀ ਇੰਨੀ ਤੜਫ ਹੋਵੇ ਕਿ ਸੀਨਾ ਛਾਨਣੀ ਹੋ ਜਾਏ ਤਾਂ ਪਰਮਾਤਮਾ ਨਾਲ ਮਿਲਣ ਹੋ ਹੀ ਜਾਂਦਾ ਹੈ, ਕਿਉਂਕਿ ਤੜਫ ਹੀ ਤਾਂ ਉਸ ਦੀ ਪ੍ਰਾਰਥਨਾ

ਹੈ ਅਤੇ ਤੜਫ ਹੀ ਤਾਂ ਉਸ ਦੀ ਪੂਜਾ ਹੈ ਅਤੇ ਜਿਹੜਾ ਇੰਨਾ ਤੜਫਿਆ ਹੋਵੇ ਕਿ ਸੀਨਾ ਛਾਨਣੀ ਹੋ ਜਾਏ...।

ਥੋੜ੍ਹਾ ਸੋਚਣਾ ਕਿ ਛਾਨਣੀ ਦਾ ਮਤਲਬ ਕੀ ਹੁੰਦਾ ਹੈ। ਛੇਦ ਹੀ ਛੇਦ ਜਿਸ ਵਿਚ ਹੋ ਗਏ ਹੋਣ, ਕੁਝ ਵੀ ਫੜਨ ਦੀ ਸੁਵਿਧਾ ਨਾ ਰਹਿ ਗਈ ਹੋਵੇ। ਛਾਨਣੀ ਕੁਝ ਵੀ ਸੰਭਾਲ ਨਹੀਂ ਸਕਦੀ, ਭਰੋ ਪਾਣੀ ਸਾਰਾ ਵਗ ਜਾਂਦਾ ਹੈ। ਸੀਨਾ ਛਾਨਣੀ ਹੋ ਜਾਣ ਦਾ ਮਤਲਬ ਇਹ ਹੁੰਦਾ ਹੈ ਕਿ ਹੁਣ ਕੁਝ ਵੀ ਫੜਨ ਦੀ ਸਾਮ੍ਥ (ਹਿੰਮਤ) ਨਾ ਰਹੀ, ਕੋਈ ਪਕੜ ਨਹੀਂ ਰਹੀ, ਕਿਸੇ ਵੀ ਚੀਜ਼ ਨੂੰ ਫੜ ਕੇ ਰੱਖਣ ਦਾ ਉਪਾਇ ਨਹੀਂ ਰਿਹਾ। ਹੰਕਾਰ ਵੀ ਨਹੀਂ ਭਰ ਸਕਦਾ, ਸੀਨਾ ਛਾਨਣੀ ਹੋ ਜਾਏ, ਤਾਂ ਕਿਉਂਕਿ ਉਹ ਵੀ ਵਗ ਜਾਏਗਾ, ਵਾਸਨਾ ਨਹੀਂ ਭਰ ਸਕਦੀ। ਮਹੱਤਵਕਾਂਕਸ਼ਾ (ਵੱਡੀਆਂ ਇੱਛਾਵਾਂ) ਨਹੀਂ ਭਰ ਸਕਦੀ, ਈਰਸ਼ਾ, ਨਫ਼ਰਤ ਨਹੀਂ ਭਰ ਸਕਦੀ—ਮੋਹ, ਆਸਕਿਤ, ਮਾਯਾ ਮਾਤਰ, ਜਨੂੰਨ ਕੁਝ ਵੀ ਨਹੀਂ ਭਰ ਸਕਦਾ।

ਸੀਨਾ ਛਾਨਣੀ ਹੋ ਗਿਆ ਤਾਂ ਤੁਸੀਂ ਸ਼ੂਨਯ ਹੋ ਜਾਓਗੇ। ਸੀਨਾ ਛਾਨਣੀ ਹੋ ਜਾਏ, ਤੁਸੀਂ ਸ਼ੂਨਯ ਹੋ ਜਾਓ ਤਾਂ ਪੂਰਣ ਨਾਲ ਮਿਲਣ ਵਿਚ ਰੁਕਾਵਟ ਹੋਰ ਕੀ ਹੈ ?

ਨਹੀਂ, ਲੇਕਿਨ ਕਵਿਤਾ ਕਰਨਾ ਇਕ ਗੱਲ ਹੈ, ਜੀਵਨ ਦੇ ਸੱਤਯਾਂ ਨੂੰ ਸਮਝਣਾ ਬਿਲਕੁਲ ਦੂਜੀ ਗੱਲ ਹੈ। ਲੰਗੜੇ ਕੁੱਤੇ ਨੂੰ ਵੇਖ ਕੇ ਸ਼ੇਰ ਬੱਬਰ ਯਾਦ ਆ ਗਿਆ ਹੈ।

ਤੜਫਦੇ-ਤੜਫਦੇ ਮੇਰਾ ਸੀਨਾ ਛਾਨਣੀ ਹੋ ਗਿਆ ਹੈ! ਅਤੇ ਧਿਆਨ ਰੱਖਣਾ, ਅੱਛੇ ਸ਼ਬਦਾਂ ਵਿਚ ਖ਼ਤਰਾ ਹੈ, ਸੁੰਦਰ ਸ਼ਬਦਾਂ ਵਿਚ ਖ਼ਤਰਾ ਹੈ, ਕਿਉਂਕਿ ਇਕ ਸ਼ਬਦ ਦੇ ਪਿੱਛੇ ਦੂਜਾ ਸ਼ਬਦ ਬੱਝਿਆ ਚਲਾ ਆਉਂਦਾ ਹੈ। ਤੁਸੀਂ ਕਵਿਤਾ ਸ਼ੁਰੂ ਕੀਤੀ, ਸ਼ੁਰੂ ਭਲਾ ਤੁਸੀ ਕੀਤੀ ਹੋਵੇ, ਅੰਤ ਤੁਹਾਡੇ ਕੋਲੋਂ ਨਹੀਂ ਹੁੰਦਾ। ਤੁਸੀਂ ਕਵਿਤਾ ਦੀ ਇਕ ਲਾਈਨ ਬਣਾ ਲਈ, ਦੂਜੀ ਲਾਈਨ ਪਹਿਲੀ ਲਾਈਨ ਵਿਚੋਂ ਆਪਣੇ ਆਪ ਪੈਦਾ ਹੋ ਜਾਂਦੀ ਹੈ। ਇਸ ਨੂੰ ਥੋੜ੍ਹਾ ਮਨ ਵਿਚ ਸੋਚਣਾ ਅਤੇ ਸਮਝਣਾ ਅਤੇ ਵਿਸ਼ਲੇਸ਼ਣ (ਅਨੈਲੇਸਿਸ) ਕਰਨਾ।

ਜਿਥੇ ਤੁਸੀਂ ਕਲਪਨਾ ਵਿਚ ਉਤਰਨੇ ਸ਼ੁਰੂ ਹੋਏ ਕਿ ਅਨੰਤ ਕਲਪਨਾਵਾਂ ਦੇ ਦੁਆਰ ਖੁੱਲ੍ਹ ਜਾਂਦੇ ਹਨ। ਫਿਰ ਸਾਰੇ ਪਾਸਿਆਂ ਤੋਂ ਕਲਪਨਾਵਾਂ ਵਗਣੀਆਂ ਚਾਲੂ ਹੋ ਜਾਂਦੀਆਂ ਹਨ। ਮਨੁੱਖ ਦਾ ਮਨ ਤਾਂ ਸੁਫਨੇ ਵੇਖਣ ਵਿਚ ਬਹੁਤ ਕੁਸ਼ਲ ਹੈ। ਝੂਠ ਤਾਂ ਉਸ ਦੀ ਇਕ ਮਾਤਰ ਕਲਾ ਹੈ। ਹੋਰ ਤਾਂ ਮਨ ਕੁਝ ਜਾਣਦਾ ਹੀ ਨਹੀਂ। ਸਤਯ ਨਾਲ ਤਾਂ ਉਸ ਦਾ ਕੁਝ ਸੰਬੰਧ ਨਹੀਂ ਹੈ।

ਹੋਰ ਮੈਂ ਇਕ ਜ਼ਖ਼ਮ ਹੋ ਗਈ ਹਾਂ।

ਜੇਕਰ ਤੁਸੀਂ ਜ਼ਖ਼ਮ ਹੀ ਹੋ ਜਾਓ, ਜੇਕਰ ਤੁਹਾਡੇ ਪ੍ਰਾਣ ਪੀੜਾ ਨਾਲ ਭਰ ਜਾਣ, ਤਾਂ ਫਿਰ ਹੋਰ ਕਰਨੇ ਨੂੰ ਬਚਿਆ ਕੀ ? ਫਿਰ ਹੋਰ ਤੁਸੀਂ ਕਰੋਗੇ ਵੀ ਕੀ ? ਫਿਰ ਵੀ ਜੇਕਰ ਪਰਮਾਤਮਾ ਨਾ ਮਿਲੇ, ਤਾਂ ਉਸ ਦਾ ਇਕ ਹੀ ਅਰਥ ਹੁੰਦਾ ਹੈ ਕਿ ਪਰਮਾਤਮਾ ਹੋਏਗਾ ਨਹੀਂ। ਸੋ ਅਜਿਹੀ ਚਿੱਤ ਦਸ਼ਾ ਦੇ ਦੋ ਹੀ ਅਰਥ ਹੋ ਸਕਦੇ ਹਨ। ਜਾਂ ਤਾਂ ਪਰਮਾਤਮਾ ਹੈ ਹੀ ਨਹੀਂ, ਕਿਉਂਕਿ ਹੁਣ ਹੋਰ ਕੀ ਕੀਤਾ ਜਾ ਸਕਦਾ ਹੈ...? ਜੋ ਕਰਨਾ ਸੀ ਉਹ ਸਭ ਕੀਤਾ ਜਾ ਚੁੱਕਿਆ—ਤੁਸੀਂ ਇਕ ਜ਼ਖ਼ਮ ਹੋ ਗਏ, ਸੀਨਾ ਛਾਨਣੀ ਹੋ ਗਿਆ! ਅਤੇ ਜਾਂ ਫਿਰ ਪਰਮਾਤਮਾ ਤਾਂ ਹੈ, ਇਹ ਘਟਨਾ ਤੁਹਾਨੂੰ ਨਹੀਂ ਘਟੀ ਹੈ। ਇਸ ਦੀ ਤੁਸੀਂ ਕਲਪਨਾ ਕਰ ਲਈ ਹੈ। ਹਾਲਾਂਕਿ ਤੁਹਾਡਾ ਮਨ ਵੀ ਇਹ ਹੀ ਹੋਏਗਾ ਕਿ ਜਿਥੋਂ ਤਕ, ਤਾਂ ਪਰਮਾਤਮਾ ਹੀ ਨਾ ਹੋਏਗਾ, ਕਿਉਂਕਿ ਆਪਣੇ ਉੱਤੇ ਸ਼ੱਕ ਨਹੀਂ ਆਉਂਦਾ, ਪਰਮਾਤਮਾ ਤੱਕ ਉੱਤੇ ਸ਼ੱਕ ਲਿਆਉਣਾ ਆਸਾਨ ਹੈ। ਮੇਰਾ ਸੀਨਾ ਤਾਂ ਛਾਨਣੀ ਹੋ ਹੀ ਗਿਆ ਸੀ, ਮੈਂ ਤਾਂ ਜ਼ਖ਼ਮੀ ਹੋ ਹੀ ਗਿਆ ਹਾਂ—ਮਨ ਇਹ ਹੀ ਕਹੇਗਾ, ਇਸ ਤੋਂ ਸਾਫ਼ ਹੈ ਕਿ ਪਰਮਾਤਮਾ ਨਹੀਂ ਹੈ। ਇਸ ਲਈ ਤਾਂ ਨਾਸਤਿਕਤਾ ਪੈਦਾ ਹੁੰਦੀ ਹੈ।

ਨਾਸਤਿਕਤਾ ਆਪਣੇ ਉੱਤੇ ਭਰੋਸਾ ਹੈ—ਜ਼ਰੂਰਤ ਤੋਂ ਜ਼ਿਆਦਾ ਅਤਿਸ਼ਯੋਕਤਿ ਪੂਰਣ। ਨਾਸਤਿਕਤਾ ਕਹਿੰਦੀ ਹੈ, ਮੈਂ ਤਾਂ ਹਾਂ, ਪਰਮਾਤਮਾ ਨਹੀਂ ਹੈ। ਆਸਤਿਕ ਕਹਿੰਦਾ ਹੈ, ਮੈਂ ਨਹੀਂ ਹਾਂ, ਪਰਮਾਤਮਾ ਹੈ। ਬੱਸ, ਤੀਰ ਨੂੰ ਜ਼ਰਾ ਕੁ ਜਿੰਨਾ ਬਦਲ ਲੈਣਾ ਹੈ। ਨਹੀਂ ਤਾਂ ਤੀਰ ਆਪਣੇ ਉੱਤੇ ਲਾ ਲੈਣਾ ਹੈ। ਉਹ ਹੀ ਤੀਰ ਪਰਮਾਤਮਾ 'ਤੇ ਲੱਗ ਜਾਏ—ਤੀਰ ਉਹ ਹੀ ਹੈ, ਮੈਂ ਹਾਂ, ਪਰਮਾਤਮਾ ਨਹੀਂ ਹੈ, ਆਪਣੇ ਹੋਣੇ ਨੂੰ ਤੁਸੀਂ ਵੱਡਾ ਕਰ ਕੇ ਵੇਖ ਲਓ ਅਤੇ ਪਰਮਾਤਮਾ ਦੇ ਸਾਰੇ ਹੋਣੇ ਨੂੰ ਪੀ ਜਾਓ, ਉਸ ਨੂੰ ਵੀ ਆਪਣੇ ਹੰਕਾਰ ਵਿਚ ਜੋੜ ਲਓ—ਤਾਂ ਨਾਸਤਿਕ ਅਤੇ ਤੁਸੀਂ ਪਰਮਾਤਮਾ ਨੂੰ ਇੰਨਾ ਹੋਣਾ ਦੇ ਦਿਓ ਕਿ ਆਪਣਾ ਹੋਣਾ ਵੀ ਉਸੇ ਵਿਚ ਸ਼ਾਮਲ ਹੋ ਜਾਏ, ਉਸ ਤੋਂ ਇਲਾਵਾ ਆਪਣਾ ਹੋਣਾ ਨਾ ਬਚੇ—ਤਾਂ ਆਸਤਿਕ।

ਅਤੇ ਦੋ ਹੀ ਤਾਂ ਵਿਕਲਪ ਹਨ—ਜਾਂ ਤਾਂ ਹੰਕਾਰ ਦਾ ਭਰੋਸਾ ਹੈ...।

ਇਹ ਸਾਰੀ ਭਾਸ਼ਾ ਹੰਕਾਰ ਦੀ ਹੈ। ਤੁਸੀਂ ਇਹ ਤਾਂ ਮੰਨ ਹੀ ਨਹੀਂ ਸਕਦੇ ਕਿ ਤੁਹਾਡੇ ਵੱਲੋਂ ਕੋਈ ਕਮੀ ਰਹਿ ਗਈ ਹੈ। ਪਰਮਾਤਮਾ ਜੇਕਰ ਨਹੀਂ ਮਿਲ ਰਿਹਾ ਹੈ ਤਾਂ ਪਰਮਾਤਮਾ ਦੇ ਵੱਲੋਂ ਹੀ ਕਮੀ ਹੋਏਗੀ, ਜੇਕਰ ਨਹੀਂ ਮਿਲ ਰਿਹਾ ਹੈ ਤਾਂ ਕਠੋਰ ਹੋਏਗਾ, ਜੇਕਰ ਨਹੀਂ ਸੁਣ ਰਿਹਾ ਤਾਂ ਬੋਲਾ ਹੋਏਗਾ, ਜੇਕਰ ਨਹੀਂ ਭੱਜਿਆ ਆਉਂਦਾ ਹੈ ਤੁਹਾਡੇ ਜ਼ਖ਼ਮ ਨੂੰ ਵੇਖ ਕੇ ਤਾਂ ਉਸ ਦੇ ਕੋਲ ਕੋਈ ਹਿਰਦੇ

ਨਹੀਂ ਹੈ। ਜੇਕਰ ਇਸੇ ਨਾਲ ਤੁਸੀਂ ਟੁਰਦੇ ਰਹੋ—ਇਸੇ ਤਰਕ ਉੱਤੇ ਤਾਂ ਇਕ ਨਾ ਇਕ ਦਿਨ ਤੁਸੀਂ ਕਹੋਗੇ ਕਿ ਮੈਂ ਤਾਂ ਤਾਰ-ਤਾਰ ਛਾਨਣੀ-ਛਾਨਣੀ ਹੋ ਗਿਆ, ਪਰਮਾਤਮਾ ਕਿਤੇ ਹੈ ਨਹੀਂ। ਤੁਹਾਡੇ ਅੰਦਰ ਨਾਸਤਿਕ ਚੱਲ ਰਿਹਾ ਹੈ, ਨਾਸਤਿਕ ਪੈਦਾ ਹੋਣ ਦੀ ਤਿਆਰੀ ਕਰ ਰਿਹਾ ਹੈ। ਨਾਸਤਿਕ ਤੁਹਾਡੇ ਗਰਭ ਵਿਚ ਲੁਕਿਆ ਹੈ। ਅਤਿਸ਼ਯੋਕਤਿ ਵਿਚ ਅਸਤਯ ਲੁਕਿਆ ਹੈ, ਅਸਤਯ ਵਿਚ ਨਾਸਤਿਕ ਲੁਕਿਆ ਹੈ—ਇਸ ਤੋਂ ਜਾਗੋ।

ਸੋ, ਪਹਿਲੀ ਤਾਂ ਗੱਲ ਇਹ ਹੈ ਕਿ ਹਜ਼ਾਰ ਛੇਦ ਨਾ ਹੋਏ ਹੋਣ ਤਾਂ ਹਜ਼ਾਰ ਛੇਦਾਂ ਦੀ ਗੱਲ ਨਾ ਕਰੋ। ਜੇਕਰ ਤੁਸੀਂ ਆਸਤਿਕ ਤੋਂ ਪੁੱਛੋ, ਠੀਕ ਆਸਤਿਕ ਤੋਂ ਤਾਂ ਉਹ ਇਹ ਹੀ ਕਹੇਗਾ, ਮੈਂ ਤੈਨੂੰ ਪਾਉਣ ਲਈ ਕੁਝ ਵੀ ਤਾਂ ਨਹੀਂ ਕੀਤਾ। ਜੇਕਰ ਦੋ ਫੁੱਲ ਚੜ੍ਹਾ ਦਿੱਤੇ ਤਾਂ ਉਨ੍ਹਾਂ ਵਿਚ ਵੀ ਮੇਰਾ ਕੀ ਹੈ, ਤੇਰੇ ਉੱਤੇ ਚੜ੍ਹੇ ਹੀ ਸਨ, ਉਨ੍ਹਾਂ ਨੂੰ ਤੋੜ ਲਿਆਇਆ। ਕੁਝ ਵੱਡਾ ਉਪਕ੍ਰਮ ਨਹੀਂ ਹੋ ਗਿਆ ਹੈ। ਤੇਰੇ ਸਾਹਮਣੇ ਬੈਠ ਕੇ ਦੋ ਅੱਥਰੂ ਗੇਰ ਵੀ ਦਿੱਤੇ, ਤਾਂ ਤੇਰੀਆਂ ਹੀ ਅੱਖਾਂ ਸੀ, ਤੇਰੇ ਹੀ ਅੱਥਰੂ ਸਨ। ਤੇਰੀ ਹੀ ਚੀਜ਼ ਸੀ ਗੋਬਿੰਦ, ਤੈਨੂੰ ਹੀ ਅਰਪਣ ਕਰ ਦਿੱਤੀ। ਮੇਰਾ ਇਸ ਵਿਚ ਕੀ ਹੈ?

ਆਸਤਿਕ ਤਾਂ ਆਪਣੇ ਹਿਰਦੇ ਨੂੰ ਵੀ ਉਤਾਰ ਕੇ ਰੱਖ ਦੇਵੇਗਾ ਪਰਮਾਤਮਾ ਦੇ ਸਾਹਮਣੇ, ਧੌਣ ਵੀ ਲਾਹ ਕੇ ਰੱਖ ਦੇਵੇਗਾ ਤਾਂ ਵੀ ਇਹ ਕਹੇਗਾ ਕਿ ਮੈਂ ਕੌਣ ਹਾਂ! ਤੂੰ ਹੀ ਜਨਮ ਦਿੱਤਾ ਸੀ ਤੂੰ ਹੀ ਵਾਪਸ ਲੈ ਲਿਆ।

ਆਸਤਿਕ ਆਪਣੇ ਵਿਚ ਕਰਤਾ ਨਹੀਂ ਵੇਖੇਗਾ, ਪਰਮਾਤਮਾ ਨੂੰ ਹੀ ਵੇਖੇਗਾ। ਅਤੇ ਅਜਿਹੀ ਘੜੀ ਵਿਚ ਕੋਈ ਦੁਆਰ ਬੰਦ ਕਿਵੇਂ ਰਹਿ ਸਕਦਾ ਹੈ? ਕਦੇ ਨਹੀਂ ਰਿਹਾ ਹੈ। ਕੋਈ ਤੁਹਾਡੇ ਲਈ ਖ਼ਾਸ ਨਿਯਮ ਥੋੜ੍ਹੇ ਹੀ ਲਾਗੂ ਕਰਨਾ ਹੋਏਗਾ? ਇਕ ਵੀ ਛੇਦ ਹੋ ਜਾਏ ਹਿਰਦੇ ਵਿਚ ਤਾਂ ਤੁਸੀਂ ਖ਼ਾਲੀ ਹੋ ਜਾਉਗੇ। ਹਜ਼ਾਰ ਛੇਦਾਂ ਦੀ ਲੋੜ ਥੋੜ੍ਹੇ ਹੀ ਹੈ। ਬੇੜੀ ਇਕ ਛੇਦ ਨਾਲ ਡੁੱਬ ਜਾਂਦੀ ਹੈ—ਕੋਈ ਛਾਨਣੀ ਥੋੜ੍ਹੇ ਹੀ ਹੋਣਾ ਪੈਂਦਾ ਹੈ।

ਮੈਂ ਤੁਹਾਨੂੰ ਆਖਦਾ ਹਾਂ, ਅਜੇ ਇਕ ਵੀ ਛੇਦ ਨਹੀਂ ਹੋਇਆ। ਇਹ ਛੇਦ ਦੀ ਗੱਲਬਾਤ ਤੁਹਾਡੀ ਕਲਪਨਾ ਹੋਏਗੀ। ਇਹ ਵੀ ਤੁਹਾਡੇ ਮਨ ਦਾ ਮਜ਼ਾ ਹੈ। ਹੋਰ ਤਰ੍ਹਾਂ ਦੇ ਮਜ਼ੇ ਵੇਖ ਲਏ ਹਨ—ਮੇਰੇ ਕੋਲ ਬਹੁਤ ਧਨ ਹੈ, ਮੇਰੇ ਕੋਲ ਵੱਡਾ ਮਕਾਨ ਹੈ, ਵੱਡਾ ਅਹੁਦਾ ਹੈ, ਹੁਣ ਉਸ ਤੋਂ ਤੁਸੀਂ ਉਬ ਗਏ ਹੋ। ਹੁਣ ਤੁਸੀਂ ਇਕ ਨਵੀਂ ਮਹੱਤਵਕਾਂਕਸ਼ਾ ਵਿਚ ਲੱਗੇ ਹੋ, ਪਰ ਖਿਡਾਰ ਉਹ ਹੀ ਹੈ ਕਿ ਮੇਰੇ ਹਿਰਦੇ ਵਿਚ ਹਜ਼ਾਰ-ਹਜ਼ਾਰ ਛੇਦ ਹਨ—ਕਿਸੇ ਦੇ ਹਿਰਦੇ ਵਿਚ ਏਨੇ ਛੇਦ ਪਰਮਾਤਮਾ ਦੀ ਪੀੜਾ ਨਾਲ ਨਹੀਂ ਹੋਏ, ਮੈਂ ਛਾਨਣੀ ਹੋ ਗਿਆ। ਜੇਕਰ

ਕੋਈ ਦੂਜਾ ਦਾਅਵਾ ਕਰੇਗਾ ਕਿ ਮੇਰੇ ਛੇਦ ਤਾਂ ਗਿਣੋ, ਤੁਹਾਡੇ ਤੋਂ ਬਹੁਤੇ ਹਨ ਤਾਂ ਬਹੁਤ ਤਕਲੀਫ਼ ਹੋਏਗੀ, ਦੁੱਖ ਲੱਗੇਗਾ। ਉਹ ਹੀ ਪ੍ਰਬਲ ਇੱਛਾ, ਉਹ ਹੀ ਹੰਕਾਰ ਨਵੇਂ ਰੂਪਾਂ ਵਿਚ ਫੜ ਰਿਹਾ ਹੈ। ਤਾਂ ਇਸ ਤਰ੍ਹਾਂ ਤਾਂ ਇਹ ਮੂੜ੍ਹਤਾ ਕਦੇ ਵੀ ਨਹੀਂ ਟੁੱਟੇਗੀ।

ਤਾਂ ਪਹਿਲੀ ਗੱਲ ਤਾਂ ਗੌਰ ਨਾਲ ਵੇਖੋ, ਫਿਰ ਤੋਂ ਸੋਚਣਾ—ਤੜਫਦੇ-ਤੜਫਦੇ ਮੇਰਾ ਸੀਨਾ ਛਾਨਣੀ ਹੋ ਗਿਆ ਹੈ।

ਕੀ ਤੜਫਦੇ ਹੋ ? ਧਨ ਦੇ ਲਈ ਜਿੰਨਾ ਤੜਫੇ ਹੋ, ਓਨਾ ਪਰਮਾਤਮਾ ਲਈ ਨਹੀਂ ਤੜਫੇ। ਕਾਮਵਾਸਨਾ ਲਈ ਜਿੰਨਾ ਤੜਫੇ ਹੋ ਓਨਾ ਪਰਮਾਤਮਾ ਦੇ ਲਈ ਨਹੀਂ ਤੜਫੇ। ਜੇਕਰ ਹੁਣੇ ਜੇਬ ਕੱਟ ਜਾਏ ਤਾਂ ਜਿੰਨਾ ਰੋਵੋਗੇ ਓਨੇ ਵੀ ਪਰਮਾਤਮਾ ਦੇ ਖੁੱਸ ਜਾਣ ਨਾਲ ਨਹੀਂ ਰੋਏ ਹੋ ਕਿ ਹੁਣੇ ਮਕਾਨ ਢਹਿ ਪਵੇ ਤਾਂ ਜਿਵੇਂ ਛਾਤੀ ਉੱਤੇ ਦੁੱਖ ਦਾ ਪਹਾੜ ਡਿੱਗੇਗਾ ਅਜਿਹਾ ਮੰਦਰ ਦੇ ਢੱਠ ਜਾਣ ਨਾਲ ਕਦ ਪੀੜ ਹੋਈ ਹੈ ? ਹੁਣੇ ਨਿੱਕਾ ਜਿਹਾ ਬੱਚਾ ਤੁਹਾਡਾ ਚੱਲ ਬਸੇ ਜਾਂ ਪਤਨੀ ਚੱਲ ਬਸੇ ਜਾਂ ਪਤੀ ਚੱਲ ਬਸੇ ਤਾਂ ਜਿਹੋ ਜਿਹੀ ਦਹਾੜ ਮਾਰ ਕੇ ਤੁਸੀਂ ਰੋਵੋਗੇ, ਅਜਿਹੇ ਤੁਸੀਂ ਪਰਮਾਤਮਾ ਦੇ ਗੁਆਚ ਜਾਣ ਨਾਲ ਰੋਏ ਹੋ ?

ਤੜਫਦੇ-ਤੜਫਦੇ ਮੇਰਾ ਸੀਨਾ ਛਾਨਣੀ ਹੋ ਗਿਆ ! ...ਫਿਰ ਤੋਂ ਸੋਚਣਾ। ਕਵਿਤਾ ਕਰਨੀ ਹੋਵੇ ਤਾਂ ਫਿਰ ਕੋਈ ਹਰਜਾ ਨਹੀਂ ਹੈ।

ਯੂਨਾਨ ਵਿਚ ਇਕ ਬਹੁਤ ਵੱਡਾ ਵਿਚਾਰਕ ਹੋਇਆ—ਪਲੈਟੋ। ਉਸ ਨੇ ਇਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਹੈ—ਭਵਿੱਖ ਦੇ ਇਕ ਅਟੋਪਿਆ ਦੀ ਜਿਥੇ ਸਭ ਸੁੰਦਰ ਹੋਏਗਾ, ਪਰ ਇਕ ਉਸ ਨੇ ਅਜੀਬ ਗੱਲ ਆਪਣੇ ਉਸ ਅਟੋਪਿਆ, ਰਿਪਲਿਕ ਵਿਚ ਲਿਖੀ ਹੈ ਕਿ ਉਸ ਦੁਨੀਆਂ ਵਿਚ ਕਵੀ ਬਿਲਕੁਲ ਨਹੀਂ ਹੋਣਗੇ। ਪਲੈਟੋ ਦੇ ਕਲਪਨਾ ਦੇ ਲੋਕ ਵਿਚ ਰਾਮ ਰਾਜ ਵਿਚ ਕਵੀਆਂ ਲਈ ਕੋਈ ਥਾਂ ਨਹੀਂ ਹੈ। ਸ਼ਿਸ਼ਿਆ ਨੇ ਪੁੱਛਿਆ ਕਿ ਤੁਸੀਂ ਇਹ ਕੀ ਕਰ ਰਹੇ ਹੋ, ਇਹ ਤਾਂ ਅਸੀਂ ਸੋਚ ਵੀ ਨਹੀਂ ਸਕਦੇ—ਹੋਰ ਸਭ ਹੋਏਗਾ, ਸਭ ਸੁੰਦਰ ਅਤੇ ਸੁੰਦਰਤਾ ਦੇ ਪੁਜਾਰੀ ਨਹੀਂ ਹੋਣਗੇ ?

ਪਲੈਟੋ ਨੇ ਕਿਹਾ, ਕਵਿਤਾ ਇਕ ਝੂਠ ਹੈ ਅਤੇ ਕਵੀਆਂ ਤੋਂ ਬਹੁਤੇ ਝੂਠੇ ਲੋਕ ਪਾਉਣਾ ਮੁਸ਼ਕਿਲ ਹਨ।

ਇਸ ਵਿਚ ਸੱਚਾਈ ਹੈ। ਸੌ ਕਵੀਆਂ ਵਿਚੋਂ ਨੜਿੰਨਵੇਂ ਝੂਠੇ ਹੁੰਦੇ ਹਨ, ਹੋਰ ਇਕ ਜੋ ਝੂਠਾ ਨਹੀਂ ਹੁੰਦਾ, ਉਸ ਨੂੰ ਅਸੀਂ ਰਿਸ਼ੀ ਕਿਹਾ ਹੈ, ਕਵੀ ਨਹੀਂ ਕਿਹਾ ਹੈ। ਅਸੀਂ ਫ਼ਰਕ ਕੀਤਾ ਹੈ ਇਸ ਮੁਲਕ ਵਿਚ। ਉਪਨਿਸਦ ਦੇ ਕਵੀਆਂ ਨੂੰ ਅਸੀਂ ਰਿਸ਼ੀ ਕਿਹਾ ਹੈ, ਕਿਉਂਕਿ ਉਹ, ਉਹ ਹੀ ਕਹਿ ਰਹੇ ਹਨ ਜੋ ਉਨ੍ਹਾਂ

ਨੇ ਜਾਣਿਆ ਹੈ ਅਤੇ ਤੁਹਾਡੇ ਕਵੀ ਸੰਮੇਲਨਾਂ ਵਿਚ ਜਿਹੜੇ ਕਵੀ ਇਕੱਠੇ ਹੋ ਰਹੇ ਹਨ, ਉਨ੍ਹਾਂ ਦਾ ਜਾਨਣ ਦੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਕਲਪਨਾ ਕਰਨ ਵਿਚ ਕੁਸ਼ਲ ਹਨ, ਸੁਫਨੇ ਸੰਜੋਣ ਵਿਚ ਕੁਸ਼ਲ ਹਨ, ਉਨ੍ਹਾਂ ਦੀਆਂ ਕਵਿਤਾਵਾਂ ਸਿਵਾਏ ਝੂਠ ਦੇ ਹੋਰ ਕੁਝ ਵੀ ਨਹੀਂ ਹੈ। ਤੁਹਾਨੂੰ ਵੀ ਪ੍ਰੀਤੀਕਰ ਲੱਗਦੀਆਂ ਹਨ ਉਨ੍ਹਾਂ ਦੀਆਂ ਕਵਿਤਾਵਾਂ, ਕਿਉਂਕਿ ਝੂਠ ਨਾਲ ਝੂਠ ਦਾ ਤਾਲਮੇਲ ਹੋ ਜਾਦਾ ਹੈ। ਤੁਸੀਂ ਵੀ ਪ੍ਰਫੁੱਲਿਤ ਹੁੰਦੇ ਹੋ ਕਿਉਂਕਿ ਅਜਿਹਾ ਲੱਗਦਾ ਹੈ, ਜੋ ਤੁਸੀਂ ਕਹਿਣਾ ਚਾਹੁੰਦੇ ਸੀ, ਉਹ ਉਨ੍ਹਾਂ ਨੇ ਕਹਿ ਦਿੱਤਾ। ਤੁਸੀਂ ਇੰਨੀ ਸੁਘੜਤਾ ਨਾਲ ਨਾ ਕਹਿ ਸਕਦੇ ਸ਼ਾਇਦ ਉਨ੍ਹਾਂ ਨੇ ਜ਼ਿਆਦਾ ਸੁਡੋਲ (ਪੱਕੇ) ਸ਼ਬਦ ਚੁਣ, ਜ਼ਿਆਦਾ ਲੈਅ-ਬੱਧ ਬਹੁਤੇ ਸੰਗੀਤਪੂਰਣ। ਉਹ ਜ਼ਿਆਦਾ ਕੁਸ਼ਲ ਹਨ, ਮਾਤ੍ਰਾ ਵਿਆਕਰਣ, ਕਵਿਤਾ ਸ਼ਾਸਤ੍ਰ, ਛੰਦ ਵਿਚ। ਤੁਸੀਂ ਜੋ ਕਹਿਣਾ ਚਾਹੁੰਦੇ ਸੀ, ਉਨ੍ਹਾਂ ਨੇ ਕਹਿ ਦਿੱਤਾ। ਪਰ ਝੂਠ ਤੁਹਾਡੇ ਅੰਦਰ ਵੀ ਡੂੰਘੀਆਂ ਜੜ੍ਹਾਂ ਵਾਲਾ ਹੈ।

ਪਲੈਟੋ ਠੀਕ ਕਹਿੰਦਾ ਹੈ। ਮੈਂ ਜਾਣਦਾ ਹਾਂ ਕਿ ਕਵੀ ਨਹੀਂ ਹੋ ਸਕਦੇ ਸੁੰਦਰ ਲੋਕ ਵਿਚ, ਰਿਸ਼ੀ ਹੋਣਗੇ। ਉਹ ਓਨੀ ਦੀ ਹੀ ਗੱਲ ਕਰਨਗੇ ਜਿੰਨਾ ਹੈ। ਤੁਸੀਂ ਇੰਚ ਭਰ ਸਤਯ ਤੋਂ ਹਟੇ ਕਿ ਤੁਸੀਂ ਬਹੁਤ ਦੂਰ ਹਟ ਗਏ, ਜ਼ਮੀਨ-ਅਸਮਾਨ ਦਾ ਫ਼ਾਸਲਾ ਹੋ ਗਿਆ। ਇੰਚ ਭਰ ਦਾ ਫ਼ਾਸਲਾ ਜ਼ਮੀਨ-ਅਸਮਾਨ ਦਾ ਫ਼ਾਸਲਾ ਹੈ।

ਤੜਫਦੇ-ਤੜਫਦੇ ਮੇਰੀ ਛਾਤੀ ਛਾਨਣੀ ਹੋ ਗਈ ਹੈ—ਫਿਰ ਤੋਂ ਸੋਚਣਾ। ਜੇਕਰ ਅਜਿਹਾ ਹੋ ਹੀ ਗਿਆ ਹੁੰਦਾ ਤਾਂ ਕਹਿਣ ਵਾਲਾ ਵੀ ਨਾ ਬਚਦਾ।

ਅਤੇ ਮੈਂ ਇਕ ਜ਼ਖ਼ਮ ਹੋ ਗਈ ਹਾਂ। ਜੇਕਰ ਅਜਿਹਾ ਹੋ ਹੀ ਗਿਆ ਹੁੰਦਾ ਤਾਂ ਸਵਾਲ ਨਾ ਉਠਾਉਂਦੇ, ਤੁਹਾਡੀ ਪੀੜਾ ਹੀ ਅਹ੍ਰਨਿਸ (ਲਗਾਤਾਰ) ਉੱਠਦੀ।

ਲੇਕਿਨ ਜਾਗਣ ਅਤੇ ਹੋਸ਼ ਵਿਚ ਆਉਣ ਦੀ ਕੋਈ ਇੱਛਾ ਨਹੀਂ ਹੈ। ਇਸ ਤੋਂ ਸਾਰੀ ਗੱਲ ਸਾਫ਼ ਹੈ, ਕਿਉਂਕਿ ਜਦ ਇੰਨੀ ਪੀੜਾ ਹੋਵੇ ਤਾਂ ਕੋਈ ਸੁੱਤਾ ਰਹਿ ਸਕਦਾ ਹੈ ?

ਕਦੇ ਤੁਸੀਂ ਖ਼ਿਆਲ ਕੀਤਾ ਸੁੰਦਰ ਸੁਫਨਾ ਚੱਲਦਾ ਹੋਵੇ ਤਾਂ ਨੀਂਦ ਨਹੀਂ ਟੁੱਟਦੀ, ਲੇਕਿਨ ਨਾਇਟਮੇਅਰ, ਦੁੱਖ ਸੁਫਨਾ ਚੱਲਦਾ ਹੋਵੇ ਤਾਂ ਨੀਂਦ ਟੁੱਟ ਜਾਂਦੀ ਹੈ ? ਇਕ ਹੱਦ ਹੈ ਦੁੱਖ ਨੂੰ ਝੱਲਣ ਦੀ। ਤੁਸੀਂ ਵੇਖ ਰਹੇ ਹੋ ਕਿ ਤੁਹਾਡੀ ਛਾਤੀ 'ਤੇ ਭਿਅੰਕਰ ਜਮਦੂਤ ਬੈਠੇ ਹੋਏ ਹਨ—ਰਾਤ ਸੁਫਨੇ ਵਿਚ—ਹੱਥ ਵਿਚ ਕਿਰਪਾਨ ਚੁੱਕ ਲਈ ਹੈ, ਧੌਣ 'ਤੇ ਡਿੱਗਣ ਹੀ ਵਾਲੀ ਹੈ, ਬੱਸ ਤੁਸੀਂ ਪਾਉਗੇ ਕਿ ਜਦ ਉਹ ਧੌਣ ਨੂੰ ਛੂਹਣ ਦੇ ਹੀ ਨੇੜੇ ਸੀ ਧਾਰ ਉਸ ਦੀ, ਤਦ ਨੀਂਦ ਖੁੱਲ੍ਹ ਗਈ।

ਇਕ ਹੱਦ ਹੈ—ਪੀੜ ਨੂੰ ਝੱਲਣ ਦੀ ਅਤੇ ਸੌਣ ਦੀ। ਜਦ ਤਕ ਤੁਸੀਂ ਪੀੜ ਨੂੰ ਝੱਲਦੇ ਹੋ ਅਤੇ ਸੌਂਦੇ ਹੋ, ਤਦ ਤਕ ਸਮਝਣਾ ਕਿ ਪੀੜਾ ਵਿਚ ਵੀ ਇਕ ਮਿਠਾਸ ਹੋਵੇਗੀ। ਪੀੜਾ ਵੀ ਮਿੱਠੀ ਹੁੰਦੀ ਹੈ। ਤੁਸੀਂ ਪੀੜਤ ਭਲੇ ਹੀ ਸੋਚਦੇ ਹੋਵੋ ਕਿ ਹੋ ਰਹੇ ਹਾਂ, ਪਰ ਪੀੜਾ ਜੇਕਰ ਨੀਂਦ ਨੂੰ ਤੋੜਨ ਵਾਲੀ ਨਹੀਂ ਹੈ ਤਾਂ ਪੀੜ ਨਹੀਂ ਹੈ।

ਜਦ ਅਸਲੀਅਤ ਵਿਚ ਕੋਈ ਦੁਖੀ ਹੁੰਦਾ ਹੈ ਤਾਂ ਸੁਫਨਾ ਕਿਵੇਂ ਟਿਕ ਸਕਦਾ ਹੈ ? ਸੁਫਨਾ ਟੁੱਟ ਜਾਂਦਾ ਹੈ। ਦੁੱਖ ਤਾਂ ਦੂਰ ਦੀ ਗੱਲ ਹੈ, ਜ਼ਰਾ ਕੁ ਜਿੰਨਾ ਅਲਾਰਮ ਵੱਜਦਾ ਹੈ ਘੜੀ ਦਾ, ਤਾਂ ਸੁਫਨਾ ਟੁੱਟ ਜਾਂਦਾ ਹੈ। ਅਲਾਰਮ ਇੰਨਾ ਵਿਅਘਾਤ (ਰੁਕਾਵਟ) ਪੈਦਾ ਕਰ ਦਿੰਦਾ ਹੈ ਅਤੇ ਤੁਹਾਡਾ ਜੀਵਨ ਜ਼ਖ਼ਮ ਬਣ ਗਿਆ ਹੈ, ਅਜੇ ਵੀ ਅਲਾਰਮ ਨਹੀਂ ਵੱਜਦਾ। ਤੁਹਾਡਾ ਸੀਨਾ ਛਾਨਣੀ ਹੋ ਗਿਆ ਅਤੇ ਅਜੇ ਤਕ ਨੀਂਦ ਤੋਂ ਜਾਗਣ ਦੀ ਇੱਛਾ ਪੈਦਾ ਨਹੀਂ ਹੁੰਦੀ ? ਇੱਛਿਆ ਦਾ ਸਵਾਲ ਕਿਥੇ ਹੈ ? ਇੰਨੀ ਪੀੜਾ ਵਿਚ ਤਾਂ ਨੀਂਦ ਟੁੱਟ ਹੀ ਜਾਏਗੀ। ਨੀਂਦ ਲਈ ਸੁਵਿਧਾ ਚਾਹੀਦੀ ਹੈ।

ਤੁਸੀਂ ਖ਼ਿਆਲ ਕੀਤਾ ਹੋਏਗਾ, ਜ਼ਰਾ ਕੁ ਜਿੰਨਾ ਕੰਕੜ ਪਿਆ ਹੋਵੇ ਬਿਸਤਰੇ 'ਤੇ ਤਾਂ ਨੀਂਦ ਨਹੀਂ ਆਉਂਦੀ, ਛੱਡੋ ਕੰਕੜ। ਤਕਿਆ ਤੁਹਾਡੀ ਰੋਜ਼ ਦੀ ਆਦਤ ਦੇ ਮੁਤਾਬਿਕ ਉੱਚਾ ਨੀਵਾਂ ਨਾ ਹੋਵੇ ਤਾਂ ਨੀਂਦ ਨਹੀਂ ਆਉਂਦੀ। ਜ਼ਰਾ ਕੁ ਜਿੰਨੀ ਤਕਲੀਫ਼ ਹੋਵੇ ਤਾਂ ਨੀਂਦ ਨਹੀਂ ਆਉਂਦੀ। ਹੋਰ ਸੀਨਾ ਛਾਨਣੀ ਹੋ ਜਾਏ, ਹਿਰਦੇ ਜ਼ਖ਼ਮੀ ਬਣ ਜਾਏ ਅਤੇ ਨੀਂਦ ਵਿਚੋਂ ਉੱਠਣ ਦੀ ਇੱਛਾ ਨਾ ਹੋਵੇ—ਇਹ ਨਾਮੁਮਕਿਨ ਹੈ।

ਨਹੀਂ, ਕਿਤੇ ਤੁਹਾਡੇ ਸ੍ਵੈ ਨੂੰ ਵੇਖਣ ਦੀ ਭੁੱਲ ਹੋ ਗਈ। ਵੇਖਣ ਦੀ ਤੁਸੀਂ ਫ਼ਿਕਰ ਹੀ ਨਹੀਂ ਕੀਤੀ। ਤੁਸੀਂ ਤਾਂ ਕਵਿਤਾ ਬਣਾਉਣ ਦੀ ਕੋਸ਼ਿਸ਼ ਕੀਤੀ, ਸਵਾਲ ਨਹੀਂ ਲਿਖਿਆ, ਇਕ ਕਵਿਤਾ ਲਿਖ ਦਿੱਤੀ, ਇਕ ਝੂਠ ਲਿਖ ਦਿੱਤਾ, ਤੁਸੀਂ ਅੱਛਾ ਸਵਾਲ ਬਣਾਉਣ ਦੀ ਕੋਸ਼ਿਸ਼ ਕੀਤੀ, ਸੱਚਾ ਸਵਾਲ ਨਹੀਂ। ਤੁਸੀਂ ਮੈਨੂੰ ਪ੍ਰਭਾਵਿਤ ਕਰਨਾ ਚਾਹਿਆ, ਆਪਣੇ ਆਪ ਨੂੰ ਰੂਪਾਂਤਰਿਤ ਨਹੀਂ। ਲੇਕਿਨ ਤੁਹਾਡੀਆਂ ਕਵਿਤਾਵਾਂ ਨਾਲ ਮੈਂ ਪ੍ਰਭਾਵਿਤ ਹੋਣ ਵਾਲਾ ਨਹੀਂ ਹਾਂ। ਤੁਹਾਡੀਆਂ ਕਵਿਤਾਵਾਂ ਕੂੜਾ-ਕਰਕਟ ਹਨ, ਉਨ੍ਹਾਂ ਨੂੰ ਕੂੜੇ ਵਿਚ ਸੁੱਟ ਦਿਉ। ਤੁਹਾਡੇ ਤੋਂ ਸਤਯ ਕਵਿਤਾ ਦਾ ਜਨਮ ਨਹੀਂ ਹੋ ਸਕਦਾ, ਇਹ ਮੈਂ ਜਾਣਦਾ ਹਾਂ, ਕਿਉਂਕਿ ਤੁਸੀਂ ਸਤਯ ਨਹੀ ਹੋ। ਤੁਹਾਡੀ ਕਵਿਤਾ ਤੁਹਾਡੇ ਹਨੇਰੇ ਜਗਤ ਦਾ ਹੀ ਹਿੱਸਾ ਹੋਵੇਗੀ।

ਲੇਕਿਨ ਜਾਗਣ ਅਤੇ ਹੋਸ਼ ਵਿਚ ਆਉਣ ਦੀ ਫਿਰ ਵੀ ਕੋਈ ਇੱਛਾ ਨਹੀਂ ਹੈ। ਇਹ ਸਬੂਤ ਹੈ ਕਿ ਦੁੱਖ ਹੋਇਆ ਨਹੀਂ। ਹਾਂ, ਇਹ ਹੋ ਸਕਦਾ ਹੈ ਕਿ ਮੇਰੀ ਗੱਲ ਸੁਣ-ਸੁਣ ਕੇ ਤੁਹਾਨੂੰ ਪਰਮਾਤਮਾ ਨੂੰ ਪਾਉਣ ਦੀ ਲਾਲਸਾ ਜਾਗੀ ਹੋਵੇ, ਲੇਕਿਨ ਸੰਸਾਰ ਤੋਂ ਜਾਗਣ ਦੀ ਗੱਲ ਪੈਦਾ ਨਹੀਂ ਹੋਈ ਹੈ। ਇਹ ਹੋ ਸਕਦਾ ਹੈ। ਮੈਨੂੰ ਸੁਣੋ, ਮੈਂ ਰੋਜ਼ ਪਰਮਾਤਮਾ ਨੂੰ ਪਾਉਣ ਦਾ ਆਨੰਦ ਤੁਹਾਨੂੰ ਆਖੀ ਜਾਵਾਂ। ਕਬੀਰ ਨੂੰ ਸੁਣੋ, ਨਾਨਕ ਨੂੰ, ਦਾਦੂ ਨੂੰ, ਫ਼ਰੀਦ ਨੂੰ, ਬੁੱਧ ਨੂੰ ਸੁਣੋ, ਮੀਰਾਂ ਦਾ ਨਾਚ ਵੇਖੋ, ਚੈਤੰਨਯ ਦੇ ਗੀਤ ਸੁਣੋ ਤਾਂ ਤੁਹਾਡੇ ਮਨ 'ਚ ਇਕ ਲੋਭ ਉੱਠੇਗਾ ਪਰਮਾਤਮਾ ਨੂੰ ਪਾਉਣ ਦਾ। ਲੇਕਿਨ ਇਨ੍ਹਾਂ ਲੋਕਾਂ ਨੇ ਲੋਭ ਦੇ ਕਾਰਨ ਪਰਮਾਤਮਾ ਨੂੰ ਨਹੀਂ ਪਾਇਆ ਹੈ, ਇਨ੍ਹਾਂ ਦੇ ਤਾਂ ਜੀਵਨ ਦੀ ਪੀੜਾ, ਜੀਵਨ ਦਾ ਦੁੱਖ, ਜੀਵਨ ਦਾ ਸੰਤਾਪ, ਇੰਨਾ ਗਹਿਰਾ ਹੋ ਗਿਆ ਕਿ ਇਨ੍ਹਾਂ ਦਾ ਹਿਰਦੇ ਟੁੱਟ ਗਿਆ, ਇਹ ਜਾਗ ਗਏ, ਨੀਂਦ ਉੱਖੜ ਗਈ—ਇਨ੍ਹਾਂ ਨੇ ਜਾਗ ਕੇ ਪਾਇਆ ਹੈ। ਜਦ ਇਹ ਆਪਣੇ ਜਾਗ ਕੇ ਪਾਉਣ ਦੀ ਤੁਹਾਡੇ ਨਾਲ ਗੱਲ ਕਰਦੇ ਹਨ ਤਾਂ ਤੁਹਾਡੇ ਅੰਦਰ ਲੋਭ ਦਾ ਕੀੜਾ ਸਰਕਦਾ ਹੈ, ਉਹ ਕਹਿੰਦਾ ਹੈ ਅਜਿਹਾ ਸੁੱਖ ਸਾਨੂੰ ਵੀ ਚਾਹੀਦਾ ਹੈ, ਅਜਿਹਾ ਆਨੰਦ ਸਾਨੂੰ ਵੀ ਚਾਹੀਦਾ, ਸਤ ਚਿਤ ਆਨੰਦ ਮੈਂ ਵੀ ਘਰ ਵਿਚ ਬੰਨ੍ਹ ਲਿਆਵਾਂਗਾ। ਤਦ ਤੁਹਾਡੀ ਅੜਚਨ ਸ਼ੁਰੂ ਹੁੰਦੀ ਹੈ। ਤੁਸੀਂ ਇਨ੍ਹਾਂ ਨੂੰ ਪੁੱਛਦੇ ਹੋ ਕਿਵੇਂ ਮਿਲੇਗਾ ਸਤ-ਚਿਤ-ਆਨੰਦ ? ਉਹ ਕਹਿੰਦੇ ਹਨ, ਜਾਗੋਗੇ, ਜੀਵਨ ਦਾ ਦੁੱਖ ਪਛਾਣੋਗੇ। ਜੀਵਨ ਦੇ ਚੁਭਦੇ ਕੰਡੇ ਨੂੰ ਸਮਝੋਗੇ...। ਤੁਸੀਂ ਕਹਿੰਦੇ ਹੋ, ਜਾਗਣ ਦੀ ਤਾਂ ਇੱਛਾ ਨਹੀਂ ਹੁੰਦੀ।

ਅਸਲ ਵਿਚ ਤੁਸੀਂ ਜਿਸ ਨੂੰ ਈਸ਼ਵਰ ਕਹਿੰਦੇ ਹੋ, ਉਹ ਤੁਹਾਡਾ ਹੋਰ ਇਕ ਗਹਿਰਾ ਸੁਫ਼ਨਾ ਹੈ। ਤੁਸੀਂ ਈਸ਼ਵਰ ਦੇ ਨਾਂ ਨਾਲ ਵੀ ਸੌਂ ਜਾਣਾ ਚਾਹੁੰਦੇ ਹੋ। ਸੰਸਾਰ ਦੀ ਨੀਂਦ ਪੂਰੀ ਨੀਂਦ ਨਹੀਂ ਹੈ, ਇਸ ਵਿਚ ਬਹੁਤ ਤਕਲੀਫ਼ਾਂ ਹਨ। ਤੁਸੀਂ ਪਰਮਾਤਮਾ ਦੀ ਨੀਂਦ ਚਾਹੁੰਦੇ ਹੋ, ਤਕਲੀਫ਼ ਬਿਲਕੁਲ ਹੀ ਨਾ ਹੋਵੇ। ਤੁਹਾਡਾ ਮੋਖਸ਼ ਤੁਹਾਡੇ ਸੰਸਾਰ ਦਾ ਹੀ ਪਰਿਸ਼ਕ੍ਰਮ (ਸ਼ਿੰਗਾਰਿਆ ਹੋਇਆ) ਰੂਪ ਹੈ, ਆਖ਼ਰੀ ਸ਼ੁਧਤਮ ਰੂਪ ਹੈ, ਇਸ ਲਈ ਤੁਹਾਡਾ ਮੋਖਸ਼ ਅਤੇ ਮਹਾਂਵੀਰ ਦਾ ਮੋਖਸ਼ ਵੱਖ-ਵੱਖ ਗੱਲਾਂ ਹਨ। ਤੁਹਾਡੇ ਮੋਖਸ਼ ਦਾ ਨਾਉਂ ਸੁਵਰਗ ਹੈ। ਮਹਾਂਵੀਰ ਦੇ ਮੋਖਸ਼ ਦਾ ਨਾਉਂ ਸੁਵਰਗ ਨਹੀਂ ਹੈ। ਸੁਵਰਗ ਦਾ ਮਤਲਬ ਹੈ, ਜਿਹੜੇ ਸੁੱਖਾਂ ਨੂੰ ਤੁਸੀਂ ਇਥੇ ਧਰਤੀ 'ਤੇ ਪਾਉਣਾ ਚਾਹੁੰਦੇ ਹੋ ਅਤੇ ਨਹੀਂ ਪਾ ਸਕਦੇ, ਉਨ੍ਹਾਂ ਸਭ ਦੀ ਇੱਛਾ ਤੁਸੀਂ ਸੁਵਰਗ ਵਿਚ ਕਰ ਲਈ ਹੈ।

ਸੋਚੋ—ਜਿਨ੍ਹਾਂ ਨੇ ਸੁਵਰਗ ਵਿਚ ਕਲਪ ਬ੍ਰਿਛਾਂ ਦਾ ਵਿਚਾਰ ਕੀਤਾ ਹੈ, ਉਹ ਸੰਸਾਰੀ ਲੋਕ ਹੀ ਹੋਣਗੇ। ਕਲਪ ਬ੍ਰਿਛ ਦਾ ਮਤਲਬ ਕੀ ਹੁੰਦਾ ਹੈ ?

ਕਲਪ ਬ੍ਰਿਛ ਦੇ ਹੇਠਾਂ ਤੁਸੀਂ ਵੀ ਬੈਠਣਾ ਚਾਹੁੰਦੇ ਹੋ। ਸੰਸਾਰ ਵਿਚ ਵੀ ਤੁਹਾਡੀ ਕੋਸ਼ਿਸ਼ ਇਹ ਹੀ ਹੈ ਕਿ ਕਲਪ ਬ੍ਰਿਛ ਮਿਲ ਜਾਏ। ਨਹੀਂ ਮਿਲਦਾ, ਇਹ ਸੰਸਾਰ ਦੀ ਕਿਰਪਾ ਹੈ ਕਿ ਨਹੀਂ ਮਿਲਦਾ। ਮਿਲ ਜਾਏ ਤਾਂ ਤੁਸੀਂ ਉਥੇ ਹੀ ਢੇਰ ਹੋ ਜਾਓ ਸਦਾ ਲਈ, ਫਿਰ ਤੁਸੀਂ ਉਥੋਂ ਹਿੱਲੋ ਹੀ ਨਾ। ਤੁਹਾਡੀ ਵੀ ਇੱਛਾ ਤਾਂ ਇਹ ਹੀ ਹੈ ਕਿ ਮਿਹਨਤ ਨਾ ਕਰਨੀ ਪਵੇ ਅਤੇ ਫਲ ਮਿਲ ਜਾਏ। ਕਲਪ ਬ੍ਰਿਛ ਦਾ ਮਤਲਬ ਇੰਨਾ ਹੈ ਕਿ ਉਥੇ ਤੁਸੀਂ ਬੈਠ ਜਾਓ, ਇੱਛਾ ਕਰੋ, ਪੂਰੀ ਹੋ ਜਾਂਦੀ ਹੈ, ਇੱਛਾ ਅਤੇ ਪੂਰਤੀ ਵਿਚ ਜ਼ਰਾ ਵੀ ਫ਼ਾਸਲਾ ਨਹੀਂ ਹੁੰਦਾ। ਕੰਮ ਕੁਝ ਵੀ ਨਹੀਂ ਕਰਨਾ ਪੈਂਦਾ, ਬੱਸ ਕਾਮਨਾ ਕੀਤੀ ਅਤੇ ਫਲ ਮਿਲਿਆ।

ਸੋ ਸਵਰਗ ਵਿਚ ਤੁਸੀਂ ਕਲਪ ਬ੍ਰਿਛ ਬਣਾਇਆ ਹੈ। ਉਹ ਤੁਹਾਡੀਆਂ ਵਾਸਨਾਵਾਂ ਦਾ ਦਰੱਖ਼ਤ ਹੈ।

ਮੁਸਲਮਾਨ ਮੰਨਦੇ ਹਨ ਕਿ ਸਵਰਗ ਵਿਚ ਸ਼ਰਾਬ ਦੇ ਚਸ਼ਮੇਂ ਵਗ ਰਹੇ ਹਨ। ਹਿੰਦੂਆਂ ਦਾ ਕਲਪ ਬ੍ਰਿਛ ਹੈ। ਮੁਸਲਮਾਨਾਂ ਦੇ ਸ਼ਰਾਬ ਦੇ ਚਸ਼ਮੇ ਹਨ। ਇਥੇ ਸ਼ਰਾਬ ਦੀ ਮਨਾਹੀ ਹੈ ਅਤੇ ਉਥੇ ਸ਼ਰਾਬ ਦੇ ਝਰਨੇ ਵਗ ਰਹੇ ਹਨ। ਉਥੇ ਕੋਈ ਬਨਾਉਣੀ ਵੀ ਨਹੀਂ ਪੈਂਦੀ। ਉਥੇ ਪਾਣੀ ਪੀਣ ਲਈ ਹੈ ਹੀ ਨਹੀਂ, ਸ਼ਰਾਬ ਹੀ ਹੈ। ਉਸੇ ਵਿਚ ਨਹਾਓ, ਉਸੇ ਵਿਚ ਧੋਵੋ, ਉਸੇ ਵਿਚ ਡੁੱਬੋ, ਤੈਰੋ ਅਤੇ ਕੋਈ ਪਾਬੰਦੀ ਨਹੀਂ ਹੈ।

ਆਦਮੀ ਦੀ ਵਾਸਨਾ ਉਸ ਦੇ ਸੁਵਰਗ ਨੂੰ ਬਣਾਉਂਦੀ ਹੈ। ਉਥੇ ਸੁੰਦਰ ਇਸਤ੍ਰੀਆਂ ਹਨ, ਜਿਨ੍ਹਾਂ ਦੀ ਦੇਹ ਤੋਂ ਪਸੀਨਾ ਨਹੀਂ ਵਗਦਾ ਅਤੇ ਜਿਹੜੀਆਂ ਕਦੇ ਬੁੱਢੀਆਂ ਨਹੀਂ ਹੁੰਦੀਆਂ। ਉਨ੍ਹਾਂ ਦੀ ਉਮਰ ਸੋਲ੍ਹਾਂ ਉੱਤੇ ਹੀ ਟੰਗੀ ਰਹਿ ਜਾਂਦੀ ਹੈ, ਉਸ ਤੋਂ ਅੱਗੇ ਨਹੀਂ ਵਧਦੀ, ਸੋਲ੍ਹਾਂ ਉੱਤੇ ਘੜੀ ਬੰਦ ਹੋ ਜਾਂਦੀ ਹੈ, ਉਰਵਸ਼ੀ ਦੀ ਉਮਰ ਪਤਾ ਹੈ ਕਿੰਨੀ ਹੈ? ਅਪਸਰਾਵਾਂ ਬਸ ਸੋਲ੍ਹਾਂ ਉੱਤੇ ਰੁਕ ਗਈਆਂ ਹਨ, ਉਸ ਤੋਂ ਅੱਗੇ ਨਹੀਂ ਵਧਦੀਆਂ।

ਇਹ ਕਿਹੜੇ ਕਾਮਨਾ-ਗ੍ਰਸਤ (ਕਾਮਨਾ 'ਚ ਡੁੱਬੇ) ਲੋਕਾਂ ਨੇ ਇਨ੍ਹਾਂ ਦੀ ਕਲਪਣਾ ਕੀਤੀ ਹੋਏਗੀ, ਥੋੜ੍ਹਾ ਸੋਚੋ। ਇਹ ਕਿੰਨ੍ਹਾਂ ਰਿਸ਼ੀਆਂ ਦਾ ਅਨੁਭਵ ਹੈ? ਇਹ ਕਿਨ੍ਹਾਂ ਬੁੱਧਾਂ ਦੀ ਪ੍ਰਤੀਤੀ ਹੈ? ਇਹ ਤੁਹਾਡੀ ਵਾਸਨਾ ਹੈ।

ਅਤੇ ਇਥੇ ਤਕ ਹੱਦ ਪੁੱਜ ਜਾਂਦੀ ਹੈ ਕਿ ਅਜਿਹੇ ਲੋਕ ਵੀ ਹਨ ਧਰਤੀ ਉੱਤੇ ਜਿਨ੍ਹਾਂ ਨੇ ਸਵਰਗ ਵਿਚ ਨਾ ਕੇਵਲ ਸੋਹਣੀਆਂ ਇਸਤ੍ਰੀਆਂ ਦੀ ਕਲਪਣਾ ਕੀਤੀ ਹੈ, ਸੋਹਣੇ ਮੁੰਡਿਆਂ ਦੀ ਵੀ ਕਲਪਣਾ ਕੀਤੀ ਹੈ, ਹੋਮੋਸੈਕਸੁਅਲਿਟੀ ਦਾ ਵੀ ਇੰਤਜ਼ਾਮ ਕੀਤਾ ਹੋਇਆ ਹੈ। ਹੁਣ ਖ਼ਰਾਬੀ ਹੋਰ ਕੀ ਹੋ ਸਕਦੀ ਹੈ?

ਤੁਹਾਡਾ ਸਵਰਗ ਤੁਹਾਡੀ ਹੀ ਛਾਂ ਹੈ। ਮਹਾਂਵੀਰ ਦਾ ਮੋਖਸ਼ ਮਹਾਂਵੀਰ ਦੇ ਮਿਟ ਜਾਣ ਨਾਲ ਅਨੁਭਵ ਵਿਚ ਆਉਂਦਾ ਹੈ। ਤੁਹਾਡਾ ਸਵਰਗ ਤੁਹਾਡਾ ਹੀ ਵਿਸਥਾਰ ਹੈ। ਇਥੇ ਤੁਹਾਨੂੰ ਜੋ ਨਹੀਂ ਮਿਲਿਆ ਹੈ ਉਹ ਤੁਸੀਂ ਸਵਰਗ ਵਿਚ ਪਾਉਣਾ ਚਾਹੁੰਦੇ ਹੋ। ਸੰਸਾਰ ਵਿਜ ਤੁਸੀਂ ਜੋ ਨਹੀਂ ਪਾਇਆ, ਚਾਹੁੰਦੇ ਸੀ ਦਿੱਲੀ ਪੁੱਜ ਜਾਈਏ, ਨਹੀਂ ਪੁੱਜ ਸਕੇ, ਚਾਹੁੰਦੇ ਸੀ ਰਾਸ਼ਟਰਪਤੀ ਹੋ ਜਾਈਏ, ਨਹੀਂ ਹੋ ਸਕੇ। ਆਸਾਨ ਨਹੀਂ ਹੈ। ਪਾ ਲਓ ਤਾਂ ਮਿਲਦਾ ਕੁਝ ਨਹੀਂ ਹੈ, ਲੇਕਿਨ ਪਾਣਾ ਬਹੁਤ ਮੁਸ਼ਕਿਲ ਹੈ, ਕਿਉਂਕਿ ਕੋਈ ਤੁਸੀਂ ਇਕੱਲੇ ਥੋੜ੍ਹੇ ਹੀ ਪਾਗ਼ਲ ਹੋ, ਇਸ ਮੁਲਕ ਵਿਚ ਪੰਜਾਹ ਕਰੋੜ ਪਾਗ਼ਲ ਹਨ—ਉਹ ਸਾਰੇ ਹੀ ਰਾਸ਼ਟਰਪਤੀ ਹੋਣਾ ਚਾਹੁੰਦੇ ਹਨ, ਸੋ ਇਹ ਪੰਜਾਹ ਕਰੋੜ ਤਾਂ ਸਿੰਘਾਸਣ ਉੱਤੇ ਹੋ ਨਹੀਂ ਸਕਦੇ, ਇਕ ਹੀ ਹੋ ਪਾਏਗਾ। ਅਤੇ ਜਿਹੜਾ ਇਕ ਕਿਸੇ ਤਰ੍ਹਾਂ ਪੁੱਜ ਜਾਏਗਾ, ਉਹ ਇਨ੍ਹਾਂ ਪੰਜਾਹ ਕਰੋੜਾਂ ਨਾਲ ਲੜ ਕੇ ਪੁੱਜੇਗਾ, ਲੜਨ ਵਿਚ ਹੀ ਪਾਗਲ ਹੋ ਜਾਏਗਾ, ਇੰਨਾ ਖ਼ੌਫ਼ਨਾਕ ਉਪੱਦਰ ਹੈ ਅਤੇ ਪੁੱਜ ਕੇ ਵੀ ਉਹ ਨਿਸਚਿੰਤ ਤਾਂ ਬੈਠ ਨਹੀਂ ਸਕਦਾ ਸਿੰਘਾਸਣ 'ਤੇ, ਕਿਉਂਕਿ ਇਹ ਪੰਜਾਹ ਕਰੋੜ ਪਾਗਲ ਧੱਕਾ ਦੇ ਰਹੇ ਹਨ ਸਿੰਘਾਸਣ ਨੂੰ। ਇਹ ਕਹਿ ਰਹੇ ਹਨ, ਹੁਣ ਛੱਡੋ ਸਿੰਘਾਸਣ, ਜਨਤਾ ਆਉਂਦੀ ਹੈ। ਉਹ ਚੈਨ ਲਾਲ ਥੋੜ੍ਹੇ ਹੀ ਬੈਠਣ ਦੇਣਗੇ, ਕੋਈ ਲੱਤ ਖਿੱਚ ਰਿਹਾ ਹੈ, ਕੋਈ ਬਾਂਹ ਖਿੱਚ ਰਿਹਾ ਹੈ। ਧੱਕੇ ਦੇਣ ਦੀ ਤਿਆਰੀ ਚੱਲ ਰਹੀ ਹੈ। ਇਹ ਕੋਈ ਹਾਲਤ ਥੋੜ੍ਹੇ ਹੀ ਹੋ ਸਕਦੀ ਹੈ ਸੁੱਖ ਦੀ।

ਜਿਨ੍ਹਾਂ ਨੂੰ ਮਿਲ ਜਾਂਦਾ ਹੈ ਉਹ ਦੁੱਖ ਵਿਚ ਹਨ, ਜਿਨ੍ਹਾਂ ਨੂੰ ਨਹੀਂ ਮਿਲਦਾ, ਜਿਹੜੇ ਨਹੀਂ ਪੁੱਜ ਪਾਉਂਦੇ, ਉਹ ਵੀ ਦੁੱਖ ਵਿਚ ਹਨ। ਫਿਰ ਤੁਹਾਡੀ ਕਲਪਣਾ ਕਹਿੰਦੀ ਹੈ, ਇਸ ਸੰਸਾਰ ਵਿਚ ਕੁਝ ਸਾਰ ਨਹੀਂ।

ਇਸ ਲਈ ਨਹੀਂ ਕਿ ਤੁਹਾਨੂੰ ਵਿਖਾਈ ਪੈ ਗਿਆ ਕਿ ਸੰਸਾਰ 'ਚ ਕੋਈ ਸਾਰ ਨਹੀਂ, ਸਾਰ ਤਾਂ ਤੁਹਾਨੂੰ ਸੰਸਾਰ ਵਿਚ ਹੀ ਹੈ, ਤੁਹਾਡੀ ਅਸਫਲਤਾ ਕਾਰਨ ਤੁਸੀਂ ਆਪਣੇ ਆਪ ਨੂੰ ਸਮਝਾ ਰਹੇ ਹੋ, ਅੰਗੂਰ ਖੱਟੇ ਹਨ। ਹੁਣ ਤੁਸੀਂ ਮੋਖਸ਼, ਪਰਮਾਤਮਾ, ਪ੍ਰਾਰਥਨਾ-ਪੂਜਾ ਦੀ ਇੱਛਾ ਨਾਲ ਭਰਦੇ ਹੋ। ਉਹ ਤੁਹਾਡੀ ਜੀਵਨ ਦੀ ਸਮਝ ਨਾਲ ਪੈਦਾ ਨਹੀਂ ਹੋ ਰਹੀ ਹੈ, ਜੀਵਨ ਦੇ ਰਾਗ ਤੋਂ ਹੀ ਪੈਦਾ ਹੋ ਰਹੀ ਹੈ। ਫਿਰ ਪਰਮਾਤਮਾ ਨਹੀਂ ਮਿਲਦਾ, ਹੋਸ਼ ਵਿਚ ਆਉਣ ਦੀ ਇੱਛਾ ਵੀ ਨਹੀਂ ਹੁੰਦੀ। ਧਿਆਨ ਕਰਨ ਦਾ ਮਨ ਨਹੀਂ ਹੁੰਦਾ। ਤੁਸੀਂ ਪਰਮਾਤਮਾ ਨੂੰ ਮੁਫ਼ਤ ਪਾਉਣਾ ਚਾਹੁੰਦੇ ਹੋ।

ਲੇਕਿਨ ਜਾਗਣ ਅਤੇ ਹੋਸ਼ ਵਿਚ ਆਉਣ ਦੀ ਫਿਰ ਵੀ ਕੋਈ ਇੱਛਾ ਨਹੀਂ ਹੈ। ਹਾਲਾਂਕਿ ਗੱਲ ਸਾਫ਼ ਹੈ ਕਿ ਅਜੇ ਨੀਂਦ ਵਿਚ ਰਸ ਹੈ, ਇਸ ਲਈ

ਤੁਸੀਂ ਜਾਗਣਾ ਨਹੀਂ ਚਾਹੁੰਦੇ ਅਤੇ ਇਸੇ ਲਈ ਆਖ਼ਰੀ ਗੱਲ ਤੂੰ ਪੁੱਛੀ ਹੈ—ਕੀ ਕਾਰਨ ਹੈ ? ਕਾਰਨ ਬਿਲਕੁਲ ਸਾਫ਼ ਹੈ। ਮੇਰੇ ਕੋਲੋਂ ਕੀ ਪੁੱਛਣਾ ਹੈ ? ਆਪਣੇ ਅੰਦਰ ਹੀ ਵੇਖੋ, ਕਾਰਨ ਸਾਫ਼ ਹੈ। ਤੁਸੀਂ ਜਾਗਣਾ ਨਹੀਂ ਚਾਹੁੰਦੇ। ਅਜੇ ਜਾਗਣ ਦੇ ਲਾਇਕ ਸਮਝ ਹੀ ਨਹੀਂ ਹੈ। ਸਮਝ ਨਾਲ ਜਾਗਰਣ ਆਉਂਦਾ ਹੈ, ਸਮਝ ਹੈ, ਇਸ ਗੱਲ ਦੀ ਸਮਝ ਕੀ ਸੰਸਾਰ ਵਿਚ ਸਿਵਾਏ ਦੁੱਖ ਦੇ ਹੋਰ ਕੁਝ ਵੀ ਨਹੀਂ ਹੈ। ਜੀਵਨ ਇਕ ਅੰਤ-ਹੀਣ ਕੜੀ ਹੈ ਪੀੜਾ ਦੀ। ਮੌਤ ਹੀ ਮੌਤ ਹੈ, ਇਥੇ ਹਰ ਇਕ ਕਦਮ ਉੱਤੇ ਕੰਡੇ ਹੀ ਕੰਡੇ ਬਿਛੇ ਹਨ। ਫੁੱਲ ਦਿਖਦੇ ਹਨ—ਉਹ ਤੁਹਾਡਾ ਮੰਨਣਾ ਹੈ। ਫੁੱਲ ਤੁਹਾਡੀ ਇੱਛਾ ਹਨ, ਲੇਕਿਨ ਮਿਲਦੇ ਕੰਡੇ ਹਨ। ਚਾਹੁੰਦੇ ਫੁੱਲ ਹੋ, ਪਰ ਮਿਲਦਾ ਕੰਡਾ ਹੈ। ਖੇਡਣਾ ਫੁੱਲ ਨਾਲ ਚਾਹੁੰਦੇ ਸੀ, ਉਲਝ ਕੰਡਿਆਂ ਵਿਚ ਜਾਂਦੇ ਹੋ।

ਤੁਹਾਡੀ ਉਹ ਹੀ ਦਸ਼ਾ ਹੈ ਜੋ ਕਿਸੇ ਮੱਛੀ ਦੀ ਹੁੰਦੀ ਹੈ, ਮੱਛੀਮਾਰ ਆਟੇ ਲਟਕਾ ਦਿੰਦਾ ਹੈ ਬਾਂਸ ਦੇ ਸਿਰੇ ਵਿਚ ਬੰਨ੍ਹ ਕੇ, ਮੱਛੀ ਆਟਾ ਫੜਨ ਆਉਂਦੀ ਹੈ। ਆਟੇ ਵਿਚ ਕੰਡਾ ਲੁਕਿਆ ਹੁੰਦਾ ਹੈ। ਮੱਛੀ ਕੋਈ ਕੰਡਾ ਫੜਨ ਥੋੜ੍ਹੇ ਹੀ ਆਉਂਦੀ ਹੈ ? ਕੰਡਾ ਕੌਣ ਫੜਨ ਜਾਂਦਾ ਹੈ ? ਸਾਰੇ ਆਟਾ ਫੜਨ ਜਾਂਦੇ ਹਨ। ਤੋੜਦੀ ਹੈ ਆਟਾ ਫਸ ਜਾਂਦੀ ਹੈ ਕੰਡੇ ਵਿਚ। ਉਹ ਜਿਹੜਾ ਬੰਸੀ ਲਟਕਾ ਕੇ ਬੈਠਾ ਹੋਇਆ ਮੱਛੀ ਮਾਰ ਹੈ, ਉਹ ਕੋਈ ਮੱਛੀਆਂ ਉੱਤੇ ਕਰੁਣਾ ਕਰ ਕੇ ਇਥੇ ਆਟਾ ਵੰਡਣ ਨਹੀਂ ਆਇਆ ਹੈ। ਆਟਾ ਤਾਂ ਪ੍ਰਲੋਭਣ ਹੈ। ਉਹ ਤਾਂ ਸੇਲਸਮੈਨਸ਼ਿਪ ਹੈ। ਉਹ ਤਾਂ ਵਿਗਿਆਪਣ ਹੈ। ਅੰਦਰ ਤਾਂ ਕੰਡਾ ਲੁਕਿਆ ਹੈ। ਨਜ਼ਰ ਤਾਂ ਉਸ ਦੇ ਉੱਤੇ ਹੈ ਕਿ ਆਟਾ ਫੜ ਲਵੇ ਮੱਛੀ ਤਾਂ ਬਸ ਕੰਡੇ ਨਾਲ ਉਲਝ ਜਾਏ, ਫਸੇ।

ਸੰਸਾਰ ਵਿਚ ਜਿਥੇ-ਜਿਥੇ ਤੁਹਾਨੂੰ ਆਟਾ ਵਿਖਾਈ ਦਿੰਦਾ ਹੈ, ਉਥੇ-ਉਥੇ ਹੀ ਕੰਡੇ ਤੁਸੀਂ ਪਾਉਗੇ। ਤੁਸੀਂ ਸਦਾ ਪਾਏ ਵੀ ਹਨ, ਲੇਕਿਨ ਫਿਰ ਵੀ ਤੁਹਾਡੀ ਬੇਹੋਸ਼ੀ ਨਹੀਂ ਟੁੱਟਦੀ, ਮਨ ਕਹਿੰਦਾ ਹੈ, ਹੁਣ ਤਕ ਜਿਨ੍ਹਾਂ ਆਟਿਆਂ ਨੂੰ ਫੜਿਆ, ਕੰਡੇ ਹੀ ਪਾਏ। ਲੇਕਿਨ ਭਵਿੱਖ ਵਿਚ ਵੀ ਕੀ ਸਦਾ ਅਜਿਹਾ ਹੀ ਹੋਏਗਾ ? ਫਿਰ ਜਦ ਨਵਾਂ ਆਟਾ ਲਟਕਦਾ ਹੈ—ਨਵੇਂ ਰੰਗ ਵਿਚ ਨਵੀਂ ਸੁਗੰਧ ਦੇ ਨਾਲ ਫਿਰ ਤੁਸੀਂ ਆਪਣੇ ਨੂੰ ਨਹੀਂ ਸੰਭਾਲ ਪਾਂਦੇ। ਤੁਸੀਂ ਸੋਚਦੇ ਹੋ—ਕੌਣ ਜਾਣੇ, ਇਸ ਬਾਰ ਆਟਾ ਹੀ ਹੋਵੇ। ਕੰਡਾ ਤਾਂ ਵਿਖਾਈ ਨਹੀਂ ਦਿੰਦਾ, ਜਦ ਤਕ ਚੁਭੇ ਨਾ।

ਜਿਸ ਨੂੰ ਤੁਸੀਂ ਸੰਸਾਰ ਵਿਚ ਸੁੱਖ ਕਹਿੰਦੇ ਹੋ, ਉਹ ਸਭ ਦੁੱਖ ਦਾ ਆਵਰਣ (ਪਹਿਨਾਵਾ) ਹੈ। ਦੁੱਖ-ਸੁੱਖ ਦੇ ਕੱਪੜੇ ਓਢੇ ਹੋਏ ਹੈ।

ਇਕ ਬਹੁਤ ਪੁਰਾਣੀ ਅਰਬੀ ਕਥਾ ਹੈ ਕਿ ਪਰਮਾਤਮਾ ਨੇ ਧਰਤੀ ਬਣਾਈ ਤੇ ਉਸ ਨੇ ਖ਼ੂਬਸੂਰਤੀ ਅਤੇ ਕਰੂਪਤਾ ਦੀਆਂ ਦੇਵੀਆਂ ਵੀ ਬਣਾਈਆਂ ਤੇ ਉਨ੍ਹਾਂ ਨੂੰ ਧਰਤੀ ਉੱਤੇ ਭੇਜਿਆ। ਸਵਰਗ ਤੋਂ ਧਰਤੀ ਤਕ ਆਉਂਦੇ-ਆਉਂਦੇ ਮਿੱਟੀ ਘੱਟੇ ਨਾਲ ਭਰ ਗਈਆਂ। ਇਕ ਝੀਲ ਦੇ ਕੰਢੇ ਉਨ੍ਹਾਂ ਨੇ ਕੱਪੜੇ ਉਤਾਰੇ ਅਤੇ ਦੋਵੇਂ ਨੰਗੀਆਂ ਹੋ ਕੇ ਝੀਲ ਵਿਚ ਇਸ਼ਨਾਨ ਕਰਨ ਉੱਤਰ ਗਈਆਂ। ਖ਼ੂਬਸੂਰਤੀ ਦੀ ਦੇਵੀ ਤਾਂ ਤੈਰਦੀ ਦੂਰ ਚਲੀ ਗਈ, ਕਰੂਪਤਾ ਦੀ ਦੇਵੀ ਕੰਢੇ ਦੇ ਕੋਲ ਹੀ ਰਹੀ। ਜਿਵੇਂ ਹੀ ਸੁੰਦਰਤਾ ਦੀ ਦੇਵੀ ਜ਼ਰਾ ਦੂਰ ਗਈ, ਉਹ ਨਿਕਲੀ, ਉਸ ਨੇ ਸੁੰਦਰਤਾ ਦੀ ਦੇਵੀ ਦੇ ਕੱਪੜੇ ਪਾਏ ਤੇ ਚੱਲਦੀ ਬਣੀ। ਜਦ ਸੁੰਦਰਤਾ ਦੀ ਦੇਵੀ ਕੰਢੇ 'ਤੇ ਵਾਪਸ ਆਈ ਤਾਂ ਸਵੇਰ ਹੋ ਗਈ ਸੀ, ਪਿੰਡ ਦੇ ਲੋਕ ਜਾਗਣ ਲੱਗ ਪਏ ਸਨ, ਆਵਾਗਮਨ ਸ਼ੁਰੂ ਹੋ ਗਿਆ ਸੀ, ਉਹ ਨੰਗੀ ਖਲੋਤੀ ਸੀ ਅਤੇ ਕੱਪੜੇ ਤਾਂ ਨਾਦਾਰਦ ਸਨ। ਮਜਬੂਰੀ ਵਿਚ ਉਸ ਨੂੰ ਕਰੂਪਤਾ ਦੇ ਕੱਪੜੇ ਪਾ ਲੈਣੇ ਪਏ, ਹੋਰ ਕੋਈ ਉਪਾਇ ਨਹੀਂ ਸੀ। ਉਹ ਹੀ ਕੱਪੜੇ ਉਪਲਬਧ ਸਨ। ਅਤੇ ਕਹਿੰਦੇ ਹਨ ਕਿ ਤਦੋਂ ਤੋਂ ਸੁੰਦਰਤਾ ਦੀ ਦੇਵੀ ਕੋਸ਼ਿਸ਼ ਕਰ ਰਹੀ ਹੈ ਲੱਭਣ ਦੀ ਕਿ ਕਰੂਪਤਾ ਦੀ ਦੇਵੀ ਮਿਲ ਜਾਏ ਤਾਂ ਉਸ ਤੋਂ ਆਪਣੇ ਵਸਤ੍ਰ ਲੈ ਲਵੇ, ਪਰ ਉਹ ਮਿਲਦੀ ਹੀ ਨਹੀਂ ਅਤੇ ਤਦੋਂ ਤੋਂ ਸੁੰਦਰਤਾ, ਕਰੂਪਤਾ ਦੇ ਕੱਪੜੇ ਪਾਈ ਘੁੰਮ ਰਹੀ ਹੈ ਅਤੇ ਕਰੂਪਤਾ ਸੁੰਦਰਤਾ ਦੇ ਕੱਪੜੇ ਪਾਈ ਘੁੰਮ ਰਹੀ ਹੈ। ਤਦੋਂ ਤੋਂ ਸਾਰੀਆਂ ਚੀਜ਼ਾਂ ਉਲਟੀਆਂ ਹੋ ਗਈਆਂ ਹਨ।

ਕਹਾਣੀ ਬਹੁਤ ਮਹੱਤਵਪੂਰਣ ਹੈ।

ਇਸ ਜਗਤ ਵਿਚ ਤੁਸੀਂ ਸੁੰਦਰਤਾ ਦੇ ਅੰਦਰ ਲੁਕੀ ਹੋਈ ਕਰੂਪਤਾ ਨੂੰ ਪਾਉਗੇ। ਇਸ ਜਗਤ ਵਿਚ ਸੁੱਖ ਦੇ ਅੰਦਰ ਲੁਕਿਆ ਹੋਇਆ ਦੁਖ ਪਾਉਗੇ। ਦਰਵਾਜ਼ੇ 'ਤੇ ਤਖ਼ਤੀ ਲੱਗੀ ਹੋਏਗੀ ਸਵਰਗ ਦੀ, ਅੰਦਰ ਪੁੱਜੋਗੇ ਨਰਕ ਪਾਉਗੇ। ਲੇਕਿਨ ਜਿਸ ਦਿਨ ਤੁਹਾਨੂੰ ਇਹ ਅਨੁਭਵ ਪ੍ਰਗਾੜ ਹੋ ਜਾਏਗਾ—ਮੇਰੇ ਕਹਿਣ ਨਾਲ ਨਹੀਂ, ਜਾਂ ਬੁੱਧ ਦੇ ਕਹਿਣ ਨਾਲ ਨਹੀਂ—ਜਿਸ ਦਿਨ ਤੁਹਾਨੂੰ ਇਹ ਦਿਖ ਜਾਏਗਾ ਕਿ ਜਿਥੇ-ਜਿਥੇ ਆਟਾ ਹੈ, ਉਥੇ-ਉਥੇ ਕੰਡਾ ਹੈ, ਉਸ ਦਿਨ ਹਿਰਦੇ ਨੂੰ ਛਾਨਣੀ ਬਣਾਉਣ ਦੀ ਜ਼ਰੂਰਤ ਨਹੀਂ ਰਹੇਗੀ, ਇਕ ਛੇਦ ਕਾਫ਼ੀ ਹੋ ਜਾਏਗਾ। ਇਕ ਛੇਦ ਕਾਫ਼ੀ ਹੈ ਡੁਬੋਣ ਲਈ। ਇਕ ਛੇਦ ਕਾਫ਼ੀ ਹੈ ਉਬਾਰਨ ਲਈ ਵੀ। ਕੋਈ ਡੁਬੋਣ ਦੇ ਲਈ ਪੂਰੀ ਬੇੜੀ ਨੂੰ ਛਾਨਣੀ ਨਹੀਂ ਬਣਾਉਣਾ ਪੈਂਦਾ। ਬੱਸ ਇਕ ਛੇਦ ਤੁਹਾਡੇ ਜੀਵਨ ਵਿਚ ਹੋ ਜਾਏ—ਇਸ ਗਿਆਨ ਦਾ ਇਕ ਜਗਤ ਵਿਚ ਸੁੱਖ ਨਾਮੁਮਕਿਨ ਹੈ, ਇਹ ਤੁਹਾਡੀ ਡੂੰਘੀ ਪ੍ਰਤੀਤੀ ਹੋ ਜਾਏ। ਤਾਂ ਪਰਮਾਤਮਾ ਦੇ ਵੱਲ ਜੋ ਪ੍ਰਾਰਥਨਾ ਉਠੇਗੀ, ਉਹ ਪਹਿਲੀ ਵਾਰੀ ਅਸਲੀ ਹੋਏਗੀ।

ਉਹ ਸੰਸਾਰਕ ਨਹੀਂ ਹੋਏਗੀ ਪ੍ਰਾਰਥਨਾ। ਉਹ ਤੁਹਾਡੀ ਨੀਂਦ ਦਾ ਹਿੱਸਾ ਨਹੀਂ ਹੋਏਗੀ। ਨਹੀਂ ਤਾਂ ਤੁਹਾਡੀ ਨੀਂਦ ਵਿਚ ਹੀ ਤੁਸੀਂ ਮੰਦਰ ਵੀ ਬਣਾਏ ਹਨ, ਮੂਰਤੀਆਂ ਵੀ ਸਜਾਈਆਂ ਹਨ ਅਤੇ ਪੂਜਾ ਵੀ ਕੀਤੀ ਹੈ ਅਤੇ ਦੀਵੇ ਵੀ ਜਗਾਏ ਹਨ—ਪਰ ਤੁਹਾਡੀ ਨੀਂਦ ਵਿਚ ਹੀ।

ਇਸ ਲਈ ਤਾਂ ਦੁਨੀਆਂ ਵਿਚ ਏਨੇ ਮੰਦਰ ਹਨ, ਅਤੇ ਆਦਮੀ ਜਾਗਿਆ ਹੋਇਆ ਵਿਖਾਈ ਨਹੀਂ ਦਿੰਦਾ। ਇੰਨੀਆਂ ਮਸਜਿਦਾਂ, ਏਨੇ ਗੁਰਦੁਆਰੇ, ਅਤੇ ਆਦਮੀ ਬੇਹੋਸ਼! ਇਹ ਕਿਵੇਂ ਹੋ ਸਕਦਾ ਹੈ? ਜ਼ਰੂਰ ਇਹ ਸਭ ਨੀਂਦ ਵਿਚ ਹੀ ਚੱਲ ਰਿਹਾ ਹੈ। ਤੁਸੀਂ ਮੰਦਰ ਵੀ ਚਲੇ ਜਾਂਦੇ ਹੋ, ਪੂਜਾ ਵੀ ਕਰ ਲੈਂਦੇ ਹੋ, ਨਾ ਤੁਹਾਨੂੰ ਪਤਾ ਹੈ ਤੁਸੀਂ ਕਿਉਂ ਕਰ ਰਹੇ ਹੋ, ਨਾ ਤੁਹਾਨੂੰ ਪਤਾ ਹੈ, ਇਹ ਮੰਦਰ ਕੀ ਹੈ, ਅਤੇ ਤੁਸੀਂ ਏਨੇ ਡਰੇ ਹੋਏ ਹੋ ਕਿ ਕਿਤੇ ਪਤਾ ਨਾ ਚੱਲ ਜਾਏ। ਇਸ ਲਈ ਤੁਸੀਂ ਚੁੱਪ-ਚਾਪ ਕਰ ਕੇ ਨਿਕਲ ਆਉਂਦੇ ਹੋ। ਜੇਕਰ ਤੁਹਾਨੂੰ ਕੋਈ ਫੜੇ ਅਤੇ ਝੰਜੋੜ ਸੁੱਟੇ ਤਾਂ ਤੁਸੀਂ ਨਰਾਜ਼ ਹੁੰਦੇ ਹੋ। ਇਸ ਲਈ ਤੁਸੀਂ ਬੁਧ ਨੂੰ ਮਾਫ਼ ਨਹੀਂ ਕਰ ਪਾਉਂਦੇ। ਜੀਸਸ ਨੂੰ ਸੂਲੀ ਦੇਣੀ ਪੈਂਦੀ ਹੈ। ਸੁਕਰਤਾ ਨੂੰ ਜ਼ਹਿਰ ਪਿਲਾਉਣਾ ਪੈਂਦਾ ਹੈ। ਇਹ ਉਹ ਲੋਕ ਹਨ ਜਿਹੜੇ ਤੁਹਾਨੂੰ ਰਾਹ ਵਿਚ ਫੜ ਲੈਂਦੇ ਹਨ ਅਤੇ ਤੁਹਾਨੂੰ ਆਖਦੇ ਹਨ, ਕਿਥੇ ਜਾ ਰਹੇ ਹੋ? ਇਹ ਮੰਦਰ ਝੂਠਾ ਹੈ। ਤੁਸੀਂ ਖ਼ੁਦ ਅਜੇ ਸੁੱਤੇ ਹੋ। ਸੁੱਤੇ ਹੋਏ ਆਦਮੀ ਦਾ ਮੰਦਰ ਸੱਚਾ ਕਿਵੇਂ ਹੋ ਸਕਦਾ ਹੈ?

ਸ਼ਰਾਬ ਪੀ ਕੇ ਕੋਈ ਪੂਜਾ ਕਰ ਰਿਹਾ ਹੈ, ਕੀ ਉਸ ਦੀ ਪੂਜਾ ਸੱਚ ਹੋ ਸਕਦੀ ਹੈ? ਸ਼ਰਾਬ ਪੀਤੇ ਆਦਮੀ ਦੀ ਨਾ ਤਾਂ ਗਾਲ੍ਹੀ ਦਾ ਕੋਈ ਭਰੋਸਾ ਹੈ, ਨਾ ਪੂਜਾ ਦਾ ਕੋਈ ਭਰੋਸਾ ਹੁੰਦਾ ਹੈ। ਜਦ ਹੋਸ਼ ਵਿਚ ਆ ਜਾਏ ਤਦ ਸਮਝਣਾ। ਹੋਸ਼ ਵਿਚ ਆਉਣ ਬਾਅਦ ਸ਼ਾਇਦ ਖ਼ੁਦ ਹੀ ਹੱਸੇ ਕਿ ਇਹ ਮੈਂ ਕੀ ਕਰ ਰਿਹਾ ਸੀ। ਸ਼ਾਇਦ ਲੁਕਾਏ ਕਿ ਕਿਸੇ ਨੂੰ ਪਤਾ ਤਾਂ ਨਹੀਂ ਲੱਗ ਗਿਆ ਕਿ ਮੈਂ ਪੂਜਾ ਕਰਦਾ ਵੇਖ ਲਿਆ ਗਿਆ ਹਾਂ। ਲੋਕ ਹੱਸਣਗੇ, ਕਹਿਣਗੇ, ਇੰਨਾ ਸਮਝਦਾਰ ਹੋ ਕੇ ਅਜੇ ਤਕ ਅੰਧ-ਵਿਸ਼ਵਾਸੀ ਹੈ।

ਸ਼ਰਾਬੀ ਆਦਮੀ ਪੂਜਾ ਕਰੇ ਤਾਂ ਵਿਅਰਥ, ਝਗੜਾ ਕਰੇ ਤਾਂ ਵਿਅਰਥ, ਉਸ ਕੋਲੋਂ ਸਾਰਥਕ ਤਾਂ ਹੋ ਹੀ ਨਹੀਂ ਸਕਦਾ ਹੈ।

ਕਾਰਨ ਪੁੱਛਦੇ ਹੋ ਕੀ ਕਾਰਨ ਹੈ? ਕਾਰਨ ਸਾਫ਼ ਹੈ! ਸੰਸਾਰ ਅਜੇ ਦੁੱਖ ਨਹੀਂ ਹੋਇਆ ਅਤੇ ਉਸ ਦੇ ਪਹਿਲਾਂ ਹੀ ਤੁਸੀਂ ਪਰਮਾਤਮਾ ਦੀ ਮੰਗ ਸ਼ੁਰੂ ਕਰ ਦਿੱਤੀ। ਨਹੀਂ, ਇਹ ਨਹੀਂ ਹੋ ਸਕਦਾ। ਪੱਕੇ ਬਿਨਾਂ ਕੋਈ ਉਪਾਇ ਨਹੀਂ ਹੈ। ਪੱਕਣਾ ਹੀ ਹੋਏਗਾ। ਦੁੱਖ ਇੰਨਾ ਪੱਕ ਜਾਏ ਜਿਵੇਂ ਦਰੱਖ਼ਤ ਉੱਤੇ ਫਲ ਪੱਕ

ਜਾਂਦੇ ਹਨ, ਤਾਂ ਪੱਕਾ ਹੋਇਆ ਫਲ ਡਿੱਗ ਜਾਂਦਾ ਹੈ, ਇਵੇਂ ਹੀ ਪੱਕਿਆ ਹੋਇਆ ਸੰਸਾਰ ਡਿੱਗ ਪੈਂਦਾ ਹੈ। ਪੱਕਿਆ ਹੋਇਆ ਦੁੱਖ ਢਹਿ ਜਾਂਦਾ ਹੈ ਅਤੇ ਤਦ ਤੁਸੀਂ ਉੱਠਦੇ ਹੋ ਤੁਹਾਡੀ ਨਿਰਦੋਸ਼ਤਾ ਵਿਚ। ਤਦ ਤੁਹਾਡੇ ਅੰਦਰੋਂ ਇਕ ਗੂੰਜ ਉੱਠਦੀ ਹੈ, ੧ਓ ਦੀ। ਤਦ ਤੁਹਾਡੇ ਅੰਦਰੋਂ ਅਨਾਹਦ ਦਾ ਨਾਦ ਉੱਠਦਾ ਹੈ। ਤਦ ਤੁਸੀਂ ਇਹ ਮੇਰੇ ਕੋਲੋਂ ਪੁੱਛੋਗੇ ਨਹੀਂ ਕਿ ਇੰਨੇ ਛੇਦ ਹੋ ਗਏ ਹਿਰਦੇ 'ਚ, ਹੁਣ ਤਕ ਦੇਰ ਕਿਉਂ ਹੋ ਰਹੀ ਹੈ। ਦੇਰ ਕਦੇ ਹੋਈ ਹੀ ਨਹੀਂ ਹੈ। ਛੇਦ ਹੀ ਨਹੀਂ ਹੋਏ ਹਨ, ਇਸ ਲਈ ਦੇਰ ਹੋ ਰਹੀ ਹੈ।

ਅਤੇ ਤੂੰ ਇਹ ਵੀ ਮੇਰੇ ਤੋਂ ਪੁੱਛਿਆ ਹੈ। ਹੋਰ ਗਹਿਰਾ ਡੋਜ਼ ਦੇ ਹੀ ਦਿਉ ਜਿਵੇਂ ਮੇਰਾ ਕੋਈ ਕਸੂਰ ਹੈ। ਜਿਵੇਂ ਕਿ ਜ਼ਿੰਮੇਵਾਰੀ ਮੇਰੀ ਹੈ। ਜਾਗੋ ਤੁਸੀਂ ਨਾ ਤਾਂ ਤੁਸੀਂ ਕਹਿੰਦੇ ਹੋ, ਤੁਸੀਂ ਹੀ ਠੀਕ ਤਰ੍ਹਾਂ ਨਹੀਂ ਜਗਾਇਆ ਹੋਣਾ। ਜਾਗੋ ਤੁਸੀਂ ਨਾ ਤਾਂ ਤੁਸੀਂ ਕਹਿੰਦੇ ਹੋ, ਤੁਸੀਂ ਹੀ ਜ਼ੋਰ ਨਾਲ ਕਿਉਂ ਨਹੀਂ ਹਿਲਾਇਆ?

ਇਮੈਨੁਅਲ ਕਾਂਟ ਜਰਮਨੀ ਦਾ ਇਕ ਵੱਡਾ ਵਿਚਾਰਕ ਹੋਇਆ। ਉਹ ਸਵੇਰੇ ਤਿੰਨ ਵਜੇ ਉੱਠਦਾ ਸੀ। ਜੀਵਨ ਭਰ ਤਿੰਨ ਵਜੇ ਹੀ ਉੱਠਿਆ। ਲੇਕਿਨ ਤਿੰਨ ਵਜੇ ਉੱਠਣ ਦੀ ਉਸ ਦੀ ਇੱਛਾ ਬਿਲਕੁਲ ਨਹੀਂ ਸੀ। ਪੂਰੀ ਜ਼ਿੰਦਗੀ ਵੀ ਉੱਠ ਕੇ ਉਸ ਨੂੰ ਤਿੰਨ ਵਜੇ ਉੱਠਣਾ ਦੁਖਦਾਈ ਰਿਹਾ। ਉਹ ਉਸ ਦੇ ਸਰੀਰ ਨੂੰ ਜੰਮਦਾ ਨਹੀਂ ਸੀ, ਉਸ ਨੇ ਇਕ ਨੌਕਰ ਰੱਖ ਛੱਡਿਆ ਸੀ ਜਿਹੜਾ ਏਨਾ ਹੀ ਕੰਮ ਕਰਦਾ ਸੀ ਕਿ ਉਸ ਨੂੰ ਜ਼ਬਰਦਸਤੀ ਉਠਾਲ ਦੇਵੇ। ਕਦੇ-ਕਦੇ ਮਾਰ-ਕੁਟਾਈ ਵੀ ਹੋ ਜਾਂਦੀ ਸੀ, ਕਿਉਂਕਿ ਨੌਕਰ ਉਠਾ ਰਿਹਾ ਹੈ ਉਹ ਉੱਠਣਾ ਨਹੀਂ ਚਾਹੁੰਦਾ। ਝਗੜਾ ਹੋ ਜਾਏ, ਨੌਕਰ ਖਿੱਚ ਰਿਹਾ ਹੈ ਤੇ ਉਹ ਆਪਣੇ ਬਿਸਤਰੇ ਵਿਚ, ਚਾਦਰ ਵਿਚ ਲੁਕ ਰਿਹਾ ਹੈ। ਉਹ ਨੌਕਰ ਨੂੰ ਮਾਰੇ ਵੀ, ਸਵੇਰੇ ਮਾਫ਼ੀ ਵੀ ਮੰਗੇ। ਪਹਿਲੀ-ਪਹਿਲੀ ਵਾਰ ਜਦ ਉਸ ਨੇ ਨੌਕਰ ਰੱਖਿਆ ਸੀ ਤਾਂ ਉਸ ਨੇ ਕਿਹਾ ਤਿੰਨ ਵਜੇ ਉਠਾ ਦੇਵੀਂ। ਨੌਕਰ ਨੇ ਜਾ ਕੇ ਉਠਾ ਦਿੱਤਾ, ਉਹ ਪਾਸਾ ਮੋੜ ਕੇ ਸੌਂ ਗਿਆ। ਨੌਕਰ ਚਲਾ ਗਿਆ। ਉਸ ਨੇ ਕਿਹਾ, ਗੱਲ ਖ਼ਤਮ ਹੋ ਗਈ। ਸਵੇਰੇ ਕਾਂਟ ਬਹੁਤ ਨਾਰਾਜ਼ ਹੋਇਆ ਕਿ ਉਠਾਉਣ ਦਾ ਮਤਲਬ ਉਠਾਉਣਾ। ਚਾਹੇ ਕੁਝ ਵੀ ਹੋ ਜਾਏ—ਮੈਂ ਜੇਕਰ ਤੈਨੂੰ ਮਾਰਾਂ ਵੀ ਤਾਂ ਤੂੰ ਫ਼ਿਕਰ ਨਾ ਕਰਨਾ, ਤੂੰ ਵੀ ਮਾਰੀਂ, ਉਸ ਵੇਲੇ ਨਾ ਕੋਈ ਨੌਕਰ ਹੈ ਨਾ ਕੋਈ ਮਾਲਿਕ ਹੈ—ਲੇਕਿਨ ਤਿੰਨ ਵਜੇ ਉਠਾਉਣਾ ਹੈ। ਨੌਕਰ ਵੀ ਨਹੀਂ ਸਮਝਦਾ ਸੀ ਕਿ ਇਹ ਮਾਮਲਾ ਕੀ ਹੈ। ਜੇਕਰ ਉੱਠਣਾ ਹੀ ਹੈ ਤਾਂ ਉੱਠ ਜਾਓ। ਜੇਕਰ ਨਹੀਂ ਉੱਠਣਾ ਹੈ ਤਾਂ ਮਾਰ-ਕੁਟਾਈ ਦੀ ਨੌਬਤ ਕੀ ਲਿਆਉਣੀ। ਲੇਕਿਨ ਇਹ ਜ਼ਿੰਦਗੀ ਭਰ ਚੱਲਿਆ, ਅਜਿਹਾ ਹੀ ਚੱਲਿਆ।

ਇਹ ਵੀ ਉੱਠਣਾ ਕੋਈ ਉੱਠਣਾ ਹੋਇਆ? ਹੋਰ ਇਸ ਤਰ੍ਹਾਂ ਉੱਠ ਕੇ ਕੀ ਬ੍ਰਹਮ ਮਹੂਰਤ ਦਾ ਅਨੰਦ ਲਿਆ ਜਾ ਸਕਦਾ ਹੈ? ਉੱਠ ਖਲੋਂਦਾ ਹੋਏਗਾ, ਅੱਖਾਂ ਵਿਚ ਤਾਂ ਨੀਂਦ ਘਿਰੀ ਰਹਿੰਦੀ ਹੋਏਗੀ। ਉੱਠ ਜਾਂਦਾ ਹੋਏਗਾ, ਲੇਕਿਨ ਮਨ 'ਚ ਤਾਂ ਅਜੇ ਵੀ ਸੁਫ਼ਨੇ ਢਲਦੇ ਰਹਿਣਗੇ। ਉੱਠ ਖਲੋਂਦਾ ਹੋਏਗਾ—ਕਿਸੇ ਤਰ੍ਹਾਂ ਖਿੱਚਦਾ ਹੋਏਗਾ ਦੇਹ ਨੂੰ ਆਪਣੀ। ਲੇਕਿਨ ਜ਼ਿੰਦਗੀ ਭਰ ਲੜ-ਲੜ ਕੇ, ਮਾਰ-ਕੁਟਾਈ ਕਰ ਕੇ ਜਦ ਉੱਠਣਾ ਪੈਂਦਾ ਹੋਵੇ, ਇਸ ਉੱਠਣ ਵਿਚ ਮਜ਼ਾ ਨਾ ਰਿਹਾ।

ਨਹੀਂ, ਮੈਂ ਤੁਹਾਨੂੰ ਮਾਰ-ਕੁਟਾਈ ਕਰ ਕੇ ਉਠਾਉਣਾ ਨਹੀਂ ਚਾਹੁੰਦਾ। ਇਹ ਗੱਲ ਵਵੀ ਬੇ-ਮਜ਼ੇ ਦੀ ਹੋਈ। ਤੁਸੀਂ ਇਸ਼ਾਰੇ ਨਾਲ ਉੱਠ ਆਓ ਤਾਂ ਠੀਕ ਹੈ, ਨਾ ਉੱਠੋ ਤਾਂ ਜ਼ਾਹਿਰ ਹੈ ਕਿ ਤੁਸੀਂ ਅਜੇ ਸੌਣਾ ਚਾਹੁੰਦੇ ਹੋ। ਮੈਂ ਤੁਹਾਡੀ ਨੀਂਦ ਕਿਉਂ ਖ਼ਰਾਬ ਕਰਾਂ? ਇਸ ਵਿਚ ਮੇਰਾ ਕੋਈ ਕਸੂਰ ਨਹੀਂ ਹੈ।

ਮੇਰੀ ਡੋਜ਼ ਦੇ ਘੱਟ-ਵੱਧ ਦੇਣ ਨਾਲ ਕੁਝ ਵੀ ਨਹੀਂ ਹੋਏਗਾ, ਕਿਉਂਕਿ ਇਹ ਸਵਾਲ ਤੁਹਾਡੀ ਡੂੰਘੀ ਇੱਛਾ ਦਾ ਹੈ। ਇਸ ਦੀ ਕੋਈ ਦਵਾਈ ਨਹੀਂ ਹੋ ਸਕਦੀ।

ਡਾਕਟਰ ਕਹਿੰਦੇ ਹਨ ਕਿ ਜੇਕਰ ਮਰੀਜ਼ ਬੀਮਾਰ ਹੋਵੇ ਤਾਂ ਠੀਕ ਕੀਤਾ ਜਾ ਸਕਦਾ ਹੈ, ਦਵਾਈ ਦਿੱਤੀ ਜਾ ਸਕਦੀ ਹੈ, ਪਰ ਜੇਕਰ ਮਰੀਜ਼ ਨੇ ਜਿਊਣ ਦੀ ਆਸ ਛੱਡ ਦਿੱਤੀ ਹੋਵੇ ਤਾਂ ਕੋਈ ਉਪਾਇ ਨਹੀਂ ਹੈ। ਜੇਕਰ ਕੋਈ ਮਰੀਜ਼ ਮਰਨਾ ਹੀ ਚਾਹੁੰਦਾ ਹੈ ਤਾਂ ਬੀਮਾਰੀ ਵੀ ਠੀਕ ਹੋ ਜਾਏ ਤਾਂ ਵੀ ਮਰ ਜਾਏਗਾ, ਕਿਉਂਕਿ ਜਿਊਣ ਦੀ ਇੱਛਾ ਹੀ ਛੱਡ ਦਿੱਤੀ ਹੋਵੇ ਤਾਂ ਫਿਰ ਕੋਈ ਉਪਾਇ ਨਹੀਂ ਹੈ।

ਠੀਕ ਅਜਿਹੀ ਹੀ ਦਸ਼ਾ ਹੈ। ਜੇਕਰ ਤੁਸੀਂ ਜਾਗਣ ਦੀ ਇੱਛਾ ਹੀ ਨਾ ਜਗਾਈ ਹੋਵੇ ਤਾਂ ਮੈਂ ਲੱਖ ਉਪਾਇ ਕਰਾਂ, ਤੁਸੀਂ ਜਾਗੋਗੇ ਨਹੀਂ, ਸਿਰਫ਼ ਮੇਰੇ ਨਾਲ ਨਾਰਾਜ਼ ਹੋ ਜਾਉਗੇ, ਸਿਰਫ਼ ਮੈਨੂੰ ਗਾਲ੍ਹੀਆਂ ਕੱਢੋਗੇ, ਸਿਰਫ਼ ਕ੍ਰੋਧ ਜ਼ਾਹਿਰ ਕਰੋਗੇ। ਲੇਕਿਨ ਜੇਕਰ ਤੁਸੀਂ ਜਾਗਣਾ ਚਾਹਿਆ ਤਾਂ ਜ਼ਰਾ ਕੁ ਜਿੰਨਾ ਇਸ਼ਾਰਾ ਕਾਫ਼ੀ ਹੈ।

ਬੁੱਧ ਨੇ ਕਿਹਾ ਹੈ—ਕੁਝ ਤਾਂ ਘੋੜੇ ਅਜਿਹੇ ਹੁੰਦੇ ਹਨ ਕਿ ਜੇਕਰ ਉਨ੍ਹਾਂ ਨੂੰ ਮਾਰੋ ਨਾ ਤਾਂ ਅਟਕ-ਅਟਕ ਕੇ ਖੜੇ ਹੋ ਜਾਂਦੇ ਹਨ। ਉਹ ਮਾਰ-ਕੁਟਾਈ ਨਾਲ ਹੀ ਟੁਰਦੇ ਹਨ, ਕੁਝ ਘੋੜੇ ਅਜਿਹੇ ਹੁੰਦੇ ਹਨ ਕਿ ਮਾਰਨ ਦੀ ਜ਼ਰੂਰਤ ਨਹੀਂ ਹੁੰਦੀ, ਸਿਰਫ਼ ਛਾਂਟਾ ਫ਼ਟਕਾਰਨਾ ਪੈਂਦਾ ਹੈ, ਸੱਟ ਮਾਰਨ ਦੀ ਲੋੜ ਨਹੀਂ ਹੁੰਦੀ ਹੈ, ਛਾਂਟੇ ਦੀ ਆਵਾਜ਼ ਅਤੇ ਘੋੜਾ ਸੁਚੇਤ ਹੋ ਕੇ ਚੱਲਣ ਲੱਗਦਾ ਹੈ।

ਅਤੇ ਬੁੱਧ ਨੇ ਕਿਹਾ ਹੈ—ਕੁਝ ਘੋੜੇ ਅਜਿਹੇ ਵੀ ਹਨ ਕਿ ਛਾਂਟਣਾ, ਫਟਕਾਰਨਾ ਵੀ ਨਹੀਂ ਪੈਂਦਾ ਕਿਉਂਕਿ ਉਹ ਵੀ ਅਪਮਾਨਜਨਕ ਹੈ। ਸਿਰਫ਼ ਛਾਂਟਾ ਹੈ—ਏਨਾ ਹੀ ਕਾਫ਼ੀ ਨਹੀਂ ਹੈ, ਛਾਂਟੇ ਦੀ ਛਾਂ ਹੀ ਟੋਰ ਦਿੰਦੀ ਹੈ। ਫਟਕਾਰ ਨਹੀਂ, ਛਾਂਟੇ ਦੀ ਛਾਂ।

ਬੁੱਧ ਨੇ ਆਪਣੇ ਸ਼ਿਸ਼ਾਂ ਨੂੰ ਕਿਹਾ—ਤੁਸੀਂ ਤੀਜੀ ਤਰ੍ਹਾਂ ਦੇ ਘੋੜੇ ਬਣਨਾ, ਮਾਰ-ਮਾਰ ਕੇ ਤੁਹਾਨੂੰ ਚਲਾ ਵੀ ਲਿਆ ਤਾਂ ਕੁਝ ਹੱਲ ਨਹੀਂ ਹੋਵੇਗਾ ਕਿਉਂਕਿ ਮਾਰ-ਮਾਰ ਕੇ, ਤੁਸੀਂ ਜੇਕਰ ਘਿਸਟ-ਘਿਸਟ ਕੇ ਪੁੱਜ ਵੀ ਗਏ ਤਾਂ ਕੋਈ ਘਿਸਟ-ਘਿਸਟ ਕੇ ਕਦੇ ਪਰਮਾਤਮਾ ਦੇ ਮੰਦਰ ਤਕ ਪੁੱਜਾ ਹੈ? ਉਸ ਮੰਜ਼ਿਲ 'ਤੇ ਨੱਚ ਕੇ ਹੀ ਪੁੱਜਿਆ ਜਾਂਦਾ ਹੈ। ਉਹ ਮੰਜ਼ਿਲ ਅਜਿਹੀ ਹੈ ਕਿ ਤੁਸੀਂ ਉਤਸਵ ਨਾਲ ਹੀ ਚੱਲੋ ਤਾਂ ਪੁੱਜ ਸਕੋਗੇ। ਤੁਸੀਂ ਗੀਤ ਗਾਉਂਦੇ ਮੌਜ ਨਾਲ ਹੀ ਟੁਰੋ ਤਾਂ ਹੀ ਪੁੱਜ ਸਕੋਗੇ। ਜ਼ਬਰਦਸਤੀ ਤੁਹਾਨੂੰ ਧਕੇਲਣ ਦਾ ਉਸ ਪਾਸੇ ਕੋਈ ਉਪਾਇ ਨਹੀਂ ਹੈ। ਇਹ ਤਾਂ ਸਿੱਧੀ ਸਮਝ ਵਿਚ ਆ ਸਕਣ ਵਾਲੀ ਗੱਲ ਹੈ।

ਮੋਖਸ਼ ਜ਼ਬਰਦਸਤੀ ਨਹੀਂ ਮਿਲ ਸਕਦਾ, ਕਿਉਂਕਿ ਮੋਖਸ਼ ਦਾ ਮਤਲਬ ਹੀ ਪਰਮ ਸੁਤੰਤਰਤਾ ਹੈ। ਜੇਕਰ ਪਰਮ ਸੁਤੰਤਰਤਾ ਵੀ ਜ਼ਬਰਦਸਤੀ ਮਿਲਦੀ ਹੋਵੇ ਤਾ ਕੀ ਖ਼ਾਕ ਸੁਤੰਤਰਤਾ ਰਹਿ ਗਈ, ਉਹ ਤਾਂ ਇਕ ਤਰ੍ਹਾਂ ਦੀ ਗ਼ੁਲਾਮੀ ਹੋ ਗਈ। ਉਸ ਨੂੰ ਤੁਹਾਨੂੰ ਕੋਈ ਵੀ ਨਹੀਂ ਦੇ ਸਕਦਾ। ਤੁਸੀਂ ਜਿਸ ਦਿਨ ਚਾਹੋਗੇ ਉਸ ਦਿਨ ਸਾਰਾ ਸੰਸਾਰ ਤੁਹਾਡੇ ਲਈ ਸਹਿਯੋਗੀ ਹੋ ਜਾਏਗਾ। ਤੁਸੀਂ ਜਦ ਤਕ ਨਹੀਂ ਚਾਹੁੰਦੇ ਹੋ, ਪਰਮਾਤਮਾ ਵੀ ਕੁਝ ਨਹੀਂ ਕਰ ਸਕਦਾ।

ਇਹ ਬਹੁਤ ਮਜ਼ੇ ਦੀ ਗੱਲ ਹੈ। ਧਰਮ-ਸ਼ਾਸਤ੍ਰੀਆਂ ਨੇ ਸਦਾ ਤੋਂ ਇਸ ਉੱਤੇ ਵਿਚਾਰ ਕੀਤਾ ਹੈ ਕਿ ਪਰਮਾਤਮਾ ਜੇਕਰ ਹੈ ਤਾਂ ਆਦਮੀ ਦੁੱਖ ਵਿਚ ਕਿਉਂ ਹੈ? ਉਹ ਖਿੱਚ ਕਿਉਂ ਨਹੀਂ ਲੈਂਦਾ? ਇਹ ਗੱਲ ਵਿਚਾਰਨ ਵਰਗੀ ਹੈ। ਪਰਮਾਤਮਾ ਮਹਾਂ ਕਰੁਣਾਵਾਨ (ਦਿਆਲੂ) ਹੋਏਗਾ। ਉਸ ਦੇ ਹਿਰਦੇ ਵਿਚ ਤਾਂ ਪਿਆਰ ਹੀ ਪਿਆਰ ਹੋਏਗਾ। ਤੁਸੀਂ ਨਰਕ ਵਿਚ ਸੜ ਰਹੇ ਹੋ, ਉਹ ਖਿੱਚ ਕਿਉਂ ਨਹੀਂ ਲੈਂਦਾ, ਤੁਹਾਨੂੰ ਚੁੱਕ ਕਿਉਂ ਨਹੀਂ ਲੈਂਦਾ? ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਨਹੀਂ ਹੈ। ਜੇਕਰ ਹੁੰਦਾ, ਦਿਆਲੂ ਹੁੰਦਾ ਤਾਂ ਤੁਹਾਨੂੰ ਖਿੱਚ ਲੈਂਦਾ ਜਾਂ ਤਾਂ ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਹੈ ਹੀ ਨਹੀਂ ਅਤੇ ਜਾਂ ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਹ ਸ਼ੈਤਾਨ ਹੈ, ਭਗਵਾਨ ਨਹੀਂ ਹੈ। ਉਹ ਰਸ ਲੈ ਰਿਹਾ ਹੈ। ਤੁਹਾਨੂੰ ਸਤਾ ਰਿਹਾ ਹੈ। ਸੈਡਿਸਟ ਹੈ। ਮਜ਼ਾ ਲੈ ਰਿਹਾ ਹੈ। ਤੁਸੀਂ ਸਤਾਏ ਜਾ ਰਹੇ ਹੋ ਨਰਕ ਵਿਚ, ਦੁੱਖ ਵਿਚ ਪੀੜਾ ਵਿਚ ਉਬਾਲੇ ਜਾ ਰਹੇ ਹੋ ਉਬਲਦੇ ਤੇਲ ਵਿਚ ਅਤੇ ਉਹ ਬੈਠਾ ਮਜ਼ਾ ਲੈ ਰਿਹਾ ਹੈ। ਉਹ ਉਸ ਸਮਰਾਟ ਨੀਰੋ ਦੇ ਵਾਂਗ ਹੈ, ਜਿਸ

ਨੇ ਪੂਰੇ ਰੋਮ ਵਿਚ ਅੱਗ ਲਗਵਾ ਦਿੱਤੀ ਸੀ ਅਤੇ ਬੈਠ ਗਿਆ ਸੀ ਨੇੜੇ ਦੀ ਪਹਾੜੀ ਉੱਤੇ ਬੰਸਰੀ ਵਜਾ ਰਿਹਾ ਸੀ ਅਤੇ ਇਥੇ ਲੋਕ ਸੜ ਰਹੇ ਸਨ। ਹੋਰ ਉਸ ਨੇ ਪੂਰੇ ਰੋਮ ਦੇ ਚੌਹੀਂ ਪਾਸੀਂ ਸਿਪਾਹੀ ਖੜੇ ਕਰ ਦਿੱਤੇ ਸੀ ਕਿ ਕੋਈ ਭੱਜ ਕੇ ਬਾਹਰ ਨਾ ਜਾ ਸਕੇ। ਉਹ ਮਸ਼ਾਲਾਂ ਲਈ ਖਲੋਤੇ ਸਨ—ਜੋ ਵੀ ਬਾਹਰ ਭੱਜਦਾ ਉਸ ਨੂੰ ਧੱਕਾ ਦੇ ਕੇ ਮਸ਼ਾਲਾਂ ਦੇ ਨਾਲ ਅੰਦਰ ਕਰ ਦਿੰਦੇ ਸੀ। ਅੱਗ ਹੀ ਅੱਗ ਸੀ, ਅਤੇ ਨੀਰੋ ਬੰਸਰੀ ਵਜਾ ਰਿਹਾ ਸੀ।

ਸੋ ਜਾਂ ਤਾਂ ਪਰਮਾਤਮਾ ਨੀਰੋ ਵਰਗਾ ਹੈ ਕਿ ਤੁਸੀਂ ਸੜ ਰਹੇ ਹੋ, ਨੱਠਣ ਵੀ ਨਹੀਂ ਦਿੰਦਾ। ਆਤਮ-ਹੱਤਿਆ ਵੀ ਕਰੋ ਤਾਂ ਸਰਕਾਰਾਂ ਰੋਕਦੀਆਂ ਹਨ, ਸਿਪਾਹੀ ਲਾ ਰੱਖੇ ਹਨ। ਕਿਤੇ ਜਾ ਨਹੀਂ ਸਕਦੇ ਭੱਜ ਕੇ। ਆਤਮ-ਹੱਤਿਆ ਕਰਦੇ ਫੜੇ ਗਏ ਤਾਂ ਫਾਂਸੀ ਦੀ ਸਜ਼ਾ ਹੋਏਗੀ! ਬਹੁਤ ਮਜ਼ੇ ਦੀ ਗੱਲ ਹੈ, ਉਹ ਅਸੀਂ ਖ਼ੁਦ ਹੀ ਕਰਨ ਜਾ ਰਹੇ ਸੀ, ਉਹ ਸਰਕਾਰ ਕਰ ਦੇਵੇਗੀ। ਕੋਈ ਨੱਠ ਨਹੀਂ ਸਕਦਾ ਅਤੇ ਪਰਮਾਤਮਾ ਉੱਤੇ ਬੈਠਾ ਜ਼ਰੂਰ ਬੰਸਰੀ ਵਜਾ ਰਿਹਾ ਹੋਏਗਾ, ਹੋਰ ਕੀ ਕਰੇਗਾ ?

ਹਿੰਦੂਆਂ ਨੇ ਠੀਕ ਸੋਚਿਆ ਕਿ ਕ੍ਰਿਸ਼ਨ ਬੰਸਰੀ ਵਜਾ ਰਿਹਾ ਹੈ। ਉਹ ਪਰਮਾਤਮਾ ਬੈਠਾ ਬੰਸਰੀ ਵਜਾ ਰਿਹਾ ਹੈ! ਤੁਸੀਂ ਸੜ ਰਹੇ ਹੋ। ਜਾਂ ਤਾਂ ਸ਼ੈਤਾਨ ਹੈ, ਭਗਵਾਨ ਨਹੀਂ। ਅਤੇ ਜੇਕਰ ਭਗਵਾਨ ਹੈ ਤਾਂ ਬਹੁਤ ਬੇਬੂਝ ਹੈ! ਚੁੱਕ ਕਿਉਂ ਨਹੀਂ ਲੈਂਦਾ ? ਸਾਧਾਰਣ ਮਹਾਤਮਾ ਜਨ ਤੁਹਾਨੂੰ ਦੁੱਖ 'ਚੋਂ ਉਠਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਪਰਮਾਤਮਾ ਕੋਸ਼ਿਸ਼ ਨਹੀਂ ਕਰਦਾ।

ਧਰਮ ਸ਼ਾਸਤਰੀ ਬਹੁਤ ਚਿੰਤਾ ਵਿਚ ਰਹੇ ਹਨ ਕਿ ਕੀ ਕਰੀਏ। ਗੱਲ ਤਾਂ ਤਰਕਯੁਕਤ ਲੱਗਦੀ ਹੈ ਕਿ ਜਾਂ ਤਾਂ ਉਹ ਦੁੱਖ ਵਾਦੀ ਹੈ ਅਤੇ ਲੋਕ ਦੁਖੀ ਹੋਣ ਇਸ ਵਿਚ ਰਸ ਆਉਂਦਾ ਹੈ ਉਸ ਨੂੰ, ਤੁਹਾਡੇ ਜ਼ਖ਼ਮਾਂ ਵਿਚ ਉਂਗਲੀਆਂ ਪਾਉਂਦਾ ਹੈ। ਉਸ ਨੂੰ ਖ਼ੁਦ ਮਨੋਚਿਕਿਤਸਕ ਦੀ ਲੋੜ ਹੈ ਅਤੇ ਜਾਂ ਫਿਰ ਹੈ ਹੀ ਨਹੀਂ।

ਅਤੇ ਧਿਆਨ ਰੱਖਣਾ, ਜਿਹੜੇ ਕਹਿੰਦੇ ਹਨ, ਹੈ, ਉਹ ਹੀ ਜ਼ਿਆਦਾ ਠੀਕ ਰਹਿ ਰਹੇ ਹਨ, ਬਜਾਏ ਉਨ੍ਹਾਂ ਦੇ ਜਿਹੜੇ ਕਹਿਣ ਕਿ ਉਹ ਦੁੱਖਵਾਦੀ ਹੈ। ਸ਼ੈਤਾਨ ਹੋਣ ਤੋਂ ਬੇਹਤਰ ਹੈ ਕਿ ਨਾ ਹੋਣ। ਇਸ ਲਈ ਤਾਂ ਮਹਾਂਵੀਰ ਅਤੇ ਬੁੱਧ ਨੇ ਕਹਿ ਦਿੱਤਾ, ਕੋਈ ਪਰਮਾਤਮਾ ਨਹੀਂ ਹੈ, ਕਿਉਂਕਿ ਉਨ੍ਹਾਂ ਦੇ ਸਾਹਮਣੇ ਦੋ ਹੀ ਵਿਕਲਪ ਸਨ—ਜਾਂ ਤਾਂ ਉਹ ਮੰਨਣ ਕਿ ਉਹ ਦੁੱਖ ਵਾਦੀ ਹੈ...ਦੋਵੇਂ...ਤਰਕਯੁਕਤ (ਤਰਕ ਕਰਨ ਵਾਲੇ) ਵਿਅਕਤੀ ਸਨ, ਦੋਵੇਂ ਰਾਜ ਘਰਾਣਿਆਂ ਤੋਂ ਆਏ ਸੀ, ਠੀਕ ਤਰ੍ਹਾਂ ਸੁਸੰਸਕ੍ਰਤ (ਉੱਤਮ ਵਿਚਾਰ ਆਚਰਣ ਵਾਲੇ) ਹੋਏ ਸਨ, ਠੀਕ ਤਰਕ ਸ਼ਾਸਤ੍ਰ ਦਾ ਅਧਿਅਨ ਕੀਤਾ ਸੀ, ਵਿਚਾਰ ਵਿਚ ਪੂਰਣ ਸਨ—ਉਨ੍ਹਾਂ ਨੂੰ ਇਹ

ਗੱਲ ਸਾਫ਼ ਵਿਖਾਈ ਪੈ ਗਈ ਕਿ ਇਹ ਵਿਕਲਪ ਤਾਂ ਸਿੱਧਾ ਹੈ। ਜੇਕਰ ਪਰਮਾਤਮਾ ਹੈ ਤਾਂ ਸ਼ੈਤਾਨ ਹੈ—ਅਜਿਹੇ ਪਰਮਾਤਮਾ ਦਾ ਇਨਕਾਰ ਜ਼ਰੂਰੀ ਹੈ। ਹੋਰ ਤਾਂ ਫਿਰ ਪਰਮਾਤਮਾ ਨਹੀਂ ਹੈ, ਕਿਉਂਕਿ ਇਹ ਅਸੀਂ ਕਿਵੇਂ ਮੰਨੀਏ ਕਿ ਪਰਮਾਤਮਾ ਹੈ ਅਤੇ ਲੋਕ ਸਦੀਆਂ ਤੋਂ ਅਨੰਤ ਕਾਲ ਤੋਂ ਦੁੱਖ ਵਿਚ ਸੜ ਰਹੇ ਹਨ ਅਤੇ ਉਹ ਬੈਠਾ ਮਜ਼ਾ ਕਰ ਰਿਹਾ ਹੈ, ਲੀਲ੍ਹਾ ਕਰ ਰਿਹਾ ਹੈ, ਅਤੇ ਉਠਾਉਂਦਾ ਨਹੀਂ ਕਿਸੇ ਨੂੰ ?

ਮੇਰਾ ਕੀ ਜਵਾਬ ਹੈ ? ਮੈਂ ਕਹਿੰਦਾ ਹਾਂ—ਪਰਮਾਤਮਾ ਹੈ ਅਤੇ ਸ਼ੈਤਾਨ ਨਹੀਂ ਹੈ। ਮੇਰਾ ਜਵਾਬ ਇਹ ਹੈ ਕਿ ਪਰਮਾਤਮਾ ਹੈ ਅਤੇ ਤੁਸੀਂ ਦੁੱਖ ਵਿਚ ਉਸ ਦੇ ਕਾਰਨ ਨਹੀਂ ਹੋ, ਤੁਹਾਡੀ ਸੁਤੰਤਰਤਾ ਦੇ ਕਾਰਨ ਹੋ। ਪਰਮਾਤਮਾ ਹੈ ਅਤੇ ਜਗਤ ਸੁਤੰਤਰ ਹੈ। ਪਰਮਾਤਮਾ ਦੀ ਮਹਿਮਾ ਇਹ ਹੀ ਹੈ ਕਿ ਉਸ ਨੇ ਤੁਹਾਨੂੰ ਸੁਤੰਤਰ ਬਣਾਇਆ ਹੈ, ਉਸ ਨੇ ਪੂਰੀ ਤਰ੍ਹਾਂ ਪੂਰਣ ਸੁਤੰਤਰਤਾ ਦਿੱਤੀ ਹੈ। ਉਹ ਕੋਈ ਤਾਨਾਸ਼ਾਹ ਨਹੀਂ ਹੈ ਅਤੇ ਨਾ ਹੀ ਉਸ ਨੇ ਕੋਈ ਐਮਰਜੈਂਸੀ ਦੀ ਅਵਸਥਾ ਦਾ ਐਲਾਨ ਕਰ ਰੱਖਿਆ ਹੈ। ਪਰਮਾਤਮਾ ਨੇ ਮਨੁੱਖ ਨੂੰ ਗਰਿਮਾ ਦਿੱਤੀ ਹੈ ਪੂਰੀ ਤਰ੍ਹਾਂ ਪੂਰਣ ਸੁਤੰਤਰ ਹੋਣ ਦੀ।

ਸੋ ਜ਼ਰੂਰ ਹੀ ਸੁਤੰਤਰਤਾ ਵਿਚ ਖ਼ਤਰਾ ਹੈ। ਸੁਤੰਤਰ ਹੋਣ ਦਾ ਅਰਥ ਹੀ ਇਹ ਹੈ ਕਿ ਦੁੱਖ ਭੋਗਣ ਦੀ ਵੀ ਸੁਤੰਤਰਤਾ ਹੈ, ਸੁੱਖ ਭੋਗਣ ਦੀ ਵੀ। ਸੁਤੰਤਰਤਾ ਦਾ ਅਰਥ ਹੀ ਇਹ ਹੈ ਕਿ ਆਪਣੇ ਆਪ ਨੂੰ ਨਸ਼ਟ ਕਰ ਲੈਣ ਦੀ ਵੀ ਸੁਤੰਤਰਤਾ ਹੈ, ਆਪਣੇ ਨੂੰ ਸਿਰਜਨ (ਬਨਾਉਣ) ਕਰਨ ਦੀ ਵੀ। ਸੁਤੰਤਰਤਾ ਦਾ ਸਿੱਧਾ ਅਰਥ ਹੈ ਕਿ ਤੁਸੀਂ ਜੋ ਵੀ ਹੋਣਾ ਚਾਹੋ—ਜੇਕਰ ਤੁਸੀਂ ਦੁੱਖ ਹੀ ਭੋਗਣਾ ਚਾਹੋ ਤਾਂ ਵੀ ਰੁਕਾਵਟ ਨਹੀਂ ਦਿੱਤੀ ਜਾਏਗੀ। ਤੁਹਾਡੇ ਉੱਤੇ ਹੀ ਸਭ ਛੱਡ ਦਿੱਤਾ ਹੈ। ਇਹ ਹੀ ਮਨੁੱਖ ਲਈ ਜੋਖ਼ਿਮ ਹੈ, ਇਹ ਹੀ ਉਸ ਦਾ ਗੌਰਵ ਵੀ ਹੈ ਕਿ ਉਹ ਸੁਤੰਤਰ ਹੈ। ਉਹ ਜੇਕਰ ਡਿੱਗਣਾ ਚਾਹੇ ਪੌੜੀ ਤੋਂ ਤਾਂ ਆਖ਼ਰੀ ਖੱਡ ਤਕ ਡਿੱਗ ਸਕਦਾ ਹੈ, ਕੋਈ ਰੋਕਣ ਨਹੀਂ ਆਏਗਾ। ਉਹ ਚੜ੍ਹਨਾ ਚਾਹੇ ਕੋਈ ਰੋਕਣ ਨਹੀਂ ਆਏਗਾ। ਉਹ ਤਾਂ ਆਖ਼ਰੀ ਉਚਾਈ ਤਕ ਚੜ੍ਹ ਸਕਦਾ ਹੈ।

ਨਰਕ ਵੀ ਤੁਸੀਂ ਹੋ, ਸਵਰਗ ਵੀ ਤੁਸੀਂ ਹੋ। ਤੁਹਾਡਾ ਫ਼ੈਸਲਾ ਹੀ ਆਖ਼ਰੀ ਹੈ। ਤੁਸੀਂ ਜ਼ਿੰਮੇਵਾਰੀ ਕਿਸੇ ਹੋਰ 'ਤੇ ਨਾ ਛੱਡਣਾ। ਇਸੇ ਤਰ੍ਹਾਂ ਹੀ ਤਾਂ ਤੁਸੀਂ ਜ਼ਿੰਮੇਵਾਰੀ ਕਿਸੇ ਹੋਰ ਉੱਤੇ ਛੱਡੀ ਹੈ ਅਤੇ ਤਦ ਤੁਸੀਂ ਨਿਸ਼ਚਿੰਤ ਹੋ ਜਾਂਦੇ ਹੋ। ਤੁਸੀਂ ਸੋਚ ਲੈਂਦੇ ਹੋ ਕਿ ਮੈਂ ਹੀ ਤੁਹਾਨੂੰ ਠੀਕ ਤਰ੍ਹਾਂ ਡੋਜ਼ ਨਹੀਂ ਦੇ ਰਿਹਾ ਹਾਂ ਜਾਗਣੇ ਦੀ। ਨਹੀਂ ਤਾਂ ਤੁਸੀਂ ਕਦੇ ਦੇ ਜਾਗ ਗਏ ਹੁੰਦੇ। ਤੁਹਾਡਾ ਹਿਰਦੇ ਤਾਂ ਛਾਨਣੀ ਹੋ ਗਿਆ ਹੈ ਅਤੇ ਤੁਹਾਡੇ ਪ੍ਰਾਣ ਜ਼ਖ਼ਮ ਹੋ ਗਏ ਹਨ! ਹੁਣ ਤੁਸੀਂ

ਆਪਣੇ ਵੱਲੋਂ ਤਾਂ ਕੋਈ ਕਮੀ ਨਹੀਂ ਛੱਡੀ ਹੈ। ਜੇਕਰ ਕਮੀ ਹੋਏਗੀ ਤਾਂ ਮੇਰੇ ਵੱਲੋਂ ਹੋਏਗੀ।

ਇਸ ਤਰ੍ਹਾਂ ਦੀਆਂ ਗਲਤੀਆਂ ਵਿਚ ਨਾ ਪਓ, ਕਿਉਂਕਿ ਇਸ ਤਰ੍ਹਾਂ ਤਾਂ ਫਿਰ ਤੁਸੀਂ ਕਦੇ ਵੀ ਨਾ ਜਾਗ ਸਕੋਗੇ।

ਧਿਆਨ ਕਰੋ—ਦੁਖੀ ਹੋ ਤਾਂ ਤੁਸੀਂ ਹੀ ਕਾਰਨ ਹੋ—ਸੁਖੀ ਹੋ ਤਾਂ ਤੁਸੀਂ ਹੀ ਕਾਰਨ ਹੋ। ਮੈਂ ਤੁਹਾਨੂੰ ਜਗਾ ਨਹੀਂ ਸਕਦਾ, ਮੈਂ ਤੁਹਾਨੂੰ ਜਾਗਣ ਦੇ ਉਪਾਇ ਦੱਸ ਸਕਦਾ ਹਾਂ।

ਬੁੱਧ ਨੇ ਕਿਹਾ ਹੈ, ਮੈਂ ਰਾਹ ਦੱਸ ਸਕਦਾ ਹਾਂ, ਟੁਰਨਾ ਤੁਹਾਨੂੰ ਹੀ ਪਏਗਾ। ਮੈਂ ਤੁਹਾਨੂੰ ਚਲਾ ਨਹੀਂ ਸਕਦਾ। ਅਤੇ ਜਿਹੜਾ ਗੁਰੂ ਤੁਹਾਨੂੰ ਚਲਾਉਣ ਦੀ ਕੋਸ਼ਿਸ਼ ਕਰੇ, ਜਾਣਨਾ ਉਹ ਤੁਹਾਡਾ ਦੁਸ਼ਮਣ ਹੈ, ਕਿਉਂਕਿ ਜੇਕਰ ਉਹ ਤੁਹਾਨੂੰ ਘਸੀਟੇ, ਆਪਣੇ ਮੋਢੇ ਉੱਤੇ ਰੱਖ ਕੇ ਟੁਰੇ, ਤੁਹਾਡੀ ਬੈਸਾਖੀ ਬਣ ਜਾਏ, ਤਾਂ ਫਿਰ ਤੁਹਾਡੇ ਪੈਰ ਟੁਰਨ ਵਿਚ ਕਦੇ ਵੀ ਸਮਰੱਥ ਨਾ ਹੋਣਗੇ। ਜਿਸ ਦਿਨ ਉਹ ਗੁਰੂ ਵਿਦਾ ਹੋਏਗਾ ਉਸ ਦਿਨ ਤੁਸੀਂ ਉਥੇ ਹੀ ਪੁੱਜ ਜਾਉਗੇ ਜਿਥੇ ਤੁਸੀਂ ਪਾਏ ਗਏ ਸੀ। ਫਿਰ ਤੁਸੀਂ ਉਥੇ ਹੀ ਗੱਢੇ ਵਿਚ ਡਿੱਗ ਪਉਗੇ।

ਨਹੀਂ, ਸਤਿਗੁਰੂ ਰਾਹ ਵਿਖਾਉਂਦੇ ਹਨ, ਟੁਰਨਾ ਹਰ ਇਕ ਨੂੰ ਖ਼ੁਦ ਹੀ ਪੈਂਦਾ ਹੈ।

ਜਿਵੇਂ ਇਕ ਨਿੱਕਾ ਬੱਚਾ ਟੁਰਨਾ ਸ਼ੁਰੂ ਕਰਦਾ ਹੈ, ਕੋਈ ਉਸ ਲਈ ਚੱਲ ਥੋੜ੍ਹੇ ਹੀ ਸਕਦਾ ਹੈ। ਕਈ ਵਾਰ ਡਿੱਗੇਗਾ। ਪਿਓ ਦੀ ਕਿੰਨੀ ਇੱਛਾ ਨਹੀਂ ਹੁੰਦੀ ਹੋਏਗੀ ਕਿ ਮੈਂ ਇਸ ਦੇ ਪੈਰ ਬਣ ਜਾਵਾਂ! ਮਾਂ ਦੀ ਕਿੰਨੀ ਇੱਛਾ ਨਹੀਂ ਹੋਏਗੀ ਕਿ ਇਸ ਦੇ ਗੋਡਿਆਂ ਵਿਚ ਸੱਟ ਲੱਗਦੀ ਹੈ, ਮੈਂ ਇਸ ਦੀ ਸੁਰੱਖਿਆ ਬਣ ਜਾਵਾਂ, ਮੈਂ ਇਸ ਲਈ ਟੁਰਾਂ, ਇਸ ਨੂੰ ਮੋਢੇ ਉੱਤੇ ਰੱਖੀ ਰੱਖਾਂ। ਲੇਕਿਨ ਜੇ ਕੋਈ ਮਾਂ ਅਜਿਹਾ ਕਰੇ ਤਾਂ ਉਹ ਦੁਸ਼ਮਣ ਹੈ, ਕਿਉਂਕਿ ਇਹ ਬੱਚਾ ਫਿਰ ਸਦਾ ਲਈ ਲੰਗੜਾ ਹੋ ਜਾਏਗਾ, ਇਹ ਕਦੇ ਟੁਰ ਹੀ ਨਹੀਂ ਸਕੇਗਾ। ਨਹੀਂ ਮਾਂ ਪ੍ਰੇਮ ਨਾਲ ਵੇਖੇਗੀ, ਇਸ਼ਾਰਾ ਵੀ ਦੇਵੇਗੀ ਕਿ ਟੁਰੋ, ਦੂਰ ਬੈਠੇ ਬੱਚੇ ਨੂੰ ਬੁਲਾਏਗੀ ਕਿ ਆ ਜਾਓ, ਦੋਵੇਂ ਹੱਥ ਵੀ ਫੈਲਾ ਕੇ ਕਹੇਗੀ—ਘਬਰਾ ਨਾ, ਮੈਂ ਮੌਜੂਦ ਹਾਂ, ਡਿੱਗੇਂਗਾ ਤਾਂ ਸੰਭਾਲ ਲਵਾਂਗੀ। ਹਾਲਾਂਕਿ ਬੱਚਾ ਫਿਰ ਵੀ ਡਿੱਗੇਗਾ, ਕਿਉਂਕਿ ਬਿਨਾਂ ਡਿੱਗੇ ਕਦੇ ਕੋਈ ਟੁਰਨਾ ਸਿੱਖਿਆਂ ਹੈ? ਜੇਕਰ ਕੋਈ ਬੱਚਾ ਡਿੱਗੇ ਹੀ ਨਾ, ਬਾਰ-ਬਾਰ ਸੰਭਾਲ ਲਿਆ ਜਾਏ ਤਾਂ ਵੀ ਲੰਗੜਾ ਹੋ ਜਾਏਗਾ, ਡਿੱਗਣ ਵੀ ਦੇਣਾ ਹੋਏਗਾ। ਗੋਡਿਆਂ 'ਤੇ ਸੱਟ ਵੀ ਲੱਗੇਗੀ, ਤਾਂ ਹੀ ਮਜ਼ਬੂਤੀ ਆਵੇਗੀ, ਸਰੀਰ ਵਿਚ ਵਿਅਕਤਿਤਵ (ਹੋਂਦ) ਵਿਚ, ਆਪਣੇ ਪੈਰਾਂ ਤੇ ਖੜਾ ਹੋਣਾ ਆਏਗਾ।

ਮੈਂ ਤੁਹਾਡੀ ਗ਼ੁਲਾਮੀ ਨਹੀਂ ਬਣਨਾ ਚਾਹੁੰਦਾ ਹਾਂ, ਨਾ ਤੁਸੀਂ ਮੇਰੇ ਉੱਤੇ ਨਿਰਭਰ ਹੋਣ ਦੀ ਕੋਸ਼ਿਸ਼ ਕਰਨਾ। ਮੈਂ ਚਾਹਾਂਗਾ ਕਿ ਤੁਸੀਂ ਪੂਰੀ ਤਰ੍ਹਾਂ ਪੂਰਣ ਸੁਤੰਤਰ ਹੋ ਜਾਓ, ਆਪਣੇ ਪੈਰਾਂ ਨਾਲ ਟੁਰ ਸਕੋ, ਕਿਉਂਕਿ ਤੁਹਾਡਾ ਮੰਦਰ ਤੁਹਾਡੇ ਟੁਰਨ ਨਾਲ ਹੀ ਤੁਹਾਡੇ ਨੇੜੇ ਆਏਗਾ। ਤੁਹਾਡਾ ਪਰਮਾਤਮਾ ਤੁਹਾਨੂੰ ਲੰਗੜੇ ਦੀ ਤਰ੍ਹਾਂ ਆਇਆ ਹੋਇਆ ਵੇਖ ਕੇ ਖ਼ੁਸ਼ ਨਾ ਹੋਏਗਾ, ਤੁਹਾਡਾ ਪਰਮਾਤਮਾ ਤੁਹਾਨੂੰ ਦੌੜਦੇ ਅਤੇ ਨੱਚਦੇ ਹੋਏ ਆਉਂਦੇ ਵੇਖ ਕੇ ਹੀ ਤੁਹਾਡਾ ਸਵਾਗਤ ਹੋ ਸਕਦਾ ਹੈ।

ਦੂਜਾ ਸਵਾਲ—ਇਕ ਪੁਰਾਣੀ ਧਾਰਣਾ ਹੈ ਕਿ ਜੇਕਰ ਕੋਈ ਵਿਅਕਤੀ ਲਾਗਾਤਾਰ ਬਾਰ੍ਹਾਂ ਵਰ੍ਹਿਆਂ ਤਕ ਸਤਯ-ਭਾਸ਼ਣ ਦਾ ਵਰਤ ਪੂਰਾ ਕਰੇ ਤਾਂ ਉਹ ਮੁਕਤੀ ਨੂੰ ਉਪਲਬਧ ਹੋ ਸਕਦਾ ਹੈ। ਕਿਰਪਾ ਕਰ ਕੇ ਦੱਸੋ ਕਿ ਇਸ ਧਾਰਣਾ ਵਿਚ ਕਿੰਨਾ ਬਲ ਹੈ ?

ਬਾਰ੍ਹਾਂ ਵਰ੍ਹਿਆਂ ਤਕ ਜੇਕਰ ਕੋਈ ਵਿਅਕਤੀ ਸਤਯ-ਭਾਸ਼ਣ ਦਾ ਵਰਤ ਪੂਰਾ ਕਰੇ ਤਾਂ ਮੁਕਤ ਹੋ ਜਾਂਦਾ ਹੈ—ਇਹ ਧਾਰਣਾ ਕੋਈ ਹਿਸਾਬ ਦੀ ਧਾਰਣਾ ਨਹੀਂ ਹੈ ਕਿ ਬਾਰ੍ਹਾਂ ਹੀ ਵਰ੍ਹਿਆਂ ਵਿਚ ਅਜਿਹਾ ਹੋਵੇਗਾ, ਕਿ ਗਿਆਰ੍ਹਾਂ ਵਿਚ ਨਹੀਂ ਹੋ ਸਕਦਾ ਅਤੇ ਤੇਰ੍ਹਾਂ ਵਿਚ ਨਹੀਂ ਹੋ ਸਕਦਾ। ਇਹ ਤਾਂ ਪ੍ਰਤੀਕ-ਧਾਰਣਾ ਹੈ, ਇਸ਼ਾਰਾ ਹੈ, ਇਕ ਇੰਗਤ (ਇਸ਼ਾਰਾ) ਹੈ। ਇੰਗਤ ਕੀਮਤੀ ਹੈ।

ਸੱਚਾਈ ਤਾਂ ਇਹ ਹੈ ਕਿ ਬਾਰ੍ਹਾਂ ਵਰ੍ਹੇ ਤਾਂ ਦੂਰ, ਬਾਰ੍ਹਾਂ ਦਿਨ ਵੀ ਬਿਨਾਂ ਸੁਭਾਵ ਨੂੰ ਉਪਲਬਧ ਹੋਏ ਤੁਸੀਂ ਸਤਯ-ਭਾਸ਼ਣ ਦਾ ਵਰਤ ਪੂਰਾ ਨਹੀਂ ਕਰ ਸਕਦੇ। ਬਾਰ੍ਹਾਂ ਵਰ੍ਹੇ ਤਾਂ ਬਹੁਤ ਦੂਰ, ਬਾਰ੍ਹਾਂ ਦਿਨ ਵੀ, ਬਾਰ੍ਹਾਂ ਦਿਨ ਵੀ ਤੁਸੀਂ ਹਜ਼ਾਰ ਝੂਠ ਬੋਲ ਚੁਕੇ ਹੋਵੋਗੇ। ਸ਼ਾਇਦ ਤੁਹਾਨੂੰ ਪਤਾ ਵੀ ਨਾ ਚੱਲੇ ਕਿ ਤੁਸੀਂ ਕਦ ਝੂਠ ਬੋਲਿਆ, ਕਿਉਂਕਿ ਕਈ ਝੂਠ ਤਾਂ ਅਜਿਹੇ ਹਨ, ਜਿਨ੍ਹਾਂ ਨੂੰ ਤੁਸੀਂ ਸੱਚ ਮੰਨਦੇ ਹੋ ਅਤੇ ਤੁਸੀਂ ਕਦੇ ਇਹ ਖ਼ਿਆਲ ਹੀ ਨਹੀਂ ਕੀਤਾ ਕਿ ਇਹ ਝੂਠ ਹੈ ਅਤੇ ਤੁਸੀਂ ਇਸ ਨੂੰ ਸੱਚ ਮੰਨਦੇ ਹੋ। ਕਈ ਝੂਠ ਤਾਂ ਅਜਿਹੇ ਹਨ ਜਿਹੜੇ ਤੁਹਾਡੇ ਰਗ-ਰੇਸ਼ੇ ਵਿਚ, ਤੁਹਾਡੇ ਖ਼ੂਨ ਵਿਚ ਸਮਾਏ ਹੋਏ ਹਨ—ਮਾਂ ਦੇ ਦੁੱਧ ਦੇ ਨਾਲ ਤੁਹਾਨੂੰ ਮਿਲੇ ਹਨ।

ਜੇਕਰ ਰਾਹ ਉੱਤੇ ਤੁਹਾਨੂੰ ਕੋਈ ਪੁੱਛੇ ਕਿ ਤੁਸੀਂ ਕੌਣ ਹੋ ? ਜੇਕਰ ਤੁਸੀਂ ਆਖਿਆ ਕਿ ਮੈਂ ਹਿੰਦੂ ਹਾਂ ਤਾਂ ਤੁਸੀਂ ਝੂਠ ਬੋਲਿਆ। ਤੁਸੀਂ ਕਿਹਾ ਮੈਂ ਮੁਸਲਮਾਨ ਹਾਂ, ਤੁਸੀਂ ਝੂਠ ਬੋਲਿਆ। ਅੰਦਰ ਲੱਭੋ—ਤੁਸੀਂ ਮੁਸਲਮਾਨ ਹੋ, ਹਿੰਦੂ ਹੋ ? ਪਰ ਇਹ ਤੁਹਾਨੂੰ ਖ਼ਿਆਲ ਹੀ ਨਹੀਂ ਆਏਗਾ, ਇਹ ਤਾਂ ਖ਼ੂਨ ਵਿਚ ਮਿਲ ਗਿਆ। ਤੁਸੀਂ ਪੈਦਾ ਹੋਏ ਸੀ ਤਾਂ ਤੁਸੀਂ ਨਾ ਹਿੰਦੂ ਸੀ, ਨਾ ਮੁਸਲਮਾਨ ਸੀ, ਹੁਣ ਅਚਾਨਕ

ਤੁਸੀਂ ਹਿੰਦੂ-ਮੁਸਲਮਾਨ ਕਿਥੋਂ ਹੋ ਗਏ ? ਇਹ ਸਿਖਾਵਣ ਹੈ ਕਿਸੇ ਦੀ, ਇਕ ਸਮਾਜਿਕ ਝੂਠ ਹੈ, ਪ੍ਰਚਾਰਤਿ ਝੂਠ ਹੈ, ਤੁਹਾਡੇ ਚਾਰੇ ਪਾਸੇ ਜੋ ਲੋਗ ਸਨ ਉਹ ਇਸ ਵਿਚ ਭਰੋਸਾ ਕਰਦੇ ਸਨ ਕਿ ਹਿੰਦੂ ਹੈ ਜਾਂ ਮੁਸਲਮਾਨ ਹੈ ਜਾਂ ਜੈਨ ਹੈ। ਉਨ੍ਹਾਂ ਨੇ ਭਰੋਸਾ ਤੁਹਾਨੂੰ ਵੀ ਦਿਲਾ ਦਿੱਤਾ। ਇਹ ਇਕ ਕੰਡੀਸ਼ਨਿੰਗ ਹੈ। ਉਨ੍ਹਾਂ ਨੇ ਸੰਸਕਾਰਿਤ ਕਰ ਦਿੱਤਾ ਮਨ ਨੂੰ, ਥੋਪਕ ਦਿੱਤਾ ਬਾਰ-ਬਾਰ ਕਿ ਤੁਸੀਂ ਹਿੰਦੂ ਹੋ, ਤੁਸੀਂ ਹਿੰਦੂ ਹੋ, ਤੁਸੀਂ ਹਿੰਦੂ ਹੋ! ਹੁਣ ਤੁਹਾਨੂੰ ਪਤਾ ਹੀ ਨਹੀਂ। ਹੁਣ ਤੁਹਾਡੇ ਤੋਂ ਕੋਈ ਪੁੱਛੇਗਾ ਨੀਂਦ ਵਿਚ ਵੀ ਕਿ ਤੁਸੀਂ ਕੌਣ ਹੋ, ਤੁਸੀਂ ਕਹੋਗੇ ਹਿੰਦੂ ਹਾਂ।

ਤੁਹਾਡੇ ਕੋਲੋਂ ਜੇਕਰ ਕੋਈ ਪੁੱਛੇਗਾ ਕਿ ਤੁਹਾਡਾ ਨਾਮ ਕੀ ਕਿ ਤੁਸੀਂ ਕਹੋਗੇ ਕਿ ਮੈਂ ਅਨਾਮ ਹਾਂ ? ਕਿਉਂਕਿ ਪੈਦਾ ਤਾਂ ਤੁਸੀਂ ਬਿਨਾਂ ਨਾਮ ਦੇ ਹੋਏ ਸੀ। ਤੁਹਾਡਾ ਨਾਮ ਰਾਮ ਹੋਵੇ ਕਿ ਅਬਦੁੱਲਾ ਹੋਵੇ, ਇਸ ਨਾਲ ਕੀ ਫ਼ਰਕ ਪੈਂਦਾ ਹੈ ? ਨਾਮ ਤਾਂ ਝੂਠ ਹਨ, ਉਪਰੋਂ ਚਿਪਕਾਏ ਗਏ ਹਨ। ਨਾਮ ਲੈ ਕੇ ਤੁਸੀਂ ਆਏ ਨਹੀਂ, ਦੂਜਿਆਂ ਨੇ ਦਿੱਤਾ ਹੈ। ਲੇਕਿਨ ਇੰਨਾ ਗਹਿਰਾ ਹੋ ਜਾਂਦਾ ਹੈ ਤਾਦਾਂਤਮਯ (ਜੋੜ), ਜੇਕਰ ਤੁਸੀਂ ਇਥੇ ਸਾਰੇ ਸੁੱਤੇ ਹੋਵੋ ਰਾਤ ਅਤੇ ਮੈਂ ਆਵਾਂ ਤੇ ਪੁਕਾਰਾਂ—ਰਾਮ! ਤਾਂ ਕਿਸੇ ਨੂੰ ਸੁਣਾਈ ਨਹੀਂ ਪਵੇਗਾ, ਲੇਕਿਨ ਜਿਸ ਦਾ ਨਾਮ ਰਾਮ ਹੈ ਉਹ ਚੌਂਕ ਕੇ ਖੜਾ ਹੋ ਜਾਏਗਾ ਕਿ ਕੌਣ ਨੀਂਦ ਖ਼ਰਾਬ ਕਰਨ ਆ ਗਿਆ! ਰਾਤ ਵੀ ਨਹੀਂ ਸੌਣ ਦਿਉਗੇ ? ਕਿਸੇ ਨੂੰ ਪਤਾ ਨਹੀਂ ਚੱਲੇਗਾ, ਲੇਕਿਨ ਜਿਸ ਦਾ ਨਾਮ ਰਾਮ ਹੈ, ਉਸ ਨੂੰ ਕਿਵੇਂ ਪਤਾ ਚੱਲ ਗਿਆ ? ਉਸ ਨੇ ਕਿਵੇਂ ਸੁਣ ਲਿਆ ? ਝੂਠ ਬਹੁਤ ਗਹਿਰਾ ਚਲਾ ਗਿਆ। ਅਚੇਤਨ, ਅਨਕਾਂਸ਼ਸ਼ ਵਿਚ ਬੈਠ ਗਿਆ।

ਛੁੱਟਣਾ ਹੋਵੇਗਾ ਇਹੋ ਜਿਹੇ ਝੂਠਾਂ ਤੋਂ।

ਬਾਰ੍ਹਾਂ ਦਿਨ ਵੀ ਸਤਯ-ਭਾਸ਼ਣ ਦਾ ਪਾਲਣ ਕਿਵੇਂ ਕਰੋਗੇ ? ਅਤੇ ਹੋ ਸਕਦਾ ਹੈ ਕਿ ਦਿਨ 'ਚ ਕਰ ਲਵੋ, ਰਾਤ ਸੁਫ਼ਨਿਆਂ ਦਾ ਕੀ ਹੋਵੇਗਾ ? ਸੋਚੋ। ਮੰਨ ਲਓ ਕਿ ਦਿਨ ਭਰ ਹੋਸ਼ ਰੱਖਿਆ, ਸੰਭਲ ਕੇ ਟੁਰੇ, ਦਰਵਾਜ਼ਾ ਬੰਦ ਹੀ ਕਰ ਕੇ ਰਹੇ, ਬੋਲਣ ਦਾ ਮੌਕਾ ਹੀ ਨਾ ਆਉਣ ਦਿੱਤਾ ਬਾਰ੍ਹਾਂ ਦਿਨ—ਨਾ ਬੋਲੋਗੇ ਨਾ ਝੂਠ ਨਿਕਲੇਗਾ—ਤਾਂ ਰਾਤ ਸੁਫ਼ਨਿਆਂ ਦਾ ਕੀ ਕਰੋਗੇ ?

ਸੁਫ਼ਨਿਆਂ ਵਿਚ ਤਾਂ ਬਹੁਤ ਝੂਠ ਚੱਲਦੇ ਹਨ। ਸੁਫਨਾ ਤਾਂ ਪੂਰਾ ਹੀ ਝੂਠ ਹੈ। ਰਾਤ ਭਰ ਸੁਫ਼ਨੇ ਚੱਲਦੇ ਹਨ। ਹੋਰ ਜੇਕਰ ਬਾਰ੍ਹਾਂ ਦਿਨ ਕੋਠੜੀ ਵਿਚ ਬੰਦ ਰਹੇ ਤਾਂ ਦਿਨ ਵਿਚ ਬੈਠੇ-ਬੈਠੇ ਕੀ ਕਰੋਗੇ, ਸੁਫ਼ਨਾ ਦੇਖੋਗੇ। ਹਜ਼ਾਰ ਤਰ੍ਹਾਂ ਦੇ ਝੂਠ ਚੱਲਣ ਲੱਗਣਗੇ।

ਝੂਠ ਤਾਂ ਤਦੇ ਹੀ ਛੱਡਿਆ ਜਾ ਸਕਦਾ ਹੈ, ਜਦ ਤੁਸੀਂ ਆਤਮਾ ਦੇ ਨਾਲ ਇਕ ਹੋ ਜਾਓ। ਇਸ ਲਈ ਮੈਂ ਕਲ੍ਹ ਫ਼ਰੀਦ ਦੀ ਬਾਣੀ ਦਾ ਅਰਥ ਇਹ ਨਹੀਂ

ਕੀਤਾ ਕਿ ਤੁਸੀਂ ਸੱਚ ਬੋਲੋ, ਇਹ ਕੀਤਾ ਕਿ ਤੁਸੀਂ ਸੱਚ ਹੋ ਜਾਓ। ਸੱਚ ਬੋਲਦਾ ਨਾਮੁਮਕਿਨ ਹੈ, ਜਦ ਤਕ ਤੁਸੀਂ ਸੱਚ ਨਾ ਹੋ ਜਾਓ। ਇਹ ਤਾਂ ਇਸੇ ਤਰ੍ਹਾਂ ਹੈ ਕਿ ਚੰਪਾ ਦੇ ਦਰੱਖ਼ਤ ਉੱਤੇ ਚਮੇਲੀ ਦੇ ਫੁੱਲ ਲਾਉਣ ਦੀ ਕੋਸ਼ਿਸ਼ ਚੱਲ ਰਹੀ ਹੈ। ਤੁਸੀਂ ਝੂਠ ਹੋ ਤਾਂ ਤੁਹਾਡੇ ਉੱਤੇ ਝੂਠ ਦੇ ਫੁੱਲ ਲੱਗਣਗੇ।

ਬਹੁਤ ਪੁਰਾਣੀ ਕਹਾਣੀ ਹੈ—ਸਮਰਾਟ ਸੌਲੋਮਨ ਦੀ। ਯਹੂਦੀ ਕਹਿੰਦੇ ਹਨ, ਸੌਲੋਮਨ ਤੋਂ ਬੁੱਧੀਮਾਨ ਆਦਮੀ ਦੁਨੀਆਂ ਵਿਚ ਕਦੇ ਦੂਜਾ ਨਹੀਂ ਹੋਇਆ। ਸੌਲੋਮਨ ਦਾ ਨਾਂ ਤਾਂ ਲੋਕ-ਲੋਕਾਂਤ੍ਰ ਵਿਚ ਪ੍ਰਸਿੱਧ ਹੋ ਗਿਆ ਹੈ। ਹਿੰਦੋਸਤਾਨ ਵਿਚ ਵੀ ਪਿੰਡ ਦੇ ਲੋਕ ਵੀ ਕੋਈ ਜੇਕਰ ਬਹੁਤ ਜ਼ਿਆਦਾ ਬੁੱਧੀਮਾਨੀ ਵਿਖਾਉਣ ਲੱਗੇ ਤਾਂ ਕਹਿੰਦੇ ਹਨ—ਵੱਡੇ ਸੁਲੇਮਾਨ ਬਣੇ ਹੋ। ਉਹ ਸੌਲੋਮਨ ਦਾ ਨਾਉਂ ਹੈ। ਉਨ੍ਹਾਂ ਨੂੰ ਪਤਾ ਵੀ ਨਹੀਂ ਹੈ ਕਿ ਕੌਣ ਸੌਲੋਮਨ ਸੀ, ਕੌਣ ਸੁਲੇਮਾਨ ਸੀ, ਲੇਕਿਨ ਉਹ ਪ੍ਰਵਿਸ਼ਟ (ਸ਼ਾਮਿਲ) ਹੋ ਗਿਆ ਹੈ।

ਸ਼ੇਬਾ ਦੀ ਰਾਣੀ ਸੌਲੋਮਨ ਦੇ ਪ੍ਰੇਮ ਵਿਚ ਪੈ ਗਈ। ਉਹ ਚਾਹੁੰਦੀ ਸੀ ਦੁਨੀਆਂ ਦੇ ਸਭ ਤੋਂ ਬੁੱਧੀਮਾਨ ਆਦਮੀ ਨਾਲ ਪਿਆਰ ਕਰੇ। ਬੁੱਧੂਆਂ ਨਾਲ ਤਾ ਪਿਆਰ ਬਹੁਤ ਆਸਾਨ ਹੈ, ਲੇਕਿਨ ਨਤੀਜਾ ਸਦਾ ਦੁਖਦਾਈ ਹੁੰਦਾ ਹੈ। ਤਾਂ ਸੌਲੋਮਨ ਦੀ ਜਦ ਖ਼ਬਰ ਸੁਣ ਸ਼ੇਬਾ ਦੀ ਰਾਣੀ ਨੇ ਤਾਂ ਉਸ ਨੇ ਕਿਹਾ ਕਿ ਜੇਕਰ ਪ੍ਰੇਮ ਹੀ ਕਰਨਾ ਹੈ ਤਾਂ ਇਸ ਬੁੱਧੀਮਾਨ ਨਾਲ ਕਰਾਂਗੇ, ਨਹੀਂ ਤਾਂ ਪ੍ਰੇਮ ਦੁੱਖ ਲਿਆਉਂਦਾ ਹੈ। ਬੁੱਧੂਆਂ ਨਾਲ ਪ੍ਰੇਮ ਕਰੋ—ਦੁੱਖ ਵਿਚ ਪਵੋਂਗੇ। ਉਸ ਨੇ ਸਾਰੇ ਪ੍ਰੇਮ ਕਰ ਕੇ ਵੇਖ ਲਏ ਸਨ। ਉਹ ਬਹੁਤ ਸੁੰਦਰ ਸੀ। ਕਹਿੰਦੇ ਹਨ ਜਿਹੋ ਜਿਹਾ ਸੌਲੋਮਨ ਬੁੱਧੀਮਾਨ ਸੀ, ਉਹੋ ਜਿਹੀ ਸ਼ੇਬਾ ਦੀ ਰਾਣੀ ਖ਼ੂਬਸੂਰਤ ਸੀ। ਉਸ ਨੇ ਸੋਚਿਆ ਕਿ ਸੁੰਦਰਤਾ ਅਤੇ ਸਮਝ ਦਾ ਮੇਲ ਹੋਵੇ।

ਉਹ ਗਈ। ਪਰ ਇਸ ਤੋਂ ਪਹਿਲਾਂ ਕਿ ਉਹ ਸੌਲੋਮਨ ਨੂੰ ਚੁਣੇ, ਇਮਤਿਹਾਨ ਲੈਣਾ ਜ਼ਰੂਰੀ ਹੈ—ਬੁੱਧੀਮਾਨ ਹੈ ਵੀ ਜਾਂ ਨਹੀਂ ? ਸੋ ਆਪਣੇ ਨਾਲ ਇਕ ਦਰਜਨ ਬੱਚੇ ਲੈ ਗਈ, ਛੇ ਉਨ੍ਹਾਂ ਵਿਚ ਕੁੜੀਆਂ ਸਨ ਤੇ ਛੇ ਉਨ੍ਹਾਂ ਵਿਚ ਮੁੰਡੇ ਸਨ, ਲੇਕਿਨ ਉਨ੍ਹਾਂ ਨੂੰ ਇਕੋ ਜਿਹੇ ਕੱਪੜੇ ਪੁਆਏ ਗਏ ਸੀ ਅਤੇ ਸਾਰਿਆਂ ਦੀ ਉਮਰ 4-5 ਸਾਲ ਦੀ ਸੀ। ਪਛਾਣ ਬਿਲਕੁਲ ਮੁਸ਼ਕਿਲ ਸੀ। ਉਨ੍ਹਾਂ ਦੇ ਬਾਲ ਇਕੋ ਜਿਹੇ ਕੱਟੇ ਗਏ ਸਨ, ਕੱਪੜੇ ਇਕੋ ਜਿਹੇ ਪੁਆਏ ਗਏ ਸਨ ਅਤੇ ਉਹ ਜਾ ਕੇ ਖੜੀ ਹੋ ਗਈ ਉਨ੍ਹਾਂ ਬਾਰਾਂ ਬੱਚਿਆਂ ਨੂੰ ਲੈ ਕੇ ਅਤੇ ਉਸ ਨੇ ਦੂਰੋਂ ਸੁਲੇਮਾਨ ਨੂੰ ਕਿਹਾ ਕਿ ਹੁਣ ਤੂੰ ਵੇਖ ਲੈ। ਤੂੰ ਇਨ੍ਹਾਂ ਵਿਚੋਂ ਦੱਸ ਦੇ ਕਿਹੜੀਆਂ ਕੁੜੀਆਂ ਹਨ ਅਤੇ ਕਿਹੜੇ ਮੁੰਡੇ। ਇਹ ਤੇਰੀ ਪਹਿਲੀ ਪਰੀਕਸ਼ਾ ਹੈ।

ਬਹੁਤ ਮੁਸ਼ਕਿਲ ਸੀ। ਦਰਬਾਰੀ ਵੀ ਥੋੜ੍ਹੇ ਘਬਰਾ ਗਏ ਕਿ ਇਹ ਇਮਤਿਹਾਨ ਤਾਂ ਬਹੁਤ ਔਖਾ ਮਲੂਮ ਹੁੰਦਾ ਹੈ—ਸਮਝ ਵਿਚ ਨਹੀਂ ਆਉਂਦਾ ਕਿ ਕਿਹੜਾ ਮੁੰਡਾ, ਕਿਹੜੀ ਕੁੜੀ!

ਪਰ ਸੁਲੇਮਾਨ ਨੇ ਇਮਤਿਹਾਨ ਪਾਸ ਕਰ ਲਿਆ। ਉਸ ਨੇ ਕਿਹਾ—ਇਕ ਸ਼ੀਸ਼ਾ ਲੈ ਆਓ। ਮੁੰਡਿਆਂ ਦੇ ਸਾਹਮਣੇ ਸ਼ੀਸ਼ਾ ਰੱਖਿਆ ਗਿਆ, ਉਹ ਉਵੇਂ ਹੀ ਖਲੋਤੇ ਵੇਖਦੇ ਰਹੇ—ਕੁੜੀਆਂ ਦੇ ਸਾਹਮਣੇ ਰੱਖਿਆ ਗਿਆ, ਉਹ ਉਤਸੁਕ ਹੋ ਗਈਆਂ। ਕੁੜੀ ਅਤੇ ਸ਼ੀਸ਼ਾ ਸਾਹਮਣੇ ਹੋਵੇ। ਗੱਲ ਹੀ ਬਦਲ ਗਈ। ਉਸ ਨੇ ਛੇ ਕੁੜੀਆਂ ਵੱਖਰੀਆਂ ਕਰ ਦਿੱਤੀਆਂ। ਕੱਪੜੇ ਉਪਰੋਂ ਪੁਆ ਦਿਓ, ਪਰ ਜੇਕਰ ਅੰਦਰੂਨੀ ਸੱਤਾ ਇਸਤ੍ਰੈਣ ਹੈ ਤਾ ਬਹੁਤ ਮੁਸ਼ਕਿਲ ਹੈ ਬਦਲਣਾ। ਕੁੜੀ ਸ਼ੀਸ਼ੇ ਵਿਚ ਹੋਰ ਹੀ ਢੰਗ ਨਾਲ ਵੇਖਦੀ ਹੈ—ਕੋਈ ਮੁੰਡਾ ਵੇਖ ਹੀ ਨਹੀਂ ਸਕਦਾ। ਉਹ ਅਸੰਭਵ ਹੈ।

ਮੈਂ ਸੁਣਿਆ ਹੈ ਕਿ ਇਕ ਦਿਨ ਨਸਰੂਦੀਨ ਆਪਣੇ ਘਰ ਵਿਚ ਮੱਖੀਆਂ ਮਾਰ ਰਿਹਾ ਸੀ। ਉਸ ਦੀ ਪਤਨੀ ਨੇ ਪੁੱਛਿਆ—ਕਿੰਨੀਆਂ ਮਾਰ ਚੁੱਕੇ ਹੋ? ਉਸ ਨੇ ਕਿਹਾ ਕਿ ਦੋ ਇਸਤ੍ਰੀਆਂ, ਮਾਦਾਵਾਂ ਅਤੇ ਦੋ ਪੁਰਸ਼। ਪਤਨੀ ਨੇ ਕਿਹਾ—ਹੱਦ ਹੋ ਗਈ! ਇਹ ਕਦੇ ਸੁਣਿਆ ਨਹੀਂ। ਤੁਸੀਂ ਪਤਾ ਕਿਵੇਂ ਲਗਾਇਆ ਕਿ ਕੌਣ ਮਾਦਾ ਕੌਣ ਪੁਰਸ਼?

ਉਸ ਨੇ ਕਿਹਾ ਦੋ ਸ਼ੀਸ਼ੇ ਉੱਤੇ ਬੈਠੀਆਂ ਸਨ। ਉਹ ਮਾਦਾ ਹੋਣੀਆਂ ਚਾਹੀਦੀਆਂ। ਸ਼ੀਸ਼ੇ ਉੱਤੇ ਪੁਰਸ਼ ਕੀ ਕਰੇਗਾ ਬੈਠ ਕੇ। ਉਹ ਘੰਟਿਆਂ ਤੋਂ ਉਵੇਂ ਹੀ ਬੈਠੀਆਂ ਰਹੀਆਂ।

ਅੰਦਰ ਦਾ ਅਸਤਿਤਵ, ਅੰਦਰ ਦਾ ਢੰਗ...।

ਦੂਜੀ ਵੇਰ ਸ਼ੇਬਾ ਦੋ ਫੁੱਲਾਂ ਦੇ ਗੁਲਦਸਤੇ ਲੈ ਕੇ ਆਈ, ਦੂਰ ਖੜੀ ਹੋ ਗਈ। ਉਨ੍ਹਾਂ ਵਿਚ ਇਕ ਫੁੱਲਾਂ ਦਾ ਗੁਲਦਸਤਾ ਨਕਲੀ ਸੀ, ਕਾਗਜ਼ੀ ਸੀ, ਦੂਜਾ ਗੁਲਦਸਤਾ ਅਸਲੀ ਸੀ। ਉਸ ਨੇ ਕਿਹਾ—ਬਸ ਇਹ ਆਖ਼ਰੀ ਇਮਤਿਹਾਨ ਹੈ। ਕਿਹੜਾ ਅਸਲੀ ਹੈ? ਕਿਉਂਕਿ ਸ਼ੇਬਾ ਨੇ ਸੋਚਿਆ ਕਿ ਮੁੰਡੇ ਕੁੜੀਆਂ ਨੂੰ ਤਾਂ ਇਸ ਨੇ ਸ਼ੀਸ਼ੇ ਨਾਲ ਪਛਾਣ ਲਿਆ, ਫੁੱਲਾਂ ਦਾ ਕੀ ਕਰੇਗਾ? ਅਤੇ ਉਹ ਇੰਨੀ ਦੂਰ ਖਲੋਤੀ ਸੀ ਕਿ ਸੁਗੰਧ ਨਾ ਆ ਸਕੇ। ਦਰਬਾਰੀ ਘਬਰਾਏ। ਸੋਲੋਮਨ ਨੇ ਕਿਹਾ, ਦਰਵਾਜ਼ੇ, ਖਿੜਕੀਆਂ ਖੋਲ੍ਹ ਦਿੱਤੇ ਜਾਣ ਮਹਿਲ ਦੇ। ਦਰਵਾਜ਼ੇ ਖਿੜਕੀਆਂ ਖੋਲ੍ਹ ਦਿੱਤੇ ਗਏ ਮਹਿਲ ਦੇ। ਦੋ ਘੜੀਆਂ ਵਿਚ ਤੈਅ ਹੋ ਗਿਆ। ਦੋ ਮੱਖੀਆਂ ਉੱਡਦੀਆਂ ਅੰਦਰ ਆ ਗਈਆਂ। ਉਹ ਅਸਲੀ ਫੁੱਲਾਂ 'ਤੇ ਜਾ ਕੇ ਬੈਠ ਗਈਆਂ। ਉਸ ਨੇ ਕਿਹਾ—ਉਹ ਅਸਲੀ ਫੁੱਲ ਹਨ।

ਮੱਖੀਆਂ ਨੂੰ ਕਿਵੇਂ ਧੋਖਾ ਦਿਉਗੇ ? ਮੱਖੀ ਨਕਲੀ ਫੁੱਲ ਉੱਤੇ ਕਿਸ ਲਈ ਜਾਏਗੀ। ਅਸਲੀ ਫੁੱਲ ਦੀ ਗੰਧ ਉਸ ਨੂੰ ਬੁਲਾ ਲਿਆਈ।

ਜਦ ਤੁਹਾਡੇ ਅੰਦਰ ਸਤਯ ਹੁੰਦਾ ਹੈ ਤਦ ਹੀ ਤੁਹਾਡੇ ਬਾਹਰ...। ਜਦ ਤੁਹਾਡੇ ਅੰਦਰ ਸਤਯ ਨਹੀਂ ਹੁੰਦਾ ਤਦ ਤੁਸੀਂ ਲੱਖ ਉਪਾਇ ਕਰੋ, ਨਕਲੀ ਫੁੱਲ ਹੋ। ਦੂਜਿਆਂ ਨੂੰ ਵੀ ਧੋਖਾ ਦੇ ਦਿਉਗੇ, ਆਪਣੇ ਆਪ ਨੂੰ ਕਿਵੇਂ ਦਿਉਗੇ ? ਹੋ ਸਕਦਾ ਹੈ, ਕੁਝ ਬੁੱਧੂ ਮੱਖੀਆਂ ਹੋਣ, ਨਸ਼ੇ ਵਿਚ ਹੋਣ ਅਤੇ ਬੈਠ ਜਾਣ ਤਾਂ ਵੀ ਕੀ ਫ਼ਰਕ ਪੈਂਦਾ ਹੈ ? ਲੇਕਿਨ ਇਸ ਨਾਲ ਵੀ ਤਾਂ ਕੋਈ ਨਕਲੀ ਫੁੱਲ ਅਸਲੀ ਨਹੀਂ ਹੋ ਜਾਏਗਾ।

ਇਸ ਲਈ ਕਹਾਵਤ ਤਾਂ ਬਿਲਕੁਲ ਠੀਕ ਹੈ, ਕਿਉਂਕਿ ਬਾਰਾਂ ਵਰ੍ਹਿਆਂ ਤਕ ਕੋਈ ਸਤਯ-ਭਾਸ਼ਣ ਦੀ ਵਰਤੋਂ ਤਦੇ ਹੀ ਕਰ ਸਕਦਾ ਹੈ ਜਦ ਉਹ ਸਤਯ ਹੋ ਗਿਆ ਹੋਵੇ, ਨਹੀਂ ਤਾਂ ਕੋਈ ਉਪਾਇ ਨਹੀਂ ਹੈ ਤਾਂ ਮੋਖਸ਼ ਤਾਂ ਪ੍ਰਾਪਤ ਹੋ ਹੀ ਜਾਏਗਾ ! ਅਜਿਹਾ ਨਹੀਂ ਕਿ ਬਾਰਾਂ ਸਾਲਾਂ ਦੇ ਬਾਅਦ ਵਿਚ ਹੋਏਗਾ, ਉਹ ਪਹਿਲਾਂ ਹੀ ਹੋ ਗਿਆ, ਉਹ ਬਾਰਾਂ ਸਾਲ ਦੀ ਸ਼ੁਰੂਆਤ ਵਿਚ ਹੀ ਹੋ ਗਿਆ। ਜੋ ਸਤਯ ਹੋ ਗਿਆ, ਉਹ ਮੁਕਤ ਹੋ ਗਿਆ। ਹਾਂ, ਜੇਕਰ ਤੁਸੀਂ ਕੋਸ਼ਿਸ਼ ਕਰੋਗੇ ਸਤਯ ਦੀ, ਤਾਂ ਤੁਹਾਥੋਂ ਬਹੁਤ ਝੂਠ ਹੋ ਜਾਣਗੇ। ਕੋਸ਼ਿਸ਼ ਦਾ ਮਤਲਬ ਹੀ ਇਹ ਹੈ ਕਿ ਤੁਸੀਂ ਅੰਦਰ ਤਸੱਲੀਬਖ਼ਸ਼ ਨਹੀਂ ਹੋ। ਤੁਹਾਨੂੰ ਫ਼ੈਸਲਾ ਕਰਨਾ ਪਏਗਾ—ਕੀ ਬੋਲਾਂ ਕੀ ਨਾ ਬੋਲਾਂ—ਕਿਹੋ ਜਿਹਾ ਕਹਾਂ, ਕਿਹੋ ਜਿਹਾ ਨਾ ਕਹਾਂ, ਕੀ ਠੀਕ ਹੋਏਗਾ, ਕੀ ਗ਼ਲਤ ਹੋਏਗਾ। ਅਤੇ ਜ਼ਿੰਦਗੀ ਇੰਨੀ ਤੇਜ਼ੀ ਨਾਲ ਵਗਦੀ ਜਾ ਰਹੀ ਹੈ ਕਿ ਅਜਿਹੇ ਵਿਅਕਤੀ ਤਾਂ ਕੁਝ ਬੋਲ ਹੀ ਨਹੀਂ ਪਾਉਂਦੇ। ਸਤਯ ਬੋਲਣਾ ਤਾਂ ਅਸੰਭਵ ਹੈ—ਕਿਉਂਕਿ ਸਤਯ ਤਾਂ ਪਲ-ਪਲ ਦੇ ਸੰਵੇਦਨ ਨਾਲ ਪੈਦਾ ਹੁੰਦਾ ਹੈ।

ਜੇਕਰ ਇਹ ਸੋਲੋਮਨ ਸੱਚ-ਮੁੱਚ ਹੀ ਬੁੱਧੀਮਾਨ ਨਾ ਹੁੰਦਾ ਤਾਂ ਮੁਸ਼ਕਿਲ ਵਿਚ ਪੈ ਜਾਂਦਾ। ਤੁਹਾਨੂੰ ਖ਼ਿਆਲ ਆਉਂਦਾ ਦਰਪਣ ਦਾ ? ਮੁਸ਼ਕਿਲ ਹੁੰਦੀ। ਤੁਹਾਨੂੰ ਖ਼ਿਆਲ ਆਉਂਦਾ ਖਿੜਕੀਆਂ ਖੁਲ੍ਹੀਆਂ ਛੱਡ ਦੇਣ ਦਾ ? ਹੁਣ ਆ ਸਕਦਾ ਹੈ, ਕਿਉਂਕਿ ਕਹਾਣੀ ਮੈਂ ਤੁਹਾਨੂੰ ਸੁਣਾ ਦਿੱਤੀ ਹੈ। ਕਹਾਣੀ ਕਹਿ ਦੇਣ ਤੋਂ ਬਾਅਦ ਕੋਈ ਮਤਲਬ ਹੱਲ ਨਹੀਂ ਹੁੰਦਾ। ਗੱਲ ਮੁੱਕ ਗਈ। ਹੁਣ ਦੁਬਾਰਾ ਰਾਣੀ ਸ਼ੇਬਾ ਸ਼ੋਲੋਮਨ ਦਾ ਇਨ੍ਹਾਂ ਢੰਗਾਂ ਨਾਲ ਇਮਤਿਹਾਨ ਨਹੀਂ ਲੈ ਸਕਦੀ। ਔਰ ਜ਼ਿੰਦਗੀ ਦੀ ਰਾਣੀ ਨਵੇਂ-ਨਵੇਂ ਉਪਾਇ ਕਰਦੀ ਹੈ ਅਤੇ ਕਦੇ ਕੋਈ ਸੁਲੇਮਾਨ ਪਾਰ ਹੋ ਪਾਉਂਦਾ ਹੈ, ਪਾਸ ਹੋ ਪਾਉਂਦਾ ਹੈ।

ਕਹਾਵਤ ਠੀਕ ਹੈ ਕਿ ਜੇਕਰ ਕੋਈ ਵਿਅਕਤੀ ਲਗਾਤਾਰ ਬਾਰਾਂ ਵਰ੍ਹਿਆਂ ਤਕ ਸਤਯ-ਭਾਸ਼ਣ ਦੇ ਵਰਤ ਦਾ ਪਾਲਣ ਕਰੇ ਤਾਂ ਉਹ ਮੁਕਤ ਹੋ ਜਾਏਗਾ।

ਲੇਕਿਨ ਬਾਰਾਂ ਸਾਲ ਤਕ ਸਤਯ-ਭਾਸ਼ਣ ਦਾ ਵਰਤ ਪਾਲਣ ਉਹ ਹੀ ਕਰ ਸਕਦਾ ਹੈ ਜੋ ਮੁਕਤ ਹੋ ਗਿਆ ਹੋਵੇ। ਇਸ ਲਈ ਇਹ ਕਹਾਵਤ ਠੀਕ ਹੈ।

ਮੈਂ ਨਹੀਂ ਕਹਿੰਦਾ ਕਿ ਬਾਰਾਂ ਸਾਲ ਦੀ ਫ਼ਿਕਰ ਕਰੋ। ਬਾਰਾਂ ਘੜੀਆਂ ਜਾਂਚ ਲੈਣਗੀਆਂ। ਬਾਰਾਂ ਪਲ ਕਾਫ਼ੀ ਹਨ। ਤੁਸੀਂ ਜੇਕਰ ਅੰਦਰ ਝੂਠ ਹੋ, ਬਾਹਰ ਘੜੀ ਵਿਚ ਕੁਝ ਨਾ ਕੁਝ ਝੂਠ ਹੋ ਜਾਏਗਾ, ਕਿਉਂਕਿ ਤੁਹਾਡੇ ਅੰਦਰ ਦਾ ਰੂਪ ਬਾਰ-ਬਾਰ ਬਾਹਰ ਆ ਰਿਹਾ ਹੈ। ਤੁਹਾਡੇ ਰੋਣ ਦੇ ਢੰਗ ਵਿਚ, ਤੁਹਾਡੇ ਬੈਠਣ ਦੇ ਢੰਗ ਵਿਚ ਝੂਠ ਹੋ ਜਾਏਗਾ। ਤੁਸੀਂ ਕਿਸੇ ਆਦਮੀ ਦੇ ਕੋਲੋਂ ਦੀ ਨਿਕਲੋਗੇ ਅਤੇ ਤੁਹਾਡੇ ਟੁਰਨ ਦੇ ਢੰਗ ਵਿਚ ਝੂਠ ਆ ਜਾਏਗਾ। ਹੋ ਸਕਦਾ ਸੀ, ਇਸ ਤੋਂ ਪਹਿਲਾਂ ਤੁਸੀਂ ਸਹਿਜਤਾ ਨਾਲ ਟੁਰ ਰਹੇ ਸੀ, ਤੁਸੀਂ ਇਕ ਆਦਮੀ ਦੇ ਕੋਲ ਆਏ ਅਤੇ ਸੰਭਲ ਗਏ—ਝੂਠ ਸ਼ੁਰੂ ਹੋ ਗਿਆ। ਸੰਭਲਣ ਦਾ ਕੀ ਮਤਲਬ? ਕਿਉਂ ਸੰਭਲ ਰਹੇ ਹੋ? ਤੁਸੀਂ ਇਸ ਆਦਮੀ ਨੂੰ ਕੁਝ ਵਿਖਾਉਣਾ ਚਾਹੁੰਦੇ ਹੋ ਜੋ ਤੁਸੀਂ ਨਹੀਂ ਹੋ, ਤੁਸੀਂ ਇਸ ਆਦਮੀ ਨੂੰ ਕੁਝ ਦੱਸਣਾ ਚਾਹੁੰਦੇ ਹੋ, ਜੋ ਤੁਸੀਂ ਨਹੀਂ ਹੋ।

ਤੁਸੀਂ ਆਪਣੇ ਕਮਰੇ ਵਿਚ ਇਕੱਲੇ ਬੈਠੇ ਹੋ, ਤੁਸੀਂ ਹੋਰ ਹੀ ਆਦਮੀ ਹੋ। ਫਿਰ ਮਹਿਮਾਨ ਘਰ 'ਚ ਆ ਗਏ—ਤੁਸੀਂ ਝੱਟਪਟ ਬਦਲ ਗਏ, ਤੁਹਾਡੇ ਚਿਹਰੇ ਦਾ ਰੰਗ ਬਦਲ ਗਿਆ। ਹੁਣੇ ਤੁਸੀਂ ਉਦਾਸ ਬੈਠੇ ਸੀ, ਮੁਰਦੇ ਵਾਂਗ, ਹੁਣ ਤੁਸੀਂ ਮੁਸਕਰਾਉਣ ਲੱਗੇ, ਹੱਸ-ਹੱਸ ਕੇ ਗੱਲਾਂ ਕਰਨ ਲੱਗੇ। ਤੁਸੀਂ ਮਹਿਮਾਨਾਂ ਨੂੰ ਵਿਖਾਉਣਾ ਚਾਹੁੰਦੇ ਹੋ, ਤੁਸੀਂ ਬਹੁਤ ਖ਼ੁਸ਼ ਹੋ। ਇਹ ਖ਼ੁਸ਼ੀ ਝੂਠ ਹੈ।

ਬੋਲਣ ਦਾ ਹੀ ਥੋੜ੍ਹੇ ਸਵਾਲ ਹੈ, ਭਾਵ-ਭੰਗਿਮਾਂ (ਹਾਵ-ਭਾਵ) ਤੋਂ ਝੂਠ ਨਿਕਲੇਗਾ, ਮੁਦ੍ਰਾ (ਸੂਰਤ) ਤੋਂ ਝੂਠ ਨਿਕਲੇਗਾ। ਉੱਠਦੇ-ਬੈਠਦੇ ਤੁਹਾਡੀ ਸੁਆਸ-ਸੁਆਸ ਵਿਚੋਂ ਝੂਠ ਨਿਕਲੇਗਾ। ਤੁਸੀਂ ਜੇਕਰ ਝੂਠ ਹੋ ਤਾਂ ਝੂਠ ਦੇ ਫੁੱਲ ਤੁਹਾਡੇ ਵਿਚ ਲੱਗਦੇ ਹੀ ਰਹਿਣਗੇ, ਤੁਸੀਂ ਉਨ੍ਹਾਂ ਤੋਂ ਬਚ ਨਾ ਸਕੋਗੇ। ਮੈਂ ਤੁਹਾਨੂੰ ਆਖਦਾ ਵੀ ਨਹੀਂ ਕਿ ਝੂਠ ਦੇ ਰਹਿੰਦੇ ਤੁਸੀਂ ਸੱਚ ਦੇ ਫੁੱਲ ਆਪਣੇ ਉਪਰ ਲਾਓ। ਉਹ ਨਕਲੀ ਗੁਲਦਸਤਾ ਹੋਏਗਾ। ਉਸ ਉੱਤੇ ਮੱਖੀਆਂ ਵੀ ਨਹੀਂ ਬੈਠਣਗੀਆਂ। ਆਦਮੀਆਂ ਦੀ ਤਾਂ ਗੱਲ ਦੂਰ, ਪਰਮਾਤਮਾ ਨੂੰ ਤਾਂ ਤੁਸੀਂ ਭੁੱਲ ਹੀ ਜਾਓ। ਮੱਖੀਆਂ ਤਕ ਨੂੰ ਧੋਖਾ ਦੇਣਾ ਆਸਾਨ ਨਹੀਂ ਹੈ। ਪਰਮਾਤਮਾ ਨੂੰ ਤੁਸੀਂ ਮੋਖਸ਼ ਨੂੰ ਕਿਵੇਂ ਧੋਖਾ ਦਿਉਗੇ?

ਨਹੀਂ, ਮੈਂ ਤੁਹਾਨੂੰ ਆਖਦਾ ਹਾਂ, ਸੱਚ ਹੋ ਜਾਓ, ਸੱਚ ਬੋਲਣ ਦੀ ਫ਼ਿਕਰ ਛੱਡੋ, ਉਹ ਆਪਣੇ ਆਪ ਆ ਜਾਏਗਾ। ਤੁਸੀਂ ਸੱਚ ਹੋ ਜਾਓ। ਇਸ ਲਈ ਫ਼ਰੀਦ ਦੀ ਬਾਣੀ ਦਾ ਅਰਥ ਮੈਂ ਕੀਤਾ, ਸਤਯ-ਧਰਮ, ਤੁਹਾਡੇ ਸੁਭਾਵ ਦਾ ਧਰਮ ਤੁਹਾਨੂੰ ਉਪਲਬਧ ਹੋ ਜਾਏ! ਫਿਰ ਸਭ ਆਪਣੇ ਆਪ ਠੀਕ ਹੁੰਦਾ ਰਹੇਗਾ।

ਕੋਈ ਬੁੱਧ ਸੋਚਦੇ ਥੋੜ੍ਹੇ ਹੀ ਹਨ ਟੁਰਦੇ ਵੇਲੇ—ਕਿਵੇਂ ਟੁਰਾਂ, ਕਿਵੇਂ ਉੱਠਾਂ, ਕਿਵੇਂ ਬੈਠਾਂ ? ਕੀ ਕਹਾਂ, ਕੀ ਨਾ ਕਹਾਂ ? ਕੀ ਠੀਕ ਹੋਏਗਾ, ਕੀ ਗ਼ਲਤ ਹੋਏਗਾ ? ਇਹ ਸਵਾਲ ਹੀ ਨਹੀਂ ਹੈ। ਜਿਵੇਂ ਦਰੱਖ਼ਤ ਵਿਚ ਫੁੱਲ ਲੱਗਦੇ ਹਨ, ਇਸ ਤਰ੍ਹਾਂ ਬੁੱਧ ਵਿਚ ਸਤਯ ਲੱਗਦਾ ਹੈ। ਇਸ ਲਈ ਸਤਯ ਦੀ ਚਿੰਤਾ ਨਾ ਕਰੋ, ਸਤਯ ਹੋਣ ਦੀ ਚਿੰਤਾ ਕਰੋ। ਸੱਚ ਬੋਲਣ ਨਾਲ ਕੀ ਹੋਏਗਾ ? ਬੋਲਣਾ ਤਾਂ ਹੋਠਾਂ ਦੀ ਗੱਲ ਹੈ, ਜੇਕਰ ਕੰਠ (ਗਲਾ) ਦੇ ਹੇਠਾਂ ਝੂਠ ਹੈ ਤਾਂ ਬੁੱਲ੍ਹਾਂ ਤੋਂ ਬਾਹਰ ਸੱਚ ਕਿਵੇਂ ਆਏਗਾ ? ਹਾਂ, ਸਤਯ ਵਰਗਾ ਲੱਗ ਸਕਦਾ ਹੈ ਲੇਕਿਨ ਸਤਯ ਨਹੀਂ ਹੋਏਗਾ।

ਇਕ ਜ਼ੇਨ ਫ਼ਕੀਰ ਹੋਇਆ। ਉਹ ਆਪਣੇ ਗੁਰੂ ਦੇ ਕੋਲ ਸੀ। ਉਸ ਨੇ ਸਾਰੇ ਉਪਾਇ ਕੀਤੇ ਗੁਰੂ ਨੂੰ ਤ੍ਰਿਪਤ ਕਰਨ ਦੇ ਲਈ ਲੇਕਿਨ ਗੁਰੂ ਤ੍ਰਿਪਤ ਹੋਵੇ ਹੀ ਨਾ। ਉਹ ਉਸ ਨੂੰ ਕਹੀ ਹੀ ਜਾਏ ਕਿ ਹੋਰ ਧਿਆਨ ਕਰੋ, ਹੋਰ ਧਿਆਨ ਕਰੋ। ਆਖ਼ਰ ਉਸ ਨੇ ਦੂਜਿਆਂ ਕੋਲੋਂ ਪੁੱਛਿਆ ਕਿ ਵਰ੍ਹੇ ਬੀਤ ਗਏ, ਮੈਂ ਧਿਆਨ ਕਰਦਾ ਹਾਂ, ਕਿਸੇ ਵੀ ਤਰ੍ਹਾਂ ਗੁਰੂ ਦੇ ਇਮਤਿਹਾਨ ਵਿਚ ਸਫਲ ਨਹੀਂ ਹੁੰਦਾ ਹਾਂ। ਹੁਣ ਤਾਂ ਮੈਂ ਥੱਕ ਵੀ ਗਿਆ। ਕੀ ਕਰਾਂ ? ਜਿਸ ਤੋਂ ਪੁੱਛਿਆ ਸੀ, ਉਸ ਨੇ ਕਿਹਾ ਕਿ ਹੋਰ ਤਾਂ ਅਸੀਂ ਕਿਸੇ ਦਾ ਨਹੀਂ ਜਾਣਦੇ, ਪਰ ਮੈਂ ਕਿਵੇਂ ਸਵੀਕਾਰ ਹੋਇਆ ਉਹ ਮੈਂ ਦੱਸ ਦਿੰਦਾ ਹਾਂ। ਮੈਂ ਵੀ ਵਰ੍ਹਿਆਂ ਪ੍ਰੇਸ਼ਾਨ ਹੋਇਆ। ਲੇਕਿਨ ਜਦ ਤਕ ਮੈਂ ਪ੍ਰੇਸ਼ਾਨ ਹੋ ਰਿਹਾ ਸੀ, ਮੈਂ ਆਪਣੇ ਨੂੰ ਬਚਾ ਰਿਹਾ ਸੀ, ਮੈਂ ਸਿਧ ਕਰਨਾ ਚਾਹੁੰਦਾ ਸੀ ਕਿ ਮੈਂ ਸਤਯ ਨੂੰ ਉਪਲਬਧ ਹੋ ਗਿਆ ਹਾਂ। ਫਿਰ ਮੈਂ ਥੱਕ ਗਿਆ। ਜਦ ਸੱਚ-ਮੁੱਚ ਹੀ ਥੱਕ ਗਿਆ ਤਾਂ ਮੈਂ ਸਿੱਧ ਕਰਨ ਦੇ ਉਪਾਇ ਛੱਡ ਦਿੱਤੇ, ਮੈਂ ਮੁਰਦੇ ਦੇ ਵਾਂਗ ਹੋ ਗਿਆ। ਮੈਂ ਇਹ ਵੀ ਫ਼ਿਕਰ ਛੱਡ ਦਿੱਤੀ ਕਿ ਹੁਣ ਉਤੀਰਣ (ਸਫਲ) ਹੁੰਦਾ ਹਾਂ ਕਿ ਨਹੀਂ ਹੁੰਦਾ। ਗੁਰੂ ਦੇ ਕੋਲ ਜਾਂਦਾ ਬੈਠਾ ਰਹਿੰਦਾ, ਜਿਵੇਂ ਮੁਰਦਾ ਹੋਵਾਂ। ਅਤੇ ਜਿਸ ਦਿਨ ਮੈਂ ਮੁਰਦੇ ਦੇ ਵਾਂਗ ਹੋ ਗਿਆ, ਉਸੇ ਦਿਨ ਗੁਰੂ ਨੇ ਮੇਰੀ ਪਿੱਠ ਥਪਥਪਾਈ ਅਤੇ ਕਿਹਾ—ਤੂੰ ਪਾ ਲਿਆ ! ਕਿੱਥੇ ਪਾਇਆ ? ਤਾਂ ਇੰਨਾ ਮੈਂ ਤੈਨੂੰ ਦੱਸ ਸਕਦਾ ਹਾਂ।

ਉਸ ਨੇ ਕਿਹਾ—ਨਾ ਸਮਝ ਪਹਿਲਾਂ ਹੀ ਕਿਉਂ ਨਾ ਕਿਹਾ ? ਇਹ ਤਾਂ ਮੈਂ ਕਦੇ ਦਾ ਕਰ ਲੈਂਦਾ। ਤਿੰਨ ਸਾਲ ਇਵੇਂ ਹੀ ਗੁਆਏ। ਅਤੇ ਤੂੰ ਇੱਥੇ ਗੁਆਂਢ ਵਿਚ ਹੀ ਰਹਿੰਦਾ ਹੈਂ, ਇੰਨੀ ਵੀ ਹਮਦਰਦੀ ਨਹੀਂ ਕੀਤੀ ? ਮੈਂ ਹੁਣੇ ਜਾਂਦਾ ਹਾਂ।

ਉਹ ਗਿਆ। ਜਿਵੇਂ ਹੀ ਗੁਰੂ ਨੇ ਪੁੱਛਿਆ, ਕਿਵੇਂ ਆਇਆ ਹੈਂ, ਧੜਾਮ ਕਰ ਕੇ ਜ਼ਮੀਨ 'ਤੇ ਡਿੱਗ ਪਿਆ। ਜਦ ਅਭਿਨਯ ਹੀ ਕਰਨਾ ਹੋਵੇ ਤਾਂ ਪੂਰਾ ਹੀ ਕਰਨਾ, ਬੈਠਦਾ ਕੀ ? ਮੁਰਦੇ ਕਿਤੇ ਬੈਠਦੇ ਹਨ ? ਉਹ ਧੜਾਮ ਕਰ ਕੇ ਜ਼ਮੀਨ ਤੇ ਡਿੱਗ ਪਿਆ। ਉਸ ਨੇ ਅੱਖਾਂ ਬੰਦ ਕਰ ਲਈਆਂ ਅਤੇ ਪਿਆ ਰਿਹਾ। ਗੁਰੂ

ਨੇ ਕਿਹਾ—ਬਹੁਤ ਭਲੇ ਲੱਗ ਰਹੇ ਹੋ। ਬਿਲਕੁਲ ਠੀਕ! ਧਿਆਨ ਦਾ ਕੀ ਹੋਇਆ ? ਤਾਂ ਉਸ ਨੇ ਇਕ ਅੱਖ ਖੋਲ੍ਹੀ ਤੇ ਕਿਹਾ, ਉਹ ਤਾਂ ਅਜੇ ਕੁਝ ਨਹੀਂ ਹੋਇਆ। ਤਾਂ ਗੁਰੂ ਨੇ ਇਕ ਡੰਡਾ ਉਸ ਦੇ ਸਿਰ ਉੱਤੇ ਮਾਰਿਆ ਅਤੇ ਕਿਹਾ—ਉੱਠ! ਮੁਰਦੇ ਕਿਤੇ ਬੋਲਦੇ ਹਨ ? ਤੂੰ ਜ਼ਰੂਰ ਕਿਸੇ ਤੋਂ ਕਹਾਣੀ ਸੁਣ ਕੇ ਆ ਗਿਆ ਹੈਂ।

ਯਹੂਦੀ ਫ਼ਕੀਰ ਹੋਇਆ—ਬਾਲਸੈਨ। ਉਹ ਇਕ ਪਿੰਡ ਵਿਚੋਂ ਲੰਘ ਰਿਹਾ ਸੀ। ਇਕ ਇਸਤ੍ਰੀ ਉਸ ਦੇ ਪਿੱਛੇ ਲੱਗ ਗਈ। ਉਸ ਦੇ ਪੈਰ ਫੜ ਕੇ ਰਾਹ ਵਿਚ ਹੀ ਰੋਣ ਲੱਗੀ। ਭੀੜ ਲੱਗ ਗਈ। ਬਾਲਸੈਨ ਨੇ ਪੁੱਛਿਆ, ਮਾਮਲਾ ਕੀ ਹੈ ?

ਉਸ ਇਸਤ੍ਰੀ ਨੇ ਕਿਹਾ—ਮੇਰੇ ਬੱਚੇ ਨਹੀਂ ਹੁੰਦੇ। ਅਤੇ ਮੈਂ ਸੁਣਿਆ ਹੈ ਕਿ ਤੁਹਾਡੀ ਮਾਂ ਦੇ ਵੀ ਬੱਚੇ ਨਹੀਂ ਹੁੰਦੇ ਸਨ ਅਤੇ ਇਕ ਸਤਿਗੁਰੂ ਨੇ ਅਸੀਸ ਦਿੱਤੀ।

ਬਾਲਸੈਨ ਨੇ ਕਿਹਾ ਗੱਲ ਠੀਕ ਹੈ। ਮੇਰੀ ਮਾਂ ਨੂੰ ਵੀ ਬੱਚੇ ਨਹੀਂ ਹੁੰਦੇ ਸਨ, ਅਤੇ ਇਕ ਸਤਿਗੁਰੂ ਦੇ ਪੈਰਾਂ ਉੱਤੇ ਇਸੇ ਤਰ੍ਹਾਂ ਮੇਰੀ ਮਾਂ ਵੀ ਡਿੱਗ ਪਈ ਸੀ। ਅਜਿਹਾ ਮੈਂ ਸੁਣਿਆ ਹੈ, ਸਤਿਗੁਰੂ ਨੇ ਕਿਹਾ ਕਿ ਤੂੰ ਇਸ ਤਰ੍ਹਾਂ ਕਰ, ਮੇਰੀ ਟੋਪੀ ਗੁਆਚ ਗਈ ਹੈ, ਤੂੰ ਇਕ ਟੋਪੀ ਬਣਾ ਲਿਆ। ਤੂੰ ਟੋਪੀ ਦੇ ਅਸੀਂ ਤੈਨੂੰ ਬੇਟਾ ਦਿਆਂਗੇ। ਉਹ ਗਈ ਤੇ ਟੋਪੀ ਬਣਾ ਕੇ ਲੈ ਆਈ। ਗੁਰੂ ਨੇ ਟੋਪੀ ਪਾ ਲਈ ਤੇ ਉਸੇ ਰਾਤ ਉਹ ਗਰਭਵਤੀ ਹੋ ਗਈ। ਇਸ ਤਰ੍ਹਾਂ ਮੈਂ ਪੈਦਾ ਹੋਇਆ।

ਉਸ ਇਸਤ੍ਰੀ ਨੇ ਕਿਹਾ ਕਿ ਓਏ! ਰੁਕੋ, ਮੈਂ ਹੁਣੇ ਟੋਪੀ ਲੈ ਕੇ ਆਉਂਦੀ ਹਾਂ। ਗੁਰੂ ਨੇ ਕਿਹਾ—ਠਹਿਰ! ਹੁਣ ਇਹ ਕਹਾਣੀ ਕੰਮ ਨਹੀਂ ਕਰੇਗੀ, ਇਹ ਤਾਂ ਮੈਂ ਤੈਨੂੰ ਸੁਣਾ ਹੀ ਦਿੱਤੀ। ਹੁਣ ਕੁਝ ਹੋਰ ਕਰਨਾ ਪਏਗਾ। ਕਿਉਂਕਿ ਹੁਣ ਤਾਂ ਇਹ ਨਕਲ ਹੋਏਗੀ। ਹੁਣ ਤਾਂ ਇਹ ਕੇਵਲ ਪੁਨਰੁਕਤੀ ਹੋਏਗੀ। ਹੁਣ ਤਾਂ ਇਹ ਉਧਾਰ ਹੋਏਗੀ। ਹੁਣ ਤਾਂ ਇਹ ਅਸਤਯ ਹੋ ਗਈ ਗੱਲ, ਹੁਣ ਇਸ ਨਾਲ ਕੰਮ ਨਹੀਂ ਚੱਲੇਗਾ।

ਉਹ ਇਸਤ੍ਰੀ ਬੋਲੀ—ਹੁਣ ਨਾ ਮੋੜ ਆਪਣੇ ਵਚਨ ਨੂੰ। ਇਕ ਟੋਪੀ ਨਹੀਂ ਹਜ਼ਾਰ ਟੋਪੀਆਂ ਲਿਆ ਦਿਆਂਗੀ। ਹੁਣੇ ਬਾਜ਼ਾਰੋਂ ਖ਼ਰੀਦ ਲਿਆਉਂਦੀ ਹਾਂ। ਜਿੰਨੀਆਂ ਟੋਪੀਆਂ ਬਾਜ਼ਾਰ ਵਿਚ ਹੋਣਗੀਆਂ, ਸਾਰੀਆਂ ਲਿਆ ਦਿਆਂਗੀ, ਬੱਸ ਇਕ ਵਾਰੀ ਤੁਸੀਂ ਆਸ਼ੀਰਵਾਦ ਦੇ ਦਿਓ।

ਟੋਪੀਆਂ ਦਾ ਸਵਾਲ ਨਹੀਂ ਹੈ, ਬਾਲਸੈਨ ਨੇ ਕਿਹਾ—ਇਹ ਕਹਾਣੀ ਕੰਮ ਨਹੀਂ ਕਰੇਗੀ, ਮੈਨੂੰ ਕੁਝ ਹੋਰ ਕਹਾਣੀ ਸੁਣਾਉਣੀ ਪਏਗੀ।

ਥੋੜ੍ਹਾ ਸਮਝਣਾ—ਜੀਵਨ ਵਿਚ ਆਦਮੀ ਦੀ ਬਹੁਤ ਇੱਛਾ ਹੁੰਦੀ ਹੈ। ਅਨੁਕਰਣ (ਨਕਲ ਕਰਨੀ) ਕਰਨ ਦੀ। ਅਨੁਕਰਣ ਅਸਤਯ ਹੈ।

ਬੁੱਧ ਬੋਧੀ ਬ੍ਰਿਛ ਦੇ ਹੇਠਾਂ ਬੈਠੇ ਸਨ—ਗਿਆਨ ਹੋਇਆ। ਤਦੋਂ ਤੋਂ ਹਜ਼ਾਰਾਂ ਲੋਕਾਂ ਨੇ ਬੋਧੀ ਬ੍ਰਿਛ ਦੇ ਹੇਠਾਂ ਬੈਠ ਕੇ ਠੀਕ ਬੁੱਧ ਦੇ ਵਾਂਗ ਆਸਣ ਲਾ ਕੇ ਇੱਛਾ ਕੀਤੀ ਕਿ ਗਿਆਨ ਹੋ ਜਾਏ, ਉਹ ਨਹੀਂ ਹੋਇਆ। ਮਹਾਂਵੀਰ ਬਾਰਾਂ ਵਰ੍ਹੇ ਮੌਨ ਰਹੇ, ਤਦ ਉਨ੍ਹਾਂ ਨੂੰ ਗਿਆਨ ਹੋਇਆ। ਲੱਖਾਂ ਲੋਕਾਂ ਨੇ ਇਨ੍ਹਾਂ ਪੰਜੀ ਸੌ ਵਰ੍ਹਿਆਂ ਵਿਚ ਮੌਨ ਰਹਿਣ ਦੀ ਕੋਸ਼ਿਸ਼ ਕੀਤੀ ਹੈ—ਨਾ ਕੇਵਲ ਕੋਸ਼ਿਸ਼ ਕੀਤੀ, ਬਲਕਿ ਜੈਨ ਸਾਧੂ ਆਪਣੇ ਨੂੰ ਮੁਨੀ ਕਹਿੰਦਾ ਹੈ, ਇਸੇ ਕਾਰਨ, ਮੌਨ ਨਹੀਂ ਰਹਿੰਦਾ, ਮੁਨੀ ਕਹਿੰਦਾ ਹੈ। ਅਨੁਕਰਣ ਕਰ ਰਿਹਾ ਹੈ। ਮਹਾਂਵੀਰ ਨੂੰ ਤਾਂ ਮੌਨ ਤੋਂ ਗਿਆਨ ਪ੍ਰਾਪਤ ਹੋਇਆ ਸੀ। ਸੋ ਉਸ ਨੇ ਆਪਣੇ ਨਾਂ ਦੇ ਮੂਹਰੇ ਮੁਨੀ ਲਗਾ ਰੱਖਿਆ ਹੈ—ਮੁਨੀ ਨਥਮਲ, ਮੁਨੀ ਤੁਲਸੀ, ਮੁਨੀ ਫਲਾਂ ਢਿਕਾ! ਹੁਣ ਕੋਈ ਮੁਨੀ ਲਿਖਣ ਨਾਲ ਥੋੜ੍ਹੀ ਗਿਆਨ ਹੋਏਗਾ। ਹੁਣ ਕਹਾਣੀ ਪਤਾ ਲੱਗ ਗਈ। ਹੁਣ ਤਾਂ ਤੁਸੀਂ ਬਾਰਾਂ ਸਾਲ ਵੀ ਮੌਨ ਰਹੋ ਤਾਂ ਧੋਖਾ ਹੋਏਗਾ। ਮਹਾਂਵੀਰ ਨੇ ਕਿਸੇ ਦੀ ਨਕਲ ਨਹੀਂ ਕੀਤੀ ਸੀ। ਇਹ ਸਹਿਜ ਅਵਿਰਭਾਵ (ਪ੍ਰਕਾਸ਼) ਸੀ। ਇਹ ਸਹਿਜ ਭਾਵ ਸੀ। ਇਸ ਤੋਂ ਗੱਲ ਉੱਠੀ ਸੀ।

ਮਹਾਂਵੀਰ ਨਗਨ (ਨੰਗੇ) ਹੋ ਗਏ, ਤਾਂ ਪਤਾ ਨਹੀਂ ਕਿੰਨੇ ਲੋਕ ਮਹਾਂਵੀਰ ਦੇ ਪਿੱਛੇ ਨਗਨ ਖੜੇ ਹੋ ਗਏ। ਮਹਾਂਵੀਰ ਦੀ ਨਗਨਤਾ (ਨੰਗਾਪਨ) ਵਿਚ ਇਕ ਨਿਰਦੋਸ਼ਤਾ ਸੀ—ਇਨ੍ਹਾਂ ਦੇ ਨੰਗੇਪਨ ਵਿਚ ਨਕਲ ਹੈ। ਨਕਲ ਅਸਤਯ ਹੈ। ਸਤਯ ਹੋਣ ਦੀ ਜ਼ਰੂਰਤ ਹੈ। ਨਹੀਂ ਤਾਂ ਤੁਸੀਂ ਕਿਸੇ ਨਾ ਕਿਸੇ ਝੂਠ ਵਿਚ ਪੈ ਜਾਓਗੇ। ਤੁਸੀਂ ਝੂਠ ਹੋ ਤਾਂ ਝੂਠ ਤੋਂ ਨਹੀਂ ਬਚ ਸਕੋਗੇ। ਤੁਹਾਡੇ ਤੋਂ ਝੂਠ ਦਾ ਧੂੰਆਂ ਹੀ ਉੱਠਦਾ ਰਹੇਗਾ। ਸੱਚ ਕਿਵੇਂ ਤੁਸੀਂ ਹੋ ਜਾਓਗੇ?

ਸੱਚ ਹੋਣ ਦਾ ਇਕ ਹੀ ਉਪਾਇ ਹੈ ਅਤੇ ਉਹ ਉਪਾਇ ਇਹ ਹੈ ਕਿ ਤੁਸੀਂ ਇਸ ਜਗਤ ਵਿਚ ਦਿਖਾਵੇ ਦੀ ਇੱਛਾ ਛੱਡ ਦਿਓ। ਸਾਰਾ ਝੂਠ ਉਸ ਤੋਂ ਪੈਦਾ ਹੁੰਦਾ ਹੈ। ਤੁਸੀਂ ਇਸ ਜਗਤ ਵਿਚ ਉਹ ਹੀ ਰਹੋ, ਜੋ ਤੁਸੀਂ ਹੋ—ਬੁਰੇ ਤਾਂ ਬੁਰੇ, ਭਲੇ ਤਾਂ ਭਲੇ, ਚੋਰ ਤਾਂ ਚੋਰ, ਇਮਾਨਦਾਰ ਤਾਂ ਇਮਾਨਦਾਰ, ਸਾਧੂ ਤਾਂ ਸਾਧੂ, ਅਸਾਧੂ ਤਾਂ ਅਸਾਧੂ। ਤੁਸੀਂ ਜੋ ਹੋ, ਤੁਸੀਂ ਪਰਮਾਤਮਾ ਦੇ ਸਾਹਮਣੇ, ਸੰਸਾਰ ਦੇ ਸਾਹਮਣੇ ਆਪਣੇ ਨੂੰ ਉਹੋ ਜਿਹਾ ਹੀ ਛੱਡ ਦਿਓ—ਕਹਿ ਦਿਓ ਇਹ ਹੀ ਮੇਰਾ ਹੋਣਾ ਹੈ। ਇਹ ਹੀ ਪਰਮਾਤਮਾ ਨੇ ਮੈਨੂੰ ਚਾਹਿਆ ਹੈ, ਜਿਵੇਂ ਉਸ ਦੀ ਮਰਜ਼ੀ ਉਵੇਂ ਰਹਾਂਗੇ। ਆਪਣਾ ਹੁਣ ਕੀ ਕਰਨ ਨੂੰ ਬਚਿਆ।

ਤੁਸੀਂ ਜੇਕਰ ਬਿਲਕੁਲ ਨਿਸ਼ਕਪਟ ਭਾਵ ਨਾਲ ਆਪਣੇ ਨੂੰ ਅਜਿਹਾ ਹੀ ਖੋਲ੍ਹ ਦੇਵੋ ਜਿਹੋ ਜਿਹੇ ਤੁਸੀਂ ਹੋ, ਤੁਹਾਡੇ ਜੀਵਨ ਤੋਂ ਅਸਤਯ ਖੋ ਜਾਏਗਾ। ਅਸਤਯ ਪੈਦਾ ਹੁੰਦਾ ਹੈ, ਦਿਖਾਵੇ ਦੀ ਭਾਵਨਾ ਨਾਲ, ਪ੍ਰਦਰਸ਼ਨ ਨਾਲ। ਅਸਤਯ

ਇਸ ਗੱਲ ਦੀ ਕੋਸ਼ਿਸ਼ ਹੈ, ਜੋ ਮੈਂ ਨਹੀਂ ਹਾਂ, ਉਹੋ ਜਿਹਾ ਤੁਹਾਨੂੰ ਮੈਂ ਦਿਖਾਈ ਪਵਾਂ, ਜੋ ਮੈਂ ਨਹੀਂ ਹਾਂ ਉਹੋ ਜਿਹਾ ਲੋਕ ਮੈਨੂੰ ਮੰਨਣ ਜੋ ਮੇਰੀ ਮੂਰਤੀ ਨਹੀਂ ਹੈ, ਉਹ ਲੋਕ ਦੇ ਮਨ 'ਚ ਮੇਰਾ ਆਦਰਸ਼ ਹੋਵੇ।

ਨਹੀਂ, ਤੁਸੀਂ ਜਿਸ ਤਰ੍ਹਾਂ ਦੇ ਹੋ, ਜਿੱਥੇ ਹੋ, ਉਹੋ ਜਿਹੇ ਹੀ ਖੋਲ੍ਹ ਦਿਓ। ਰੱਤੀ ਭਰ ਇਧਰ-ਉਧਰ ਡੋਲਣ ਦੀ ਡਾਵਾਂਡੋਲ ਹੋਣੇ ਦੀ ਜ਼ਰੂਰਤ ਨਹੀਂ ਹੈ।

ਤੁਸੀਂ ਇਥੇ ਕਿਸੇ ਦੀ ਪ੍ਰਸੰਸਾ ਪਾਉਣ ਨਹੀਂ ਆਏ ਹੋ ਅਤੇ ਨਾ ਕਿਸੇ ਤੋਂ ਪ੍ਰਮਾਣ-ਪੱਤਰ ਇਕੱਠੇ ਕਰਨ। ਤੁਸੀਂ ਇਥੇ ਕਿਸੇ ਦੀਆਂ ਉਮੀਦਾਂ ਵੀ ਪੂਰੀਆਂ ਕਰਨ ਲਈ ਨਹੀਂ ਹੋ। ਇਥੇ ਤੁਸੀਂ ਸ੍ਵੈ (ਖ਼ੁਦ) ਹੋਣ ਲਈ ਹੋ। ਬੱਸ ਤੁਸੀਂ ਸ੍ਵੈ ਹੋ ਰਹੋ। ਫਿਰ ਜੋ ਹੋ...।

ਅਤੇ ਤੁਸੀਂ ਅਚਾਨਕ ਪਾਉਗੇ—ਤੁਸੀਂ ਉੱਠਣ ਲੱਗੇ ਹੋਰ ਢੰਗ ਨਾਲ, ਬੈਠਣ ਲੱਗੇ ਹੋਰ ਢੰਗ ਨਾਲ, ਬੋਲਣ ਲੱਗੇ ਹੋਰ ਢੰਗ ਨਾਲ, ਵੇਖਣ ਲੱਗੇ ਹੋਰ ਢੰਗ ਨਾਲ, ਛੂਹਣ ਲੱਗੇ ਹੋਰ ਢੰਗ ਨਾਲ—ਤੁਹਾਡਾ ਸਾਰਾ ਜੀਵਨ ਦਾ ਢੰਗ ਬਦਲ ਗਿਆ। ਤੁਹਾਡਾ ਅੰਤਰ ਬਦਲ ਗਿਆ, ਤਾਂ ਤੁਹਾਡਾ ਆਚਰਣ ਬਦਲ ਜਾਏਗਾ।

ਕਹਾਵਤ ਠੀਕ ਹੀ ਹੈ ਕਿ ਬਾਰਾਂ ਵਰ੍ਹੇ ਜੇਕਰ ਕੋਈ ਸਤਯ-ਭਾਸ਼ਣ ਕਰੇ ਤਾਂ ਮੁਕਤ ਹੋ ਜਾਏਗਾ। ਲੇਕਿਨ ਬਾਰਾਂ ਵਰ੍ਹੇ ਕੀ ਬਾਰਾਂ ਦਿਨ ਵੀ ਸਤਯ-ਭਾਸ਼ਣ ਕਰਨਾ ਅਸੰਭਵ ਹੈ। ਇਸ ਲਈ ਕਹਾਵਤ ਇਹ ਕਹਿ ਰਹੀ ਹੈ ਕਿ ਤੁਸੀਂ ਸਤਯ ਹੋ ਜਾਓ, ਤਾਂ ਹੀ ਸਤਯ-ਭਾਸ਼ਣ ਕਰ ਸਕੋਗੇ। ਅਤੇ ਜੋ ਸਤਯ ਹੋ ਗਿਆ, ਉਹ ਬਾਰਾਂ ਵਰ੍ਹਿਆਂ ਬਾਅਦ ਮੁਕਤ ਨਹੀਂ ਹੁੰਦਾ, ਉਹ ਸਤਯ ਹੁੰਦੇ ਹੀ ਮੁਕਤ ਹੋ ਜਾਂਦਾ ਹੈ। ਕਿਉਂਕਿ ਸਤਯ ਅਤੇ ਮੋਖਸ਼ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ।

ਆਖ਼ਰੀ ਸਵਾਲ—ਦੁੱਖ ਦੇ ਬਾਰੇ ਜਦੋਂ ਤੁਸੀਂ ਬੋਲਦੇ ਹੋ ਤਦ ਮੈਨੂੰ ਅਤੇ ਹੋਰ ਕਈਆਂ ਨੂੰ ਵੀ ਅਜਿਹਾ ਲਗਦਾ ਹੈ ਕਿ ਇਹ ਤਾਂ ਮੇਰੇ ਜੀਵਨ ਦਾ ਦੁੱਖ ਹੈ, ਭਗਵਾਨ ਨੇ ਕਿਵੇਂ ਜਾਣ ਲਿਆ। ਨਾਲ ਹੀ ਮਨ ਵਿਚ ਉੱਠਣ ਵਾਲੇ ਅਨੇਕਾਂ ਸੰਦੇਹਾਂ (ਸ਼ੱਕਾਂ) ਅਤੇ ਸਵਾਲਾਂ ਦਾ ਸਮਾਧਾਨ ਵੀ ਆਪ ਹੀ ਆਪ ਪ੍ਰਵਚਨ ਤੋਂ ਮਿਲ ਜਾਂਦਾ ਹੈ। ਕਿਰਪਾ ਕਰ ਕੇ ਦੱਸੋ ਕਿ ਇਸ ਦਾ ਰਾਜ਼ ਕੀ ਹੈ ?

ਪਹਿਲੀ ਗੱਲ—ਤੁਹਾਡਾ ਦੁੱਖ ਅਤੇ ਦੂਜੇ ਦਾ ਦੁੱਖ ਵੱਖਰਾ-ਵੱਖਰਾ ਨਹੀਂ ਹੈ। ਮਨੁੱਖ ਮਾਤ੍ਰ ਦਾ ਦੁੱਖ ਇਕ ਹੈ। ਥੋੜ੍ਹੀ ਮਿਕਦਾਰ ਦੇ ਭੇਦ ਹੋਣਗੇ, ਥੋੜ੍ਹੇ-ਬਹੁਤ ਰੰਗ ਆਕਾਰ ਦੇ ਭੇਦ ਹੋਣਗੇ, ਲੇਕਿਨ ਦੁੱਖ ਦਾ ਸੁਭਾਵ ਇਕ ਹੈ।

ਇਸ ਲਈ ਜਦ ਮੈਂ ਦੁੱਖ ਦੇ ਸੰਬੰਧ ਵਿਚ ਬੋਲਦਾ ਹਾਂ, ਤੁਸੀਂ ਸਮਝੋਗੇ, ਤਾਂ ਜ਼ਰੂਰ ਲੱਗੇਗਾ ਕਿ ਤੁਹਾਡੇ ਹੀ ਦੁੱਖ ਦੇ ਸੰਬੰਧ ਵਿਚ ਬੋਲ ਰਿਹਾ ਹਾਂ। ਤੁਹਾਡੇ

ਦੁੱਖ ਦੇ ਸੰਬੰਧ ਵਿਚ ਬੋਲ ਨਹੀਂ ਰਿਹਾ ਹਾਂ, ਦੁੱਖ ਦੇ ਸੰਬੰਧ ਵਿਚ ਬੋਲ ਰਿਹਾ ਹਾਂ। ਦੁੱਖ ਦਾ ਸੁਭਾਵ ਇਕ ਹੈ—ਉਹ ਤੁਹਾਡਾ ਹੋਵੇ ਕਿ ਗੁਆਂਢੀ ਦਾ ਹੋਵੇ ਕਿ ਕਿਸੇ ਹੋਰ ਦਾ ਹੋਵੇ—ਅਤੀਤ ਦੇ ਕਿਨ੍ਹਾਂ ਮਨੁੱਖਾਂ ਦਾ ਹੋਵੇ ਜਾਂ ਭਵਿੱਖ ਦੇ ਮਨੁੱਖਾਂ ਦਾ ਹੋਵੇ—ਇਕ ਹੀ ਹੈ। ਦੁੱਖ ਦਾ ਸੁਭਾਵ ਇਕ ਹੈ।

ਅਜਿਹਾ ਸਮਝੋ ਕਿ ਕੋਈ ਆਦਮੀ ਅੰਗਾਰੇ ਨਾਲ ਸੜ ਗਿਆ, ਕੋਈ ਆਦਮੀ ਦੀਵਾ ਜਲਾਉਂਦੇ ਹੋਏ ਜਲ ਗਿਆ—ਕੋਈ ਆਦਮੀ ਚਕਮਕ ਪਾੜ ਰਿਹਾ ਸੀ ਤੇ ਜਲ ਗਿਆ। ਜਲਨ ਤਾਂ ਇਕ ਹੀ ਹੋਵੇਗੀ, ਚਕਮਕ ਵੱਖਰਾ ਹੈ, ਚਿਰਾਗ ਵੱਖਰਾ ਹੈ, ਅੰਗਾਰਾ ਵੱਖਰਾ ਹੈ, ਪਰ ਹੱਥ ਵਿਚ ਜੋ ਅੱਗ ਦੀ ਜਲਨ ਹੁੰਦੀ ਹੈ, ਉਹ ਤਾਂ ਇਕ ਹੈ। ਮੈਂ ਜਲਨ ਦੇ ਸੰਬੰਧ ਵਿਚ ਬੋਲ ਰਿਹਾ ਹਾਂ, ਚਕਮਕ (ਇਕ ਪੱਥਰ ਜਿਸ ਨੂੰ ਰਗੜੋ ਤਾਂ ਅੱਗ ਪੈਦਾ ਹੁੰਦੀ ਹੈ) ਦੇ ਸੰਬੰਧ ਵਿਚ ਕੀ ਬੋਲਣਾ ? ਕਿਥੇ ਤੁਸੀਂ ਜਲੇ ਇਸ ਨਾਲ ਕੀ ਲੈਣਾ-ਦੇਣਾ ਹੈ ? ਕਿਵੇਂ ਤੁਸੀਂ ਜਲੇ, ਇਸ ਨਾਲ ਕੀ ਮਤਲਬ ਹੈ ? ਤੁਹਾਡੀ ਜਲਨ, ਜਲਨ ਦੇ ਸ਼ੁੱਧ ਸੁਭਾਵ ਦੇ ਸੰਬੰਧ ਵਿਚ ਬੋਲ ਰਿਹਾ ਹਾਂ—ਇਸ ਲਈ ਸਾਰਿਆਂ ਨੂੰ ਲੱਗੇਗਾ ਕਿ ਉਸ ਦੇ ਹੀ ਦੁੱਖ ਦੇ ਸੰਬੰਧ ਵਿਚ ਬੋਲ ਰਿਹਾ ਹਾਂ। ਇਸ ਨਾਲ ਤੁਸੀਂ ਭਰਮ ਵਿਚ ਨਾ ਪੈਣਾ ਕਿ ਮੈਂ ਤੁਹਾਡੇ ਦੁੱਖ ਦੇ ਸੰਬੰਧ ਵਿਚ ਬੋਲ ਰਿਹਾ ਹਾਂ। ਕਿਉਂਕਿ ਹੰਕਾਰ ਬਹੁਤ ਬਰੀਕ ਹੈ, ਉਹ ਇਸ ਵਿਚ ਵੀ ਮਜ਼ਾ ਲੈਂਦਾ ਹੈ ਕਿ ਵੇਖੋ, ਮੇਰੇ ਹੀ ਦੁੱਖ ਦੇ ਸੰਬੰਧ ਵਿਚ ਬੋਲ ਰਹੇ ਹਨ। ਤੁਹਾਡੇ ਦੁੱਖ ਨਾਲ ਕੀ ਲੈਣਾ-ਦੇਣਾ ? ਤੁਹਾਡਾ ਮੈਨੂੰ ਪਤਾ ਹੀ ਕਿੱਥੇ ਹੈ ? ਦੁੱਖ ਦੇ ਸੰਬੰਧ ਵਿਚ ਬੋਲ ਰਿਹਾ ਹਾਂ।

ਲੇਕਿਨ ਤੁਸੀਂ ਵੀ ਦੁੱਖ ਜਾਣਿਆ ਹੈ, ਸਭ ਨੇ ਦੁੱਖ ਜਾਣਿਆ ਹੈ। ਜਦ ਤੁਸੀਂ ਆਨੰਦ ਜਾਣੋਗੇ ਤਦ ਜੋ ਮੈਂ ਆਨੰਦ ਦੇ ਸੰਬੰਧ ਵਿਚ ਬੋਲ ਰਿਹਾ ਹਾਂ ਉਹ ਵੀ ਅਜਿਹਾ ਹੀ ਲੱਗੇਗਾ ਕਿ ਤੁਹਾਡੇ ਆਨੰਦ ਦੇ ਸੰਬੰਧ ਵਿਚ ਬੋਲ ਰਿਹਾ ਹਾਂ।

ਤੁਸੀਂ ਤਾਂ ਕੇਵਲ ਨਿਮਿੱਤਮਾਤਰ ਹੋ, ਜਿੱਥੇ ਘਟਨਾਵਾਂ ਘਟਦੀਆਂ ਹਨ। ਉਨ੍ਹਾਂ ਘਟਨਾਵਾਂ ਦਾ ਸੁਭਾਵ ਕੀ ਹੈ ? ਜੇਕਰ ਮੈਂ ਇਕ-ਇਕ ਵਿਅਕਤੀ ਦੇ ਦੁੱਖ ਦੇ ਸੰਬੰਧ ਵਿਚ ਬੋਲਾਂ ਤਦ ਤਾਂ ਬੜੀ ਮੁਸ਼ਕਿਲ ਹੋ ਜਾਏਗੀ—ਤਦ ਤਾਂ ਵਿਸਤਾਰ ਅਨੰਤ ਹੋਏਗਾ। ਸਾਰਿਆਂ ਦੇ ਹਿਰਦੇ ਤਕ ਪੁੱਜ ਸਕਣਾ ਨਾਮੁਮਕਿਨ ਹੋਏਗਾ। ਦੁੱਖ ਦੇ ਸੰਬੰਧ ਵਿਚ ਬੋਲਦਾ ਹਾਂ, ਬੱਸ—ਸਾਰਿਆਂ ਦੇ ਹਿਰਦਿਆਂ ਤਕ ਪੁੱਜ ਜਾਂਦਾ ਹਾਂ।

ਅਜਿਹਾ ਸਮਝੋ ਕਿ ਮੈਂ ਸਾਗਰ ਦੇ ਸੰਬੰਧ ਵਿਚ ਬੋਲ ਰਿਹਾ ਹਾਂ—ਹਿੰਦ ਮਹਾਂ-ਸਾਗਰ ਨੇ ਸੁਣਿਆ, ਪ੍ਰਸ਼ਾਂਤ ਮਹਾਂ-ਸਾਗਰ ਨੇ ਸੁਣਿਆ ਕਿ ਅਰਬ

ਮਹਾਂ-ਸਾਗਰ ਨੇ ਸੁਣਿਆ ਕਿ ਅਟਲਾਂਟਿਕ ਮਹਾਂ-ਸਾਗਰ ਨੇ ਸੁਣਿਆ—ਕੀ ਫ਼ਰਕ ਪਏਗਾ ? ਮੈਂ ਜੇਕਰ ਕਿਹਾ ਕਿ ਸਾਗਰ ਦਾ ਪਾਣੀ ਖਾਰਾ ਹੈ, ਉਹ ਸਾਰੇ ਸਮਝਣਗੇ ਕਿ ਮੇਰੇ ਸੰਬੰਧ ਵਿਚ ਬੋਲ ਰਹੇ ਹਨ। ਸਾਰੇ ਸਾਗਰਾਂ ਦਾ ਪਾਣੀ ਖਾਰਾ ਹੈ, ਇਹ ਹੀ ਤਾਂ ਤੁਹਾਨੂੰ ਸਮਝਣਾ ਹੈ ਕਿ ਤੁਹਾਡਾ ਦੁੱਖ ਅਤੇ ਗੁਆਂਢੀ ਦਾ ਦੁੱਖ ਵੱਖ-ਵੱਖ ਨਹੀਂ ਹੈ।

ਤੁਸੀਂ ਮਨੁੱਖ ਹੋ—ਤੁਹਾਡੇ ਹੋਣ ਦੇ ਢੰਗ ਵਿਚ ਥੋੜ੍ਹੇ ਬਹੁਤ ਭੇਦ ਹੋਣਗੇ, ਲੇਕਿਨ ਤੁਹਾਡੀ ਅੰਤ ਸੱਤਾ—ਤਾਂ ਇਕ ਹੈ। ਤੁਹਾਡੇ ਵਿਹੜੇ ਵਿਚ ਜਿਹੜਾ ਆਕਾਸ਼ ਸਮਾਇਆ ਹੈ, ਉਹ ਹੀ ਤੁਹਾਡੇ ਗੁਆਂਢੀ ਦੇ ਵਿਹੜੇ ਵਿਚ ਵੀ ਸਮਾਇਆ ਹੈ। ਤੁਹਡਾ ਵਿਹੜਾ ਤਿਰਛਾ ਹੋਏਗਾ, ਤੁਹਾਡੇ ਵਿਹੜੇ ਵਿਚ ਸਾਧਾਰਨ ਗਰੀਬ ਆਦਮੀ ਦੀ ਮਿੱਟੀ ਦੀ ਕੰਧ ਹੋਏਗੀ, ਗੁਆਂਢੀ ਦਾ ਵਿਹੜਾ ਕੀਮਤੀ ਹੋਏਗਾ, ਸੰਗਮਰਮਰ ਜੜਿਆ ਹੋਏਗਾ—ਪਰ ਆਕਾਸ਼ ਤੁਹਾਡੇ ਮਿੱਟੀ ਦੇ ਵਿਹੜੇ ਵਿਚ ਵੀ ਉਹ ਹੀ ਹੈ, ਸੰਗਮਰਮਰ ਦੇ ਵਿਹੜੇ ਵਿਚ ਵੀ ਉਹ ਹੀ ਹੈ। ਮੈਂ ਆਕਾਸ਼ ਦੇ ਸੰਬੰਧ ਵਿਚ ਬੋਲ ਰਿਹਾ ਹਾਂ। ਤੁਹਾਡੇ ਵਿਹੜੇ ਦੇ ਸੰਬੰਧ ਵਿਚ ਨਹੀਂ। ਇਸ ਲਈ ਤੁਹਾਨੂੰ ਸੁਭਾਵਿਕ ਲੱਗੇਗਾ। ਇਸ ਵਿਚ ਰਾਜ਼ ਕੁਝ ਵੀ ਨਹੀਂ ਹੈ, ਸਿੱਧਾ ਹਿਸਾਬ ਹੈ।

ਹੋਰ ਹਾਲਾਂਕਿ—ਮੈਂ ਸ਼ੂਨਯ ਵਿਚ ਨਹੀਂ ਬੋਲ ਰਿਹਾ ਹਾਂ, ਮੈਂ ਤੁਹਾਡੇ ਨਾਲ ਬੋਲ ਰਿਹਾ ਹਾਂ, ਤੁਹਾਡੀ ਡੂੰਘੀ ਮਨੁੱਖਤਾ ਨਾਲ ਬੋਲ ਰਿਹਾ ਹਾਂ। ਇਸ ਲਈ ਮੇਰਾ, ਜਿਨ੍ਹਾਂ ਨੂੰ ਮੈਟਾਫਿਜ਼ੀਕਲ, ਪਾਰਲੌਕਿਕ ਵਿਸ਼ਯ ਕਿਹਾ ਜਾਏ, ਉਨ੍ਹਾਂ ਵਿਚ ਮੇਰਾ ਕੋਈ ਰਸ ਨਹੀਂ ਹੈ, ਉਹ ਫ਼ਿਜ਼ੂਲ ਦੀ ਬਕਵਾਸ ਹੈ। ਮੈਂ ਤਾਂ ਮਨੋਵਿਗਿਆਨਿਕ ਸਤਯਾਂ ਉੱਤੇ ਬੋਲ ਰਿਹਾ ਹਾਂ। ਮੈਂ ਤਾਂ ਤੁਹਾਡੇ ਸੰਬੰਧ ਵਿਚ ਬੋਲ ਰਿਹਾ ਹਾਂ, ਤਾਂਕਿ ਤੁਸੀਂ ਜਿੱਥੇ ਹੋ ਉਥੋਂ ਹੀ ਯਾਤਰਾ ਸ਼ੁਰੂ ਹੋ ਸਕੇ।

ਮੈਨੂੰ ਫ਼ਿਕਰ ਨਹੀਂ ਹੈ ਕਿ ਪਰਮਾਤਮਾ ਨੇ ਸੰਸਾਰ ਬਣਾਇਆ ਕਿ ਨਹੀਂ ਬਣਾਇਆ, ਕਿ ਕਿਸ ਤਾਰੀਖ਼ ਨੂੰ ਬਣਾਇਆ, ਕਿਸ ਦਿਨ ਬਣਾਇਆ, ਕਿ ਹਿੰਦੂਆਂ ਦੇ ਢੰਗ ਨਾਲ ਬਣਾਇਆ ਕਿ ਮੁਸਲਮਾਨਾਂ ਦੇ ਢੰਗ ਨਾਲ ਬਣਾਇਆ—ਇਹ ਸਭ ਬਕਵਾਸ ਹੈ, ਇਸ ਵਿਚ ਕੋਈ ਅਰਥ ਨਹੀਂ ਹੈ। ਮੈਂ ਕੋਈ ਪਾਗ਼ਲ ਨਹੀਂ ਹਾਂ। ਮੇਰੀ ਦ੍ਰਿਸ਼ਟੀ ਵਿਚ ਸਾਰੇ ਦਾਰਸ਼ਨਿਕ ਪਾਗ਼ਲ ਹਨ। ਉਹ ਜੋ ਬੋਲ ਰਹੇ ਹਨ, ਉਸ ਦਾ ਕੋਈ ਮੁੱਲ ਨਹੀਂ ਹੈ, ਕੋਈ ਅਰਥ ਨਹੀਂ ਹੈ।

ਤੁਸੀਂ ਦੁਖੀ ਹੋ ਇਹ ਸਤਯ ਹੈ। ਤੁਸੀਂ ਹਿੰਦੂ ਹੋ ਤਾਂ ਦੁਖੀ ਹੋ, ਮੁਸਲਮਾਨ ਹੋ ਤਾਂ ਦੁਖੀ ਹੋ। ਤੁਸੀਂ ਮੰਨਦੇ ਹੋ ਕਿ ਈਸ਼ਵਰ ਨੇ ਸੰਸਾਰ ਬਣਾਇਆ ਤਾਂ ਦੁਖੀ ਹੋ, ਤੁਸੀਂ ਮੰਨਦੇ ਹੋ ਕਿ ਈਸ਼ਵਰ ਨੇ ਸੰਸਾਰ ਨਹੀਂ ਬਣਾਇਆ, ਈਸ਼ਵਰ ਹੈ ਹੀ

ਨਹੀਂ ਤਾਂ ਵੀ ਦੁਖੀ ਹੋ। ਤੁਹਾਡੇ ਦੁੱਖ ਨੂੰ ਮਿਟਾਉਣਾ ਹੈ ਅਤੇ ਮੇਰੇ ਅਨੁਭਵ ਵਿਚ ਅਜਿਹਾ ਹੈ ਕਿ ਜਦ ਤੁਹਾਡਾ ਦੁੱਖ ਮਿਟ ਜਾਏਗਾ ਤਾਂ ਜੋ ਬਾਕੀ ਰਹਿ ਜਾਂਦਾ ਹੈ ਉਹ ਹੀ ਪਰਮਾਤਮਾ ਹੈ।

ਪਰਮਾਤਮਾ ਕੋਈ ਧਾਰਨਾ ਨਹੀਂ ਹੈ—ਧਾਰਣਾ ਸ਼ੂਨਯਚਿੱਤ ਦਾ ਅਨੁਭਵ ਹੈ। ਪਰਮਾਤਮਾ ਕੋਈ ਸਿਧਾਂਤ ਨਹੀਂ ਹੈ ਕਿ ਜਿਸ ਨੂੰ ਸਿੱਧ ਕਰਨਾ ਹੈ, ਪਰਮਾਤਮਾ ਇਕ ਪ੍ਰਤੀਤਿ ਹੈ—ਆਨੰਦ ਦੀ, ਪਰਮ ਆਨੰਦ ਦੀ, ਅਹੋ ਭਾਵ ਦੀ!

ਤਾਂ ਦੋ ਗੱਲਾਂ ਹਨ—ਇਕ ਤਾਂ ਵਿਅਕਤੀ-ਵਿਅਕਤੀ ਨਾਲ ਕੀ ਲੈਣਾ-ਦੇਣਾ ਹੈ, ਸਾਰੇ ਵਿਅਕਤੀਆਂ ਦੇ ਅੰਦਰ ਜੋ ਇਕੋ ਜਿਹਾ ਹੈ, ਉਸੇ ਦੇ ਸੰਬੰਧ ਵਿਚ ਬੋਲ ਰਿਹਾ ਹਾਂ। ਹੋਰ ਕੋਸ਼ਿਸ਼ ਤੁਹਾਨੂੰ ਆਕਾਸ਼ ਦੇ ਸਿਧਾਂਤ ਸਮਝਾਣ ਦੀ ਨਹੀਂ ਹੈ, ਧਰਤੀ ਉੱਤੇ ਜਿੱਥੇ ਤੁਸੀਂ ਖਲੋਤੇ ਹੋ, ਜਿੱਥੋਂ ਤੁਹਾਡੀ ਯਾਤ੍ਰਾ ਸ਼ੁਰੂ ਹੋਏਗੀ, ਉਸੇ ਸੰਬੰਧ ਵਿਚ ਬੋਲ ਰਿਹਾ ਹਾਂ।

ਇਸ ਲਈ, ਸੁਭਾਵਤਾ—ਜੇਕਰ ਤੁਸੀਂ ਮੈਨੂੰ ਸੁਣਿਆ ਹੈ, ਤਾਂ ਤੁਹਾਨੂੰ ਅਜਿਹਾ ਹੀ ਲੱਗੇਗਾ ਕਿ ਤੁਹਾਡੇ ਹੀ ਸੰਬੰਧ ਵਿਚ ਬੋਲ ਰਿਹਾ ਹਾਂ, ਬਿਲਕੁਲ ਤੁਹਾਡੇ ਲਈ ਬੋਲ ਰਿਹਾ ਹਾਂ। ਇਹ ਠੀਕ ਵੀ ਹੈ ਲੱਗਣਾ। ਲੇਕਿਨ ਇਸ ਕਾਰਨ ਹੰਕਾਰ ਨੂੰ ਨਾ ਖੜਾ ਕਰਨਾ, ਨਹੀਂ ਤਾਂ ਤੁਹਾਨੂੰ ਲੱਗੇਗਾ ਕਿ ਮੈਂ ਤੁਹਾਨੂੰ ਕੋਈ ਵਿਸ਼ੇਸ਼ਤਾ ਦਿੱਤੀ, ਇੱਥੇ ਇੰਨੇ ਲੋਕ ਮੌਜੂਦ ਸਨ, ਮੈਂ ਤੁਹਾਡੇ ਦੁੱਖ ਦੇ ਸੰਬੰਧ 'ਚ ਬੋਲਦਾ ਰਿਹਾ। ਇਸ ਤਰ੍ਹਾਂ ਹੰਕਾਰ ਨੂੰ ਨਾ ਬਚਾ ਲੈਣਾ, ਨਹੀਂ ਤਾਂ ਦੁੱਖ ਕਦੇ ਵੀ ਨਹੀਂ ਮਿਟੇਗਾ—ਕਿਉਂਕਿ ਹੰਕਾਰ ਦੁੱਖ ਦੀ ਸੁਰੱਖਿਆ ਹੈ।

ਅੱਜ ਏਨਾ ਹੀ।

ਤੀਜਾ ਪ੍ਰਵਚਨ

(ਕ) ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੁ ਮਿਲਾਏ ॥੨॥
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥
ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥

(ਖ) ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥

ਜੀਵਨ ਦਾ ਪ੍ਰਾਰੰਭ ਤਾਂ ਸਾਰਿਆਂ ਦਾ ਇਕੋ ਜਿਹਾ ਹੈ, ਲੇਕਿਨ ਅੰਤ ਨਹੀਂ। ਸਵੇਰ ਤਾਂ ਬਰਾਬਰ ਹੈ, ਸ਼ਾਮ ਸਭ ਦੀ ਬਹੁਤ ਭਿੰਨ-ਭਿੰਨ ਹੈ, ਕਿਉਂਕਿ ਜਨਮ ਦੇ ਨਾਲ ਤਾਂ ਆਉਂਦਾ ਹੈ ਵਿਅਕਤੀ ਕੋਰੇ ਕਾਗਜ਼ ਦੇ ਵਾਂਗ, ਮੌਤ ਦੀ ਘੜੀ ਜੀਵਨ ਦੀ ਪੂਰੀ ਕਥਾ ਲਿਖ ਜਾਂਦੀ ਹੈ ਕਾਗ਼ਜ਼ ਉੱਤੇ।

ਜਨਮ ਨਿਰਵੈਅਕਤਿਕ ਹੈ, ਮੌਤ ਵੈਅਕਤਿਕ, ਮੌਤ ਦੇ ਨੇੜੇ ਪੁੱਜਦੇ-ਪੁੱਜਦੇ ਤੁਹਾਡਾ ਇਕ ਵਿਅਕਤਿਤਵ, ਤੁਹਾਡਾ ਇਕ ਢੰਗ ਤੁਹਾਡੀ ਇਕ ਸ਼ੈਲੀ ਨੀਅਤ ਹੋ ਜਾਦੀ ਹੈ। ਜਨਮਦਾਤਾ ਤਾਂ ਪਰਮਾਤਮਾ ਹੈ, ਮਰਦੇ ਤੁਸੀਂ ਹੋ! ਆਉਂਦੇ ਤਾਂ ਕੋਰੇ ਹੋ, ਜਾਂਦੇ ਸਮੇਂ ਬਹੁਤ ਭਰ ਜਾਂਦੇ ਹੋ। ਉਸੇ ਭਰਾਵ ਦੇ ਕਾਰਨ ਭੇਦ ਹੈ। ਉਸੇ ਭਰਾਵ ਦਾ ਨਾਂ ਹੰਕਾਰ ਹੈ।

ਹੰਕਾਰ ਸਭ ਦੇ ਵੱਖਰੇ-ਵੱਖਰੇ ਹਨ, ਆਤਮਾ ਇਕ ਹੈ। ਆਤਮਾ ਤਾਂ ਉਸ ਤੱਤ ਦਾ ਨਾਂ ਹੈ ਜਿਸ ਨੂੰ ਤੁਸੀਂ ਜਨਮ ਦੇ ਨਾਲ ਲੈ ਕੇ ਆਏ। ਅਤੇ ਹੰਕਾਰ ਉਸ ਤੱਤ ਦਾ ਨਾਂ ਹੈ ਜਿਸ ਨੂੰ ਤੁਸੀਂ ਜੀਵਨ ਵਿਚ ਬਣਾਇਆ ਹੈ, ਜਿਸ ਨੂੰ ਤੁਸੀਂ ਲਿਆਏ ਨਹੀਂ ਸੀ, ਜਿਸ ਨੂੰ ਤੁਸੀਂ ਹੀ ਸੰਵਾਰਿਆ ਸਜਾਇਆ ਹੈ। ਤੁਹਾਨੂੰ ਤਾਂ ਪਰਮਾਤਮਾ ਨੇ ਬਣਾਇਆ ਹੈ, ਲੇਕਿਨ ਹੰਕਾਰ ਦੇ ਨਿਰਮਾਤਾ ਤੁਸੀਂ ਹੋ।

ਤਾਂ ਇਕ ਤਾਂ ਸੰਸਾਰ ਹੈ ਪਰਮਾਤਮਾ ਦਾ, ਉਸ ਦਾ ਤਾਂ ਤੁਹਾਨੂੰ ਕੁਝ ਪਤਾ ਨਹੀਂ, ਇਕ ਸੰਸਾਰ ਹੈ ਤੁਹਾਡੇ ਹੰਕਾਰ ਦਾ, ਬਸ ਉਸੇ ਵਿਚ ਹੀ ਤੁਸੀਂ ਜੀਉਂਦੇ ਹੋ, ਉਸੇ ਵਿਚ ਹੀ ਸਮਾਪਤ ਹੋ ਜਾਂਦੇ ਹੋ।

ਹੰਕਾਰ ਦਾ ਅਰਥ ਹੈ—ਤੁਸੀਂ ਜਾਣ ਹੀ ਨਾ ਸਕੇ ਜੋ ਤੁਸੀਂ ਸੀ। ਇਸ ਤੋਂ ਪਹਿਲਾਂ ਕਿ ਤੁਸੀਂ ਜਾਣਦੇ ਆਪਣੇ ਕੋਰੇਪਨ ਨੂੰ, ਤੁਸੀਂ ਲਿਖਾਵਟ ਨਾਲ ਆਪਣੇ ਨੂੰ ਭਰ ਲਿਆ। ਇਸ ਤੋਂ ਪਹਿਲਾਂ ਕਿ ਤੁਸੀਂ ਜਾਣਦੇ ਨਿਰਮਲਤਾ ਦੀ ਚੇਤਨਯ ਦੀ, ਤੁਸੀਂ ਬਹੁਤ ਕੂੜਾ-ਕਰਕਟ ਇਕੱਠਾ ਕਰ ਲਿਆ।

ਇਸ ਲਈ ਮੈਂ ਫਿਰ ਦੁਹਰਾਉਂਦਾ ਹਾਂ। ਜਨਮ ਦੇ ਤਾਂ ਸਾਰੇ ਇਕੋ ਜਿਹੇ ਹਨ, ਮਰਦੇ ਸਾਰੇ ਵੱਖਰੇ-ਵੱਖਰੇ ਹਨ। ਮੌਤ ਦਾ ਵਿਅਕਤਿਤਵ (ਪਰਸਨੈਲਟੀ) ਹੈ—ਜਨਮ ਨਿਰਵੈਅਕਤਿਕ, ਨਿਰਾਕਾਰ, ਸ਼ੂਨਤਾ ਹੈ। ਅਤੇ ਇਸ ਲਈ ਮੌਤ ਨਾਲ ਹੀ ਪਤਾ ਚੱਲਦਾ ਹੈ ਕਿ ਤੁਸੀਂ ਕਿਵੇਂ ਜੀਵੇ, ਕਿਉਂਕਿ ਮੌਤ ਐਲਾਨ ਹੈ ਤੁਹਾਡੇ ਪੂਰੇ ਜੀਵਨ ਦਾ, ਵਕਤਵਯ (ਸਟੇਟਮੈਂਟ ਜਾਂ ਬਿਉਰਾ) ਹੈ ਤੁਹਾਡੇ ਪੂਰੇ

ਜੀਵਨ ਦਾ। ਮਰਨ ਦੀ ਘੜੀ ਵਿਚ ਤੁਸੀਂ ਸੰਗ੍ਰਹੀਭੂਤ (ਇਕੱਠ) ਹੋ ਜਾਂਦੇ ਹੋ, ਤੁਹਾਡਾ ਸਤੱਰ, ਅੱਸੀ ਸਾਲ ਦਾ, ਸੌ ਸਾਲ ਦਾ ਜੀਵਨ ਇਕ ਛਣ ਵਿਚ ਸਮਾ ਜਾਂਦਾ ਹੈ। ਉਸ ਪਲ ਵਿਚ ਤੁਸੀਂ ਪ੍ਰਗਟ ਹੁੰਦੇ ਹੋ। ਜੀਵਨ ਭਰ ਤੁਸੀਂ ਚਾਹੇ ਆਪਣੇ ਨੂੰ ਲੁਕਾਈ ਰਹੇ ਹੋ, ਮੌਤ ਦੀ ਘੜੀ ਵਿਚ ਨਾ ਲੁਕਾ ਸਕੋਗੇ, ਕਿਉਂਕਿ ਲੁਕਾਉਣ ਦਾ ਹੋਸ਼ ਵੀ ਨਹੀਂ ਰਹਿ ਜਾਏਗਾ।

ਜੀਵਨ ਭਰ ਚਾਹੇ ਤੁਸੀਂ ਧੋਖਾ ਦਿੱਤਾ ਹੋਵੇ, ਮੌਤ ਦੀਆਂ ਘੜੀਆਂ ਵਿਚ ਤੁਸੀਂ ਧੋਖਾ ਨਹੀਂ ਦੇ ਪਾਉਗੇ। ਮੌਤ ਤੁਹਾਡੀ ਅਸਲੀਅਤ ਖੋਲ੍ਹ ਹੀ ਦੇਵੇਗੀ। ਮੌਤ ਤਾਂ ਦੱਸ ਹੀ ਦੇਵੇਗੀ ਕਿ ਤੁਸੀਂ ਕੀ ਸੀ। ਜੇਕਰ ਤੁਸੀਂ ਧਨ ਨੂੰ ਫੜ ਕੇ ਜੀਵੇ ਸੀ ਤਾਂ ਹੱਸਦੇ ਹੋਏ ਕਿਵੇਂ ਮਰ ਸਕੋਗੇ? ਕਿਉਂਕਿ ਧਨ ਤਾਂ ਛੁੱਟਦਾ ਹੋਏਗਾ। ਰੋਵੋਗੇ ਜ਼ਾਰ-ਜ਼ਾਰ ਰੋਵੋਗੇ। ਜੇਕਰ ਤੁਸੀਂ ਪਦ-ਪ੍ਰਤਿਸ਼ਠਾ (ਮਾਣ-ਸਨਮਾਨ-ਪੋਜ਼ੀਸ਼ਨ) ਨੂੰ ਸਭ ਕੁਝ ਮੰਨ ਕੇ ਜੀਵੇ ਸੀ, ਮਰਨ ਵੇਲੇ ਕਿਵੇਂ ਸ਼ਾਂਤੀ ਨਾਲ ਵਿਦਾ ਹੋ ਸਕੋਗੇ? ਕਿਉਂਕਿ ਤੁਹਾਡੀ ਬੇੜੀ ਤਾਂ ਛੁੱਟਣ ਲੱਗੇਗੀ, ਤੁਹਾਡੀਆਂ ਪਦ-ਪ੍ਰਤਿਸ਼ਠਾਵਾਂ ਤਾਂ ਇਸੇ ਕੰਢੇ 'ਤੇ ਪਈਆਂ ਰਹਿ ਜਾਣਗੀਆਂ। ਤੁਸੀਂ ਚੀਖੋਗੇ, ਰੌਲਾ ਪਾਉਗੇ। ਤੁਹਾਡਾ ਰੋਮ-ਰੋਮ ਤੜਫੇਗਾ। ਤੁਸੀਂ ਇਸ ਕੰਢੇ ਨੂੰ ਫੜ ਲੈਣਾ ਚਾਹੋਗੇ। ਆਖ਼ਰੀ ਟੁੱਟਦੀ ਸਾਹ ਨਾਲ ਵੀ ਤੁਸੀਂ ਇਸ ਕੰਢੇ ਨੂੰ ਆਪਣੀ ਖੂੰਟੀ ਨਾਲ ਬੰਨ੍ਹ ਰੱਖਣਾ ਚਾਹੋਗੇ। ਤੁਹਾਡੀ ਵਿਦਾਈ ਬਹੁਤ ਦੁੱਖਦਾਈ ਹੋਵੇਗੀ। ਤੁਹਾਡੀ ਵਿਦਾਈ ਬਹੁਤ ਜ਼ਹਿਰੀਲੀ ਹੋਵੇਗੀ। ਤੁਸੀਂ ਇਕ ਫੁੱਲ ਦੇ ਵਾਂਗ ਮੁਸਕਰਾਉਂਦੇ ਹੋਏ, ਇਕ ਖ਼ੁਸ਼ਬੂ ਦੇ ਵਾਂਗ ਆਕਾਸ਼ ਵਿਚ ਮੁਕਤ ਨਹੀਂ ਹੋ ਜਾਉਗੇ। ਤੁਹਾਡੇ ਜਾਣ ਵਿਚ ਰੁਦਨ ਹੋਏਗਾ, ਵਿਸ਼ਾਦ (ਦੁੱਖ) ਹੋਏਗਾ। ਤੁਹਾਡਾ ਜਾਣਾ ਦੁਖਾਂਤ ਹੋਏਗਾ।

ਲੇਕਿਨ ਜਿਸ ਨੇ ਜੀਉਂਦੇ ਜੀ ਪਛਾਣ ਲਿਆ ਕਿ ਮੌਤ ਕਰੀਬ ਆਉਂਦੀ ਹੈ। ਜਿਸ ਨੇ ਜੀਉਂਦੇ ਜੀ ਜਾਣ ਲਿਆ ਕਿ ਮਰਨਾ ਹੋਏਗਾ ਅਤੇ ਜਿਸ ਨੂੰ ਇਹ ਗੱਲ ਇੰਨੀ ਗਹਿਰਾਈ ਨਾਲ ਸਮਝ ਵਿਚ ਆ ਗਈ ਕਿ ਉਸ ਨੇ ਮਰਨ ਦੇ ਪਹਿਲਾਂ ਹੀ ਆਪਣੇ ਨੂੰ ਛੱਡ ਦਿੱਤਾ, ਮਰਨ ਤੋਂ ਪਹਿਲਾਂ ਹੀ ਮਾਰ ਛੱਡਿਆ ਆਪਣੇ ਨੂੰ, ਜਿਸ ਨੇ ਇਹ ਜਾਣ ਲਿਆ ਕਿ ਮੈਂ ਉਹੋ ਜਿਹਾ ਹੀ ਜਾਵਾਂਗਾ ਜਿਹੋ ਜਿਹਾ ਆਇਆ ਸੀ, ਕੋਰਾ, ਖ਼ਾਲੀ, ਸਾਰੀ ਪਕੜ ਵਿਅਰਥ ਹੈ, ਜੋ ਮਰਨ ਤੋਂ ਪਹਿਲਾਂ ਫਿਰ ਕੋਰਾ ਕਾਗ਼ਜ਼ ਹੋ ਗਿਆ, ਜਿਸ ਨੇ ਆਪਣੀ ਮੌਤ ਨੂੰ ਉਹੋ ਜਿਹਾ ਹੀ ਨਿਰਵਿਕਾਰ ਅਤੇ ਸ਼ੁੱਧ ਕਰ ਲਿਆ ਜਿਸ ਤਰ੍ਹਾਂ ਜਨਮ ਸੀ—ਉਸ ਦਾ ਜੀਵਨ ਇਕ ਵਰਤੁਲ (ਚੱਕਰ) ਹੋ ਗਿਆ, ਉਸ ਦੇ ਜੀਵਨ ਵਿਚ ਅਧੂਰਾਪਨ ਨਾ ਰਿਹਾ, ਇਕ ਪਰਿਪੂਰਣਤਾ ਹੋ ਗਈ। ਉਸ ਦੀ ਵਿਦਾਈ ਬਹੁਤ

ਭਿੰਨ ਹੋਏਗੀ। ਉਸ ਦੀ ਵਿਦਾਈ ਉੱਤੇ ਸਾਰੀ ਕੁਦਰਤ ਖ਼ੁਸ਼ ਹੋਏਗੀ, ਕਿਉਂਕਿ ਉਸ ਦੀ ਵਿਦਾਈ ਇਕ ਪੂਰੀ ਤਰ੍ਹਾਂ, ਪੂਰਣਤਾ ਦੀ ਵਿਦਾਈ ਹੋਏਗੀ। ਉਹ ਰੋਂਦਾ ਹੋਇਆ ਨਹੀਂ ਜਾਏਗਾ। ਉਸ ਦੇ ਬੁੱਲ੍ਹਾਂ 'ਤੇ ਗੀਤ ਹੋਣਗੇ। ਉਸ ਦੇ ਪ੍ਰਾਣਾਂ ਵਿਚ ਖ਼ੁਸ਼ੀ ਹੋਏਗੀ, ਆਨੰਦ ਹੋਏਗਾ। ਉਹ ਨੱਚਦਾ ਹੋਇਆ ਵਿਦਾ ਹੋਏਗਾ। ਉਹ ਜਾਂਦੇ ਸਮੇਂ, ਕਿਸੇ ਨਾਲ ਉਸ ਨੂੰ ਸ਼ਿਕਾਇਤ ਨਹੀਂ ਹੋਏਗੀ, ਆਸ਼ੀਰਵਾਦ ਹੋਣਗੇ। ਇਸ ਕੰਢੇ ਨੂੰ ਉਹ ਧੰਨਵਾਦ ਦੇ ਸਕੇਗਾ। ਇਸ ਕੰਢੇ 'ਤੇ ਇੰਨੀ ਦੇਰ ਰਿਹਾ, ਇਸ ਕੰਢੇ ਨੇ ਇੰਨੀ ਦੇਰ ਸਾਂਭਿਆ, ਹੁਣ ਉਹ ਦੂਜੇ ਕੰਢੇ ਲਈ ਵਿਦਾ ਹੋ ਰਿਹਾ ਹੈ—ਇਸ ਕੰਢੇ ਲਈ ਵੀ ਉਸ ਦੇ ਮਨ 'ਚ ਬਹੁਤ ਗਹਿਰੀ ਸ਼ੁਕਰਗੁਜ਼ਾਰੀ ਹੋਏਗੀ। ਉਸ ਦੀ ਵਿਦਾਈ ਇਸ ਤਰ੍ਹਾਂ ਹੋਏਗੀ ਜਿਵੇਂ ਕੋਈ ਫੁੱਲ ਆਪਣੀ ਸੁਗੰਧ ਨੂੰ ਮੁਕਤ ਕਰੇ। ਉਹ ਦੁਰਗੰਧ ਦੀ ਤਰ੍ਹਾਂ ਨਹੀਂ ਜਾਏਗਾ ਅਤੇ ਉਸ ਦੀ ਮੌਤ ਫਿਰ ਕੁਦਰਤੀ ਹੈ—ਮੌਤ ਵਰਗੀ ਨਹੀਂ ਹੋਏਗੀ, ਮਹਾਂਜੀਵਨ ਦਾ ਪ੍ਰਾਰੰਭ ਹੋਏਗਾ।

ਤਾਂ, ਜੇਕਰ ਅਸੀਂ ਸਾਰੇ ਵਿਅਕਤੀਆਂ ਦੀ ਮੌਤ ਨੂੰ ਵੰਡਣਾ ਚਾਹੀਏ ਤਾਂ ਦੋ ਮੋਟੀਆਂ ਕੋਟੀਆਂ ਵਿਚ ਵੰਡ ਸਕਦੇ ਹਾਂ—ਇਕ ਬਹੁਤੇ ਲੋਕਾਂ ਦੀ ਮੌਤ ਜਿਸ ਭਾਂਤ ਹੁੰਦੀ ਹੈ, ਅਤੇ ਦੂਜੀ ਕੁਝ ਬੁੱਧ ਪੁਰਖਾਂ ਦੀ। ਕਰੋੜਾਂ ਵਿਚੋਂ ਇਕ ਜਿਵੇਂ ਮਰਦਾ ਹੈ, ਅਤੇ ਕਰੋੜ ਜਿਸ ਤਰ੍ਹਾਂ ਮਰਦੇ ਹਨ—ਦੋ ਮੋਟੇ ਹਿੱਸੇ ਅਸੀਂ ਕਰ ਸਕਦੇ ਹਾਂ। ਉਹ ਜਿਹੜਾ ਕਰੋੜਾਂ ਲੋਕਾਂ ਦਾ ਮਰਨ ਦਾ ਢੰਗ ਹੈ, ਉਹ ਅਜਿਹਾ ਹੈ ਕਿ ਉਸ ਵਿਚ ਇਕ ਜੀਵਨ ਤਾਂ ਸਮਾਪਤ ਹੋ ਜਾਂਦਾ ਹੈ, ਦੂਜੇ ਦਾ ਪ੍ਰਾਰੰਭ ਨਹੀਂ ਹੁੰਦਾ।

ਇਸ ਨੂੰ ਤੁਸੀਂ ਠੀਕ ਤਰ੍ਹਾਂ ਸਮਝੋ। ਇਹ ਗੱਲ ਬਹੁਤ ਬਰੀਕ ਹੈ—ਅਤੇ ਤੁਹਾਡੇ ਖ਼ਿਆਲ ਵਿਚ ਆ ਜਾਏ ਤਾਂ ਤੁਹਾਡੇ ਅੰਦਰ ਚੇਤਨਾ ਦਾ ਇਕ ਤਲ ਉੱਪਰ ਉੱਠ ਜਾਏਗਾ।

ਇਕ ਤਾਂ ਮੌਤ ਅਜਿਹੀ ਹੈ—ਬਹੁਤੇ ਲੋਕਾਂ ਦੀ ਮੌਤ, ਕਿ ਜੀਵਨ ਤਾਂ ਸਮਾਪਤ ਹੋ ਜਾਂਦਾ ਹੈ, ਮਹਾਂਜੀਵਨ ਦੀ ਸ਼ੁਰੂਆਤ ਨਹੀਂ ਹੁੰਦੀ, ਆਦਮੀ ਅੱਧ ਵਿਚ ਟੰਗਿਆ ਜਾਂਦਾ ਹੈ। ਪੌੜੀ ਤਾਂ ਛੁੱਟ ਜਾਂਦੀ ਹੈ। ਹੁਣ ਤਕ ਜਿਸ ਪੌੜੀ 'ਤੇ ਖਲੋਤੇ ਸੀ, ਉਹ ਤਾਂ ਛੁੱਟ ਜਾਂਦੀ ਹੈ, ਨਵੀਂ ਧਰਤੀ ਨਹੀਂ ਮਿਲ਼ਦੀ, ਜਿੱਥੇ ਪੈਰ ਨੂੰ ਰੱਖ ਲੈਣ—ਜਿਸ ਤਰ੍ਹਾਂ ਕੋਈ ਗੱਢੇ (ਟੋਇਆਂ) ਵਿਚ ਡਿੱਗ ਪਿਆ। ਇਕ ਦੁਆਰ ਤਾਂ ਬੰਦ ਹੋ ਜਾਂਦਾ ਹੈ, ਜਿਸ ਨੂੰ ਹੁਣ ਤਕ ਪਛਾਣਿਆ ਸੀ, ਕੋਈ ਨਵਾਂ ਦੁਆਰ ਨਹੀਂ ਖੁੱਲ੍ਹਦਾ। ਸਾਹਮਣੇ ਕੰਧ ਆ ਜਾਂਦੀ ਹੈ। ਇਕ ਰਾਹ ਤਾਂ ਪੂਰੀ ਹੋ ਜਾਂਦੀ ਹੈ ਜਿਸ ਉੱਤੇ ਹੁਣ ਤਕ ਟੁਰੇ ਸੀ ਜਨਮ ਤੋਂ ਲੈ ਕੇ, ਲੇਕਿਨ

ਕੋਈ ਨਵੀਂ ਰਾਹ ਸ਼ੁਰੂ ਹੁੰਦੀ ਮਲੂਮ ਨਹੀਂ ਹੁੰਦੀ। ਇਹ ਹੀ ਤਾਂ ਕਰੋੜਾਂ ਜਣਿਆਂ ਦੇ ਮਰਨ ਸਮੇਂ ਦੀ ਪੀੜਾ ਹੈ। ਕਾਸ਼, ਨਵਾਂ ਦੁਆਰ ਖੁੱਲ੍ਹ ਜਾਏ ਤਾ ਕੌਣ ਰੋਂਦਾ ਹੈ ਪੁਰਾਣੇ ਦੁਆਰ ਲਈ! ਨਵਾਂ ਦਰਵਾਜ਼ਾ ਖੁੱਲ੍ਹ ਜਾਏ ਤਾਂ ਕੌਣ ਦੁਖੀ ਹੁੰਦਾ ਹੈ ਪੁਰਾਣੇ ਰਾਹ ਲਈ? ਨਵੀਂ ਧਰਤੀ ਮਿਲ ਜਾਏ ਪੈਰ ਰੱਖਣ ਨੂੰ ਤਾਂ ਕੌਣ ਚੀਖਦਾ-ਚਿੱਲਾਉਂਦਾ ਹੈ, ਕੌਣ ਪਾਗ਼ਲ ਪਿੱਛੇ ਮੁੜ ਕੇ ਵੇਖਦਾ ਹੈ!

ਉਹ ਜਿਹੜੀ ਦੂਜੀ ਮੌਤ ਹੈ, ਬਹੁਤ ਥੋੜ੍ਹੇ ਜਿਹੇ ਗਿਣੇ-ਚੁਣੇ ਲੋਕਾਂ ਦੀ—ਜਿਹੜੀ ਕਿ ਸਭ ਦੀ ਹੋ ਸਕਦੀ ਹੈ, ਲੇਕਿਨ ਸਭ ਦੀ ਹੈ ਨਹੀਂ, ਜਿਸ ਦੇ ਸਾਰੇ ਅਧਿਕਾਰੀ ਹਨ, ਲੇਕਿਨ ਆਪਣੇ ਅਧਿਕਾਰ ਦਾ ਐਲਾਨ ਨਹੀਂ ਕਰ ਪਾਂਦੇ, ਜੋ ਸਾਰਿਆਂ ਨੂੰ ਮਿਲ ਸਕਦੀ ਸੀ, ਲੇਕਿਨ ਜਿਹੜੇ ਉਸ ਨੂੰ ਕਮਾ ਨਹੀਂ ਪਾਂਦੇ, ਜਿਹੜੇ ਜੀਵਨ ਨੂੰ ਐਵੇਂ ਹੀ ਗੁਆ ਦਿੰਦੇ ਹਨ—ਉਸ ਮੌਤ ਵਿਚ ਜੀਵਨ ਤਾਂ ਸਮਾਪਤ ਹੁੰਦਾ ਹੈ, ਮਹਾਂਜੀਵਨ ਉਪਲਬਧ ਹੁੰਦਾ ਹੈ। ਬੂੰਦ ਤਾਂ ਛੁੱਟ ਜਾਂਦੀ ਹੈ ਹੱਥਾਂ 'ਚੋਂ, ਪਰ ਸਾਗਰ ਹੱਥਾਂ 'ਚ ਉੱਤਰ ਆਉਂਦਾ ਹੈ। ਰੋਣ ਦਾ ਸਵਾਲ ਨਹੀਂ ਹੈ, ਜਸ਼ਨ ਦੀ ਘੜੀ ਹੈ! ਨਿੱਕਾ ਜਿਹਾ ਸ਼ੂਦਰ ਦੁਆਰ ਤਾਂ ਬੰਦ ਹੁੰਦਾ ਹੈ—ਜਿਸ ਤਰ੍ਹਾਂ ਕਿ ਕੋਈ ਟਨਲ ਵਿਚ, ਸੁਰੰਗ ਵਿਚ ਚੱਲਦਾ ਰਿਹਾ ਹੋਵੇ—ਅਤੇ ਅਚਾਨਕ ਖੁੱਲ੍ਹਾ ਆਕਾਸ਼ ਆ ਜਾਂਦਾ ਹੈ। ਕੌਣ ਪਾਗ਼ਲ ਪਰਤ ਕੇ ਰੋਏਗਾ! ਸਰਕਦੇ ਸੀ, ਘਿਸਟਦੇ ਸੀ ਛੋਟੀ ਰਾਹ ਸੀ, ਸੰਕੀਰਣ (ਤੰਗ) ਮਾਰਗ ਸੀ—ਕੀੜਿਆਂ ਦੇ ਵਾਂਗ ਟੁਰਨਾ ਪੈ ਰਿਹਾ ਸੀ, ਅਚਾਨਕ ਬੋਗਦਾ (ਤੰਗ ਸੁਰੰਗ) ਸਮਾਪਤ ਹੋਇਆ, ਖੁੱਲ੍ਹਾ ਆਕਾਸ਼ ਸਾਹਮਣੇ ਆ ਗਿਆ—ਤਾਰਿਆਂ ਨਾਲ ਭਰਿਆ—ਕੌਣ ਮੁੜ ਕੇ ਪਿੱਛੇ ਵੇਖਦਾ ਹੈ। ਇਕ ਦਰਵਾਜ਼ਾ ਬੰਦ ਹੋ ਜਾਂਦਾ ਹੈ, ਨਵਾਂ ਦਰਵਾਜ਼ਾ ਖੁੱਲ੍ਹ ਜਾਂਦਾ ਹੈ। ਅਤੇ ਨਵਾਂ ਦੁਆਰ ਹੈ! ਹੁਣ ਤਕ ਜਿਸ ਨੂੰ ਜੀਵਨ ਕਿਹਾ ਸੀ ਉਹ ਮੌਤ ਵਰਗਾ ਮਲੂਮ ਹੁੰਦਾ ਹੈ, ਕਿਉਂਕਿ ਮਹਾਂਜੀਵਨ ਦੇ ਸਾਹਮਣੇ ਉਸ ਨੂੰ ਜੀਵਨ ਕਹਿਣਾ ਉਚਿਤ ਨਹੀਂ।

ਸ਼੍ਰੀ ਅਰਵਿੰਦ ਨੇ ਕਿਹਾ ਹੈ ਕਿ ਜਦ ਜਾਣਿਆ ਤਦ ਪਾਇਆ ਕਿ ਜਿਸ ਨੂੰ ਜੀਵਨ ਕਹਿੰਦੇ ਸੀ ਉਹ ਤਾਂ ਮੌਤ ਸੀ, ਅਤੇ ਜਿਸ ਨੂੰ ਹੁਣ ਤਕ ਪ੍ਰਕਾਸ਼ ਸਮਝਿਆ ਸੀ, ਉਹ ਤਾਂ ਅੰਧਕਾਰ ਦਾ ਇਕ ਢੰਗ ਸੀ, ਅਤੇ ਜਿਸ ਨੂੰ ਹੁਣ ਤਕ ਅੰਮ੍ਰਿਤ ਮੰਨ ਕੇ ਚੱਲੇ ਸੀ, ਉਹ ਮਹਾਂਵਿਸ਼ ਸਿੱਧ ਹੋਇਆ, ਜ਼ਹਿਰ ਸਿੱਧ ਹੋਇਆ। ਲੇਕਿਨ ਇਹ ਤੁਲਨਾ ਤਾਂ ਤਦ ਹੀ ਹੋਏਗੀ ਸੰਭਵ ਜਦ ਤੁਸੀਂ ਆਪਣੇ ਤੰਗ ਦਰਵਾਜ਼ੇ ਤੋਂ ਬਾਹਰ ਆ ਜਾਉਗੇ।

ਅਜਿਹਾ ਹੀ ਸਮਝੋ ਕਿ ਇਕ ਬੱਚਾ ਮਾਂ ਦੇ ਢਿੱਡ ਵਿਚ ਬੰਦ ਹੈ, ਨੌਂ ਮਹੀਨਿਆਂ ਤਕ ਉਹ ਉਸੇ ਨੂੰ ਹੀ ਜੀਵਨ ਸਮਝਦਾ ਹੈ, ਕੋਈ ਹੋਰ ਜੀਵਨ

ਜਾਣਦਾ ਵੀ ਨਹੀਂ, ਉਹ ਹੀ ਇਕ ਮਾਤ੍ਰ ਜੀਵਨ ਹੈ। ਮਾਂ ਦੇ ਢਿੱਡ ਵਿਚ ਹੋਣਾ ਵੀ ਕੋਈ ਜੀਵਨ ਹੈ ? ਜ਼ਿਆਦਾ ਤੋਂ ਜ਼ਿਆਦਾ ਜੀਵਲ ਦੀ ਤਿਆਰੀ ਹੋ ਸਕਦੀ ਹੈ, ਜੀਵਨ ਨਹੀਂ। ਥੋੜਾ ਸੋਚੋ, ਜੇਕਰ ਤੁਸੀਂ ਸਦਾ ਲਈ ਮਾਂ ਦੇ ਢਿੱਡ ਵਿਚ ਹੀ ਬੰਦ ਰਹਿ ਜਾਂਦੇ, ਨਾ ਸੂਰਜ ਦੀ ਕਿਰਣ ਤੁਹਾਨੂੰ ਛੂੰਹਦੀ, ਨਾ ਪੰਛੀਆਂ ਦੇ ਗੀਤ ਤੁਹਾਨੂੰ ਸੁਣਾਈ ਪੈਂਦੇ, ਨਾ ਤੁਹਾਡੇ ਜੀਵਨ ਵਿਚ ਪ੍ਰੇਮ ਦਾ ਪ੍ਰਕਾਸ਼ ਹੁੰਦਾ, ਨਾ ਤੁਸੀਂ ਪ੍ਰਾਰਥਨਾ ਨਾਲ ਪਰਿਚਿਤ ਹੁੰਦੇ, ਨਾ ਤੁਸੀਂ ਜੀਵਨ ਦੇ ਝੰਝਾਵਾਤ (ਝੰਜਟ) ਅਤੇ ਤੂਫ਼ਾਨਾਂ ਵਿਚ ਖੜੇ ਹੁੰਦੇ, ਨਾ ਤੁਸੀਂ ਸਾਗਰ ਦੀਆਂ ਲਹਿਰਾਂ ਜਾਣਦੇ, ਨਾ ਤੁਹਾਨੂੰ ਹਿਮਾਲਿਆ ਦੇ ਉੱਚੇ ਸ਼ਿਖ਼ਰ ਵਿਖਾਈ ਪੈਂਦੇ, ਤੁਸੀਂ ਬੰਦ ਰਹਿੰਦੇ ਮਾਂ ਦੇ ਢਿੱਡ ਵਿਚ, ਇਕ ਖੋਲ੍ਹ ਵਿਚ—ਤਾਂ ਚਾਹੇ ਕਿੰਨੀ ਹੀ ਸੁਵਿਧਾ ਰਹੀ ਹੁੰਦੀ, ਤੁਸੀਂ ਥੋੜਾ ਸੋਚੋ, ਤੁਸੀਂ ਉਸ ਨੂੰ ਜੀਵਨ ਕਹਿੰਦੇ ? ਤੁਸੀਂ ਉਸ ਲਈ ਰਾਜ਼ੀ ਹੁੰਦੇ ?

ਲੇਕਿਨ ਹਰ ਬੱਚਾ ਪੈਦਾ ਹੋਣ ਤੋਂ ਪਹਿਲਾਂ ਘਬਰਾਉਂਦਾ ਹੈ, ਮਨੋਵਿਗਿਆਨਿਕ ਉਸ ਨੂੰ ਕਹਿੰਦੇ ਹਨ 'ਬਰਥ-ਟ੍ਰਾਮਾ'—ਹਰ ਬੱਚਾ ਘਬਰਾ ਜਾਂਦਾ ਹੈ ਜਨਮ ਦੇ ਪਹਿਲਾਂ, ਕਿਉਂਕਿ ਉਸ ਨੂੰ ਤਾਂ ਅਜਿਹਾ ਹੀ ਲੱਗਦਾ ਹੈ, ਉਸ ਦੀ ਜਾਣਕਾਰੀ ਵਿਚ ਤਾਂ ਅਜਿਹਾ ਹੀ ਆਉਂਦਾ ਹੈ ਕਿ ਇਹ ਤਾਂ ਮਰਨਾ ਹੋ ਰਿਹਾ ਹੈ। ਉਹ ਹੋਰ ਤਾਂ ਕੋਈ ਜੀਵਨ ਜਾਣਦਾ ਨਹੀਂ, ਇਸ ਮਾਂ ਦੇ ਢਿੱਡ ਵਿਚ ਬੰਦ ਜੀਵਨ ਨੂੰ ਜੀਵਨ ਜਾਣਿਆ ਸੀ, ਅਤੇ ਉਸ ਵਿਚ ਸਭ ਤਰ੍ਹਾਂ ਦੀ ਆਸਾਨੀ ਸੀ, ਕੋਈ ਚਿੰਤਾ ਨਹੀਂ ਸੀ, ਕੋਈ ਬੇਚੈਨੀ ਨਹੀਂ ਸੀ, ਕੋਈ ਨੌਕਰੀ ਨਹੀਂ ਕਰਨੀ ਸੀ, ਕੋਈ ਬਾਜ਼ਾਰ ਨਹੀਂ ਜਾਣਾ ਸੀ, ਕੋਈ ਦਫ਼ਤਰ ਵਿਚ ਕੰਮ ਨਹੀਂ ਕਰਨਾ ਸੀ। ਸਭ ਬੈਠੇ-ਬਿਠਾਏ ਮਿਲ ਜਾਂਦਾ ਸੀ, ਸੁੱਤੇ-ਸੁੱਤੇ ਮਿਲ ਜਾਂਦਾ ਸੀ। ਮਾਂ ਦਾ ਖ਼ੂਨ ਖ਼ੂਨ ਬਣਦਾ ਸੀ, ਮਾਂ ਦੇ ਭੋਜਨ ਨਾਲ ਭੋਜਨ ਮਿਲ ਜਾਂਦਾ ਸੀ, ਮਾਂ ਦੀ ਸੁਆਸ ਸੁਆਸ ਬਣ ਜਾਂਦੀ ਸੀ, ਖ਼ੁਦ ਕੁਝ ਕਰਨ ਦੀ ਗੱਲ ਹੀ ਨਹੀਂ ਸੀ। ਕਰਮ ਤਾਂ ਸੀ ਹੀ ਨਹੀਂ ਕੁਝ।

ਬੱਚਾ ਡਰਦਾ ਹੈ, ਘਬਰਾਉਂਦਾ ਹੈ ਅਤੇ ਜਦ ਮਾਂ ਦੇ ਪੇਟ ਤੋਂ ਬੱਚੇ ਨੂੰ ਪੈਦਾ ਹੋਣਾ ਹੁੰਦਾ ਹੈ ਤਾਂ ਇਕ ਸੁਰੰਗ ਤੋਂ ਇਕ ਟਨਲ ਤੋਂ ਲੰਘਣਾ ਹੈ। ਮਨੋਵਿਗਿਆਨਿਕ ਕਹਿੰਦੇ ਹਨ, ਇਸ ਲਈ ਸੁਰੰਗ 'ਚੋਂ ਲੰਘਣ ਲਈ ਡਰ ਲੱਗਦਾ ਹੈ ਅਤੇ ਜਿੱਥੇ ਵੀ ਤੁਹਾਨੂੰ ਸਰਕਨਾ ਪਏ ਅਤੇ ਥਾਂ ਭੀੜਾ ਹੋ ਜਾਏ ਉਥੇ ਹੀ ਭੈਅ ਮਲੂਮ ਹੁੰਦਾ ਹੈ, ਕਿਉਂਕਿ ਬੱਚੇ ਦਾ ਜਿਹੜਾ ਪਹਿਲਾ ਭੈਅ ਹੈ, ਉਹ ਸੁਰੰਗ ਦਾ ਭੈਅ ਹੈ, ਮਾਂ ਦੇ ਪੇਟ ਤੋਂ ਪੈਦਾ ਹੋਣ ਵੇਲੇ ਜਿਸ ਨਲੀ 'ਚੋਂ ਲੰਘਦਾ ਪੈਂਦਾ ਹੈ, ਉਹ ਬਹੁਤ ਹੀ ਜ਼ਿਆਦਾ ਭੀੜੀ ਹੈ, ਉਹ ਸਾਰਿਆਂ ਪਾਸਿਆਂ

ਤੋਂ ਦਬੋਚਦੀ ਹੈ, ਸਾਰਿਆਂ ਪਾਸਿਆਂ ਤੋਂ ਪ੍ਰਾਣ ਉਸ ਦੇ ਸੰਕਟ ਵਿਚ ਪੈ ਜਾਂਦੇ ਹਨ। ਮਨੋਵਿਗਿਆਨਿਕ ਕਹਿੰਦੇ ਹਨ ਕਿ ਜੀਵਨ ਭਰ ਜਿੱਥੇ ਵੀ ਤੁਹਾਨੂੰ ਕਦੇ ਅਜਿਹੀ ਹਾਲਤ ਆ ਜਾਏਗੀ, ਜਿੱਥੇ ਤੁਸੀਂ ਆਪਣੇ ਨੂੰ ਦਬਾਏ ਹੋਏ ਅਨੁਭਵ ਕਰੋਗੇ ਝੱਟ-ਪੱਟ ਤੁਹਾਨੂੰ 'ਬਰਥ-ਟ੍ਰਾਮਾ', ਉਹ ਜਿਹੜੀ ਜਨਮ ਦੀ ਪੀੜਾ ਸੀ, ਉਸ ਦਾ ਫਿਰ ਚੇਤਾ ਆ ਜਾਏਗਾ, ਤੁਸੀਂ ਫਿਰ ਘਬਰਾ ਜਾਓਗੇ। ਇਸ ਲਈ ਤਾਂ ਤੁਹਾਨੂੰ ਭੀੜ ਵਿਚ ਘਬਰਾਹਟ ਮਲੂਮ ਹੁੰਦੀ ਹੈ ? ਜੇਕਰ ਚੌਹਾਂ ਪਾਸਿਆਂ ਤੋਂ ਭੀੜ ਹੀ ਭੀੜ ਦਬੋਚ ਰਹੀ ਹੋਵੇ ਤਾਂ ਤੁਹਾਨੂੰ ਬਹੁਤ ਹੈਰਾਨੀ ਮਲੂਮ ਹੁੰਦੀ ਹੈ, ਬਹੁਤ ਅੰਦਰ ਬੇਚੈਨੀ—ਜਿਵੇਂ ਗਲਾ ਘੁੱਟਿਆ ਜਾ ਰਿਹਾ ਹੋਵੇ—ਮਲੂਮ ਹੁੰਦਾ ਹੈ। ਉਹ ਘਬਰਾਹਟ ਬੱਚੇ ਨੇ ਜੋ ਜਨਮ ਦੇ ਸਮੇਂ ਤੋਂ ਪਹਿਲਾਂ ਮਹਿਸੂਸ ਕੀਤੀ ਹੈ ਉਸ ਦੀ ਘਬਰਾਹਟ ਹੈ। ਬੱਚੇ ਨੂੰ ਅਜਿਹਾ ਹੀ ਲੱਗਦਾ ਹੈ ਕਿ ਉਹ ਮਰਿਆ ਅਤੇ ਇਹ ਬਿਲਕੁਲ ਤਰਕਯੁਕਤ (ਤਰਕ ਮੁਤਾਬਿਕ) ਹੈ ਲੱਗਣਾ, ਕਿਉਂਕਿ ਹੋਰ ਤਾਂ ਕੋਈ ਜੀਵਨ ਬੱਚਾ ਜਾਣਦਾ ਨਹੀਂ, ਜੋ ਜੀਵਨ ਸੀ, ਉੱਜੜਿਆ, ਜਿਸ ਨੂੰ ਹੁਣ ਤਕ ਸੁੱਖ-ਸੁਵਿਧਾ ਮੰਨਿਆ ਸੀ, ਉਹ ਮਿੱਟੀ।

ਮੌਤ ਵੀ ਇਕ ਸੁਰੰਗ ਹੈ। ਜੇਕਰ ਘਬਰਾ ਨਾ ਗਏ, ਜੇਕਰ ਇੰਨੇ ਨਾ ਘਬਰਾ ਗਏ ਕਿ ਬੇਹੋਸ਼ ਹੋ ਗਏ ਘਬਰਾਹਟ ਵਿਚ, ਇੰਨੇ ਦੁਖੀ ਅਤੇ ਬੇਚੈਨ ਨਾ ਹੋ ਗਏ, ਜੋ ਛੁੱਟ ਰਿਹਾ ਹੈ ਉਸ ਦੇ ਕਾਰਨ ਕਿ ਜੋ ਮਿਲ ਜਿਹਾ ਹੈ ਉਹ ਵਿਖਾਈ ਹੀ ਨਾ ਪਵੇ—ਕਈ ਵਾਰੀ ਤੁਹਾਡੇ ਹੱਥਾਂ 'ਚੋਂ ਕੰਕੜ-ਪੱਥਰ ਖੋਹ ਲਏ ਜਾਂਦੇ ਹਨ, ਲੇਕਿਨ ਕੰਕੜ-ਪੱਥਰਾਂ ਨੂੰ ਤੁਸੀਂ ਹੀਰੇ ਸਮਝਿਆ ਸੀ, ਤੁਸੀਂ ਉਨ੍ਹਾਂ ਨੂੰ ਛੱਡਦੇ ਨਹੀਂ, ਤੁਸੀਂ ਮੁੱਠੀਆਂ ਬੰਨ੍ਹਦੇ ਹੋ, ਤੁਸੀਂ ਸਾਰੀ ਤਾਕਤ ਲਾ ਦਿੰਦੇ ਹੋ ਕਿ ਕੋਈ ਛੁਡਾ ਨਾ ਲਵੇ—ਤੁਹਾਨੂੰ ਪਤਾ ਨਹੀਂ ਹੈ ਕਿ ਹੀਰੇ ਜਵਾਹਰਾਤ ਦਿੱਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਤੁਹਾਨੂੰ ਪਤਾ ਹੋ ਵੀ ਕਿਵੇਂ ਸਕਦਾ ਹੈ ? ਤਾਂ ਤੁਸੀਂ ਇੰਨਾ ਉਪੱਦਰ ਮਚਾ ਸਕਦੇ ਹੋ ਕੰਕੜ-ਪੱਥਰ ਛੱਡਣ ਵਿਚ ਕਿ ਤੁਸੀਂ ਬੇਹੋਸ਼ ਹੋ ਜਾਓ, ਤੁਸੀਂ ਇੰਨੇ ਦੁਖੀ ਹੋ ਸਕਦੇ ਹੋ ਕਿ ਚੈਤਨਯ ਗੁਆ ਦਿਓ—ਫਿਰ ਹੀਰੇ ਜਵਾਹਰਾਤ ਪਏ ਰਹਿ ਜਾਣਗੇ। ਤੁਸੀਂ ਇਸੇ ਪੀੜਾ ਵਿਚ ਪਏ ਰਹੋਗੇ ਕਿ ਤੁਹਾਡੇ ਜੀਵਨ ਦਾ ਸਾਰਾ ਸਾਰ ਖੋਹ ਲਿਆ ਗਿਆ ਹੈ।

ਮੌਤ ਇਕ ਸੁਰੰਗ ਹੈ। ਜਿਹੜਾ ਘਬਰਾ ਗਿਆ, ਜੋ ਡਰ ਗਿਆ, ਜਿਸ ਨੇ ਜ਼ੋਰ ਨਾਲ ਫੜਿਆ, ਉਹ ਅੱਗੇ ਖੁੱਲ੍ਹਣ ਵਾਲੇ ਆਕਾਸ਼ ਨੂੰ ਨਹੀਂ ਵੇਖ ਪਾਏਗਾ। ਜੋ ਨਾ ਡਰਿਆ, ਜੋ ਨਾ ਘਬਰਾਇਆ, ਸਗੋਂ ਜੋ ਉਤਸੁਕ ਰਿਹਾ, ਜਿਸ ਨੇ ਬੜੀ ਜਗਿਆਸਾ ਨਾਲ ਉਡੀਕ ਕੀਤੀ ਅਤੇ ਜਿਸ ਨੇ ਜਾਣਿਆ ਕਿ ਇਹ ਸੁਰੰਗ ਹੈ, ਪਾਰ ਹੋ ਜਾਏਗੀ—ਅਤੇ ਜਿਸ ਨੂੰ ਮੈਂ ਹੁਣ ਤਕ ਜੀਵਨ ਕਿਹਾ

ਸੀ, ਉਹ ਇਕ ਸੁਰੰਗ ਦਾ ਜੀਵਨ ਸੀ, ਭੀੜਾ ਸੀ ਬਹੁਤ, ਗਲਾ ਘੁਟਿਆ ਜਾ ਰਿਹਾ ਸੀ, ਉਸ ਵਿਚ ਕੁਝ ਮਿਲ ਨਹੀਂ ਰਿਹਾ ਸੀ—ਉਸ ਨੂੰ ਜਿਵੇਂ ਹੀ ਖੁੱਲ੍ਹੇ ਆਕਾਸ਼ ਦੇ ਦਰਸ਼ਨ ਹੋਣਗੇ, ਉਸ ਦੇ ਅਹੋਭਾਵ ਦੀ ਕੋਈ ਸੀਮਾ ਨਹੀਂ। ਉਹ ਘੜੀ ਪਤਾ ਚੱਲੇਗਾ ਕਿ ਜਿਸ ਨੂੰ ਜੀਵਨ ਕਿਹਾ ਸੀ, ਉਹ ਮੌਤ ਸੀ, ਜਿਸ ਨੂੰ ਪ੍ਰਕਾਸ਼ ਕਿਹਾ ਉਹ ਅੰਧਕਾਰ ਸੀ, ਜਿਸ ਨੂੰ ਅੰਮ੍ਰਿਤ ਕਿਹਾ ਉਹ ਜ਼ਹਿਰ ਸੀ। ਪਰ ਤੁਲਨਾ ਅਜੇ ਤਾਂ ਨਹੀਂ ਪੈਦਾ ਹੋ ਸਕਦੀ।

ਤਾਂ ਦੋ ਤਰ੍ਹਾਂ ਦੀਆਂ ਮੌਤਾਂ ਹਨ ਮੋਟੇ ਅਰਥਾਂ ਵਿਚ। ਇਸ ਤਰ੍ਹਾਂ ਤਾਂ ਹਰ ਇਕ ਵਿਅਕਤੀ ਦੀ ਮੌਤ ਬੜੀ ਨਿੱਜੀ ਅਤੇ ਵੈਯਕਤਿਕ (ਪ੍ਰਸਨਲ) ਹੈ। ਜਿਸ ਤਰ੍ਹਾਂ ਤੁਹਾਡੇ ਦਸਖ਼ਤ ਵੱਖਰੇ ਹਨ, ਇਸੇ ਤਰ੍ਹਾਂ ਤੁਹਾਡੀ ਮੌਤ ਵੱਖਰੀ ਹੈ। ਜਿਵੇਂ ਤੁਹਾਡੇ ਅੰਗੂਠੇ ਦਾ ਨਿਸ਼ਾਨ ਵੱਖਰਾ ਹੈ, ਇਸੇ ਤਰ੍ਹਾਂ ਤੁਹਾਡੀ ਮੌਤ ਅਲੱਗ ਹੈ। ਤੁਹਾਡਾ ਜੀਵਨ ਤਾਂ ਇਕ ਹੈ ਲੇਕਿਨ ਮੌਤ ਵੱਖਰੀ-ਵੱਖਰੀ ਹੈ। ਤੁਹਾਡੇ ਅੰਦਰ ਲੁਕਿਆ ਵਿਰਾਟ ਤਾਂ ਇਕ ਹੈ, ਲੇਕਿਨ ਤੁਹਾਡੀ ਸ਼ੂਦਰਤਾ ਵੱਖ-ਵੱਖ ਹੈ। ਤੁਹਾਡੇ ਅੰਦਰ ਦਾ ਆਕਾਸ਼ ਤਾਂ ਇਕ ਹੈ, ਲੇਕਿਨ ਤੁਹਾਡੇ ਵੇਹੜਿਆਂ ਦੀ ਕੰਧ ਵੱਖ-ਵੱਖ ਹੈ। ਵੱਖ-ਵੱਖ ਢੰਗ ਹੈ।

ਫਿਰ ਵੀ ਮੋਟੇ ਅਰਥਾਂ ਵਿਚ ਦੋ ਹਿੱਸੇ ਹੋ ਸਕਦੇ ਹਨ, ਅਤੇ ਉਹ ਦੋ ਵਿਭਾਜਨ (ਹਿੱਸੇ) ਕੀਮਤੀ ਹਨ। ਇਕ ਤਾਂ ਜਾਗੇ ਹੋਏ ਵਿਅਕਤੀ ਦੀ ਮੌਤ ਹੈ। ਜਾਗਿਆ ਹੋਇਆ ਯਾਨੀ ਉਹ ਜਿਸ ਨੇ ਮਰਨ ਤੋਂ ਪਹਿਲਾਂ ਮੌਤ ਨੂੰ ਸਵੀਕਾਰ ਕਰ ਲਿਆ, ਜਿਹੜਾ ਮਰਨ ਦੇ ਪਹਿਲਾਂ ਮਰ ਗਿਆ ਅਤੇ ਦੂਜੀ ਮੌਤ ਸੁੱਤੇ ਹੋਏ ਵਿਅਕਤੀ ਦੀ ਮੌਤ ਹੈ। ਤੇ ਤੁਹਾਡੇ ਉੱਤੇ ਨਿਰਭਰ ਹੈ ਕਿ ਤੁਸੀਂ ਕਿਵੇਂ ਮਰੋਗੇ—ਕਿਉਂਕਿ ਤੁਸੀਂ ਜਿਵੇਂ ਜੀਉਗੇ ਉਵੇਂ ਹੀ ਤੁਸੀਂ ਮਰੋਗੇ। ਮੌਤ ਤੁਹਾਡੇ ਪੂਰੇ ਜੀਵਨ ਦਾ ਸਾਰ-ਨਿਚੋੜ ਨਿਸ਼ਕ੍ਰਸ਼ (ਨਤੀਜਾ) ਹੋਏਗੀ, ਨਿੱਸ਼ਪੱਤੀ ਹੋਏਗੀ। ਜੇਕਰ ਤੁਸੀਂ ਗ਼ਲਤ ਜੀਵੇ, ਤੁਸੀਂ ਗ਼ਲਤ ਮਰੋਗੇ। ਜੇਕਰ ਤੁਸੀਂ ਸਮਯਕ ਜੀਵੇ ਤਾਂ ਸਮਯਕ ਮਰੋਗੇ, ਜੇਕਰ ਤੁਸੀਂ ਛੱਡਦੇ ਹੋਏ ਜੀਵੇ ਤਾਂ ਮੌਤ ਦੇ ਪਹਿਲਾਂ ਤੁਸੀਂ ਉਹ ਸਭ ਛੱਡ ਹੀ ਦਿੱਤਾ ਹੋਏਗਾ ਜਿਹੜਾ ਕੰਢਾ ਤੁਹਾਡੇ ਤੋਂ ਖੋਹ ਲਿਆ ਜਾਣ ਵਾਲਾ ਹੈ, ਤੁਸੀਂ ਖ਼ੁਦ ਹੀ ਛੱਡ ਕੇ ਬੇੜੀ ਵਿਚ ਬੈਠ ਗਏ ਸੀ—ਤੁਸੀਂ ਤਿਆਰ ਹੀ ਸੀ ਕਦ ਪਾਲ ਖੁੱਲ੍ਹ ਜਾਏ, ਕਦ ਇਸ਼ਾਰਾ ਮਿਲੇ ਅਤੇ ਕਦ ਬੇੜੀ ਯਾਤਰਾ 'ਤੇ ਨਿਕਲ ਜਾਏ।

ਤਿਆਗ ਦਾ ਇੰਨਾ ਹੀ ਅਰਥ ਹੈ। ਤਿਆਗ ਦਾ ਅਰਥ ਘਰ ਛੱਡ ਕੇ ਭੱਜ ਜਾਣਾ ਨਹੀਂ, ਨਾ ਦੁਕਾਨ ਛੱਡ ਜਾਣਾ ਹੈ। ਤਿਆਗ ਦਾ ਅਰਥ ਇੰਨਾ ਹੀ ਹੈ ਕਿ ਤੁਸੀਂ ਜਿੱਥੇ ਵੀ ਹੋਵੋ, ਜਿਸ ਹਾਲਤ ਵਿਚ ਵੀ ਹੋਵੋ, ਉਸ ਵਿਚ

ਇੰਨੇ ਖੁੱਭ ਨਾ ਜਾਣਾ ਕਿ ਜਦ ਉਹ ਖੋਹੀ ਜਾਏ ਤਾਂ ਤੁਸੀਂ ਪੀੜਾ ਨਾਲ ਭਰ ਜਾਓ—ਬੱਸ! ਛੱਡ ਕੇ ਨੱਠ ਜਾਣ ਦੀ ਕੋਈ ਜ਼ਰੂਰਤ ਨਹੀਂ ਹੈ, ਛੱਡੇ ਹੋਏ ਹੋਣ ਦਾ ਭਾਵ ਕਾਫ਼ੀ ਹੈ। ਤੁਸੀਂ ਕਿਵੇਂ, ਕਿੱਥੇ ਜੀ ਰਹੇ ਹੋ—ਇਹ ਸਵਾਲ ਨਹੀਂ ਹੈ, ਤੁਹਾਡੇ ਅੰਦਰ ਦੀ ਦ੍ਰਿਸ਼ਟੀ ਕੀ ਹੈ...। ਜੇਕਰ ਤੁਸੀਂ ਇਹ ਜਾਣ ਕੇ ਜੀ ਰਹੇ ਹੋ ਕਿ ਇਹ ਸਭ ਖੁੱਸ ਜਾਏਗਾ, ਅਤੇ ਇਸ ਖੁੱਸਣੇ ਨਾਲ ਤੁਹਾਨੂੰ ਕੋਈ ਪੀੜ ਹੋਣ ਦੀ ਉਮੀਦ ਨਹੀਂ ਹੈ, ਤਾਂ ਤੁਸੀਂ ਜਿੱਥੇ ਵੀ ਜੀ ਰਹੋ, ਸੰਨਿਆਸੀ ਹੋ। ਜੇਕਰ ਤੁਸੀਂ ਜੰਗਲ 'ਚ ਭੱਜ ਗਏ ਅਤੇ ਇਕ ਲੰਗੋਟੀ ਰੱਖ ਲਈ ਕੋਲ ਤੇ ਇਕ ਝੌਂਪੜੀ ਬਣਾ ਲਈ, ਅਤੇ ਤੁਹਾਨੂੰ ਡਰ ਲੱਗਦਾ ਹੈ ਕਿ ਜੇਕਰ ਇਹ ਖੁੱਸੇਗੀ ਤਾਂ ਮੈਂ ਛੱਡ ਨਹੀਂ ਸਕਾਂਗਾ, ਜਦ ਮੌਤ ਆ ਕੇ ਲੰਗੋਟੀ ਮੰਗੇਗੀ ਤਾਂ ਮੇਰੇ ਹੱਥ ਸਰਲਤਾ ਨਾਲ ਖੁੱਲ੍ਹਣਗੇ ਨਹੀਂ—ਤਾਂ ਤੁਸੀਂ ਉਥੇ ਵੀ ਸੰਸਾਰੀ ਹੋ।

ਸੰਸਾਰ ਅਤੇ ਸੰਨਿਆਸ ਦ੍ਰਿਸ਼ਟੀਕੋਣ ਹੈ, ਤੁਹਾਡੇ ਅੰਦਰ ਦੀਆਂ ਬਹੁਤ ਅੰਦਰੂਨੀ ਭਾਵ ਦਿਸ਼ਾਵਾਂ ਹਨ।

ਜਿਹੜਾ ਵਿਅਕਤੀ ਸੰਨਿਆਸੀ ਦੇ ਵਾਂਗ ਜੀਵਿਆ, ਉਸ ਦੀ ਮੌਤ ਮਹਾਂ-ਜੀਵਨ ਦਾ ਦੁਆਰ ਬਣ ਜਾਂਦੀ ਹੈ। ਜਿਹੜਾ ਵਿਅਕਤੀ ਸੰਸਾਰੀ ਦੇ ਵਾਂਗ ਜੀਵਿਆ ਉਸ ਦੀ ਮੌਤ ਵਿਚ ਸਿਰਫ਼ ਜੀਵਨ ਦਾ ਅੰਤ ਤਾਂ ਹੋ ਜਾਂਦਾ ਹੈ, ਨਵੇਂ ਜੀਵਨ ਦਾ ਚਾਨਣ ਨਹੀਂ ਹੁੰਦਾ। ਪੁਰਾਣਾ ਦੀਵਾ ਬੁਝ ਜਾਂਦਾ ਹੈ, ਨਵਾਂ ਸੂਰਜ ਚੜ੍ਹਦਾ ਨਹੀਂ। ਸਾਰਾ ਜਾਣਿਆ-ਪਛਾਣਿਆ ਗੁਆਚ ਜਾਂਦਾ ਹੈ ਅਤੇ ਅਨਜਾਣ ਦਾ ਅਵਤਰਣ (ਉਤਰਨਾ) ਨਹੀਂ ਹੁੰਦਾ। ਹੱਥਾਂ 'ਚੋਂ ਕੰਕੜ-ਪੱਥਰ ਤਾਂ ਛੁੱਟ ਜਾਂਦੇ ਹਨ—ਜਿਨ੍ਹਾਂ ਨੂੰ ਹੀਰੇ ਜਵਾਹਰਾਤ ਸਮਝਿਆ ਸੀ—ਅਤੇ ਹੀਰੇ ਜਵਾਹਰਾਤ ਹੱਥ ਵਿਚ ਆਉਂਦੇ ਨਹੀਂ। ਇਸ ਲਈ ਮੌਤ ਅਜਿਹੇ ਵਿਅਕਤੀ ਦੀ ਵਿਡੰਬਨਾ ਹੋ ਜਾਂਦੀ ਹੈ।

ਇਹ ਦੋ ਮੌਤਾਂ ਖ਼ਿਆਲ ਵਿਚ ਰੱਖੋ, ਫ਼ਰੀਦ ਦੇ ਵਚਨ ਸਮਝ ਵਿਚ ਆ ਸਕਣਗੇ।

ਵਿਰਹ-ਜਵਰ (ਵਿਛੋੜੇ ਦੀ ਅੱਗ) ਨਾਲ ਮੇਰਾ ਅੰਗ-ਅੰਗ ਜਲ ਰਿਹਾ ਹੈ ਅਤੇ ਮੈਂ ਆਪਣੇ ਹੱਥਾਂ ਨੂੰ ਮਰੋੜਦੀ ਹਾਂ। ਪ੍ਰੀਤਮ ਨੂੰ ਮਿਲਣ ਦੀ ਲਾਲਸਾ ਨੇ ਮੈਨੂੰ ਬਾਵਲੀ (ਬਉਰੀ ਬਣਾ ਦਿੱਤਾ ਹੈ।

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।
ਬਾਵਲਿ ਹੋਈ ਸੋ ਸਹੁ ਲੋਰਉ॥

ਇਸ ਤੋਂ ਪਹਿਲਾਂ ਫ਼ਰੀਦ ਨੇ ਕਿਹਾ, ਕਿ ਇਕ ਅਜਿਹੀ ਘੜੀ ਆਉਂਦੀ ਹੈ ਜਦ ਆਸ਼ਿਕ ਮਾਸ਼ੂਕ ਹੋ ਜਾਂਦਾ ਹੈ, ਇਕ ਅਜਿਹੀ ਘੜੀ ਆਉਂਦੀ ਹੈ ਪ੍ਰੇਮ

ਦੇ ਜਵਾਰ (ਵੇਗ) ਦੀ ਜਦ ਕਿ ਪ੍ਰੇਮੀ ਪ੍ਰੇਮਿਕਾ ਹੋ ਜਾਂਦਾ ਹੈ। ਹੁਣ ਇਹ ਸਾਰੇ ਵਚਨ ਫ਼ਰੀਦ ਪ੍ਰੇਮਿਕਾ ਦੀ ਭਾਂਤੀ ਕਰ ਰਿਹਾ ਹੈ, ਹੁਣ ਪਰਮਾਤਮਾ ਪ੍ਰੇਮੀ ਹੈ। ਫ਼ਰੀਦ ਪ੍ਰੇਮਿਕਾ ਹੈ। ਪਰਮਾਤਮਾ ਪੁਰਸ਼ ਹੈ, ਫ਼ਰੀਦ ਇਸਤ੍ਰੀ ਹੈ। ਇਹ ਉਸ ਘੜੀ ਦੇ ਬਾਅਦ ਦੇ ਵਚਨ ਹਨ, ਖ਼ਿਆਲ ਰੱਖਣਾ, ਨਹੀਂ ਤਾਂ ਤੁਹਾਨੂੰ ਹੈਰਾਨੀ ਹੋਏਗੀ ਕਿ ਫ਼ਰੀਦ ਅਚਾਨਕ ਇਸਤ੍ਰੀ ਦੇ ਢੰਗ ਨਾਲ ਕਿਉਂ ਬੋਲਣ ਲੱਗਾ!

ਮੈਂ ਤੁਹਾਨੂੰ ਆਖਿਆ ਕਿ ਜਦ ਤੁਸੀਂ ਪਰਮਾਤਮਾ ਦੇ ਪ੍ਰੇਮ ਵਿਚ ਸ਼ੁਰੂ-ਸ਼ੁਰੂ ਵਿਚ ਉਤਰਦੇ ਹੋ ਤਦ ਤੁਹਾਡਾ ਪ੍ਰੇਮ ਵੀ ਅਕ੍ਰਾਮਕ (ਹਮਲਾ ਕਰਨਾ) ਹੁੰਦਾ ਹੈ, ਤੁਸੀਂ ਇਸ ਤਰ੍ਹਾਂ ਜਾਂਦੇ ਹੋ ਜਿਵੇਂ ਪਰਮਾਤਮਾ ਉੱਤੇ ਕੋਈ ਹਮਲਾ ਕਰ ਦਿੱਤਾ ਹੋਵੇ, ਕੋਈ ਧਾਵਾ ਬੋਲ ਦਿੱਤਾ ਜਾਵੇ, ਤੁਹਾਡੀ ਪ੍ਰਾਰਥਨਾ ਵੀ ਹਮਲੇ ਵਾਲੀ ਹੁੰਦੀ ਹੈ। ਤੁਹਾਡੀ ਪੂਜਾ ਵੀ ਹਮਲੇ ਵਰਗੀ ਹੁੰਦੀ ਹੈ। ਸੁਭਾਵਿਕ ਹੈ। ਲੇਕਿਨ ਜਿਵੇਂ-ਜਿਵੇਂ ਤੁਹਾਨੂੰ ਪੂਜਾ ਅਤੇ ਪ੍ਰਾਰਥਨਾ ਦਾ ਆਨੰਦ ਮਿਲਣਾ ਸ਼ੁਰੂ ਹੁੰਦਾ ਹੈ ਅਤੇ ਜਿਵੇਂ-ਜਿਵੇਂ ਤੁਹਾਨੂੰ ਇਹ ਸਮਝ ਵਿਚ ਆਉਂਦਾ ਹੈ ਕਿ ਮੇਰੇ ਹਮਲੇ ਦਾ ਭਾਵ ਹੀ ਮੇਰੀ ਪੂਜਾ ਦੀ ਕਮੀ ਹੈ, ਮੇਰੇ ਹਮਲੇ ਦਾ ਭਾਵ ਹੀ ਪ੍ਰਾਰਥਨਾ ਮੇਰੀ ਦਾ ਦੋਸ਼ ਹੈ, ਜਿਵੇਂ-ਜਿਵੇਂ ਤੁਹਾਨੂੰ ਸਮਝ ਵਿਚ ਆਉਂਦਾ ਹੈ ਕਿ ਹਮਲੇ ਦੇ ਭਾਵ ਦੇ ਕਾਰਨ ਹੀ ਮੇਰੀ ਪੂਜਾ ਦੇ ਦੀਵੇ 'ਚੋਂ ਹਨ੍ਹੇਰਾ ਨਿਕਲਦਾ ਹੈ, ਪ੍ਰਕਾਸ਼ ਨਹੀਂ ਨਿਕਲਦਾ, ਹਮਲੇ ਦੇ ਭਾਵ ਕਾਰਨ ਮੇਰਾ ਹੰਕਾਰ ਮਜ਼ਬੂਤ ਬਣਿਆ ਹੈ, ਪੂਜਾ ਹੋਏਗੀ, ਕਿਵੇਂ ਪ੍ਰਾਰਥਨਾ ਹੋਏਗੀ ਕਿਵੇਂ, ਮੇਰਾ ਹੰਕਾਰ ਮੈਨੂੰ ਮੰਦਰ ਦੇ ਅੰਦਰ ਆਉਣ ਕਿਵੇਂ ਦੇਵੇਗਾ?

ਮੰਦਿਰ ਦੇ ਅੰਦਰ ਤਾਂ ਤਦ ਹੀ ਪ੍ਰਵੇਸ਼ ਹੁੰਦਾ ਹੈ ਜਦ ਤੁਸੀਂ ਹੰਕਾਰ ਨੂੰ ਉੱਥੇ ਹੀ ਰੱਖ ਆਉਂਦੇ ਹੋ ਜਿੱਥੇ ਤੁਸੀਂ ਜੁੱਤੀਆਂ ਲਾਹ ਆਉਂਦੇ ਹੋ, ਉੱਥੇ ਹੀ ਛੱਡ ਆਉਂਦੇ ਹੋ ਹੰਕਾਰ ਨੂੰ।

ਬੰਗਾਲ ਵਿਚ ਇਕ ਪੁਰਾਣੀ ਬਾਵਲਾਂ ਦੀ ਕਥਾ ਹੈ ਕਿ ਇਕ ਵਿਅਕਤੀ ਬਿੰਦਰਾਬਨ ਦੀ ਯਾਤ੍ਰਾ ਨੂੰ ਗਿਆ। ਬਾਉਣ ਭਗਤਾਂ ਲਈ ਬਿੰਦਰਾਬਨ ਪਰਮਾਤਮਾ ਦਾ ਘਰ ਹੈ, ਉਹ ਬੈਕੁੰਠ ਹੈ। ਇਹ ਸਭ ਛੱਡ ਦਿੱਤਾ ਹੈ ਇਸ ਨੇ, ਸਭ ਤਿਆਗ ਕਰ ਦਿੱਤਾ, ਕਿਉਂਕਿ ਉਸ ਪਰਮਾਤਮਾ ਦੇ ਘਰ ਤਕ ਜਾਣ ਵਿਚ ਕੀ ਲੈ ਜਾਇਆ ਜਾ ਸਕਦਾ ਹੈ। ਪਰਮਾਤਮਾ ਦੇ ਘਰ ਦੀ ਯਾਤ੍ਰਾ ਤਾਂ ਅਜਿਹੀ ਹੈ ਜਿਵੇਂ ਕੋਈ ਪਹਾੜ ਉੱਤੇ ਚੜ੍ਹਦਾ ਹੈ, ਜਿਵੇਂ-ਜਿਵੇਂ ਉਚਾਈ ਵਧਦੀ ਹੈ, ਤਿਵੇਂ-ਤਿਵੇਂ ਭਾਰ ਹੌਲਾ ਕਰਨਾ ਪੈਂਦਾ ਹੈ, ਕਿਉਂਕਿ ਜਿੰਨੀ ਉਚਾਈ ਵਧਣ ਲੱਗਦੀ ਹੈ, ਓਨਾ ਭਾਰ ਬਹੁਤਾ ਭਾਰ ਮਲੂਮ ਹੋਣ ਲੱਗਦਾ ਹੈ। ਉਚਾਈ ਉੱਤੇ ਚੜ੍ਹਨਾ ਹੋਵੇ ਤਾਂ ਭਾਰ ਹੌਲਾ ਕਰਦੇ ਜਾਣਾ ਹੈ। ਜਦ ਕੋਈ ਗੌਰੀ ਸ਼ੰਕਰ ਦੇ

ਸਿਖ਼ਰ ਉੱਤੇ ਪੁੱਜਦਾ ਹੈ ਤਾਂ ਸਾਰਾ ਭਾਰ ਛੁੱਟ ਜਾਂਦਾ ਹੈ, ਇਕੱਲਾ ਹੀ ਖਲੋਤਾ ਹੁੰਦਾ ਹੈ।

ਸੋ ਬਿੰਦਰਾਬਨ ਆਉਂਦੇ-ਆਉਂਦੇ ਉਸ ਨੇ ਸਭ ਤਿਆਗ ਦਿੱਤਾ, ਕੁਝ ਵੀ ਨਾ ਬਚਿਆ, ਸਿਰਫ਼ ਇਕ ਜੋੜੀ ਕੱਪੜੇ ਰਹਿ ਗਏ, ਪਾਏ ਹੋਏ ਅਤੇ ਇਕ ਜੋੜੀ ਕੱਪੜੇ ਰਹਿ ਗਏ—ਇਸ਼ਨਾਨ ਕਰ ਕੇ ਬਦਲਨੇ ਨੂੰ। ਉਹ ਵੀ ਇਸ ਲਈ ਬਚਾ ਲਏ ਕਿ ਬਿੰਦਰਾਬਨ ਦੇ ਮੰਦਿਰ ਵਿਚ ਬਿਨਾਂ ਇਸ਼ਨਾਨ ਕੀਤੇ ਕਿਵੇਂ ਪ੍ਰਵੇਸ਼ ਹੋ ਸਕੇਗਾ ? ਤਾਂ ਇਕ ਨਿੱਕੀ ਜਿਹੀ ਪੋਟਲੀ ਜਿਸ ਵਿਚ ਇਕ ਜੋੜਾ ਕੱਪੜਿਆਂ ਦਾ, ਬੱਸ ਇਹ ਹੀ ਰਹਿ ਗਿਆ। ਉਹ ਵੀ ਇਸ਼ਨਾਨ ਦੀ ਦ੍ਰਿਸ਼ਟੀ ਨਾਲ ਹੀ ਬਚਾਇਆ ਸੀ। ਉਹ ਵੀ ਕੋਈ ਆਪਣੀ ਦੇਹ ਨੂੰ ਸਜਾਉਣ ਦਾ ਸਵਾਲ ਨਹੀਂ ਸੀ—ਲੇਕਿਨ ਪਰਮਾਤਮਾ ਦੇ ਮੰਦਿਰ ਵਿਚ ਬਿਨਾਂ ਇਸ਼ਨਾਨ ਤੋਂ ਕਿਵੇਂ ਪ੍ਰਵੇਸ਼ ਕਰਾਂਗਾ। ਉਹ ਦਰਵਾਜ਼ੇ ਉੱਤੇ ਖੜਾ ਹੋ ਗਿਆ ਮੰਦਿਰ ਦੇ, ਲੇਕਿਨ ਦੁਆਰਪਾਲ (ਦਰਬਾਨ) ਨੇ ਦੋਹਾਂ ਹੱਥਾਂ ਨਾਲ ਉਸ ਨੂੰ ਦਰਵਾਜ਼ੇ ਉੱਤੇ ਰੋਕ ਦਿੱਤਾ ਅਤੇ ਕਿਹਾ, ਅੰਦਰ ਨਹੀਂ ਜਾ ਸਕੇਂਗਾ। ਅੰਦਰ ਤਾਂ ਉਹ ਹੀ ਜਾਂਦਾ ਹੈ, ਜਿਸ ਦੇ ਕੋਲ ਕੁਝ ਵੀ ਨਾ ਹੋਵੇ।

ਉਹ ਬਾਉਲ ਹੱਸਣ ਵੀ ਲੱਗਾ ਅਤੇ ਰੋਣ ਵੀ ਲੱਗਾ। ਉਹ ਹੱਸਣ ਲੱਗਾ, ਕਿ ਤੂੰ ਵੀ ਪਾਗ਼ਲ ਮਲੂਮ ਹੁੰਦਾ ਹੈਂ ! ਮੇਰੇ ਕੋਲ ਕੀ ਬਚਿਆ ਹੈ ? ਇਕ ਪੋਟਲੀ ਹੈ ਤੇ ਇਸ ਵਿਚ ਇਕ ਜੋੜੀ ਕੱਪੜੇ ਹਨ ਸਿਰਫ਼। ਉਹ ਵੀ ਮੇਰੇ ਲਈ ਨਹੀਂ ਹਨ, ਉਹ ਵੀ ਇਸ ਲਈ ਕਿ ਮੰਦਿਰ 'ਚ ਬਿਨਾਂ ਇਸ਼ਨਾਨ ਕੀਤੇ ਕਿਵੇਂ ਜਾ ਸਕਾਂਗਾ ! ਹੋਰ ਮੇਰੇ ਕੋਲ ਕੁਝ ਵੀ ਨਹੀਂ ਹੈ, ਇਸ ਲਈ ਤੇਰੀ ਗੱਲ ਉੱਤੇ ਹਾਸਾ ਵੀ ਆਉਂਦਾ ਹੈ। ਅਤੇ ਤੇਰੀ ਗੱਲ ਤੇ ਰੋਂਦਾ ਵੀ ਹਾਂ ਕਿ ਜੇਕਰ ਤੂੰ ਅੰਦਰ ਨਾ ਜਾਣ ਦਿੱਤਾ ਤਾਂ ਹੁਣ ਕੀ ਹੋਏਗਾ ? ਇਸੇ ਇਕ ਆਸ ਨਾਲ ਤਾਂ ਟੁਰਦਾ ਰਿਹਾ ਹਾਂ।

ਉਸ ਦੁਆਰਪਾਲ (ਦਰਬਾਨ) ਨੇ ਕਿਹਾ, ਤੇਰੀ ਪੋਟਲੀ ਵਿਚ ਜੇਕਰ ਕੱਪੜੇ ਹੀ ਹੁੰਦੇ ਤਾਂ ਮੈਂ ਜਾਣ ਦਿੰਦਾ, ਬਹੁਤ ਸੂਖ਼ਮ ਹੰਕਾਰ ਲੁਕਿਆ ਹੈ। ਇਹ ਬਿਨਾਂ ਇਸ਼ਨਾਨ ਕੀਤੇ ਤੂੰ ਕਿਵੇਂ ਜਾਏਂਗਾ—ਇਹ ਵੀ ਪਰਮਾਤਮਾ ਦਾ ਸਵਾਲ ਨਹੀਂ ਹੈ। ਪਰਮਾਤਮਾ ਤਾਂ ਤੁਹਾਨੂੰ ਬਿਨਾਂ ਇਸ਼ਨਾਨ ਕੀਤੇ ਵੀ ਸਵੀਕਾਰ ਕਰ ਲਏਗਾ। ਉਸ ਲਈ ਤਾਂ ਤੁਸੀਂ ਸਦਾ ਇਸ਼ਨਾਨੀ ਹੋ, ਇਸ਼ਨਾਨ ਕੀਤਾ ਹੀ ਹੋਇਆ ਹੈ। ਉਸ ਲਈ ਅਪਵਿੱਤ੍ਰ ਕੁਝ ਹੋਇਆ ਹੀ ਨਹੀਂ ਹੈ। ਲੇਕਿਨ ਤੁਸੀਂ ਬਿਨਾਂ ਇਸ਼ਨਾਨ ਕੀਤੇ ਕਿਵੇਂ ਜਾਓਗੇ। ਤੁਸੀਂ ਅਤੇ ਉਹ ਵੀ ਬਿਨਾਂ ਇਸ਼ਨਾਨ ਕੀਤੇ ਜਾਓਗੇ। ਨਹੀਂ, ਇਹ ਤੁਹਾਡੇ ਹੰਕਾਰ ਨੂੰ ਗੱਲ ਨਹੀਂ ਜਚਦੀ। ਪੋਟਲੀ ਵਿਚ ਕੱਪੜੇ ਹੀ

ਹੁੰਦੇ ਤਾਂ ਚਲੇ ਜਾਣ ਦਿੰਦਾ, ਪੋਟਲੀ ਵਿਚ ਭਾਰੀ ਹੰਕਾਰ ਤੂੰ ਰੱਖਿਆ ਹੈ—ਇਸ ਨੂੰ ਛੱਡ ਆ। ਮੰਦਿਰ ਦੇ ਦੁਆਰ ਤਦ ਤਕ ਨਹੀਂ ਖੁੱਲ੍ਹ ਸਕਦੇ, ਜਦ ਤਕ ਤੁਸੀਂ ਆਪਣੇ ਨੂੰ ਬਾਹਰ ਨਹੀਂ ਛੱਡ ਆਉਂਦੇ।

ਜੇਕਰ ਇਸ਼ਨਾਨ ਦਾ ਭਾਵ ਤਕ ਹੰਕਾਰ ਹੋ ਸਕਦਾ ਹੈ ਤਾਂ ਤੁਹਾਡੀ ਪੂਜਾ ਤੁਹਾਡੀ ਪ੍ਰਾਰਥਨਾ, ਤੁਹਾਡੀ ਅਰਚਨਾ, ਤੁਹਾਡੀ ਗੀਤਾ, ਤੁਹਾਡਾ ਕੁਰਾਨ, ਤੁਹਾਡੀ ਬਾਈਬਲ, ਕੁਰਾਨ, ਗੀਤਾ ਤੋਂ ਤੁਸੀਂ ਕੁਝ ਲੈਣਾ ਨਹੀਂ ਹੈ ਤੁਹਾਡਾ! ਪੂਜਾ, ਅਰਚਣਾ ਦੇ ਤੁਹਾਡੇ ਢੰਗ, ਵਿਧੀਆਂ, ਸ਼ੈਲੀਆਂ! ਇਹ ਵੀ ਨਹੀਂ। ਤੁਹਾਡਾ ਭਗਵਾਨ!

ਕਿਸੇ ਦਾ ਕ੍ਰਿਸ਼ਨ ਭਗਵਾਨ ਹੈ, ਕਿਸੇ ਦਾ ਮਹਾਂਵੀਰ, ਕਿਸੇ ਦਾ ਬੁੱਧ। ਜਿਹੜੇ ਬੁੱਧ ਨੂੰ ਭਗਵਾਨ ਮੰਨਦੇ ਹਨ, ਕ੍ਰਿਸ਼ਨ ਦੇ ਸਾਹਮਣੇ ਸਿਰ ਨਹੀਂ ਝੁਕਾਉਂਦੇ, ਆਪਣੇ-ਆਪਣੇ ਭਗਵਾਨ ਦੇ ਸਾਹਮਣੇ ਲੋਕ ਸਿਰ ਝੁਕਾਉਂਦੇ ਹਨ। ਇਵੇਂ ਹੀ ਹਰ ਕਿਸੇ, ਐਰੇ-ਗ਼ੈਰੇ ਨੱਥੂਖੈਰੇ ਦੇ ਭਗਵਾਨ ਮੂਹਰੇ ਸਿਰ ਝੁਕਾ ਦੇਣਗੇ।

ਮੈਂ ਬਹੁਤ ਵਰ੍ਹਿਆਂ ਤਕ ਜੱਬਲਪੁਰ ਵਿਚ ਰਿਹਾ। ਉਥੇ ਇਕ ਵਾਰੀ ਗਣਪਤੀ ਵਿਸਰਜਨ ਦੇ ਵੇਲੇ ਇਕ ਵੱਡੀ ਝੰਜਟ ਖੜੀ ਹੋ ਗਈ। ਨਿਯਮ ਸੀ ਕਿ ਜਦ ਵੀ ਗਣਪਤੀ ਵਿਸਰਜਿਤ ਹੁੰਦੇ ਤਾਂ ਜਿਹੜੀ ਸ਼ੋਭਾ ਯਾਤ੍ਰਾ ਨਿਕਲਦੀ, ਉਸ ਵਿਚ ਬ੍ਰਾਹਮਣਾਂ ਦੇ ਮਹੱਲੇ ਦੇ ਗਣੇਸ਼ ਸਭ ਤੋਂ ਅੱਗੇ, ਫਿਰ ਇਕ ਤੋਂ ਬਾਅਦ ਇਕ ਹੋਰ ਸਾਰਿਆਂ ਦੇ ਗਣੇਸ਼ ਹੁੰਦੇ। ਇਕ ਸਾਲ ਬ੍ਰਾਹਮਣਾਂ ਦੇ ਗਣੇਸ਼ ਨੂੰ ਆਉਣ ਵਿਚ ਥੋੜ੍ਹੀ ਦੇਰ ਹੋ ਗਈ। ਅਤੇ ਜਲੂਸ ਨੂੰ ਤਾ ਸਮੇਂ ਉੱਤੇ ਨਿਕਲਣਾ ਸੀ, ਕਿਉਂਕਿ ਸਮੇਂ ਉੱਤੇ ਉਸ ਨੂੰ ਕਿਤੇ ਪੁੱਜਦਾ ਸੀ ਵਿਸਰਜਨ ਦੇ ਲਈ। ਇਸ ਲਈ ਜਲੂਸ ਤਾਂ ਨਿਕਲ ਗਿਆ ਬ੍ਰਾਹਮਣ ਬਾਅਦ ਵਿਚ ਪੁੱਜੇ। ਬਹੁਤ ਉਪੱਦਰ ਮੱਚ ਗਿਆ ਅਤੇ ਉਨ੍ਹਾਂ ਵਿਚਕਾਰ ਰਾਹ ਦੇ ਜਲੂਸ ਰੁਕਵਾ ਦਿੱਤਾ ਅਤੇ ਜਿਹੜੀ ਗੱਲ ਹੋਈ ਉਹ ਬਹੁਤ ਮਜ਼ੇ ਦੀ ਸੀ। ਉਹ ਆਦਮੀ ਦੇ ਸੰਬੰਧ ਵਿਚ ਬਹੁਤ ਖ਼ਬਰ ਦਿੰਦੀ ਹੈ। ਹੋਇਆ ਇਹ ਕਿ ਚਮਾਰਾਂ ਦੇ ਗਣੇਸ਼ ਅੱਗੇ ਹੋ ਗਏ। ਹੁਣ ਚਮਾਰਾਂ ਦੇ ਗਣੇਸ਼ ਦੀ ਕੋਈ ਹੈਸੀਅਤ! ਤਾਂ ਬ੍ਰਾਹਮਣਾਂ ਨੇ ਕਿਹਾ, ਹਟਾਓ ਚਮਾਰਾਂ ਦੇ ਗਣੇਸ਼ ਨੂੰ ਪਿੱਛੇ। ਆਪਣੀ-ਆਪਣੀ ਹੈਸੀਅਤ ਨਾਲ ਰਹਿਣਾ ਠੀਕ ਹੈ। ਦੇਰ ਭਾਵੇਂ ਹੋ ਜਾਏ, ਲੇਕਿਨ ਗਣੇਸ਼ ਤਾਂ ਬ੍ਰਾਹਮਣਾਂ ਦੇ ਹੀ ਅੱਗੇ ਹੋਣਗੇ।

ਗਣੇਸ਼ ਵੀ ਚਮਾਰਾਂ ਦੇ ਅਤੇ ਬ੍ਰਾਹਮਣਾਂ ਦੇ ਵੱਖਰੇ-ਵੱਖਰੇ ਹਨ। ਉਥੇ ਵੀ ਬ੍ਰਾਹਮਣਾਂ ਦਾ ਹੰਕਾਰ ਹੈ।

ਤੁਸੀਂ ਆਪਣੇ ਭਗਵਾਨ ਦੇ ਸਾਹਮਣੇ ਝੁਕਦੇ ਹੋ। ਇਸ ਦਾ ਮਤਲਬ ਹੋਇਆ ਕਿ ਤੁਸੀਂ ਆਪਣੇ ਹੀ ਮੂਹਰੇ ਝੁਕਦੇ ਹੋ, ਤੁਸੀਂ ਕਿਸੇ ਦੇ ਮੂਹਰੇ ਨਹੀਂ

ਝੁਕਦੇ। ਇਹ ਤੁਹਾਡਾ ਭਗਵਾਨ ਤੁਹਾਡੇ ਹੀ ਹੰਕਾਰ ਦੀ ਪੂਜਾ ਹੈ। ਨਹੀਂ ਤਾਂ ਤੁਸੀਂ ਝੁਕਦੇ। ਕੀ ਲੈਣਾ-ਦੇਣਾ ਸੀ ਕਿ ਮਸਜਿਦ ਹੁੰਦੀ ਕਿ ਮੰਦਿਰ ਹੁੰਦਾ ਕਿ ਚੈਤਆਲਿਆ ਹੁੰਦਾ ਕਿ ਗੁਰਦੁਆਰਾ ਹੁੰਦਾ—ਕੀ ਫ਼ਰਕ ਪੈਂਦਾ ਸੀ ? ਝੁਕਣ ਵਿਚ ਜੇਕਰ ਮਜ਼ਾ ਆ ਗਿਆ ਹੁੰਦਾ ਤਾਂ ਤੁਸੀਂ ਕਹਿੰਦੇ, ਚਲੋ ਮਸਜਿਦ ਦੇ ਬਹਾਨੇ ਝੁਕ ਜਾਵਾਂਗੇ, ਇਥੇ ਕ੍ਰਿਸ਼ਨ ਦੇ ਬਹਾਨੇ ਝੁਕਣ ਦਾ ਮੌਕਾ ਮਿਲਦਾ ਹੈ ਕਿਉਂ ਛੱਡੀਏ ? ਮਹਾਂਵੀਰ ਦੇ ਬਹਾਨੇ ਵੀ ਝੁਕ ਜਾਵਾਂਗੇ—ਕਿਉਂਕਿ ਜਿੱਥੇ ਜਿੰਨਾ ਮੌਕਾ ਮਿਲ ਜਾਏ ਝੁਕਣ ਦਾ ਓਨਾ ਹੀ ਅੱਛਾ ਹੈ—ਕਿਉਂਕਿ ਓਨੇ ਹੀ ਟੁੱਟਣ ਦੀ ਸੁਵਿਧਾ ਹੈ, ਓਨੀ ਹੀ ਪ੍ਰਾਰਥਨਾ ਬਣੇਗੀ, ਓਨੀ ਹੀ ਪ੍ਰਾਰਥਨਾ ਵਿਚੋਂ ਦੁਰਗੰਧ ਹੱਟ ਜਾਏਗੀ।

ਲੇਕਿਨ ਨਹੀਂ, ਲੋਕ ਆਪਣੀ ਹੀ ਪੂਜਾ ਕਰ ਰਹੇ ਹਨ। ਤੁਸੀਂ ਕ੍ਰਿਸ਼ਨ ਦੀ ਮੂਰਤੀ ਵਿਚ ਆਪਣੇ ਹੀ ਹੰਕਾਰ ਨੂੰ ਬਿਠਾ ਲਿਆ ਹੈ ਅਤੇ ਤੁਸੀਂ ਮਹਾਂਵੀਰ ਵਿਚ ਵੀ ਆਪਣੇ ਨੂੰ ਹੀ ਖੜਾ ਕਰ ਲਿਆ ਹੈ। ਇਹ ਤਾਂ ਦੂਰ ਦੀ ਗੱਲ ਹੈ, ਮੈਂ ਇਕ ਪਿੰਡ ਵਿਚ ਠਹਿਰਿਆ, ਉਥੇ ਇਕ ਜੈਨ ਮੰਦਿਰ ਹੈ ਉਸ ਉੱਤੇ ਝਗੜਾ ਚੱਲਦਾ ਹੈ ਵਰ੍ਹਿਆਂ ਤੋਂ ਮੁਕੱਦਮਾ ਹੈ, ਲੱਠਬਾਜ਼ੀ ਹੋ ਗਈ। ਜੈਨ ਅਹਿੰਸਕ ਹਨ ਅਤੇ ਲੱਠਬਾਜ਼ੀ ਹੁੰਦੀ ਹੈ। ਦੋ ਦਲ ਹਨ ਸਵੇਤਾਂਬਰ ਅਤੇ ਦਿਗੰਬਰਾਂ ਦੇ, ਦੋਹਾਂ ਵਿਚ ਲੱਠਬਾਜ਼ੀ ਹੋ ਗਈ। ਹਾਲਤ ਇਥੋਂ ਤਕ ਹੋ ਗਈ ਕਿ ਪੁਲਿਸ ਨੂੰ ਉਨ੍ਹਾਂ ਦੇ ਭਗਵਾਨ ਉੱਤੇ ਜੰਦਰਾ ਮਾਰਨਾ ਪਿਆ। ਮੈਂ ਪੁੱਛਿਆ ਕਿ ਤੁਸੀਂ ਤਾਂ ਦੋਵੇਂ ਅਹਿੰਸਕ ਹੋ! ਉਨ੍ਹਾਂ ਨੇ ਕਿਹਾ ਕਿ ਅਹਿੰਸਕ ਹੋਣਾ ਠੀਕ ਹੈ, ਲੇਕਿਨ ਜਦ ਭਗਵਾਨ ਦੀ ਸੁਰੱਖਿਆ ਦਾ ਸਵਾਲ ਹੋਵੇ ਤਾਂ ਚਾਹੇ ਜਾਨ ਰਹੇ ਕਿ ਜਾਏ..ਮਰ ਜਾਵਾਂਗੇ, ਮਿਟਾ ਦਿਆਂਗੇ ਪਰ ਭਗਵਾਨ ਦਾ ਸਵਾਲ ਹੈ। ਮੈਂ ਉਨ੍ਹਾਂ ਨੂੰ ਆਖਿਆ—ਮੈਂ ਸੁਣਿਆ ਹੈ ਕਿ ਭਗਵਾਨ ਤੁਹਾਡੀ ਸੁਰੱਖਿਆ ਕਰਦਾ ਹੈ, ਤੁਸੀਂ ਕਦੋਂ ਤੋਂ ਭਗਵਾਨ ਦੀ ਸੁਰੱਖਿਆ ਕਰਨ ਲੱਗੇ ? ਅਤੇ ਜੇਕਰ ਭਗਵਾਨ ਦੀ ਸੁਰੱਖਿਆ ਤੁਹਾਡੇ ਹੱਥਾਂ ਵਿਚ ਪੈ ਜਾਏਗੀ ਤਾਂ ਭਗਵਾਨ ਬਹੁਤ ਮੁਸੀਬਤ ਵਿਚ ਪੈ ਜਾਏਗਾ। ਤੁਸੀਂ ਆਪਣੀ ਹੀ ਸੁਰੱਖਿਆ ਨਹੀਂ ਕਰ ਪਾ ਰਹੇ ਹੋ, ਇਸ ਲਈ ਤਾਂ ਭਗਵਾਨ ਦੀ ਤਲਾਸ਼ ਹੈ। ਹੁਣ ਤੁਸੀਂ ਹੋਰ ਉਲਟਾ ਉਪੱਦਰ ਲੈ ਲਿਆ। ਲੱਭਣ ਗਏ ਸੀ ਸੁਰੱਖਿਆ ਕਰਨ ਵਾਲੇ ਨੂੰ ਅਤੇ ਤੁਸੀਂ ਖ਼ੁਦ ਹੀ ਸੁਰੱਖਿਆ ਕਰਨ ਵਾਲੇ ਬਣ ਬੈਠੇ।

ਹੋਰ ਝਗੜਾ ਕੀ ਹੈ ? ਝਗੜਾ ਅਜਿਹਾ ਬਚਕਾਨਾ ਹੈ ਕਿ ਸਿਰਫ਼ ਧਾਰਮਿਕ ਅੰਨ੍ਹਿਆਂ ਨੂੰ ਵਿਖਾਈ ਨਹੀਂ ਪੈਂਦਾ। ਜਿਨ੍ਹਾਂ ਦੇ ਕੋਲ ਜ਼ਰਾ ਕੁ ਜਿੰਨੀ ਵੀ ਸਮਝ

ਦੀ ਅੱਖ ਹੈ, ਉਨ੍ਹਾਂ ਨੂੰ ਝਟਪਟ ਵਿਖਾਈ ਪੈ ਜਾਏਗਾ, ਹਾਸਾ ਆਏਗਾ ਕਿ ਇਹ ਕੋਈ ਝਗੜਾ ਹੈ।

ਝਗੜਾ ਇਹ ਹੈ ਕਿ ਸਵੇਤਾਂਬਰ ਮਹਾਂਵੀਰ ਦੀ ਮੂਰਤੀ ਦੀ ਪੂਜਾ ਕਰਦੇ ਹਨ—ਉਸੇ ਮੂਰਤੀ ਦੀ ਜਿਸ ਦੀ ਦਿਗੰਬਰ ਕਰਦੇ ਹਨ, ਕੋਈ ਖ਼ਾਸ ਭਾਰੀ ਫ਼ਰਕ ਨਹੀਂ ਹੈ, ਜ਼ਰਾ ਕੁ ਜਿੰਨਾ ਫ਼ਰਕ ਹੈ—ਉਹ ਫ਼ਰਕ ਇਹ ਹੈ ਕਿ ਸਵੇਤਾਂਬਰ ਖੁੱਲ੍ਹੀ ਅੱਖ ਵਾਲੇ ਮਹਾਂਵੀਰ ਦੀ ਪੂਜਾ ਕਰਦੇ ਹਨ ਅਤੇ ਦਿਗੰਬਰ ਬੰਦ ਅੱਖ ਵਾਲੇ ਮਹਾਂਵੀਰ ਦੀ ਪੂਜਾ ਕਰਦੇ ਹਨ। ਦਿਗੰਬਰ ਕਹਿੰਦੇ ਹਨ ਕਿ ਤੀਰਥੰਕਰ ਤਾਂ ਬੰਦ ਅੱਖਾਂ ਕੀਤੇ ਧਿਆਨ ਮਗਨ ਖਲੋਤੇ ਹਨ, ਅੰਤਰਮੁਖੀ ਹਨ, ਇਹ ਖੁੱਲ੍ਹੀ ਅੱਖ ਤਾਂ ਬਾਹਰਮੁਖਤਾ ਦਾ ਲਕਸ਼ਣ ਹੈ। ਸ਼ਵੇਤਾਂਬਰ ਕਹਿੰਦੇ ਹਨ ਕਿ ਜਿਸ ਨੇ ਆਪਣੇ ਨੂੰ ਜਾਣ ਹੀ ਲਿਆ ਉਹ ਕਿਸ ਲਈ ਅੱਖਾਂ ਬੰਦ ਕਰ ਕੇ ਖਲੋਏਗਾ? ਹੁਣ ਤਾਂ ਅੱਖ ਖੋਲ੍ਹ ਸਕਦਾ ਹੈ ਇਹ।

ਇਹ ਤਾਂ ਸਾਧਕ ਦੀ ਗੱਲ ਹੈ ਕਿ ਅੱਖ ਬੰਦ ਕਰੇ ਤੇ ਧਿਆਨ ਕਰੇ, ਸਿੱਧ ਦੀ ਤਾਂ ਨਹੀਂ। ਸਿੱਧ ਦੀ ਤਾਂ ਅੱਖ ਖੁੱਲ੍ਹ ਗਈ, ਹੁਣ ਕੀ ਹੈ? ਅੱਖ ਹੀ ਖੁੱਲ੍ਹ ਗਈ ਤਾਂ ਹੁਣ ਬੰਦ ਕਰਨੇ ਦਾ ਸਵਾਲ ਕਿੱਥੇ ਹੈ? ਇਹ ਤਾਂ ਰਾਹ 'ਤੇ ਟੁਰਨ ਵਾਲਿਆਂ ਦੀ ਗੱਲ ਹੈ।

ਇਹ ਝਗੜਾ ਹੈ।

ਸੋ ਇਕ ਮੰਦਿਰ ਵਿਚ ਪੂਜਾ ਕਰਦੇ ਹਨ, ਇਕ ਹੀ ਮੂਰਤੀ ਦੀ ਪੂਜਾ ਕਰਦੇ ਹਨ—ਲੇਕਿਨ ਵਕਤ ਬੰਨ੍ਹ ਰੱਖਿਆ ਹੈ—ਬਾਰਾਂ ਵਜੇ ਤਕ ਦਿਗੰਬਰ ਪੂਜਾ ਕਰਨਗੇ—ਤਾਂ ਬੰਦ ਅੱਖ ਵਾਲੇ ਭਗਵਾਨ ਦੀ। ਹੁਣ ਪੱਥਰ ਦੀਆਂ ਮੂਰਤੀਆਂ ਹਨ, ਉਨ੍ਹਾਂ ਦੀਆਂ ਬੰਦ ਅੱਖਾਂ ਆਸਾਨੀ ਨਾਲ ਖੋਲ੍ਹੀਆਂ ਨਹੀਂ ਜਾ ਸਕਦੀ, ਤਾਂ ਉਪਰੋਂ ਦੀ ਝੂਠੀਆਂ ਅੱਖਾਂ ਚਿਪਕਾ ਦਿੰਦੇ ਹਨ, ਉਪਰੋਂ ਦੀ ਫਿਕਸ ਕਰ ਦਿੰਦੇ ਹਨ, ਜਿਵੇਂ ਤੁਸੀਂ ਐਨਕ ਲਾ ਲੈਂਦੇ ਹੋ, ਅਜਿਹੀਆਂ ਉਪਰੋਂ ਦੀ ਲਾ ਦੇਣ ਵਾਲੀਆਂ ਅੱਖਾਂ ਹਨ। ਸ਼ਵੇਤਾਂਬਰ ਜਦ ਪੂਜਾ ਕਰਦੇ ਹਨ ਉਹ ਅੱਖਾਂ ਲਾ ਲੈਂਦੇ ਹਨ—ਦਿਗੰਬਰ ਜਦ ਪੂਜਾ ਕਰਦੇ ਹਨ, ਉਹ ਅੱਖਾਂ ਵੱਖ ਕਰ ਦਿੰਦੇ ਹਨ। ਕਦੇ-ਕਦੇ ਅਜਿਹਾ ਹੋ ਜਾਂਦਾ ਹੈ ਕਿ ਦਿਗੰਬਰਾਂ ਦੀ ਪੂਜਾ ਵਿਚ ਜ਼ਰਾ ਦੇਰ ਹੋ ਗਈ ਅਤੇ ਸ਼ਵੇਤਾਂਬਰ ਪੁੱਜ ਗਏ ਤਾਂ ਲੱਠਬਾਜ਼ੀ ਹੋ ਜਾਂਦੀ ਹੈ ਕਿ ਹਟਾਓ, ਹੁਣ ਭਗਵਾਨ ਦੀ ਅੱਖ ਖੁੱਲ੍ਹਣ ਦਾ ਵੇਲਾ ਆ ਗਿਆ! ਇਸ ਉੱਤੇ ਮੁਕੱਦਮੇ ਚੱਲਦੇ ਹਨ, ਮਾਰ-ਕੁਟਾਈ ਹੋ ਜਾਂਦੀ ਹੈ।

ਪਰ ਥੋੜ੍ਹਾ ਸੋਚੋ, ਤੁਹਾਨੂੰ ਮਹਾਂਵੀਰ ਤੋਂ ਲੈਣਾ-ਦੇਣਾ ਹੈ? ਜੇਕਰ ਤੁਹਾਨੂੰ ਮਹਾਂਵੀਰ ਤੋਂ ਲੈਣਾ-ਦੇਣਾ ਹੁੰਦਾ ਤਾਂ ਇਹ ਦੋਵੇਂ ਗੱਲਾਂ ਗ਼ਲਤ ਹਨ। ਨਾ ਤਾਂ

ਮਹਾਂਵੀਰ ਨੇ ਚੌਵੀ ਘੰਟੇ ਅੱਖਾਂ ਬੰਦ ਕੀਤੀਆਂ ਹੋਣਗੀਆਂ ਅਤੇ ਨਾ ਮਹਾਂਵੀਰ ਨੇ ਚੌਵੀ ਘੰਟੇ ਅੱਖਾਂ ਖੋਲ੍ਹੀਆਂ ਹੋਣਗੀਆਂ। ਝਪਕਦੇ ਹੋਣਗੇ, ਕਦੇ ਬੰਦ ਵੀ ਕਰਦੇ ਹੋਣਗੇ, ਕਦੇ ਖੋਲ੍ਹਦੇ ਵੀ ਹੋਣਗੇ। ਰਾਤ ਸੌਂ ਜਾਂਦੇ ਹੋਣਗੇ ਤਾਂ ਅੱਖਾਂ ਬੰਦ ਕਰ ਕੇ ਹੀ ਸੌਂਦੇ ਸੀ। ਦਿਨੇ ਜਾਗਦੇ ਸੀ ਤਾਂ ਅੱਖਾਂ ਖੋਲ੍ਹ ਕੇ ਹੀ ਰਾਹਾਂ 'ਤੇ ਟੁਰਦੇ ਸੀ, ਭਿਕਸ਼ਾ (ਖ਼ੈਰ) ਮੰਗਣ ਜਾਂਦੇ ਸੀ। ਅੱਖ ਦੀ ਤਰ੍ਹਾਂ ਅੱਖ ਸੀ, ਜਿਵੇਂ ਦੀ ਤੁਹਾਡੀਆਂ ਅੱਖਾਂ ਝਪਕਦੀਆਂ ਹਨ। ਜੀਉਂਦੀ ਅੱਖ ਝਪਕਦੀ ਹੈ, ਮੁਰਦਾ ਅੱਖ ਰੁਕ ਜਾਂਦੀ ਹੈ—ਬੰਦ ਤਾਂ ਬੰਦ, ਖੁੱਲ੍ਹੀ ਤਾਂ ਖੁੱਲ੍ਹੀ। ਤੁਸੀਂ ਮਰੀ ਹੋਈ ਅੱਖ ਨੂੰ ਪੂਜ ਰਹੇ ਹੋ। ਜੀਉਂਦੀ ਅੱਖ ਨੂੰ ਪੂਜਦੇ ਤਾਂ ਤੁਸੀਂ ਕਹਿੰਦੇ, ਦੋਵੇਂ ਹੀ ਘਟਨਾਵਾਂ ਘਟਦੀਆਂ ਹਨ, ਦੋਵੇਂ ਹੀ ਸਹੀ ਹਨ। ਕੁਝ ਚੁਣਾਓ ਨਹੀਂ ਹੈ। ਜਿਵੇਂ ਨਦੀ ਦੇ ਦੋ ਕੰਢੇ ਹਨ ਇਸੇ ਤਰ੍ਹਾਂ ਚੇਤਨਾ ਦੀ ਅੰਤਰ-ਮੁਖਤਾ ਅਤੇ ਬਾਹਰ-ਮੁਖਤਾ ਹੈ। ਜਿਵੇਂ ਸੁਆਸ ਅੰਦਰ ਆਉਂਦੀ ਹੈ ਬਾਹਰ ਜਾਂਦੀ ਹੈ, ਇਵੇਂ ਹੀ ਚੇਤਨਾ ਵੀ ਅੰਦਰ ਆਉਂਦੀ ਹੈ ਬਾਹਰ ਜਾਂਦੀ ਹੈ। ਜਿਸ ਨੇ ਦੋਨਾਂ ਦੇ ਮੱਧ ਵਿਚ ਆਪਣੇ ਨੂੰ ਸਾਧ ਲਿਆ, ਉਹ ਹੀ ਸਿੱਧ ਹੈ। ਜਿਹੜਾ ਇਕ ਵਿਚ ਜਕੜ ਗਿਆ ਉਹ ਹੀ ਪੰਗੂ ਹੈ।

ਲੇਕਿਨ ਤੁਹਾਡੇ ਭਗਵਾਨ ਅਸਲ ਵਿਚ—ਭਗਵਾਨ ਨਹੀਂ ਹਨ, ਤੁਹਾਡੇ ਹਨ, ਇਸ ਲਈ ਭਗਵਾਨ ਹੋਣ ਦੇ ਕਾਰਨ ਭਗਵਾਨ ਹੁੰਦੇ ਤਾਂ ਗੱਲ ਹੋਰ ਹੁੰਦੀ ਤਦ ਤਾਂ ਤੁਹਾਨੂੰ ਮਸਜਿਦ ਵਿਚ ਵੀ ਪਛਾਣ ਵਿਚ ਆ ਜਾਂਦੇ, ਜਿੱਥੇ ਕੋਈ ਮੂਰਤੀ ਨਹੀਂ ਸੀ। ਤੁਸੀਂ ਕਹਿੰਦੇ ਭਗਵਾਨ ਇਥੇ ਨਿਰਾਕਾਰ ਹੈ। ਕ੍ਰਿਸ਼ਨ ਦੇ ਮੰਦਿਰ ਵਿਚ ਜਾਂਦੇ ਤਾਂ ਤੁਸੀਂ ਕਹਿੰਦੇ, ਭਗਵਾਨ ਇਥੇ ਬੰਸਰੀ ਬਜਾ ਰਹੇ ਹਨ, ਮਹਾਂਵੀਰ ਦੇ ਮੰਦਿਰ 'ਚ ਜਾਂਦੇ ਤਾਂ ਤੁਸੀਂ ਕਹਿੰਦੇ, ਭਗਵਾਨ ਇਥੇ ਧਿਆਨ ਕਰ ਰਹੇ ਹਨ। ਤੁਹਾਨੂੰ ਭਗਵਾਨ ਹੀ ਵਿਖਾਈ ਦਿੰਦਾ ! ਲੇਕਿਨ ਤੁਹਾਡੇ ਮੈਂ ਭਗਵਾਨ ਨੂੰ ਨਹੀਂ ਵੇਖਦਾ, ਨਾ ਵੇਖਣ ਦਾ ਉਸ ਨੂੰ ਕੋਈ ਸਵਾਲ ਹੈ, ਉਹ ਆਪਣੇ ਭਗਵਾਨ ਨੂੰ ਵੇਖਦਾ ਹੈ। ਉਸ ਨੂੰ ਠੀਕ ਤਰ੍ਹਾਂ ਵੇਖ ਲੈਂਦਾ ਹੈ ਆਪਣੇ ਹੀ ਹਨ ? ਕਿਤੇ ਕੋਈ ਧੋਖਾ-ਧੜੀ ਤਾਂ ਨਹੀਂ ? ਤਦ ਝੁਕਦਾ ਹੈ।

ਤੁਸੀਂ ਆਪਣੇ ਹੀ ਹੰਕਾਰ ਦੇ ਸਾਹਮਣੇ ਝੁਕਦੇ ਹੋ। ਅੱਛਾ ਹੁੰਦਾ ਤੁਸੀਂ ਕਿਉਂ ਵਿਅਰਥ ਦੀਆਂ ਮੂਰਤੀਆਂ ਬਣਾਉਂਦੇ ਹੋ ?—ਤੁਸੀਂ ਆਇਨਾ (ਸ਼ੀਸ਼ਾ) ਲਾ ਲਓ ਘਰ ਵਿਚ ਉਸੇ ਵਿਚ ਆਪਣੇ ਨੂੰ ਵੇਖੋ, ਆਪਣਾ ਰੂਪ ਨਿਹਾਰੋ, ਪੂਜਾ ਦੇ ਥਾਲ ਸਜਾਓ, ਆਰਤੀ ਉਤਾਰੋ। ਉਹ ਘੱਟੋ-ਘੱਟ ਸੱਚਾਈ ਤਾਂ ਹੋਏਗੀ, ਤੁਹਾਡੇ ਸੰਬੰਧ ਵਿਚ ਘੱਟੋ-ਘੱਟ ਝੂਠ ਤਾਂ ਨਹੀਂ ਹੋਏਗਾ। ਅਤੇ ਉਸ ਵਿਚ ਇਕ ਫ਼ਾਇਦਾ ਹੈ ਅਤੇ ਉਹ ਫ਼ਾਇਦਾ ਇਹ ਹੈ ਕਿ ਬਹੁਤ ਮੂਰਤੀਆਂ ਦੀ ਜ਼ਰੂਰਤ

ਨਹੀਂ ਰਹੇਗੀ, ਤੁਸੀਂ ਜਦ ਉਤਾਰੋ ਮੂਰਤੀ ਦੀ ਪੂਜਾ ਤਦ ਤੁਸੀਂ ਹੀ ਰਹੋਗੇ, ਤੁਹਾਡੀ ਪਤਨੀ ਉਤਾਰੇ ਤਦ ਉਹ ਰਹੇਗੀ, ਤੁਹਾਡਾ ਮੁੰਡਾ ਉਤਾਰੇ ਤਦ ਉਹ ਰਹੇਗਾ—ਇਕ ਦਰਪਣ (ਸ਼ੀਸ਼ਾ) ਸਾਰਿਆਂ ਲਈ ਮੰਦਿਰ ਦਾ ਕੰਮ ਦੇ ਦੇਵੇਗਾ। ਹਿੰਦੂ ਆ ਜਾਏ ਤਾਂ ਹਿੰਦੂ, ਮੁਸਲਮਾਨ ਆ ਜਾਏ ਤਾਂ ਮੁਸਲਮਾਨ, ਚੋਟੀ ਬੰਨ੍ਹੇ ਹੋਏ ਹੋਵੇ ਤਾਂ ਚੋਟੀ, ਚੋਟੀ ਨਾ ਹੋਵੇ ਤਾਂ ਬਿਨਾਂ ਚੋਟੀ—ਘੱਟੋ-ਘੱਟ ਸ਼ੀਸ਼ਾ ਤੁਹਾਨੂੰ ਹੀ ਦਰਸਾਉਂਦਾ ਰਹੇਗਾ। ਮੂਰਤੀਆਂ ਨੇ ਤੁਹਾਨੂੰ ਧੋਖਾ ਦੇ ਦਿੱਤਾ ਹੈ, ਲੇਕਿਨ ਹੈਨ ਉਹ ਤੁਹਾਡੀਆਂ ਹੀ ਮੂਰਤੀਆਂ।

ਇਹ ਜੋ ਫ਼ਰੀਦ ਕਹਿੰਦੇ ਹਨ ਕਿ ਅਜਿਹੀ ਘੜੀ ਆਈ...ਅਜਿਹੀ ਘੜੀ ਆਉਂਦੀ ਹੈ ਭਗਤ ਦੇ ਜੀਵਨ ਵਿਚ ਜਨ ਆਕ੍ਰਮਣ ਬਿਲਕੁਲ ਮੁੱਕ ਜਾਂਦਾ ਹੈ।

ਆਕ੍ਰਮਣ ਯਾਨੀ ਹੰਕਾਰ।

ਹੰਕਾਰ ਸ਼ੁੱਧਤਮ ਆਕ੍ਰਮਣ (ਹਮਲਾ) ਹੈ। ਜਦ ਤਕ ਤੁਹਾਡੇ ਅੰਦਰ ਹੰਕਾਰ ਹੈ ਤਦ ਤਕ ਤੁਸੀਂ ਅਹਿੰਸਕ ਨਹੀਂ ਹੋ ਸਕੋਗੇ—ਤਦ ਤਕ ਤੁਹਾਡੀ ਅਹਿੰਸਾ ਵਿਚ ਵੀ ਹਿੰਸਾ ਹੀ ਲੁਕੀ ਹੋਏਗੀ, ਤਦ ਤੁਸੀਂ ਅਹਿੰਸਾ ਦੇ ਨਾਂ ਉੱਤੇ ਵੀ ਹਿੰਸਾ ਹੀ ਕਰਦੇ ਰਹੋਗੇ ਅਤੇ ਤੁਹਾਡੀ ਹਿੰਸਾ ਬਹੁਤ ਸੋਹਣੇ ਰੂਪ ਸੰਵਾਰ ਲਵੇਗੀ। ਅੰਦਰ ਤਾਂ ਭਿਅੰਕਰ ਕਰੂਪਤਾ ਹੋਏਗੀ, ਉਪਰੋਂ ਦੀ ਅਹਿੰਸਾ ਦੇ ਕੱਪੜੇ ਹੋ ਜਾਣਗੇ, ਅਵਾਰਣ (ਓਢਣਾ) ਹੋ ਜਾਏਗਾ।

ਨਹੀਂ, ਹੰਕਾਰ ਦੇ ਰਹਿੰਦੇ ਕੋਈ ਅਹਿੰਸਕ ਨਹੀਂ ਹੋ ਸਕਦਾ। ਅਤੇ ਹੰਕਾਰ ਦੇ ਰਹਿੰਦੇ ਜਦ ਅਹਿੰਸਕ ਹੀ ਨਹੀਂ ਹੋ ਸਕਦੇ ਤਾਂ ਪ੍ਰੇਮੀ ਕੀ ਖ਼ਾਕ ਹੋ ਸਕੋਗੇ? ਅਹਿੰਸਕ ਦਾ ਤਾਂ ਕੁਲ ਇੰਨਾ ਹੀ ਮਤਲਬ ਹੁੰਦਾ ਹੈ ਕਿ ਦੂਜੇ ਨੂੰ ਦੁੱਖ ਨਹੀਂ ਦਿਆਂਗੇ, ਪ੍ਰੇਮੀ ਦਾ ਮਤਲਬ ਹੁੰਦਾ ਹੈ, ਦੂਜੇ ਨੂੰ ਸੁੱਖ ਦਿਆਂਗੇ। ਜਦ ਅਹਿੰਸਕ ਹੀ ਨਹੀਂ ਹੋ ਸਕਦੇ ਤਾਂ ਖ਼ਾਕ ਪ੍ਰੇਮੀ ਹੋ ਸਕੋਗੇ? ਪ੍ਰੇਮ ਤਾਂ ਅਹਿੰਸਾ ਦੀ ਪਰਕਾਸ਼ਠਾ (ਚਰਮ ਸੀਮਾ) ਹੈ। ਅਹਿੰਸਾ ਤਾਂ ਪ੍ਰੇਮ ਦੀ ਸ਼ੁਰੂਆਤ ਹੈ—ਕ, ਖ, ਗ, ਬਿਲਕੁਲ ਪ੍ਰਾਰੰਭ ਹੈ ਬਾਰਾਂਖੜੀ ਦਾ। ਅਹਿੰਸਾ ਦਾ ਤਾਂ ਮਤਲਬ ਹੈ ਅਸੀਂ ਘੱਟੋ-ਘੱਟ ਦੂਜਿਆਂ ਨੂੰ ਦੁੱਖ ਨਹੀਂ ਦਿਆਂਗੇ, ਇੰਨਾ ਤਾਂ ਅਸੀਂ ਨਹੀਂ ਕਹਿ ਸਕਦੇ ਕਿ ਅਸੀਂ ਦੂਜੇ ਨੂੰ ਸੁੱਖ ਦੇ ਸਕਾਂਗੇ, ਇੰਨਾ ਅਜੇ ਸਾਨੂੰ ਆਪਣੇ 'ਤੇ ਭਰੋਸਾ ਨਹੀਂ—ਲੇਕਿਨ ਇੰਨਾ ਅਸੀਂ ਕਹਿ ਸਕਦੇ ਹਾਂ ਕਿ ਦੁੱਖ ਨਹੀਂ ਦਿਆਂਗੇ ਅਹਿੰਸਾ ਨਿਸ਼ੇਧਾਤਮਕ (ਮਨਾਹੀ ਕਰਨਾ) ਹੈ। ਫਿਰ ਦੂਜੇ ਕਦਮ 'ਤੇ ਕੋਸ਼ਿਸ਼ ਕਰਾਂਗੇ, ਜਦ ਦੁੱਖ ਨਾ ਦਿਆਂਗੇ—ਅਜਿਹੀ ਘੜੀ ਆ ਜਾਏਗੀ, ਤਾਂ ਫਿਰ ਸੁੱਖ ਦੇਣ ਦੀ ਸੰਭਾਵਨਾ ਖੁਲ੍ਹਦੀ ਹੈ—ਤਾਂ ਫਿਰ ਅਸੀਂ ਸੁੱਖ ਦਿਆਂਗੇ।

ਹੰਕਾਰ ਨਾ ਤਾਂ ਅਹਿੰਸਕ ਹੋਣ ਦਿੰਦਾ ਹੈ, ਪ੍ਰੇਮੀ ਤਾਂ ਕਿਵੇਂ ਹੋਣ ਦੇਵੇਗਾ ? ਭਗਤ ਹੋਣ ਦਾ ਤਾਂ ਕੋਈ ਉਪਾਇ ਹੀ ਨਹੀਂ, ਕਿਉਂਕਿ ਭਗਤੀ ਤਾਂ ਪ੍ਰੇਮ ਤੋਂ ਵੀ ਉਪਰ ਹੈ। ਅਹਿੰਸਕ ਕਹਿੰਦਾ ਹੈ, ਦੂਜੇ ਨੂੰ ਦੁੱਖ ਨਹੀਂ ਦਿਆਂਗੇ, ਹਿੰਸਕ ਕਹਿੰਦਾ ਹੈ, ਦੂਜੇ ਨੂੰ ਦੁੱਖ ਦੇਣ ਵਿਚ ਹੀ ਸੁੱਖ ਹੈ। ਅਹਿੰਸਕ ਕਹਿੰਦਾ ਹੈ ਦੂਜੇ ਨੂੰ ਦੁੱਖ ਨਾ ਦੇਣ ਵਿਖੇ ਸੁੱਖ ਹੈ। ਪ੍ਰੇਮੀ ਕਹਿੰਦਾ ਹੈ ਦੂਜੇ ਨੂੰ ਸੁੱਖ ਦੇਣ ਵਿਚ ਸੁੱਖ ਹੈ। ਅਤੇ ਭਗਤ ਕਹਿੰਦਾ ਹੈ ਦੂਜਾ ਦੂਜਾ ਲਾ ਰਹਿ ਜਾਏ, ਮੇਰਾ, ਮੇਰਾ ਨਾ ਰਹਿ ਜਾਏ, ਪਰਾਇਆ, ਪਰਾਇਆ ਨਾ ਰਹਿ ਜਾਏ—ਤਦ ਸੁੱਖ ਹੈ।

ਭਗਤੀ ਪਰਮ ਸਥਿਤੀ ਹੈ, ਉਹ ਆਖ਼ਰੀ ਗੱਲ ਹੈ, ਉਸ ਤੋਂ ਉਪਰ ਹੋਰ ਫਿਰ ਕੋਈ ਉਚਾਈ ਨਹੀਂ। ਉਹ ਅੰਤਿਮ ਆਕਾਸ਼ ਹੈ।

ਫ਼ਰੀਦ ਕਹਿੰਦੇ ਹਨ ਅਜਿਹੀ ਘੜੀ ਆਉਂਦੀ ਹੈ ਭਗਤ ਦੀ ਜਦ ਆਕ੍ਰਮਣ ਚਲਾ ਜਾਂਦਾ ਹੈ, ਜਦ ਉਹ ਇਵੇਂ ਨਹੀਂ ਜਾਂਦਾ ਮੰਦਿਰ ਦੇ ਵੱਲ ਜਿਵੇਂ ਕੁਝ ਖੋਹਣ ਜਾ ਰਿਹਾ ਹੋਵੇ। ਇਵੇਂ ਨਹੀਂ ਜਾਂਦਾ ਮੰਦਿਰ ਦੇ ਵੱਲ ਜਿਵੇਂ ਭਗਵਾਨ ਨਾਲ ਕੋਈ ਸ਼ਿਕਾਇਤ ਕਰ ਰਿਹਾ ਹੋਵੇ ਕਿ ਇੰਨੀ ਦੇਰ ਤੋਂ ਪ੍ਰਾਰਥਨਾ ਕਰ ਰਿਹਾ ਹਾਂ, ਅਜੇ ਤਕ ਨਜ਼ਰ ਨਹੀਂ ਹੋਈ, ਇਸ ਪਾਸੇ ਕਦੋਂ ਵੇਖੋਗੇ ? ਨਹੀਂ, ਉਹ ਮੰਦਿਰ ਇਵੇਂ ਜਾਂਦਾ ਹੈ—ਸ਼ਿਕਾਇਤ ਦੀ ਤਰ੍ਹਾਂ ਨਹੀਂ, ਅਹੋਭਾਵ ਦੀ ਤਰ੍ਹਾਂ ਕਿ ਜੋ ਦਿੱਤਾ ਹੈ, ਉਹ ਜ਼ਰੂਰਤ ਤੋਂ ਬਹੁਤਾ ਹੈ, ਮੇਰੀ ਕੋਈ ਯੋਗਤਾ ਨਹੀਂ ਸੀ ਅਤੇ ਦਿੱਤਾ ਹੈ, ਮੇਰੀ ਕੋਈ ਪਾਤ੍ਰਤਾ ਨਹੀਂ ਸੀ ਅਤੇ ਤੂੰ ਬਰਸਾਈ ਚਲਾ ਜਾਂਦਾ ਹੈਂ, ਤੂੰ ਰੋਜ਼ ਮੇਘ ਬਣਾਈ ਚਲਾ ਜਾਂਦਾ ਹੈਂ, ਤੂੰ ਅੰਮ੍ਰਿਤ ਵਰਸਾਈ ਚਲਾ ਜਾਂਦਾ ਹੈ, ਤੂੰ ਇਹ ਵੀ ਫ਼ਿਕਰ ਨਹੀਂ ਕਰਦਾ ਕਿ ਮੇਰਾ ਕਟੋਰਾ ਸਿੱਧਾ ਰੱਖਿਆ ਹੈ ਕਿ ਉਲਟਾ ਰੱਖਿਆ ਹੈ, ਮੇਰੇ ਮਾਤਰ ਵਿਚ ਸੰਭਲਦਾ ਹੈ ਨਹੀਂ ਸੰਭਲਦਾ ਹੈ! ਤੂੰ ਤਾਂ ਔਘੜਦਾਨੀ ਹੈਂ (ਜਿਸ ਦੇ ਦਾਨ ਦਾ ਅੰਤ ਨਹੀਂ)! ਤੂੰ ਦਿੰਦਾ ਹੀ ਚਲਾ ਜਾਂਦਾ ਹੈਂ, ਇਸ ਦੀ ਫ਼ਿਕਰ ਹੀ ਨਹੀਂ ਕਰਦਾ ਕਿ ਦੂਜੇ ਨੂੰ ਚਾਹੀਦਾ ਵੀ, ਅਜੇ ਅਕਲ ਵੀ ਹੈ ਲੈਣ ਦੀ ਕਿ ਨਹੀਂ! ਤੂੰ ਲੁਟਾਈ ਹੀ ਜਾਂਦਾ ਹੈਂ।

ਇਸ ਦਾ ਧੰਨਵਾਦ ਦੇਣ ਜਦ ਭਗਤ ਜਾਣ ਲੱਗਦਾ ਹੈ ਤਦ ਉਸ ਦੇ ਜੀਵਨ ਵਿਚ ਇਸਤ੍ਰੈਣ ਭਾਵ ਆਉਂਦਾ ਹੈ—ਤਦ ਉਹ ਸਿਰਫ਼ ਸਵੀਕਾਰ ਦੀ ਅਵਸਥਾ ਵਿਚ ਹੁੰਦਾ ਹੈ, ਆਕ੍ਰਮਣ ਦੀ ਨਹੀਂ। ਉਹ ਕਹਿੰਦਾ ਹੈ—ਤੂੰ ਜੋ ਦੇ ਦੇਵੇਂਗਾ ਲੈ ਲਵਾਂਗੇ ਅਤੇ ਨੱਚਾਂਗੇ। ਤੂੰ ਜੋ ਨਹੀਂ ਦੇਵੇਂਗਾ, ਸਮਝ ਲਵਾਂਗੇ ਕਿ ਸਾਡੇ ਲਈ ਖ਼ਤਰਾ ਸੀ। ਤੇਰੇ ਨਾਲ ਦੇਣ ਨੂੰ ਸਮਝ ਕੇ ਨੱਚਾਂਗੇ। ਤੂੰ ਸਾਡੇ ਨਾਚ ਨੂੰ ਨਹੀਂ ਰੋਕ ਸਕੇਂਗਾ ਹੁਣ! ਬਰਸੋਗੇ ਤਾਂ ਨੱਚਾਂਗੇ, ਨਹੀਂ ਬਰਸੋਗੇ ਤਾਂ ਨੱਚਾਂਗੇ,

ਕਿਉਂਕਿ ਹੁਣ ਅਸੀਂ ਜਾਣਦੇ ਹਾਂ ਕਿ ਤੇਰੇ ਹੱਥਾਂ ਵਿਚ ਛੱਡ ਦਿੱਤਾ, ਹੁਣ ਤੂੰ ਜਿੱਥੇ ਲੈ ਜਾਏਂਗਾ।

ਇਕ ਤਾਂ ਦਰੱਖ਼ਤ ਹੈ—ਆਪਣੇ ਸਹਾਰੇ ਖੜਾ ਹੁੰਦਾ ਹੈ, ਇਕ ਲਤਾ (ਡਾਲੀ) ਹੈ—ਦਰੱਖ਼ਤ ਦੇ ਸਹਾਰੇ ਮੋਢੇ ਉੱਤੇ ਟਿਕ ਕੇ ਖੜੀ ਹੁੰਦੀ ਹੈ। ਇਕ ਤਾਂ ਪੁਰਸ਼ ਹੈ—ਆਪਣੇ ਸਹਾਰੇ ਖੜਾ ਹੁੰਦਾ ਹੈ, ਦਰੱਖ਼ਤ ਦੇ ਵਾਂਗ, ਇਕ ਇਸਤ੍ਰੀ ਹੈ ਲਤਾ ਦੇ ਵਾਂਗ। ਉਹ ਪੁਰਸ਼ ਦੇ ਮੋਢੇ ਦਾ ਸਹਾਰਾ ਲੈ ਕੇ ਖੜੀ ਹੁੰਦੀ ਹੈ, ਆਪਣੇ ਆਪ ਤਾਂ ਡਿੱਗ ਪਏਗੀ।

ਜਦ ਤਕ ਤੁਹਾਡੀ ਪ੍ਰਾਰਥਨਾ ਤੁਹਾਡਾ ਸੰਕਲਪ (ਪੱਕਾ ਇਰਾਦਾ) ਹੈ ਤਦ ਤਕ ਪੁਰਸ਼, ਜਦ ਤੁਹਾਡੀ ਪ੍ਰਾਰਥਨਾ ਸਮਰਪਣ ਹੈ, ਤੁਸੀਂ ਡਾਲੀ ਦੇ ਵਾਂਗ ਹੋ ਗਏ ਕਿ ਤੁਸੀਂ ਪਰਮਾਤਮਾ ਉੱਤੇ ਹੀ ਆਪਣੇ ਨੂੰ ਸੌਂਪ ਦਿੱਤਾ ਕਿ ਹੁਣ ਤੂੰ ਸੰਭਾਲੇਂਗਾ ਤਾਂ ਸੰਭਲਾਂਗੇ, ਤੂੰ ਡਿਗਾਏਂਗਾ ਤਾਂ ਸਮਝਾਂਗੇ ਕਿ ਡਿੱਗਣ ਵਿਚ ਹੀ ਹਿੱਤ ਹੈ—ਹੁਣ ਤੇਰੀ ਮਰਜ਼ੀ! ਜਿਸ ਤਰ੍ਹਾਂ ਦਾਦੂ ਕਹਿੰਦੇ ਹਨ—ਤੂੰ ਜਿਸ ਤਰ੍ਹਾਂ ਰੱਖੇਂਗਾ ਉਵੇਂ ਹੀ ਰਹਾਂਗੇ! ਜਿਵੇਂ ਜੀਸਸ ਨੇ ਕਿਹਾ, ਤੇਰੀ ਮਰਜ਼ੀ ਪੂਰੀ ਹੋਵੇ!

ਜਿੱਥੇ ਮੇਰੀ ਮਰਜ਼ੀ ਨਹੀਂ ਰਹਿ ਜਾਂਦੀ, ਜਿੱਥੇ ਮੈਂ ਨਹੀਂ ਰਹਿ ਜਾਂਦਾ—ਉੱਥੇ ਹੀ ਇਸਤ੍ਰੈਣ ਚੇਤਨਾ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ, ਭਗਤੀ ਦੇ ਮਾਰਗ ਉੱਤੇ ਪੁਰਸ਼ ਵੀ ਇਸਤ੍ਰੈਣ (ਇਸਤ੍ਰੀ ਵਰਗਾ) ਹੋ ਜਾਂਦਾ ਹੈ। ਰਾਮ ਕ੍ਰਿਸ਼ਨ ਦੇ ਜੀਵਨ ਵਿਚ ਅਜਿਹਾ ਉਲੇਖ ਹੈ। ਪਤਾ ਨਹੀਂ, ਰਾਮ ਕ੍ਰਿਸ਼ਨ ਨੂੰ ਫ਼ਰੀਦ ਦਾ ਪਤਾ ਵੀ ਸੀ ਜਾਂ ਨਹੀਂ, ਜੇਕਰ ਪਤਾ ਹੁੰਦਾ ਤਾਂ ਰਾਮ ਕ੍ਰਿਸ਼ਨ ਉਸ ਦੇ ਲਈ ਸਭ ਤੋਂ ਵੱਡੇ ਗਵਾਹ ਹੋ ਜਾਂਦੇ। ਇਸ ਦੀ ਕੋਈ ਕਹਾਣੀ ਨਹੀਂ ਹੈ ਕਿ ਫ਼ਰੀਦ ਦੇ ਜੀਵਨ ਵਿਚ ਇਹ ਜੋ ਕ੍ਰਾਂਤੀ ਘਟੀ, ਜਦ ਉਹ ਆਪਣੇ ਨੂੰ ਸਮਝਣ ਲੱਗਾ ਪਿਆਰੀ ਤਦ ਉਸ ਦੇ ਸਰੀਰ ਵਿਚ ਕੁਝ ਹੋਇਆ ਜਾਂ ਨਹੀਂ, ਇਹ ਪੱਕਾ ਨਹੀਂ ਹੈ। ਚੇਤਨਾ ਵਿਚ ਤਾਂ ਹੋਇਆ ਇਹ ਤਾਂ ਪੱਕਾ ਹੈ, ਲੇਕਿਨ ਸਰੀਰ ਵਿਚ ਵੀ ਕੁਝ ਹੋਇਆ ਇਹ ਪੱਕਾ ਨਹੀਂ। ਰਾਮ ਕ੍ਰਿਸ਼ਨ ਦੇ ਜੀਵਨ ਵਿਚ ਤਾਂ ਅਜਿਹੀ ਘਟਨਾ ਘਟੀ ਜਿਹੜੀ ਇਤਿਹਾਸ ਵਿਚ ਅਨੋਖੀ ਹੈ—ਉਨ੍ਹਾਂ ਦਾ ਸਰੀਰ ਵੀ ਇਸਤ੍ਰੈਣ ਹੋਣ ਲੱਗਾ ਸੀ। ਜਦ ਉਨ੍ਹਾਂ ਨੇ ਭਗਤੀ ਦੀ ਗੂੜ੍ਹੀ ਸਾਧਨਾ ਕੀਤੀ ਤਾਂ ਉਨ੍ਹਾਂ ਦੇ ਸੱਤਨ ਵੱਡੇ ਹੋ ਗਏ। ਜਦ ਉਨ੍ਹਾਂ ਨੇ ਭਗਤੀ ਦੀ ਹੋਰ ਪ੍ਰਗਾੜ੍ਹ ਸਾਧਨਾ ਕੀਤੀ, ਤਾਂ ਉਨ੍ਹਾਂ ਦੀ ਚਾਲ ਬਦਲ ਗਈ, ਉਹ ਇਸਤ੍ਰੀਆਂ ਵਰਗੇ ਟੁਰਨ ਲੱਗੇ, ਜੋ ਕਿ ਚਮਤਕਾਰ ਹੈ, ਕਿਉਂਕਿ ਬਹੁਤ ਔਖਾ ਹੈ ਕਿਸੇ ਪੁਰਸ਼ ਨੂੰ ਇਸਤ੍ਰੀ ਦੇ ਵਾਂਗ ਟੁਰਨਾ, ਕਿਉਂਕਿ ਇਹ ਸਵਾਲ ਟੁਰਨ ਦਾ ਨਹੀਂ ਹੈ, ਸਵਾਲ

ਅੰਦਰ ਦੇ ਹੱਡੀਆਂ ਦੇ ਢਾਂਚੇ ਦਾ ਹੈ। ਇਸਤ੍ਰੀ ਦੇ ਢਿੱਡ ਵਿਚ ਤਾਂ ਗਰਭ ਦੀ ਥਾਂ ਹੈ, ਉਸ ਥਾਂ ਦੇ ਕਾਰਨ ਉਸ ਦੀ ਚਾਲ ਵੱਖਰੀ ਹੈ। ਪੁਰਸ਼ ਦੇ ਢਿੱਡ ਵਿਚ ਗਰਭ ਦੀ ਤਾਂ ਕੋਈ ਥਾਂ ਨਹੀਂ ਹੈ, ਇਸ ਲਈ ਉਸ ਦੀ ਚਾਲ ਭਿੰਨ ਹੈ। ਦੋਹਾਂ ਦੀਆਂ ਹੱਡੀਆਂ ਦਾ ਢਾਂਚਾ ਵੱਖਰਾ ਹੈ। ਇਸਤ੍ਰੀ ਪੁਰਸ਼ ਵਾਂਗ ਨੱਠ ਨਹੀਂ ਸਕਦੀ। ਉਹ ਨੱਠੇਗੀ ਵੀ ਤਾਂ ਤੁਸੀਂ ਦੂਰੋਂ ਹੀ ਕਹਿ ਸਕਦੇ ਹੋ ਕਿ ਇਸਤ੍ਰੀ ਹੈ।

ਰਾਮ ਕ੍ਰਿਸ਼ਨ ਇਸਤ੍ਰੀਆਂ ਵਾਂਗ ਟੁਰਨ ਲੱਗੇ ਅਤੇ ਗੱਲ ਏਥੇ ਹੀ ਰੁਕ ਜਾਂਦੀ ਤਾਂ ਠੀਕ ਸੀ, ਗੱਲ ਆਖ਼ਰੀ ਕਦਮ ਉੱਤੇ ਪੁੱਜ ਗਈ ਜਿਸ ਦਾ ਕਿ ਇਤਿਹਾਸ ਵਿਚ ਕਿਤੇ ਵੀ ਉਲੇਖ ਨਹੀਂ, ਹੋਇਆ ਤਾਂ ਹੋਏਗਾ ਬਹੁਤ ਵਾਰੀ, ਸ਼ਾਇਦ ਗੱਲ ਲੁਕਾ ਲਈ ਹੋਵੇਗੀ, ਕਿਉਂਕਿ ਭਰੋਸੇ ਦੀ ਵੀ ਨਹੀਂ ਹੈ। ਕੌਣ ਭਰੋਸਾ ਕਰੇਗਾ? ਰਾਮ ਕ੍ਰਿਸ਼ਨ ਨੂੰ ਮਾਸਿਕ ਧਰਮ ਸ਼ੁਰੂ ਹੋ ਗਿਆ। ਭਾਵ ਇੰਨੀ ਡੂੰਘਾਈ ਨਾਲ ਇਸਤ੍ਰੈਣ ਹੋ ਗਿਆ—ਨਿਸ਼ਚਿਤ ਹੀ ਆਸ਼ਿਕ ਮਾਸ਼ੂਕ ਹੋ ਗਿਆ। ਪੁਰਸ਼ ਦਾ ਭਾਵ ਹੀ ਨਾ ਰਿਹਾ। ਆਵਾਜ਼ ਬਦਲ ਗਈ। ਕੰਠ (ਗਲਾ) ਇਸਤ੍ਰੈਣ ਹੋ ਗਿਆ। ਪਰ ਇਹ ਸਭ ਹੋ ਸਕਦਾ ਹੈ—ਕੰਠ ਵੀ ਇਸਤ੍ਰੈਣ ਹੋ ਸਕਦਾ ਹੈ, ਕਿਉਂਕਿ ਮਧੁਰਤਾ ਦਾ ਭਾਵ ਆ ਜਾਏ ਤਾਂ ਹੋ ਸਕਦਾ ਹੈ। ਲੇਕਿਨ ਮਾਸਿਕ ਧਰਮ ਦਾ ਸ਼ੁਰੂ ਹੋ ਜਾਣਾ—ਜਿਵੇਂ ਦੇਹ ਨੇ ਪੂਰੀ ਤਰ੍ਹਾਂ ਬਦਲਾਓ ਕਰ ਲਿਆ। ਜਿਵੇਂ ਸਰੀਰ ਅੰਦਰਲੇ ਹਾਰਮੋਨ ਵੀ ਚੇਤਨਾ ਦੇ ਬਦਲਾਓ ਦੇ ਨਾਲ ਪ੍ਰਵਾਹਿਤ ਹੋ ਗਏ ਅਤੇ ਬਦਲ ਗਏ।

ਇਸ ਲਈ ਫ਼ਰੀਦ ਹੁਣ ਅਜਿਹੀ ਗੱਲ ਕਰ ਰਿਹਾ ਹੈ, ਜਿਵੇਂ ਉਹ ਪ੍ਰਯੇਸੀ ਹੈ।

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥

ਹੁਣ ਇਸਤ੍ਰੀ ਕੀ ਕਰ ਸਕਦੀ ਹੈ ਹੋਰ? ਹੱਥ ਮਰੋੜਦੀ ਹੈ, ਸੜਦੀ ਹੈ। 'ਬਿਰਹਾ ਨਾਲ ਮੇਰਾ ਅੰਗ-ਅੰਗ ਜਲ ਰਿਹਾ ਹੈ ਅਤੇ ਮੈਂ ਆਪਣੇ ਹੱਥਾਂ ਨੂੰ ਮਰੋੜਦੀ ਹਾਂ।'

ਪੁਰਸ਼ ਹੁੰਦਾ ਤਾਂ ਹਮਲਾ ਕਰ ਦਿੰਦਾ ਹੈ। ਹੱਥ ਮਰੋੜਨਾ ਇਸਤ੍ਰੈਣ ਹੈ ਜੇਕਰ ਤੁਸੀਂ ਪੁਰਸ਼ ਨੂੰ ਹੱਥ ਮਰੋੜਦੇ ਵੇਖੋ ਤਾਂ ਤੁਸੀਂ ਸਮਝੋਗੇ ਕਿ ਕੁਝ ਗੜਬੜ ਹੈ। ਜਾਂ ਕੁਝ ਕਰਨਾ ਹੋਵੇ ਤਾਂ ਹੱਥ ਚਲਾਓ, ਮਰੋੜ ਕੀ ਰਹੇ ਹੋ? ਮਰੋੜਨੇ ਦਾ ਮਤਲਬ ਹੈ ਬਹੁਤ ਬੇ-ਬੂਝ ਭਾਵ ਨਹੀਂ। ਕੁਝ ਸਮਝ ਵਿਚ ਨਹੀਂ ਆਉਂਦਾ ਕੀ ਕਰੀਏ? ਚਲਾਉਣ ਦੀ ਦਸ਼ਾ ਹੈ। ਕਰਨ ਦਾ ਵੀ ਮਨ ਹੁੰਦਾ ਹੈ ਅਤੇ ਇਹ ਵੀ ਸਮਝ ਵਿਚ ਆਉਂਦਾ ਹੈ ਕਿ ਕਰਨ ਨਾਲ ਕੀ ਹੋਏਗਾ। ਉਸ ਦੀ ਕ੍ਰਿਪਾ ਹੋਏਗੀ ਤਾਂ ਰੋਏਗਾ! ਤਾਂ ਅਜਿਹੀ ਦਸ਼ਾ ਵਿਚ ਹੱਥ ਮਰੋੜਨਾ ਬਹੁਤ ਠੀਕ ਪ੍ਰਤੀਕ ਹੈ।

'ਬਿਰਹਾ-ਜਵੱਰ (ਵਿਛੋੜੇ ਦੀ ਅੱਗ) ਨਾਲ ਮੇਰਾ ਅੰਗ-ਅੰਗ ਜਲ ਰਿਹਾ ਹੈ, ਅਤੇ ਮੈਂ ਆਪਣੇ ਹੱਥਾਂ ਨੂੰ ਮਰੋੜਦੀ ਹਾਂ।'

ਕਰਨ ਨੂੰ ਕੁਝ ਬਚਿਆ ਨਹੀਂ। ਕਰਨਾ ਡਿੱਗ ਪਿਆ। ਹੁਣ ਕੋਈ ਉਪਾਇ ਨਹੀਂ ਹੈ। ਉਡੀਕ ਕਰਦੀ ਹਾਂ, ਹੱਥ ਮਰੋੜਦੀ ਹਾ, ਰਾਹ ਵੇਖਦੀ ਹਾਂ। ਆਉਗੇ ਤਦ ਆਉਗੇ, ਜਦ ਆਉਣ ਦੀ ਤੁਹਾਡੀ ਮਰਜ਼ੀ ਹੋਵੇਗੀ, ਤਦੇ ਆਉਗੇ। ਮੇਰੇ ਕੀਤੇ ਕੁਝ ਨਹੀਂ ਹੋ ਸਕਦਾ। ਮੈਂ ਦਰਵਾਜ਼ੇ ਉੱਤੇ ਖਲੋਤੀ ਹਾਂ, ਦਰਵਾਜ਼ਾ ਖੁੱਲ੍ਹਾ ਰੱਖਿਆ ਹੈ। ਸੇਜ ਤਿਆਰ ਰੱਖੀ ਹੈ। ਤੁਸੀਂ ਆਉਗੇ ਤਾਂ ਆਰਾਮ ਦੀ ਤਿਆਰੀ ਹੈ। ਤੁਹਾਡੇ ਲਈ ਭੋਜਨ ਬਣਾ ਰੱਖਿਆ ਹੈ। ਪਰ ਹੁਣ ਮੈਂ ਹੋਰ ਕੀ ਕਰ ਸਕਦੀ ਹਾਂ ? ਭੱਜ-ਭੱਜ ਕੇ ਆ ਜਾਂਦੀ ਹਾਂ ਦਰ 'ਤੇ, ਹੱਥ ਮਰੋੜਦੀ ਹਾਂ।

ਅੰਗ-ਅੰਗ ਜਲ ਰਿਹਾ ਹੈ ਜਵੱਰ (ਵਿਯੋਗ ਦੇ ਬੁਖ਼ਾਰ) ਨਾਲ।

ਇਸ ਨੂੰ ਥੋੜ੍ਹਾ ਸਮਝੋ। ਜਿਸ ਜੀਵਨ ਵਿਚ ਪ੍ਰੇਮ ਨਹੀਂ ਹੈ, ਉਸ ਜੀਵਨ ਵਿਚ ਇਕ ਤਰ੍ਹਾਂ ਦਾ ਉੱਤਾਪ ਹੁੰਦਾ ਹੈ, ਇਕ ਤਰ੍ਹਾਂ ਦਾ ਜਵੱਰ (ਬੁਖ਼ਾਰ) ਹੁੰਦਾ ਹੈ। ਜਿਸ ਜੀਵਨ ਵਿਚ ਪ੍ਰੇਮ ਅਵਤਰਿਤ (ਉਤਰਨਾ) ਹੁੰਦਾ ਹੈ, ਇਕ ਸ਼ੀਤਲਤਾ ਆ ਜਾਂਦੀ ਹੈ, ਫਿਰ ਜਵੱਰ ਗੁਆਚ ਜਾਂਦਾ ਹੈ। ਸਾਧਾਰਣਤਾ ਜਦ ਤੁਸੀਂ ਬੁਖ਼ਾਰ ਵਿਚ ਹੁੰਦੇ ਹੋ ਤਾਂ ਹੁੰਦਾ ਕੀ ਹੈ ? ਬੁਖ਼ਾਰ ਹੈ ਕੀ ? ਜਵੱਰ ਕਿਸ ਘਟਨਾ ਦਾ ਨਾਂ ਹੈ ? ਅਤੇ ਤੁਹਾਡਾ ਸਰੀਰ ਉਤਪੱਤ (ਗਰਮ) ਕਿਉਂ ਹੋ ਜਾਂਦਾ ਹੈ ? ਜੇਕਰ ਤੁਸੀਂ ਸਮਝਦੇ ਹੋ ਕਿ ਸਰੀਰ ਦਾ ਉਤਪੱਤ ਹੋ ਜਾਣਾ ਹੀ ਜਵੱਰ ਹੈ ਤਾਂ ਤੁਸੀਂ ਗ਼ਲਤ ਸਮਝੇ ਤਾਂ ਤੁਸੀਂ ਲਕਸ਼ਣ (ਆਸਾਰ) ਨੂੰ ਬੀਮਾਰ ਸਮਝ ਲਿਆ। ਸਰੀਰ ਦਾ ਉਤਪੱਤ ਹੋਣਾ ਆਸਾਰ ਹੈ। ਹੈ, ਬੀਮਾਰੀ ਤਾਂ ਗਹਿਰਾਈ ਵਿਚ ਹੈ।

ਡਾਕਟਰ ਕਹਿੰਦੇ ਹਨ ਕਿ ਬੀਮਾਰੀ ਹੈ ਤੁਹਾਡੇ ਸਰੀਰ ਵਿਚ ਕਿਸੇ ਵਿਜਾਤੀਏ (ਦੂਜੀ ਜਾਤ ਵਾਲੇ) ਦ੍ਰਵਯ (ਪਦਾਰਥ) ਦਾ ਪ੍ਰਵੇਸ਼। ਵਿਜਾਤੀਯ ਰੋਗਾਣੂਆਂ ਦਾ ਪ੍ਰਵੇਸ਼, ਤੁਹਾਡੇ ਸਰੀਰ ਵਿਚ ਕੁਝ ਅਜਿਹੇ ਰੋਗਾਣੂ ਪ੍ਰਵਿਸ਼ਟ ਕਰ ਗਏ ਹਨ ਜਿਹੜੇ ਤੁਹਾਡੇ ਸਰੀਰ ਦੇ ਅਣੂਆਂ ਨਾਲ ਲੜ ਰਹੇ ਹਨ, ਇਕ ਘਰੇਲੂ ਲੜਾਈ (ਗ੍ਰਹਿ-ਯੁੱਧ) ਮੱਚਿਆ ਹੈ, ਤੁਹਾਡਾ ਸਰੀਰ ਕੁਰੂਕੁਛੇਤ੍ਰ ਹੋ ਗਿਆ ਹੈ, ਇਕ ਮਹਾਂਭਾਰਤ ਮੱਚਿਆ ਹੈ। ਤੁਹਾਡੇ ਸਰੀਰ ਦੇ ਅਣੂ ਵਿਜਾਤੀਯ ਅਣੂਆਂ ਨਾਲ ਸੰਘਰਸ਼ (ਘੋਲ) ਕਰ ਰਹੇ ਹਨ। ਉਸ ਸੰਘਰਸ਼ ਦੇ ਕਾਰਨ ਗਰਮੀ ਪੈਦਾ ਹੁੰਦੀ ਹੈ। ਜਿਵੇਂ ਤੁਸੀਂ ਦੋ ਹੱਥਾਂ ਨੂੰ ਰਗੜੋ ਤਾਂ ਗਰਮੀ ਪੈਦਾ ਹੋ ਜਾਏ। ਅਤੇ ਤੁਸੀਂ ਦੋ ਚਕਮਕ ਪੱਥਰਾਂ ਨੂੰ ਰਗੜੋ ਅਤੇ ਅੱਗ ਪੈਦਾ ਹੋ ਜਾਏ, ਤੁਸੀਂ ਦੋ ਬਾਂਸਾਂ ਨੂੰ ਰਗੜੋ ਤਾਂ ਜੰਗਲ ਵਿਚ ਅੱਗ ਲੱਗ ਜਾਏ—ਇਸੇ ਤਰ੍ਹਾਂ ਜਿਥੇ ਵੀ ਰਗੜ ਹੈ, ਸੰਘਰਸ਼ਣ (ਘੋਲ-ਮਥੋਲਾ) ਹੈ, ਉੱਤੇ ਉਤਾਪ ਪੈਦਾ ਹੋ ਜਾਂਦਾ ਹੈ। ਤੁਹਾਡੇ

ਸਰੀਰ ਦੇ ਅਣੂ ਵਿਜਾਤੀਯ ਦ੍ਰਵਿਆਂ ਨਾਲ ਲੜ ਰਹੇ ਹਨ। ਜਦ ਤਕ ਉਨ੍ਹਾਂ ਨੂੰ ਕੱਢ ਕੇ ਬਾਹਰ ਨਹੀਂ ਸੁੱਟ ਦੇਣਗੇ, ਤਦ ਤਕ ਸੀਤਲਤਾ ਨਹੀਂ ਹੋ ਸਕਦੀ। ਇਸ ਲਈ ਬੀਮਾਰ ਕੋਈ ਬੁਖ਼ਾਰ ਨਾਲ ਹੋਵੇ ਤਾਂ ਉਸ ਦਾ ਸਰੀਰ ਠੰਡਾ ਕਰਨ ਨਾ ਲੱਗ ਜਾਣਾ ਕਿ ਬਰਫ਼ ਨਾਲ ਨੁਹਾ ਦਿਓ ਕਿ ਠੰਡਾ ਕਰ ਦਿਓ ਤਾਂ ਠੀਕ ਹੋ ਜਾਏਗਾ, ਠੀਕ ਨਹੀਂ ਹੋਏਗਾ, ਸਮਾਪਤ ਹੋ ਜਾਏਗਾ।

ਬੁਖ਼ਾਰ ਬੀਮਾਰੀ ਨਹੀਂ ਹੈ, ਸਿਰਫ ਆਸਾਰ ਹਨ। ਅੰਦਰ ਯੁੱਧ ਮੱਚਿਆ ਹੈ, ਘੋਲ-ਮਥੋਲਾ ਹੋ ਰਿਹਾ ਹੈ।

ਜਦ ਤੁਸੀਂ ਕਿਸੇ ਦੀ ਉਡੀਕ ਵਿਚ ਰਤ ਹੁੰਦੇ ਹੋ, ਜਦ ਜਿਸ ਨੂੰ ਮਿਲਣਾ ਚਾਹੀਦਾ, ਉਹ ਤੁਹਾਨੂੰ ਨਹੀਂ ਮਿਲਿਆ ਹੈ, ਤਦ ਵੀ ਇਕ ਗਹਿਰ ਸੰਘਰਸ਼ ਹੁੰਦਾ ਹੈ, ਸੰਸਾਰ ਵਿਚ ਹੋਣਾ ਇਕ ਸੰਘਰਸ਼ਣ ਵਿਚ ਹੋਣਾ ਹੈ, ਸੰਸਾਰ ਵਿਚ ਹੋਣਾ ਬਟੇ ਹੋਏ ਹੋਣਾ ਹੈ। ਤੁਸੀਂ ਆਪਣੇ ਅੰਦਰ ਹੀ ਖੰਡ-ਖੰਡ (ਟੁਕੜੇ-ਟੁਕੜੇ) ਹੋ, ਤੁਹਾਡੇ ਖੰਡ ਹੀ ਆਪਸ ਵਿਚ ਲੜ ਰਹੇ ਹਨ। ਤੁਸੀਂ ਅਖੰਡ ਨਹੀਂ ਹੋ। ਤੁਸੀਂ ਇਕ ਨਹੀਂ ਹੋ, ਤੁਸੀਂ ਦੋ ਹੋ, ਅਨੇਕ ਹੋ। ਤੁਸੀਂ ਇਕ ਭੀੜ ਹੋ, ਉਸ ਭੀੜ ਵਿਚ ਸੰਘਰਸ਼ ਹੋ ਰਿਹਾ ਹੈ, ਉਸ ਸੰਘਰਸ਼ ਦਾ ਨਤੀਜਾ ਹੈ ਕਿ ਤੁਸੀਂ ਤਪੇ ਹੋਏ ਹੋ। ਤੁਹਾਡੀ ਬੇਚੈਨੀ, ਤੁਹਾਡਾ ਤਣਾਓ, ਤੁਹਾਡੀ ਅਸ਼ਾਂਤੀ ਉਸੇ ਡੂੰਘੇ ਬੁਖ਼ਾਰ ਦੇ ਵੱਖ-ਵੱਖ ਰੂਪ ਹਨ।

ਵਿਰਹ-ਜਵੱਰ ਨਾਲ ਮੇਰਾ ਅੰਗ-ਅੰਗ ਜਲ ਰਿਹਾ ਹੈ ਅਤੇ ਮੈਂ ਆਪਣੇ ਹੱਥਾਂ ਨੂੰ ਮਰੋੜਦੀ ਹਾਂ। ਕੁਝ ਸੁੱਝਦਾ ਨਹੀਂ ਕੀ ਕਰਾਂ। ਇਹ ਮੇਰੀ ਦਸ਼ਾ ਹੈ ਪਾਗਲਾਂ ਵਰਗੀ ਕੁਝ ਕਰਨ ਨੂੰ ਨਹੀਂ ਹੈ, ਹੱਥ ਮਰੋੜਦੀ ਹਾਂ ਅਤੇ ਜਵੱਰ ਨਾਲ ਜਕੜੀ ਹੋਈ ਹਾਂ।

ਪ੍ਰੇਮ ਹੀ ਸ਼ਾਂਤੀ ਲਿਆ ਸਕਦਾ ਹੈ। ਪ੍ਰੇਮ ਦਾ ਅਰਥ ਹੈ ਉਸ ਨਾਲ ਮਿਲ ਜਾਣਾ ਜਿਸ ਨਾਲ ਮਿਲਣਾ ਸਾਡੀ ਨਿਅਤੀ ਹੈ, ਸਾਡਾ ਸੁਭਾਵ ਹੈ। ਪ੍ਰੇਮ ਦਾ ਅਰਥ ਹੈ ਉਸ ਨੂੰ ਪਾ ਲੈਣਾ ਜਿਸ ਨੂੰ ਪਾਉਣ ਲਈ ਅਸੀਂ ਬਣੇ ਹਾਂ। ਪ੍ਰੇਮ ਦਾ ਅਰਥ ਹੈ ਬੀ ਫੁੱਲ ਹੋ ਜਾਏ, ਤਾਂ ਸਭ ਸ਼ਾਂਤ ਹੋ ਜਾਏਗਾ। ਜਦ ਤਕ ਬੀ ਬੀ ਹੈ ਤਦ ਤਕ ਅੰਦਰ ਇਕ ਸੰਘਰਸ਼ ਚੱਲਦਾ ਹੀ ਰਹੇਗਾ, ਕਿਉਂਕਿ ਅੰਕੁਰ ਪੈਦਾ ਹੋਣਾ ਹੈ। ਅੰਕੁਰ ਵੀ ਲੜਦਾ ਰਹੇਗਾ ਕਿਉਂਕਿ ਅਜੇ ਦਰੱਖ਼ਤ ਬਣਨਾ ਹੈ। ਦਰੱਖ਼ਤ ਵੀ ਸੰਘਰਸ਼ ਸ਼ੀਲ ਰਹੇਗਾ, ਕਿਉਂਕਿ ਕਲੀਆਂ ਲਿਆਉਣੀਆਂ ਹਨ। ਲੇਕਿਨ ਇਕ ਵਾਰੀ ਫੁੱਲ ਆ ਗਏ, ਫਲ ਲੱਗ ਗਏ—ਦਰੱਖ਼ਤ ਦੇ ਪੂਰੇ ਪ੍ਰਾਣ ਸ਼ਾਂਤ ਹੋ ਜਾਂਦੇ ਹਨ, ਜੋ ਹੋਣਾ ਸੀ ਉਹ ਪੂਰਾ ਹੋ ਗਿਆ, ਹੁਣ ਬੇ-ਚੈਨੀ ਦਾ ਕੋਈ ਕਾਰਨ ਨਹੀਂ।

ਜਦ ਤਕ ਵਿਅਕਤੀ ਪਰਮਾਤਮਾ ਨਾ ਹੋ ਜਾਏ ਤਦ ਤਕ ਜਵੱਰ ਗ੍ਰਸਤ (ਤਾਪ ਨਾਲ ਜਕੜਿਆ) ਰਹੇਗਾ। ਤਦ ਤਕ ਉਸ ਦੇ ਜਵੱਰ ਨੂੰ ਕੋਈ ਮਿਟਾ ਨਹੀਂ ਸਕਦਾ ਅਤੇ ਜਿਹੜਾ ਉਸ ਦੇ ਜਵੱਰ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੇ ਹਨ ਉਹ ਦੁਸ਼ਮਣ ਹਨ। ਕਿਉਂਕਿ ਇਸ ਦਾ ਤਾਂ ਮਤਲਬ ਹੋਇਆ ਕਿ ਜਵੱਰ ਅੰਦਰੋਂ ਤਾਂ ਮਿਟੇਗਾ ਵੀ ਨਹੀਂ, ਉਪਰੋਂ ਮਿਟਣੇ ਦਾ ਧੋਖਾ ਵੀ ਹੋ ਜਾਏਗਾ—ਤਾਂ ਵਿਅਕਤੀ ਆਪਣੀ ਮੰਜ਼ਿਲ ਤੋਂ ਭਟਕ ਜਾਏਗਾ।

ਬਿਰਹਾ-ਜਵੱਰ ਨਾਲ ਮੇਰਾ ਅੰਗ-ਅੰਗ ਜਲਦਾ ਹੈ, ਮੈਂ ਆਪਣੇ ਹੱਥਾਂ ਨੂੰ ਮਰੋੜਦੀ ਹਾਂ। ਪ੍ਰੀਤਮ ਨਾਲ ਮਿਲਣ ਦੀ ਲਾਲਸਾ ਨੇ ਮੈਨੂੰ ਬਾਵਲੀ (ਸ਼ੁਦੈਣ) ਬਣਾ ਦਿੱਤਾ ਹੈ। ਮੈਂ ਬਿਲਕੁਲ ਪਾਗ਼ਲ ਹੁੰਦੀ ਜਾ ਰਹੀ ਹਾਂ।

ਪਾਗਲ ਹੋਣ ਤੋਂ ਘੱਟ ਵਿਚ ਕੰਮ ਨਹੀਂ ਚੱਲੇਗਾ। ਭਗਤੀ ਪਰਮਾਤਮਾ ਲਈ ਪਾਗ਼ਲਪਨ ਹੈ। ਪਾਗ਼ਲ ਤਾਂ ਤੁਸੀਂ ਵੀ ਹੋ—ਤੁਸੀਂ ਸੰਸਾਰ ਲਈ ਪਾਗ਼ਲ ਹੋ। ਤੁਸੀਂ ਉਸ ਲਈ ਪਾਗਲ ਹੋ ਜਿਸ ਨੂੰ ਪਾ ਕੇ ਵੀ ਕੁਝ ਨਹੀਂ ਮਿਲੇਗਾ। ਭਗਤ ਵੀ ਪਾਗਲ ਹਨ, ਪਰ ਉਹ ਉਸ ਲਈ ਪਾਗ਼ਲ ਹਨ ਜਿਸ ਨੂੰ ਪਾ ਕੇ ਸਭ ਕੁਝ ਮਿਲ ਜਾਏਗਾ। ਤਦ ਤੁਸੀਂ ਖ਼ੁਦ ਹੀ ਸੋਚ ਲਵੋ ਕਿ ਦੋਨਾਂ ਵਿਚੋਂ ਕੌਣ ਜ਼ਿਆਦਾ ਪਾਗ਼ਲ ਹੈ? ਕੌਣ ਅਸਲ ਵਿਚ ਪਾਗ਼ਲ ਹੈ? ਤੁਸੀਂ ਹੀ ਅਸਲ ਵਿਚ ਪਾਗ਼ਲ ਹੋ, ਕਿਉਂਕਿ ਅਜਿਹਾ ਪਾਗ਼ਲਪਨ ਜੋ ਤੁਹਾਨੂੰ ਆਪਣੇ ਸੁਭਾਵ ਨਾਲ ਜੋੜ ਦੇਵੇਗਾ ਭਲਾ ਅਜੇ ਪਾਗ਼ਲਪਨ ਦਿੱਸਦਾ ਹੋਵੇ, ਅਖ਼ੀਰ ਉਹ ਹੀ ਸਮਝਦਾਰੀ ਸਿੱਧ ਹੋਏਗੀ ਅਤੇ ਅਜਿਹਾ ਪਾਗ਼ਲਪਨ ਜਿਹੜਾ ਅਜੇ ਭਲੇ ਹੀ ਸਮਝਦਾਰੀ ਦਿੱਸਦਾ ਹੋਵੇ ਕਿ ਧਨ ਕਮਾ ਲਓ, ਪਦ ਕਮਾ ਲਓ, ਮਾਣ-ਸਨਮਾਨ ਕਮਾ ਲਓ, ਵੱਡੇ ਮਹਿਲ ਬਣਾ ਲਓ, ਵੱਡਾ ਸਾਮਰਾਜ ਫੈਲਾ ਲਓ—ਅਜੇ ਬਿਲਕੁਲ ਸਮਝਦਾਰੀ ਦਿੱਸਦੀ ਹੈ, ਉਹ ਹੀ ਅਖ਼ੀਰ ਪਾਗ਼ਲਪਨ ਸਿੱਧ ਹੋਏਗੀ।

ਇਕ ਬਾਉਲ ਫ਼ਕੀਰ ਦਾ ਗੀਤ ਮੈਂ ਪੜ੍ਹ ਰਿਹਾ ਸੀ। ਉਹ ਪਰਮਾਤਮਾ ਨੂੰ ਕਹਿ ਰਿਹਾ ਸੀ ਕਿ ਪਾਗ਼ਲ ਤਾਂ ਅਸੀਂ ਸਾਰੇ ਹਾਂ, ਕੁਝ ਤੇਰੇ ਵੱਲ ਪਾਗ਼ਲ ਹਨ, ਕੁਝ ਤੇਰੇ ਵਿਰੋਧ ਵਿਚ ਪਾਗ਼ਲ ਹਨ, ਕੁਝ ਤੇਰੇ ਵੱਲ ਆਉਣ ਨੂੰ ਦੀਵਾਨੇ ਹਨ, ਕੁਝ ਤੇਰੇ ਤੋਂ ਦੂਰ ਜਾਣ ਲਈ ਦੀਵਾਨੇ ਹਨ। ਹੇ ਪਰਮਾਤਮਾ ਤੂੰ ਹੀ ਦੱਸ, ਸਾਡੇ ਦੋਹਾਂ ਵਿਚੋਂ ਕੌਣ ਬਹੁਤਾ ਦੀਵਾਨਾ ਹੈ? ਕੌਣ ਬਹੁਤਾ ਪਾਗ਼ਲ ਹੈ? ਕਿਉਂਕਿ ਜੋ ਤੇਰੇ ਤੋਂ ਦੂਰ ਜਾ ਰਿਹਾ ਹੈ ਉਹ ਕਿੱਥੇ ਜਾਏਗਾ? ਉਹ ਕਿੰਨੀ ਹੀ ਦੂਰ ਚਲਾ ਜਾਏ ਤਾਂ ਵੀ ਮੰਜ਼ਿਲ ਤਾਂ ਨਹੀਂ ਆਏਗੀ। ਹੋਰ ਦੂਰ ਜਾਂਦਾ ਰਹੇ, ਹੋਰ ਦੂਰ ਜਾਂਦਾ ਰਹੇ—ਅਤੇ ਹੋਰ ਜਿੰਨੀ ਦੂਰ ਜਾਏਗਾ ਓਨਾ ਜਵੱਰ ਨਾਲ ਭਰਦਾ ਰਹੇਗਾ, ਇਸ ਲਈ ਅਭਾਗੇ ਹਨ ਉਹ ਲੋਕ ਜਿਨ੍ਹਾਂ ਨੂੰ ਤੁਹਾਡੀ ਜ਼ਿੰਦਗੀ

ਵਿਚ ਤੁਸੀਂ ਸਫ਼ਲ ਕਹਿੰਦੇ ਹੋ। ਅਤੇ ਧੰਨਭਾਗੀ ਹਨ ਉਹ ਲੋਕ ਜਿਹੜੇ ਤੁਹਾਡੇ ਹਿਸਾਬ ਨਾਲ ਸਫ਼ਲ ਨਹੀਂ ਹੁੰਦੇ, ਅਸਫ਼ਲ ਹੋ ਜਾਂਦੇ ਹਨ। ਜਿਨ੍ਹਾਂ ਨੂੰ ਧਨ ਮਿਲ ਗਿਆ ਅਤੇ ਜੀਵਨ ਜਿਨ੍ਹਾਂ ਨੇ ਗੁਆ ਦਿੱਤਾ, ਉਨ੍ਹਾਂ ਨੂੰ ਤੁਸੀਂ ਸਫ਼ਲ ਕਹਿੰਦੇ ਹੋ, ਉਨ੍ਹਾਂ ਵਰਗੀ ਅਸਫ਼ਲਤਾ ਤੁਸੀਂ ਹੋਰ ਕਿਥੇ ਪਾਉਗੇ ? ਸਿਕੰਦਰ ਅਤੇ ਨੈਪੋਲੀਅਨ ਇਨ੍ਹਾਂ ਤੋਂ ਬਹੁਤੇ ਅਸਫ਼ਲ ਆਦਮੀ ਤੁਸੀਂ ਕਿੱਥੇ ਲੱਭੋਗੇ ?

ਮੈਂ ਐਂਡਰੂ ਕਾਰਨੇਗੀ ਦਾ ਜੀਵਨ ਪੜ੍ਹਦਾ ਸੀ। ਉਹ ਅਮਰੀਕਾ ਦਾ ਸਭ ਤੋਂ ਵੱਡਾ ਅਰਬਪਤੀ ਹੋਇਆ। ਉਹ ਮਰਿਆ ਤਾਂ ਦਸ ਅਰਬ ਰੁਪਏ ਛੱਡ ਕੇ ਮਰਿਆ। ਮਰਨ ਵੇਲੇ ਇਵੇਂ ਹੀ ਉਤਸੁਕਤਾਵਸ ਦੋ ਦਿਨ ਪਹਿਲਾਂ, ਜਿਹੜਾ ਵਿਅਕਤੀ ਉਸ ਦੇ ਸੈਕਟਰੀ ਦਾ ਕੰਮ ਕਰਦਾ ਸੀ ਅਤੇ ਉਸ ਦਾ ਜੀਵਨ ਲਿਖ ਰਿਹਾ ਸੀ, ਉਸ ਨੇ ਉਸ ਨੂੰ ਪੁੱਛਿਆ, ਇਕ ਦਿਨ ਇਸੇ ਤਰ੍ਹਾਂ ਪਏ-ਪਏ ਅੱਖ ਖੋਲ੍ਹੀ ਅਤੇ ਕਿਹਾ, ਸੁਣੋ ਲਿਖਣਾ ਬਾਅਦ ਵਿਚ ਪਹਿਲਾਂ ਇਕ ਸਵਾਲ ਦਾ ਜਵਾਬ ਦੇ। ਜੇਕਰ ਤੈਨੂੰ ਪਰਮਾਤਮਾ ਇਸ ਚੁਣਾਵ ਦਾ ਮੌਕਾ ਦੇਵੇ ਕਿ ਚਾਹੇ ਤਾਂ ਤੂੰ ਐਂਡਰੂ ਕਾਰਨੇਗੀ ਹੋ ਜਾ, ਜਾਂ ਚਾਹੇ ਤਾਂ ਐਂਡਰੂ ਕਾਰਨੇਗੀ ਦਾ ਸੈਕਟਰੀ ਹੋ ਜਾ। ਤਾਂ ਤੂੰ ਦੋਨਾਂ ਵਿਚੋਂ ਕੀ ਹੋਣਾ ਪਸੰਦ ਕਰੇਂਗਾ ?

ਉਸ ਨੇ ਕਿਹਾ, ਇਸ ਵਿਚ ਸੋਚਣ ਵਿਚਾਰਨ ਦਾ ਸਵਾਲ ਹੀ ਕਿੱਥੇ ਹੈ ?

ਐਂਡਰੂ ਕਾਰਨੇਗੀ ਨੇ ਸਮਝਿਆ ਕਿ ਸ਼ਾਇਦ ਉਹ ਇਹ ਕਹਿ ਰਿਹਾ ਹੈ ਕਿ ਇਸ ਵਿਚ ਸੋਚਣ ਦਾ ਸਵਾਲ ਕਿੱਥੇ ਹੈ—ਐਂਡਰੂ ਕਾਰਨੇਗੀ ਹੋਣਾ ਪਸੰਦ ਕਰਾਂਗਾ। ਉਹ ਹੱਸਣ ਲੱਗਾ। ਉਸ ਨੇ ਕਿਹਾ ਕਿ ਮੈਂ ਸਮਝ ਗਿਆ।

ਸੈਕਟਰੀ ਨੇ ਕਿਹਾ—ਤੁਸੀਂ ਸਮਝੇ ਨਹੀਂ, ਮੈਂ ਇਹ ਕਹਿ ਰਿਹਾ ਹਾਂ ਕਿ ਮੈਂ ਸੈਕਟਰੀ ਹੋਣਾ ਹੀ ਪਸੰਦ ਕਰਾਂਗਾ, ਐਂਡਰੂ ਕਾਰਨੇਗੀ ਨਹੀਂ।

ਐਂਡਰੂ ਕਾਰਨੇਗੀ ਦੇ ਮਨ 'ਚ ਬਹੁਤ ਚਿੰਤਾ ਆ ਗਈ। ਉਸ ਨੇ ਕਿਹਾ, ਤੇਰਾ ਮਤਲਬ ਕੀ ? ਤੂੰ ਸੈਕਟਰੀ ਹੋਣਾ ਚਾਹੇਂਗਾ ਤਦ ਤੂੰ ਐਂਡਰੂ ਕਾਰਨੇਗੀ ਹੋ ਸਕਦਾ ਹੈਂ।

ਉਸ ਨੇ ਕਿਹਾ, ਮੈਂ ਸੈਕਟਰੀ ਹੋਣਾ ਚਾਹਾਂਗਾ। ਸੁਣੀਏ—ਮੈਂ ਤੁਹਾਡਾ ਜੀਵਨ ਲਿਖ ਰਿਹਾ ਹਾਂ ਅਤੇ ਤੁਹਾਡੇ ਜੀਵਨ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜੋ ਮੈਂ ਸਮਝ ਸਕਿਆਂ ਉਸ ਤੋਂ ਇਕ ਗੱਲ ਸਿੱਧ ਹੋ ਗਈ ਕਿ ਜਿਨ੍ਹਾਂ ਨੂੰ ਅਸੀਂ ਸਫ਼ਲ ਕਹਿੰਦੇ ਹਾਂ ਉਹ ਸਫ਼ਲ ਨਹੀਂ ਹਨ। ਤੁਹਾਡਾ ਜੀਵਨ ਲਿਖਦੇ-ਲਿਖਦੇ ਮੈਨੂੰ ਆਪਣੇ ਸੰਬੰਧ ਵਿਚ ਬਹੁਤ ਗਹਿਰੀ ਸਮਝ ਆ ਗਈ। ਜੋ ਭੁੱਲ ਤੂੰ ਕੀਤੀ ਹੈ, ਉਹ ਮੈਂ ਨਹੀਂ ਕਰਾਂਗਾ।

ਐਂਡਰੂ ਕਾਰਨੇਗੀ ਆਪਣੇ ਦਫ਼ਤਰ ਵਿਚ ਸਵੇਰੇ ਨੌਂ ਵਜੇ ਪੁੱਜ ਜਾਂਦਾ ਸੀ, ਚਪੜਾਸੀ ਦਸ ਵਜੇ ਪੁੱਜਦੇ, ਮੈਨੇਜਰ ਬਾਰਾਂ ਵਜੇ ਪੁੱਜਦਾ, ਡਾਇਰੈਕਟਰ ਇਕ ਵਜੇ ਪਹੁੰਚਦਾ, ਡਾਇਰੈਕਟਰ ਤਿੰਨ ਵਜੇ ਵਿਦਾ ਹੋ ਜਾਂਦਾ, ਫਿਰ ਮੈਨੇਜਰ ਵਿਦਾ ਹੋ ਜਾਂਦੇ, ਫਿਰ ਚਪੜਾਸੀ ਵੀ ਸਾਢੇ ਪੰਜ ਵਜੇ ਚਲੇ ਜਾਂਦੇ—ਐਂਡਰੂ ਕਾਰਨੇਗੀ ਰਾਤ ਨੌਂ ਵਜੇ ਘਰ ਪਰਤਦਾ। ਨੌਂ ਵਜੇ ਤੋਂ ਨੌਂ ਵਜੇ। ਚਪੜਾਸੀਆਂ ਤੋਂ ਵੀ ਗਈ ਬੀਤੀ ਉਸ ਦੀ ਹਾਲਤ ਸੀ। ਅਤੇ ਘਰ ਕਿਤੇ ਐਂਡਰੂ ਕਾਰਨੇਗੀ ਵਰਗੇ ਲੋਕ ਮੁੜਦੇ ਹਨ ? ਕਿਉਂਕਿ ਐਂਡਰੂ ਕਾਰਨੇਗੀ ਦੀ ਪਤੀ ਨੇ ਕਿਹਾ ਹੈ ਉਸੇ ਸੈਕਟਰੀ ਨੂੰ ਕਿ ਭੁੱਲ ਹੋ ਗਈ, ਇੰਨੇ ਮਹੱਤਵਕਾਂਕਸ਼ੀ ਆਦਮੀ ਨਾਲ ਵਿਆਹ ਕਰਨ ਵਿਚ ਕੋਈ ਅਰਥ ਨਹੀਂ, ਇਸ ਤੋਂ ਤਾਂ ਬਿਨਾਂ ਵਿਆਹ ਦੇ ਵੀ ਰਹਿ ਜਾਣਾ ਬਰਾਬਰ ਹੈ, ਕਿਉਂਕਿ ਏਨੀ ਜਿਸ ਦੀ ਮਹੱਤਵਕਾਂਕਸ਼ਾ ਹੈ ਉਹ ਪ੍ਰੇਮ ਕਰਨ ਲਈ ਵਕਤ ਹੀ ਨਹੀਂ ਕੱਢ ਸਕਦਾ। ਐਂਡਰੂ ਕਾਰਨੇਗੀ ਦੇ ਬੱਚਿਆਂ ਨੇ ਲਿਖਿਆ ਹੈ, ਸਾਡਾ ਆਪਣੇ ਪਿਤਾ ਨਾਲ ਕੋਈ ਸੰਬੰਧ ਨਹੀਂ ਹੋ ਸਕਿਆ। ਅਸੀਂ ਇਵੇਂ ਹੀ ਆਉਂਦੇ ਜਾਂਦੇ ਨਮਸਕਾਰ ਕਰਦੇ ਰਹੇ, ਬੱਸ। ਇਕ ਅੰਜਨਬੀ ਸੀ ਉਹ ਕਿਉਂਕਿ ਉਨ੍ਹਾਂ ਨੂੰ ਫੁਰਸਤ ਕਿੱਥੇ ਸੀ। ਜਿਸ ਨੂੰ ਕਰੋੜਾਂ ਅਰਬਾਂ ਰੁਪਏ ਛੱਡ ਜਾਣੇ ਹੋਣ। ਉਸ ਨੂੰ ਬੱਚਿਆਂ ਦੇ ਨਾਲ ਵਕਤ ਗੁਆਉਣ ਵਿਚ ਕਿੱਥੇ ਸੁਵਿਧਾ ਹੋ ਸਕਦੀ ਹੈ।

ਹੋਰ ਇਸ ਆਦਮੀ ਨੇ ਮਰਨ ਵੇਲੇ ਖ਼ੁਦ ਕੀ ਕਿਹਾ ? ਮਰਨ ਵੇਲੇ ਕਿਸੇ ਨੇ ਕਿਹਾ ਕਿ ਹੁਣ ਤਾਂ ਤੂੰ ਤ੍ਰਿਪਤ ਹੋ ਕੇ ਮਰ ਰਿਹਾ ਹੈਂ ?—ਕਿਉਂਕਿ ਧਰਤੀ ਉੱਤੇ ਤੇਰੇ ਤੋਂ ਬਹੁਤਾ ਧਨ ਕਿਸੇ ਦੇ ਵੀ ਕੋਲ ਨਹੀਂ ਹੈ।

ਉਸ ਨੇ ਅੱਖਾਂ ਖੋਲ੍ਹੀਆਂ ਅਤੇ ਕਿਹਾ—ਤ੍ਰਿਪਤ! ਐਂਡਰੂ ਕਾਰਨੇਗੀ ਤ੍ਰਿਪਤੀ ਜਾਣਦਾ ਹੀ ਨਹੀਂ। ਦਸ ਅਰਬ ਰੁਪਈਏ ਛੱਡ ਕੇ ਮਰ ਰਿਹਾ ਹਾਂ, ਲੇਕਿਨ ਯੋਜਨਾ ਸੌ ਅਰਬ ਕਮਾਉਣ ਦੀ ਸੀ। ਹਾਰਿਆ ਹੋਇਆ ਹਾਂ। ਨੱਬੇ ਅਰਬ ਤੋਂ ਹਾਰਿਆ ਹਾਂ।

ਇਹ ਹੀ ਸਾਰੇ ਸਫ਼ਲ ਲੋਕਾਂ ਦੀ ਕਥਾ ਹੈ। ਅਸਫ਼ਲਤਾ ਸਫ਼ਲ ਲੋਕਾਂ ਦੀ ਕਹਾਣੀ ਹੈ। ਮੈਂ ਤੁਹਾਨੂੰ ਆਖਦਾ ਹਾਂ—ਧੰਨਭਾਗੀ ਹੋ, ਜੇਕਰ ਤੁਹਾਡੇ ਜੀਵਨ ਵਿਚ ਸਫ਼ਲਤਾ ਦਾ ਭੂਤ ਸਵਾਰ ਨਾ ਹੋਵੇ।

ਇਕ ਮੇਰੇ ਮਿੱਤਰ ਹਨ। ਇਕ ਰਾਜ ਵਿਚ ਮੰਤਰੀ ਹਨ, ਕਈ ਵਰ੍ਹਿਆਂ ਤੋਂ ਮੰਤਰੀ ਹਨ—ਉਸ ਤੋਂ ਅੱਗੇ ਨਹੀਂ ਵਧ ਪਾਂਦੇ। ਥੋੜ੍ਹੇ ਭਲੇ ਆਦਮੀ ਹਨ! ਮੁੱਖ ਮੰਤਰੀ ਹੋਣ ਲਈ ਜਿਸ ਤਰ੍ਹਾਂ ਦਾ ਆਦਮੀ ਚਾਹੀਦਾ ਹੈ, ਓਨੀ ਬੁਰਾਈ ਨਹੀਂ ਹੈ, ਓਨੇ ਦੁਰਗੁਣ ਨਹੀਂ ਹਨ, ਓਨੀ ਸ਼ੈਤਾਨੀ, ਚਾਲਬਾਜ਼ੀ ਨਹੀਂ ਹੈ, ਓਨਾ

ਛੜਯੰਤ੍ਰ ਨਹੀਂ ਕਰ ਪਾਉਂਦੇ, ਕਰਦੇ ਤਾਂ ਹਨ, ਫਿਫਟੀ-ਫਿਫਟੀ ਕਰਦੇ ਵੀ ਹਨ ਪਰ ਅੰਦਰੋਂ ਮਨ 'ਚ ਲੱਗਦਾ ਹੈ ਕਿ ਗ਼ਲਤ ਕੰਮ ਕਰ ਰਿਹਾ ਹਾਂ, ਨਹੀਂ ਕਰਨਾ ਚਾਹੀਦਾ। ਅਟਕ ਗਏ ਹਨ। ਆਦਮੀ ਅੱਛੇ ਹਨ ਇਸ ਲਈ ਕੋਈ ਪਿੱਛੇ ਵੀ ਨਹੀਂ ਧੱਕਦਾ। ਕਿਉਂਕਿ ਜੋ ਮੁੱਖ ਮੰਤਰੀ ਬਣਦਾ ਹੈ, ਉਸ ਨੂੰ ਉਨ੍ਹਾਂ ਤੋਂ ਕੋਈ ਡਰ ਨਹੀਂ ਹੈ, ਹਟਾਉਂਦੇ ਲੋਕ ਉਸ ਨੂੰ ਹਨ ਜਿਸ ਕੋਲੋਂ ਡਰ ਹੋਵੇ। ਉਹ ਤਾਂ ਗਊ ਪੁਰਸ਼ ਹਨ। ਕਿਸੇ ਸਾਂਢ ਨੂੰ ਉਨ੍ਹਾਂ ਤੋਂ ਕੋਈ ਡਰ ਨਹੀਂ ਹੈ। ਸੋ ਉਨ੍ਹਾਂ ਨੂੰ ਹਟਾਉਂਦੇ ਵੀ ਨਹੀਂ ਹਨ। ਹੋਰ ਉਨ੍ਹਾਂ ਨੂੰ ਵਧਾਵੇ ਕੌਣ ? ਕਿਉਂਕਿ ਵਧਣਾ ਆਪਣੀ ਤਾਕਤ ਨਾਲ ਪੈਂਦਾ ਹੈ, ਉਹ ਤਾਕਤ ਵੀ ਉਨ੍ਹਾਂ ਵਿਚ ਨਹੀਂ ਹੈ। ਉਹ ਮੇਰੇ ਕੋਲ ਕਈ ਵਾਰੀ ਆਉਂਦੇ ਹਨ, ਪਿਛਲੀ ਵਾਰੀ ਮੇਰੇ ਕੋਲ ਆਏ, ਕਹਿਣ ਲੱਗੇ—ਹੁਣ ਤੁਸੀਂ ਇਕ ਵਾਰੀ ਆਸ਼ੀਰਵਾਦ ਦੇ ਦਿਓ। ਬੱਸ, ਹੁਣ ਇਕ ਵਾਰੀ ਮੁੱਖ ਮੰਤਰੀ ਬਣ ਜਾਵਾਂ।

ਮੈਂ ਕਿਹਾ, ਆਸ਼ੀਰਵਾਦ ਕਹਿੰਦੇ ਹੋ ਉਸ ਨੂੰ ਜਾਂ ਸਰਾਪ, ਜੇਕਰ ਅਸ਼ੀਰਵਾਦ ਤੁਸੀਂ ਮੇਰੇ ਤੋਂ ਮੰਗਦੇ ਹੋ ਤਾਂ ਇਕ ਹੀ ਦੇ ਸਕਦਾ ਹਾਂ ਕਿ ਤੁਸੀਂ ਮੰਤਰੀ ਵੀ ਨਾ ਰਹਿ ਜਾਓ, ਤਾਂਕਿ ਤੁਸੀਂ ਆਦਮੀ ਬਣ ਸਕੋ। ਤੁਸੀਂ ਅਸਫ਼ਲ ਹੋ ਜਾਓ ਤਾਂ ਤੁਹਾਨੂੰ ਕੁਝ ਅਕਲ ਆਏ। ਤੁਸੀਂ ਮੰਤਰੀ ਬਣ ਕੇ ਕੀ ਪਾ ਲਿਆ ਹੈ, ਉਹ ਮੈਨੂੰ ਦੱਸੋ। ਤਾਂ ਮੁੱਖ ਮੰਤਰੀ ਬਣ ਕੇ ਹੋਰ ਕੀ ਪਾ ਲਉਗੇ ? ਹਾਂ, ਮੈਂ ਤੁਹਾਨੂੰ ਦੱਸਦਾ ਹਾਂ ਕਿ ਮੰਤਰੀ ਬਣ ਕੇ ਤੁਸੀਂ ਕੀ-ਕੀ ਗੁਆ ਦਿੱਤਾ ਹੈ। ਮੁੱਖ ਮੰਤਰੀ ਬਣ ਕੇ ਤੁਸੀਂ ਹੋਰ ਵੀ ਕੁਝ ਗੁਆ ਦਿਉਗੇ ? ਤੁਸੀਂ ਅਸਫ਼ਲ ਹੋ ਜਾਉ ਇਕ ਬਾਰ। ਤੁਸੀਂ ਬਿਲਕੁਲ ਹਾਰ ਜਾਓ, ਟੁੱਟ ਜਾਓ ਤਾਂ ਸ਼ਾਇਦ ਤੁਹਾਡੇ ਨਵੇਂ ਜੀਵਨ ਦੀ ਯਾਤਰਾ ਸ਼ੁਰੂ ਹੋ ਜਾਏ।

ਨਹੀਂ, ਸਫ਼ਲਤਾ ਸੁਭਾਗ ਨਹੀਂ ਹੈ। ਅਤੇ ਜਿਸ ਨੂੰ ਸੰਸਾਰ ਸਮਝਦਾਰੀ ਕਹਿੰਦਾ ਹੈ ਉਹ ਸਮਝਦਾਰੀ ਨਹੀਂ ਹੈ। ਸਮਝਦਾਰੀ ਦਾ ਕੁਲ ਏਨਾ ਮਤਲਬ ਹੈ, ਬਾਕੀ ਸਾਰੇ ਲੋਕ ਵੀ ਤੁਹਾਡੇ ਨਾਲ ਸਹਿਮਤ ਹਨ ਕਿ ਹਾਂ, ਇਹ ਹੀ ਸਮਝਦਾਰੀ ਹੈ। ਧਨ ਕਮਾਓ, ਇਹ ਸਮਝਦਾਰੀ ਹੈ! ਗੁਆਓ—ਕੌਣ ਕਹੇਗਾ ਸਮਝਦਾਰੀ ਹੈ ? ਬੁੱਧ ਨੂੰ ਵੀ ਬੁੱਧ ਦੇ ਪਿਤਾ ਨਹੀਂ ਮੰਨਦੇ ਕਿ ਇਹ ਸਮਝਦਾਰ ਹੈ, ਨਾਸਮਝ ਹੈ, ਬੁੱਧੀ ਨਹੀਂ ਹੈ। ਬੁੱਧ ਦੇ ਪਿਤਾ ਨੂੰ ਛੱਡ ਦਿਓ, ਬੁੱਧ ਦਾ ਜਿਹੜਾ ਸਾਰਥੀ ਉਨ੍ਹਾਂ ਨੂੰ ਜੰਗਲ ਤਕ ਛੱਡਣ ਗਿਆ ਸੀ, ਉਸ ਤੋਂ ਵੀ ਨਹੀਂ ਰਿਹਾ ਗਿਆ। ਉਸ ਨੇ ਵੀ ਕਿਹਾ ਕਿ ਮੈਂ ਨੌਕਰ ਹਾਂ, ਅਤੇ ਛੋਟੇ ਮੂੰਹ ਵੱਡੀ ਗੱਲ ਨਹੀਂ ਕਰਨੀ ਚਾਹੀਦੀ, ਪਰ ਹੁਣ ਇਹ ਅਜਿਹਾ ਮੌਕਾ ਹੈ ਕਿ ਕਰਨੀ ਪਏਗੀ। ਤੁਸੀਂ ਨਾਲਾਇਕੀ ਕਰ ਰਹੇ ਹੋ, ਸਾਰੀ ਦੁਨੀਆਂ ਪਾਗ਼ਲ ਹੈ ਧਨ ਕਮਾਉਣ ਨੂੰ,

ਰਾਜ ਪਾਉਣ ਨੂੰ, ਤੁਸੀਂ ਛੱਡ ਕੇ ਜਾ ਰਹੇ ਹੋ। ਪਛਤਾਉਗੇ, ਭਟਕੋਗੇ। ਹੋਰ ਇਕ ਵਾਰੀ ਪਿਓ ਨਾਰਾਜ਼ ਹੋ ਗਿਆ ਅਤੇ ਉਸ ਦੇ ਦਰਵਾਜ਼ੇ ਬੰਦ ਹੋ ਗਏ ਤਾਂ ਫਿਰ ਜੀਵਨ ਭਰ ਤੜਫੋਗੇ। ਹੁਣੇ ਮੁੜ ਚੱਲੋ, ਅਜੇ ਕੁਝ ਵਿਗੜਿਆ ਨਹੀਂ ਹੈ, ਕਿਸੇ ਨੂੰ ਖ਼ਬਰ ਨਹੀਂ ਹੈ। ਮੈਂ ਕਿਸੇ ਨੂੰ ਨਹੀਂ ਕਹਾਂਗਾ, ਮੈਂ ਪੁਰਾਣਾ ਤੁਹਾਡੇ ਘਰ ਦਾ ਨੌਕਰ ਹਾਂ। ਤੁਹਾਡੇ ਪਿਤਾ ਤੋਂ ਮੇਰੀ ਉਮਰ ਬਹੁਤੀ ਹੈ।

ਮੇਰੀ ਸੁਣੋ!

ਸੁਭਾਵਿਕ ਹੈ। ਸਾਰਥੀ—ਗਰੀਬ ਆਦਮੀ। ਉਸ ਦੀਆਂ ਇੱਛਾਵਾਂ ਮਹਿਲਾਂ ਵਿਚ ਅਟਕੀਆਂ ਹਨ। ਉਹ ਇਹ ਗੱਲ ਨਹੀਂ ਸਮਝ ਸਕਦਾ ਕਿ ਇਹ ਬੁੱਧ ਨੂੰ ਕੀ ਪਾਗ਼ਲਪਨ ਹੋ ਗਿਆ ਹੈ ਕਿ ਸਭ ਛੱਡ ਕੇ ਜਾ ਰਿਹਾ ਹੈ। ਸੁੰਤਰ ਤੇਰੀ ਪਤਨੀ ਹੈ—ਉਸ ਨੇ ਬੁੱਧ ਨੂੰ ਕਿਹਾ—ਨਵਾਂ-ਨਵਾਂ ਪੈਦਾ ਹੋਇਆ, ਨਵਜਾਤ ਬੱਚਾ ਹੈ। ਹੁਣੇ ਤਾਂ ਬਗੀਆ ਵੱਸ ਰਹੀ ਸੀ, ਤੂੰ ਉਜਾੜਨ ਲੱਗਾ। ਸੰਨਿਆਸ ਵੀ ਲੈਣਾ ਹੋਵੇ ਤਾਂ ਇਹ ਤਾਂ ਆਦਮੀ ਆਖ਼ਰੀ ਸਮੇਂ ਵਿਚ ਲੈਂਦਾ ਹੈ। ਤੈਨੂੰ ਪਤਾ ਨਹੀਂ? ਧਰਮ, ਅਰਥ, ਕਾਮ, ਮੋਖਸ਼—ਇਹ ਸਾਰੇ ਜੋ ਚਾਰ ਪੁਰਸ਼ਾਰਥ ਹਨ, ਇਨ੍ਹਾਂ ਦੀ ਇਕ ਲੜੀ ਹੈ। ਮੋਖਸ਼ ਆਖ਼ਰੀ ਹੈ, ਉਹ ਤਾਂ ਬੁਢਾਪੇ ਲਈ ਹੈ। ਜਦ ਦੇਹ ਜਰਾ-ਜੀਰਣ (ਖੰਡਰ) ਹੋ ਜਾਂਦੀ ਹੈ ਅਤੇ ਆਦਮੀ ਚਲਨੇ, ਚਲਨੇ ਨੂੰ ਹੁੰਦਾ ਹੈ ਅਤੇ ਦੂਜੇ ਲੋਕ ਅਰਥੀ ਬੰਨ੍ਹਣ ਲੱਗਦੇ ਹਨ, ਤਦ ਆਦਮੀ ਮੋਖਸ਼ ਦੀ ਚਿੰਤਾ ਕਰਦਾ ਹੈ। ਜਦ ਇਕ ਕਦਮ ਕਬਰ ਵਿਚ ਉਤਰ ਜਾਂਦਾ ਹੈ ਅਤੇ ਦੂਜਾ ਅਟਕਿਆ ਹੁੰਦਾ ਹੈ ਕਿ ਬੱਸ, ਹੁਣ ਗਿਆ ਕਿ ਹੁਣ ਗਿਆ—ਤਦ ਆਦਮੀ ਪਰਮਾਤਮਾ ਦਾ ਨਾਂ ਲੈ ਲੈਂਦਾ ਹੈ ਹੋਰ ਕਹਾਣੀ ਤੂੰ ਨਹੀਂ ਸੁਣੀ ? ਕਿ ਇਕ ਪਾਪੀ ਮਰਿਆ ਸੀ ਅਤੇ ਮਰਨ ਵੇਲੇ—ਉਸ ਦੇ ਪੁੱਤਰ ਦਾ ਨਾਂ ਨਾਰਾਇਣ ਸੀ ਅਤੇ ਉਸ ਨੇ ਜ਼ੋਰ ਨਾਲ ਬੁਲਾਇਆ—ਨਾਰਾਇਣ ਅਤੇ ਉਪਰਲੇ ਨਾਰਾਇਣ ਧੋਖੇ ਵਿਚ ਆ ਗਏ। ਉਹ ਮਰ ਗਿਆ ਅਤੇ ਮੋਖਸ਼ ਨੂੰ ਉਪਲਬਧ ਹੋਇਆ। ਅਜਿਹੇ ਆਦਮੀ ਮੁਕਤ ਹੋ ਜਾਂਦੇ ਹਨ। ਇਹ ਤਾਂ ਅੰਤਿਮ ਗੱਲਾਂ ਹਨ। ਆਖ਼ਰੀ ਹਨ। ਇਨ੍ਹਾਂ ਨੂੰ ਅਜਿਹੇ ਕਰਨ ਦੀ ਕੀ ਜ਼ਰੂਰਤ ਹੈ?

ਸੁਭਾਵਿਕ ਹੈ—ਬੁੱਧ ਪਾਗ਼ਲ ਲੱਗੇ ਹੋਣਗੇ।

ਇਸ ਜਗਤ ਵਿਚ ਪਾਗ਼ਲ ਹੋਣਾ ਇੰਨਾ ਆਮ ਹੈ ਕਿ ਇਥੇ ਬੁੱਧੀਮਾਨ ਪਾਗ਼ਲ ਮਲੂਮ ਹੁੰਦੇ ਹਨ।

ਪੱਛਮ ਦੇ ਬਹੁਤ ਵੱਡੇ ਵਿਚਾਰਕ ਲੂਈ ਪਾਸ਼ਚਰ ਨੇ ਲਿਖਿਆ ਹੈ ਕਿ ਸਮਝਦਾਰਾਂ ਨੂੰ ਮੈਂ ਇੰਨਾ ਨਾਸਮਝ ਪਾਇਆ ਕਿ ਮੈਂ ਮੰਨਦਾ ਹਾਂ ਕਿ ਇਥੇ ਸਮਝਣਾਰ ਹੋਣ ਦਾ ਮਤਲਬ ਸਾਰੀ ਦੁਨੀਆਂ ਦੀਆਂ ਅੱਖਾਂ ਵਿਚ ਨਾਸਮਝ ਹੋਣਾ

ਹੋਇਆ ਅਤੇ ਦੁਨੀਆਂ ਇੰਨੀ ਪਾਗ਼ਲ ਹੈ ਕਿ ਇਥੇ ਪਾਗ਼ਲ ਨਾ ਹੋਣਾ ਇਕ ਤਰ੍ਹਾਂ ਦਾ ਪਾਗ਼ਲਪਨ ਮਲੂਮ ਹੁੰਦਾ ਹੈ।

ਪਾਗ਼ਲ ਤਾਂ ਪਰਮਾਤਮਾ ਦਾ ਪ੍ਰੇਮੀ ਵੀ ਹੈ। ਪਾਗ਼ਲ ਧਨ ਅਤੇ ਪਦ ਦਾ ਪ੍ਰੇਮੀ ਵੀ ਹੈ। ਜੋ ਕਹਿੰਦਾ ਹੈ ਚਲੋ ਦਿੱਲੀ ਉਹ ਵੀ ਪਾਗਲ ਹੈ। ਜਿਹੜਾ ਮੋਖਸ਼ ਦੀ ਯਾਤਰਾ ਕਰਦਾ ਹੈ ਉਹ ਵੀ ਪਾਗ਼ਲ ਹੈ। ਲੇਕਿਨ ਪਾਗ਼ਲਪਨ, ਪਾਗ਼ਲਪਨ ਵਿਚ ਬਹੁਤ ਭੇਦ ਹੈ। ਤੁਸੀਂ ਉਸ ਪਾਗ਼ਲਪਨ ਨੂੰ ਚੁਣਨਾ ਜਿਸ ਨਾਲ ਤੁਹਾਡੀ ਨੀਤੀ ਪੂਰੀ ਹੋਵੇ। ਤੁਸੀਂ ਉਸ ਲਈ ਦੀਵਾਨੇ ਹੋਣਾ–ਕਿਉਂਕਿ ਦੀਵਾਨੇਪਨ ਤੋਂ ਘੱਟ ਵਿਚ ਕੰਮ ਨਹੀਂ ਚੱਲੇਗਾ–ਜੋ ਤੁਹਾਡੇ ਬੀ ਨੂੰ ਅੰਕੁਰਿਤ ਕਰੇ, (ਅੰਕੁਰਿਤ ਮਤਲਬ ਫੁੱਟਣਾ) ਜੋ ਤੁਹਾਨੂੰ ਉਥੇ ਪਹੁੰਚਾ ਦੇਵੇ ਜੋ ਤੁਸੀਂ ਹੋਣੇ ਨੂੰ ਹੋ, ਕਿਉਂਕਿ ਅਨਯਥਾ (ਨਹੀਂ ਤਾਂ) ਕਦੇ ਸ਼ਾਂਤੀ ਨਹੀਂ ਮਿਲੇਗੀ, ਨਹੀਂ ਤਾਂ ਤੁਹਾਡੇ ਜੀਵਨ ਵਿਚ ਕਦੇ ਆਨੰਦ ਉਤਸਵ ਨਹੀਂ ਆ ਪਾਏਗਾ।

'ਵਿਰਹ ਜਵੱਰ ਨਾਲ ਮੇਰਾ ਅੰਗ-ਅੰਗ ਜਲ ਰਿਹਾ ਹੈ ਅਤੇ ਮੈਂ ਆਪਣੇ ਹੱਥਾਂ ਨੂੰ ਮਰੋੜਦੀ ਹਾਂ। ਪ੍ਰੀਤਮ ਨਾਲ ਮਿਲਣ ਦੀ ਲਾਲਸਾ ਨੇ ਮੈਨੂੰ ਬਾਵਲੀ (ਬਉਰੀ) ਬਣਾ ਦਿੱਤਾ ਹੈ।'

'ਪਿਆਰੇ ਤੂੰ ਆਪਣੇ ਮਨ 'ਚ ਮੇਰੇ ਨਾਲ ਰੁੱਸ ਗਿਆ ਹੈਂ, ਸੋ ਇਸ ਵਿਚ ਮੇਰਾ ਹੀ ਕਸੂਰ ਸੀ, ਤੇਰਾ ਨਹੀਂ।

ਇਹ ਭਗਤ ਦਾ ਭਾਵ ਹੈ।

ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥

ਤੂੰ ਮੇਰੇ ਨਾਲ ਰੁੱਸਿਆ ਹੈਂ ਇਹ ਗੱਲ ਪੱਕੀ ਹੈ, ਨਹੀਂ ਤਾਂ ਮਿਲ ਜਾਂਦਾ, ਲੇਕਿਨ ਇਹ ਗੱਲ ਵੀ ਪੱਕੀ ਹੈ ਕਿ ਤੂੰ ਰੁੱਸਿਆ ਹੋਏਂਗਾ ਮੇਰੇ ਹੀ ਕਿਸੇ ਅਵਗੁਣ ਦੇ ਕਾਰਨ, ਕਿਉਂਕਿ ਤੂੰ ਤਾਂ ਰੁੱਸਣਾ ਜਾਣਦਾ ਹੀ ਨਹੀਂ।

ਇਹ ਭਗਤ ਦਾ ਮਨ ਹੈ, ਸਮਝਣ ਦੀ ਕੋਸ਼ਿਸ਼ ਕਰੋ।

ਤੂੰ ਰੁੱਸਿਆ ਹੈਂ ਇਹ ਗੱਲ ਪੱਕੀ ਹੈ।

ਭਗਤ ਅਨੁਭਵ ਕਰਦਾ ਹੈ ਕਿ ਮੈਂ ਪੁਕਾਰ ਰਿਹਾ ਹਾਂ, ਦਰਵਾਜ਼ੇ ਖੁੱਲ੍ਹੇ ਰੱਖੇ ਹਨ ਤੂੰ ਆਉਂਦਾ ਨਹੀਂ, ਤੇਰੇ ਰੱਥ ਦੇ ਪਹੀਆਂ ਦੀ ਕੋਈ ਆਵਾਜ਼ ਨਹੀਂ ਆਉਂਦੀ। ਭੱਜਿਆ-ਭੱਜਿਆ ਦਰਵਾਜ਼ੇ 'ਤੇ ਆਉਂਦਾ ਹਾਂ, ਪਾਉਂਦਾ ਹਾਂ ਹਵਾ ਨੇ ਥਪੇੜੇ (ਧੱਕੇ) ਦਿੱਤੇ ਸੀ। ਸੁੱਤਾ ਪਿਆ ਅੱਧੀ ਰਾਤੀਂ ਜਾਗ ਪੈਂਦਾ ਹਾਂ, ਲੱਗਦਾ ਹੈ ਮੋਈ ਆਇਆ, ਬਾਹਰ ਜਾ ਕੇ ਵੇਖਦਾ ਹਾਂ, ਕੁਝ ਵੀ ਨਹੀਂ, ਸੁੱਤੇ ਪੱਤੇ ਹਵਾ ਵਿਚ ਉੱਡ ਰਹੇ ਹਨ। ਕਿੰਨੀ ਵਾਰੀ ਤੇਰੇ ਆਉਣ ਦਾ ਧੋਖਾ ਹੋ ਜਾਂਦਾ ਹੈ, ਤੂੰ

ਆਉਂਦਾ ਨਹੀਂ, ਜ਼ਰੂਰੀ ਹੀ ਰੁੱਸਿਆ ਹੈਂ। ਅੱਖਾਂ ਵਿਛਾ ਦਿੱਤੀਆਂ ਹਨ ਤੇਰੀ ਰਾਹ ਉੱਤੇ, ਨਾ ਨੀਂਦ ਹੈ, ਨਾ ਚੈਨ। ਜਵੱਰ-ਗ੍ਰਸਤ ਹੈ ਰੋਮ-ਰੋਮ, ਅੰਗ-ਅੰਗ ਤਪ ਰਿਹਾ ਹੈ। ਜ਼ਰੂਰ ਹੀ ਤੂੰ ਰੁੱਸਿਆ ਹੈਂ। ਇਸ ਵਿਚ ਕੋਈ ਸ਼ੱਕ ਨਹੀਂ ਹੈ। ਨਹੀਂ ਤਾਂ ਤੂੰ ਆ ਹੀ ਗਿਆ ਹੁੰਦਾ। ਲੇਕਿਨ...

ਅਤੇ ਉਸ ਲੇਕਿਨ ਵਿਚ ਭਗਤ ਦਾ ਪੂਰਾ ਹਿਰਦੇ ਹੈ। ਇਸ ਵਿਚ ਮੇਰਾ ਹੀ ਕਸੂਰ ਸੀ, ਤੇਰਾ ਨਹੀਂ, ਮੈਂ ਹੀ ਤੈਨੂੰ ਰੁਸਾ ਦਿੱਤਾ ਹੈ। ਮੈਂ ਹੀ ਅਜਿਹਾ ਗ਼ਲਤ ਟੁਰਦਾ ਰਿਹਾ ਜਨਮਾਂ, ਜਨਮਾਂ ਤੱਕ। ਮੈਂ ਹੀ ਇਹੋ ਜਿਹੇ ਉਪਾਇ ਕੀਤੇ ਤੈਨੂੰ ਕੋਲ ਨਾ ਆਉਣ ਦੇਣ ਦੇ। ਮੈਂ ਹੀ ਏਨੀਆਂ ਛੋਟੀ ਕੰਧਾਂ ਬਣਾਈਆਂ, ਮੈਂ ਹੀ ਇੰਨੀ ਤੇਰੇ ਵੱਲ ਪਿੱਠ ਕੀਤੀ ਰੱਖੀ। ਤੇਰੇ ਸਨਮੁੱਖ ਹੋਣ ਦੇ ਜਿੰਨੇ ਉਪਾਇ ਸਨ, ਮੈਂ ਗੁਆ ਦਿੱਤੇ, ਅਤੇ ਤੇਰੇ ਤੋਂ ਬੇਮੁਖ ਹੋਣ ਦੇ ਜਿੰਨੇ ਰਾਹ ਸਨ, ਸਭ ਦਾ ਮੈਂ ਅਨੁਕਰਣ (ਵਰਤੋਂ) ਕੀਤਾ। ਜਾਣਦਾ ਹਾਂ ਕਿ ਅੱਜ ਇਹ ਕਹਿਣਾ ਠੀਕ ਨਹੀਂ ਹੈ ਕਿ ਤੂੰ ਰੁੱਸ ਗਿਆ ਹੈਂ, ਤੈਨੂੰ ਤਾਂ ਮੈਂ ਹੀ ਰੁਸਾ ਦਿੱਤਾ ਹੈ। ਰੁੱਸਣਾ ਤੇਰਾ ਗੁਣ ਨਹੀਂ, ਤੇਰਾ ਧਰਮ ਨਹੀਂ। ਤੂੰ ਤਾਂ ਕਦੋ ਦਾ ਆ ਗਿਆ ਹੁੰਦਾ—ਲੇਕਿਨ ਮੇਰੇ ਹੀ ਅਨੰਤਕਾਲ ਦੇ ਵਿਉਹਾਰ (ਸਲੂਕ) ਨੇ ਪੜਦੇ ਪਾ ਦਿੱਤੇ ਹਨ, ਕੰਧਾਂ ਖੜੀਆਂ ਕਰ ਦਿੱਤੀਆਂ ਹਨ।

ਭਗਤ ਸਮਰਣ (ਯਾਦ) ਵੀ ਕਰਦਾ ਹੈ ਕਿ ਪਰਮਾਤਮਾ ਰੁੱਸਿਆ ਹੈ ਤਾਂ ਵੀ ਕਸੂਰਵਾਰ ਆਪਣੇ ਆਪ ਨੂੰ ਮੰਨਦਾ ਹੈ। ਭਗਤ ਸ਼ਿਕਾਇਤ ਵੀ ਕਰਦਾ ਹੈ ਤਾਂ ਵੀ ਸ਼ਿਕਾਇਤ ਦਾ ਤੀਰ ਸਦਾ ਆਪਣੇ ਵੱਲ ਹੁੰਦਾ ਹੈ

ਭਗਤ ਦੀ ਸ਼ਿਕਾਇਤ ਅਜਿਹੀ ਹੈ, ਜਿਵੇਂ ਮੈਂ ਸੁਣਿਆ—ਰੋਜ਼ਾ ਲੈਕਜ਼ੇਮਬਰ ਜਰਮਨੀ ਦੀ ਇਕ ਬਹੁਤ ਮਹੱਤਵਪੂਰਣ ਵਿਚਾਰਕ ਇਸਤ੍ਰੀ ਹੋਈ। ਕਿਸੇ ਨੇ ਉਸ ਦੇ ਖ਼ਿਲਾਫ਼ ਅਨਾਪ-ਸ਼ਨਾਪ ਗੱਲਾਂ ਅਖ਼ਬਾਰ ਵਿਚ ਲਿਖੀਆਂ। ਉਹ ਚੁੱਪ ਹੀ ਰਹੀ, ਕੋਈ ਜਵਾਬ ਨਾ ਦਿੱਤਾ। ਮਿੱਤਰ ਵੀ ਸੰਦਿਗਧ (ਸ਼ੱਕੀ) ਹੋ ਗਏ। ਮਿੱਤਰਾਂ ਨੇ ਕਿਹਾ, ਜਵਾਬ ਕਿਉਂ ਨਹੀਂ ਦਿੰਦੀ?

ਕਿਉਂਕਿ ਅਜਿਹੀਆਂ ਗੱਲਾਂ ਦੇ ਜਵਾਬ ਨਹੀਂ ਦੇਵੇਂਗੀ ਤਾਂ ਲੋਕ ਸਮਝਣਗੇ ਕਿ ਸਹੀ ਹੋਏਗਾ ਤਦੇ ਜਵਾਬ ਨਹੀਂ ਦਿੱਤੇ।

ਰੋਜ਼ਾ ਲੈਕਜ਼ੇਮਬਰ ਨੇ ਕਿਹਾ ਕਿ ਮੈਂ ਛੋਟੀ ਸੀ ਤਾਂ ਮੇਰੇ ਪਿਤਾ ਨੇ ਇਕ ਸਿੱਖਿਆ ਦਿੱਤੀ ਸੀ ਜੋ ਮੈਨੂੰ ਭੁੱਲਦੀ ਨਹੀਂ ਅਤੇ ਉਹ ਇਹ ਸੀ ਕਿ ਜਦ ਵੀ ਤੁਸੀਂ ਕਿਸੇ ਦੇ ਵੱਲ ਨਿੰਦਾ ਦੀ ਉਂਗਲੀ ਚੁੱਕਦੇ ਹੋ ਤਾਂ ਇਕ ਉਂਗਲੀ ਤਾਂ ਦੂਜੇ ਦੇ ਵੱਲ ਹੁੰਦੀ ਹੈ ਪਰ ਤਿੰਨ ਉਂਗਲੀਆਂ ਆਪਣੇ ਵੱਲ ਹੁੰਦੀਆਂ ਹਨ।

ਜਦ ਵੀ ਤੁਸੀਂ ਕਿਸੇ ਦਾ ਅਵਗੁਣ ਲੱਭਦੇ ਹੋ ਤਾਂ ਇਕ ਉਂਗਲੀ ਉਸ ਦੇ ਵੱਲ ਹੁੰਦੀ ਹੈ। ਲੇਕਿਨ ਤਿੰਨ ਉਂਗਲੀਆਂ ਤੁਹਾਡੇ ਅਵਗੁਣਾਂ ਦੇ ਵੱਲ ਹੁੰਦੀਆਂ ਹਨ।

ਭਗਤ ਜੇਕਰ ਸ਼ਿਕਾਇਤ ਵੀ ਕਰਦਾ ਹੈ ਤਾਂ ਇਕ ਉਂਗਲੀ ਪਰਮਾਤਮਾ ਦੇ ਵੱਲ ਚੁੱਕਦਾ ਹੋਵੇ ਭਲਾ, ਲੇਕਿਨ ਹੋਸ਼ ਪੂਰਣ ਤਿੰਨ ਉਂਗਲੀਆਂ ਆਪਣੇ ਵੱਲ ਚੁੱਕਦਾ ਹੈ। ਉਹ ਜਾਣਦਾ ਹੈ ਕਿ ਕਸੂਰ ਉਸ ਪਾਸੇ ਨਹੀਂ ਹੋ ਸਕਦਾ।

'ਪਿਆਰੇ ਤੂੰ ਆਪਣੇ ਮਨ 'ਚ ਮੇਰੇ ਨਾਲ ਰੁੱਸ ਗਿਆ ਹੈਂ, ਸੋ ਇਸ ਵਿਚ ਮੇਰਾ ਹੀ ਕਸੂਰ ਸੀ, ਤੇਰਾ ਨਹੀਂ।'

'ਮੇਰੇ ਸੁਆਮੀ, ਮੈਂ ਤੇਰੇ ਗੁਣਾਂ ਨੂੰ ਪਛਾਣਿਆ ਨਹੀਂ। ਮੈਂ ਆਪਣੀ ਜੁਆਨੀ ਗੁਆ ਦਿੱਤੀ ਅਤੇ ਪਿੱਛੋਂ ਬਹੁਤ ਪਛਤਾਈ।'

ਮੁਝ ਅਵਗਨ ਸਹ ਨਾਹੀ ਦੋਸੁ॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ॥
ਜੋਬਨੁ ਖੋਇ ਪਾਛੈ ਪਛੁਤਾਨੀ॥੧॥ ਰਹਾਉ॥

ਜਿਨ੍ਹਾਂ ਨੇ ਵੀ ਜੁਆਨੀ ਗੁਆ ਦਿੱਤੀ ਹੈ, ਉਹ ਸਾਰੇ ਪਛਤਾਉਂਦੇ ਹਨ। ਕਿਉਂਕਿ ਜਵਾਨੀ ਦਾ ਅਰਥ ਹੈ, ਸ਼ਕਤੀ ਦਾ ਛਣ। ਜਵਾਨੀ ਦਾ ਅਰਥ ਹੈ, ਊਰਜਾ ਦਾ ਛਣ (ਪਲ)। ਜਦ ਊਰਜਾ (ਸ਼ਕਤੀ) ਸੀ ਤਦ ਤੁਸੀਂ ਵਿਅਰਥ ਨੂੰ ਕਮਾਉਣ ਵਿਚ ਲਾ ਦਿੱਤੀ ਅਤੇ ਜਦ ਸਾਰਾ ਜਵਾਰ (ਜੋਸ਼) ਉਤਰ ਗਿਆ ਸ਼ਕਤੀ ਦਾ, ਹੱਥ ਵਿਚ ਕੁਝ ਵੀ ਨਾ ਰਿਹਾ ਤਦ ਤੁਸੀਂ ਪੂਜਾ ਪ੍ਰਾਰਥਨਾ ਕਰਨ ਲੱਗੇ! ਜਦ ਤਕ ਸ਼ਕਤੀ ਸੀ ਤਦ ਤਕ ਸੰਸਾਰ ਵਿਚ ਭੱਜਦੇ ਰਹੇ, ਜਦ ਭੱਜਦੇ ਨਾ ਬਣਿਆ ਤਾਂ ਤੁਸੀਂ ਪਰਮਾਤਮਾ ਦੇ ਵੱਲ ਟੁਰਨ ਲੱਗੇ! ਅਸ਼ਕਤੀ ਨੂੰ ਤੁਸੀਂ ਪਰਮਾਤਮਾ ਦੇ ਵੱਲ ਲਾਉਂਦੇ ਹੋ। ਸ਼ਕਤੀ ਨੂੰ ਪਰਮਾਤਮਾ 'ਚ ਨਹੀਂ ਲਾਉਂਦੇ, ਸੰਸਾਰ 'ਚ ਲਗਾਉਂਦੇ ਹੋ। ਊਰਜਾ ਹੁੰਦੀ ਹੈ ਤਾਂ ਤੁਸੀਂ ਧਨ ਪਾਉਣਾ ਚਾਹੁੰਦੇ ਹੋ, ਪਦ ਪਾਉਣਾ ਚਾਹੁੰਦੇ ਹੋ, ਜਦ ਉਰਜਾ ਨਹੀਂ ਰਹਿ ਜਾਂਦੀ ਤਦ ਥੱਕੇ-ਹਾਰੇ ਤੁਸੀਂ ਕਹਿੰਦੇ ਹੋ, ਅੱਛਾ ਪਰਮਾਤਮਾ, ਹੁਣ ਤੂੰ ਹੀ ਸਹੀ।

ਮੇਰੇ ਸਵਾਮੀ, ਮੈਂ ਤੇਰੇ ਗੁਣਾਂ ਨੂੰ ਪਛਾਣਿਆ ਨਹੀਂ, ਮੈਂ ਜੁਆਨੀ ਗੁਆ ਦਿੱਤੀ, ਪਿੱਛੋਂ ਬਹੁਤ ਪਛਤਾਈ।

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥

'ਨੀ ਕਾਲੀ ਕੋਇਲ ਤੂੰ ਕਿਹੜੇ ਕਾਰਨ ਕਾਲੀ ਹੋਈ? ਆਪਣੇ ਪ੍ਰੀਤਮ ਦੇ ਵਿਜੋਗ ਵਿਚ ਜਲ-ਭੁੱਜ ਕੇ?'

ਅਤੇ ਹੁਣ ਮੈਂ ਕਾਲੀ ਹੁੰਦੀ ਜਾ ਰਹੀ ਹਾਂ ਕੋਇਲ ਦੇ ਵਾਂਗ। ਹੁਣ ਤੇਰੇ ਲਈ ਜਲਦੀ, ਭੁੱਜਦੀ ਹਾਂ, ਲੇਕਿਨ ਤਾਕਤ ਨਹੀਂ ਹੈ, ਹੱਥ ਮਰੋੜਦੀ ਹਾਂ ਹੁਣ

ਕੋਈ ਸ਼ਕਤੀ ਕੋਲ ਨਹੀਂ ਹੈ। ਸ਼ਕਤੀ ਤਾਂ ਵਿਅਰਥ ਗੁਆ ਦਿੱਤੀ। ਤੇਰੇ ਗੁਣਾਂ ਨੂੰ ਨਾ ਪਛਾਣਿਆ। ਤਦ ਧਨ ਵਿਚ ਤੈਨੂੰ ਵੇਖਿਆ, ਤਦ ਪਦ ਵਿਚ ਤੈਨੂੰ ਵੇਖਿਆ। ਤਦ ਕੌਡੀਆਂ ਵਿਚ ਤੈਨੂੰ ਲੱਭਿਆ ਅਤੇ ਹੀਰੇ ਕੋਲ ਪਏ ਸਨ ਅਤੇ ਮੈਨੂੰ ਕੋਈ ਪਰਖ ਨਹੀਂ ਸੀ, ਮੇਰੇ ਕੋਲ ਕੋਈ ਜੌਹਰੀ ਦਾ ਮਨ ਨਹੀਂ ਸੀ, ਕੋਈ ਕਸੌਟੀ ਨਹੀਂ ਸੀ।

'ਨੀ ਕਾਲੀ ਕੋਇਲੇ ਤੂੰ ਕਿਹੜੇ ਕਾਰਨ ਕਾਲੀ ਹੋਈ ?—ਆਪਣੇ ਪ੍ਰੀਤਮ ਦੇ ਵਿਰਹੇ ਵਿਚ ਜਲ-ਭੁੱਜ ਕੇ ?'

ਕੀ ਜੋ ਦਸ਼ਾ ਮੇਰੀ ਹੈ ਉਹ ਹੀ ਤੇਰੀ ਹੈ ? ਕੀ ਤੂੰ ਪਿਆਰੇ ਨੂੰ ਗਾ-ਗਾ ਕੇ ਪੁਕਾਰ-ਪੁਕਾਰ ਕੇ ਕਾਲੀ ਹੋ ਗਈ ? ਕਿਉਂਕਿ ਮੈਂ ਤਾਂ ਜਲੀ ਜਾ ਰਹੀ ਹਾਂ ਆਖ਼ਰੀ ਘੜੀਆਂ ਆ ਗਈਆਂ ਜੀਵਨ ਦੀਆਂ। ਹੁਣ ਤਾਂ ਸਿਵਾਏ ਸੜਨ-ਭੁੱਜਣ ਦੇ ਕੋਈ ਉਪਾਇ ਨਹੀਂ ਰਿਹਾ। ਹੁਣ ਤਾਂ ਇਹ ਹੀ ਪ੍ਰਾਰਥਨਾ ਹੈ, ਇਹ ਹੀ ਪੂਜਾ ਹੈ, ਇਹ ਹੀ ਤਪੱਸਿਆ ਹੈ ਰੋਵਾਂ, ਵਿਰਹੇ ਵਿਚ ਤੜਫਾਂ ਅਤੇ ਦੀਵਾਨੀ ਹੋਰ ਦੀਵਾਨੀ ਹੋ ਜਾਵਾਂ।

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥

ਕੀ ਜੋ ਦਸ਼ਾ ਮੇਰੀ ਹੈ ਉਹ ਹੀ ਤੇਰੀ ਵੀ ਹੈ ?

ਆਪਣੇ ਪ੍ਰੀਤਮ ਤੋਂ ਵੱਖਰਿਆਂ ਹੋ ਕੇ ਕੀ ਕਿਸੇ ਨੂੰ ਕਦੇ ਸੁੱਖ ਮਿਲਿਆਂ ? ਉਸ ਪ੍ਰਭੂ ਨਾਲ ਮਿਲਣਾ ਉਸੇ ਦੀ ਕਿਰਪਾ ਨਾਲ ਹੁੰਦਾ ਹੈ।

ਪਿਰਹਿ ਵਿਹੂਨ ਕਤਹਿ ਸੁਖੁ ਪਾਏ॥
ਜਾ ਹੋਇ ਕਿਰਪਾਲੁ ਤਾ ਪ੍ਰਭੂ ਮਿਲਾਏ॥੨॥

ਆਪਣੇ ਪ੍ਰੀਤਮ ਤੋਂ ਵਿੱਛੜ ਕੇ ਕੀ ਕਦੇ ਕਿਸੇ ਨੂੰ ਸੁੱਖ ਮਿਲਿਆ ?

ਆਪਣੇ ਪ੍ਰੀਤਮ ਤੋਂ ਵਿਛੜਣ ਦਾ ਅਰਥ ਹੈ ਆਪਣੇ ਆਪ ਨਾਲ ਹੀ ਵਿਛੋੜਾ ਹੋ ਜਾਣਾ। ਪ੍ਰੀਤਮ ਨਾਲ ਮਿਲਣ ਦਾ ਅਰਥ ਹੈ ਆਪਣੇ ਨਾਲ ਹੀ ਮਿਲ ਜਾਣਾ। ਪ੍ਰੀਤਮ ਤਾਂ ਬਹਾਨਾ ਹੈ, ਉਸ ਦੇ ਬਹਾਨੇ ਅਸੀਂ ਆਪਣੇ ਨਾਲ ਮਿਲ ਜਾਂਦੇ ਹਾਂ। ਸਾਧਾਰਣ ਜੀਵਨ ਵਿਚ ਵੀ ਜਦ ਤੁਹਾਨੂੰ ਕਦੇ ਕਿਸੇ ਦੇ ਪ੍ਰੇਮ ਦਾ ਅਨੁਭਵ ਹੁੰਦਾ ਹੈ ਤਾਂ ਉਸ ਪ੍ਰੇਮ ਵਿਚ ਤੁਸੀਂ ਆਪਣੇ ਨਾਲ ਹੀ ਮਿਲਦੇ ਹੋ, ਉਸ ਪ੍ਰੇਮ ਵਿਚ ਤੁਸੀਂ ਆਪਣੇ ਨਾਲ ਹੀ ਜੁੜ ਜਾਂਦੇ ਹੋ। ਪ੍ਰੇਮੀ ਦੇ ਮਾਧਿਅਮ ਨਾਲ ਤੁਸੀਂ ਆਪਣੇ ਨੂੰ ਹੀ ਪਛਾਣ ਪਾਉਂਦੇ ਹੋ। ਸਾਧਾਰਣ ਜੀਵਨ ਵਿਚ ਵੀ ਇਹ ਹੀ ਹੁੰਦਾ ਹੈ ਤਾਂ ਉਸ ਅਸਾਧਾਰਣ ਪ੍ਰੇਮ ਦੀ ਤਾਂ ਗੱਲ ਹੀ ਕੀ ਕਹਿਣੀ!

ਜਦ ਵਿਅਕਤੀ ਪਰਮ ਨਾਲ ਮਿਲਦਾ ਹੈ ਤਦ ਉਸ ਦਾ ਸਾਰੇ ਦਾ ਸਾਰਾ ਰੂਪ ਆਪਣੇ ਸਾਹਮਣੇ ਪ੍ਰਗਟ ਹੋ ਜਾਂਦਾ ਹੈ।

ਪਰਮਾਤਮਾ ਤਾਂ ਬਹਾਨਾ ਹੈ, ਉਸ ਦੇ ਨਾਮ ਨਾਲ, ਉਸ ਦੀ ਯਾਦ ਨਾਲ ਆਪਣੇ ਨੂੰ ਹੀ ਲੱਭਣਾ ਹੈ, ਆਪਣੇ ਨਾਲ ਹੀ ਮਿਲਣਾ ਹੈ।

ਆਪਣੇ ਪ੍ਰੀਤਮ ਨਾਲੋਂ ਵਿੱਛੜ ਕੇ ਕੀ ਕਦੇ ਕਿਸੇ ਨੂੰ ਸੁੱਖ ਮਿਲਿਆ ਹੈ ?

ਆਨੰਦ ਦਾ ਇਕ ਹੀ ਅਰਥ ਹੈ—ਆਪਣੇ ਨਾਲ ਮਿਲ ਜਾਣਾ। ਆਪਣੇ ਨਾਲ ਮਿਲਣ ਦੇ ਮੈਂ ਤੁਹਾਨੂੰ ਦੋ ਢੰਗ ਆਖੇ। ਇਕ ਧਿਆਨ, ਉਸ ਵਿਚ ਪਰਮਾਤਮਾ ਦੀ ਕੋਈ ਜ਼ਰੂਰਤ ਨਹੀਂ, ਤੁਸੀਂ ਸਿੱਧੇ-ਸਿੱਧੇ ਆਪਣੇ ਨਾਲ ਮਿਲਦੇ ਹੋ। ਇਕ ਪ੍ਰੇਮ, ਉਸ ਵਿਚ ਪਰਮਾਤਮਾ ਦੀ ਜ਼ਰੂਰਤ ਹੈ, ਤੁਸੀਂ ਪਰਮਾਤਮਾ ਦੇ ਬਹਾਨੇ, ਪਰਮਾਤਮਾ ਦੇ ਮਾਧਿਅਮ ਨਾਲ ਆਪਣੇ ਨਾਲ ਮਿਲਦੇ ਹੋ। ਘਟਨਾ ਤਾਂ ਇਕ ਘਟਦੀ ਹੈ—ਆਪਣੇ ਨਾਲ ਮਿਲਣ ਦੀ।

ਧਿਆਨ ਦਾ ਰਾਹ ਸੁੱਕਾ-ਸੁੱਕਾ ਹੈ, ਕਿਉਂਕਿ ਸਿੱਧੇ-ਸਿੱਧੇ ਮਿਲਣਾ ਹੈ, ਕੋਈ ਯਾਤ੍ਰਾ ਨਹੀਂ ਹੈ ਉਸ ਵਿਚ। ਧਿਆਨ ਦੇ ਰਾਹ ਉੱਤੇ ਕੋਈ ਤੀਰਥ ਯਾਤ੍ਰਾ ਨਹੀਂ ਹੈ, ਸਿੱਧਾ ਆਪਣੇ ਨਾਲ ਮਿਲ ਜਾਣਾ ਹੈ, ਕਿਤੇ ਜਾਣਾ, ਆਉਣਾ ਨਹੀਂ ਹੈ, ਬੱਸ ਅੱਖਾਂ ਬੰਦ ਕਰਨੀਆਂ ਹਨ ਅਤੇ ਆਪਣੇ ਵਿਚ ਡੁੱਬ ਜਾਣਾ ਹੈ। ਲੇਕਿਨ ਪ੍ਰੇਮ ਦੇ ਰਾਹ ਉੱਤੇ ਬਹੁਤ ਤੀਰਥ ਹਨ—ਕਾਸ਼ੀ ਹੈ, ਕਾਬਾ ਹੈ। ਪ੍ਰੇਮ ਦੇ ਰਾਹ 'ਤੇ ਬਹੁਤ ਤੀਰਥ ਹਨ। ਬਹੁਤ ਲੰਮੀ ਯਾਤ੍ਰਾ ਹੈ, ਮਧੁਰ ਹੈ, ਪ੍ਰੀਤੀਕਰ ਹੈ! ਬਲ (ਸ਼ਕਤੀ) ਹੋਵੇ ਤਾਂ ਕਰਨੇ ਵਰਗੀ ਹੈ। ਊਰਜਾ ਹੋਵੇ ਤਾਂ ਜਾਣ ਵਰਗਾ ਹੈ। ਖੰਭ ਹੋਣ ਤਾਂ ਉੱਡਣ ਵਰਗਾ ਹੈ।

'ਉਸ ਪ੍ਰਭੂ ਨਾਲ ਮਿਲਣਾ, ਪਰ ਉਸੇ ਦੀ ਕਿਰਪਾ ਨਾਲ ਹੁੰਦਾ ਹੈ।'

ਇਹ ਗੱਲ ਸਦਾ ਯਾਦ ਰੱਖਣਾ—ਧਿਆਨ ਤਾਂ ਆਪਣੀ ਮਿਹਨਤ ਨਾਲ ਹੋ ਸਕਦਾ ਹੈ, ਪ੍ਰੇਮ ਉਸ ਦੀ ਕਿਰਪਾ ਨਾਲ ਹੁੰਦਾ ਹੈ, ਕਿਉਂਕਿ ਪ੍ਰੇਮ ਕੋਈ ਕ੍ਰਤੱਵਯ (ਕੰਮ) ਨਹੀਂ ਹੈ। ਪ੍ਰੇਮ ਤਾਂ ਉਸ ਦੇ ਆਸ਼ੀਰਵਾਦ ਦੀ ਬਾਰਸ਼ ਹੈ ਉਹ ਦੇਵੇ ਤਾਂ ਹੁੰਦਾ ਹੈ, ਨਾ ਦੇਵੇ ਤਾਂ ਨਹੀਂ ਹੁੰਦਾ ਹੈ। ਤਾਂ ਤੁਸੀਂ ਕੀ ਕਰੋਗੇ ?

ਵਿਰਹਾ-ਜਵੱਰ ਨਾਲ ਮੇਰਾ ਅੰਗ-ਅੰਗ ਜਲ ਰਿਹਾ ਹੈ ਅਤੇ ਮੈਂ ਆਪਣੇ ਹੱਥਾਂ ਨੂੰ ਮਰੋੜਦੀ ਹਾਂ, ਪ੍ਰੀਤਮ ਨਾਲ ਮਿਲਣ ਦੀ ਲਾਲਸਾ ਨੇ ਮੈਨੂੰ ਬਾਵਲੀ (ਸ਼ੁਦੈਣ) ਬਣਾ ਦਿੱਤਾ ਹੈ।

ਤੁਸੀਂ ਹੱਥ ਮਰੋੜੋ। ਤੁਸੀਂ ਜਲੋ। ਤੁਸੀਂ ਸ਼ੈਦਾਈ ਹੋ ਜਾਓ। ਬੱਸ ਇੰਨਾ ਹੀ ਕਰ ਸਕਦੇ ਹੋ, ਹੋਰ ਕੀ ਕਰੋਗੇ ? ਤੁਸੀਂ ਰੋਵੋ। ਤੁਹਾਡੀਆਂ ਅੱਖਾਂ ਅੱਥਰੂਆਂ ਦੇ ਝਰਨੇ ਬਣ ਜਾਣ ਅਤੇ ਤੁਹਾਡੇ ਹਿਰਦੇ ਵਿਚ ਸਿਰਫ਼ ਉਸ ਦੇ ਵਿਛੋੜੇ ਦਾ ਹੀ

ਕੰਡਾ ਚੁੱਭਣ ਲੱਗੇ। ਲਗਾਤਾਰ ਉਸੇ ਦੀ ਯਾਦ ਤੁਹਾਨੂੰ ਸਤਾਏ। ਤੁਹਾਡਾ ਰੋਮ-ਰੋਮ ਉਸ ਨੂੰ ਪੁਕਾਰੇ। ਹੋਰ ਤੁਸੀਂ ਕੀ ਕਰੋਗੇ ? ਕਰਨ ਨੂੰ ਕੁਝ ਹੋਰ ਹੈ ਵੀ ਨਹੀਂ।

ਪ੍ਰੇਮ ਪ੍ਰਸ਼ਾਦ ਹੈ। ਜਿਸ ਘੜੀ ਤੁਸੀਂ ਤਿਆਰ ਹੋ ਜਾਉਗੇ, ਜਿਸ ਪਲ ਤੁਹਾਡੇ ਅੰਦਰ ਹੰਕਾਰ ਪੂਰਾ ਹੀ ਵਿਜੋਗ ਵਿਚ ਡੁੱਬ ਜਾਏਗਾ, ਜਿਸ ਦਿਨ ਤੁਹਾਡੇ ਅੰਦਰ ਤੁਹਾਡਾ ਆਪਾ ਉਸ ਦੇ ਰੁਦਨ ਨਾਲ ਬਿਲਕੁਲ ਘੁੱਲ ਜਾਏਗਾ, ਤੁਹਾਡੇ ਅੱਥਰੂ ਤੁਹਾਡੇ ਆਪੇ ਨੂੰ ਰੋੜ੍ਹ ਕੇ ਲੈ ਜਾਣਗੇ, ਤੁਸੀਂ ਤੁਸੀਂ ਨਹੀਂ ਰਹੋਗੇ, ਉਸ ਦੀ ਯਾਦ ਮਾਤਰ ਹੀ ਰਹਿ ਜਾਏਗੀ, ਉਸ ਦੀ ਸੁਰਤੀ, ਉਸ ਦਾ ਸਮਰਣ ਹੀ ਬੱਸ ਤੁਹਾਡਾ ਹੋਣਾ ਹੋ ਜਾਏਗਾ—ਉਸੇ ਘੜੀ ਮੀਂਹ ਪੈ ਜਾਏਗਾ।

ਪ੍ਰਭੂ ਦਾ ਮਿਲਨ, ਪ੍ਰੇਮ ਦਾ ਮਿਲਨ ਤਾਂ ਉਸੇ ਦੀ ਕਿਰਪਾ ਨਾਲ ਹੁੰਦਾ ਹੈ।

'ਖੂਹ ਇਹ ਬਹੁਤ ਦੁਖਦਾਈ ਹੈ, ਅਤੇ ਉਹ ਵਿਚਾਰੀ ਉਸ ਵਿਚ ਇਕੱਠੀ ਜਾ ਪਈ ਹੈ। ਨਾ ਉਸ ਦੀ ਉਥੇ ਕੋਈ ਸਹੇਲੀ ਹੈ ਤੇ ਨਾ ਕੋਈ ਬੇਲੀ।'

ਇਹ ਪਰਮਾਤਮਾ ਕੋਲ ਨਿਵੇਦਨ (ਬੇਨਤੀ) ਚੱਲ ਰਿਹਾ ਹੈ। ਇਹ ਗੱਲ-ਬਾਤ ਆਪਣੇ ਪ੍ਰੀਤਮ ਨਾਲ ਹੋ ਰਹੀ ਹੈ, ਜਿਸ ਦਾ ਕੋਈ ਪਤਾ ਠਿਕਾਣਾ ਨਹੀਂ ਹੈ, ਇਹ ਗੱਲ-ਬਾਤ ਆਪਣੇ ਪਿਆਰੇ ਨਾਲ ਹੋ ਰਹੀ ਹੈ ਜੋ ਕਦੇ ਮਿਲੇਗਾ, ਪਰ ਜਿਸ ਦਾ ਪੱਕਾ ਨਹੀਂ ਹੈ। ਇਹ ਬਹੁਤ ਨਾਜ਼ੁਕ ਗੱਲ ਹੈ।

ਮੈਂ ਇਕ ਕਹਾਣੀ ਪੜ੍ਹੀ ਹੈ। ਇਕ ਨਿੱਕੇ ਜਿਹੇ ਪਿੰਡ ਵਿਚ ਜਰਮਨੀ ਦੇ—ਇਕ ਚਰਚ ਸੀ ਪਿੰਡ ਦਾ, ਲੇਕਿਨ ਪਿੰਡ ਬਹੁਤ ਗ਼ਰੀਬ ਸੀ। ਵਰ੍ਹਿਆਂ ਤੋਂ ਚਰਚ ਉੱਤੇ ਪੁਤਾਈ ਵੀ ਨਹੀਂ ਹੋਈ ਸੀ, ਅਤੇ ਚਰਚ ਦਾ ਘੰਟਾ ਵੀ ਸਦੀਆਂ ਪਹਿਲਾਂ ਟੁੱਟ ਗਿਆ ਸੀ, ਉਹ ਦੋਬਾਰਾ ਨਹੀਂ ਲਿਆਇਆ ਜਾ ਸਕਿਆ ਸੀ। ਪਿੰਡ ਦੇ ਪੰਚ ਮਿਲੇ। ਉਨ੍ਹਾਂ ਨੇ ਕਿਹਾ—ਕੁਝ ਕਰਨਾ ਜ਼ਰੂਰੀ ਹੈ। ਇਹ ਪਰਮਾਤਮਾ ਦਾ ਘਰ ਅਜਿਹਾ ਅਧੂਰਾ-ਅਧੂਰਾ ਖੰਡਰ ਪਿਆ ਰਹੇ, ਇਹ ਸੋਭਾ ਨਹੀਂ ਦਿੰਦਾ। ਇਸ ਦੀ ਲਿਪਾਈ, ਪੁਤਾਈ ਕਰਨੀ ਹੈ, ਵਿਵਸਥਾ ਜਮਾਣੀ ਹੈ ਅਤੇ ਨਵਾਂ ਘੰਟਾ ਖ਼ਰੀਦਣਾ ਹੈ। ਬਿਨਾਂ ਘੰਟੇ ਦੇ ਪਿੰਡ, ਜਿਸ ਦੇ ਚਰਚ ਵਿਚ ਘੰਟੀ ਨਾ ਵੱਜਦੀ ਹੋਵੇ, ਮੁਰਦਾ ਮਾਲੂਮ ਹੁੰਦਾ ਹੈ। ਜੇਕਰ ਤੁਸੀਂ ਚਰਚ ਦੀਆਂ ਘੰਟੀਆਂ ਸੁਣੀਆਂ ਹਨ ਸ਼ਾਮ-ਸਵੇਰੇ ਤਾਂ ਤੁਸੀਂ ਸਮਝੋਗੇ ਕਿ ਚਰਚ ਦੀਆਂ ਘੰਟੀਆਂ ਦਾ ਨਾਦ ਪਿੰਡ ਨੂੰ ਇਕ ਜੀਵਨ ਦਿੰਦਾ ਹੈ। ਮੰਦਿਰ ਦੀਆਂ ਘੰਟੀਆਂ ਦਾ ਨਾਦ ਪਿੰਡ ਨੂੰ ਇਕ ਸੁਆਸ ਦਿੰਦਾ ਹੈ ਦੂਜੇ ਲੋਕ ਦੀ।

ਪੈਸੇ ਇਕੱਠੇ ਕੀਤੇ ਗਏ। ਪਿੰਡ ਬਹੁਤ ਗ਼ਰੀਬ ਸੀ। ਬੜੀ ਮੁਸ਼ਕਿਲ ਨਾਲ ਹੀ ਪੈਸੇ ਇਕੱਠੇ ਹੋਏ। ਵੱਡਾ ਘੰਟਾ ਖ਼ਰੀਦਦਾ ਸੀ ਅਤੇ ਪਿੰਡ ਦਾ ਜੋ ਮੁਖੀਆ ਸੀ, ਉਹ ਘੰਟਾ ਖ਼ਰੀਦਣ ਭੇਜਿਆ। ਉਹ ਗਿਆ, ਜਿਸ ਪਿੰਡ ਵਿਚ ਘੰਟੇ ਬਣਦੇ

ਸੀ ਤੇ ਵਿਕਦੇ ਸੀ। ਇਕ-ਇਕ ਦੁਕਾਨ 'ਤੇ ਗਿਆ। ਇਕ-ਇਕ ਘੰਟੇ ਨੂੰ ਉਸ ਨੇ ਵਜਾ ਕੇ ਗੌਰ ਨਾਲ ਸੁਣਿਆ, ਲੇਕਿਨ ਕਿਹਾ ਕਿ ਨਹੀਂ ਇਹ ਆਵਾਜ਼ ਨਹੀਂ ਹੈ। ਸੈਂਕੜੇ ਘੰਟੇ ਵੇਖ ਸੁੱਟੇ। ਦੁਕਾਨਦਾਰ ਵੀ ਪੁੱਛਣ ਲੱਗੇ ਕਿ ਤੂੰ ਕਿਹੜੀ ਆਵਾਜ਼ ਚਾਹੁੰਦਾ ਹੈਂ, ਇਹ ਪਹਿਲਾਂ ਦੱਸ। ਤੂੰ ਨਾਹਕ ਸਾਡਾ ਵਕਤ ਖ਼ਰਾਬ ਕਰ ਰਿਹਾ ਹੈਂ। ਜਿਹੜਾ ਘੰਟਾ ਵੀ ਤੂੰ ਸੁਣਦਾ ਹੈਂ, ਕਹਿੰਦਾ ਹੈਂ ਅੱਖਾਂ ਬੰਦ ਕਰ ਕੇ ਕਿ ਨਹੀਂ, ਇਹ ਆਵਾਜ਼ ਨਹੀਂ। ਤੂੰ ਕਿਹੜੀ ਆਵਾਜ਼ ਚਾਹੁੰਦਾ ਹੈਂ ?

ਉਸ ਨੇ ਕਿਹਾ—ਇਹ ਤਾਂ ਦੱਸਣਾ ਮੁਸ਼ਕਿਲ ਹੈ, ਕਿਉਂਕਿ ਉਸ ਨੂੰ ਮੈਂ ਹੁਣ ਤਕ ਸੁਣਿਆ ਨਹੀਂ ਹੈ, ਲੇਕਿਨ ਮੈਂ ਜਾਣਦਾ ਹਾਂ ਕਿ ਪਛਾਣ ਲਵਾਂਗਾ। ਇਹ ਜ਼ਰਾ ਸਮਝਣ ਦੀ ਗੱਲ ਹੈ। ਉਸ ਨੇ ਕਿਹਾ ਕਿ ਮੈਂ ਸੁਣਿਆ ਨਹੀਂ ਹੈ, ਕਿਉਂਕਿ ਜਦ ਤੋਂ ਮੈਂ ਪੈਦਾ ਹੋਇਆ, ਪਿੰਡ ਦੇ ਚਰਚ ਵਿਚ ਘੰਟਾ ਨਹੀਂ ਹੈ। ਲੇਕਿਨ ਮੈਂ ਤੁਹਾਨੂੰ ਆਖਦਾ ਹਾਂ ਕਿ ਮੈਂ ਜਾਣਦਾ ਹਾਂ। ਹਾਲਾਂਕਿ ਮੈਂ ਸੁਣਿਆ ਨਹੀਂ ਹੈ ਕਿ ਮੈਂ ਕਿਹੜੀ ਆਵਾਜ਼ ਲੱਭ ਰਿਹਾ ਹਾਂ। ਪਰ ਅੰਦਰ ਅੰਤਰ ਹਿਰਦੇ ਵਿਚ ਮੈਨੂੰ ਪਤਾ ਹੈ ਕਿ ਜਦ ਉਹ ਆਵਾਜ਼ ਹੋਏਗੀ, ਝੱਟਪਟ ਪਛਾਣ ਲਵਾਂਗਾ ਕਿ ਇਹ ਆਵਾਜ਼ ਹੈ।

ਪਰਮਾਤਮਾ ਦੀ ਭਾਲ ਅਜਿਹੀ ਹੀ ਹੈ। ਤੁਸੀਂ ਉਸ ਨੂੰ ਕਦੇ ਮਿਲੇ ਨਹੀਂ ਲੇਕਿਨ ਤੁਸੀਂ ਭਲੀ-ਭਾਂਤ ਜਾਣਦੇ ਹੋ ਕਿ ਜਦ ਉਹ ਮਿਲੇਗਾ, ਤੁਸੀਂ ਝੱਟਪਟ ਪਛਾਣ ਲਵੋਗੇ। ਇਕ ਪਲ ਦੀ ਦੇਰੀ ਨਹੀਂ ਹੋਏਗੀ, ਸੰਦੇਹ (ਸ਼ੱਕ) ਵੀ ਨਹੀਂ ਉੱਠੇਗਾ, ਸਵਾਲ ਵੀ ਨਹੀਂ ਉੱਠੇਗਾ। ਉਸ ਦੇ ਪੈਰਾਂ ਦਾ ਖੜਾਕ ਪਏਗਾ ਨਹੀਂ ਤੁਹਾਡੇ ਦਰਵਾਜ਼ੇ ਉੱਤੇ ਕਿ ਤੁਸੀਂ ਪਛਾਣ ਲਉਗੇ, ਹਾਲਾਂਕਿ ਤੁਸੀਂ ਕਦੇ ਉਸ ਦੇ ਪੈਰਾਂ ਦੀ ਆਵਾਜ਼ ਸੁਣੀ ਨਹੀਂ।

ਅਤੇ ਆਖ਼ਰਕਾਰ ਉਸ ਨੇ ਇਕ ਘੰਟਾ ਚੁਣ ਲਿਆ। ਬੱਸ, ਉਸ ਘੰਟੇ ਦੀ ਆਵਾਜ਼ ਆਈ, ਉਸ ਨੇ ਕਿਹਾ ਕਿ ਬੱਸ, ਜ਼ਿਆਦਾ ਵਜਾਉਣ ਦੀ ਕੋਈ ਲੋੜ ਨਹੀਂ, ਜ਼ਰਾ ਕੁ ਜਿੰਨਾ ਸੁਆਦ ਕਾਫ਼ੀ ਹੈ। ਪਛਾਣ ਵਿਚ ਆ ਗਿਆ, ਇਹ ਹੀ ਘੰਟਾ ਹੈ। ਇਸ ਦੀ ਹੀ ਅਸੀਂ ਤਲਾਸ਼ ਵਿਚ ਹਾਂ।

ਤੁਹਾਨੂੰ ਵੀ ਕਈ ਵਾਰੀ ਜੀਵਨ ਵਿਚ ਅਜਿਹਾ ਅਨੁਭਵ ਹੋਇਆ ਹੋਏਗਾ, ਨਾ ਹੋਇਆ ਹੋਵੇ ਤਾਂ ਥੋੜ੍ਹਾ ਜਾਗ ਦੇ ਅਨੁਭਵ ਕਰਨ ਦੀ ਕੋਸ਼ਿਸ਼ ਕਰਨਾ। ਬਹੁਤ ਵਾਰ ਅਜਿਹਾ ਹੋਇਆ ਹੋਵੇਗਾ—ਕਿਸੇ ਇਸਤ੍ਰੀ ਨੂੰ ਤੁਸੀਂ ਵੇਖਿਆ, ਵੇਖਦੇ ਹੀ ਤੁਹਾਨੂੰ ਅਜਿਹਾ ਲੱਗਿਆ ਕਿ ਇਹ ਹੀ ਇਸਤ੍ਰੀ ਹੈ। ਇਸ ਲਈ ਤਾਂ ਪਹਿਲੇ ਪ੍ਰੇਮ ਦੀ ਬਹੁਤ ਮਹਿਮਾ ਹੈ। ਤੁਸੀਂ ਕਦੇ ਇਸ ਨਾਲ ਮਿਲੇ ਨਹੀਂ ਸੀ, ਤੁਸੀਂ ਇਸ ਨੂੰ ਵੇਖਿਆ ਨਹੀਂ ਸੀ। ਕੋਈ ਕਾਰਨ ਨਹੀਂ ਸੀ ਕਿ ਤੁਸੀਂ ਕਹੋ ਇਹ ਹੀ ਇਸਤ੍ਰੀ

ਹੈ। ਪਰ ਜੇਕਰ ਤੁਹਾਡੇ ਹਿਰਦੇ ਨਾਲ ਕੋਈ ਤਾਲਮੇਲ ਹੋਇਆ। ਜਿਸ ਇਸਤ੍ਰੀ ਦੀ ਪ੍ਰਤਿਮਾ (ਛਬੀ) ਨੂੰ ਤੁਸੀਂ ਹਿਰਦੇ 'ਚ ਲੁਕਾਇਆ ਹੋਵੇ, ਉਸ ਨਾਲ ਉਸ ਦੀ ਧੁਨ ਮਿਲ ਗਈ—ਤਾਂ ਤੁਸੀਂ ਪਛਾਣ ਲੈਂਦੇ ਹੋ ਅਤੇ ਅਜਿਹੀ ਇਸਤ੍ਰੀ ਮਿਲ ਜਾਏ ਤਾਂ ਪ੍ਰੇਮ ਸ਼ਾਸ਼ਵਤ (ਸਦਾ ਰਹਿਣ ਵਾਲਾ) ਹੋ ਜਾਂਦਾ ਹੈ—ਅਜਿਹਾ ਪੁਰਸ਼ ਮਿਲ ਜਾਏ ਤਾਂ ਪ੍ਰੇਮ ਸ਼ਾਸ਼ਵਤ ਹੋ ਜਾਂਦਾ ਹੈ। ਫਿਰ ਕੋਈ ਬਦਲਾਹਟ ਨਹੀਂ ਹੈ। ਤੁਸੀਂ ਆਪਣੇ ਮਨ ਦੀ ਇਸਤ੍ਰੀ ਨੂੰ ਲੱਭ ਲਿਆ। ਅਜਿਹੀ ਇਸਤ੍ਰੀ ਨਾ ਮਿਲ ਸਕੇ ਤਾਂ ਰੋਜ਼ ਬੇਚੈਨੀ ਹੈ, ਤਾਂ ਰੋਜ਼ ਹਰ ਇਸਤ੍ਰੀ ਦੇ ਨਿਕਲਣ ਵਿਚ ਤੁਹਾਨੂੰ ਫਿਰ ਸ਼ੱਕ ਹੁੰਦਾ ਹੈ ਕਿ ਸ਼ਾਇਦ ਉਹ ਇਸਤ੍ਰੀ ਆ ਰਹੀ ਹੋਵੇ, ਜਿਸ ਦੀ ਉਡੀਕ ਹੈ।

ਪ੍ਰੇਮ ਇਕ ਵੱਡੀ ਅੰਦਰੂਨੀ ਪਛਾਣ ਹੈ—ਬਿਨਾਂ ਜਾਣੇ ਬਿਨਾਂ ਪੁਰਾਣੀ ਵਾਕਫ਼ੀਅਤ ਦੇ, ਤੇ ਹਿਰਦੇ ਪਛਾਣ ਲੈਂਦਾ ਹੈ। ਰਹੱਸਯਪੂਰਣ (ਰਾਜ਼ਦਾਰ) ਹੈ ਗੱਲ, ਅਤਰਕ ਹੈ, ਹਿਸਾਬ ਅਤੇ ਤਰਕ ਨਾਲ ਸਮਝਾਈ ਨਹੀਂ ਜਾ ਸਕਦੀ। ਲੇਕਿਨ ਬਹੁਤ ਵਾਰ ਤੁਹਾਨੂੰ ਕਦੇ-ਕਦੇ ਜੀਵਨ ਵਿਚ ਇਸ ਦਾ ਅਨੁਭਵ ਹੋਇਆ ਹੋਵੇਗਾ—ਕਦੇ ਕਿਸੇ ਵਿਅਕਤੀ ਦੇ ਕੋਲ ਆਏ ਅਤੇ ਸਹਿਜ ਭਰੋਸਾ ਆ ਗਿਆ, ਅਜੇ ਇਸ ਦਾ ਕੋਈ ਕੰਮ ਨਹੀਂ ਵੇਖਿਆ, ਨਾ ਇਸ ਦੇ ਵਿਵਹਾਰ (ਸਲੂਕ) ਨਾਲ ਕੋਈ ਪਛਾਣ ਹੋਈ ਹੈ—ਪਰ ਬੱਸ ਹਿਰਦੇ ਨੇ ਪਛਾਣ ਲਿਆ, ਹਿਰਦੇ ਨੇ ਕਿਹਾ ਕਿ ਭਰੋਸਾ ਕਰੋ। ਹੁਣ ਇਹ ਜੇਕਰ ਤੁਹਾਨੂੰ ਲੁੱਟ ਵੀ ਲਵੇ ਤਾਂ ਵੀ ਤੁਸੀਂ ਕਹੋਗੇ ਲੁੱਟਣ ਵਿਚ ਮੇਰਾ ਕੋਈ ਹਿੱਤ ਰਿਹਾ ਹੋਏਗਾ, ਕਿਉਂਕਿ ਉਹ ਆਦਮੀ ਤਾਂ ਲੁੱਟ ਨਹੀਂ ਸਕਦਾ ਸੀ।

'ਪਿਆਰੇ ਤੂੰ ਆਪਣੇ ਮਨ ਵਿਚ ਮੇਰੇ ਨਾਲ ਰੁੱਸ ਗਿਆ ਹੈਂ, ਇਸ ਲਈ ਮੇਰਾ ਹੀ ਕਸੂਰ ਹੈ ਤੇਰਾ ਨਹੀਂ।'

ਉਹ ਤਾਂ ਲੁੱਟ ਹੀ ਨਹੀਂ ਸਕਦਾ ਸੀ, ਉਹ ਤਾਂ ਆਦਮੀ ਭਰੋਸੇ ਦਾ ਸੀ। ਸ਼ਰਧਾ ਪੂਰੀ ਸੀ। ਲੁੱਟ ਵੀ ਗਏ ਤਦ ਵੀ ਤੁਸੀਂ ਪਾਉਗੇ ਕਿ ਲੁੱਟ ਜਾਣ ਵਿਚ ਵੀ ਤੁਹਾਡਾ ਹਿੱਤ ਹੈ, ਸੌਭਾਗਯ ਹੈ।

ਗੁਰੂ ਦਾ ਮਿਲਣ ਇਸੇ ਤਰ੍ਹਾਂ ਹੀ ਹੁੰਦਾ ਹੈ। ਇਸ ਲਈ ਗੁਰੂ ਦੇ ਮਿਲਣ ਦੀ ਬਹੁਤ ਝੰਜਟ ਹੈ। ਤੁਸੀਂ ਕਿਸੇ ਨੂੰ ਵੀ ਸਮਝਾ ਨਾ ਸਕੋਗੇ ਕਿ ਤੁਸੀਂ ਇਸ ਆਦਮੀ ਨੂੰ ਕਿਵੇਂ ਚੁਣ ਲਿਆ। ਇਸ ਦਾ ਵਿਵਹਾਰ (ਸਲੂਕ) ਵੇਖਿਆ, ਚਰਿਤ੍ਰ ਦਾ ਆਂਕਲਣ (ਜਾਂਚ-ਪੜਤਾਲ) ਕੀਤਾ ? ਇਸ ਦਾ ਅਤੀਤ ਇਤਿਹਾਸ ਵੇਖਿਆ ? ਇਸ ਦੇ ਭਵਿੱਖ ਦੀਆਂ ਸਾਰੀਆਂ ਉਮੀਦਾਂ ਲੱਭੀਆਂ ? ਤੁਸੀਂ ਕਿਵੇਂ ਇਸ ਨੂੰ ਚੁਣ ਲਿਆ ? ਕਿਹੜੀ ਕਸੌਟੀ 'ਤੇ ਕੱਸਿਆ ? ਕਿਹੜੀ ਤੱਕੜੀ ਵਿਚ

ਤੋਲਿਆ ? ਤੁਸੀਂ ਕਹੋਗੇ, ਕਸੌਟੀ ਅਤੇ ਤੱਕੜੀ ਦਾ ਇਥੇ ਸਵਾਲ ਹੀ ਨਹੀਂ ਹੈ, ਜਿੱਥੇ ਹਿਰਦੇ ਦੀ ਕਸੌਟੀ ਲੱਗ ਗਈ ਹੈ ਫਿਰ ਕਿਸੇ ਕਸੌਟੀ ਦੀ ਗੱਲ ਹੀ ਨਹੀਂ ਉੱਠਦੀ। ਫਿਰ ਹੋਰ ਕੋਈ ਤੱਕੜੀ ਨਹੀਂ ਚਾਹੀਦੀ ਉਸ ਲਈ, ਜੋ ਦਿਲ ਦੀ ਤੱਕੜੀ ਉੱਤੇ ਤੁਲ ਗਿਆ। ਤੁਸੀਂ ਅੰਨ੍ਹੇ ਹੋ ਜਾਂਦੇ ਹੋ।

ਸਾਰੇ ਪ੍ਰੇਮ ਅੰਨ੍ਹੇ ਹਨ, ਕਿਉਂਕਿ ਹਿਰਦੇ ਦੇ ਵੇਖਣ ਦੇ ਢੰਗ ਹੋਰ ਹਨ। ਹਿਰਦੇ ਦੀ ਅੱਖ ਹੋਰ ਹੈ। ਬੁੱਧੀ ਨਾਲ ਉਸ ਦਾ ਕੁਝ ਲੈਣਾ-ਦੇਣਾ ਨਹੀਂ ਹੈ। ਇਸ ਲਈ ਨਾ ਤਾਂ ਤੁਸੀਂ ਕਦੇ ਦੁਨੀਆਂ ਨੂੰ ਸਮਝਾ ਸਕੋਗੇ ਕਿ ਤੁਸੀਂ ਉਸ ਇਸਤ੍ਰੀ ਨੂੰ ਪ੍ਰੇਮ ਕਿਉਂ ਕੀਤਾ, ਇਸ ਪੁਰਸ਼ ਨੂੰ ਤੁਸੀਂ ਕਿਉਂ ਚਾਹਿਆ ? ਨਾ ਤੁਸੀਂ ਦੁਨੀਆਂ ਨੂੰ ਕਦੇ ਇਹ ਸਮਝਾ ਸਕੋਗੇ ਕਿ ਇਹ ਗੀਤ ਤੁਹਾਨੂੰ ਕਿਉਂ ਪ੍ਰੀਤੀਕਰ ਲੱਗਦਾ ਹੈ। ਨਾ ਤੁਸੀਂ ਦੁਨੀਆਂ ਨੂੰ ਇਹ ਸਮਝਾ ਪਾਉਗੇ ਕਿ ਇਹ ਗੁਲਾਬ ਜਾਂ ਇਹ ਕਮਲ ਜਾਂ ਇਹ ਫੁੱਲ ਤੁਹਾਨੂੰ ਕਿਉਂ ਪਿਆਰਾ ਹੈ! ਤੁਸੀਂ ਕਹੋਗੇ, ਬੱਸ ਪਸੰਦ ਆਉਂਦਾ ਹੈ। ਨਾ ਤੁਸੀਂ ਦੁਨੀਆਂ ਨੂੰ ਕਦੇ ਸਮਝਾ ਸਕੋਗੇ ਕਿ ਤੁਸੀਂ ਬੁੱਧ ਨੂੰ ਕਿਉਂ ਚੁਣ ਲਿਆ, ਮਹਾਂਵੀਰ ਨੂੰ ਕਿਉਂ ਚੁਣ ਲਿਆ, ਕ੍ਰਿਸ਼ਨ ਨੂੰ ਕਿਉਂ ਚੁਣ ਲਿਆ! ਤੁਸੀਂ ਕਹੋਗੇ ਇਹ ਵੀ ਗੱਲ ਕੋਈ ਸਮਝਾਉਣ ਦੀ ਹੈ, ਇਹ ਅੰਦਰੂਨੀ ਹੈ, ਨਿੱਜੀ ਹੈ। ਇਸ ਨੂੰ ਬਾਜ਼ਾਰ ਵਿਚ ਖੋਲ੍ਹਣ ਦਾ ਸਵਾਲ ਨਹੀਂ ਹੈ, ਅਤੇ ਦੁਨੀਆਂ ਚਾਹੇ ਵਿਪਰੀਤ (ਉਲਟ) ਵਿਚ ਕੁਝ ਵੀ ਕਹੇ, ਤੁਹਾਡਾ ਹਿਰਦੇ ਕਹਿੰਦਾ ਹੀ ਚਲਾ ਜਾਏਗਾ ਕਿ ਇਹ ਹੀ ਹੈ ਉਹ ਜਿਸ ਦੀ ਤੁਹਾਨੂੰ ਤਲਾਸ਼ ਸੀ।

ਇਹ ਚਰਚਾ ਉਸ ਦੇ ਨਾਲ ਚੱਲ ਰਹੀ ਹੈ ਜਿਸ ਦੇ ਨਾਲ ਅਜੇ ਮਿਲਣ ਨਹੀਂ ਹੋਇਆ। ਇਹ ਚਰਚਾ ਉਸ ਨਾਲ ਚੱਲ ਰਹੀ ਹੈ ਜਿਸ ਨਾਲ ਮਿਲਣ ਹੋਣ-ਹੋਣ ਨੂੰ ਹੈ। ਇਹ ਚਰਚਾ ਉਸ ਧੁਨ ਅਤੇ ਸੁਰ ਨਾਲ ਚੱਲ ਰਹੀ ਹੈ ਜਿਸ ਦਾ ਪਤਾ ਵੀ ਹੈ ਅਤੇ ਪਤਾ ਨਹੀਂ ਵੀ ਹੈ। ਕਹਿ ਸਕਦੇ ਹਾਂ ਕਿ ਇਕ ਅਰਥ ਵਿਚ ਕਿ ਪਛਾਣਦੇ ਹਾਂ, ਕਿਉਂਕਿ ਜਦ ਆਏਗਾ ਸਾਹਮਣੇ ਤਾ ਪਛਾਣ ਲਵਾਂਗੇ, ਅਤੇ ਕਹਿ ਸਕਦੇ ਹਾਂ ਦੂਜੇ ਅਰਥ ਵਿਚ ਕਿ ਬਿਲਕੁਲ ਨਹੀਂ ਪਛਾਣਦੇ, ਕਿਉਂਕਿ ਅਜੇ ਤਾਂ ਕਿਤੇ ਕੋਈ ਮਿਲਣ ਨਹੀਂ ਹੋਇਆ, ਪਛਾਣਾਂਗੇ ਕਿਵੇਂ ?

ਖੂਹ ਇਹ ਬਹੁਤ ਦੁਖਦਾਈ ਹੈ ਅਤੇ ਉਹ ਵਿਚਾਰੀ ਉਸ ਵਿਚ ਇਕੱਲੀ ਜਾ ਪਈ ਹੈ। ਨਾ ਉਸ ਦੀ ਉੱਥੇ ਕੋਈ ਸਹੇਲੀ ਹੈ ਨਾ ਬੇਲੀ।

ਫ਼ਰੀਦ ਕਹਿ ਰਹੇ ਹਨ ਜ਼ਰਾ ਖ਼ਿਆਲ ਤਾਂ ਕਰੋ। ਖੂਹ ਵਿਚ ਪਈ ਹਾਂ, ਸੰਸਾਰ 'ਚ ਪਈ ਹਾਂ। ਬਹੁਤ ਡੂੰਘਾ ਖੂਹ ਹੈ। ਅਤੇ ਬਿਲਕੁਲ ਇਕੱਲੀ ਹਾਂ।

ਸੰਗੀ-ਸਾਥੀ ਵੀ ਨਹੀਂ ਹੈ ਅਤੇ ਤੂੰ ਵੀ ਛੱਡ ਬੈਠਾ ਹੈਂ ਤੇ ਤੂੰ ਵੀ ਰੁੱਸ ਗਿਆ ਹੈਂ। ਅਤੇ ਇਹ ਖੂਹ 'ਚ ਬਹੁਤ ਹਨ੍ਹੇਰਾ ਹੈ, ਇਸ ਵਿਚੋਂ ਨਿਕਲਣ ਦਾ ਕੋਈ ਉਪਾਇ ਵੀ ਨਹੀਂ ਸੁੱਝਦਾ, ਅਤੇ ਇਸ ਵਿਚ ਹੋਣਾ ਬਿਲਕੁਲ ਇਕੱਲਾ ਹੈ।

ਜਦ ਤਕ ਪਰਮਾਤਮਾ ਨਹੀਂ ਮਿਲਦਾ, ਤੁਸੀਂ ਇਕੱਲੇ ਹੀ ਰਹੋਗੇ। ਤਦ ਤਕ ਤੁਸੀਂ ਲੱਖ ਧੋਖੇ ਦੇ ਲਓ ਆਪਣੇ ਨੂੰ—ਕਦੇ ਪਤਨੀ, ਕਦੇ ਮਿੱਤਰ, ਕਦੇ ਇਸ ਵਿਚ ਕਿ ਆਪਣੇ ਸੰਗੀ ਸਾਥੀ ਹਨ, ਇਕੱਲੇ ਨਹੀਂ ਹਾਂ—ਲੇਕਿਨ ਧੋਖਾ ਹੀ ਹੈ। ਜ਼ਰਾ ਕੁ ਗੌਰ ਕਰੋਗੇ ਤਾਂ ਪਾਉਗੇ ਬਿਲਕੁਲ ਇਕੱਲੇ ਹੋ। ਤੁਸੀਂ ਆਪਣੇ ਖੂਹ ਵਿਚ ਪਏ ਹੋ, ਤੁਹਾਡੀ ਪਤਨੀ ਆਪਣੇ ਖੂਹ 'ਚ ਪਈ ਹੈ—ਦੋਹਾਂ ਦੇ ਖੂਹ ਵੱਖ-ਵੱਖ ਹਨ। ਕੋਲ ਹੋਣਗੇ, ਨੇੜੇ ਹੀ ਹੋਣਗੇ, ਗੁਆਂਢ ਵਿਚ ਹੀ ਹੋਣਗੇ—ਲੇਕਿਨ ਦੋਹਾਂ ਦੇ ਖੂਹ ਆਪਣੇ-ਆਪਣੇ ਹਨ। ਤੁਸੀਂ ਆਪਣੇ ਅੰਦਰ ਪਏ ਹੋ—ਆਪਣੀ ਗਹਿਰਾਈ, ਆਪਣੇ ਇਕਾਂਤ ਵਿਚ, ਪਤਨੀ ਆਪਣੀ ਡੂੰਘਾਈ ਆਪਣੇ ਇਕਾਂਤ 'ਚ ਪਈ ਹੈ। ਇਕ ਦੂਜੇ ਦਾ ਸਾਥ ਦੇ ਦਿੰਦੇ ਹੋ, ਕਿਉਂਕਿ ਜ਼ਰੂਰਤ ਹੈ, ਨਹੀਂ ਤਾਂ ਇਕੱਲਾਪਨ ਬਹੁਤ ਭਾਰੀ ਹੋ ਜਾਏਗਾ, ਝੱਲਣਾ ਨਾਮੁਮਕਿਨ ਹੋ ਜਾਏਗਾ। ਇਕ ਦੂਜੇ ਦਾ ਹੱਥ ਫੜ ਲੈਂਦੇ ਹੋ।

ਤੁਸੀਂ ਵੇਖਿਆ ਹੈ ? ਆਦਮੀ ਹਨੇਰੇ ਵਿਚ ਟੁਰਦਾ ਹੈ ਤਾਂ ਸੀਟੀ ਵਜਾਉਣ ਲੱਗ ਪੈਂਦਾ ਹੈ, ਗੀਤ ਗਾਉਣ ਲੱਗਦਾ ਹੈ—ਆਪਣੀ ਹੀ ਆਵਾਜ਼ ਸੁਣ ਕੇ ਹਿੰਮਤ ਵਧਦੀ ਹੈ ਕਿ ਜਿਵੇਂ ਕੋਈ ਹੋਰ ਵੀ ਹੈ! ਬੱਸ ਸੀਟੀ ਵਜਾ ਰਹੇ ਹਾਂ ਅਸੀਂ, ਸਾਡਾ ਸਾਰਾ ਸੰਗ-ਸਾਥ ਸੀਟੀ ਵਜਾਉਣ ਵਰਗਾ ਹੈ। ਅਸੀਂ ਦੂਜੇ ਨੂੰ ਹਿੰਮਤ ਦੇ ਰਹੇ ਹਾਂ, ਦੂਜਾ ਸਾਨੂੰ ਹਿੰਮਤ ਦੇ ਦਿੰਦਾ ਹੈ—ਨਾ ਤਾਂ ਸਾਡਾ ਇਕੱਲਾਪਣ ਮਿਟਦਾ ਹੈ, ਨਾ ਉਸ ਦਾ ਇਕੱਲਾਪਣ ਮਿਟਦਾ।

ਵਿਧਣ ਖੂਹੀ ਮੁੰਧ ਇਕੇਲੀ॥

ਵਿਚਾਰੀ ਇਕੱਲੀ ਪਈ ਹੈ ਅਤੇ ਤੂੰ ਵੀ ਰੁੱਸ ਗਿਆਂ।

ਨਾ ਕੋ ਸਾਥੀ ਨਾ ਕੋ ਬੇਲੀ॥

ਨਾ ਕੋਈ ਸੰਗੀ ਹੈ ਨਾ ਕੋਈ ਸਾਥੀ ਹੈ, ਇਕ ਦਮ ਇਕੱਲਾਪਨ ਹੈ।

'ਮੇਰੀ ਬਹੁਤ ਵਿਕਟ (ਭਿਅੰਕਰ—ਔਖੀ) ਬਾਟ (ਰਾਹ) ਹੈ—ਦੋਹਰੀ ਤਲਵਾਰ ਤੋਂ ਵੀ ਤੇਜ ਅਤੇ ਪੈਨੀ (ਭੀੜੀ, ਤੰਗ)।'

ਬੜੀ ਵਿਕਟ ਰਾਹ ਹੈ, ਬਹੁਤ ਵਿਕਟ ਬਾਟ ਹੈ।

ਦੋਧਾਰੀ ਤਲਵਾਰ ਨਾਲੋਂ ਵੀ ਤੇਜ਼ ਅਤੇ ਪੈਨੀ! ਉਸੇ ਉੱਤੇ ਮੈਨੂੰ ਹੀ ਟੁਰਨਾ ਹੈ। ਕੋਈ ਵੀ ਸਾਥੀ ਨਹੀਂ। ਸ਼ੇਖ਼ ਫ਼ਰੀਦ ਤਿਆਰ ਹੋ ਜਾ ਉਸ ਰਾਹ ਉੱਤੇ ਟੁਰਨ ਲਈ, ਅਜੇ ਵੇਲਾ ਹੈ।

ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥

ਦੋਧਾਰੀ ਤਲਵਾਰ ਦੇ ਵਾਂਗ ਹੈ ਰਾਹ। ਉਸ ਦੇ ਉਪਰ ਟੁਰਨਾ ਹੈ। ਉਸ ਦੇ ਉਪਰ ਹੈ ਮੇਰਾ ਮਾਰਗ। ਇਧਰ ਡਿੱਗੋ ਤਾਂ ਖੂਹ ਹੈ, ਉਧਰ ਡਿੱਗੋ ਤਾਂ ਖਾਈ, ਮੱਧ ਵਿਚ ਸੰਭਾਲਣਾ ਹੈ।

ਇਸ ਨੂੰ ਥੋੜ੍ਹਾ ਸਮਝੋ। ਜੇਕਰ ਇਕੱਲੇ ਰਹਿ ਜਾਓ, ਸੰਗੀ-ਸਾਥੀ ਨਾ ਬਣਾਓ ਤਾਂ ਮੁਸੀਬਤ ਖੂਹ। ਇਕਾਂਤ ਮਲੂਮ ਹੁੰਦਾ ਹੈ। ਡੂੱਬੇ! ਕੋਈ ਸਹਾਰਾ ਵੀ ਨਹੀਂ। ਕੋਈ ਸੁਰ ਵੀ ਨਹੀਂ ਕਿ ਕੋਈ ਆਵਾਜ਼ ਦੇ ਦੇਵੇ, ਪੁਕਾਰ ਦੇ ਦੇਵੇ, ਭਰੋਸਾ ਦੇ ਦੇਵੇ ਕਿ ਕੋਈ ਹੋਰ ਵੀ ਹੈ—ਇਕ ਦਮ ਸੰਨਾਟਾ ਹੈ। ਜੇਕਰ ਸੰਗੀ-ਸਾਥੀ ਨਾ ਬਣਾਓ ਤਾਂ ਖੂਹ। ਜੇਕਰ ਸੰਗੀ-ਸਾਥੀ ਬਣਾਓ ਤਾਂ ਭੀੜ-ਭੜੱਕਾ ਹੋ ਜਾਂਦਾ ਹੈ, ਲੇਕਿਨ ਅੰਦਰਲਾ ਇਕੱਲਾਪਣ ਤਾ ਮਿਟਦਾ ਹੀ ਨਹੀਂ ਤਾਂ ਖਾਈ। ਦੋਹਾਂ ਦੇ ਮੱਧ ਵਿਚ ਖਲੋਣਾ ਹੈ। ਇਕੱਲੇ ਵੀ ਰਹਿਣਾ ਹੈ ਅਤੇ ਇਕੱਲੇ ਨਹੀਂ ਵੀ ਰਹਿਣਾ ਹੈ। ਇਸ ਦਾ ਮਤਲਬ ਹੈ ਕਿ ਇੰਨਾ ਇਕਾਂਤ ਸਾਧ ਲੈਣਾ ਹੈ ਅੰਦਰ ਕਿ ਭੀੜ ਵਿਚ ਤਾਂ ਕੋਈ ਝੂਠਾ ਲਗਾਓ ਨਾ ਰਹਿ ਜਾਏ, ਲੇਕਿਨ ਆਪਣੇ ਇਕਾਂਤ ਵਿਚ ਬਿਲਕੁਲ ਡੁੱਬ ਕੇ ਮਰ ਵੀ ਨਹੀਂ ਜਾਣਾ ਹੈ, ਕਿਉਂਕਿ ਉਹ ਤਾਂ ਆਤਮ-ਹੱਤਿਆ ਹੋਏਗੀ। ਉਸ ਇਕਾਂਤ ਨੂੰ ਹੀ ਪ੍ਰਾਰਥਨਾ ਬਣਾਉਣਾ ਹੈ ਅਤੇ ਪਰਮਾਤਮਾ ਨਾਲ ਜੋੜਨਾ ਹੈ। ਇਕੱਲੇ ਹੋਣਾ ਹੈ ਤਾਂਕਿ ਪਰਮਾਤਮਾ ਦੇ ਨਾਲ ਹੋ ਸਕੀਏ। ਭੀੜ ਵਿਚ ਨਹੀਂ ਹੋਣਾ ਹੈ, ਕਿਤੇ ਪਰਮਾਤਮਾ ਦਾ ਨਾਂ ਨਾ ਛੁੱਟ ਜਾਏ।

ਇਸ ਲਈ ਮੇਰੀ ਬਹੁਤ ਵਿਕਟ ਵਾਟ ਹੈ। ਦੋਧਾਰੀ ਤਲਵਾਰ ਨਾਲੋਂ ਵੀ ਤੇਜ਼ ਅਤੇ ਪੈਨੀ।

ਉਸ ਉੱਤੇ ਹੀ ਮੈਨੂੰ ਟੁਰਨਾ ਹੈ। ਸ਼ੇਖ਼ ਫ਼ਰੀਦ, ਤਿਆਰ ਹੋ ਜਾ ਉਸ ਰਾਹ ਉੱਤੇ ਟੁਰਨ ਲਈ, ਅਜੇ ਵੇਲਾ ਹੈ।

ਉਸੁ ਊਪਰਿ ਹੈ ਮਾਰਗਿ ਮੇਰਾ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥੪॥

ਬਹੁਤ ਪਿਆਰਾ ਵਚਨ ਹੈ। ਇਸ ਦਾ ਜੋ ਅਨੁਵਾਦ ਹੈ ਉਹ ਬਿਲਕੁਲ ਠੀਕ-ਠੀਕ ਸੱਟ ਨਹੀਂ ਮਾਰਦਾ। ਅਨੁਵਾਦ ਹੈ—ਉਸ ਮਾਰਗ ਉੱਤੇ ਟੁਰਨੇ ਨੂੰ ਤਿਆਰ ਹੋ ਜਾ, ਫ਼ਰੀਦ, ਅਜੇ ਵੇਲਾ ਹੈ।

ਗੱਲ ਤਾਂ ਹੋ ਜਾਂਦੀ ਹੈ। ਲੇਕਿਨ ਸੱਟ ਨਹੀਂ ਵੱਜਦੀ। ਫ਼ਰੀਦ ਦਾ ਮਤਲਬ ਕੁਝ ਹੋਰ ਗਹਿਰਾ ਹੈ।

'ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ'—ਸ਼ੇਖ਼ ਫ਼ਰੀਦ, ਜਿਸ ਦਿਨ ਪੰਥ ਨੂੰ ਸੰਭਾਲ ਲਿਆ, ਉਸੇ ਦਿਨ ਸਵੇਰਾ ਹੈ। ਮੰਨਿਆ ਕਿ ਬਹੁਤ ਵੇਲਾ ਲੰਘ ਚੁੱਕਿਆ ਮੰਨਿਆ, ਮੈਂ ਆਪਣੀ ਜਵਾਨੀ ਗੁਆ ਦਿੱਤੀ, ਪਿੱਛੋਂ ਪਛਤਾਈ ਬਹੁਤ।

ਲੇਕਿਨ ਜਿਸ ਦਿਨ ਵੀ ਤੁਸੀਂ ਜਾਗ ਗਏ, ਉਸੇ ਦਿਨ ਸਵੇਰਾ ਹੈ। ਕਿੰਨਾ ਹੀ ਗੰਵਾਇਆ ਹੋਵੇ ਤਾਂ ਵੀ ਪਰਮਾਤਮਾ ਕੁਝ ਅਜਿਹਾ ਹੈ ਕਿ ਤੁਸੀਂ ਗੁਆ ਨਹੀਂ ਸਕਦੇ। ਕਿੰਨੀ ਹੀ ਦੇਰ ਲਾਈ ਹੋਵੇ ਤਾਂ ਵੀ ਪਰਮਾਤਮਾ ਕੁਝ ਇਸ ਤਰ੍ਹਾਂ ਦਾ ਹੈ ਕਿ ਦੇਰ ਬਹੁਤ ਜ਼ਿਆਦਾ ਨਹੀਂ ਹੋ ਸਕਦੀ।

ਕਹਾਵਤ ਹੈ—ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਪਰਤ ਆਏ ਤਾਂ ਭੁੱਲਿਆ ਨਹੀਂ ਕਹਾਉਂਦਾ।

ਜੇਕਰ ਅੰਤ ਤਕ ਵੀ ਉਸ ਦਾ ਸਮਰਣ (ਚੇਤਾ) ਆ ਗਿਆ ਅਤੇ ਉਸ ਦੀ ਯਾਦ ਹੀ ਸਭ ਕੁਝ ਪ੍ਰਾਣਾਂ ਦਾ ਪ੍ਰਾਣ ਬਣ ਗਈ ਤਾ ਕੋਈ ਫ਼ਿਕਰ ਨਾ ਕਰਨਾ।

ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥

ਹੁਣ ਤੂੰ ਡਰ ਨਾ। ਮੰਨਿਆ ਕਿ ਸਵੇਰਾ ਹੋਏ ਬਹੁਤ ਦੇਰ ਹੋ ਗਈ, ਧੁੱਪ ਵੀ ਚੜ੍ਹ ਆਈ, ਸੂਰਜ ਵੀ ਢਲ ਗਿਆ, ਸ਼ਾਮ ਨੇੜੇ ਆ ਗਈ ਹੈ, ਪਰ ਨਾ ਘਬਰਾਈਂ।

ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥

ਜੇਕਰ ਹੁਣੇ ਵੀ ਤੂੰ ਪੈਰ ਰੱਖ ਦੇਵੇਂ ਆਪਣੀ ਯਾਤ੍ਰਾ ਉੱਤੇ ਤਾ ਅਜੇ ਵੀ ਸਵੇਰਾ ਹੋ ਸਕਦਾ ਹੈ। ਅਜੇ ਵੀ ਵਕਤ ਹੈ। ਕਦੇ ਵੀ ਸਮਾਂ ਗੁਆਇਆ ਨਹੀਂ ਹੈ। ਬੜੀ ਦੁਬਿਧਾ ਵਾਲੀ ਗੱਲ ਹੈ—ਦੇਰ ਵੀ ਬਹੁਤ ਹੋ ਗਈ ਹੈ। ਜੇਕਰ ਆਪਣੇ ਵੱਲ ਵੇਖੀਏ ਤਾਂ ਬਹੁਤ ਦੇਰ ਹੋ ਗਈ ਹੈ। ਜੇਕਰ ਉਸ ਦੇ ਵੱਲ ਵੇਖੀਏ ਤਾਂ ਅਜੇ ਵੀ ਸਵੇਰਾ ਹੈ। ਜੇਕਰ ਆਪਣੀ ਸਾਮ੍ਰਥ ਦੇ ਵੱਲ ਵੇਖੀਏ ਤਾਂ ਸਭ ਮੁੱਕ ਗਿਆ, ਜੁਆਨੀ ਗੁਆ ਬੈਠੇ। ਹੁਣ ਪਛਤਾਵਾ ਹੀ ਪਛਤਾਵਾ ਹੈ। ਜੇਕਰ ਉਹਦੀ ਕਰੁਣਾ (ਰਹਿਮਤ) ਵੱਲ ਵੇਖੀਏ, ਹੁਣੇ ਵੀ ਰਾਹ ਉੱਤੇ ਆ ਜਾਈਏ ਤਾਂ ਹੁਣੇ ਹੀ ਸਵੇਰਾ ਹੋ ਸਕਦਾ ਹੈ। ਆਪਣੇ ਵੱਲ ਵੇਖਣ ਨਾਲ ਅਸੀਂ ਉੱਕ ਗਏ ਹਾਂ। ਉਸ ਦੇ ਵੱਲ ਵੇਖਣ ਨਾਲ ਕੁਝ ਵੀ ਵਿਗੜਿਆ ਨਹੀਂ ਹੈ। ਕਿਉਂਕਿ ਸਾਡੇ ਲਈ ਸਮੇਂ ਦੀ ਹੱਦ ਹੈ। ਉਸ ਦੇ ਲਈ ਵਕਤ ਦੀ ਕੋਈ ਹੱਦ ਨਹੀਂ। ਸਾਡਾ ਵਕਤ ਤਾਂ ਬੱਝਿਆ ਹੈ, ਉਸ ਦਾ ਵਕਤ ਤਾਂ ਅਣਬੱਝਿਆ ਹੈ।

ਭਗਤ ਦੋਵੇਂ ਪਾਸੇ ਵੇਖਦਾ ਹੈ—ਆਪਣੇ ਵੱਲ ਵੇਖਦਾ ਹੈ ਤਾਂ ਰੋਂਦਾ ਹੈ ਕਿ ਰੋਣ ਤੋਂ ਸਿਵਾਏ ਹੁਣ ਹੋਰ ਕੋਈ ਉਪਾਇ ਨਹੀਂ ਹੈ, ਉਸ ਵੱਲ ਵੇਖਦਾ ਹੈ

ਤਾਂ ਹੱਸਦਾ ਹੈ। ਕਹਿੰਦਾ ਹੈ—ਤੇਰੇ ਲਈ ਤਾਂ ਸਾਰੇ ਉਪਾਇ ਹਨ ਅਤੇ ਤੇਰੇ ਹੀ ਦੁਆਰਾ ਤਾਂ ਹੋਣ ਵਾਲਾ ਹੈ, ਸਾਡੇ ਰਾਹੀਂ ਤਾਂ ਹੋਣਾ ਵੀ ਨਹੀਂ ਸੀ। ਜੁਆਨ ਵੀ ਹੁੰਦੇ ਤਾਂ ਵੀ ਸਾਡੇ ਰਾਹੀਂ ਤਾਂ ਤੂੰ ਮਿਲਣ ਵਾਲਾ ਨਹੀਂ ਸੀ। ਮਿਲਣਾ ਤਾਂ ਤੇਰੀ ਕਿਰਪਾ ਨਾਲ ਹੈ।

'ਉਹ ਦਿਨ ਪਹਿਲਾਂ ਹੀ ਲਿਖ ਦਿੱਤਾ ਗਿਆ ਸੀ ਜਿਸ ਦਿਨ ਧਨਵੰਤੀ ਦਾ ਵਿਆਹ ਹੋਣਾ ਸੀ।'

ਸ਼ੇਖ਼ ਫ਼ਰੀਦ ਬਹੁਤ ਪਿਆਰੀ ਗੱਲ ਕਹਿ ਰਹੇ ਹਨ।

'ਜਿਸ ਦੁਲਹੇ ਦੇ ਬਾਰੇ ਵਿਚ ਸੁਣ ਰੱਖਿਆ ਸੀ, ਉਹ ਆਪਣਾ ਮੁਖੜਾ ਵਿਖਾਉਣ ਆ ਪੁੱਜਿਆ ਹੈ। ਹੱਡੀਆ ਨੂੰ ਖੜਖੜਾ ਕੇ ਉਹ ਉਸ ਵਿਚਾਰੀ ਧਨਵੰਤੀ ਨੂੰ ਆਪਣੇ ਨਾਲ ਲੈ ਜਾਏਗਾ। ਆਪਣੀ ਜੀਵਆਤਮਾ ਨੂੰ ਤੂੰ ਸਮਝਾ ਦੇ ਕਿ ਜੋ ਘੜੀ ਨਿਯਤ ਹੋ ਚੁੱਕੀ ਹੈ, ਉਸ ਨੂੰ ਬਦਲਿਆ ਨਹੀਂ ਜਾ ਸਕਦਾ। ਜੀਵਆਤਮਾ ਦੁਲਹਨ ਹੈ (ਵਹੁਟੀ ਹੈ) ਅਤੇ ਮੌਤ ਦੂਲਹਾ (ਲਾੜਾ) ਹੈ। ਉਹ ਉਸ ਨੂੰ ਵਿਆਹ ਕੇ ਆਪਣੇ ਨਾਲ ਲੈ ਜਾਏਗੀ। ਵਿਦਾ ਹੁੰਦੇ ਸਮੇਂ ਉਹ ਵਿਚਾਰੀ ਕਿਸ ਦੇ ਗਲ ਵਿਚ ਆਪਣੀਆਂ ਬਾਹਾਂ ਪਾਏਗੀ ? ਕੀ ਤੁਸੀਂ ਸੁਣਿਆ ਨਹੀਂ ਕਿ ਉਹ ਵਹੁਟੀ ਬਾਲ ਤੋਂ ਵੀ ਬਹੁਤ ਮਹੀਨ ਹੈ ? ਫ਼ਰੀਦ ਜਦ ਤੇਰਾ ਬੁਲਾਵਾ ਆਏ, ਉੱਠ ਕੇ ਖੜਾ ਹੋ ਜਾਈਂ ਅਤੇ ਆਪਣੇ ਆਪ ਨੂੰ ਧੋਖਾ ਨਾ ਦੇਵੀਂ।'

ਜੀਵਨ ਦੋ ਢੰਗਾਂ ਨਾਲ ਸਮਾਪਤ ਹੋ ਸਕਦਾ ਹੈ। ਇਕ—ਮਰਨਾ ਤਾਂ ਹੋ ਜਾਏ, ਅੰਮ੍ਰਿਤ ਦਾ ਪ੍ਰਕਾਸ਼ ਨਾ ਹੋਵੇ। ਇਕ—ਏਧਰ ਮੌਤ ਘਟੇ ਉਧਰ ਅੰਮ੍ਰਿਤ ਦੀ ਸ਼ੁਰੂਆਤ ਹੋ ਜਾਏ। ਮੌਤ ਤੋਂ ਪਾਰ ਦੋ ਤਰ੍ਹਾਂ ਦੇ ਦੁਲਹੇ ਤੁਹਾਡੀ ਉਡੀਕ ਕਰਦੇ ਹਨ—ਦੋ ਘੋੜਿਆਂ 'ਤੇ ਵੱਖ-ਵੱਖ ਸਵਾਰ। ਇਕ ਤਾਂ ਮੌਤ ਹੈ ਉਹ ਵੀ ਦੁਲਹੇ ਦੀ ਤਰ੍ਹਾਂ ਆਉਂਦੀ ਹੈ। ਜੇਕਰ ਜੀਵਨ ਤੁਸੀਂ ਗੁਆ ਦਿੱਤਾ ਹੋਵੇ ਤਾਂ ਮੌਤ ਹੀ ਆਉਂਦੀ ਹੈ। ਅਤੇ ਦੂਜਾ ਪਰਮਾਤਮਾ ਹੈ। ਜੇਕਰ ਜੀਵਨ ਤੁਸੀਂ ਸੰਭਾਲਿਆ ਹੋਵੇ—ਇਕ ਗੀਤ ਦੇ ਵਾਂਗ, ਇਕ ਸੰਗੀਤ ਦੇ ਵਾਂਗ—ਤਾਂ ਪਰਮਾਤਮਾ ਆਉਂਦਾ ਹੈ। ਮੌਤ ਦੇ ਦਰਵਾਜ਼ੇ 'ਤੇ ਜਾਂ ਤਾਂ ਤੁਹਾਡਾ ਮੌਤ ਨਾਲ ਮਿਲਨ ਹੁੰਦਾ ਹੈ ਜਾਂ ਮਹਾਂਜੀਵਨ ਨਾਲ।

ਫ਼ਰੀਦ ਕਹਿੰਦਾ ਹੈ—'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥' ਉਹ ਦਿਨ ਪਹਿਲਾਂ ਹੀ ਲਿਖ ਦਿੱਤਾ ਗਿਆ ਸੀ। ਮੌਤ ਦਾ ਦਿਨ ਤਾ ਪਹਿਲਾਂ ਹੀ ਤੋਂ ਤੈਅ ਸੀ। ਉਹ ਤਾਂ ਜਿਸ ਦਿਨ ਪੈਦਾ ਹੋਏ ਉਸੇ ਦਿਨ ਲਿਖ ਦਿੱਤਾ ਗਿਆ। ਜਿਸ ਦਿਨ ਧਨਵੰਤੀ ਦਾ ਵਿਆਹ ਹੋਣਾ ਸੀ, ਉਹ ਵੀ ਲਿਖ ਦਿੱਤਾ ਗਿਆ ਸੀ।

ਜਿਸ ਦੇ ਬਾਰੇ ਮੈਂ ਸੁਣ ਰੱਖਿਆ ਸੀ, ਉਹ ਮੁਖੜਾ ਵਿਖਾਉਣ ਆ ਪੁੱਜਾ ਹੈ। ਹੁਣ ਮੌਤ ਨੇੜੇ ਆ ਰਹੀ ਹੈ।

ਸਾਧਾਰਣਤਾ—ਕਰੋੜਾਂ ਵਿਚੋਂ ਇਕ ਨੂੰ ਛੱਡ ਕੇ ਬਾਕੀਆਂ ਦਾ ਵਿਆਹ ਤਾਂ ਮੌਤ ਨਾਲ ਹੀ ਹੁੰਦਾ ਹੈ। ਉਹ ਦੁਲਹਾ ਆ ਗਿਆ ਹੈ ਦਰਵਾਜ਼ੇ ਉੱਤੇ ਖਲੋਤਾ ਹੈ।

ਹੱਡੀਆਂ ਨੂੰ ਖੜਕਾ-ਖੜਕਾ ਕੇ ਉਹ ਵਿਚਾਰੀ ਧਨਵੰਤੀ ਨੂੰ ਆਪਣੇ ਨਾਲ ਲੈ ਜਾਏਗਾ।

ਫ਼ਰੀਦ ਕਹਿੰਦਾ ਹੈ, ਮੌਤ ਤਾਂ ਤੈਅ ਹੈ। ਮਿਟਣਾ ਤਾਂ ਨਿਸ਼ਚਿਤ (ਜ਼ਰੂਰੀ) ਹੈ। ਇਸ ਲਈ ਮੌਤ ਦੇ ਖ਼ਿਲਾਫ਼ ਨਾ ਲੜੋ। ਉਹ ਦੁਲਹਾ ਤਾਂ ਆਏਗਾ ਹੀ। ਉਹ ਤਾਂ ਆ ਹੀ ਚੁੱਕਿਆ ਹੈ। ਉਹ ਤਾਂ ਰਾਹ ਹੀ ਵੇਖ ਰਿਹਾ ਹੈ। ਉਹ ਤਾਂ ਘੜੀ ਤੈਅ ਹੀ ਹੋ ਚੁੱਕੀ ਹੈ। ਉਸ ਲਈ ਤੁਸੀਂ ਕੁਝ ਕਰ ਨਾ ਸਕੋਗੇ। ਇਸ ਲਈ ਮੌਤ ਤੋਂ ਬਚਣ ਦੀ ਕੋਸ਼ਿਸ਼ ਨਾ ਕਰੋ। ਬਚਣੇ ਦੀ ਕੋਸ਼ਿਸ਼ ਵਿਚ ਜੀਵਨ ਗੁਆ ਦਿਉਗੇ। ਮੌਤ ਨੂੰ ਸਵੀਕਾਰ ਕਰ ਲਓ। ਮੌਤ ਨੂੰ ਦੁਲਹੇ ਦੇ ਵਾਂਗ ਸਵੀਕਾਰ ਕਰ ਲਓ, ਯਮਦੂਤ ਦੇ ਵਾਂਗ ਨਹੀਂ—ਅਤੇ ਤਦ ਦੁਲਹੇ ਦਾ ਰੂਪ ਬਦਲ ਜਾਂਦਾ ਹੈ।

ਧਨਵੰਤੀ ਨੂੰ ਉਹ ਆਪਣੇ ਨਾਲ ਲੈ ਜਾਏਗਾ, ਆਪਣੀ ਜੀਵਆਤਮਾ ਨੂੰ ਤੂੰ ਸਮਝਾ ਦੇ ਫ਼ਰੀਦ ਕਿ ਜੋ ਘੜੀ ਨੀਅਤ ਹੋ ਚੁੱਕੀ ਹੈ, ਉਸ ਨੂੰ ਬਦਲਿਆ ਨਹੀਂ ਜਾ ਸਕਦਾ।

ਭਾਗ ਦਾ ਅਰਥ ਇਹ ਹੀ ਹੈ ਕਿ ਜੀਵਨ ਜਿਹੋ ਜਿਹਾ ਹੈ ਉਸ ਨੂੰ ਸਵੀਕਾਰ ਕਰ ਲਓ, ਕਿਉਂਕਿ ਉਸ ਨਾਲ ਨਾਲ ਲੜਨ ਵਿਚ ਤੁਹਾਡਾ ਵਕਤ ਹੀ ਵਿਅਰਥ ਬਤੀਤ ਹੋ ਜਾਏਗਾ। ਜੀਵਨ ਜਿਸ ਤਰ੍ਹਾਂ ਦਾ ਹੈ ਸਵੀਕਾਰ ਕਰੋ। ਉਸ ਨੂੰ ਇੰਨੀ ਪਰਿਪੂਰਣਤਾ ਨਾਲ ਸਵੀਕਾਰ ਕਰ ਲਓ ਕਿ ਉਸ ਨਾਲ ਸੰਘਰਸ਼ ਵਿਚ ਜ਼ਰਾ ਵੀ ਤਾਕਤ ਖ਼ਰਚ ਨਾ ਹੋਵੇ ਅਤੇ ਤਦ ਤੁਸੀਂ ਅਚਾਨਕ ਪਾਉਗੇ—ਜੋ ਸ਼ਕਤੀ ਲੜਨ ਵਿਚ ਲੱਗ ਜਾਂਦੀ ਸੀ, ਸੰਘਰਸ਼ ਵਿਚ ਗੁਆਚ ਜਾਂਦੀ ਸੀ, ਉਹ ਹੀ ਸ਼ਕਤੀ ਲਹਿਰ ਬਣ ਗਈ ਸਮਰਪਣ ਦੀ, ਉਹ ਹੀ ਤੁਹਾਨੂੰ ਲੈ ਚੱਲੀ।

ਮੌਤ ਨਾਲ ਜੇਕਰ ਤੁਸੀਂ ਲੜੋ ਤਾਂ ਮੌਤ ਹੀ ਪਾਉਗੇ। ਜੇਕਰ ਮੌਤ ਦੇ ਨਾਲ ਜਾਣ ਨੂੰ ਰਾਜ਼ੀ ਹੋ ਜਾਓ, ਤੁਸੀਂ ਅੰਮ੍ਰਿਤ ਨੂੰ ਉਪਲਬਧ ਹੋ ਜਾਉਗੇ। ਏਨਾ ਕੁ ਹੀ ਫ਼ਰਕ ਹੈ ਅਤੇ ਫ਼ਰਕ ਬਹੁਤ ਵੱਡਾ ਵੀ ਹੈ। ਮੌਤ ਨਾਲ ਜੋ ਲੜਨ ਲੱਗਾ ਉਹ ਮਰੇਗਾ। ਉਹ ਵੀ ਮਰੇਗਾ, ਜਿਹੜਾ ਮੌਤ ਦੇ ਨਾਲ ਜਾਣ ਲਈ ਰਾਜ਼ੀ ਹੋਇਆ। ਲੇਕਿਨ ਜਿਹੜਾ ਮੌਤ ਦੇ ਨਾਲ ਜਾਣ ਨੂੰ ਰਾਜ਼ੀ ਹੋਇਆ, ਉਸ ਲਈ

ਮੌਤ ਦਾ ਮੁਖੜਾ ਬਦਲ ਜਾਂਦਾ ਹੈ, ਤਦ ਉਸ ਲਈ ਮੌਤ ਨਹੀਂ ਹੈ, ਅੰਮ੍ਰਿਤ ਦਾ ਦੂਲਹਾ ਆਇਆ ਹੈ। ਅਤੇ ਜੋ ਲੜਿਆ ਉਸ ਲਈ ਮੌਤ ਹੀ ਹੈ ਕੇਵਲ। ਤੁਹਾਡੇ ਲੜਨ ਦੇ ਕਾਰਨ ਹੀ ਪਰਮਾਤਮਾ ਮੌਤ ਵਰਗਾ ਵਿਖਾਈ ਪੈਂਦਾ ਹੈ। ਤੁਹਾਡੇ ਸਮਰਪਣ ਦੀ ਸੰਭਾਵਨਾ ਹੋਵੇ ਤਾਂ ਮੌਤ ਪਰਮਾਤਮਾ ਹੋ ਜਾਂਦੀ ਹੈ।

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

ਸਮਝਾ ਦੇ ਆਪਣੀ ਆਤਮਾ ਨੂੰ ਕਿ ਜੋ ਘੜੀ ਨਿਯਤ ਹੋ ਚੁੱਕੀ, ਉਸ ਨੂੰ ਬਦਲਿਆ ਨਹੀਂ ਜਾ ਸਕਦਾ, ਇਸ ਲਈ ਬਦਲਣ ਦੀ ਇੱਛਾ ਨਾ ਕਰ।

ਜੀਵਆਤਮਾ ਵਹੁਟੀ ਹੈ ਅਤੇ ਮੌਤ ਦੂਲਹਾ, ਉਹ ਉਸ ਨੂੰ ਵਿਆਹ ਕੇ ਆਪਣੇ ਨਾਲ ਲੈ ਜਾਏਗਾ।

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥

ਅਤੇ ਧਿਆਨ ਰੱਖ, ਮਰਨ ਸਮੇਂ ਜਦ ਤੂੰ ਵਿਦਾ ਹੋਵੇਂਗਾ, ਤੂੰ ਏਨਾ ਇਕੱਲਾ ਹੋਏਂਗਾ ਕਿ ਤੈਨੂੰ ਕਿਸੇ ਦੇ ਮੋਢੇ ਦੇ ਉੱਤੇ ਹੱਥ ਰੱਖ ਕੇ ਰੋਣ ਦੀ ਅਤੇ ਵਿਦਾ ਲੈਣ ਦੀ ਵੀ ਸੁਵਿਧਾ ਨਹੀਂ ਹੋਏਗੀ।

ਵਿਦਾ ਹੋਣ ਵੇਲੇ ਉਹ ਵਿਚਾਰੀ ਕਿਸ ਦੇ ਗਲ ਵਿਚ ਬਾਹਾਂ ਪਾਏਗੀ? ਕੀ ਤੁਸੀਂ ਸੁਣਿਆ ਨਹੀਂ ਕਿ ਉਹ ਦੁਲਹਨ ਵਾਲ ਤੋਂ ਵੀ ਬਹੁਤੀ ਮਹੀਨ ਹੈ।

ਅਤੇ ਉਹ ਜਿਹੜੀ ਅੰਦਰਲੀ ਆਤਮਾ ਹੈ, ਇੰਨੀ ਮਹੀਨ ਹੈ ਵਾਲ ਨਾਲੋਂ ਵੀ ਬਹੁਤੀ ਮਹੀਨ ਹੈ, ਇੰਨੀ ਸੂਖ਼ਮ ਹੈ ਕਿ ਕਿੰਨੀਂ ਸਥੂਲ ਮੋਢਿਆਂ ਉੱਤੇ ਹੱਥ ਵੀ ਨਹੀਂ ਰੱਖ ਸਕਦੀ। ਉਸ ਲਈ ਤਾਂ ਸਿਰਫ਼ ਇਕ ਹੀ ਮੋਢਾ ਕੰਮ ਆ ਸਕਦਾ ਹੈ। ਇਸ ਸਰੀਰ ਲਈ ਸਹਾਰਾ ਲੈਣਾ ਹੋਵੇ ਤਾਂ ਕਿਸੇ ਸਰੀਰ ਦਾ ਸਹਾਰਾ ਲਿਆ ਜਾ ਸਕਦਾ ਹੈ। ਇਸ ਆਤਮਾ ਦਾ ਸਹਾਰਾ ਲੱਭਣਾ ਹੋਵੇ ਤਾਂ ਬਸ ਆਤਮਾ ਦਾ ਹੀ ਸਹਾਰਾ ਲੱਭਿਆ ਜਾ ਸਕਦਾ ਹੈ।

ਫ਼ਰੀਦ ਜਦ ਤੇਰਾ ਬੁਲਾਵਾ ਆਵੇ ਤਾਂ ਉੱਠ ਕੇ ਖੜਾ ਹੋ ਜਾਣਾ।

ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣਿ ਆਇ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥੧॥

ਜਦ ਤੇਰਾ ਬੁਲਾਵਾ ਆਏ ਤਾਂ ਤੂੰ ਉੱਠ ਕੇ ਖਲੋ ਜਾਈਂ। ਘਸੀਟ ਕੇ ਲੈ ਜਾਣਾ ਪਸੰਦ ਨਾ ਕਰੀਂ। ਮੌਤ ਖੋਹ-ਖਿੰਜ ਕੇ ਲੈ ਕੇ ਜਾਏ, ਇਹ ਵੀ ਕੋਈ

ਜਾਣਾ ਹੋਇਆ ? ਇਹ ਵੀ ਕੋਈ ਗੱਲ ਹੋਈ ? ਇਹ ਵੀ ਕੋਈ ਇੱਜ਼ਤ ਦੀ ਗੱਲ ਹੋਈ ? ਅਜਿਹਾ ਮਾਣ-ਸਨਮਾਨ ਨਾ ਗੁਆਉਣਾ। ਫ਼ਰੀਦ ਜਦ ਤੇਰਾ ਬੁਲਾਵਾ ਆਏ ਉੱਠ ਕੇ ਖਲੋ ਜਾਣਾ। ਮੌਤ ਤੈਨੂੰ ਤਿਆਰ ਪਾਏ। ਜੇਕਰ ਮੌਤ ਨੇ ਤੈਨੂੰ ਤਿਆਰ ਨਾ ਪਾਇਆ ਤਾਂ ਤੂੰ ਮੌਤ ਨੂੰ ਅਸਫ਼ਲ ਕਰ ਦਿੱਤਾ। ਜੇਕਰ ਮੌਤ ਨੂੰ ਤੈਨੂੰ ਘਸੀਟਣਾ ਪਿਆ, ਜ਼ਬਰਦਸਤੀ ਕਰਨੀ ਪਈ ਤਾਂ ਮੌਤ ਜਿੱਤ ਗਈ, ਤੂੰ ਹਾਰ ਗਿਆ। ਫ਼ਰੀਦ, ਉੱਠ ਕੇ ਖਲੋ ਜਾਣਾ, ਅਤੇ ਆਪਣੇ ਆਪ ਨੂੰ ਧੋਖਾ ਨਾ ਦੇਣਾ। ਕਿਉਂਕਿ ਉਸ ਵੇਲੇ ਜੇਕਰ ਤੂੰ ਆਪਣੇ ਨੂੰ ਧੋਖਾ ਦਿੱਤਾ, ਇਕ ਮੌਕਾ ਫਿਰ ਗੁਆ ਦਿੱਤਾ। ਫਿਰ ਇਕ ਜਨਮ ਹੋਏਗਾ, ਫਿਰ ਇਕ ਲੰਮੀ ਯਾਤ੍ਰਾ ਹੋਏਗੀ। ਫਿਰ ਉਹ ਘੜੀ ਵਰ੍ਹਿਆਂ ਬਾਅਦ ਆਏਗੀ। ਤਾਂ, ਮੌਤ ਦੀ ਘੜੀ ਨੂੰ ਚੂਕ (ਭੁੱਲ) ਨਾ ਜਾਣਾ, ਜੀਵਨ ਦੀ ਘੜੀ ਨੂੰ ਤਾਂ ਭੁੱਲ ਗਿਆ। ਜੁਆਨੀ ਜਾ ਚੁੱਕੀ, ਉਹ ਤਾਂ ਗਫ਼ਲਤ ਵਿਚ ਲੰਘ ਗਿਆ ਦਿਨ। ਹੁਣ ਇਕ ਹੋਰ ਅਵਸਰ (ਮੌਕਾ) ਬਾਕੀ ਹੈ ਜਾਗਣੇ ਦਾ, ਉਸ ਨੂੰ ਨਾ ਚੂਕ (ਉੱਕ ਜਾਣਾ) ਜਾਈਂ। ਉਸ ਵੇਲੇ ਆਪਣੇ-ਆਪ ਨੂੰ ਧੋਖਾ ਨਾ ਦੇਵੀਂ।

ਕੀ ਹੈ ਧੋਖਾ ਦੇਣਾ ? ਮੌਤ ਜਦ ਆਉਂਦੀ ਹੈ ਤਾਂ ਇਕ ਤਾਂ ਧੋਖਾ ਇਹ ਹੈ ਕਿ ਤੁਸੀਂ ਸੋਚਦੇ ਹੋ ਸ਼ਾਇਦ ਇਸ ਤੋਂ ਬਚਿਆ ਜਾ ਸਕਦਾ ਹੈ। ਬੱਸ, ਬਚਣ ਦੀ ਕੋਸ਼ਿਸ਼ ਵਿਚ ਲੱਗ ਜਾਂਦੇ ਹੋ—ਘਸੀਟੇ ਜਾਂਦੇ ਹੋ। ਬਚਣ ਦੀ ਕੋਸ਼ਿਸ਼ ਹੀ ਨਾ ਕਰਨਾ। ਮਨ ਨੂੰ ਕਹਿ ਦੇਣਾ ਜੋ ਨਿਯਤ ਹੋ ਗਿਆ, ਹੋ ਗਿਆ ਅਤੇ ਜਦ ਦੁਲਹਾ ਆ ਗਿਆ ਤਾਂ ਆ ਗਿਆ, ਹੁਣ ਵਿਦਾ ਲੈਣੀ ਹੈ। ਤਿਆਰ ਹੋ ਜਾਣਾ। ਉੱਠ ਕੇ ਖੜੇ ਹੋ ਜਾਣਾ। ਪਿੱਛੇ ਮੁੜ ਕੇ ਵੀ ਨਾ ਵੇਖਣਾ। ਇਸ ਕੰਢੇ ਦੀ ਗੱਲ ਹੀ ਨਾ ਕਰਨਾ। ਮੌਤ ਝੇਂਪ ਜਾਏ ਤੁਹਾਡੀ ਤਿਆਰੀ ਵੇਖ ਕੇ, ਮੌਤ ਸੰਕੋਚ ਕਰਨ ਲੱਗੇ ਕਿ ਤੁਸੀਂ ਏਨੇ ਕਾਹਲੇ ਹੋ ਜਾਣ ਲਈ, ਤਾਂ ਮੌਤ ਹਾਰ ਜਾਂਦੀ ਹੈ।

ਆਪਣੇ ਨੂੰ ਧੋਖਾ ਦੇਣ ਦੀ ਕੋਸ਼ਿਸ਼ ਨਾ ਕਰਨਾ। ਜ਼ਿੰਦਗੀ ਭਰ ਤਾਂ ਚੀਜ਼ਾਂ ਨੂੰ ਫੜਿਆ, ਮਰਨ ਵੇਲੇ ਫਿਰ ਨਾ ਫੜ ਲੈਣਾ। ਜ਼ਿੰਦਗੀ ਭਰ ਸਹਾਰੇ ਫੜੇ, ਸੰਬੰਧ ਫੜੇ, ਹੁਣ ਮਰਨ ਵੇਲੇ ਫਿਰ ਨਾ ਫੜ ਲੈਣਾ। ਨਹੀਂ ਤਾਂ ਫਿਰ ਇਕ ਮੌਕਾ ਗੁਆਚ ਜਾਏਗਾ। ਉਸ ਵੇਲੇ ਤਾਂ ਸਭ ਛੱਡ ਹੀ ਦੇਣਾ। ਜ਼ਿੰਦਗੀ ਭਰ ਪਕੜ ਉੱਤੇ ਧਿਆਨ ਰੱਖਿਆ, ਮਰਨ ਵੇਲੇ ਤਿਆਗ ਨੂੰ ਉਪਲਬਧ ਹੋ ਜਾਣਾ। ਲੇਕਿਨ ਇਹ ਤਦ ਹੀ ਸੰਭਵ (ਮੁਮਕਿਨ) ਹੈ ਜਦ ਜੀਵਨ ਭਰ ਤੁਸੀਂ ਹੌਲੀ-ਹੌਲੀ ਸਾਧਿਆ ਹੋਵੇ।

ਤੁਸੀਂ ਇਹ ਨਾ ਸਮਝਣਾ ਫ਼ਰੀਦ ਦੀ ਬਾਣੀ ਤੋਂ ਕਿ ਚਲੋ ਠੀਕ ਹੋਇਆ, ਮਰਨ ਵੇਲੇ ਵੇਖਾਂਗੇ। ਤਦ ਤਾਂ ਤੁਸੀਂ ਉੱਕ ਜਾਉਗੇ, ਕਿਉਂਕਿ ਮਰਨ ਦੀ ਘੜੀ

ਕੱਲ੍ਹ ਥੋੜ੍ਹੇ ਹੀ ਹੈ, ਹੁਣ ਹੈ ਇਸੀ ਘੜੀ ਹੈ। ਹੁਣੇ ਮੌਤ ਆ ਸਕਦੀ ਹੈ। ਤਿਆਰ ਰਹੋ। ਕੱਲ੍ਹ ਲਈ ਨਾ ਟਾਲਨਾ, ਕਿਉਂਕਿ ਮੌਤ ਜਦ ਵੀ ਆਉਂਦੀ ਹੈ ਹੁਣੇ ਆਉਂਦੀ ਹੈ, ਕੱਲ੍ਹ ਕਦੇ ਨਹੀਂ। ਤੁਸੀਂ ਕਦੇ ਕਿਸੇ ਨੂੰ ਕੱਲ੍ਹ ਕਰਦੇ ਵੇਖਿਆ? ਲੋਕ ਅੱਜ ਮਰਦੇ ਹਨ ਜਦ ਵੀ ਮਰਦੇ ਹਨ। ਹਾਂ, ਕੱਲ੍ਹ ਜੀ ਸਕਦੇ ਹਨ। ਕੱਲ੍ਹ ਦੀ ਕਲਪਣਾ ਵਿਚ ਜੀ ਸਕਦੇ ਹਨ, ਲੇਕਿਨ ਕੱਲ੍ਹ ਮਰ ਨਹੀਂ ਸਕਦੇ ਹਨ, ਮਰਨਗੇ ਤਾਂ ਹੁਣੇ। ਮੌਤ ਸਦਾ ਹੁਣੇ ਘਟਦੀ ਹੈ, ਅੱਜ ਘਟਦੀ ਹੈ।

ਫ਼ਰੀਦ ਜਦ ਤੇਰਾ ਬੁਲਾਵਾ ਆਏ ਤਾਂ ਉੱਠ ਕੇ ਖੜੇ ਹੋ ਜਾਣਾ।

ਉਹ ਇਹ ਕਹਿ ਰਿਹਾ ਹੈ ਕਿ ਲੰਮੇ, ਪਏ-ਪਏ ਵੀ ਨਾ ਮਰਨਾ, ਕਿਤੇ ਮੌਤ ਅਜਿਹਾ ਨਾ ਸਮਝੇ ਕਿ ਜਾਣ ਦੀ ਤੇਰੀ ਇੱਛਾ ਨਹੀਂ ਹੈ, ਅਤੇ ਥੋੜ੍ਹਾ ਰੁਕ ਜਾਣਾ ਚਾਹੁੰਦਾ ਹੈ, ਥੋੜ੍ਹਾ ਹੋਰ ਵਿਸ਼ਰਾਮ (ਆਰਾਮ) ਕਰ ਲੈਣ ਦਾ ਮਨ ਹੈ।

ਉੱਠ ਕੇ ਖੜੇ ਹੋ ਜਾਣਾ ਅਤੇ ਆਪਣੇ-ਆਪ ਨੂੰ ਧੋਖਾ ਨਾ ਦੇਣਾ।

ਜਿਸ ਨੇ ਆਪਣੇ ਨੂੰ ਧੋਖਾ ਨਹੀਂ ਦਿੱਤਾ, ਉਸ ਨੂੰ ਮੌਤ ਰਹਾ ਨਹੀਂ ਪਾਂਦੀ। ਜਿਹੜੇ ਸੁਚੇਤ (ਸਜਗ) ਰਿਹਾ, ਪ੍ਰਵੰਚਨਾ (ਠੱਗਪੁਣਾ-ਛਲ) ਤੋਂ ਮੁਕਤ ਰਿਹਾ, ਹੋਸ਼ ਨੂੰ ਸਾਂਭੀ ਰੱਖਿਆ ਅਤੇ ਜਿਸ ਨੇ ਸਵੀਕਾਰ ਕੀਤਾ ਬੇਸ਼ਰਤ ਭਾਵ ਨਾਲ, ਪਰਮਾਤਮਾ ਜੋ ਵੀ ਕਰੇ, ਮੌਤ ਤਾਂ ਮੌਤ, ਜੀਵਨ ਤਾਂ ਜੀਵਨ—ਜਿਸ ਨੇ ਆਪਣੀ ਮਰਜ਼ੀ ਦੇ ਅਨੁਸਾਰ (ਮੁਤਾਬਿਕ) ਜੀਵਨ ਅਤੇ ਮੌਤ ਨੂੰ ਚਲਾਉਣਾ ਨਹੀਂ ਚਾਹਿਆ, ਸਗੋਂ ਜੋ ਉਸ ਵਿਰਾਟ ਦੀ ਮਰਜ਼ੀ ਨਾਲ ਚੱਲ ਗਿਆ, ਵਗਣ ਲੱਗਾ ਉਸ ਦੇ ਨਾਲ—ਉਹ ਅੰਮ੍ਰਿਤ ਨੂੰ ਉਪਲਬਧ (ਪ੍ਰਾਪਤ) ਹੋ ਜਾਂਦਾ ਹੈ।

ਅੱਜ ਏਨਾ ਹੀ।

ਚੌਥਾ ਪ੍ਰਵਚਨ

ਚੌਥਾ ਪ੍ਰਵਚਨ

ਸਵਾਲ-ਸਾਰ

ਪੱਛਮ ਦਾ ਮੌਤ ਉੱਤੇ ਬਹੁਤ ਅਨਵੇਸ਼ਣ (ਤਲਾਸ਼) ਹੁੰਦਾ ਹੈ। ਕੀ ਧਰਮ ਦੀ ਖੋਜ ਹੈ?

ਧਰਮ ਗ੍ਰੰਥਾਂ ਵਿਚ ਪ੍ਰਾਰਥਨਾਵਾਂ ਮੰਗ ਵਰਗੀਆਂ ਕਿਉਂ ਹਨ?

ਕੀ ਪ੍ਰਕਾਸ਼ ਅਤੇ ਪ੍ਰਗਿਆ (ਗਿਆਨ-ਇਕਾਗਰਤਾ) ਦੀ ਪ੍ਰਾਰਥਨਾ ਵੀ ਮੰਗ ਹੈ?

ਪਰਮਾਤਮਾ ਲਈ ਪ੍ਰੇਮ-ਅਨੁਭੂਤੀ ਨਾਲ ਭਰਨਾ ਕੀ ਉੱਨਤ ਅਤੇ ਸ੍ਰੇਸ਼ਟ ਆਤਮਾ ਦੀ ਸੰਭਾਵਨਾ ਹੈ?

ਅੰਧ-ਵਿਸ਼ਵਾਸ ਅਤੇ ਸ਼ੋਸ਼ਣ (ਨਾਸ਼ ਕਰਨ ਵਾਲੇ) ਉੱਤੇ ਖਲੋਤੇ ਮੰਦਿਰਾਂ ਅਤੇ ਧਰਮਚਾਰੀਆਂ ਦੇ ਚਰਨਾਂ ਵਿਚ ਝੁਕਣਾ ਕੀ ਉਚਿਤ ਹੈ?

ਪਹਿਲਾ ਸਵਾਲ—ਕੱਲ੍ਹ ਦੇ ਪ੍ਰਵਚਨ ਵਿਚ ਤੁਸੀਂ ਮੌਤ ਦੀ ਵਿਸ਼ਾਦ (ਸਾਫ਼-ਸੁਥਰੀ) ਚਰਚਾ ਕੀਤੀ। ਪੱਛਮ ਵਿਚ ਅਜੇ ਮੌਤ ਉੱਤੇ ਬਹੁਤ ਅਨਵੇਸ਼ਣ (ਤਲਾਸ਼) ਹੁੰਦਾ ਹੈ ਅਤੇ ਚਰਚਾ ਵੀ। ਕੀ ਇਹ ਅਣਜਾਣੇ ਹੀ ਧਰਮ ਦੀ ਖੋਜ ਹੈ ?

ਧਰਮ ਦੀ ਖੋਜ ਨਹੀਂ ਧਰਮ ਤੋਂ ਬਚਣ ਦੀ ਖੋਜ ਹੈ।

ਮੌਤ ਦੇ ਸੰਬੰਧ ਵਿਚ ਆਦਮੀ ਦੇ ਦੋ ਉਪਾਇ ਰਹੇ ਹਨ। ਇਕ ਉਪਾਇ ਹੈ—ਮੌਤ ਨੂੰ ਸਵੀਕਾਰ ਕਰ ਲੈਣਾ। ਮੌਤ ਦੀ ਸੱਚਾਈ ਨੂੰ ਪਰਿਪੂਰਣ ਭਾਵ ਨਾਲ ਅੰਗੀਕਾਰ ਕਰ ਲੈਣਾ। ਉਸ ਤਰ੍ਹਾਂ ਧਰਮ ਦੀ ਕ੍ਰਾਂਤੀ ਘਟਿਤ ਹੁੰਦੀ ਹੈ। ਕਿਉਂਕਿ ਜੋ ਮਰਨ ਨੂੰ ਰਾਜ਼ੀ ਹੈ, ਮੌਤ ਉਸ ਦੇ ਸਾਹਮਣੇ ਅਸਫ਼ਲ ਹੋ ਜਾਂਦੀ ਹੈ। ਜੋ ਮਰਨ ਨੂੰ ਸਹਿਜ ਹੀ ਤਿਆਰ ਹੈ, ਉਸ ਲਈ ਮੌਤ ਹੀ ਅੰਮ੍ਰਿਤ ਹੋ ਜਾਂਦੀ ਹੈ।

ਇਕ ਦੂਜੀ ਰਾਹ ਰਹੀ ਹੈ—ਮੌਤ ਨੂੰ ਹਰਾਉਣ ਦੀ—ਕੁਝ ਉਪਾਇ ਲੱਭਣਾ ਹੈ ਕਿ ਆਦਮੀ ਨਾ ਮਰੇ, ਕੁਝ ਅਜਿਹਾ ਕਰਨਾ ਹੈ ਕਿ ਆਦਮੀ ਸਦਾ-ਸਦਾ ਲਈ ਬਚ ਜਾਏ, ਦੇਹ ਨਸ਼ਟ ਨਾ ਹੋਵੇ, ਅੰਤ ਨਾ ਆਏ।

ਪੱਛਮ ਵਿਚ ਜੋ ਮੌਤ ਦੀ ਚਰਚਾ ਚੱਲਦੀ ਹੈ, ਉਹ ਇਸ ਲਈ ਚੱਲਦੀ ਹੈ ਕਿ ਕਿਵੇਂ ਮੌਤ ਨੂੰ ਪਿੱਛੇ ਹਟਾਇਆ ਜਾਏ, ਕਿਵੇਂ ਮੌਤ ਕੋਲੋਂ ਬਚਿਆ ਜਾਏ, ਅਸੀਂ ਕਿਸੇ ਤਰਾਂ ਦੇ ਵਿਗਿਆਨਿਕ ਉਪਾਇ ਲੱਭ ਲਈਏ ਕਿ ਆਦਮੀ ਮਰੇ ਨਾ। ਜੇਕਰ ਕਿਸੇ ਦਿਨ ਅਜਿਹਾ ਹੋ ਜਾਏ ਕਿ ਆਦਮੀ ਨਾ ਮਰੇ ਤਾਂ ਅਧਰਮ ਜਿੱਤ ਜਾਏਗਾ ਧਰਮ ਹਾਰ ਜਾਏਗਾ ਕਿਉਂਕਿ ਜਿਵੇਂ ਹੀ ਮੌਤ ਦੀ ਗੱਲ ਸਮਾਪਤ ਹੋ ਗਈ, ਮੋਖਸ਼ ਦੀ ਗੱਲ ਵੀ ਸਮਾਪਤ ਹੋ ਗਈ। ਜਿਵੇਂ ਹੀ ਮੌਤ ਨੂੰ ਜਿੱਤ ਲਿਆ ਗਿਆ, ਉਵੇਂ ਹੀ ਪਰਮਾਤਮਾ ਬਾਕੀ ਹੀ ਨਾ ਬਚਿਆ।

ਮਨੁੱਖ ਦੇ ਜੀਵਨ ਵਿਚ ਮੁਕਤੀ ਦੀ ਧਾਰਨਾ ਪੈਣਾ ਹੁੰਦੀ ਹੈ ਮੌਤ ਦੇ ਕਾਰਨ, ਜੀਵਨ ਨੂੰ ਬਦਲਣ ਦੀ ਇੱਛਾ ਜਾਗਦੀ ਹੈ, ਮੌਤ ਦੇ ਕਾਰਨ, ਇਹ ਜੀਵਨ ਤਾਂ ਚਲਾ ਜਾਏਗਾ। ਇਸ ਲਈ ਜੋ ਸਮਝਦਾਰ ਹਨ, ਉਹ ਇਸੇ ਜੀਵਨ ਨੂੰ ਜੀਵਨ ਮੰਨਣ ਲਈ ਰਾਜ਼ੀ ਨਹੀਂ ਹੋ ਪਾਉਂਦੇ। ਜੋ ਚਲੇ ਹੀ ਜਾਣਾ ਹੈ ਉਹ ਜੀਵਨ ਨਹੀਂ ਹੈ। ਇਸ ਲਈ ਸ਼ਾਸ਼ਵਤ (ਸਦਾ ਰਹਿਣ ਵਾਲਾ) ਦੀ ਖੋਜ ਹੁੰਦੀ ਹੈ। ਮੌਤ ਦੇ ਕਾਰਨ ਹੀ ਸਾਸ਼ਵਤ ਦੀ ਖੋਜ ਹੁੰਦੀ ਹੈ। ਥੋੜੀ ਦੇਰ ਲਈ ਤੁਸੀਂ

ਸੋਚੋ, ਜੇਕਰ ਮੌਤ ਨਾ ਹੋਵੇ ਤਾਂ ਤੁਸੀਂ ਸ਼ਾਸ਼ਵਤ ਦੀ ਖੋਜ ਕਾਹਦੇ ਲਈ ਕਰੋਗੇ ? ਤੁਸੀਂ ਖ਼ੁਦ ਹੀ ਸ਼ਾਸ਼ਵਤ ਹੋ। ਮੌਤ ਨਾ ਹੋਵੇ ਤਾਂ ਮੁਕਤੀ ਦਾ ਸਵਾਲ ਕਿੱਥੇ ਹੈ ? ਮੁਕਤ ਹੋਣ ਦੀ ਗੱਲ ਹੀ ਵਿਅਰਥ ਹੈ। ਅਤੇ ਮੌਤ ਨਾ ਹੋਵੇ ਤਾਂ ਧਰਮ ਉਸੇ ਘੜੀ ਵਿਦਾ ਹੋ ਜਾਵੇਗਾ। ਪਸ਼ੂਆਂ-ਪੰਛੀਆਂ ਵਿਚ ਧਰਮ ਨਹੀਂ ਹੈ, ਕਿਉਂਕਿ ਉਨ੍ਹਾਂ ਨੂੰ ਆਪਣੀ ਮੌਤ ਦਾ ਪੱਕਾ ਪਤਾ ਨਹੀਂ ਹੈ, ਮਨੁੱਖ ਵਿਚ ਵੀ ਧਰਮ ਸ਼ੂਨਯ ਹੋ ਜਾਏਗਾ, ਜੇਕਰ ਇਹ ਪੱਕਾ ਹੋ ਜਾਏ ਕਿ ਮੌਤ ਨਹੀਂ ਹੋਣ ਵਾਲੀ ਹੈ।

ਇਸ ਨੂੰ ਠੀਕ ਤਰ੍ਹਾਂ ਸਮਝਣਾ ! ਤੁਹਾਡੇ ਜੀਵਨ ਵਿਚ ਮੌਤ ਦਾ ਬੋਧ ਜਿੰਨਾ ਪ੍ਰਗਾੜ ਅਤੇ ਸਪੱਸ਼ਟ ਹੋ ਜਾਏਗਾ ਓਨੇ ਹੀ ਤੁਹਾਡੇ ਪੈਰ ਪਰਮਾਤਮਾ ਵੱਲ ਵਧਣੇ ਸ਼ੁਰੂ ਹੋ ਜਾਣਗੇ। ਜੇਕਰ ਤੁਹਾਨੂੰ ਅਜਿਹਾ ਲੱਗਣ ਲੱਗੇ ਕਿ ਮੌਤ ਕਿਸੇ ਵੀ ਘੜੀ ਘਟਿਤ (ਵਾਪਰਨਾ) ਹੋ ਸਕਦੀ ਹੈ, ਜੋ ਕਿ ਸੱਚ ਹੈ, ਆਉਣ ਵਾਲਾ ਪਲ ਹੋ ਸਕਦਾ ਹੈ ਮੌਤ ਦਾ ਪਲ ਹੋਵੇ, ਹੋ ਸਕਦਾ ਹੈ ਜੋ ਸੁਵਾਸ ਬਾਹਰ ਜਾਂਦੀ ਹੈ ਫਿਰ ਅੰਦਰ ਨਾ ਆਏ—ਤਾਂ ਇਸੇ ਘੜੀ ਤੁਹਾਡਾ ਜੀਵਨ ਦੂਜਾ ਹੋ ਜਾਏਗਾ, ਤੁਹਾਡੇ ਜੀਵਨ ਦਾ ਅਰਥ, ਪੱਖ, ਸਭ ਬਦਲ ਜਾਏਗਾ, ਤੁਸੀਂ ਉਹ ਹੀ ਨਾ ਕਰ ਸਕੋਗੇ ਜੋ ਇਕ ਪਲ ਪਹਿਲਾਂ ਤਕ ਕਰ ਰਹੇ ਸੀ। ਮੌਤ ਦੀ ਘਟਨਾ ਸਭ ਬਦਲ ਦੇਵੇਗੀ।

ਮੈਂ ਸੁਣਿਆ ਹੈ ਇਕ ਯੁਵਕ ਇਕ ਸੰਤ ਦੇ ਕੋਲ ਆਉਂਦਾ ਸੀ। ਇਕ ਹੀ ਸਵਾਲ ਬਾਰ-ਬਾਰ ਪੁੱਛਦਾ ਸੀ। ਸਵਾਲ ਇਹ ਸੀ ਕਿ ਮੈਂ ਤੁਹਾਨੂੰ ਸਭ ਪਾਸਿਓਂ ਵੇਖਿਆ ਅਤੇ ਪਰਖਿਆ, ਵਰ੍ਹਿਆਂ ਤੋਂ ਤੁਹਾਡੀ ਪਛਾਣ ਕੀਤੀ, ਕਿਤੇ ਕੋਈ ਭੁੱਲ ਵਿਖਾਈ ਨਹੀਂ ਪੈਂਦੀ। ਤੁਹਾਡਾ ਜੀਵਨ ਅਜਿਹਾ ਨਿਰਮਲ ਹੈ, ਤੁਹਾਡੇ ਜੀਵਨ ਦੀ ਧਾਰ ਅਜਿਹੀ ਨਿਰਦੋਸ਼ ਹੈ ਕਿ ਕਿਤੇ ਕੋਈ ਮੈਲ ਨਹੀਂ ਵਿਖਾਈ ਦਿੰਦੀ। ਇਸ ਉੱਤੇ ਮੈਨੂੰ ਭਰੋਸਾ ਨਹੀਂ ਆਉਂਦਾ ਕਿ ਆਦਮੀ ਇੰਨਾ ਸ਼ੁੱਧ ਕਿਵੇਂ ਹੋ ਸਕਦਾ ਹੈ। ਮੈਂ ਵੀ ਆਦਮੀ ਹਾਂ ! ਹੋਰ ਵੀ ਆਦਮੀ ਹਨ, ਤੁਸੀਂ ਵਿਸ਼ਵਾਸ ਦੇ ਲਾਇਕ ਮਾਲੂਮ ਨਹੀਂ ਹੁੰਦੇ। ਲੱਗਦਾ ਹੈ ਇਕ ਸੁਫ਼ਨਾ ਹੈ, ਹੋ ਨਹੀਂ ਸਕਦਾ। ਹੋਰ ਜੇਕਰ ਹੋਵੇ ਤਾਂ ਮੇਰੀ ਖੋਜ ਵਿਚ ਕਿਤੇ ਕਮੀ ਰਹਿ ਗਈ ਹੈ, ਭੁੱਲ-ਚੁੱਕ ਕਿਤੇ ਲੁਕੀ ਹੋਵੇਗੀ ! ਆਦਮੀ-ਮਾਤਰ ਵਿਚ ਭੁੱਲ-ਚੁੱਕ ਹੈ। ਮੈਂ ਲੱਭ ਨਾ ਸਕਿਆ ਹੋਵਾਂਗਾ। ਤੁਸੀਂ ਇਸ ਭਾਂਤ ਢੱਕਿਆ ਹੋਏਗਾ ਪਰਤ-ਦਰ-ਪਰਤ ਕਿ ਮੈਂ ਉਘਾੜ ਨਹੀਂ ਪਾਉਂਦਾ ਹੋਵਾਂਗਾ। ਮੇਰੀ ਲੱਭਣ ਦੀ ਸਾਮਰਥ ਤੁਹਾਡੇ ਲੁਕਾਉਣ ਦੀ ਸਾਮਰਥ ਨਾਲੋਂ ਘੱਟ ਹੋਏਗੀ, ਅਜਿਹਾ ਸ਼ੱਕ ਮਨ 'ਚ ਹੁੰਦਾ ਹੈ।

ਸੰਤ ਸੁਣਦਾ ਰਿਹਾ। ਲੇਕਿਨ ਇਹ ਬਾਰ-ਬਾਰ ਚੁਕਿਆ ਗਿਆ ਸੀ ਸਵਾਲ ਤਾਂ ਇਕ ਦਿਨ ਸੰਤ ਨੇ ਕਿਹਾ—ਹੁਣ ਜਵਾਬ ਦੇ ਦੇਣਾ ਜ਼ਰੂਰੀ ਹੈ। ਤੇਰਾ ਹੱਥ ਵੇਖਣਾ ਚਾਹੁੰਦਾ ਹਾਂ।

ਨੌਜਵਾਨ ਕੁਝ ਸਮਝਿਆ ਨਹੀਂ ਕਿ ਹੱਥ ਵੇਖਣ ਨਾਲ ਮੇਰੇ ਸਵਾਲ ਦਾ ਕੀ ਸੰਬੰਧ ਹੋਏਗਾ ? ਹੱਥ ਸੰਤ ਨੇ ਵੇਖਿਆ ਅਤੇ ਕਿਹਾ ਕਿ ਕਹਿਣਾ ਤਾਂ ਨਹੀਂ ਚਾਹੀਦਾ, ਲੇਕਿਨ ਸਤਯ ਨੂੰ ਲੁਕਾਉਣਾ ਠੀਕ ਨਹੀਂ ਹੈ। ਕਲ੍ਹ ਸਵੇਰੇ ਸੂਰਜ ਚੜ੍ਹਨ ਦੇ ਨਾਲ ਹੀ ਤੇਰਾ ਅੰਤ ਹੋ ਜਾਏਗਾ, ਇਧਰ ਸੂਰਜ ਚੜ੍ਹਿਆ ਉਧਰ ਤੇਰਾ ਸੂਰਜ ਡੁੱਬ ਜਾਏਗਾ। ਤੇਰੇ ਮਰਨ ਦੀ ਘੜੀ ਨੇੜੇ ਆ ਗਈ ਹੈ। ਤੇਰੀ ਉਮਰ ਦੀ ਰੇਖਾ (ਲਕੀਰ) ਕੱਟ ਗਈ ਹੈ। ਕਈ ਵਾਰੀ ਤੇਰੇ ਹੱਥ 'ਤੇ ਨਜ਼ਰ ਗਈ, ਲੇਕਿਨ ਮੈਂ ਸੋਚਦਾ ਸੀ, ਅਜੇ ਤਾਂ ਦੇਰ ਹੈ, ਅਜੇ ਤਾਂ ਦੇਰ ਹੈ, ਅਜੇ ਕਿਉਂ ਮਰਨ ਤੋਂ ਪਹਿਲਾਂ ਮਾਰ ਦੇਣਾ। ਲੇਕਿਨ ਹੁਣ ਦੇਰ ਨਹੀਂ ਹੈ। ਇਹ ਆਖ਼ਰੀ ਮਿਲਣ ਹੈ। ਕੱਲ੍ਹ ਸਵੇਰ ਤੋਂ ਬਾਅਦ ਤਾ ਫਿਰ ਤੂੰ ਮਿਲ ਨਹੀਂ ਸਕੇਂਗਾ ਮੈਨੂੰ। ਹੁਣ ਮੈਂ ਨਿਸਚਿੰਤ ਹੋਇਆ। ਇਹ ਤੈਨੂੰ ਕਹਿ ਦਿੱਤਾ, ਮੇਰਾ ਬੋਝ ਹਲਕਾ ਹੋਇਆ। ਹੁਣ ਤੂੰ ਪੁੱਛ ਕੀ ਪੁੱਛਣਾ ਹੈ ?

ਉਹ ਜਿਹੜਾ ਸਵਾਲ ਸਦਾ ਤੋਂ ਉਸ ਨੌਜਵਾਨ ਨੇ ਪੁੱਛਿਆ ਸੀ, ਭੁੱਲ ਗਿਆ। ਜਦ ਆਪਣੀ ਮੌਤ ਆ ਗਈ ਹੋਵੇ ਤਾਂ ਕਿਸ ਵਿਚ ਦੋਸ਼ ਹੈ, ਕਿਸ ਵਿਚ ਦੋਸ਼ ਨਹੀਂ ਹੈ—ਕਿਸ ਨੂੰ ਮਤਲਬ ਹੈ ? ਇਹ ਤਾ ਸੌਖੀਆਂ ਘੜੀਆਂ ਦੀ ਗੱਲਬਾਤ ਹੈ। ਉਹ ਉੱਠ ਕੇ ਖੜਾ ਹੋ ਗਿਆ। ਉਸ ਨੇ ਕਿਹਾ ਕਿ ਅਜੇ ਮੈਨੂੰ ਕੋਈ ਸਵਾਲ ਨਹੀਂ ਸੁੱਝਦਾ। ਅਜੇ ਮੈਨੂੰ ਘਰ ਜਾਣ ਦਿਉ।

ਸੰਤ ਨੇ ਕਿਹਾ, ਰੁਕੋ ਵੀ। ਇੰਨੀ ਛੇਤੀ ਕੀ ਹੈ ? ਕੱਲ੍ਹ ਸਵੇਰੇ ਨੂੰ ਅਜੇ ਕਾਫ਼ੀ ਦੇਰ ਹੈ। ਅਜੇ ਤਾਂ ਦਿਨ ਪਿਆ ਹੈ, ਰਾਤ ਪਈ ਹੈ—ਚੌਵੀ ਘੰਟੇ ਲੱਗਣਗੇ, ਇੰਨੀ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਹੈ।

ਉਸ ਨੌਜਵਾਨ ਨੇ ਕਿਹਾ, ਗੱਲਬਾਤ ਬੰਦ ਕਰੋ। ਮੇਰੀ ਮੌਤ ਆ ਗਈ ਹੈ, ਤੁਹਾਨੂੰ ਇਥੇ ਬੈਠ ਕੇ ਬਕਵਾਸ ਕਰਨ ਦੀ ਪਈ ਹੈ।

ਸੰਤ ਨੇ ਕਿਹਾ—ਲੇਕਿਨ ਭਾਈ ਤੂੰ ਸਦਾ ਇਕ ਸਵਾਲ ਪੁੱਛਦਾ ਸੀ, ਫਿਰ ਕਦੇ ਨਹੀਂ ਪੁੱਛ ਸਕੇਂਗਾ, ਕਿਉਂਕਿ ਕੱਲ੍ਹ ਸਵੇਰੇ ਤਾਂ ਤੂੰ ਵਿਦਾ ਹੋ ਜਾਏਂਗਾ। ਅੱਜ ਮੈਂ ਉਸ ਦਾ ਜਵਾਬ ਦੇਣ ਲਈ ਤਿਆਰ ਹਾਂ।

ਉਸ ਨੌਜਵਾਨ ਨੇ ਕਿਹਾ—ਰੱਖੋ ਆਪਣੇ ਜਵਾਬ ਆਪਣੇ ਕੋਲ। ਮੈਨੂੰ ਘਰ ਜਾਣ ਦਿਓ। ਮੈਨੂੰ ਫੜੋ ਨਾ।

ਉਸ ਦੇ ਹੱਥ ਪੈਰ ਕੰਬ ਰਹੇ ਹਨ। ਹੁਣੇ ਆਇਆ ਸੀ ਬਲ ਨਾਲ ਭਰਿਆ। ਹੁਣੇ ਪੈਰ ਰੱਖਦਾ ਸੀ ਤਾਂ ਤਾਕਤ ਸੀ। ਹੁਣ ਸ਼ਕਤੀ ਗੁਆਚ ਗਈ। ਕਿਤੇ ਕੁਝ ਬਦਲਾਹਟ ਨਹੀਂ ਹੋਈ ਹੈ, ਸਭ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਹੈ। ਕੋਈ ਬੀਮਾਰ ਨਹੀਂ ਹੋ ਗਿਆ ਹੈ ਅਚਾਨਕ, ਲੇਕਿਨ ਤੰਦਰੁਸਤੀ ਗੁਆਚ ਗਈ। ਬੀਮਾਰੀ ਤਾਂ ਨਹੀਂ ਆਈ। ਤੰਦਰੁਸਤੀ ਜਾ ਚੁੱਕੀ। ਉਤਰਿਆ। ਆਇਆ ਸੀ ਤਾਂ ਸੀੜ੍ਹੀਆਂ ਉੱਤੇ ਚੜ੍ਹਨ ਵਿਚ ਇਕ ਨਾਚ ਸੀ, ਜਵਾਨੀ ਸੀ। ਪਰਤਿਆ ਤਾਂ ਪੌੜੀਆਂ ਦੇ ਕੋਲ ਦੀ ਕੰਧ ਦਾ ਸਹਾਰਾ ਲੈ ਕੇ ਉਤਰਨ ਲੱਗਾ। ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਪੈਰ ਕੰਬਣ ਲੱਗੇ।

ਫ਼ਕੀਰ ਨੇ ਕਿਹਾ—ਭਾਈ, ਅਜਿਹੀ ਕੀ ਗੱਲ ਹੈ? ਹੁਣੇ ਆਇਆ ਸੀ, ਤਾਂ ਭਲਾ ਚੰਗਾ ਸੀ, ਹੁਣ ਇੰਨਾ ਕੀ ਪ੍ਰੇਸ਼ਾਨ ਹੋ ਰਿਹਾ ਹੈਂ? ਇਸ ਤਰ੍ਹਾਂ ਕੀ ਕੰਧ ਫੜ ਰਿਹਾ ਹੈਂ? ਜੁਆਨ ਆਦਮੀ ਹੈਂ।

ਲੇਕਿਨ ਹੁਣ ਉਸ ਨੂੰ ਕੁਝ ਸੁਣਾਈ ਨਹੀਂ ਪਿਆ, ਕੰਨ ਜਿਵੇਂ ਬੋਲੇ ਹੋ ਗਏ, ਅੱਖਾਂ ਅੰਨ੍ਹੀਆਂ ਹੋ ਗਈਆਂ।

ਸਾਰੀਆਂ ਇੰਦ੍ਰੀਆਂ ਦੀ ਖੇਡ ਹੈ ਜਦ ਤਕ ਜੀਵਨ ਹੈ। ਜਦ ਜੀਵਨ ਹੀ ਜਾਂਦਾ ਹੋਵੇ ਤਾਂ ਸਾਰੀਆਂ ਇੰਦ੍ਰੀਆਂ ਉਦਾਸ ਹੋ ਗਈਆਂ। ਉਹ ਘਰ ਜਾ ਕੇ ਬਿਸਤਰੇ ਨਾਲ ਲੱਗ ਗਿਆ। ਘਰ ਦੇ ਲੋਕਾਂ ਨੇ ਕਿਹਾ—ਕੀ ਹੋਇਆ ਹੈ? ਕੋਈ ਬੀਮਾਰੀ ਹੋ ਗਈ ਹੈ, ਕੋਈ ਦੁੱਖ, ਕੋਈ ਚਿੰਤਾ, ਕੋਈ ਪੀੜਾ?

ਉਸ ਨੌਜਵਾਨ ਨੇ ਕਿਹਾ, ਨਾ ਕੋਈ ਬੀਮਾਰੀ ਹੈ, ਨਾ ਕੋਈ ਚਿੰਤਾ ਹੈ, ਨਾ ਦੁੱਖ ਹੈ, ਪਰ ਸਭ ਗਿਆ। ਚਿੰਤਾ ਵੀ ਨਹੀਂ ਹੈ। ਚਿੰਤਾ ਕੀ ਕਰਨੀ ਹੈ? ਇਕ ਦਮ ਸ਼ੂਨਯ (0) ਹੋ ਗਿਆ ਹਾਂ। ਸਭ ਡਗਮਗਾ ਗਿਆ ਹੈ। ਅੰਦਰ ਇਕ ਕਪਕਪੀ ਹੈ। ਮਰਨਾ ਹੈ ਕਲ੍ਹ ਸਵੇਰੇ। ਫ਼ਕੀਰ ਨੇ ਕਿਹਾ ਹੈ—ਉਮਰ ਦੀ ਰੇਖਾ ਕੱਟ ਗਈ ਹੈ।

ਬਾਰ-ਬਾਰ ਆਪਣਾ ਹੱਥ ਵੇਖਦਾ ਹੈ, ਰੇਖਾ ਵੇਖਦਾ ਹੈ। ਘਰ ਦੇ ਲੋਕ ਰੋਣ-ਪਿੱਟਣ ਲੱਗੇ। ਮੁਹੱਲੇ-ਗੁਆਂਢ ਦੇ ਲੋਕੀਂ ਇਕੱਠੇ ਹੋ ਗਏ। ਦੂਜੇ ਦਿਨ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉਹ ਨੌਜਵਾਨ ਬੁਝੀ-ਬੁਝੀ ਹਾਲਤ ਵਿਚ ਹੋ ਗਿਆ। ਹੁਣ ਗਿਆ ਕਿ ਘੜੀ ਕੁ ਗਿਆ, ਜਿਸ ਤਰ੍ਹਾਂ ਦੀਵਾ ਆਖ਼ਰੀ ਟਿਕਟਿਮਾਹਟ ਲੈਂਦਾ ਹੈ। ਤਦੇ ਹੀ ਫ਼ਕੀਰ ਨੇ ਦਰਵਾਜ਼ੇ 'ਤੇ ਦਸਤਕ ਦਿੱਤੀ। ਪਤਨੀ ਰੋ ਰਹੀ ਸੀ, ਪਿਓ ਰੋ ਰਿਹਾ ਸੀ, ਮਾਂ ਰੋ ਰਹੀ ਸੀ, ਬੱਚੇ ਰੋ ਰਹੇ ਸਨ, ਮਹੱਲਾ ਇਕੱਠਾ ਸੀ। ਫ਼ਕੀਰ ਨੇ ਕਿਹਾ—ਰੋਵੋ ਨਾ। ਮੈਨੂੰ ਅੰਦਰ ਜਾਣ ਦਿਓ। ਚੁੱਪ ਹੋ ਜਾਓ।

ਉਸ ਨੌਜਵਾਨ ਨੂੰ ਹਿਲਾਇਆ—ਅੱਖਾਂ ਖੋਲ੍ਹ। ਉਸ ਨੇ ਅੱਖਾਂ ਖੋਲ੍ਹੀਆਂ, ਲੇਕਿਨ ਪਛਾਣ ਨਾ ਸਕਿਆ ਕਿ ਕੌਣ ਖਲੋਤਾ ਹੈ। ਪ੍ਰਤਯਭਿਗਿਆ (ਸਿਮ੍ਰਤੀ ਦੀ ਪਛਾਣ) ਨਸ਼ਟ ਹੋ ਗਈ। ਫ਼ਕੀਰ ਨੇ ਕਿਹਾ ਤੇਰੇ ਸਵਾਲ ਦਾ ਜਵਾਬ ਦੇਣ ਆਇਆ ਹਾਂ।

ਉਸ ਨੌਜਵਾਨ ਨੇ ਕਿਹਾ—ਬੰਦ ਵੀ ਕਰੋ। ਸਵਾਲ ਦਾ ਜਵਾਬ ਮੰਗਦਾ ਕੌਣ ਹੈ ? ਉਸ ਫ਼ਕੀਰ ਨੇ ਕਿਹਾ—ਲੇਕਿਨ ਜੋ ਮੈਂ ਤੇਰੇ ਇਸ ਹੱਥ ਦੀ ਰੇਖਾ ਦੀ ਗੱਲ ਕੀਤੀ ਹੈ; ਇਹ ਤੇਰੇ ਸਵਾਲ ਦਾ ਜਵਾਬ ਹੈ। ਅਜੇ ਤੇਰੀ ਮੌਤ ਆਈ ਨਹੀਂ ਹੈ। ਮੈਂ ਤੈਨੂੰ ਇਹ ਪੁੱਛਦਾ ਹਾਂ ਕਿ ਇਨ੍ਹਾਂ ਚੌਵੀ ਘੰਟਿਆਂ ਵਿਚ ਤੂੰ ਕੋਈ ਪਾਪ ਕੀਤਾ ? 'ਸਵਾਲ ਦਾ ਜਵਾਬ ਹੈ ?' ਉਹ ਨੌਜਵਾਨ ਉੱਠ ਕੇ ਬੈਠ ਗਿਆ। ਤਾਂ ਮੌਤ ਨਹੀਂ ਆ ਰਹੀ ਹੈ ?

ਫ਼ਕੀਰ ਨੇ ਕਿਹਾ—ਇਹ ਸਿਰਫ਼ ਮਜ਼ਾਕ ਸੀ, ਸਿਰਫ਼ ਇਹ ਦੱਸਣ ਲਈ ਕਿ ਜੇਕਰ ਮੌਤ ਆਉਂਦੀ ਹੋਵੇ ਤਾਂ ਆਦਮੀ ਦੇ ਜੀਵਨ 'ਚੋਂ ਪਾਪ ਮੁੱਕ ਜਾਂਦਾ ਹੈ। ਚੌਵੀ ਘੰਟਿਆਂ ਵਿਚ ਕੋਈ ਪਾਪ ਕੀਤਾ ? ਕਿਸੇ ਨੂੰ ਦੁੱਖ ਪਹੁੰਚਾਇਆ ?

ਉਸ ਨੌਜਵਾਨ ਨੇ ਕਿਹਾ—ਦੁੱਖ ਦੀ ਗੱਲ ਕਰਦੇ ਹੋ—ਦੁਸ਼ਮਣਾਂ ਤੋਂ ਮਾਫ਼ੀ ਮੰਗ ਲਈ। ਸਿਵਾਏ ਪ੍ਰਾਰਥਨਾ ਦੇ ਇਨ੍ਹਾਂ ਚੌਵੀ ਘੰਟਿਆਂ ਵਿਚ ਕੁਝ ਵੀ ਨਹੀਂ ਕੀਤਾ ਹੈ।

ਫ਼ਕੀਰ ਨੇ ਕਿਹਾ—ਕਿ ਮੇਰੇ ਜੀਵਨ ਵਿਚ ਵੀ ਜੋ ਤੈਨੂੰ ਪਵਿੱਤਰਤਾ ਵਿਖਾਈ ਦਿੰਦੀ ਹੈ, ਉਹ ਮੌਤ ਦੇ ਗਿਆਨ ਦੇ ਕਾਰਨ ਹੈ। ਤੈਨੂੰ ਚੌਵੀ ਘੰਟਿਆਂ ਬਾਅਦ ਮੌਤ ਵਿਖਾਈ ਪੈਂਦੀ ਹੈ, ਮੈਨੂੰ ਚੌਵੀ ਸਾਲਾਂ ਬਾਅਦ ਮੌਤ ਵਿਖਾਈ ਪੈਂਦੀ ਹੈ—ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਹੈ ! ਮੌਤ ਹੈ ! ਮੌਤ ਦਾ ਹੋਣਾ ਕਾਫ਼ੀ ਹੈ। ਸੱਤਰ ਸਾਲਾਂ ਜਾਂ ਸੱਤਰ ਦਿਨਾਂ ਬਾਅਦ ਉਹ ਆਏਗੀ—ਇਸ ਨਾਲ ਕੀ...? ਇਹ ਤਾਂ ਬਿਓਰੇ ਦੀ ਗੱਲ ਹੈ। ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ, ਆ ਰਹੀ ਹੈ ! ਜਿਹੜੀ ਆ ਰਹੀ ਹੈ ਉਹ ਆ ਗਈ ਹੈ। ਉਸ ਨੇ ਮੇਰੇ ਜੀਵਨ ਨੂੰ ਬਦਲ ਦਿੱਤਾ ਹੈ।

ਮੌਤ ਦਾ ਬੋਧ (ਗਿਆਨ) ਜੀਵਨ ਨੂੰ ਰੂਪਾਂਤਰਿਤ ਕਰਦਾ ਹੈ, ਜੀਵਨ ਨੂੰ ਪੁੰਨ ਦੀ ਮਹਿਮਾ ਨਾਲ ਭਰਦਾ ਹੈ, ਜੀਵਨ ਨੂੰ ਪਵਿੱਤਰਤਾ ਦੀ ਸੁਆਸ ਨਾਲ ਭਰਦਾ ਹੈ, ਜੀਵਨ ਨੂੰ ਖੰਭ ਦਿੰਦਾ ਹੈ ਪਰਲੋਕ ਜਾਣ ਦੇ, ਪਰਲੋਕ ਦੀ ਅਭੀਪਸ਼ਾ (ਇੱਛਾ) ਦਿੰਦਾ ਹੈ, ਪਰਮਾਤਮਾ ਦੀ ਖੋਜ ਦੀ ਅਕਾਂਕਸ਼ਾ (ਇੱਛਾ) ਜਗਾਉਂਦਾ ਹੈ।

ਲੇਕਿਨ ਪੱਛਮ ਵਿਚ ਜਿਹੜੀ ਖੋਜ ਚੱਲਦੀ ਹੈ ਮੌਤ ਦੀ, ਉਹ ਧਰਮ ਦੀ ਖੋਜ ਨਹੀਂ ਹੈ, ਉਹ ਧਰਮ ਤੋਂ ਬਚਣ ਦੀ ਖੋਜ ਹੈ—ਕਿਵੇਂ ਅਸੀਂ ਮੌਤ ਨੂੰ ਜਿੱਤ ਲਈਏ, ਕਿਵੇਂ ਆਦਮੀ ਨੂੰ ਲੰਬਾਇਆ ਜਾ ਸਕੇ ? ਜੇਕਰ ਦਿਲ ਟੁੱਟ ਜਾਂਦਾ ਹੈ ਤਾਂ ਕਿਵੇਂ ਪਲਾਸਟਿਕ ਦਾ ਦਿਲ ਲਗਾਇਆ ਜਾ ਸਕੇ ਜਿਹੜੇ ਕਦੇ ਨਾ ਟੁੱਟੇ ਜਾਂ ਕਦੇ ਵਿਗੜ ਵੀ ਜਾਏ ਤਾਂ ਦੂਜਾ ਪਲਾਸਟਿਕ ਦਾ ਦਿਲ ਪੈਟ੍ਰੋਲ ਪੰਪ ਤੋਂ ਲਿਆ ਜਾ ਸਕੇ। ਕਦੇ ਕੁਝ ਗੜਬੜ ਹੋ ਜਾਏ ਤਾਂ ਸਰੀਰ ਨੂੰ ਜਾ ਕੇ ਗੈਰਿਜ ਵਿਚ ਖੜਾ ਕਰ ਦਿੱਤਾ—ਨੱਟ ਬੋਲਟ ਦੀ ਗੱਲ ਰਹਿ ਜਾਏ, ਜੀਵਨ ਟੈਕਨੀਕੀ ਹੋ ਜਾਏ। ਹੱਡੀ ਟੁੱਟ ਜਾਂਦੀ ਹੈ, ਉਹ ਸਟੀਲ ਦੀ ਹੋ ਸਕਦੀ ਹੈ ਕੱਲ੍ਹ। ਖ਼ੂਨ ਖ਼ਰਾਬ ਹੋ ਜਾਂਦਾ ਹੈ, ਉਹ ਪੂਰੇ ਦਾ ਪੂਰਾ ਬਦਲਿਆ ਜਾ ਸਕਦਾ ਹੈ। ਖ਼ੂਨ ਦੀ ਜ਼ਰੂਰਤ ਕੀ ਹੈ ? ਰਸਾਇਣਕ ਦ੍ਰਵ (ਲਿਕੁਅਡ) ਉਸ ਦੀ ਥਾਂ ਵਗ ਸਕਦੇ ਹਨ। ਜਿਹੜੇ ਜ਼ਿਆਦਾ ਸ਼ੁੱਧ ਹੋਣਗੇ। ਸਰੀਰ ਨੂੰ ਇਸ ਭਾਂਤ ਕਰ ਲੈਣਾ ਹੈ ਕਿ ਉਹ ਯੰਤਰ ਮਾਤਰ ਹੋ ਜਾਏ ਤਾਂ ਫਿਰ ਉਸ ਵਿਚ ਪੁਰਜ਼ੇ ਵਿਗੜ ਜਾਣ, ਤਾਂ ਬਦਲਦੇ ਜਾਓ ਅਤੇ ਅੰਤ ਕਾਲ ਤਕ ਸਰੀਰ ਨੂੰ ਚਲਾਉਂਦੇ ਜਾਓ—ਉਹ ਕਦੇ ਬੁੱਢਾ ਨਾ ਹੋਵੇ—ਉਹ ਕਦੇ ਜਾਰਾ-ਜੀਰਣ (ਟੁੱਟਿਆ ਖੁੱਸਿਆ ਖੰਡਰ) ਨਾ ਹੋਵੇ।

ਤੁਸੀਂ ਥੋੜ੍ਹੀ ਦੇਰ ਸੋਚੋ—ਇਹ ਜਿਹੜੀ ਇੱਛਾ ਹੈ ਮੌਤ ਨੂੰ ਜਿੱਤ ਲੈਣ ਦੀ ਇਹ ਜੀਵਨ ਦੇ ਸਾਹਮਣੇ ਸਭ ਤੋਂ ਵੱਡਾ ਸੰਘਰਸ਼ ਹੈ। ਇਹ ਯੁੱਧ ਵਾਲੇ ਮਨ ਦੀ ਇੱਛਾ ਹੈ। ਪਹਿਲਾਂ ਵਿਗਿਆਨ ਨੇ ਪ੍ਰਕ੍ਰਿਤੀ (ਕੁਦਰਤ-ਨੇਚਰ) ਨੂੰ ਜਿੱਤਣਾ ਚਾਹਿਆ, ਹੁਣ ਕੁਦਰਤ ਉੱਤੇ ਜਿੱਤ ਕਾਫ਼ੀ ਦੂਰ ਤਕ ਹੋ ਗਈ ਹੈ, ਹੁਣ ਉਹ ਪਰਮਾਤਮਾ ਨੂੰ ਵੀ ਜਿੱਤ ਲੈਣਾ ਚਾਹੁੰਦਾ ਹੈ। ਫਿਰ ਕੋਈ ਮੰਦਿਰ ਨਹੀਂ ਹੋਏਗਾ, ਨਾ ਕੋਈ ਪ੍ਰਾਰਥਨਾ ਹੋਏਗੀ, ਨਾ ਧਿਆਨ ਦਾ ਕੋਈ ਸਵਾਲ ਹੋਏਗਾ। ਤੁਸੀਂ ਜੀਉਂਦੇ ਰਹੋਗੇ ਜਦ ਕਿ ਜੀਵਨ ਵਰਗਾ ਸਭ ਕੁਝ ਵਿਦਾ ਹੋ ਜਾਏਗਾ, ਕਿਉਂਕਿ ਜੰਤਰ ਦਾ ਕੀ ਜੀਵਨ ?

ਥੋੜ੍ਹੀ ਦੇਰ ਲਈ ਸੋਚੋ—ਤੁਹਾਡੇ ਅੰਦਰ ਸਭ ਕਲ-ਪੁਰਜ਼ੇ ਚੱਲ ਰਹੇ ਹਨ—ਕੀ ਜੀਵਨ ਹੋਏਗਾ ਤੁਹਾਡਾ ? ਤੁਹਾਡੀ ਕੀ ਆਤਮਾ ਹੋਏਗੀ ? ਆਤਮਾ ਤੁਹਾਡੀ ਨਿੱਜਤਾ ਵਿਚ ਹੈ, ਤੁਹਾਡੇ ਵਿਅਕਤਿਤਵ (ਪ੍ਰਸਨੈਲਿਟੀ) ਵਿਚ ਹੈ, ਤੁਹਾਡੇ ਅਨੂਠੇਪਨ ਵਿਚ ਹੈ, ਤੁਹਾਡੀ ਅਦਿੱਵਤੀਅਤਾ (ਬੇਜੋੜ) ਵਿਚ ਹੈ। ਜੰਤਰ ਤਾਂ ਜੰਤਰ ਹੀ ਹੋਣਗੇ, ਉਨ੍ਹਾਂ ਵਿਚ ਤੁਹਾਡੀ ਕੋਈ ਵਚਿੱਤਰਤਾ ਨਹੀਂ ਰਹਿ ਜਾਏਗੀ। ਵਿਗਿਆਨ ਮੌਤ ਦੇ ਸੰਬੰਧ ਵਿਚ ਸੋਚਦਾ ਹੈ—ਮੌਤ ਨੂੰ ਜਿੱਤਣ ਲਈ। ਧਰਮ ਮੌਤ ਦੇ ਸੰਬੰਧ ਵਿਚ ਸੋਚਦਾ ਹੈ—ਮੌਤ ਨੂੰ ਸਵੀਕਾਰ ਕਰਨ ਲਈ। ਇਨ੍ਹਾਂ ਵਿਚ ਕ੍ਰਾਂਤੀਕਾਰੀ ਫ਼ਰਕ ਹਨ। ਧਰਮ ਕਹਿੰਦਾ ਹੈ—ਜੋ ਹੈ ਉਸ ਨੂੰ ਸਵੀਕਾਰ ਕਰ

ਲਓ। ਉਸ ਨਾਲ ਲੜਨਾ ਵਿਅਰਥ ਹੈ। ਅੰਸ਼ ਅੰਸ਼ੀ ਨਾਲ ਲੜੇਗਾ ਤਾਂ ਕਿਵੇਂ ਜਿੱਤੇਗਾ, ਖੰਡ ਅਖੰਡ ਨਾਲ ਲੜੇਗਾ ਤਾਂ ਹਾਰ ਨਿਸ਼ਚਿਤ ਹੈ। ਹੋਰ ਲੜਨ ਵਿਚ ਜੋ ਵਕਤ ਗਿਆ, ਸ਼ਕਤੀ ਗਈ, ਉਹ ਹੀ ਸਵਕਤ ਅਤੇ ਸ਼ਕਤੀ ਜੀਵਨ ਦੇ ਆਨੰਦ ਨੂੰ ਭੋਗਣ ਵਿਚ ਬਤੀਤ ਹੋ ਸਕਦਾ ਸੀ। ਤੁਸੀਂ ਲੜੋ ਹੀ ਨਾ, ਬਹੋ।

ਧਰਮ ਕਹਿੰਦਾ ਹੈ—ਸਮਰਪਣ! ਵਿਗਿਆਨ ਕਹਿੰਦਾ ਹੈ—ਸੰਘਰਸ਼! ਮੌਤ ਦੇ ਸੰਬੰਧ ਵਿਚ ਵੀ ਦੋ ਹੀ ਦ੍ਰਿਸ਼ਟੀਕੋਣ ਹਨ। ਜਾਂ ਤਾਂ ਸੰਘਰਸ਼ ਜਾਂ ਸਮਰਪਣ।

ਸਮਰਪਣ ਹੀ ਦੁਆਰ ਹੈ। ਜੇਕਰ ਤੁਸੀਂ ਸਮਰਪਣ ਕੀਤਾ ਤਾਂ ਮੌਤ ਜਿੱਤ ਲਈ ਜਾਂਦੀ ਹੈ—ਬਹੁਤ ਡੂੰਘੇ ਅਰਥਾਂ ਵਿਚ। ਸਰੀਰ ਦੀ ਮੌਤ ਨਹੀਂ ਜਿੱਤੀ ਜਾਂਦੀ, ਲੇਕਿਨ ਆਤਮਾ ਦੀ ਮੌਤ ਜਿੱਤ ਲਈ ਜਾਂਦੀ ਹੈ। ਸਰੀਰ ਤਾਂ ਮਰੇਗਾ, ਮਰਨਾ ਹੀ ਚਾਹੀਦਾ, ਕਿਉਂਕਿ ਜੀਵਨ ਨਿੱਤ ਨਵਾਂ ਹੁੰਦਾ ਹੈ। ਪੁਰਾਣੇ ਹੀ ਦਰੱਖ਼ਤ ਖਲੋਤੇ ਰਹਿਣ ਤਾਂ ਨਵੇਂ ਦਰੱਖ਼ਤਾਂ ਦੇ ਜਨਮ ਦਾ ਉਪਾਇ ਨਾ ਰਹਿ ਜਾਏਗਾ। ਪੁਰਾਣੇ ਹੀ ਫੁੱਲ ਪੌਦਿਆਂ 'ਤੇ ਲੱਗੇ ਰਹਿਣ ਤਾਂ ਨਵੇਂ ਫੁੱਲ ਕਿੱਥੇ ਅੰਕੁਰਿਤ ਹੋਣਗੇ, ਕਿਵੇਂ ਅੰਕੁਰਿਤ ਹੋਣਗੇ? ਪੁਰਾਣਾ ਹੀ ਬਣਿਆ ਰਹੇ ਤਾਂ ਨਵੇਂ ਦਾ ਆਉਣਾ ਬੰਦ ਹੋ ਜਾਏਗਾ। ਬੁੱਢੇ ਹੀ ਬਚੇ ਰਹਿਣ ਤਾਂ ਬੱਚੇ ਦਾ ਪ੍ਰਵਾਹ, ਬੱਚਿਆਂ ਦੀ ਧਾਰਾ ਅਵਰੁੱਧ (ਰੁਕ ਜਾਣਾ) ਹੋ ਜਾਏਗੀ! ਜੀਵਨ ਤਾਂ ਨਿੱਤ ਨਵਾਂ ਹੁੰਦਾ ਹੈ। ਤੁਸੀਂ ਜੀਵਨ ਲਈ ਮੋਹ-ਗ੍ਰਸਤ (ਮੋਹ 'ਚ ਖੁੱਭ ਜਾਣਾ) ਨਾ ਬਣੋ। ਇਹ ਹੱਠ ਨਾ ਕਰੋ ਕਿ ਮੈਂ ਇਸੇ ਢੰਗ ਦਾ ਬਣਿਆ ਰਹਾਂ ਜਿਹੋ ਜਿਹਾ ਹਾਂ। ਤੁਸੀਂ ਪਰਮਾਤਮਾ ਨੂੰ ਮੌਕਾ ਦਿਓ ਕਿ ਉਹ ਤੁਹਾਨੂੰ ਨਿੱਤ ਨਵਾਂ ਕਰਦਾ ਜਾਏ।

ਮੌਤ ਤੁਹਾਨੂੰ ਨਵਾਂ ਕਰਨ ਦੀ ਕੋਸ਼ਿਸ਼ ਹੈ। ਮੌਤ ਦੁਸ਼ਮਣ ਨਹੀਂ ਹੈ, ਮੌਤ ਮਿੱਤਰ ਹੈ। ਮੌਤ ਤਾਂ ਤੁਹਾਨੂੰ ਬਦਲਣ ਦਾ ਉਪਾਇ ਹੈ। ਮੌਤ ਤੁਹਾਨੂੰ ਲਗਾਤਾਰ ਪ੍ਰਵਾਹ ਵਿਚ ਰੱਖਣ ਦਾ ਮਾਧਿਅਮ ਹੈ। ਤੁਸੀਂ ਤਾਂ ਚਾਹੋਗੇ ਕਿ ਜੜ੍ਹ ਹੋ ਜਾਓ, ਬਰਫ਼ ਦੇ ਵਾਂਗ ਜੰਮ ਜਾਓ, ਮੌਤ ਤੁਹਾਨੂੰ ਪਿਘਲਾਈ ਜਾਂਦੀ ਹੈ, ਜਲਧਾਰ ਦੇ ਵਾਂਗ ਬਹਾਈ ਲਈ ਜਾਂਦੀ ਹੈ। ਮੌਤ ਸਾਥੀ ਹੈ। ਉਹ ਜੀਵਨ ਦਾ ਦੂਜਾ ਪੈਰ ਹੈ। ਜਿਵੇਂ ਪੰਛੀ ਦੇ ਦੋ ਖੰਭ ਹਨ, ਅਜਿਹੇ ਜਨਮ ਤੇ ਮੌਤ ਤੁਹਾਡੇ ਦੋ ਖੰਭ ਹਨ। ਉਨ੍ਹਾਂ ਦੋਹਾਂ ਨਾਲ ਹੀ ਤੁਸੀਂ ਜੀਵਨ ਦੇ ਆਕਾਸ਼ ਵਿਚ ਉੱਡਦੇ ਹੋ। ਉਨ੍ਹਾਂ ਵਿਚੋਂ ਇਕ ਖੰਭ ਵੀ ਤੁਸੀਂ ਕੱਟ ਦਿੱਤਾ ਤਾਂ ਧਿਆਨ ਰੱਖਣਾ, ਦੂਜਾ ਖੰਭ ਕੰਮ ਨਹੀਂ ਆਏਗਾ।

ਜਿਸ ਦਿਨ ਮਨੁੱਖ ਮੌਤ ਨੂੰ ਜਿੱਤ ਲਵੇਗਾ—ਜਿੱਤ ਨਹੀਂ ਸਕਦਾ, ਇਹ ਮੈਂ ਜਾਣਦਾ ਹਾਂ, ਇਹ ਸਿਰਫ਼ ਮੈਂ ਪਰਿਕਲਪਣਾ ਦੀ ਗੱਲ ਕਹਿ ਰਿਹਾ ਹਾਂ

ਵਿਗਿਆਨ ਦੀ—ਜੇਕਰ ਮਨੁੱਖ ਮੌਤ ਨੂੰ ਜਿੱਤ ਲਵੇਗਾ, ਉਸੇ ਦਿਨ ਜੀਵਨ ਵਿਅਰਥ ਹੋ ਜਾਏਗਾ, ਉਸੇ ਦਿਨ ਜੀਵਨ ਵਿਚ ਕੋਈ ਸਾਰ ਨਹੀਂ ਰਹਿ ਜਾਏਗਾ। ਜਿਸ ਦਿਨ ਮਨੁੱਖ ਮੌਤ ਨੂੰ ਜਿੱਤ ਲਵੇਗਾ, ਉਸ ਦਿਨ ਤੁਸੀਂ ਪ੍ਰਾਰਥਨਾ ਕਰਨ ਲੱਗੋਗੇ ਕਿ ਅਸੀਂ ਮਰੀਏ, ਪਰਮਾਤਮਾ ਮੌਤ ਦੇ! ਕਿਉਂਕਿ ਤੁਸੀਂ ਅਟਕੇ ਰਹਿ ਜਾਉਗੇ। ਤੁਸੀਂ ਬਹੁਤ ਜੀਉਗੇ, ਲੇਕਿਨ ਤੁਸੀਂ ਪਲਾਸਟਿਕ ਦੇ ਹੋ ਜਾਉਗੇ। ਤੁਸੀਂ ਲੰਮੀ ਉਮਰ ਜੀਉਗੇ, ਤੁਹਾਡਾ ਹਿਰਦੇ ਧੜਕਦਾ ਹੀ ਰਹੇਗਾ, ਲੇਕਿਨ ਉਹ ਲੋਹੇ ਦਾ ਹਿਰਦੇ ਹੋਏਗਾ, ਆਦਮੀ ਦਾ ਨਹੀਂ। ਉਸ ਵਿਚ ਤਾਂ ਪਰਮਾਤਮਾ ਦਾ ਹੱਥ ਵੱਖਰਾ ਹੋ ਜਾਏਗਾ, ਉਸ ਵਿਚ ਆਦਮੀ ਦਾ ਹੱਥ ਸਮਾਵਿਸ਼ਟ (ਸ਼ਾਮਿਲ ਹੋ ਜਾਣਾ) ਹੋ ਜਾਏਗਾ। ਤਦ ਤੁਸੀਂ ਇਕ ਯੰਤ੍ਰ ਦੇ ਵਾਂਗ ਹੋ ਰਹੋਗੇ।

ਲੇਕਿਨ, ਜੇਕਰ ਤੁਸੀਂ ਜੀਵਨ ਨੂੰ ਠੀਕ ਤਰ੍ਹਾਂ ਸਮਝੋ ਤਾਂ ਤੁਸੀਂ ਸਮਝੋਗੇ ਕਿ ਮੌਤ ਜ਼ਰੂਰੀ ਹੈ। ਉਹ ਕੋਈ ਦੁਰਘਟਨਾ ਨਹੀਂ ਹੈ। ਮੌਤ ਕੋਈ ਦੁਰਘਟਨਾ ਨਹੀਂ ਹੈ, ਮੌਤ ਜੀਵਨ ਦਾ ਜ਼ਰੂਰੀ ਅੰਗ ਹੈ, ਬਹੁਤ ਹੀ ਜ਼ਿਆਦਾ ਆਦਰਣੀਏ ਹੈ, ਹੋਣੀ ਹੀ ਚਾਹੀਦੀ ਹੈ, ਜ਼ਰੂਰੀ ਹੈ ਤਾਂਕਿ ਤੁਹਾਡੀ ਦੇਹ ਬਦਲ ਸਕੇ, ਤੁਸੀਂ ਆਪਣੇ ਫਟੇ-ਪੁਰਾਣੇ ਕੱਪੜੇ ਛੱਡ ਦਿਓ ਤੇ ਨਵੇਂ ਕੱਪੜੇ ਪਾ ਲਵੋ।

ਵਿਗਿਆਨ ਦੀ ਕੋਸ਼ਿਸ਼ ਇਵੇਂ ਹੈ ਜਿਵੇਂ ਭਿੱਖ-ਮੰਗੇ ਦੀ ਕੋਸ਼ਿਸ਼, ਉਸ ਦੇ ਕੋਲ ਫਟੇ-ਪੁਰਾਣੇ ਕੱਪੜੇ ਹਨ, ਚੀਥੜੇ ਹਨ, ਉਹ ਉਨ੍ਹਾਂ ਵਿਚ ਹੀ ਟਾਕੀਆਂ ਲਾਈ ਜਾਂਦਾ ਹੈ, ਪਰ ਛੱਡਦਾ ਨਹੀਂ—ਭਿੱਖ-ਮੰਗਾ ਹੈ, ਉਸ ਨੂੰ ਭਰੋਸਾ ਵੀ ਨਹੀਂ ਕਿ ਦੂਜੇ ਕੱਪੜੇ ਮਿਲ ਸਕਦੇ ਹਨ। ਸਮਰਾਟ ਆਪਣੇ ਕੱਪੜਿਆਂ ਨੂੰ ਟਾਕੀਆਂ ਨਹੀਂ ਲਾਉਂਦਾ, ਕੱਪੜੇ ਇਸ ਤੋਂ ਪਹਿਲਾਂ ਕਿ ਪੁਰਾਣੇ ਹੋਣ ਛੱਡ ਦਿੰਦਾ ਹੈ, ਨਵੇਂ ਕੱਪੜੇ ਉਪਲਬਧ ਹੋ ਜਾਂਦੇ ਹਨ।

ਧਰਮ ਦਾ ਢੰਗ ਸਮਰਾਟ ਦਾ ਢੰਗ ਹੈ। ਕੀ ਟਾਕੀਆਂ ਲਾਉਣੀਆਂ ਹਨ ਉਸੇ ਸਰੀਰ ਉੱਤੇ ? ਦੂਜਾ ਮਿਲੇਗਾ। ਜਿਥੋਂ ਪਹਿਲਾਂ ਆਇਆ ਹੈ। ਉਥੋਂ ਦੂਜੇ ਦੇ ਆਉਣ ਵਿਚ ਕੀ ਅੜਚਨ ਹੈ ? ਜਿਸ ਨੇ ਤੁਹਾਨੂੰ ਇਸ ਵਾਰੀ ਜੀਵਨ ਦਿੱਤਾ ਹੈ ਉਹ ਤੁਹਾਨੂੰ ਦੁਬਾਰਾ ਨਹੀਂ ਦੇਵੇਗਾ—ਅਜਿਹਾ ਸ਼ੱਕ ਤੁਹਾਨੂੰ ਕਿਵੇਂ ਹੁੰਦਾ ਹੈ, ਕਿਉਂ ਹੁੰਦਾ ਹੈ ? ਜੇਕਰ ਇਕ ਵਾਰੀ ਜੀਵਨ ਦਾ ਚਮਤਕਾਰ ਘਟ ਸਕਦਾ ਹੈ ਤਾਂ ਹਜ਼ਾਰ ਬਾਰ ਕਿਉਂ ਨਹੀਂ ਘਟ ਸਕਦਾ ? ਜਿਹੜੀ ਗੱਲ ਇਕ ਵਾਰੀ ਹੋ ਸਕਦੀ ਹੈ ਉਹ ਕਰੋੜਾਂ ਵਾਰੀ ਹੋ ਸਕਦੀ ਹੈ। ਜਿਹੜੀ ਗੱਲ ਹੋ ਹੀ ਨਹੀਂ ਸਕਦੀ ਉਹ ਇਕ ਵਾਰੀ ਵੀ ਨਹੀਂ ਹੋ ਸਕਦੀ। ਤੁਸੀਂ ਇਕ ਵਾਰੀ ਜੀਵਨ ਨੂੰ ਜਾਣਿਆ, ਬਸੰਤ ਨੂੰ ਜਾਣਿਆ—ਪਤਝੜ ਨੂੰ ਵੀ ਜਾਣੋ। ਹਰ ਪਤਝੜ ਦੇ ਬਾਅਦ ਫਿਰ ਬਸੰਤ ਆ ਜਾਏਗਾ। ਤੁਸੀਂ ਜੀਵਨ ਦੀ ਮੁਸਕਰਾਹਟ ਜਾਣੀ, ਜੀਵਨ ਦਾ ਰੁਦਨ

ਵੀ ਜਾਣੋ। ਹਰ ਅੱਥਰੂਆਂ ਤੋਂ ਪਿੱਛੋਂ ਅੱਖਾਂ ਫਿਰ ਸਵੱਛ ਅਤੇ ਤਾਜ਼ੀਆਂ ਹੋ ਜਾਣਗੀਆਂ। ਜੋ ਦਰੱਖ਼ਤ ਦੇ ਫੁੱਲ ਅੱਜ ਡਿੱਗ ਰਹੇ ਹਨ ਪਤਝੜ ਵਿਚ ਦਰੱਖ਼ਤ ਦੇ ਪੱਤੇ ਚੁੱਪ-ਚਾਪ ਦੱਬਦੇ ਜਾਂਦੇ ਹਨ, ਮਿੱਟੀ ਵਿਚ ਉਹ ਫਿਰ ਉਗਣਗੇ। ਦਰਅਸਲ—ਉਹ ਜ਼ਮੀਨ ਵਿਚ ਜਾ ਕਿੱਥੇ ਰਹੇ ਹਨ—ਜੜ੍ਹਾਂ ਦੇ ਕੋਲ ਪੁੱਜ ਰਹੇ ਹਨ। ਜ਼ਮੀਨ ਵਿਚ ਘੁਲਣਗੇ, ਮਿਲਣਗੇ, ਫਿਰ ਨਵੀਆਂ ਜੜ੍ਹਾਂ ਨਾਲ ਪ੍ਰਵਾਹਿਤ ਹੋਣਗੇ, ਫਿਰ ਉਠਣਗੇ ਆਕਾਸ਼ ਵਿਚ ਫਿਰ ਖਿੜਨਗੇ।

ਡਰੋ ਨਾ। ਸੁੱਕੇ ਪੱਤੇ ਦੇ ਵਾਂਗ ਕੰਬੋ ਨਾ। ਘਾਬਰੋ ਨਾ। ਚੁੱਪ-ਚਾਪ ਸੌਂ ਜਾਓ ਗੂੜ੍ਹੀ ਨੀਂਦਰ ਵਿਚ। ਉੱਤਰ ਜਾਓ ਜੜ੍ਹਾਂ ਦੇ ਕੋਲ, ਜਿਸ ਨੇ ਤੁਹਾਨੂੰ ਇਕ ਵਾਰੀ ਚੁੱਕਿਆ ਸੀ ਆਕਾਸ਼ ਵਿਚ, ਉਹ ਤੁਹਾਨੂੰ ਅਨੰਤ ਬਾਰ ਉਠਾ ਸਕੇਗਾ।

ਕਮਜ਼ੋਰ ਆਦਮੀ ਭਿੱਖ-ਮੰਗਾ ਆਦਮੀ ਭੈਅ-ਗ੍ਰਸਤ ਹੈ। ਉਸ ਦੀ ਆਸਥਾ ਨਹੀਂ ਹੈ। ਉਹ ਕਹਿੰਦਾ ਹੈ—ਇਸ ਬਾਰ ਤਾਂ ਕਿਸੇ ਤਰ੍ਹਾਂ ਹੋ ਗਏ—ਹਾਲਾਂਕਿ ਉਸ ਨੂੰ ਪਤਾ ਨਹੀਂ ਕਿ ਕਿਸ ਤਰ੍ਹਾਂ ਹੋ ਗਏ—ਇਸ ਬਾਰ ਤਾਂ ਕਿਸੇ ਤਰ੍ਹਾਂ ਹੋ ਗਏ, ਹੁਣ ਅੱਗੇ ਕਿਵੇਂ ਹੋਵਾਂਗੇ, ਇਸ ਲਈ ਫੜੀ ਰੱਖੋ! ਸੁੱਕਾ ਪੱਤਾ ਦਰੱਖ਼ਤ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਕਹਿੰਦਾ ਹੈ—ਮੈਂ ਲੱਗਿਆ ਹੀ ਰਹਾਂ, ਚਾਹੇ ਧਾਗੇ ਨਾਲ ਵੀ ਸੀਤਾ ਜਾਵਾਂ, ਚਾਹੇ ਸੁੱਕ ਜਾਵਾਂ, ਸੜ ਜਾਵਾਂ ਪਰ ਅਟਕਿਆ ਰਹਾਂ ਦਰੱਖ਼ਤ ਨਾਲ।

ਤੁਸੀਂ ਸੋਚੋ—ਜੇਕਰ ਸੁੱਕੇ ਪੱਤੇ ਨੂੰ ਵਿਗਿਆਨਕ ਕਿਸੇ ਤਰ੍ਹਾਂ ਅਟਕਾ ਦੇਵੇ ਤਾਂ ਸੁੱਕੇ ਪੱਤੇ ਦੇ ਹਿੱਤ ਵਿਚ ਹੋਇਆ ਜਾਂ ਅਹਿੱਤ ਵਿਚ ਹੋਇਆ? ਉਸ ਦੇ ਨਵੇਂ ਹੋਣ ਦਾ ਉਪਾਇ ਨਹੀਂ ਰਹੇਗਾ। ਹੁਣ ਉਹ ਜ਼ਮੀਨ ਵਿਚ ਵਾਪਸ ਨਹੀਂ ਸੌਂ ਸਕੇਗਾ। ਹੋਰ ਇੰਨੇ ਦਿਨਾਂ ਤਕ ਆਕਾਸ਼ ਵਿਚ ਖਲੋਤੇ ਰਹਿਣ ਤੋਂ ਬਾਅਦ ਹਵਾਵਾਂ ਨਾਲ ਜੂਝਣ ਤੋਂ ਬਾਅਦ ਵਿਸ਼ਰਾਮ ਵੀ ਚਾਹੀਦਾ ਹੈ। ਉਹ ਧਰਤੀ ਵਿਚ ਗੁਆਚ ਜਾਏ, ਕੁਝ ਦੇਰ ਗਹਿਰੀ ਨੀਂਦ ਲੈ ਲਵੇ, ਫਿਰ ਤੋਂ ਤਾਜ਼ਾ ਅਤੇ ਨਵਾਂ ਹੋ ਜਾਏ—ਫਿਰ ਸਵੇਰ ਹੋਏਗੀ।

ਤੁਸੀਂ ਉਸ ਭਿੱਖ-ਮੰਗੇ ਦੇ ਵਾਂਗ ਨਾ ਬਣੋ, ਜੋ ਸੋਚਦਾ ਹੈ, ਜੇਕਰ ਇਹ ਕੱਪੜੇ ਗੁਆਚ ਗਏ ਤਾਂ ਫਿਰ ਕੋਈ ਕੱਪੜੇ ਨਹੀਂ ਮਿਲਣਗੇ। ਇਹ ਕੱਪੜੇ ਆਖ਼ਰੀ ਨਿਅਤੀ ਮਲੂਮ ਹੁੰਦੇ ਹਨ, ਇਨ੍ਹਾਂ ਉੱਤੇ ਹੀ ਟਾਕੀਆਂ ਲਾਈ ਜਾਓ, ਟਾਕੀਆਂ ਵੀ ਫਟਣ ਲੱਗਣ ਤਾਂ ਟਾਕੀਆਂ 'ਤੇ ਟਾਕੀਆਂ ਲਾਈ ਚਲੇ ਜਾਓ, ਗੰਦੇ ਅਤੇ ਲੀਰ-ਲੀਰ ਹੁੰਦੇ ਜਾਣ—ਲੇਕਿਨ ਫੜੀ ਰੱਖੋ!

ਸਮਰਾਟ ਉਤਾਰ ਦਿੰਦਾ ਹੈ ਕੱਪੜਿਆਂ ਨੂੰ ਦੂਜੇ ਪਾ ਲੈਂਦਾ ਹੈ। ਧਰਮ ਦਾ ਢੰਗ ਸਮਰਾਟ ਦਾ ਢੰਗ ਹੈ। ਧਰਮ ਇੰਨਾ ਹੀ ਸਿਖਾਉਂਦਾ ਹੈ ਕਿ ਤੁਹਾਡਾ ਸਰੀਰ ਜ਼ਿਆਦਾ ਤੋਂ ਜ਼ਿਆਦਾ ਕੱਪੜਿਆਂ ਦੇ ਵਾਂਗ ਹੈ, ਉਸ ਨੂੰ ਛੱਡਣ ਵਿਚ ਘਬਰਾਉਣਾ ਨਹੀਂ। ਤੁਸੀਂ ਤੁਹਾਡਾ ਸਰੀਰ ਨਹੀਂ ਹੋ। ਤੁਸੀਂ ਤਾਂ ਉਹ ਹੀ ਸ਼ਾਸ਼ਵਤ (ਸਦਾ ਰਹਿਣ ਵਾਲਾ) ਸਵੱਰ ਹੋ ਜਿਹੜਾ ਅਨੰਤ ਸਰੀਰਾਂ ਵਿਚ ਆਇਆ ਅਤੇ ਗਿਆ, ਜਿਸ ਨੇ ਬਹੁਤ ਪੱਤਝੜ ਵੇਖੇ ਅਤੇ ਬਹੁਤ ਬਸੰਤ। ਤੁਸੀਂ ਨਾ ਤਾਂ ਪੱਤਝੜ ਹੋ, ਨਾ ਬਸੰਤ ਹੋ। ਤੁਸੀਂ ਨਾ ਤਾਂ ਸੁੱਕਾ ਪੱਤਾ ਹੋ, ਨਾ ਹਰੇ ਪੱਤੇ ਹੋ। ਤੁਸੀਂ ਤਾਂ ਉਹ ਜੀਵਨ ਹੋ ਜੋ ਹਰੇ ਪੱਤੇ ਨੂੰ ਹਰਾ ਕਰਦਾ ਹੈ। ਤੁਸੀਂ ਤਾਂ ਉਹ ਜੀਵਨ ਹੋ ਜੋ ਵਿਦਾ ਹੋ ਜਾਣ ਉੱਤੇ ਸੁੱਕੇ ਪੱਤੇ ਨੂੰ ਸੁੱਕਾ ਕਰਦਾ ਹੈ। ਤੁਸੀਂ ਜੀਵਨ ਦੀ ਰਸਧਾਰ ਹੋ।

ਇਸ ਰਸਧਾਰ ਨੂੰ ਹੀ ਅਸੀਂ ਬ੍ਰਹਮ ਕਿਹਾ, ਆਤਮਾ ਕਿਹਾ। ਇਸ ਰਸਧਾਰ ਦਾ ਨਾ ਕੋਈ ਨਾਉਂ ਹੈ ਨਾ ਰੂਪ ਹੈ। ਇਹ ਰਸਧਾਰ ਬਹੁਤ ਢੰਗਾਂ ਨਾਲ ਪ੍ਰਗਟ ਹੁੰਦੀ ਹੈ। ਤੁਸੀਂ ਇਸ ਦੀ ਅਨੰਦ ਖੇਡ ਵਿਚ ਹਿੱਸੇਦਾਰ ਬਣੋ। ਤੁਸੀਂ ਡਰੋ ਨਾ। ਤੁਸੀਂ ਭੈਅ ਨਾਲ ਕੰਬੋ ਨਹੀਂ। ਉਹ ਵੀ ਫ਼ਰੀਦ ਕਹਿ ਰਹੇ ਹਨ ਕਿ ਜਦ ਮੌਤ ਆਏ ਫ਼ਰੀਦ, ਤੂੰ ਉੱਠ ਕੇ ਖਲੋ ਜਾਵੀਂ। ਤੂੰ ਸਵਾਗਤ ਲਈ ਹੱਥ ਫੈਲਾ ਦੇਵੀਂ। ਮੌਤ ਤੈਨੂੰ ਅਜਿਹਾ ਨਾ ਹੋਵੇ ਕਿ ਗ਼ੈਰ-ਤਿਆਰੀ ਵਿਚ ਪਾਵੇ। ਅਜਿਹਾ ਨਾ ਹੋਵੇ ਕਿ ਕਿਤੇ ਤੂੰ ਆਪਣੇ ਨੂੰ ਧੋਖਾ ਦੇ ਦੇਵੇਂ ਆਖ਼ਰੀ ਘੜੀ ਵਿਚ ਹੋਰ ਡਰਨ ਲੱਗੇਂ, ਹੋਰ ਕੰਬਣ ਲੱਗੇਂ, ਹੋਰ ਫੜ ਲਵੇਂ ਜ਼ੋਰ ਨਾਲ ਜੀਵਨ ਨੂੰ। ਕਿਤੇ ਅਜਿਹਾ ਨਾ ਹੋਵੇ! ਉੱਠ ਕੇ ਖਲੋ ਜਾਣਾ। ਸਵਾਗਤ ਦੇ ਦੁਆਰ ਖੋਲ੍ਹ ਦੇਣਾ। ਫੁੱਲ-ਮਾਲਾ ਸਜਾ ਲੈਣਾ। ਕਹਿਣਾ—ਮੈਂ ਤਿਆਰ ਹਾਂ। ਮੈਂ ਕਦੋਂ ਦਾ ਉਡੀਕ ਕਰ ਰਿਹਾ ਸੀ।

ਤਤਛਣ ਉਹ ਜਿਹੜਾ ਮੌਤ ਦੇ ਵਾਂਗ ਵਿਖਾਈ ਪਿਆ ਸੀ, ਉਹ ਮੌਤ ਦੇ ਵਾਂਗ ਵਿਖਾਈ ਨਹੀਂ ਪਏਗਾ।

ਇਸ ਨੂੰ ਥੋੜ੍ਹਾ ਸਮਝੋ ਕਿਉਂਕਿ ਮੌਤ ਤੁਸੀਂ ਜਿਸ ਨੂੰ ਕਹਿੰਦੇ ਹੋ, ਉਹ ਵੀ ਤੁਹਾਡੀ ਵਿਆਖਿਆ ਹੈ, ਮੌਤ ਸ਼ਬਦ ਵਿਚ ਹੀ ਤੁਹਾਡੀ ਵਿਆਖਿਆ ਲੁਕੀ ਹੈ। ਦੁਆਰ ਉੱਤੇ ਕੋਈ ਆਉਂਦਾ ਹੈ ਜ਼ਰੂਰ, ਉਹ ਕੌਣ ਹੈ, ਇਹ ਤੁਹਾਡੀ ਵਿਆਖਿਆ ਉੱਤੇ ਨਿਰਭਰ ਹੋਏਗਾ, ਜੇਕਰ ਤੁਸੀਂ ਭੈ-ਭੀਤ ਹੋ ਤਾਂ ਮੌਤ—ਜੇਕਰ ਤੁਸੀਂ ਨਿਡਰ ਹੋ ਤਾਂ ਪਰਮਾਤਮਾ। ਇਹ ਤੁਹਾਡੀ ਵਿਆਖਿਆ ਹੈ। ਜੋ ਆਉਂਦਾ ਹੈ, ਤੁਸੀਂ ਉਸ ਨੂੰ ਥੋੜ੍ਹੇ ਹੀ ਵੇਖਦੇ ਹੋ, ਤੁਹਾਡਾ ਮਨ ਤੁਹਾਨੂੰ ਜੋ ਵਿਖਾਉਂਦਾ ਹੈ, ਤੁਸੀਂ ਉਸੇ ਨੂੰ ਵੇਖਦੇ ਹੋ। ਜੇਕਰ ਤੁਸੀਂ ਡਰ ਗਏ ਤਾਂ ਦਰਵਾਜ਼ੇ ਉੱਤੇ ਖਲੋਤਾ ਹੋਇਆ ਦੁਲਹਾ ਮੌਤ ਦਾ ਹੈ, ਜੇਕਰ ਤੁਸੀਂ ਨਾ ਡਰੇ, ਉੱਠ ਕੇ ਘੋੜੇ ਉੱਤੇ ਸਵਾਰ

ਹੋ ਗਏ ਕਿ ਚੱਲਣ ਨੂੰ ਤਿਆਰ ਹਾਂ—ਅਚਾਨਕ ਦੁਲਹੇ ਦਾ ਰੂਪ ਖੁੱਲ੍ਹ ਜਾਂਦਾ ਹੈ, ਰਹੱਸਯ ਖੁੱਲ੍ਹ ਜਾਂਦਾ ਹੈ। ਉਹ ਤੁਹਾਡਾ ਪ੍ਰੀਤਮ ਹੈ, ਜਿਸ ਦੀ ਉਡੀਕ ਕੀਤੀ ਸੀ। ਕਦੇ ਉਹ ਜਨਮ ਦੇ ਵਾਂਗ ਆਇਆ ਸੀ, ਤਦ ਵੀ ਤੁਸੀਂ ਚੂਕ (ਉੱਕ) ਗਏ, ਨਾ ਵੇਖ ਸਕੇ, ਹੁਣ ਮੌਤ ਦੇ ਵਾਂਗ ਆਇਆ ਹੈ, ਹੁਣ ਵੀ ਚੂਕ ਜਾਉਗੇ?

ਫ਼ਰੀਦ ਕਹਿੰਦਾ ਹੈ—ਫ਼ਰੀਦਾ ਆਪਣੇ ਨੂੰ ਧੋਖਾ ਨਾ ਦੇ ਦੇਣਾ, ਹੁਣ ਇਹ ਅਵਸਰ (ਮੌਕਾ) ਉੱਕ ਨਾ ਜਾਏ। ਹੁਣ ਤਾਂ ਤੂੰ ਪਛਾਣ ਹੀ ਲੈਵੀਂ ਕਿ ਕੌਣ ਦੁਆਰ 'ਤੇ ਦਸਤਕ ਦੇ ਰਿਹਾ ਹੈ।

ਪੱਛਮ ਵਿਚ ਵੀ ਮੌਤ ਦਾ ਵਿਚਾਰ ਚੱਲਦਾ ਹੈ, ਲੇਕਿਨ ਉਹ ਵਿਚਾਰ ਧਰਮ ਲਈ ਨਹੀਂ ਹੈ, ਉਹ ਵਿਚਾਰ ਇਸ ਲਈ ਚੱਲਦਾ ਹੈ ਕਿ ਅਸੀਂ ਕਿਵੇਂ ਮਨੁੱਖ ਨੂੰ ਅਮਰ ਬਣਾ ਦੇਈਏ। ਹੋਰ ਅਮਰ ਹੋਣ ਦੀ ਇੱਛਾ ਕਿਸ ਲਈ ਹੈ?—ਤਾਂਕਿ ਵਾਸ਼ਨਾਵਾਂ ਨੂੰ ਅਸੀਂ ਅਨੰਤ ਤਕ ਭੋਗ ਸਕੀਏ। ਆਖ਼ਰ ਅਮਰ ਹੋਣ ਦੀ ਕੀ ਇੱਛਾ ਹੋ ਸਕਦੀ ਹੈ? ਕੀ ਕਰੋਗੇ? ਸੱਤਰ ਸਾਲ ਜੀਉਂਦੇ ਹੋ, ਸਤ ਸੌ ਸਾਲ ਜੀਉਗੇ—ਕੀ ਕਰੋਗੇ? ਸੱਤ ਹਜ਼ਾਰ ਸਾਲ ਜੀਉਗੇ—ਕੀ ਕਰੋਗੇ? ਇਹ ਕੀ ਕਰੋਗੇ ਨਾ ਜੋ ਸੱਤਰ ਸਾਲ ਜੀ ਕੇ ਕੀਤਾ ਸੀ? ਉਸੇ ਨੂੰ ਬਾਰ-ਬਾਰ ਕਰੋਗੇ। ਉਸ ਨੂੰ ਹੀ ਦੁਹਰਾਉਂਦੇ ਜਾਉਗੇ। ਗੱਡੀ ਦੇ ਪਹੀਆਂ ਦੇ ਵਾਂਗ ਘੁੰਮਦੇ ਰਹੋਗੇ। ਕਰੋਗੇ ਕੀ? ਉਹ ਹੀ ਪਦ, ਉਹ ਹੀ ਧਨ, ਉਹ ਹੀ ਵਾਸਨਾ—ਉਸੇ ਨੂੰ ਦੁਹਰਾਉਗੇ।

ਆਦਮੀ ਅਮਰ ਕਿਉਂ ਹੋਣਾ ਚਾਹੁੰਦਾ ਹੈ? ਕਿਉਂਕਿ ਜੀਵਨ ਛੋਟਾ ਮਲੂਮ ਹੁੰਦਾ ਹੈ ਅਤੇ ਵਾਸਨਾਵਾਂ ਇੰਨੀਆਂ ਵੱਡੀਆਂ ਮਾਲੂਮ ਪੈਂਦੀਆਂ ਹਨ ਕਿ ਪੂਰੀਆਂ ਨਹੀਂ ਹੁੰਦੀਆਂ। ਜੀਵਨ ਛੋਟਾ ਪੈਂਦਾ ਹੈ, ਵਾਸਨਾਵਾਂ ਬਹੁਤ ਹਨ। ਅਰਬਾਂ-ਖਰਬਾਂ ਰੁਪਈਏ ਜਮ੍ਹਾਂ ਕਰਨੇ ਹਨ। ਵੱਡੇ ਅਹੁਦਿਆਂ 'ਤੇ ਪੁੱਜਣਾ ਹੈ। ਸਾਰੇ ਸਾਮਰਾਜ ਨੂੰ ਨਿਰਮਿਤ ਕਰਨਾ ਹੈ। ਅਨੰਤ ਖ਼ਾਹਿਸ਼ਾਂ ਹਨ ਅਤੇ ਜੀਵਨ ਘੱਟ ਹੈ—ਇਹ ਅੜਚਨ (ਰੁਕਾਵਟ) ਹੈ। ਇਸ ਲਈ ਆਦਮੀ ਅੰਮ੍ਰਿਤ ਚਾਹੁੰਦਾ ਹੈ। ਕਿਤੇ ਕੋਈ ਮਿਲ ਜਾਏ ਅੰਮ੍ਰਿਤ, ਕਿਤੇ ਕੋਈ ਮਿਲ ਜਾਏ ਪਾਰਸ ਪੱਥਰ ਕਿ ਛੂੰਹਦੇ ਸਾਰ ਹੀ ਆਦਮੀ ਅਮਰ ਹੋ ਜਾਏ—ਬੱਸ ਫਿਰ ਕੋਈ ਦਿੱਕਤ ਨਹੀਂ ਹੈ। ਫਿਰ ਕਿੰਨੀਆਂ ਹੀ ਹੋਣ ਵਾਸਨਾਵਾਂ, ਸਾਰੀਆਂ ਨੂੰ ਪੂਰਾ ਕਰ ਕੇ ਰਹਾਂਗੇ।

ਲੇਕਿਨ ਵਾਸਨਾਵਾਂ ਦਾ ਸੁਭਾਓ ਦੁੱਸ਼ਪੂਰ (ਸਹਿਜ ਪੂਰਾ ਨਾ ਹੋਣ ਵਾਲਾ) ਹੈ। ਵਾਸਨਾਵਾਂ ਇਸ ਲਈ ਪੂਰੀਆਂ ਨਹੀਂ ਹੁੰਦੀਆਂ ਕਿ ਤੁਹਾਡਾ ਜੀਵਨ ਛੋਟਾ

ਹੈ, ਇਹ ਕਦੇ ਨਾ ਸਮਝਣਾ, ਵਾਸਨਾਵਾਂ ਇਸ ਲਈ ਪੂਰੀਆਂ ਨਹੀਂ ਹੁੰਦੀਆਂ ਕਿ ਪੂਰਾ ਹੋਣਾ ਉਨ੍ਹਾਂ ਦਾ ਸੁਭਾਵ ਨਹੀਂ ਹੈ।

ਇਹ ਹੀ ਧਰਮ ਅਤੇ ਅਧਾਰਮਿਕ ਆਦਮੀ ਦੀ ਦ੍ਰਿਸ਼ਟੀ ਦਾ ਭੇਦ ਹੈ। ਅਧਾਰਮਿਕ ਵਿਅਕਤੀ ਕਹਿੰਦਾ ਹੈ ਕਿ ਜੀਵਨ ਛੋਟਾ ਹੈ—ਆਇਆ ਗਿਆ ਸੱਤਰ ਸਾਲਾਂ ਵਿਚ ਮੁੱਕ ਜਾਂਦਾ ਹੈ।

ਵੀਹ-ਪੰਝੀ ਸਾਲ ਤਕ ਤਾਂ ਹੋਸ਼ ਹੀ ਨਹੀਂ ਰਹਿੰਦਾ—ਬਚਪਨ ਵਿਚ ਲੰਘ ਗਏ, ਲੜਕਪਣ ਵਿਚ ਲੰਘ ਗਏ। ਵੀਹ ਸਾਲ ਆਦਮੀ ਸੌਂਦਾ ਹੈ, ਸੱਠਾਂ ਸਾਲਾਂ ਵਿਚ, ਉਹ ਇਵੇਂ ਲੰਘ ਜਾਂਦੇ ਹਨ। ਫਿਰ ਖਾਣਾ ਹੈ, ਪੀਣਾ ਹੈ, ਕੰਮ ਕਰਨਾ ਹੈ, ਨੌਕਰੀ-ਚਾਕਰੀ ਇਸ ਵਿਚ ਸਭ ਵਕਤ ਗੁਜ਼ਰ ਜਾਂਦਾ ਹੈ, ਬਚਦਾ ਕੀ ਹੈ। ਸੱਤਰ ਸਾਲਾਂ ਵਿਚ ਬਹੁਤ ਖੋਜ-ਬੀਨ (ਜਾਂਚ-ਪੜਤਾਲ) ਕਰੋ ਤਾ ਭੋਗਣ ਦੇ ਲਾਇਕ ਸਮਾਂ ਕੀ ਬਚਦਾ ਹੈ—ਸਾਲ ਦੋ ਸਾਲ, ਬਹੁਤ ? ਸਾਲ ਦੋ ਸਾਲ ਵਿਚ ਇੰਨੀਆਂ ਵਾਸਨਾਵਾਂ ਪੂਰੀਆਂ ਕਿਵੇਂ ਹੋਣਗੀਆਂ ? ਨਹੀਂ, ਜੀਵਨ ਛੋਟਾ ਹੈ, ਵਾਸਨਾਵਾਂ ਜ਼ਿਆਦਾ ਹਨ। ਲੇਕਿਨ ਧਾਰਮਿਕ ਵਿਅਕਤੀ ਕਹਿੰਦਾ ਹੈ, ਇਹ ਨਹੀਂ ਹੈ ਗੱਲ, ਵਾਸਨਾਵਾਂ ਦਾ ਸੁਭਾਵ ਦੁੱਸ਼ਪੂਰ (ਜੋ ਸਹਿਜਤਾ ਨਾਲ ਪੂਰਾ ਨਾ ਹੋ ਸਕੇ) ਹੈ।

ਯਯਾਤਿ ਦੀ ਬਹੁਤ ਪ੍ਰਸਿੱਧ ਕਥਾ ਹੈ। ਉਹ ਮਰਨ ਦੇ ਨੇੜੇ ਹੋਇਆ। ਉਹ ਸੌ ਸਾਲ ਦਾ ਹੋ ਗਿਆ ਸੀ। ਮੌਤ ਲੈਣ ਆਈ ਯਯਾਤਿ ਗਿੜਗਿੜਾਉਣ (ਤਰਲੇ-ਵਾਸਤੇ ਪਾਉਣ) ਲੱਗਾ। ਉਹ ਵੱਡਾ ਸਮਰਾਟ ਸੀ। ਮੌਤ ਨੂੰ ਵੀ ਦਇਆ ਆ ਗਈ। ਉਹ ਆਦਮੀ ਬਹੁਤ ਬਲਸ਼ਾਲੀ ਸੀ ਅਤੇ ਅੱਜ ਇਸ ਤਰ੍ਹਾਂ ਦੁਰ-ਦਿਨ (ਬੁਰੇ ਦਿਨ) ਵਿਚ ਰੋਣ ਲੱਗਾ। ਨਿੱਕੇ ਬੱਚਿਆਂ ਦੇ ਵਾਂਗ ਚੀਖਣ-ਚਿੱਲਾਉਣ ਲੱਗਾ ਅਤੇ ਮੌਤ ਦੇ ਪੈਰ ਫੜਨ ਲੱਗਾ। ਉਥੇ ਹੀ ਉਸ ਨੇ ਭੁੱਲ ਕੀਤੀ ਜੋ ਫ਼ਰੀਦ ਬਚਾਉਣਾ ਚਾਹੁੰਦਾ ਹੈ ਕਿ—ਫ਼ਰੀਦ, ਆਪਣੇ ਨੂੰ ਧੋਖਾ ਨਾ ਦੇਣਾ। ਯਯਾਤਿ ਨ ਫਿਰ ਧੋਖਾ ਦੇ ਦਿੱਤਾ। ਯਯਾਤਿ ਉੱਠ ਕੇ ਖੜਾ ਨਾ ਹੋ ਸਕਿਆ, ਤਰਲੇ-ਹਾੜੇ ਕੱਢਣ ਲੱਗਾ। ਉਹ ਕਹਿਣ ਲੱਗਾ, ਮੈਨੂੰ ਛੱਡ ਦਿਓ। ਅਜੇ ਤਾਂ ਕੁਝ ਵੀ ਪੂਰਾ ਨਹੀਂ ਹੋਇਆ। ਅਜੇ ਤਾਂ ਇਕ ਵੀ ਵਾਸਨਾ ਪੂਰੀ ਨਹੀਂ ਹੋਈ ਅਤੇ ਤੂੰ ਲੈਣ ਆ ਗਈ ਹੈਂ ? ਅਨਿਆਏ ਨਾ ਕਰ। ਇਹ ਦਿਨ ਤਾਂ ਇਵੇਂ ਹੀ ਬੀਤ ਗਏ ਬੇਹੋਸ਼ੀ ਵਿਚ। ਸੌ ਸਾਲ ਮੈਨੂੰ ਹੋਰ ਮਿਲ ਜਾਣ ਬੱਸ, ਤਾਂ ਹੁਣ ਮੈਂ ਉਕਾਂਗ ਨਹੀਂ ਭੋਗ ਹੀ ਲਵਾਂਗਾ। ਸੌ ਸਾਲ ਬਾਅਦ ਤੂੰ ਆ ਜਾਈਂ, ਤੂੰ ਮੈਨੂੰ ਤਿਆਰ ਪਾਏਂਗੀ।

ਪਰ ਮੌਤ ਨੇ ਕਿਹਾ—ਕਿਸੇ ਨੂੰ ਲੈ ਜਾਣਾ ਪਏਗਾ। ਖ਼ਾਲੀ ਹੱਥ ਜਾਣ ਦਾ ਕੋਈ ਉਪਾਇ ਨਹੀਂ ਹੈ। ਤੂੰ ਆਪਣੇ ਪੁੱਤਰਾਂ ਵਿਚੋਂ ਕਿਸੇ ਨੂੰ ਰਾਜ਼ੀ ਕਰ ਲੈ।

ਸੌ ਪੁੱਤਰ ਸਨ ਯਯਾਤਿ ਦੇ। ਸੌ ਸਾਲ ਜੀ ਚੁੱਕਿਆ ਸੀ। ਸੈਂਕੜੇ ਰਾਣੀਆਂ ਸਨ। ਮੌਤ ਨੇ ਤਾਂ ਇਸੇ ਲਈ ਕਿਹਾ, ਕਿਉਂਕਿ ਇਹ ਤਾਂ ਤਰਕੀਬ ਸੀ ਮੌਤ ਦੀ ਕਿ ਕੋਈ ਪੁੱਤਰ ਕਿਤੇ ਜਾਣ ਨੂੰ ਰਾਜ਼ੀ ਹੋਇਆ ਹੈ! ਜਦ ਪਿਓ ਤਕ ਮਰਨ ਨੂੰ ਰਾਜ਼ੀ ਨਹੀਂ ਤਾਂ ਪੁੱਤਰ ਕਿਵੇਂ ਰਾਜ਼ੀ ਹੋਵੇਗਾ ? ਸੌ ਸਾਲ ਦਾ ਬੁੱਢਾ ਮਰਨ ਨੂੰ ਰਾਜ਼ੀ ਨਹੀਂ ਤਾਂ ਵੀਹ-ਪੰਚੀ ਸਾਲ ਦਾ ਜਵਾਨ ਕਿਵੇਂ ਮਰਨ ਨੂੰ ਰਾਜ਼ੀ ਹੋਏਗਾ ? ਜਦ ਇਸ ਦੀਆਂ ਵਾਸਨਾਵਾਂ ਪੂਰੀਆਂ ਨਹੀਂ ਹੋਈਆਂ ਤਾ ਚਾਲ੍ਹੀ ਪੰਜਾਹ ਸਾਲ ਦੇ ਆਦਮੀ ਦੀਆਂ ਵਾਸਨਾਵਾਂ ਅਜੇ ਕਿੱਥੇ ਪੂਰੀਆਂ ਹੋਈਆਂ ਹੋਣਗੀਆਂ ? ਇਹ ਤਾਂ ਤਰਕੀਬ ਸੀ। ਇਹ ਤਾਂ ਹੁਸ਼ਿਆਰੀ ਸੀ ਮੌਤ ਦੀ। ਇਹ ਤਾਂ ਸਿਰਫ਼ ਨਾ ਕਹਿਣ ਦਾ ਕੁਸ਼ਲ ਢੰਗ ਸੀ। ਇਹ ਤਾਂ ਰਾਜਨੀਤੀ ਸੀ।

ਯਯਾਤਿ ਨੇ ਆਪਣੇ ਮੁੰਡਿਆਂ ਨੂੰ ਬੁਲਾ ਲਿਆ, ਵੱਡੇ ਪੁੱਤਰਾਂ ਨੇ ਤਾਂ ਧਿਆਨ ਹੀ ਨਹੀਂ ਦਿੱਤਾ। ਉਹ ਤਾਂ ਚੁੱਪ-ਚਾਪ ਬੈਠੇ ਰਹੇ। ਉਨ੍ਹਾਂ ਨੇ ਤਾਂ ਸਿਰ ਵੀ ਨਾ ਹਿਲਾਇਆ, ਕਿਉਂਕਿ ਉਹ ਜੀਵਨ ਦੇ ਅਨੁਭਵ ਨਾਲ ਅਨੁਭਵੀ ਹੋ ਗਏ ਸਨ। ਉਨ੍ਹਾਂ ਵੀ ਕਿਹਾ—ਇਹ ਬੁੱਢਾ ਕੀ ਗੱਲਾਂ ਕਰ ਰਿਹਾ ਹੈ! ਤੂੰ ਮਰਨਾ ਨਹੀਂ ਚਾਹੁੰਦਾ, ਸਾਨੂੰ ਮਾਰਨਾ ਚਾਹੁੰਦਾ ਹੈਂ! ਜਦ ਤੇਰੀਆਂ ਇੱਛਾਵਾਂ ਪੂਰੀਆਂ ਨਹੀਂ ਹੋਈਆਂ ਤਾਂ ਸਾਡੀਆਂ ਕਿੱਥੋਂ ਪੂਰੀਆਂ ਹੋ ਜਾਣਗੀਆਂ ? ਅਸੀਂ ਤਾਂ ਤੇਰੇ ਕੋਲੋਂ ਘੱਟ ਹੀ ਜੀਵੇ ਹਾਂ। ਤੂੰ ਤਾਂ ਸਭ ਭੋਗ ਲਿਆ, ਤੂੰ ਹਟੇਂ ਤਾਂ ਸਿੰਘਾਸਣ ਖ਼ਾਲੀ ਹੋਵੇ, ਤਾਂ ਅਸੀਂ ਵੀ ਥੋੜ੍ਹਾ ਭੋਗ ਸਕੀਏ। ਤੂੰ ਉਲਟਾ ਸਾਨੂੰ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈਂ! ਇਹ ਤਾਂ ਜ਼ਰੂਰਤ ਤੋਂ ਵੱਧ ਗੱਲ ਹੋ ਗਈ। ਪਿਓ ਮਰੇ ਇਹ ਤਾਂ ਕੁਦਰਤੀ ਨਿਯਮ ਹੈ, ਪਿਓ ਤੋਂ ਪਹਿਲਾਂ ਪੁੱਤਰ ਮਰੇ ਅਤੇ ਉਹ ਵੀ ਪਿਓ ਮੰਗੇ, ਇਹ ਵੀ ਕੋਈ ਪਿਓ ਹੋਇਆ ? ਅਤੇ ਪਿਓ ਕਹੇ ਕਿ ਤੂੰ ਮਰ ਜਾ! ਅਜਿਹੇ ਪਿਓ ਲਈ ਕੌਣ ਮਰਨ ਨੂੰ ਰਾਜ਼ੀ ਹੋਏਗਾ ?

ਵੱਡੇ ਮੁੰਡੇ ਤਾਂ ਚੁੱਪ ਰਹੇ, ਲੇਕਿਨ ਇਕ ਨਿੱਕਾ ਮੁੰਡਾ, ਜਿਸ ਦੀ ਉਮਰ ਕੁਲ ਅਠਾਰਾਂ-ਉੱਨੀ ਸਾਲ ਸੀ—ਅਜੇ ਕਲੀ ਖਿਲੀ ਵੀ ਨਹੀਂ ਸੀ, ਅਜੇ ਜਵਾਨ ਹੀ ਹੋ ਰਿਹਾ ਸੀ, ਅਜੇ ਮੁੱਛਾਂ ਦੀਆਂ ਲੀਕਾਂ ਹੀ ਆਣੀਆਂ ਸ਼ੁਰੂ ਹੋਈਆਂ ਸਨ—ਉਹ ਉੱਠ ਕੇ ਕੋਲ ਆ ਗਿਆ ਅਤੇ ਉਸ ਨੇ ਕਿਹਾ ਕਿ ਮੈਂ ਤਿਆਰ ਹਾਂ। ਯਯਾਤਿ ਵੀ ਚੌਂਕਿਆ। ਉਹ ਪੁੱਤਰ ਉਸ ਨੂੰ ਬਹੁਤ ਪਿਆਰਾ ਸੀ। ਲੇਕਿਨ ਆਪਣੇ ਤੋਂ ਬਹੁਤਾ ਪਿਆਰਾ ਤਾਂ ਪੁੱਤਰ ਵੀ ਨਹੀਂ ਹੁੰਦਾ। ਆਪਣੀ ਜਾਨ ਜਾਂਦੀ ਹੋਵੇ ਤਾਂ ਪਤੀ ਵੀ ਪਿਆਰਾ ਨਹੀਂ, ਪਤਨੀ ਵੀ ਪਿਆਰੀ ਨਹੀਂ, ਪੁੱਤਰ ਵੀ ਪਿਆਰਾ ਨਹੀਂ। ਉਪਨਿਸ਼ਦ ਕਹਿੰਦੇ ਹਨ, ਆਦਮੀ ਦੂਜਿਆਂ ਨੂੰ ਵੀ ਆਪਣੇ ਲਈ ਪ੍ਰੇਮ ਕਰਦਾ ਹੈ। ਇਹ ਤਾਂ ਸੁਵਿਧਾ ਹੁੰਦੀ ਹੈ, ਤਦ ਦੀਆਂ ਗੱਲਾਂ ਹਨ

ਪ੍ਰੇਮ। ਹੁਣ ਇੱਥੇ ਜਿੱਥੇ ਮੌਤ ਦਾ ਸਵਾਲ ਹੋਵੇ ਤਾਂ ਤੁਸੀਂ ਆਪਣੇ ਨੂੰ ਬਚਾਉਗੇ ਕਿ ਪੁੱਤਰ ਨੂੰ ਬਚਾਉਗੇ ?

ਯਯਾਤਿ ਨੂੰ ਦੁੱਖ ਤਾਂ ਹੋਇਆ, ਪਰ ਮਜਬੂਰੀ ਸੀ। ਉਸ ਨੇ ਕਿਹਾ—ਮਾਫ਼ ਕਰ। ਲੇਕਿਨ ਮੇਰਾ ਰਹਿਣਾ ਜ਼ਰੂਰੀ ਹੈ।

ਮੌਤ ਹੈਰਾਨ ਹੋਈ। ਮੌਤ ਨੇ ਉਸ ਪੁੱਤਰ ਦੇ ਕੰਨ ਵਿਚ ਕਿਹਾ—ਨਾਸਮਝ! ਤੇਰਾ ਪਿਓ ਮਰਨ ਨੂੰ ਤਿਆਰ ਨਹੀਂ, ਤੂੰ ਮਰਨ ਨੂੰ ਤਿਆਰ ਹੈਂ ?

ਉਸ ਪੁੱਤਰ ਨੇ ਕਿਹਾ ਕਿ ਪਿਓ ਨੂੰ ਨਾ ਮਰਦੇ ਵੇਖ ਕੇ ਹੀ ਮੈਂ ਤਿਆਰ ਹੋ ਗਿਆ, ਸੋਚਿਆ ਕਿ ਜਦ ਸੌ ਸਾਲ ਵਿਚ ਇੱਛਾਵਾਂ ਪੂਰੀਆਂ ਨਹੀਂ ਹੋ ਸਕਦੀਆਂ ਤਾਂ ਮੈਂ ਕੀ ਕਰ ਲਵਾਂਗਾ! ਅੱਸੀ ਸਾਲ ਹੋਰ ਗੁਆਉਣ ਵਿਚ ਕੀ ਫ਼ਾਇਦਾ ਹੈ ? ਅੱਸੀ ਸਾਲ ਪਿੱਛੋਂ ਤੁਸੀਂ ਆਗੇ ਮੌਤ ਦੇ ਦੇਵਤਾ ! ਆਉਗੇ ਜ਼ਰੂਰ। ਤਦ ਅੱਸੀ ਸਾਲ ਹੋਰ ਇਥੇ ਤੇਰੀ ਰਾਹ ਵੇਖਣ ਦੀ ਕੀ ਲੋੜ ਹੈ ? ਨਿਪਟਾਰਾ ਹੀ ਕਰੋ। ਗੱਲ ਖ਼ਤਮ ਹੀ ਕਰੋ। ਅਤੇ ਪਿਓ ਦੀਆਂ ਇੱਛਾਵਾਂ ਵੀ ਅਜੇ ਪੂਰੀਆਂ ਨਹੀਂ ਹੋਈਆਂ—ਇਸ ਤੋਂ ਸਾਫ਼ ਹੈ ਕਿ ਇੱਛਾਵਾਂ ਪੂਰੀਆਂ ਨਹੀਂ ਹੁੰਦੀਆਂ, ਨਹੀਂ ਤਾਂ ਮੇਰੇ ਪਿਤਾ ਨੂੰ ਕੀ ਕਮੀ ਸੀ ? ਹਜ਼ਾਰਾਂ ਰਾਣੀਆਂ ਹਨ, ਧਨ ਸੰਪਤੀ ਹੈ, ਵੱਡਾ ਸਾਮਰਾਜ ਹੈ। ਜਗਤ ਵਿਚ ਕੀਰਤੀ (ਮਸ਼ਹੂਰੀ) ਹੈ, ਕੀ ਸੀ ਜੋ ਉਸ ਨੂੰ ਪ੍ਰਾਪਤ ਨਹੀਂ ਸੀ, ਜੋ ਭੋਗਣ ਨੂੰ ਬਾਕੀ ਰਹਿ ਗਿਆ ਹੋਵੇ ? ਸਭ ਉਸ ਨੇ ਭੋਗ ਲਿਆ ਹੈ, ਲੇਕਿਨ ਲੱਗਦਾ ਹੈ ਭੋਗ ਦਾ ਕਦੇ ਅੰਤ ਨਹੀਂ ਹੁੰਦਾ। ਤੁਸੀਂ ਮੈਨੂੰ ਲੈ ਚੱਲੋ। ਮੈਂ ਤਾਂ ਪਿਤਾ ਨੂੰ ਵੇਖ ਕੇ ਹੀ ਤਿਆਰ ਹੋ ਗਿਆ ਹਾਂ। ਗੱਲ ਹੀ ਮੁੱਕ ਗਈ। ਹੁਣ ਇਸ ਮੂੜ੍ਹਤਾ ਵਿਚ ਮੈਂ ਕਿਉਂ ਪਵਾਂ ?

ਮੌਤ ਨੂੰ ਮਜਬੂਰੀ ਵਿਚ ਵਚਨ ਦੇ ਦਿੱਤਾ, ਯਯਾਤਿ ਦੇ ਪੁੱਤਰ ਨੂੰ ਲੈ ਜਾਣਾ ਪਿਆ। ਸੌ ਸਾਲ ਯਯਾਤਿ ਜੀਉਂਦਾ ਰਿਹਾ। ਫਿਰ ਮੌਤ ਆਈ। ਲੇਕਿਨ ਉਹ ਸੌ ਸਾਲ ਭੁੱਲ ਹੀ ਗਿਆ, ਗੱਲ ਹੀ ਭੁੱਲ ਗਿਆ। ਸੌ ਸਾਲ ਇੰਨਾ ਲੰਮਾਂ ਸਮਾਂ ਹੈ, ਕੌਣ ਚੇਤੇ ਰੱਖਦਾ ਹੈ ! ਸੌ ਸਾਲ ਬਾਅਦ ਮੌਤ ਆਈ, ਫਿਰ ਹਾੜੇ-ਤਰਲੇ ਕੱਢਣ ਲੱਗਾ। ਕਥਾ ਬੜੀ ਅਨੋਖੀ ਹੈ ! ਫਿਰ ਰੋਣ ਲੱਗਾ ਅਤੇ ਕਹਿਣ ਲੱਗਾ—ਮੈਂ ਤਾਂ ਭੁੱਲ ਹੀ ਗਿਆ। ਭੋਗ ਨਹੀਂ ਪਾਇਆ ਸਭ ਅਧੂਰਾ ਰਹਿ ਗਿਆ।

ਇਸ ਤਰ੍ਹਾਂ ਮੌਤ ਦਸ ਬਾਰ ਆਈ। ਹਰ ਬਾਰ ਯਯਾਤਿ ਦੇ ਇਕ ਪੁੱਤਰ ਨੂੰ ਲੈ ਜਾਂਦੀ ਰਹੀ। ਗਿਆਰ੍ਹਵੀਂ ਬਾਰ ਆਈ ਤਦ ਵੀ ਯਯਾਤਿ ਹਾੜੇ-ਤਰਲੇ, ਵਾਸਤੇ ਹੀ ਪਾਣ ਲੱਗਾ। ਮੌਤ ਨੇ ਕਿਹਾ—ਕੁਝ ਤਾਂ ਸੋਚ ! ਤੇਰੀਆਂ ਵਾਸਨਾਵਾਂ ਕਦੇ ਪੂਰੀਆਂ ਹੋਣਗੀਆਂ ?

ਤਦ ਉਸ ਨੂੰ ਹੋਸ਼ ਆਇਆ। ਇਹ ਵੀ ਛੇਤੀ ਆ ਗਿਆ। ਹਜ਼ਾਰ ਹੀ ਸਾਲ ਵਿਚ ਆ ਗਿਆ, ਤੁਸੀਂ ਤਾਂ ਪਤਾ ਨਹੀਂ ਕਿੰਨੇ ਹਜ਼ਾਰ ਸਾਲਾਂ ਤੋਂ ਜੀ ਰਹੇ ਹੋ! ਪਰ ਹਰ ਵਾਰੀ ਮੌਤ ਆਉਂਦੀ ਹੈ ਅਤੇ ਤੁਸੀਂ ਫਿਰ ਭੁੱਲ ਜਾਂਦੇ ਹੋ। ਇਕ ਸਰੀਰ ਲੈ ਜਾਂਦੀ ਹੈ, ਤੁਹਾਨੂੰ ਦੂਸਰਾ ਸਰੀਰ ਮਿਲ ਜਾਂਦਾ ਹੈ, ਤੁਸੀਂ ਫਿਰ ਉਸ ਦੇਹ ਵਿਚ ਬੇਹੋਸ਼ ਹੋ ਜਾਂਦੇ ਹੋ।

ਯਯਾਤਿ ਨੇ ਇਕ ਵਚਨ ਲਿਖਿਆ ਜਾਂਦੇ ਵਕਤ, ਆਉਣ ਵਾਲੀ ਸੰਤਾਨ ਲਈ ਕਿ ਕਿੰਨਾ ਹੀ ਭੋਗੋ, ਭੋਗ ਭੋਗਣ ਨਾਲ ਨਹੀਂ ਭੋਗੇ ਜਾਂਦੇ। ਕਿੰਨਾ ਹੀ ਭੋਗੋ, ਭੋਗਾਂ ਦਾ ਕੋਈ ਅੰਤ ਨਹੀਂ ਹੈ। ਤ੍ਰਿਸ਼ਣਾ ਦੁਸ਼ਪੂਰ (ਜੋ ਸਹਿਜਤਾ ਨਾਲ ਪੂਰੀ ਨਾ ਹੋਵੇ) ਹੈ। ਵਾਸਨਾ ਪੂਰੀ ਨਹੀਂ ਹੁੰਦੀ। ਵਕਤ ਦਾ ਸਵਾਲ ਨਹੀਂ ਹੈ। ਵਾਸਨਾ ਦਾ ਸੁਭਾਵ ਪੂਰਾ ਹੋਣਾ ਨਹੀਂ ਹੈ।

ਇਹ ਯਯਾਤਿ ਦੀ ਤਥਾ ਤਾਂ ਕਾਲਪਨਿਕ ਹੈ, ਲੇਕਿਨ ਇਸ ਤੋਂ ਜ਼ਿਆਦਾ ਸਤਯ ਕਥਾ ਤੁਸੀਂ ਕਿੱਥੇ ਪਾਉਗੇ ? ਇਹ ਹੀ ਤਾਂ ਸਭ ਦੀ ਕਥਾ ਹੈ।

ਸੋ ਇਕ ਤਾਂ ਰਸਤਾ ਹੈ ਜੋ ਵਿਗਿਆਨ ਨੂੰ ਸਾਧਾਰਣ ਬੁੱਧੀ ਨੂੰ ਸਮਝ ਵਿਚ ਆਉਂਦਾ ਹੈ ਕਿ ਜੀਵਨ ਨੂੰ ਵਧਾ ਲਓ ਤਾਂ ਵਾਸਨਾਵਾਂ ਨੂੰ ਪੂਰਾ ਕਰਨ ਦਾ ਕਾਫ਼ੀ ਸਮਾਂ ਮਿਲ ਜਾਏਗਾ। ਲੇਕਿਨ ਧਰਮ ਕਹਿੰਦਾ ਹੈ ਕਿ ਕਿੰਨਾ ਹੀ ਸਮਾਂ ਹੋਵੇ, ਵਾਸਨਾ ਪੂਰੀ ਨਹੀਂ ਹੁੰਦੀ, ਕਿਉਂਕਿ ਵਾਸਨਾ ਦਾ ਸੁਭਾਵ ਪੂਰਾ ਹੋਣਾ ਨਹੀਂ ਹੈ।

ਤੁਸੀਂ ਕਦੇ ਵਾਸਨਾ 'ਤੇ ਵਿਚਾਰ ਕੀਤਾ ? ਤੁਹਾਡੇ ਕੋਲ ਦਸ ਹਜ਼ਾਰ ਰੁਪਏ ਹਨ, ਦਸ ਲੱਖ ਦੀ ਵਾਸਨਾ ਹੈ। ਦਸ ਲੱਖ ਹੋ ਜਾਣਗੇ, ਤੁਸੀਂ ਸੋਚਦੇ ਹੋ ਤ੍ਰਿਪਤ ਹੋ ਜਾਏਗੀ ਵਾਸਨਾ?—ਵਾਸਨਾ ਦਸ ਕਰੋੜ ਦੀ ਹੋ ਜਾਏਗੀ। ਦਸ ਕਰੋੜ ਹੋ ਜਾਣਗੇ, ਤੁਸੀਂ ਸੋਚਦੇ ਹੋ, ਤ੍ਰਿਪਤ ਹੋ ਜਾਏਗੀ ?—ਵਾਸਨਾ ਦਸ ਅਰਬ ਦੀ ਹੋ ਜਾਏਗੀ। ਗਿਣਤੀ ਤਾਂ ਸਦਾ ਅੱਗੇ ਬਾਕੀ ਰਹੇਗੀ। ਦਸ ਦਾ ਅਨੁਪਾਤ (ਆਂਕੜਾ) ਕਾਇਮ ਰਹੇਗਾ। ਦਸ ਰੁਪਈਏ ਸੀ ਤਾਂ ਸੌ ਰੁਪਈਆਂ ਦੀ ਇੱਛਾ ਸੀ—ਦਸ ਹਜ਼ਾਰ ਸੀ ਤਾਂ ਲੱਖ ਦੀ ਸੀ, ਲੱਖ ਸੀ ਤਾਂ ਦਸ ਲੱਖ ਦੀ ਸੀ—ਲੇਕਿਨ ਦਸ ਦਾ ਅਨੁਪਾਤ ਕਾਇਮ ਰਹੇਗਾ।

ਤੁਸੀਂ ਜਿੰਨਾ ਅੱਗੇ ਵਧਦੇ ਹੋ, ਵਾਸਨਾ ਸ਼ਿਤਿਜ (ਜਿੱਥੇ ਧਰਤੀ ਆਕਾਸ਼ ਇਕ ਦਿੱਸਦੇ ਹਨ) ਦੇ ਵਾਂਗ ਓਨੀ ਹੀ ਅੱਗੇ ਵਧ ਜਾਂਦੀ ਹੈ! ਜਿਵੇਂ ਆਕਾਸ਼ ਛੂੰਹਦਾ ਹੋਇਆ ਵਿਖਾਈ ਪੈਂਦਾ ਹੈ ਧਰਤੀ ਨੂੰ, ਕਿਤੇ ਛੂੰਹਦਾ ਨਹੀਂ—ਵੱਧਦੇ ਜਾਓ, ਦਿੱਸਦਾ ਹੈ ਇਹ ਰਿਹਾ, ਦੋ-ਚਾਰ ਦਸ ਮੀਲ ਟੁਰਨ ਦੀ ਗੱਲ ਹੈ—ਪੁੱਜ ਜਾਵਾਂਗੇ ਉਸ ਥਾਂ ਜਿੱਥੇ ਆਕਾਸ਼, ਧਰਤੀ ਨੂੰ ਛੂੰਹਦਾ ਹੈ। ਤੁਸੀਂ ਕਦੇ ਨਾ ਪੁੱਜੋਗੇ,

ਤੁਸੀਂ ਧਰਤੀ ਦੇ ਹਜ਼ਾਰਾਂ ਚੱਕਰ ਲਾ ਲਓ! ਆਕਾਸ਼ ਕਿਤੇ ਛੂੰਹਦਾ ਨਹੀਂ, ਸਿਰਫ਼ ਛੂੰਹਦਾ ਮਾਲੂਮ ਹੁੰਦਾ ਹੈ। ਵਾਸਨਾ ਕਦੇ ਤ੍ਰਿਪਤ ਨਹੀਂ ਹੁੰਦੀ। ਸਿਰਫ਼ ਦੂਰ ਤ੍ਰਿਪਤ ਹੁੰਦੀ ਮਲੂਮ ਹੁੰਦੀ ਹੈ। ਉਹ ਮ੍ਰਿਗ ਮਰੀਚਕਾ ਹੈ।

ਵਿਗਿਆਨ ਕਹਿੰਦਾ ਹੈ—ਵਕਤ ਨੂੰ ਵਧਾ ਲਓ। ਧਰਮ ਕਹਿੰਦਾ ਹੈ—ਸਮਝ ਨੂੰ ਜਗਾ ਲਓ। ਵਿਗਿਆਨ ਕਹਿੰਦਾ ਹੈ ਉਮਰ ਲੰਮੀ ਹੋ ਜਾਏ ਸਭ ਠੀਕ ਹੋ ਜਾਏਗਾ। ਧਰਮ ਕਹਿੰਦਾ ਹੈ—ਬੋਧ ਗਹਿਰਾ ਹੋਵੇ, ਸਭ ਠੀਕ ਹੋ ਜਾਏਗਾ। ਵਾਸਨਾ ਸਮੇਂ ਦੀ ਲੰਬਾਈ ਨਾਲ ਨਹੀਂ ਕੱਟੇਗੀ। ਬੋਧ (ਗਿਆਨ) ਦੀ ਗਹਿਰਾਈ ਨਾਲ ਕੱਟੇਗੀ।

ਪੂਰਬ ਵੀ ਮੌਤ ਉੱਤੇ ਵਿਚਾਰ ਕਰਦਾ ਹੈ—ਕਾਰਨ ਬਹੁਤ ਵੱਖਰੇ ਹਨ—ਤੁਹਾਨੂੰ ਜਗਾਉਣ ਲਈ, ਚੌਂਕਾਣ ਲਈ, ਮੌਤ ਦੀ ਗੱਲ ਕਰਦਾ ਹੈ ਕਿ ਤੁਸੀਂ ਹੋਸ਼ ਵਿਚ ਆਓ। ਸ਼ਾਇਦ ਮੌਤ ਦਾ ਖ਼ਿਆਲ ਤੁਹਾਨੂੰ ਜਗਾ ਦੇਵੇ, ਤਿਲਮਿਲਾ ਦੇਵੇ। ਪੱਛਮ ਮੌਤ ਦਾ ਵਿਚਾਰ ਕਰਦਾ ਹੈ, ਤਾਂਕਿ ਤੁਹਾਨੂੰ ਹੋਰ ਗਹਿਰੀ ਨੀਂਦ ਵਿਚ ਸੁਲਾ ਦੇਵੇ, ਤਾਂਕਿ ਤੁਸੀਂ ਫ਼ਿਕਰ ਹੀ ਛੱਡ ਦਿਓ, ਤਾਂਕਿ ਇਹ ਬੁੱਧ ਮਹਾਂਵੀਰ ਅਤੇ ਫ਼ਰੀਦ ਦੀ ਗੱਲ ਸੁਨਣ ਦੀ ਜ਼ਰੂਰਤ ਹੀ ਨਾ ਰਹਿ ਜਾਏ, ਇਹ ਸਾਰੇ ਪਾਗਲ ਸਿੱਧ ਹੋ ਜਾਣ। ਇਹ ਚੀਖ-ਚੀਖ ਕੇ ਕਹਿੰਦੇ ਹਨ—ਜੀਵਨ ਛਣਭੰਗੁਰ (ਪਲ ਵਿਚ ਮਿਟਣ ਵਾਲਾ) ਹੈ। ਵਿਗਿਆਨ ਕੋਸ਼ਿਸ਼ ਕਰ ਰਿਹਾ ਹੈ ਕਿ ਸਿੱਧ ਕਰ ਦੇਵੇ ਕਿ ਜੀਵਨ ਛਣਭੰਗੁਰ ਨਹੀਂ ਹੈ। ਇਹ ਚੀਖ-ਚੀਖ ਕੇ ਆਖਦੇ ਹਨ ਕਿ ਇਸ ਜੀਵਨ 'ਚ ਵਾਸਨਾ ਤ੍ਰਿਪਤ ਨਹੀਂ ਹੋਵੇਗੀ। ਵਿਗਿਅਨ ਚਾਹੁੰਦਾ ਹੈ ਕਿ ਸਿੱਧ ਕਰ ਦੇਵੇ ਕਿ ਅਸੀਂ ਤੁਹਾਨੂੰ ਇੰਨਾ ਅਨੰਤ ਜੀਵਨ ਦਿੰਦੇ ਹਾਂ ਕਿ ਕਿਹੋ ਜਿਹੀ ਵੀ ਵਾਸਨਾ ਤ੍ਰਿਪਤ ਕਰਨੀ ਹੋਵੇ ਕਰ ਲਓ।

ਵਿਗਿਆਨਕ ਦੀ ਲੜਾਈ ਬਹੁਤ ਗਹਿਰੇ ਧਰਮ ਨਾਲ ਹੈ। ਵਿਗਿਆਨ ਕਦੇ ਅਜਿਹਾ ਨਹੀਂ ਕਰ ਪਾਏਗਾ। ਹੋ ਸਕਦਾ ਹੈ ਜੀਵਨ ਲੰਮਾ ਹੋ ਜਾਏ—ਸੱਤਰ ਸਾਲ ਦੀ ਥਾਂ ਆਦਮੀ ਸੱਤ ਸੋ ਸਾਲ ਜੀਊਣ ਲੱਗੇ। ਮੇਰੇ ਹਿਸਾਬ ਨਾਲ ਇਹ ਸੱਤ ਸੌ ਸਾਲ ਜੀਊਣ ਨਾਲ ਵੀ ਆਦਮੀ ਦੀ ਵਾਸਨਾ ਤਾਂ ਪੂਰੀ ਹੋਣੀ ਨਹੀਂ, ਬੁੱਧ ਅਤੇ ਫ਼ਰੀਦ ਦੇ ਵਚਨ ਜ਼ਿਆਦਾ ਸਹੀ ਮਾਲੂਮ ਹੋਣ ਲੱਗਣਗੇ।

ਇਸ ਲਈ ਮੈਂ ਭੈ-ਭੀਤ ਨਹੀਂ ਹਾਂ ਇਸ ਤੋਂ ਕਿ ਵਿਗਿਆਨ ਜੋ ਕਰ ਰਿਹਾ ਹੈ, ਉਹ ਨਹੀਂ ਕਰਨਾ ਚਾਹੀਦਾ। ਕਰੋ, ਕਿਉਂਕਿ ਅਸੀਂ ਮੰਨਦੇ ਹਾਂ, ਅਸੀਂ ਜਾਣਦੇ ਹਾਂ ਕਿ ਜਿੰਨਾ ਲੰਮਾ ਸਮਾਂ ਹੋਏਗਾ ਓਨਾ ਹੀ ਤੁਹਾਨੂੰ ਸਮਝ ਵਿਚ ਆਏਗਾ ਕਿ ਸਮੇਂ. ਦੀ ਲੰਬਾਈ ਨਾਲ ਕੁਝ ਵੀ ਨਹੀਂ ਹੁੰਦਾ। ਯਯਾਤਿ ਨੂੰ ਦਸ ਹਜ਼ਾਰ ਸਾਲ ਵਿਚ ਪਤਾ ਚੱਲ ਗਿਆ। ਜਿਹੜੀ ਗੱਲ ਸੌ ਸਾਲਾਂ ਵਿਚ ਪਤਾ ਨਾ ਲੱਗੀ

ਉਹ ਹਜ਼ਾਰ ਸਾਲ ਵਿਚ ਹੌਲੀ-ਹੌਲੀ ਉਸ ਨੂੰ ਸਮਝ ਆ ਗਈ ਕਿ ਇਹ ਤਾਂ ਮੈਂ ਬਾਰ-ਬਾਰ ਮੰਗਦਾ ਹਾਂ, ਗੱਲ ਤਾਂ ਉਥੇ ਦੀ ਉਥੇ ਖੜੀ ਹੈ, ਮੇਰੀ ਵਾਸਨਾ ਇੰਚ ਭਰ ਵੀ ਸਮਾਪਤ ਨਹੀਂ ਹੋਈ।

ਵਿਗਿਆਨ ਜੇਕਰ ਕਿਸੇ ਦਿਨ ਤਿਆਰ ਹੋ ਗਿਆ, ਸਮਰੱਥ, ਸਫ਼ਲ ਹੋ ਗਿਆ ਅਤੇ ਆਦਮੀ ਦੇ ਜੀਵਨ ਨੂੰ ਲੰਮਾ ਕਰ ਲਿਆ ਤਾਂ ਮੈਂ ਨਹੀਂ ਮੰਨਦਾ ਕਿ ਇਸ ਨਾਲ ਧਰਮ ਨੂੰ ਕੋਈ ਖ਼ਤਰਾ ਹੈ। ਵਿਗਿਆਨ ਸੋਚਦਾ ਹੋਏਗਾ। ਉਹ ਗ਼ਲਤੀ ਵਿਚ ਹੈ। ਇਸ ਨਾਲ ਬੁੱਧ ਅਤੇ ਫ਼ਰੀਦ ਦੇ ਵਚਨ ਹੋਰ ਵੀ ਸਹੀ ਹੋ ਜਾਣਗੇ। ਤਦ ਉਨ੍ਹਾਂ ਨੂੰ ਤਰਕ ਵੀ ਦੇਣ ਦੀ ਜ਼ਰੂਰਤ ਨਹੀਂ ਰਹਿ ਜਾਏਗੀ। ਤੁਹਾਡੇ ਜੀਵਨ ਦਾ ਪ੍ਰਬੰਧ ਹੀ ਤੁਹਾਨੂੰ ਦੱਸ ਦੇਵੇਗਾ ਕਿ ਕੁਝ ਹੱਲ ਨਹੀਂ ਹੁੰਦਾ। ਜੀਵਨ ਸੱਤ ਸੌ ਸਾਲ ਦਾ ਵੀ ਹੋਵੇ ਤਾਂ ਵੀ ਛਣਭੰਗੁਰ (ਪਲ ਵਿਚ ਮੁੱਕ ਜਾਣ ਵਾਲਾ) ਹੈ। ਵਕਤ ਹੀ ਛਣਭੰਗੁਰ ਹੈ। ਸਮੇਂ ਤੋਂ ਬਾਹਰ ਜਾਣਾ ਹੈ ਸ਼ਾਸ਼ਵਤ ਨੂੰ ਪਾਉਣ ਲਈ। ਸਮੇਂ ਦੀ ਲੰਬਾਈ ਦਾ ਨਾਮ ਸ਼ਾਸ਼ਵਤਤਾ (ਸਦਾ ਰਹਿਣ ਵਾਲਾ) ਨਹੀਂ ਹੈ। ਸਮੇਂ ਦੇ ਬਾਹਰ, ਅਤਿਕ੍ਰਮਣ (ਬਹੁਤਾਤ) ਦਾ ਨਾਮ ਸ਼ਾਸਵਤਤਾ ਹੈ। ਸਮਾਂ ਤਾਂ ਕਿੰਨਾ ਹੀ ਲੰਮਾ ਹੋਵੇ, ਛਣਭੰਗੁਰ ਹੈ। ਉਮਰ ਤਾਂ ਕਿੰਨੀ ਹੀ ਲੰਮੀ ਹੋਵੇ, ਸਮਾਪਤ ਹੋਏਗੀ—ਮੌਤ ਉੱਤੇ ਹੀ ਸਮਾਪਤ ਹੋਏਗੀ। ਵਿਚਕਾਰਲਾ ਫ਼ਾਸਲਾ ਕਿੰਨਾ ਹੀ ਕਰ ਲਵੋ ਵੱਡਾ—ਸੱਤ ਸਾਲ ਹੋਵੇ ਸੱਤਰ ਸਾਲ ਹੋਵੇ—ਸੱਤ ਹਜ਼ਾਰ ਸਾਲ ਹੋਵੇ, ਸੱਤ ਲੱਖ ਸਾਲ ਹੋਵੇ, ਪਰ ਜੀਵਨ ਦਾ ਅੰਤ ਮੌਤ ਉੱਤੇ ਹੀ ਹੋਵੇਗਾ। ਹੋਰ ਜਿੰਨਾ ਲੰਮਾ ਸਮਾਂ ਹੋਏਗਾ, ਓਨਾ ਹੀ ਗਿਆਨ ਸਪੱਸ਼ਟ (ਸਾਫ਼) ਹੋਏਗਾ ਕਿ ਇਹ ਤਾਂ ਕੁਝ ਹੱਲ ਨਹੀਂ ਹੁੰਦਾ, ਲੰਬਾਈ ਨਾਲ ਕੁਝ ਹੱਲ ਨਹੀਂ ਹੁੰਦਾ। ਸੋ, ਮੈਂ ਤਾਂ ਮੰਨਦਾ ਹਾਂ ਵਿਗਿਆਨ ਸਫ਼ਲ ਹੋ ਜਾਏ। ਲੰਮਾ ਕਰਨ ਵਿਚ ਤਾਂ ਅੱਛਾ ਉਸ ਦਿਨ ਸਾਨੂੰ ਚੀਜ਼ਾਂ ਹੋਰ ਵੀ ਸਾਫ਼ ਵਿਖਾਈ ਪੈਣ ਲੱਗਣਗੀਆਂ। ਜਿਵੇਂ ਕਿਸੇ ਨੇ ਦੂਰਬੀਨ ਹੱਥ 'ਚ ਦੇ ਦਿੱਤੀ ਅਤੇ ਦੂਰ ਦੇ ਦ੍ਰਿਸ਼ (ਨਜ਼ਾਰੇ) ਵਿਖਾਈ ਪੈਣ ਲੱਗੇ, ਜਾਂ ਜਿਵੇਂ ਕਿਸੇ ਨੇ ਖੁਰਦਬੀਨ ਹੱਥ 'ਚ ਦੇ ਦਿੱਤੀ ਅਤੇ ਜੋ ਨੰਗੀ ਅੱਖ ਨਾਲ ਵਿਖਾਈ ਨਹੀਂ ਪੈਂਦਾ ਸੀ, ਉਹ ਖੁਰਦਬੀਨ ਨਾਲ ਵਿਖਾਈ ਪੈਣ ਲੱਗਾ। ਸੱਤਰ ਸਾਲ ਵਿਚ ਚੀਜ਼ਾਂ ਛੋਟੀਆਂ ਹਨ, ਸੱਤ ਹਜ਼ਾਰ ਸਾਲ ਵਿਚ ਪੂਰੀਆਂ ਫੈਲ ਕੇ ਵੱਡੀਆਂ ਹੋ ਜਾਣਗੀਆਂ, ਸਾਫ਼-ਸਾਫ਼ ਵਿਖਾਈ ਪੈਣ ਲੱਗਣਗੀਆਂ।

ਵਿਗਿਆਨ ਸੋਚਦਾ ਹੋਵੇਗਾ ਕਿ ਧਰਮ ਤੋਂ ਮੁਕਤੀ ਹੋ ਜਾਏਗੀ, ਲੇਕਿਨ ਧਰਮ ਤੋਂ ਮੁਕਤੀ ਨਾਮੁਮਕਿਨ ਹੈ। ਧਰਮ ਨਾਲੋਂ ਛੁਟਕਾਰਾ ਅਸੰਭਵ ਹੈ। ਧਰਮ ਦਾ ਅੰਤ ਨਹੀਂ ਹੋ ਸਕਦਾ, ਕਿਉਂਕਿ ਧਰਮ ਮਨੁੱਖ ਦੀ ਆਤਅੰਤਿਮਕ (ਬਹੁਤਾਤਾ

ਵਿਚ) ਨਿਅਤੀ (ਹੋਣੀ) ਹੈ, ਉਹ ਤੁਹਾਡੇ ਅੰਦਰ ਲੁਕਿਆ ਹੈ। ਮੋਕਸ਼ ਤੁਹਾਨੂੰ ਲੱਭਣਾ ਹੀ ਹੋਏਗਾ। ਜੀਵਨ ਅਤੇ ਮੌਤ ਦੇ ਪਾਰ ਦਾ ਦਰਸ਼ਨ ਕਰਨਾ ਹੀ ਹੋਏਗਾ। ਇਸ ਲਈ ਧਰਮ ਨਾਲੋਂ ਬਚਣ ਦਾ ਕੋਈ ਉਪਾਇ ਨਹੀਂ ਹੈ। ਧਰਮ ਤੋਂ ਤੁਸੀਂ ਆਪਣੇ ਨੂੰ ਬਚਾਉਣ ਦੀ ਕੋਸ਼ਿਸ਼ ਕਰ ਸਕਦੇ ਹੋ। ਸਾਰੀਆਂ ਕੋਸ਼ਿਸ਼ਾਂ ਅਸਫ਼ਲ ਹੁੰਦੀਆਂ ਹਨ, ਹੋਣਗੀਆਂ।

ਇਸ ਲਈ ਪੂਰਬ ਅਤੇ ਪੱਛਮ ਦੀ ਮੌਤ ਦੀ ਵਿਚਾਰਣਾ ਵਿਚ ਬਹੁਤ ਭੇਦ ਹੈ।

ਦੂਸਰਾ ਸਵਾਲ—ਤੁਸੀਂ ਕਹਿੰਦੇ ਹੋ, ਪ੍ਰਾਰਥਨਾ ਮੰਗ ਨਹੀਂ ਹੈ, ਮਾਤ੍ਰ ਧੰਨਵਾਦ ਦੇਣਾ ਹੈ, ਅਹੋ-ਭਾਵ ਪ੍ਰਗਟ ਕਰਨਾ ਹੈ, ਲੇਕਿਨ ਵੇਦ-ਉਪਨਿਸ਼ਦ, ਕੁਰਾਨ, ਬਾਈਬਲ ਆਦਿ ਅਨੇਕ ਧਰਮ ਗ੍ਰੰਥਾਂ ਵਿਚ ਸੈਂਕੜੇ ਪ੍ਰਾਰਥਨਾਵਾਂ ਮੰਗ ਵਰਗੀਆਂ ਮਿਲਦੀਆਂ ਹਨ ਕਿ ਪ੍ਰਭੂ ਤੋਂ ਪ੍ਰਕਾਸ਼ ਅਤੇ ਪ੍ਰਗਿਆ (ਬੁੱਧੀ ਗਿਆਨ) ਮੰਗਣਾ ਵੀ ਠੀਕ ਨਹੀਂ ਹੈ?

ਧਰਮ ਗ੍ਰੰਥਾਂ ਵਿਚ ਸਾਰਾ ਕੁਝ ਧਰਮ ਨਹੀਂ ਹੈ, ਕਿਉਂਕਿ ਧਰਮ ਗ੍ਰੰਥ ਪ੍ਰਗਿਆਵਾਨ (ਜਿਸ ਨੂੰ ਪਰਮਾਤਮਾ ਦਾ ਗਿਆਨ ਪ੍ਰਾਪਤ ਹੋਇਆ ਹੈ) ਪੁਰਸ਼ਾਂ ਦਾ ਬੋਧ (ਗਿਆਨ) ਅਤੇ ਜਿਸ ਨੂੰ ਗਿਆਨ ਪ੍ਰਾਪਤ ਨਹੀਂ ਹੋਇਆ, ਉਸ ਦੀ ਅਬੁੱਧੀ, ਦੋਹਾਂ ਦਾ ਜੋੜ ਹੈ।

ਕ੍ਰਿਸ਼ਨ ਨੇ ਗੀਤਾ ਕਹੀ। ਇਕ ਤਾਂ ਕਹਿਣ ਵਿਚ ਹੀ, ਜੋ ਅੰਦਰ ਜਾਣਾ ਹੈ ਉਹ ਪੂਰਾ ਪ੍ਰਗਟ ਨਹੀਂ ਹੁੰਦਾ, ਉਹ ਬਹੁਤ ਵੱਡਾ ਹੈ ਸ਼ਬਦਾਂ ਤੋਂ। ਉਪਨਿਸ਼ਦ ਕਹਿੰਦੇ ਹਨ, ਉਥੋਂ ਤਾਂ ਸ਼ਬਦ ਵੀ ਪਰਤ ਆਉਂਦੇ ਹਨ, ਡਿੱਗ-ਡਿੱਗ ਪੈਂਦੇ ਹਨ ਵਾਪਸ। ਓਨੀ ਉਡਾਰੀ ਨਹੀਂ ਮਾ ਸਕਦੇ ਸ਼ਬਦ। ਸ਼ਬਦ ਅਜਿਹੇ ਹਨ ਜਿਵੇਂ ਮੁਰਗੀ ਦੀ ਉਡਾਰੀ, ਉਹ ਕੋਈ ਦੂਰ ਸੂਰਜ ਤਕ ਨਹੀਂ ਪੁੱਜ ਪਾਉਂਦੀ, ਇਵੇਂ ਹੀ ਇਕਾਧ ਕੰਧ 'ਤੇ ਛਾਲ ਮਾਰਨੀ ਹੋਵੇ, ਥੋੜ੍ਹਾ-ਬਹੁਤ ਉੱਛਲਣਾ-ਕੁੱਦਣਾ ਹੋਵੇ—ਠੀਕ ਹੈ। ਖੰਭ ਹੋਣ ਨਾਲ ਇਹ ਨਾ ਸੋਚਣਾ ਕਿ ਮੁਰਗੀ ਉੱਡ ਸਕਦੀ ਹੈ। ਛਾਲ ਮਾਰ ਲੈਂਦੀ ਹੈ। ਸ਼ਬਦਾਂ ਦੇ ਖੰਭ ਵੀ ਇੰਨੇ ਹੀ ਸਮਰੱਥ ਹਨ ਕਿ ਥੋੜ੍ਹੀ ਜਿਹੀ ਛਾਲ ਮਾਰ ਲੈਂਦੇ ਹਨ। ਉਨ੍ਹਾਂ ਦੀ ਕੋਈ ਬਹੁਤੀ ਸਾਮ੍ਰਥ (ਸ਼ਕਤੀ) ਨਹੀਂ ਹੈ।

ਤਾਂ, ਪਹਿਲਾਂ ਤਾਂ ਕ੍ਰਿਸ਼ਨ ਜਦ ਕਹਿੰਦੇ ਹਨ ਤਦ ਹੀ ਓਨਾ ਨਹੀਂ ਰਹਿ ਜਾਂਦਾ ਜਿੰਨਾ ਉਹ ਜਾਣਦੇ ਹਨ। ਜੋ ਕ੍ਰਿਸ਼ਨ ਜਾਣਦੇ ਹਨ ਉਹ ਕਹਿਣ ਵਿਚ ਹਜ਼ਾਰ ਸੀੜ੍ਹੀਆਂ (ਪੌੜੀਆਂ) ਹੇਠਾਂ ਡਿੱਗ ਪੈਂਦਾ ਹੈ। ਫਿਰ ਅਰਜਨ ਸੁਣਦਾ ਹੈ। ਜੋ ਅਰਜਨ ਸੁਣਦਾ ਹੈ, ਓਨਾ ਹੀ ਸਮਝ ਨਹੀਂ ਪਾਉਂਦਾ। ਕੰਨ ਤਾਂ ਸੁਣ ਲੈਂਦੇ

ਹਨ ਜੋ ਕਿਹਾ ਗਿਆ, ਲੇਕਿਨ ਕੰਨਾਂ ਵਿਚ ਥੋੜ੍ਹੀ ਸਮਝ ਹੈ, ਸਮਝ ਤਾਂ ਮਸਤਿੱਕ ਵਿਚ ਹੈ। ਫਿਰ ਅਰਜਨ ਉਸ ਦੀ ਵਿਆਖਿਆ ਕਰਦਾ ਹੈ। ਤਾਂ ਜੋ ਅਰਜਨ ਸਮਝਦਾ ਹੈ ਉਹ ਓਨਾ ਨਹੀਂ ਹੈ ਜਿੰਨਾ ਸੁਣਿਆ, ਉਹ ਸੁਣਨ ਤੋਂ ਬਹੁਤ ਘੱਟ ਹੈ। ਫਿਰ ਅਰਜਨ ਵੀ ਲਿਖਦਾ ਨਹੀਂ ਸੰਜਯ, ਤੀਜਾ ਹੀ ਵਿਅਕਤੀ, ਉਹ ਅੰਨ੍ਹੇ ਧ੍ਰਿਤਰਾਸ਼ਟਰ ਨੂੰ ਸੁਣਾਉਂਦਾ ਹੈ।

ਇਹ ਜ਼ਰਾ ਕਹਾਣੀ ਬਹੁਤ ਅਰਥ-ਪੂਰਣ ਹੈ। ਸਾਰੇ ਧਰਮ ਗ੍ਰੰਥਾਂ ਦਾ ਜਨਮ ਇਸ 'ਚ ਲੁਕਿਆ ਹੈ। ਜਾਨਣ ਵਾਲੇ ਨੇ ਕਿਹਾ, ਕਹਿਣ ਵਿਚ ਜਾਨਣਾ ਬਹੁਤ ਛੋਟਾ ਹੋ ਗਿਆ, ਨਾ ਜਾਨਣ ਵਾਲੇ ਨੇ ਸੁਣਿਆ, ਜਿੰਨਾ ਸੁਣਿਆ ਸੀ, ਸਮਝਣਾ ਉਸ ਤੋਂ ਬਹੁਤ ਛੋਟਾ ਹੋ ਗਿਆ। ਫਿਰ ਕਿਸੇ ਤੀਜੇ ਨੇ, ਜੋ ਨਾ ਕਹਿਣ ਵਾਲਾ ਸੀ, ਨਾ ਸੁਣਨ ਵਾਲਾ ਸੀ, ਸਿਰਫ਼ ਗਵਾਹ ਸੀ, ਉਸ ਨੇ ਇਕੱਠਾ ਕੀਤਾ। ਉਸ ਨੇ ਜੋ ਇਕੱਠਾ ਕੀਤਾ, ਉਹ ਹੋਰ ਵੀ ਹੇਠਾਂ ਡਿੱਗ ਪਿਆ। ਅਤੇ ਫਿਰ ਉਸ ਨੇ ਅੰਨ੍ਹੇ ਧ੍ਰਿਤਰਾਸ਼ਟਰ ਨੂੰ ਕਿਹਾ—ਅੰਨ੍ਹਿਆਂ ਨੂੰ ਜਿਹੜੇ ਨਾ ਜਾਨਣ ਵਾਲੇ ਸੀ, ਨਾ ਸੁਨਣ ਵਾਲੇ ਸੀ, ਨਾ ਵੇਖ ਸਕਦੇ ਸੀ। ਇਸ ਤਰ੍ਹਾਂ ਧਰਮ ਗ੍ਰੰਥ ਹੇਠਾਂ ਲਹਿੰਦਾ ਜਾਦਾ ਹੈ। ਫਿਰ ਧ੍ਰਿਤਰਾਸ਼ਟਰ ਨੇ ਜੋ ਸਮਝਿਆ ਉਹ ਹੀ ਤੁਹਾਡੀ ਸਮਝ ਹੈ। ਫਿਰ ਹਜ਼ਾਰਾਂ ਸਾਲ ਬੀਤਦੇ ਹਨ ਅਤੇ ਧ੍ਰਿਤਰਾਸ਼ਟਰ, ਧ੍ਰਿਤਰਾਸ਼ਟਰਾਂ ਨੂੰ ਸੁਣਾਉਂਦੇ ਚਲੇ ਜਾਂਦੇ ਹਨ। ਅੰਨ੍ਹੇ-ਅੰਨਾ ਠੇਲਿਆ! ਫਿਰ ਅੰਨ੍ਹੇ ਅੰਨ੍ਹਿਆਂ ਨੂੰ ਮਾਰਗ ਦਰਸ਼ਨ ਦਿੰਦੇ ਰਹਿੰਦੇ ਹਨ, ਵਿਆਖਿਆਵਾਂ, ਟੀਕਾਵਾਂ ਹੁੰਦੀਆਂ ਰਹਿੰਦੀਆਂ ਹਨ। ਜੇਕਰ ਕ੍ਰਿਸ਼ਨ ਪਰਤ ਆਉਣ ਤਾਂ ਪਛਾਣ ਵੀ ਨਹੀਂ ਸਕਣਗੇ ਕਿ ਇਹ ਗੱਲਾਂ ਮੈਂ ਹੀ ਕਹੀਆਂ ਸਨ। ਅਸੰਭਵ ਹੈ।

ਸੋ, ਪਹਿਲੀ ਗੱਲ, ਧਰਮ ਗ੍ਰੰਥਾਂ ਵਿਚ ਸਾਰਾ ਕੁਝ ਧਰਮ ਨਹੀਂ ਹੈ। ਇਹ ਅੜਚਨ ਹੁੰਦੀ ਹੈ ਸਾਨੂੰ ਮੰਨਣ ਵਿਚ, ਲੇਕਿਨ ਸੱਚਾਈ ਅਜਿਹੀ ਹੀ ਹੈ। ਅੜਚਨ ਹੋਵੇ ਨਾ ਹੋਵੇ, ਕੁਝ ਕੀਤਾ ਨਹੀਂ ਜਾ ਸਕਦਾ। ਜੇਕਰ ਵੇਦਾਂ ਵਿਚ ਧਰਮ ਲੱਭਣਾ ਹੋਵੇ ਤਾਂ ਇਕ ਫ਼ੀਸਦੀ ਵੀ ਮਿਲ ਜਾਏ ਤਾਂ ਬਹੁਤ, ਨੜਿੱਨਵੇਂ ਫ਼ੀਸਦੀ ਕੂੜਾ ਹੈ। ਹੋਣਾ ਹੀ ਚਾਹੀਦਾ, ਕਿਉਂਕਿ ਵੇਦ ਸਭ ਤੋਂ ਪੁਰਾਣੀ ਕਿਤਾਬ ਹੈ। ਜਿੰਨੀ ਪੁਰਾਣੀ ਓਨੀ ਹੀ ਧੂੜ ਇਕੱਠੀ ਹੋ ਗਈ। ਜਿੰਨੀ ਪੁਰਾਣੀ ਓਨੇ ਹੱਥਾਂ ਵਿਚ ਸਰਕ ਗਈ। ਜਿੰਨੀ ਪੁਰਾਣੀ ਓਨੀ ਗੰਦੀ ਹੋ ਗਈ। ਓਨਾ ਹੀ ਜੁੜਦਾ ਚਲਾ ਗਿਆ, ਜੁੜਦਾ ਚਲਾ ਗਿਆ। ਕੌਣ ਰੋਕੇਗਾ ਕਿਸ ਨੂੰ ਰੋਕੇਗਾ? ਹਜ਼ਾਰਾਂ ਸਾਲਾਂ ਤਕ ਵੇਦ ਤਾਂ ਸਿਰਫ਼ ਕੰਠਸਤ (ਚੇਤੇ ਕੀਤੇ ਹੋਏ) ਸਨ, ਲਿਖੇ ਨਹੀਂ ਗਏ ਸਨ। ਜਦ ਕੰਠਸਤ ਸੀ ਤਾਂ ਵੱਡਾ ਮਜ਼ਾ ਸੀ ਕੰਠ-ਕੰਠ ਦੀ ਗੱਲ ਸੀ, ਆਪਣਾ-ਆਪਣਾ ਜੋੜ ਸੀ। ਇਸ ਲਈ ਵੇਦਾਂ ਦੀਆਂ ਕਈ ਕਾਪੀਆਂ ਹਨ,

ਕਈ ਢੰਗ ਹਨ। ਕੁਝ ਸੂਤਰ ਇਕ ਵਿਚ ਮਿਲਦੇ ਹਨ, ਕੁਝ ਸੂਤਰ ਦੂਜੇ ਵਿਚ ਮਿਲਦੇ ਹਨ, ਕੁਝ ਸੂਤਰ ਕਿਤੇ ਨਹੀਂ ਮਿਲਦੇ। ਵੇਦ ਦੇ ਕਈ ਪਾਠ ਹਨ। ਹਰ ਘਰਾਣੇ ਦਾ ਆਪਣਾ ਵੇਦ ਸੀ। ਉਸੇ ਤਰ੍ਹਾਂ ਤਾਂ ਚਤੁਰਵੇਦੀ, ਤ੍ਰਿਵੇਦੀ, ਦਿਵੇਦੀ ਪੈਦਾ ਹੋਏ। ਜਿਨ੍ਹਾਂ ਨੂੰ ਚਾਰੇ ਵੇਦ ਕੰਠਸਤ ਸਨ, ਜਿਨ੍ਹਾਂ ਦੇ ਪਰਿਵਾਰ ਵਿਚ, ਉਹ ਚਤੁਰਵੇਦੀ। ਜਿਨ੍ਹਾਂ ਦੇ ਘਰ ਵਿਚ ਤਿੰਨ ਵੇਦ ਕੰਠਸਤ ਸਨ ਉਹ ਤ੍ਰਿਵੇਦੀ। ਜਿਨ੍ਹਾਂ ਦੇ ਘਰ 'ਚ ਦੋ ਵੇਦ ਕੰਠਸਤ ਸੀ, ਉਹ ਦਿਵੇਦੀ।

ਫਿਰ ਵੇਦ ਲਿਖੇ ਗਏ।

ਜੋ ਚੀਜ਼ ਕਹੀ ਜਾਂਦੀ ਹੈ, ਉਸ ਵਿਚ ਅਤੇ ਲਿਖਣ ਵਿਚ ਬਹੁਤ ਫ਼ਰਕ ਹੋ ਜਾਂਦਾ ਹੈ।

ਮੈਂ ਤੁਹਾਡੇ ਨਾਲ ਇੱਥੇ ਬੋਲ ਰਿਹਾ ਹਾਂ—ਜਦ ਮੈਂ ਬੋਲ ਰਿਹਾ ਹਾਂ ਤਾਂ ਮੈਂ ਸ਼ਬਦ ਦੀ ਵੀ ਵਰਤੋਂ ਕਰ ਰਿਹਾ ਹਾਂ, ਮੇਰੇ ਹੱਥ ਵੀ ਇਸ਼ਾਰੇ ਦੇ ਰਹੇ ਹਨ। ਮੇਰੇ ਕੰਠ ਦੀ ਲੈਅ ਵਿਚ ਫ਼ਰਕ ਪੈਂਦਾ ਹੈ। ਜੇਕਰ ਕਿਸੇ ਸ਼ਬਦ 'ਤੇ ਮੈਨੂੰ ਜ਼ੋਰ ਦੇਣਾ ਹੈ ਤਾਂ ਮੈਂ ਹੋਰ ਢੰਗ ਨਾਲ ਕਹਿੰਦਾ ਹਾਂ। ਕਦੇ ਮੈਂ ਥੋੜਾ ਚੁੱਪ ਰਹਿ ਜਾਂਦਾ ਹਾਂ, ਤਾਂਕਿ ਸ਼ੂਨਯ ਵੀ ਸ਼ਬਦ ਦੇ ਨਾਲ ਜੁੜ ਜਾਏ, ਸਿੱਧਾ-ਸਿੱਧਾ ਨਾ ਹੋਵੇ ਤਾਂ ਵੀ ਘੱਟੋ-ਘੱਟ ਸ਼ਬਦ ਦੇ ਆਲੇ-ਦੁਆਲੇ ਹੋਵੇ। ਕਦੇ ਤੁਹਾਡੇ ਵੱਲ ਸਿਰਫ਼ ਵੇਖਦਾ ਹਾਂ, ਤਾਂਕਿ ਜੋ ਸ਼ਬਦ ਨਾਲ ਨਹੀਂ ਕਿਹਾ ਜਾ ਸਕਦਾ, ਹੱਥ ਨਾਲ ਇਸ਼ਾਰਾ ਨਹੀਂ ਕੀਤਾ ਜਾ ਸਕਦਾ, ਉਸ ਨੂੰ ਅੱਖ ਨਾਲ ਅੱਖ ਵਿਚ ਉਡੇਲ ਦਿੱਤਾ ਜਾਵੇ। ਮੇਰੀ ਪੂਰੀ ਭਾਵ ਭਗਿਮਾ, ਮੇਰਾ ਹੋਣਾ, ਸਭ ਉਸ ਵਿਚ ਸ਼ਾਮਿਲ ਹੈ। ਜਦ ਤੁਸੀਂ ਇਸ ਨੂੰ ਲਿਖੋਗੇ ਤਦ ਕੋਰੇ ਸ਼ਬਦ ਰਹਿ ਜਾਣਗੇ। ਉਨ੍ਹਾਂ ਸ਼ਬਦਾਂ ਵਿਚ ਕੋਈ ਹੱਥ ਹਿਲਾ ਕੇ ਇਸ਼ਾਰਾ ਤੁਹਾਨੂੰ ਨਾ ਕਰਨਗੇ, ਕੋਈ ਅੱਖ ਉਨ੍ਹਾਂ ਸ਼ਬਦਾਂ ਨਾਲ ਤੁਹਾਨੂੰ ਝਾਕੇਗੀ ਨਹੀਂ। ਉਨ੍ਹਾਂ ਸ਼ਬਦਾਂ ਵਿਚ ਕੋਈ ਲੈਅ-ਬੱਧਤਾ ਨਹੀਂ ਹੋਏਗੀ। ਉਹ ਇਕੋ ਜਿਹੇ ਸਪਾਟ ਹੋਣਗੇ। ਕਦੇ ਸੁਰ ਉੱਚਾ ਕਦੇ ਨੀਵਾਂ ਨਹੀਂ ਹੋਏਗਾ। ਉਨ੍ਹਾਂ ਸ਼ਬਦਾਂ ਦੇ ਵਿਚਾਲੇ ਸ਼ੂਨਯ ਨਹੀਂ ਹੋਏਗਾ। ਉਹ ਸ਼ਬਦ ਬਹੁਤ ਕੁਝ ਗੁਆ ਦੇਣਗੇ, ਮੁਰਦਾ ਹੋ ਜਾਣਗੇ। ਹੁਣੇ ਜੀਵ ਹਨ। ਇਹ ਹੀ ਹੋਣਗੇ ਸ਼ਬਦ, ਲੇਕਿਨ ਮੁਰਦਾ ਹੋ ਜਾਣਗੇ।

ਇੱਥੇ ਜਦ ਤੁਸੀਂ ਮੈਨੂੰ ਸੁਣਦੇ ਹੋ, ਜਦ ਇੱਥੇ ਤੁਸੀਂ ਮੇਰੇ ਨੇੜੇ ਹੋ ਤਾਂ ਸੁਣਦੇ ਵੇਲੇ ਤੁਸੀਂ ਚੁੱਪ ਹੋ ਗਏ ਹੁੰਦੇ ਹੋ। ਜਦ ਤੁਸੀਂ ਪੜ੍ਹੋਗੇ, ਇਨ੍ਹਾਂ ਹੀ ਸ਼ਬਦਾਂ ਨੂੰ ਤਾਂ ਚੁੱਪ ਹੋਣ ਦੀ ਕੋਈ ਜ਼ਰੂਰਤ ਨਹੀਂ ਹੋਏਗੀ। ਕਾਰਨ ? ਜਦ ਤੁਸੀਂ ਮੈਨੂੰ ਸੁਣ ਰਹੇ ਹੋ, ਜੇਕਰ ਚੁੱਪ ਨਾ ਹੋਏ। ਇਕ ਸ਼ਬਦ ਵੀ ਉੱਕ ਗਏ ਤਾਂ ਦੁਬਾਰਾ ਸੁਣਨ ਦਾ ਕੋਈ ਉਪਾਇ ਨਹੀਂ ਹੈ, ਗਿਆ, ਗਿਆ। ਤੁਹਾਨੂੰ ਤੱਤਪਰ (ਹੁਸ਼ਿਆਰ) ਹੋਣਾ

ਹੋਏਗਾ। ਤੁਸੀਂ ਧਿਆਨਸਥ ਹੋ ਜਾਉਗੇ। ਤੁਸੀਂ ਇਕ-ਇਕ ਸ਼ਬਦ ਨੂੰ ਫੜੋਗੇ ਕਿ ਕਿਤੇ ਉੱਕ ਨਾ ਜਾਈਏ, ਕਿਉਂਕਿ ਇਕ ਸ਼ਬਦ ਉੱਕਿਆ ਤਾਂ ਲੜੀ ਟੁੱਟ ਜਾਏਗੀ, ਫਿਰ ਅੱਗੋਂ ਦਾ ਤੁਸੀਂ ਨਹੀਂ ਸਮਝ ਪਾਉਗੇ। ਲੇਕਿਨ ਕਿਤਾਬ ਪੜ੍ਹਨ ਵਿਚ ਕੀ ਧਿਆਨ ਦੇਣ ਦੀ ਲੋੜ ਹੈ ? ਜੇਕਰ ਭੁੱਲ ਗਿਆ, ਪੂਰਾ ਵਰਕਾ ਫਿਰ ਤੋਂ ਪੜ੍ਹ ਲਵਾਂਗੇ, ਪੂਰੀ ਕਿਤਾਬ ਫਿਰ ਤੋਂ ਪੜ੍ਹ ਲਵਾਂਗੇ। ਇਸ ਲਈ ਕਿਤਾਬ ਪੜ੍ਹਦੇ ਵੇਲੇ ਕੋਈ ਵੀ ਧਿਆਨ ਮਗਨ ਨਹੀਂ ਹੋ ਪਾਉਂਦਾ। ਹੋਣ ਦੀ ਲੋੜ ਨਹੀਂ ਹੈ। ਜਦ ਲੋੜ ਹੀ ਨਹੀਂ ਤਾਂ ਕੌਣ ਪ੍ਰੇਸ਼ਾਨ ਹੁੰਦਾ ਹੈ ? ਸੁਣਦੇ ਵੇਲੇ ਇਕ ਧਿਆਨ ਦੀ ਮਹਿਮਾ ਪ੍ਰਾਪਤ ਹੁੰਦੀ ਹੈ, ਧਿਆਨ ਦਾ ਭਾਵ ਉਪਲਬਧ ਹੁੰਦਾ ਹੈ।

ਤਾਂ ਜਦ ਸੁਣੇ ਗਏ, ਕਹੇ ਗਏ ਸ਼ਬਦ ਲਿਖੇ ਜਾਂਦੇ ਹਨ, ਤਦ ਹੋਰ ਗੁੰਮ ਜਾਂਦੇ ਹਨ। ਫਿਰ ਜੋ ਲਿਖਦੇ ਹਨ ਉਹ ਆਪਣਾ ਜੋੜ ਜਾਂਦੇ ਹਨ। ਸ਼ਾਇਦ ਹਿੱਤ ਲਈ ਹੀ ਜੋੜਦੇ ਹੋਣ। ਉਨ੍ਹਾਂ ਨੂੰ ਲੱਗਦਾ ਹੈ ਇਸ ਨਾਲ ਲਾਭ ਹੋਏਗਾ। ਕੁਝ ਛੱਡ ਦਿੰਦੇ ਹਨ, ਉਨ੍ਹਾਂ ਨੂੰ ਲੱਗਦਾ ਹੈ, ਇਸ ਨਾਲ ਨੁਕਸਾਨ ਹੋਏਗਾ। ਸ਼ੁਭ ਇੱਛਾ ਨਾਲ ਹੀ ਕਰਦੇ ਹਨ।

ਜਦ ਭਾਰਤ ਆਜ਼ਾਦ ਹੋਣ ਦੇ ਨੇੜੇ ਹੋਇਆ ਤਾਂ ਗਾਂਧੀ ਨੇ ਇਕ ਲੇਖ ਲਿਖਿਆ ਹੈ ਕਿ ਖੁਜਰਾਹੋ, ਕੁਣਾਰਕ ਅਤੇ ਪੁਰੀ ਦੇ ਮੰਦਰਾਂ ਨੂੰ ਮਿੱਟੀ ਨਾਲ ਢੱਕ ਕੇ ਦਬਾ ਦੇਣਾ ਚਾਹੀਦਾ, ਕਿਉਂਕਿ ਇਨ੍ਹਾਂ ਵਿਚ ਅਸ਼ਲੀਲ ਪ੍ਰਤੀਮਾਵਾਂ (ਨੰਗੀਆਂ ਮੂਰਤੀਆਂ) ਹਨ। ਇਹ ਗਾਂਧੀ ਦੇ ਮਨ 'ਚ ਵਿਚਾਰ ਤਾਂ ਬਹੁਤ ਪੁਰਾਣਾ ਸੀ। 1920 ਤੋਂ ਇਹ ਉਨ੍ਹਾਂ ਦੇ ਮਨ 'ਚ ਖ਼ਿਆਲ ਸੀ ਕਿ ਜਦ ਸ਼ਕਤੀ ਹੱਥ ਵਿਚ ਆਏ ਤਾਂ ਇਹ ਹੋਣਾ ਚਾਹੀਦਾ। ਉਹ ਸ਼ੁਭ ਇੱਛਾ ਨਾਲ—ਹਾਲਾਂਕਿ ਸ਼ੁਭ ਇੱਛਾ ਅਗਿਆਨਪੂਰਣ ਹੈ। ਕਿਉਂਕਿ ਜਿਨ੍ਹਾਂ ਨੇ ਖੁਜਰਾਹੋ ਦੇ ਮੰਦਿਰ ਬਣਾਏ ਸਨ, ਉਨ੍ਹਾਂ ਨੇ ਕਿਸੇ ਵਿਗਿਆਨ ਨੂੰ ਮੰਦਿਰ ਦੇ ਪੱਥਰਾਂ ਵਿਚ ਖੋਦਿਆ ਹੈ, ਪੂਰਾ ਤੰਤ੍ਰ ਖੋਦਿਆ ਹੈ। ਅਸ਼ਲੀਲ ਨਹੀਂ ਹਨ ਉਹ ਮੰਦਿਰ, ਅਸ਼ਲੀਲ (ਸ਼ਰਮਨਾਕ) ਤੁਹਾਨੂੰ ਵਿਖਾਈ ਦਿੰਦੇ ਹੋਣਗੇ, ਕਿਉਂਕਿ ਤੁਹਾਡੀਆਂ ਧਾਰਨਾਵਾਂ ਬਹੁਤ ਕੁੰਠਿਤ (ਬੁਰੀਆਂ ਤੇ ਰੋਗੀ) ਅਤੇ ਰੋਗੀਆਂ ਹਨ। ਮੰਦਿਰਾਂ ਦਾ ਅਸ਼ਲੀਲ ਹੋਣ ਨਾਲ ਕੋਈ ਲੈਣਾ-ਦੇਣਾ ਨਹੀਂ। ਜੇਕਰ ਗਾਂਧੀ ਨੂੰ ਵੀ ਅਸ਼ਲੀਲ ਵਿਖਾਈ ਪੈਂਦੀਆਂ ਹਨ ਤਾਂ ਸਿਰਫ਼ ਗਾਂਧੀ ਦੇ ਮਨ ਦੀ ਖ਼ਬਰ ਦਿੰਦੀਆਂ ਹਨ, ਮੰਦਿਰਾਂ ਦਾ ਕੁਝ ਲੈਣਾ-ਦੇਣਾ ਨਹੀਂ ਹੈ।

ਜਿਨ੍ਹਾਂ ਨੇ ਮੰਦਿਰ ਬਣਾਏ ਸਨ, ਬਹੁਤ ਪੂਜਾ ਦੇ ਭਾਵ ਨਾਲ ਬਣਾਏ ਸਨ। ਹੋਰ ਉਨ੍ਹਾਂ ਦੇ ਪਿੱਛੇ ਵੱਡਾ ਰਾਜ਼ ਸੀ। ਖੁਜਰਾਹੋ ਦੀ ਇਕ-ਇਕ ਮੂਰਤੀ ਉੱਤੇ ਧਿਆਨ ਕਰਨ ਨਾਲ ਤੁਹਾਡੇ ਮਨ ਦੀ ਕਾਮ ਵਾਸ਼ਨਾ ਮੁੱਕ ਜਾਂਦੀ ਹੈ। ਹਾਂ ਇਵੇਂ

ਹੀ ਤੁਸੀਂ ਵੇਖਣ ਵਾਲੇ ਦੀ ਤਰ੍ਹਾਂ ਪੁੱਜ ਗਏ, ਵੇਖਣ ਵਾਲਿਆਂ ਲਈ ਉਹ ਮੰਦਿਰ ਬਣਾਏ ਨਹੀਂ ਗਏ ਸਨ ਕਿ ਦਿਨ ਭਰ ਲਈ ਗਏ ਪੂਰੇ ਖੁਜਰਾਹੋ ਦੇ ਤੀਹ-ਬੱਤੀ ਮੰਦਿਰ ਵੇਖ ਸੁੱਟੇ, ਬੈਠੇ ਆਪਣੀ ਬੱਸ ਵਿਚ ਅਤੇ ਪਰਤ ਆਏ, ਤਾਂ ਤੁਹਾਨੂੰ ਉਹ ਹੋਰ ਜ਼ਿਆਦਾ ਪ੍ਰੇਸ਼ਾਨ ਕਰ ਜਾਣਗੇ, ਤੁਹਾਡੇ ਅੰਦਰ ਵਾਸਨਾ ਨੂੰ ਜਗਾ ਦੇਣਗੇ। ਉਹ ਮੰਦਿਰ ਸਨ ਧਿਆਨੀਆਂ ਲਈ—ਉਹ ਸਾਰਿਆਂ ਲਈ ਉਪਲਬਧ ਨਹੀਂ ਸਨ। ਉਹ ਉਨ੍ਹਾਂ ਲਈ ਸੀ ਜਿਨ੍ਹਾਂ ਨੂੰ ਗੁਰੂ ਕਹਿੰਦਾ ਹੈ ਕਿ ਜਾਓ ਅਤੇ ਮੰਦਿਰ ਦੀਆਂ ਇਨ੍ਹਾਂ-ਇਨ੍ਹਾਂ ਮੂਰਤੀਆਂ ਉੱਤੇ, ਇਨ੍ਹਾਂ-ਇਨ੍ਹਾਂ ਮੁਦ੍ਰਾਵਾਂ (ਪੋਜ਼) ਉੱਤੇ ਬੈਠ ਕੇ ਚਿੱਤ ਨੂੰ ਇਕਾਗਰ ਕਰੋ। ਜਿਸ ਵਿਅਕਤੀ ਦੇ ਮਨ 'ਚ ਕਾਮ ਵਾਸਨਾ ਦੀ ਜੋ ਵ੍ਰਿਤਿ (ਭਾਵ) ਬਹੁਤ ਪ੍ਰਬਲ ਹੁੰਦੀ, ਉਸੇ ਤਰ੍ਹਾਂ ਦੀ ਮੂਰਤੀ ਉੱਤੇ ਉਸ ਨੂੰ ਧਿਆਨ ਕਰਨ ਭੇਜਿਆ ਜਾਂਦਾ। ਉਸ ਮੂਰਤੀ ਉੱਤੇ ਧਿਆਨ ਕਰਦੇ-ਕਰਦੇ, ਕਰਦੇ-ਕਰਦੇ ਜੋ ਉਸ ਦੇ ਅੰਦਰ ਅਚੇਤਨ ਵਿਚ ਦੱਬਿਆ ਹੈ ਉਹ ਉਭਰ ਕੇ ਚੇਤਨ ਵਿਚ ਆ ਜਾਦਾ ਹੈ। ਸਾਰਾ ਉਪਾਇ ਇਨਾ ਹੀ ਹੈ ਕਿ ਜੋ ਤੁਹਾਡੇ ਅੰਦਰ ਦੱਬਿਆ ਹੈ ਉਹ ਉਭਰ ਕੇ ਬਾਹਰ ਆ ਜਾਏ। ਉਸੇ ਦੀ ਪਰਛਾਈਂ ਸਾਹਮਣੇ ਬਣਾਈ ਗਈ।

ਇਸ ਲਈ ਖੁਜਰਾਹੋ ਵਿਚ ਅਜਿਹੀਆ ਮੂਰਤੀਆਂ ਵੀ ਹਨ ਕਿ ਜੋ ਭਰੋਸੇ ਦੇ ਲਾਇਕ ਨਹੀਂ ਹਨ। ਵਿਚਾਰਕ ਜਿਨ੍ਹਾਂ ਨੂੰ ਕੁਝ ਪਤਾ ਨਹੀਂ ਹੈ ਤੰਤਰ ਦਾ, ਉਹ ਕਹਿੰਦੇ ਹਨ, ਇਹ ਤਾਂ ਬਿਲਕੁਲ ਹੀ ਅਨਰ ਗੱਲ (ਅਨਾਪ ਸਨਾਪ) ਹਨ ਅਜਿਹਾ ਤਾਂ ਹੁੰਦਾ ਹੀ ਨਹੀਂ ਹੈ। ਜਿਵੇਂ ਸੀਸ ਆਸਣ ਕਰਦੇ ਹੋਏ ਦੋ ਇਸਤ੍ਰੀ-ਪੁਰਸ਼ ਸੰਭੋਗ ਕਰ ਰਹੇ ਹਨ—ਅਜਿਹਾ ਕਿਤੇ ਹੁੰਦਾ ਹੈ ? ਇਹ ਕੋਈ ਆਸਣ ਹੈ ? ਇਹ ਕੋਈ ਢੰਗ ਹੈ ? ਕਿਸ ਲਈ ਇਹ ਬਣਾਇਆ ਗਿਆ ਹੋਏਗਾ ? ਅਜਿਹਾ ਹੁੰਦਾ ਨਹੀਂ ਹੈ, ਲੇਕਿਨ ਇਸ ਤਰ੍ਹਾਂ ਦੇ ਸੁਫਨੇ ਹੁੰਦੇ ਹਨ ਦਰਅਸਲ—ਅਜਿਹਾ ਨਹੀਂ ਹੁੰਦਾ, ਲੇਕਿਨ ਇਸ ਤਰ੍ਹਾਂ ਦੇ ਵਿਕਾਰ ਮਨ ਵਿਚ ਹੁੰਦੇ ਹਨ। ਤੁਸੀਂ ਸੁਫ਼ਨੇ ਵਿਚ ਤਾਂ ਇਸ-ਇਸ ਤਰ੍ਹਾਂ ਦੀਆਂ ਮੁਦ੍ਰਾਵਾਂ ਲਈਆਂ ਹਨ, ਕਾਮ-ਵਾਸਨਾ ਦੀਆਂ, ਜੋ ਕਿ ਤੁਸੀਂ ਸੱਚਾਈ ਵਿਚ ਪੂਰਾ ਨਹੀਂ ਕਰ ਸਕੋਗੇ। ਖੁਜਰਾਹੋ ਦੇ ਮੰਦਿਰਾਂ ਉੱਤੇ ਤੁਹਾਡਾ ਇਕ-ਇਕ ਸੁਫ਼ਨਾ ਖੁਦਿਆ ਹੈ। ਮੈਂ ਇਕ-ਇਕ ਮੂਰਤੀ ਬੜੇ ਗੌਰ ਨਾਲ ਵੇਖੀ ਹੈ ਅਤੇ ਮੈਂ ਪਾਇਆ ਕਿ ਖੁਜਰਾਹੋ ਵਿਚ ਜੋ ਹੈ ਉਸ ਤੋਂ ਬਹੁਤਾ ਮਨੁੱਖ ਦੇ ਸੁਫ਼ਨੇ ਵਿਚ ਕਦੇ ਨਹੀਂ ਹੋਇਆ। ਮਨੁੱਖਾਂ ਦੇ ਸੁਫ਼ਨਿਆਂ ਵਿਚ ਜੋ ਵੀ ਹੋਇਆ ਹੈ, ਉਨ੍ਹਾਂ ਸਾਰਿਆਂ ਦੇ ਪ੍ਰਤੀਕ ਖੁਜਰਾਹੋ ਦੀਆਂ ਮੂਰਤੀਆਂ 'ਚ ਖੁਦੇ ਹਨ। ਸੋ ਉਹ ਹਰ ਇਕ ਆਦਮੀ ਦੇ ਅੰਦਰ

ਲੁਕੀ ਹੋਈ, ਵਾਸਨਾਵਾਂ, ਵਿਕ੍ਰਤਿਆਂ (ਖ਼ਰਾਬੀਆਂ) ਨੂੰ ਬਾਹਰ ਲਿਆਉਣ ਦੇ ਉਪਾਇ ਹਨ।

ਗਾਂਧੀ ਨੇ ਕਿਹਾ ਇਨ੍ਹਾਂ ਨੂੰ ਦਬਾ ਦਿਓ। ਇਨ੍ਹਾਂ ਨੂੰ ਮਿੱਟੀ ਨਾਲ ਢੱਕ ਦਿਓ। ਕਦੇ ਕਿਸੇ ਵਿਸ਼ੇਸ਼ ਵਿਅਕਤੀ ਨੂੰ ਵਿਖਾਉਣਾ ਹੋਵੇ, ਕੋਈ ਸਮਰਾਟ ਆਏ, ਕੋਈ ਰਾਸ਼ਟਰਪਤੀ ਆਏ ਤਾਂ ਉਹ ਮਿੱਟੀ ਹਟਵਾ ਦਿੱਤੀ, ਸਾਫ਼ ਕਰਾ ਦਿੱਤੀ—ਨਹੀਂ ਤਾਂ ਆਮ ਜਨਤਾ ਦੇ ਵੇਖਣ ਦੀ ਗੱਲ ਨਹੀਂ ਹੈ। ਜਿਵੇਂ ਕਿ ਰਾਸ਼ਟਰਪਤੀ ਆਮ ਜਨਤਾ ਨਹੀਂ ਹੈ। ਆਮ ਜਨਤਾ ਤੋਂ ਵੀ ਆਮ। ਗਏ-ਬੀਤਿਆਂ ਨਾਲੋਂ ਵੀ ਗਏ-ਬੀਤੇ। ਕਿਉਂਕਿ ਨੇਤਾ ਹੋਣ ਲਈ ਅਨੁਆਈਆਂ ਨਾਲੋਂ ਵੀ ਬਦਤਰ ਹੋਣਾ ਜ਼ਰੂਰੀ ਹੈ, ਨਹੀਂ ਤਾਂ ਤੁਹਾਨੂੰ ਨੇਤਾ ਕੌਣ ਬਣਾਏਗਾ?

ਰਵਿੰਦਰ ਨਾਥ ਨੇ ਵਿਰੋਧ ਕੀਤਾ ਕਿ ਇਸ ਤਰ੍ਹਾਂ ਦੀ ਕਲਪਣਾ ਨਾ ਬੰਨ੍ਹੀ ਜਾਏ, ਮੰਦਿਰ ਨਾ ਢੱਕੇ ਜਾਣ। ਹਾਲਾਂਕਿ ਉਨ੍ਹਾਂ ਦੇ ਬਚਾਓ ਦਾ ਕਾਰਨ ਵੀ ਦੂਜਾ ਸੀ, ਉਹ ਵੀ ਗਿਆਨਪੂਰਣ ਨਹੀਂ ਸੀ ਬਹੁਤ। ਉਨ੍ਹਾਂ ਦਾ ਕਾਰਨ ਇਹ ਸੀ ਕਿ ਮੂਰਤੀਆਂ ਬਹੁਤ ਸੁੰਦਰ ਹਨ, ਅਨੋਖੀਆਂ ਹਨ, ਸੁੰਦਰਤਾ ਦੀਆਂ ਪ੍ਰਤੀਕ ਹਨ—ਇਨ੍ਹਾਂ ਨੂੰ ਮਿੱਟੀ ਵਿਚ ਨਾ ਦੱਬਿਆ ਜਾਏ। ਦਬਾਉਣ ਵਾਲਾ ਵੀ ਗ਼ਲਤ ਸੀ, ਬਚਾਉਣ ਵਾਲਾ ਵੀ ਗ਼ਲਤ ਸੀ—ਕਿਉਂਕਿ ਇਨ੍ਹਾਂ ਮੂਰਤੀਆਂ ਦਾ ਨਾ ਤਾਂ ਸੁੰਦਰਤਾ ਨਾਲ ਕੁਝ ਲੈਣਾ-ਦੇਣਾ ਹੈ, ਨਾ ਇਨ੍ਹਾਂ ਮੂਰਤੀਆਂ ਦਾ ਅਸ਼ਲੀਲਤਾ ਨਾਲ ਕੁਝ ਲੈਣਾ-ਦੇਣਾ ਹੈ, ਨਾ ਤਾਂ ਇਹ ਲੋਕਾਂ ਲਈ ਸੁੰਦਰਤਾ ਦਾ ਭਾਵ ਜਨਮੇ, ਇਸ ਲਈ ਬਣਾਈਆਂ ਗਈਆਂ ਸਨ ਅਤੇ ਨਾ ਇਸ ਲਈ ਬਣਾਈਆਂ ਗਈਆਂ ਸਨ ਕਿ ਲੋਕਾਂ ਵਿਚ ਅਸ਼ਲੀਲਤਾ ਜਨਮੇ, ਇਹ ਤਾਂ ਬਣਾਈਆਂ ਗਈਆਂ ਸਨ ਤੰਤ੍ਰ ਦੀਆਂ ਵਿਧੀਆਂ ਦੀ ਤਰ੍ਹਾਂ ਤਾਂਕਿ ਲੋਕ ਕਾਮਵਾਸਨਾ ਤੋਂ ਮੁਕਤ ਹੋ ਜਾਣ।

ਲੇਕਿਨ ਦੋਹਾਂ ਦੀ ਸ਼ੁਭ ਇੱਛਾ ਹੈ।

ਫਿਰ ਸ਼ਾਸਤ੍ਰ ਵਿਚ ਜੁੜਨਾ ਸ਼ੁਰੂ ਹੁੰਦਾ ਹੈ। ਸ਼ੁਭਇੱਛਕ ਲੋਕ ਹੇਰ-ਫੇਰ ਕਰਦੇ ਹਨ। ਬਦਲਾਹਟ ਕਰਦੇ ਹਨ, ਕੁਝ ਜੋੜਦੇ ਹਨ, ਕੁਝ ਘਟਾਉਂਦੇ ਹਨ—ਵਿਕ੍ਰਤੀ (ਵਿਗਾੜ) ਇਕੱਠੀ ਹੁੰਦੀ ਚਲੀ ਜਾਂਦੀ ਹੈ।

ਸੋ ਧਰਮ ਸ਼ਾਸਤਰ ਵਿਚ ਸਾਰਾ ਕੁਝ ਧਰਮ ਨਹੀਂ ਹੈ। ਜੇਕਰ ਧਰਮ ਸ਼ਾਸਤਰਾਂ ਵਿਚ ਇਕ ਫ਼ੀਸਦੀ ਵੀ ਧਰਮ ਮਿਲ ਜਾਏ ਤਾਂ ਬੜੀ ਅਸੰਭਵ ਘਟਨਾ ਹੈ, ਕਿਉਂਕਿ ਕਿੰਨੇ ਹਜ਼ਾਰਾਂ ਸਾਲਾਂ ਤੋਂ ਕਿੰਨੇ ਹਜ਼ਾਰਾਂ ਲੋਕਾਂ ਨੇ ਜੋੜਿਆ ਹੈ। ਉਸ ਦਾ ਅੱਜ ਹਿਸਾਬ ਲਾਉਣਾ ਮੁਸ਼ਕਿਲ ਹੈ।

ਅਜਿਹਾ ਹੀ ਸਮਝੋ ਕਿ ਜਿਵੇਂ ਗੰਗਾ ਨਿਕਲਦੀ ਹੈ ਗੰਗੋਤ੍ਰੀ ਤੋਂ ਤਾਂ ਜ਼ਰਾ ਕੁ ਜਿੰਨਾ ਝਰਨਾ ਨਿਕਲਦਾ ਹੈ, ਫਿਰ ਤੁਸੀਂ ਉਸੇ ਗੰਗਾ ਨੂੰ ਵੇਖੋ, ਸਾਗਰ ਵਿਚ

ਡਿਗਦੇ ਵੇਲੇ ਕਿਹੋ ਜਿਹੀ ਵਿਰਾਟ ਹੋ ਜਾਂਦੀ ਹੈ। ਇਹ ਇੰਨੀ ਵਿਰਾਟ ਗੰਗਾ ਨਹੀਂ ਹੋ ਗਈ—ਇਸ ਵਿਚ ਜੋ ਕਰੋੜਾਂ-ਕਰੋੜਾਂ ਝਰਨਾ ਆ ਕੇ ਮਿਲ ਗਏ ਹਨ, ਦੂਜੀਆਂ ਨਦੀਆਂ ਮਿਲ ਗਈਆਂ ਹਨ, ਨਾਲੇ ਮਿਲ ਗਏ ਹਨ, ਉਨ੍ਹਾਂ ਸਭ ਦਾ ਪਰਿਣਾਮ (ਨਤੀਜਾ) ਹੈ।

ਜੇਕਰ ਵੇਦ ਦਾ ਮੂਲ ਲੱਭਿਆ ਜਾਏ ਤਾਂ ਗੰਗੋਤ੍ਰੀ 'ਚ ਮਿਲੇਗਾ—ਜ਼ਰਾ ਕੁ ਜਿੰਨਾ ਝਰਨਾ ਹੋਏਗਾ। ਲੇਕਿਨ ਸ਼ੁੱਧ ਸਫਟਿਕ ਹੋਏਗਾ। ਇਸ ਲਈ ਤਾਂ ਗੰਗੋਤ੍ਰੀ ਦੀ ਯਾਤ੍ਰਾ ਦਾ ਮੁੱਲ ਹੈ। ਉਹ ਪ੍ਰਤੀਕ ਯਾਤ੍ਰਾ ਹੈ। ਕੋਈ ਗੰਗੋਤ੍ਰੀ ਜਾਣ ਦੀ ਲੋੜ ਨਹੀਂ ਹੈ। ਲੇਕਿਨ ਜਦ ਵੀ ਕਿਸੇ ਸ਼ਾਸਤ੍ਰ ਵਿਚ ਉਤਰਨਾ ਹੋਵੇ ਤਾਂ ਗੰਗੋਤ੍ਰੀ ਦੀ ਯਾਤ੍ਰਾ ਕਰਨਾ। ਲੱਭਣਾ ਮੂਲ ਹੈ। ਲੇਕਿਨ ਉਸ ਮੂਲ ਨੂੰ ਤੁਸੀਂ ਲੱਭੋਗੇ ਕਿਵੇਂ, ਪਛਾਣੋਗੇ ਕਿਵੇਂ? ਜੇਕਰ ਤੁਹਾਨੂੰ ਆਪਣਾ ਮੂਲ ਮਿਲ ਜਾਏ ਤਾ ਪਛਾਣ ਲਉਗੇ, ਨਹੀਂ ਤਾਂ ਨਹੀਂ ਪਛਾਣ ਸਕੋਗੇ।

ਜਿਸਨੇ ਸ੍ਵੈਂ ਦੇ ਸ਼ਾਸਤ੍ਰ ਨੂੰ ਪੜ੍ਹ ਲਿਆ, ਉਸ ਲਈ ਹੀ ਸ਼ਾਸਤ੍ਰ ਸੁਖਾਲਾ ਹੁੰਦਾ ਹੈ। ਉਹ ਹੀ ਸ਼ਾਸਤ੍ਰ ਵਿਚ ਵੇਖ ਪਾਉਂਦਾ ਹੈ—ਕਿੰਨਾ ਸ਼ਾਸਤ੍ਰ ਹੈ, ਕਿੰਨਾ ਅਸ਼ਾਸਤ੍ਰ ਹੈ—ਕਿੰਨਾ ਧਰਮ ਹੈ, ਕਿੰਨਾ ਅਧਰਮ ਹੈ। ਹੋਰ ਕੋਈ ਉਪਾਇ ਵੀ ਨਹੀਂ ਹੈ, ਹੋਰ ਕੋਈ ਕਸੌਟੀ ਵੀ ਨਹੀਂ ਹੈ।

ਇਸ ਲਈ ਨਿਸ਼ਚਿਤ, ਸਵਾਲ ਠੀਕ ਹੈ।

ਧਰਮ ਗ੍ਰੰਥਾਂ ਵਿਚ ਵੀ ਅਜਿਹੀਆਂ ਪ੍ਰਾਰਥਨਾਵਾਂ ਹਨ, ਜਿਨ੍ਹਾਂ ਵਿਚ ਮੰਗ ਹੈ ਅਤੇ ਮੰਗ ਦਾ ਤਾਂ ਪ੍ਰਾਰਥਨਾ ਨਾਲ ਕੋਈ ਵੀ ਸੰਬੰਧ ਨਹੀਂ ਹੋ ਸਕਦਾ। ਇਸ ਲਈ ਜਿੱਥੇ ਮੰਗ ਹੋਵੇ, ਸਮਝਣਾ ਕਿ ਮੰਗਣ ਵਾਲਿਆਂ ਨੇ ਜੋੜ ਦਿੱਤਾ ਹੈ।

ਗਿਆਨੀ ਮੰਗਦਾ ਨਹੀਂ—ਗਿਆਨੀ ਧੰਨਵਾਦ ਦਿੰਦਾ ਹੈ। ਇੰਨਾ ਮਿਲਿਆ ਹੀ ਹੋਇਆ ਹੈ ਪਹਿਲਾਂ ਤੋਂ ਹੀ ਕਿ ਹੋਰ ਕੀ ਮੰਗਣਾ? ਮੰਗਣ ਨੂੰ ਕੁਝ ਬਚਿਆ ਹੀ ਨਹੀਂ ਹੈ। ਜੋ ਦਿੱਤਾ ਹੈ ਉਹ ਇੰਨਾ ਅਨੰਤ ਹੈ ਕਿ ਉਸ ਵਿਚ ਮੰਗ ਦੇ ਹੋਰ ਜੋੜਨ ਦਾ ਸਵਾਲ ਨਹੀਂ ਹੈ, ਬਿਨਾਂ ਮੰਗੇ ਇੰਨਾ ਮਿਲਿਆ ਹੈ ਕਿ ਹੁਣ ਮੰਗ ਕੇ ਹੋਰ ਆਪਣੀ ਦੀਨਤਾ ਪ੍ਰਗਟ ਕਰਨੀ ਹੈ, ਆਪਣੀ ਮੂੜ੍ਹਤਾ ਪ੍ਰਗਟ ਕਰਨੀ ਹੈ।

ਕਬੀਰ ਨੇ ਕਿਹਾ ਹੈ 'ਬਿਨ ਮਾਂਗੇ ਮੋਤੀ ਮਿਲੇਂ, ਮਾਂਗੇ ਮਿਲੇ ਨ ਚੂਨ।' ਮੰਗ-ਮੰਗ ਕੇ ਤਾਂ ਰੋਟੀ ਵੀ ਨਹੀਂ ਮਿਲਦੀ, ਆਟਾ ਵੀ ਨਹੀਂ ਮਿਲਦਾ, ਅਤੇ ਬਿਨਾਂ ਮੰਗਿਆਂ ਮੋਤੀਆਂ ਦੀ ਬਾਰਸ਼ ਹੁੰਦੀ ਹੈ। ਇਹ ਪ੍ਰਾਰਥਨਾ ਲਈ ਕਿਹਾ ਹੈ।

ਮੰਗੋਗੇ, ਕੁਝ ਨਹੀਂ ਪਾਉਗੇ, ਕਿਉਂਕਿ ਤੁਸੀਂ ਮੰਗੋਗੇ ਵੀ ਕੂੜਾ ਹੀ। ਮੰਗੋਗੇ ਕੀ?—ਕਿ ਦੋ ਸਾਲ ਹੋਰ ਜੀਉਂਦੇ ਰਹਿ ਜਾਈਏ—ਕਿ ਜ਼ਰਾ ਕੁੜੀ ਦਾ ਵਿਆਹ ਹੋ ਜਾਏ? ਮੰਗੋਗੇ ਕੀ—ਕਿ ਤਿੰਨ ਕੁੜੀਆਂ ਹਨ, ਇਕ ਮੁੰਡਾ ਹੋਰ ਹੋ ਜਾਏ?

ਮੰਗੋਗੇ ਕੀ —ਕਿ ਇਨਸਪੈਕਟਰ ਹਾਂ, ਜ਼ਰਾ ਹੋਰ ਉਪਰ ਚਲਾ ਜਾਵਾਂ ?—ਸਕੂਲ 'ਚ ਮਾਸਟਰ ਹਾਂ, ਹੈਡਮਾਸਟਰ ਹੋ ਜਾਵਾਂ ?—ਮੰਗੋਗੇ ਕੀ ?—ਇਕ ਰੁਪਈਏ ਦੇ ਦੋ ਰੁਪਈਏ ਹੋ ਜਾਣ ?

ਤੁਹਾਡੀ ਮੰਗ ਵੀ ਤਾਂ ਤੁਹਾਡੀ ਹੀ ਮੰਗ ਹੋਵੇਗੀ। ਤੁਸੀਂ ਮੰਗੋਗੇ ਵੀ ਤਾਂ ਸ਼ੂਦਰ।

ਨਹੀਂ, ਪ੍ਰਾਰਥਨਾ ਮੰਗ ਨਹੀਂ ਹੈ। ਪ੍ਰਾਰਥਨਾ ਚੁੱਪ ਹੋ ਜਾਣਾ ਹੈ। ਪ੍ਰਾਰਥਨਾ ਅਹੋ-ਭਾਵ ਨਾਲ ਉਸ ਦੇ ਦਰ 'ਤੇ ਸਿਰ ਝੁਕਾ ਦੇਣਾ ਹੈ, ਉਸ ਨੂੰ ਧੰਨਵਾਦ ਦੇਣਾ ਹੈ ਕਿ ਤੂੰ ਬਿਨਾਂ ਮੰਗੇ ਇੰਨਾ ਦਿੱਤਾ, ਅਤੇ ਅਸੀਂ ਧੰਨਵਾਦ ਦੇਣ ਦੇ ਯੋਗਜ ਵੀ ਨਹੀਂ। ਅਸੀਂ ਕਿਹੜੇ ਮੂੰਹ ਨਾਲ ਤੈਨੂੰ ਧੰਨਵਾਦ ਦੇਈਏ, ਸਾਡੀ ਓਨੀ ਵੀ ਤਾਂ ਕੋਈ ਇਕੱਠੀ ਕੀਤੀ ਪੂੰਜੀ ਨਹੀਂ ਹੈ। ਅਸੀਂ ਬੱਸ ਆਨੰਦ ਨਾਲ ਨੱਚ ਸਕੀਏ, ਇਹ ਹੀ ਤੇਰੀ ਪ੍ਰਾਰਥਨਾ ਹੋ ਸਕਦੀ ਹੈ।

ਹੋਰ ਬਿਨ ਮੰਗੇ ਮੋਤੀ ਮਿਲਣ—ਅਤੇ ਤਦ ਤੁਹਾਡੇ ਚੌਹੀਂ ਪਾਸੀਂ ਮੋਤੀਆਂ ਦੀ ਬਾਰਸ਼ ਹੋਣ ਲੱਗੇਗੀ। ਤੁਹਾਡਾ ਧੰਨਵਾਦ ਤੁਹਾਡਾ ਅਹੋ-ਭਾਵ ਹੋਰ ਵਧਦਾ ਜਾਏਗਾ।

ਨਿਸ਼ਚਿਤ ਹੀ ਮੰਗਣਾ ਬੁਰਾ ਹੈ।

ਤਦ ਸਵਾਲ ਉੱਠ ਸਕਦਾ ਹੈ ਕਿ ਕੀ ਪ੍ਰਭੂ ਤੋਂ ਪ੍ਰਕਾਸ਼ ਅਤੇ ਗਿਆਨ ਮੰਗਣਾ ਵੀ ਅਨੁਚਿੱਤ (ਠੀਕ ਨਹੀਂ) ਹੈ ?

ਮੰਗਣਾ ਹੀ ਅਨੁਚਿੱਤ ਹੈ। ਕੀ ਤੁਸੀਂ ਮੰਗਦੇ ਹੋ—ਇਹ ਵੱਡਾ ਸਵਾਲ ਨਹੀਂ ਹੈ, ਜੇਕਰ ਤੁਸੀਂ ਜਾਗੋਗੇ ਤਾਂ ਪਾਉਗੇ, ਗਿਆਨ ਤਾਂ ਦਿੱਤਾ ਹੋਇਆ ਹੈ, ਪ੍ਰਕਾਸ਼ ਤਾਂ ਉਪਲਬਧ ਹੈ, ਤੁਸੀਂ ਅੱਖਾਂ ਬੰਦ ਕੀਤੀ ਬੈਠੇ ਹੋ। ਅੱਖ ਵੀ ਹੈ, ਪ੍ਰਕਾਸ਼ ਵੀ ਹੈ, ਤੁਸੀਂ ਹੀ ਅੱਖਾਂ ਬੰਦ ਕੀਤੀ ਬੈਠੇ ਹੋ—ਤੁਸੀਂ ਪ੍ਰਾਰਥਨਾ ਕਰ ਰਹੇ ਹੋ ਕਿ ਹੇ ਪ੍ਰਭੂ ਪ੍ਰਕਾਸ਼ ਦਿਓ। ਜੇਕਰ ਪ੍ਰਭੂ ਤੁਹਾਡੀ ਪ੍ਰਾਰਥਨਾ ਸੁਣਦਾ ਹੋਵੇ ਤਾਂ ਉਸ ਦਾ ਸਿਰ ਹੁਣ ਤਕ ਖ਼ਰਾਬ ਹੋ ਗਿਆ ਹੋਏਗਾ ਕਿ ਹੁਣ ਤੁਸੀਂ ਹੋਰ ਚਾਹੁੰਦੇ ਕੀ ਹੋ ? ਪ੍ਰਕਾਸ਼ ਹੈ, ਅੱਖਾਂ ਹਨ, ਅੱਖਾਂ ਖੋਲ੍ਹਦੇ ਹੀ ਨਹੀਂ ਹੋ, ਹੱਥ ਜੋੜੀ ਬੈਠੇ ਹੋ ਕਿ ਪ੍ਰਭੂ ਪ੍ਰਕਾਸ਼ ਦਿਓ ! ਹੋਰ ਕੀ ਚਾਹੀਦਾ ? ਅਤੇ ਜੇਕਰ ਅੱਖਾਂ ਅਜਿਹੀਆਂ ਦੇ ਦਿੱਤੀਆਂ ਜਾਣ ਕਿ ਬੰਦ ਨਾ ਹੋ ਸਕਣ ਤਾਂ ਵੀ ਦੁੱਖ ਪਾਉਗੇ, ਕਿਉਂਕਿ ਤਦ ਪ੍ਰਕਾਸ਼ ਅਤਿਸ਼ਯ (ਬੇਹੱਦ) ਹੋ ਜਾਏਗਾ, ਵਿਸ਼ਰਾਮ ਵੀ ਚਾਹੀਦਾ। ਇਸ ਲਈ ਪਲਕ ਹੈ ਅੱਖ ਉੱਤੇ ਕਿ ਜਦ ਚਾਹੋ ਬੰਦ ਕਰੋ ਅਤੇ ਹਨੇਰੇ ਦਾ ਆਨੰਦ ਲਓ, ਜਦ ਚਾਹੋ ਖੋਲ੍ਹੋ ਅਤੇ ਪ੍ਰਕਾਸ਼ ਦਾ ਆਨੰਦ ਲਓ। ਕਿਉਂਕਿ ਜੇਕਰ ਪ੍ਰਕਾਸ਼ ਹੀ ਪ੍ਰਕਾਸ਼ ਹੋਵੇ ਤਾਂ ਤੁਸੀਂ ਪ੍ਰਾਰਥਨਾ ਕਰਨ ਲੱਗੋਗੇ ਕਿ ਹੇ ਪਰਮਾਤਮਾ, ਹਨੇਰਾ ਦਿਓ,

ਕਿਉਂਕਿ ਇਹ ਪ੍ਰਕਾਸ਼ ਜ਼ਰਾ ਬਹੁਤਾ ਹੁੰਦਾ ਜਾ ਰਿਹਾ ਹੈ, ਹੁਣ ਇਹ ਸਹਿਆ ਨਹੀਂ ਜਾਂਦਾ। ਇਸ ਲਈ ਅਜਿਹੀ ਅੱਖ ਦਿੱਤੀ ਹੈ, ਤੁਹਾਨੂੰ ਸੁਤੰਤਰਤਾ ਦਿੱਤੀ ਹੈ ਕਿ ਚਾਹੋ ਤਾਂ ਖੋਲ੍ਹੋ, ਚਾਹੋ ਤਾਂ ਬੰਦ ਕਰੋ। ਅੱਖ ਦਾ ਮਤਲਬ ਹੀ ਇੰਨਾ ਹੈ ਕਿ ਉਹ ਤੁਹਾਡੀ ਸੁਤੰਤਰਤਾ ਹੈ।

ਜੋ ਤੁਸੀਂ ਮੰਗਦੇ ਹੋ ਉਹ ਸਭ ਮੌਜੂਦ ਹੈ। ਉਹ ਤੁਹਾਡੇ ਮੰਗਣ ਤੋਂ ਪਹਿਲਾਂ ਤੁਹਾਡੇ ਅੰਦਰ ਲੁਕਾ ਦਿੱਤਾ ਗਿਆ ਹੈ। ਹੁਣ ਤੁਸੀਂ ਵਿਅਰਥ ਰੌਲਾ-ਰੱਪਾ ਨਾ ਪਾਓ। ਤੁਸੀਂ ਜ਼ਰਾ ਸ਼ਾਂਤ ਹੋ ਕੇ ਬੈਠੋ ਅਤੇ ਅਨੁਭਵ ਕਰੋ, ਕੀ ਤੁਹਾਨੂੰ ਮਿਲਿਆ ਹੈ।

ਇਸ ਲਈ ਮੈਂ ਕਹਿੰਦਾ ਹਾਂ, ਤੁਸੀਂ ਜ਼ਰਾ ਪਹਿਲਾਂ ਇਹ ਲੱਭ ਲਓ ਕਿ ਕੀ-ਕੀ ਤੁਹਾਨੂੰ ਮਿਲਿਆ ਹੀ ਹੋਇਆ ਹੈ। ਛੱਡੋ ਪਰਮਾਤਮਾ ਦੀ ਵੀ ਫ਼ਿਕਰ ਥੋੜ੍ਹੀ ਦੇਰ ਨੂੰ, ਆਪਣੇ ਅੰਦਰ ਹੀ ਜ਼ਰਾ ਵੇਖੋ ਕਿ ਕੀ-ਕੀ ਮੈਨੂੰ ਮਿਲਿਆ ਹੈ। ਤੁਸੀਂ ਹੌਲੀ-ਹੌਲੀ ਪਾਉਗੇ ਕਿ ਇਥੇ ਤਾਂ ਕੁਝ ਵੀ ਕਮੀ ਨਹੀਂ ਹੈ, ਸਭ ਪਾਇਆ ਹੋਇਆ ਹੈ। ਉਸ ਦਿਨ ਤੁਹਾਡੇ ਮਨ ਤੋਂ ਇਕ ਅਹੋ-ਭਾਵ ਉੱਠੇਗਾ, ਤੁਸੀਂ ਝੁਕੋਗੇ ਪ੍ਰਾਰਥਨਾ ਵਿਚ। ਤੁਸੀਂ ਕਹੋਗੇ, ਧੰਨਵਾਦ ਤੇਰਾ! ਮੰਗਿਆ ਨਹੀਂ ਅਤੇ ਤੂੰ ਦਿੱਤਾ। ਬਿਨ ਮੰਗੇ ਦਿੱਤਾ।

ਅਤੇ ਜੋ ਮੰਗ ਕੇ ਮਿਲੇ ਉਸ ਵਿਚ ਮਿਲਣ ਦਾ ਮਜ਼ਾ ਵੀ ਚਲਾ ਜਾਂਦਾ ਹੈ। ਉਸ ਵਿਚ ਦੇਣ ਵਾਲੇ ਦਾ ਵੀ ਮਾਣ ਨਹੀਂ ਹੈ। ਲੈਣ ਵਾਲੇ ਦਾ ਵੀ ਮਾਣ ਨਹੀਂ ਹੈ। ਜੋ ਬਿਨਾਂ ਮੰਗੇ ਮਿਲ ਜਾਏ, ਮੰਗਣ ਵਾਲੇ ਨੂੰ ਪਤਾ ਵੀ ਨਾ ਚੱਲੇ ਕਿ ਕਦ ਮੈਂ ਮੰਗਿਆ ਸੀ ਅਤੇ ਮਿਲ ਜਾਏ, ਉਹ ਹੀ ਗਰਿਮਾਂ ਪੂਰਣ ਹੈ।

ਇਸ ਲਈ ਪਰਮਾਤਮਾ ਨੇ ਤੁਹਾਨੂੰ ਬਿਨਾਂ ਖ਼ਬਰ ਦਿੱਤੇ ਦਿੱਤਾ ਹੈ। ਹੁਣ ਤੁਹਾਡਾ ਕੰਮ ਕੁਲ ਇੰਨਾ ਹੈ ਕਿ ਤੁਸੀਂ ਲੱਭ ਲਓ। ਵੀਣਾ ਤੁਹਾਡੇ ਸਾਹਮਣੇ ਰੱਖੀ ਹੈ, ਉਂਗਲੀਆਂ ਤੁਹਾਡੀਆਂ ਤਿਆਰ ਹਨ--ਜ਼ਰਾ ਤਾਰਾਂ ਨੂੰ ਛੇੜੋ। ਹੁਣ ਤੁਸੀਂ ਕਹਿੰਦੇ ਹੋ—ਹੇ ਪਰਮਾਤਮਾ ਸੰਗੀਤ ਦੇ। ਵੀਣਾ ਰੱਖੀ ਹੈ, ਹੱਥ ਰੱਖੀ ਬੈਠੇ ਹੋ ਵੀਣਾ ਉੱਤੇ, ਹੋ ਸਕਦਾ ਹੈ ਸਿਰਹਾਣਾ ਵੀ ਵੀਣਾ ਉੱਤੇ ਲਾਇਆ ਹੋਵੇ, ਸਿਰ ਟੇਕੇ ਬੈਠੇ ਹੋ—ਹੇ ਪਰਮਾਤਮਾ ਸੰਗੀਤ ਦੇ!

ਥੋੜ੍ਹਾ ਛੇੜੋ। ਥੋੜ੍ਹਾ ਲੱਭੋ। ਜਿਸ ਨੇ ਤੁਹਾਨੂੰ ਸੰਗੀਤ ਦੀ ਇੱਛਾ ਦਿੱਤੀ ਹੈ ਉਸ ਨੇ ਸੰਗੀਤ ਦਾ ਉਪਾਇ ਵੀ ਦੇ ਹੀ ਦਿੱਤਾ ਹੋਏਗਾ।

ਇਸ ਨੂੰ ਮੈਂ ਇਕ ਬੁਨਿਆਦੀ ਗੱਲ ਕਹਿੰਦਾ ਹਾਂ—ਜਿਸ ਨੇ ਤੁਹਾਨੂੰ ਪਿਆਸ ਦਿੱਤੀ ਹੈ, ਉਸ ਨੇ ਪਾਣੀ ਪਹਿਲਾਂ ਹੀ ਦੇ ਦਿੱਤਾ ਹੋਏਗਾ, ਨਹੀਂ ਤਾਂ ਪਿਆਸ ਦਾ ਕੀ ਮਤਲਬ ਸੀ ? ਤੁਹਾਨੂੰ ਤੜਫਾਉਣਾ ਹੈ ? ਉਹ ਕੋਈ ਦੁਸ਼ਟ ਪ੍ਰਕਿਰਤੀ

ਦਾ, ਕੋਈ ਦੁੱਖਵਾਦੀ ਹੈ ? ਅਸਤਿੱਤਵ ਕੋਈ ਸੇਡਿੱਸਟ ਹੈ ਕਿ ਤੁਹਾਨੂੰ ਸਤਾਉਣਾ ਹੈ ਕਿ ਪਿਆਸ ਦੇ ਦਿੱਤੀ ਅਤੇ ਪਾਣੀ ਨਹੀਂ ਦਿੱਤਾ ? ਭੁੱਖ ਦਿੱਤੀ ਹੈ ਤਾਂ ਭੋਜਨ ਹੈ।

ਜੇਕਰ ਇਹ ਖ਼ਿਆਲ ਦਿੱਤਾ ਹੈ ਕਿ ਪ੍ਰਗਿਆ (ਬੁੱਧੀ) ਮਿਲਣੀ ਚਾਹੀਦੀ ਹੈ ਤਾਂ ਬੁੱਧੀ ਦਿੱਤੀ ਹੀ ਹੋਏਗੀ। ਜੇਕਰ ਆਨੰਦ ਪਾਉਣ ਦੀ ਇੱਛਾ ਦਿੱਤੀ ਹੈ ਤਾਂ ਆਨੰਦ ਦਿੱਤਾ ਹੀ ਹੋਏਗਾ। ਇਸ ਤੋਂ ਪਹਿਲਾਂ ਕਿ ਇੱਛਾ ਹੈ, ਉਸ ਤੋਂ ਪਹਿਲਾਂ, ਉਸ ਤੋਂ ਵੀ ਪਹਿਲਾਂ ਤੁਹਾਨੂੰ ਸੰਪਦਾ ਦੇ ਦਿੱਤੀ ਗਈ ਹੈ।

ਮੈਂ ਤੁਹਾਨੂੰ ਮੰਗਣ ਲਈ ਨਹੀਂ ਕਹਿੰਦਾ—ਮੈਂ ਤੁਹਾਨੂੰ ਜਾਗਣ ਲਈ ਕਹਿੰਦਾ ਹਾਂ, ਤਾਂਕਿ ਤੁਹਾਡੇ ਜੀਵਨ ਵਿਚ ਪ੍ਰਾਰਥਨਾ ਦਾ ਜਨਮ ਹੋ ਸਕੇ। ਕੁਝ ਵੀ ਨਹੀਂ ਮੰਗਣਾ। ਸਾਰੀ ਮੰਗ ਭੁੱਲ ਹੋਏਗੀ। ਮੰਗੋਗੇ, ਪਛਤਾਉਗੇ। ਕਿਉਂਕਿ ਮੰਗਣ ਵਿਚ ਗ਼ਲਤੀ ਹੋ ਗਈ ਸ਼ੁਰੂ ਵਿਚ ਹੀ, ਦਿੱਤਾ ਹੀ ਹੋਇਆ ਸੀ। ਉਸੇ ਨੂੰ ਮੰਗਣ ਬੈਠ ਗਏ। ਇਸ ਵਿਅਰਥ ਦੀ ਯਾਤ੍ਰਾ ਤੋਂ ਬਚੋ।

ਤੀਜਾ ਸਵਾਲ—ਪਰਮਾਤਮਾ ਦੇ ਪ੍ਰਤਿ (ਵਾਸਤੇ) ਪ੍ਰੇਮ ਅਨੁਭੂਤੀ ਨਾਲ ਭਰਨਾ, ਉਸ ਦਾ ਵਿਜੋਗ ਅਨੁਪਵ ਕਰਨਾ ਅਤੇ ਅੰਤ ਵਿਚ—ਉਸ ਨੂੰ ਮਿਲਣ ਲਈ ਸ਼ੋਦਾਈ ਹੋ ਜਾਣਾ—ਇਹ ਸਭ ਸ਼ਾਇਦ ਉਨਤ, ਉੱਤਮ ਆਤਮਾਵਾਂ ਦੀਆਂ ਸੰਭਾਵਨਾਵਾਂ (ਉਮੀਦਾਂ) ਹਨ! ਕ੍ਰਿਪਾ ਕਰ ਕੇ ਦੱਸੋ ਪਿੱਛੜੀਆਂ ਆਤਮਾਵਾਂ ਭਗਤੀ ਦੀ ਯਾਤ੍ਰਾ ਆਰੰਭ ਕਿਵੇਂ ਕਰਨ ?

ਉੱਤਮ ਅਤੇ ਪਿੱਛੜੀਆਂ ਆਤਮਾਵਾਂ, ਅਜਿਹੀ ਕੋਈ ਵੰਡ ਨਹੀਂ ਹੈ। ਇਕ ਵੰਡ ਜ਼ਰੂਰ ਹੈ—ਜਾਗੀ ਅਤੇ ਸੁੱਤੀ। ਉੱਤਮ ਅਤੇ ਨਾ-ਉੱਤਮ ਅਜਿਹੀ ਕੋਈ ਵੰਡ ਨਹੀਂ ਹੈ। ਇਹ ਕੋਟੀਆਂ ਹੀ ਗ਼ਲਤ ਹਨ। ਉਹ ਹਕਾਰੀਆਂ ਨੇ ਬਣਾਈਆਂ ਹਨ ਕੋਟੀਆਂ। ਉੱਤਮ ਆਤਮਾਵਾਂ! ਉੱਤਮ ਆਤਮਾਵਾਂ ਯਾਨੀ ਉਨ੍ਹਾਂ ਦੀਆਂ ਆਤਮਾਵਾਂ! ਅਤੇ ਨਖਿੱਧ ਆਤਮਾਵਾਂ ਪਿੱਛੜੀਆਂ—ਯਾਨੀ ਦੂਜਿਆਂ ਦੀਆਂ ਆਤਮਾਵਾਂ। ਪੁਨ ਆਤਮਾਵਾਂ ਦੀਆਂ ਆਤਮਾਵਾਂ ਉੱਤਮ, ਕਿਉਂਕਿ ਉਨ੍ਹਾਂ ਨੇ ਧਰਮਸ਼ਾਲਾ ਬਣਾਈ, ਮੰਦਿਰਾਂ ਨੂੰ ਦਾਨ ਦਿੱਤਾ, ਹਸਪਤਾਲ ਖੋਲ੍ਹੇ! ਅਤੇ ਉਨ੍ਹਾਂ ਦੀਆਂ ਆਤਮਾਵਾਂ ਨਿਰਪੱਖ, ਜਿਹੜੇ ਹਸਪਤਾਲਾਂ ਵਿਚ ਭਰਤੀ ਹਨ, ਬੀਮਾਰਾਂ ਦੇ ਵਾਂਗ ਪਏ ਹਨ, ਸਕੂਲਾਂ ਵਿਚ ਪੜ੍ਹ ਰਹੇ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਦਾਨ ਦਿੱਤਾ, ਮੰਦਿਰਾਂ ਵਿਚ ਪੂਜਾ ਕਰ ਰਹੇ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਬਣਾਇਆ। ਹੰਕਾਰੀ ਦੀ ਵੰਡ—ਉੱਤਮ ਅਤੇ ਨਖਿੱਧ। ਆਤਮਾਵਾਂ ਤਾਂ ਸਾਰੀਆਂ ਉੱਤਮ ਹਨ। ਆਤਮਾ ਦਾ ਸੁਭਾਵ ਉੱਤਮਤਾ ਹੈ। ਕੋਈ ਆਤਮਾ (ਖ਼ਰਾਬ—ਨਖਿੱਧ) ਤਾਂ ਹੁੰਦੀ ਨਹੀਂ। ਕ੍ਰਤਵਯ (ਕਰਮ) ਭਾਵੇਂ ਖ਼ਰਾਬ ਹੋਵੇ ਤਾਂ

ਵੀ ਕੋਈ ਆਤਮਾ ਨਖਿੱਧ ਨਹੀਂ ਹੁੰਦੀ। ਕਿਸੇ ਆਦਮੀ ਨੇ ਚੋਰੀ ਕੀਤੀ ਤਾਂ ਇਕ ਕ੍ਰਤਵਯ ਖ਼ਰਾਬ ਹੁੰਦਾ ਹੈ, ਉਸ ਦੀ ਆਤਮਾ ਖ਼ਰਾਬ ਨਹੀਂ ਹੁੰਦੀ। ਕਿਸੇ ਆਦਮੀ ਨੇ ਬੇਈਮਾਨੀ ਕੀਤੀ, ਤਾਂ ਉਸ ਦਾ ਉਹ ਕਰਮ ਨਖਿੱਧ ਹੈ, ਉਸ ਦੀ ਆਤਮਾ ਨਖਿੱਧ ਨਹੀਂ ਹੁੰਦੀ। ਇਸ ਲਈ ਤਾਂ ਅਸੀਂ ਆਖਦੇ ਹਾਂ—ਕਰਮ ਤੋਂ ਮੁਕਤ ਹੋ ਗਏ ਤਾਂ ਉੱਤਮ ਹੋ। ਕਿਉਂਕਿ ਕਰਮ ਹੀ ਬੁਰਾ ਹੁੰਦਾ ਹੈ, ਤੁਸੀਂ ਬੁਰੇ ਨਹੀਂ ਹੁੰਦੇ। ਤੁਹਾਡਾ ਹੋਣਾ ਤਾਂ ਸਦਾ ਪਰਿਸ਼ੁੱਧ (ਪੂਰਣਸ਼ੁੱਧ) ਹੈ।

ਜਿਵੇਂ ਦਰਪਣ (ਸ਼ੀਸ਼ਾ) ਉੱਤੇ ਧੂੜ ਜੰਮ ਜਾਏ ਤਾਂ ਦਰਪਣ ਵਿਚ ਪ੍ਰਤਿਬਿੰਬ (ਪਰਛਾਈ) ਨਹੀਂ ਬਣਦਾ, ਲੇਕਿਨ ਸ਼ੀਸ਼ਾ ਖ਼ਰਾਬ ਨਹੀਂ ਹੋ ਗਿਆ। ਜ਼ਰਾ ਕੁ ਹਵਾ ਦਾ ਬੁੱਲ੍ਹਾ, ਜ਼ਰਾ ਕੁ ਪੂੰਝ ਦਿਓ, ਪਾਣੀ ਦੀ ਫੁਹਾਰ ਅਤੇ ਦਰਪਣ ਤਾਜ਼ਾ ਹੈ।

ਤੁਹਾਡੇ ਉੱਤੇ ਕਰਮਾਂ ਦੀ ਧੂੜ ਭਾਵੇਂ ਜੰਮ ਜਾਏ। ਲੇਕਿਨ ਤੁਸੀਂ ਦਰਪਣ (ਸ਼ੀਸ਼ਾ) ਹੀ ਹੋ। ਧੂੜ ਵਿਚ ਵੀ ਦੱਬੇ ਤੁਸੀਂ ਬਿਲਕੁਲ ਸ਼ੁੱਧ ਹੋ। ਜਿਵੇਂ ਹੀਰਾ ਡਿੱਗ ਪਵੇ ਚਿੱਕੜ ਵਿਚ। ਚਿੱਕੜ ਵਿਚ ਦੱਬ ਜਾਏ, ਚੌਹੀਂ ਪਾਸੀਂ ਚਿੱਕੜ ਲਿਪਟ ਜਾਏ, ਤਾਂ ਵੀ ਕੀ ਫ਼ਰਕ ਪੈਂਦਾ ਹੈ? ਹੀਰਾ ਖ਼ਰਾਬ ਨਹੀਂ ਹੁੰਦਾ। ਹੀਰ ਫਿਰ ਵੀ ਹੀਰਾ ਹੈ। ਕਬੀਰ ਨੇ ਕਿਹਾ ਹੈ—ਹੀਰਾ ਰੇਹਾਇਲ ਕੀਚੜ ਮੇਂ। ਤਾਂ ਵੀ ਹੀਰਾ ਤਾਂ ਹੀਰਾ ਹੈ। ਕੀਚੜ ਨਹੀਂ ਹੋ ਸਕਦਾ। ਕੀਚੜ, ਕੀਚੜ ਹੈ, ਹੀਰਾ, ਹੀਰਾ ਹੈ। ਦੋਵੇਂ ਕਿੰਨੇ ਹੀ ਨੇੜੇ ਹੋ ਜਾਣ ਤਾਂ ਵੀ ਕੀਚੜ, ਕੀਚੜ ਹੈ, ਹੀਰਾ, ਹੀਰਾ ਹੈ। ਕੀਚੜ ਹੀਰੇ ਉੱਤੇ ਜੰਮ ਜਾਏ ਪਰਤ-ਦਰ-ਪਰਤ ਬੈਠ ਜਾਏ, ਹੀਰਾ ਹਜ਼ਾਰ ਮੀਲ ਧਰਤੀ ਵਿਚ ਗੁੰਮ ਜਾਏ ਤਾਂ ਵੀ ਹੀਰਾ ਹੀਰਾ ਹੈ, ਹੀਰੇ ਵਿਚ ਕਣੀ ਭਰ ਵੀ ਕੀਚੜ ਪ੍ਰਵਿਸ਼ਟ (ਸ਼ਾਮਿਲ) ਨਹੀਂ ਹੋ ਜਾਏਗੀ। ਕਿਸੇ ਵੀ ਦਿਨ ਤੁਸੀਂ ਲੱਭ ਲਵੋਗੇ, ਧੋ ਲਵੋਗੇ ਨਦੀ ਵਿਚ ਹੀਰਾ ਮੁਕਤ ਹੈ!

ਉੱਤਮਤਾ ਆਤਮਾ ਦਾ ਸੁਭਾਵ ਹੈ। ਇਸ ਲਈ ਮੈਂ ਸ੍ਰੇਸ਼ਠ ਅਤੇ ਅਸ੍ਰੇਸ਼ਠ, (ਉੱਤਮ ਅਤੇ ਨੀਚ) ਇਸ ਤਰ੍ਹਾਂ ਦੀਆ ਆਤਮਾਵਾਂ ਨਹੀਂ ਵੰਡਦਾ। ਪਾਪੀ ਅਤੇ ਪੁੰਨ ਆਤਮਾ ਹੰਕਾਰੀਆਂ ਦੀ ਵੰਡ ਹੈ। ਨਰਮ ਅਤੇ ਸੁਵਰਗ ਸ਼ਰਾਰਤੀਆਂ ਦੀ ਵੰਡ ਹੈ। ਪਰ ਇਕ ਵੰਡ ਜੋ ਕਿ ਸੁਭਾਵਿਕ ਹੈ, ਹੰਕਾਰੀ ਵਾਲੀ ਨਹੀਂ ਹੈ, ਉਹ ਹੈ—ਸੁੱਤਾ ਅਤੇ ਜਾਗਿਆ। ਸੁੱਤੇ ਵਿਚ ਵੀ ਆਤਮਾ ਉੱਤਮ ਹੈ—ਜਾਗੇ ਵਿਚ ਵੀ ਓਨੀ ਹੀ ਉੱਤਮ ਹੈ। ਜਾਗੇ ਹੋਏ ਆਦਮੀ ਦੀ ਆਤਮਾ ਸੁੱਤੇ ਹੋਏ ਆਦਮੀ ਦੀ ਆਤਮਾ ਨਾਲੋਂ ਉੱਤਮ ਨਹੀਂ ਹੈ। ਓਨੀ ਹੀ ਉੱਤਮ ਹੈ। ਫ਼ਰਕ ਕੀ ਹੈ ਫਿਰ? ਫ਼ਰਕ ਇੰਨਾ ਹੈ ਕਿ ਜਾਗਿਆ ਹੋਇਆ ਜਾਣਦਾ ਹੈ ਕਿ ਮੈਂ ਕੌਣ ਹਾਂ—ਸੁੱਤਾ ਹੋਇਆ ਸੁੱਤਾ ਹੈ ਅਤੇ ਨਹੀਂ ਜਾਣਦਾ ਕਿ ਮੈਂ ਕੌਣ ਹਾਂ। ਖ਼ਜ਼ਾਨਾ ਦੋਹਾਂ ਦੇ

ਕੋਲ ਬਰਾਬਰ ਹੈ—ਇਕ ਨੂੰ ਪਤਾ ਲੱਗ ਗਿਆ, ਇਕ ਨੂੰ ਅਜੇ ਪਤਾ ਨਹੀਂ ਹੈ, ਖ਼ਜ਼ਾਨੇ ਵਿਚ ਜ਼ਰਾ ਵੀ ਫ਼ਰਕ ਨਹੀਂ ਹੈ।

ਬੁੱਧ ਦੇ ਕੋਲ ਜਿੰਨਾ ਵੱਡਾ ਖ਼ਜ਼ਾਨਾ ਹੈ ਓਨਾ ਵੱਡਾ ਹੀ ਤੁਹਾਡੇ ਕੋਲ ਖ਼ਜ਼ਾਨਾ ਹੈ। ਫ਼ਰਕ ਕੀ ਹੈ ? ਖ਼ਜ਼ਾਨੇ ਵਿਚ ਕੋਈ ਵੀ ਫ਼ਰਕ ਨਹੀਂ ਹੈ, ਕੌਡੀ ਦਾ ਫ਼ਰਕ ਨਹੀਂ ਹੈ, ਫ਼ਰਕ ਇੰਨਾ ਹੈ ਕਿ ਬੁੱਧ ਨੂੰ ਆਪਣਾ ਖ਼ਜ਼ਾਨਾ ਵਿਖਾਈ ਪੈ ਗਿਆ, ਤੁਸੀਂ ਅੱਖਾਂ ਬੰਦ ਕੀਤੀ ਖਲੋਤੇ ਹੋ। ਤੁਸੀਂ ਭਿੱਖ-ਮੰਗੇ ਬਣੇ ਹੋ—ਖ਼ਜ਼ਾਨਾ ਅੰਦਰ ਲਈ ਰੱਖਿਆ ਹੈ, ਹੱਥ ਬਾਹਰ ਫੈਲਾਈ ਲੱਭ ਰਹੇ ਹੋ। ਉੱਤਮ ਅਤੇ ਨੀਚ ਨਹੀਂ ਹੈ। ਉੱਤਮਤਾ ਸਾਰਿਆਂ ਦਾ ਸੁਭਾਵ ਹੈ। ਲੇਕਿਨ ਤੁਸੀਂ ਸੁੱਤੇ ਹੋ ਸਕਦੇ ਹੋ। ਜਾਗਣਾ ਹੈ! ਹੋਰ ਜਿਹੜਾ ਜਾਗ ਗਿਆ ਉਹ, ਉਹ ਹੀ ਪਾ ਲੈਂਦਾ ਹੈ ਜਿਹੜਾ ਸੁੱਤੇ ਵਿਚ ਵੀ ਮਿਲਿਆ ਸੀ, ਪਰ ਹੁਣ ਹੋਸ਼ ਨਾਲ ਪਾ ਲੈਂਦਾ ਹੈ। ਬੱਸ ਇੰਨਾ ਹੀ ਫ਼ਰਕ ਹੈ। ਬਹੁਤ ਨਿੱਕਾ ਫ਼ਰਕ ਹੈ, ਬਹੁਤ ਭਾਰੀ ਫ਼ਰਕ ਵੀ ਹੈ।

ਸੋ ਇਹ ਤਾਂ ਪੁੱਛੋ ਹੀ ਨਾ ਕਿ ਕੌਣ ਉੱਤਮ ਤੇ ਕੌਣ ਨੀਚ ਅਤੇ ਪਿੱਛੜੀਆਂ ਆਤਮਾਵਾਂ ਕੀ ਕਰਨ ? ਕੋਈ ਪਿੱਛੜੀ ਆਤਮਾ ਨਹੀਂ ਹੈ। ਦੋ ਤਰ੍ਹਾਂ ਦੀ ਆਤਮਾ ਹੈ—ਬੁੱਧ ਅਤੇ ਅਬੁੱਧ, ਸੁੱਤੀ ਅਤੇ ਜਾਗੀ ਹੋਈ। ਸੁੱਤੀਆਂ ਆਤਮਾਵਾਂ ਜਾਗਣ ਹੋਰ ਤਾਂ ਕੁਝ ਕਰਨ ਨੂੰ ਨਹੀਂ ਹੈ।

ਜਾਗਣ ਦੇ ਮੈਂ ਤੁਹਾਨੂੰ ਦੋ ਉਪਾਇ ਆਖੇ। ਇਕ ਤਾਂ ਹੈ ਧਿਆਨ, ਜਿਹੜੀ ਜਾਗਣ ਦੀ ਸਿੱਧੀ ਪ੍ਰਕਿਰਿਆ (ਪ੍ਰੋਸੈੱਸ) ਹੈ। ਅਤੇ ਇਕ ਹੈ ਪ੍ਰੇਮ ਜਿਹੜੀ ਜਾਗਣ ਦੀ ਪ੍ਰੋਕਸ਼ (ਗੁਪਤ—ਅਣਜਾਣ) ਪ੍ਰਕਿਰਿਆ ਹੈ। ਧਿਆਨ ਪ੍ਰਤੱਕਸ਼ ਉਪਾਇ ਹੈ, ਪ੍ਰੇਮ ਪ੍ਰੋਕਸ਼ ਉਪਾਇ ਹੈ। ਜੇਕਰ ਸਿੱਧਾ ਜਾਗ ਸਕੋ, ਸਿੱਧਾ ਜਾਗ ਜਾਓ ਕੰਨ ਨੂੰ ਸਿੱਧਾ ਫੜਨਾ ਹੋਵੇ—ਧਿਆਨ। ਕੰਨ ਨੂੰ ਹੱਥ ਨਾਲ ਘੁਮਾ ਕੇ ਸਿਰ ਦੇ ਪਿੱਛੋਂ ਦੀ ਲਿਆ ਕੇ ਫੜਨਾ ਹੋਵੇ—ਪ੍ਰੇਮ! ਪ੍ਰੇਮ ਜ਼ਰਾ ਲੰਮੀ ਯਾਤ੍ਰਾ ਹੈ, ਧਿਆਨ ਸਿੱਧੀ ਸੱਟ ਹੈ। ਜੇਕਰ ਛੇਤੀ ਹੋਵੇ ਤਾਂ ਧਿਆਨ—ਜੇਕਰ ਛੇਤੀ ਨਾ ਹੋਵੇ ਤਾਂ ਪ੍ਰੇਮ। ਜੇਕਰ ਯਾਤ੍ਰਾ ਦਾ ਵੀ ਮਜ਼ਾ ਲੈਣਾ ਹੋਵੇ ਤਾ ਪ੍ਰੇਮ! ਜੇਕਰ ਸਿਰਫ਼ ਪੁੱਜਦਾ ਹੀ ਹੋਵੇ ਤਾਂ ਧਿਆਨ।

ਅਜਿਹਾ ਹੀ ਸਮਝੋ ਕਿ ਇਕ ਆਦਮੀ ਹਵਾਈ ਜਹਾਜ਼ ਵਿਚ ਬੈਠਦਾ ਹੈ। ਯਾਤ੍ਰਾ ਦਾ ਕੋਈ ਮਜ਼ਾ ਨਹੀਂ ਆਉਂਦਾ। ਬੰਬਈ ਤੋਂ ਬੈਠਾ ਅਤੇ ਲੰਦਨ ਉਤਰ ਗਿਆ। ਯਾਤ੍ਰਾ ਦਾ ਕੀ ਮਜ਼ਾ ਹੈ ? ਨਾ ਪਹਾੜ, ਨਾ ਹਰਿਆਲੀ, ਨਾ ਝਰਨੇ, ਨਾ ਪੰਛੀ—ਨਾ, ਯਾਤ੍ਰਾ ਦਾ ਕੋਈ ਮਜ਼ਾ ਨਹੀਂ ਹੈ। ਯਾਤ੍ਰਾ ਹੋ ਜਾਂਦੀ ਹੈ—ਇਕ ਬਿੰਦੂ ਤੋਂ ਛਲਾਂਗ ਲਈ ਦੂਜੇ ਬਿੰਦੂ 'ਤੇ ਪੁੱਜ ਜਾਂਦਾ ਹੈ—ਸਿੱਧੀ। ਕਦੇ

ਹਵਾਈ ਜਹਾਜ਼ ਹੋਰ ਵੀ ਤੇਜ਼ ਰਫ਼ਤਾਰ ਦੇ ਹੋ ਜਾਣਗੇ, ਫਿਰ ਤੁਸੀਂ ਬੈਠ ਵੀ ਨਹੀਂ ਪਾਉਗੇ, ਉਤਰਨ ਦਾ ਵੇਲਾ ਆ ਜਾਏਗਾ। ਤੁਸੀਂ ਸੰਭਾਲ ਕੇ ਬੈਲਟ ਪੱਟੀ ਬੰਨ੍ਹੋਗੇ। ਅਨਾਉਂਸਰਾਂ ਐਲਾਨ ਕਰਨਗੀਆਂ ਕਿ ਹੁਣ ਬੱਸ ਬੈਲਟ-ਪੱਟੀ ਖੋਲ੍ਹੋ ਉਤਰਨ ਦਾ ਵੇਲਾ ਆ ਗਿਆ। ਇਹ ਸਮਾਂ ਛੇਤੀ ਹੀ ਘੱਟ ਹੋ ਜਾਏਗਾ।

ਲੇਕਿਨ ਫਿਰ ਇਕ ਟ੍ਰੇਨ ਦਾ ਸਫ਼ਰ ਹੈ—ਦੋਹਾਂ ਪਾਸਿਆਂ ਦੇ ਪਹਾੜ ਹਨ, ਝਰਨੇ ਹਨ, ਨਦੀਆਂ ਹਨ, ਪਰ ਟ੍ਰੇਨ ਦੀ ਬਹੁਤ ਰਫ਼ਤਾਰ ਨਾਲ ਜਾ ਰਹੀ ਹੈ। ਫਿਰ ਇਕ ਬੈਲ ਗੱਡੀ ਦਾ ਸਫ਼ਰ ਹੈ, ਪਰ ਬੈਲ ਗੱਡੀ ਥੋੜੀ ਤਾਂ ਛੇਤੀ ਜਾਏਗੀ। ਫਿਰ ਇਕ ਪੈਦਲ ਆਦਮੀ ਦੀ ਯਾਤ੍ਰਾ ਹੈ। ਇਸ ਲਈ ਤਾਂ ਅਸੀਂ ਤੀਰਥ ਯਾਤ੍ਰਾ ਨੂੰ ਪੈਦਲ ਕਰਦੇ ਸੀ ਕਿ ਉਹ ਮੰਜ਼ਿਲ ਦਾ ਥੋੜੇ ਹੀ ਮਜ਼ਾ ਹੈ, ਮਾਰਗ ਦਾ ਵੀ ਮਜ਼ਾ ਹੈ। ਛੇਤੀ ਪੁੱਜ ਜਾਣ ਦਾ ਕੀ ਹੈ? ਵੇਖਦੇ ਹੋਏ ਪੁੱਜਣਾ ਹੈ—ਅੱਖਾਂ ਨੂੰ ਖ਼ੂਬ ਹਰਿਆਲੀ ਨਾਲ ਭਰ ਲੈਣਾ ਹੈ, ਹਿਰਦੇ ਨੂੰ ਖ਼ੂਬ ਪੰਛੀਆਂ ਦੇ ਗੀਤਾਂ ਨਾਲ ਭਰ ਲੈਣਾ ਹੈ, ਪੁੱਜਦੇ, ਪੁੱਜਦੇ ਖ਼ੁਦ ਵੀ ਤੀਰਥ ਬਣ ਜਾਣਾ ਹੈ। ਤਦ ਪੁੱਜਣਾ ਹੈ।

ਧਿਆਨ ਤਾਂ ਸਿੱਧੀ ਤੇਜ਼ੀ ਵਾਲੀ ਪ੍ਰਕਿਰਿਆ ਹੈ। ਪ੍ਰੇਮ ਜ਼ਰਾ ਲੰਮੀ ਯਾਤ੍ਰਾ ਹੈ। ਇਸ ਲਈ ਮੈਂ ਕਿਹਾ ਕਿ ਧਿਆਨ ਪ੍ਰਤੱਕਸ਼, ਪ੍ਰੇਮ ਗੁਪਤ। ਲੇਕਿਨ ਪ੍ਰੇਮ ਛੇਤੀ ਵਿਚ ਵੀ ਨਹੀਂ ਹੈ—ਕਿਉਂਕਿ ਪ੍ਰੇਮ ਕਹਿੰਦਾ ਹੈ, ਜੋ ਮਜ਼ਾ ਇੰਤਜ਼ਾਰੀ ਵਿਚ ਹੈ, ਜੋ ਮਜ਼ਾ ਉਡੀਕ ਵਿਚ ਹੈ ਉਹ ਮਿਲਣ ਵਿਚ ਕਿੱਥੇ। ਜੋ ਮਜ਼ਾ ਵਿਰਹ (ਵਿਜੋਗ) ਵਿਚ ਹੈ, ਉਹ ਮਿਲਣ ਵਿਚ ਕਿੱਥੇ! ਪ੍ਰੇਮ ਦੀ ਕੀਮਿਆਂ ਅਲੱਗ ਹੈ—ਉਹ ਕਹਿੰਦੀ ਹੈ, ਚੱਲਾਂਗੇ, ਨੱਚਦੇ ਹੋਏ ਚੱਲਾਂਗੇ—ਥੋੜੀ ਦੇਰ ਨਾਲ ਪੁੱਜਾਂਗੇ ਮੰਨਿਆ, ਲੇਕਿਨ ਜੋ ਮਜ਼ਾ ਨੱਚਦੇ ਹੋਏ ਟੁਰਨ ਵਿਚ ਹੈ, ਉਹ ਪੁੱਜ ਜਾਣ ਵਿਚ ਕਿੱਥੇ। ਅਤੇ ਇਕ ਦਮ ਪੁੱਜ ਵੀ ਗਏ, ਉਸ ਦਾ ਵੀ ਕੀ ਅਰਥ ਹੈ? ਨੱਚਦੇ ਹੋਏ ਪੁੱਜਾਂਗੇ।

ਪ੍ਰੇਮ ਮਾਰਗ ਨੂੰ ਵੀ ਮੁੱਲ ਦਿੰਦਾ ਹੈ। ਧਿਆਨ ਸਿਰਫ਼ ਸਿੱਧੀ ਹੈ। ਉਹ ਮਾਰਗ ਦੀ ਬਿਲਕੁਲ ਫ਼ਿਕਰ ਨਹੀਂ ਹੈ। ਉਹ ਇਕ ਛਲਾਂਗ ਹੈ। ਪ੍ਰੇਮ ਬਹੁਤ ਕ੍ਰਮਿਕ (ਗਰਮਗਤ) ਹੈ। ਧਿਆਨ ਬਹੁਤ ਤਵਰਿਦੇ (ਛੇਤੀ ਟੁਰਨ ਵਾਲਾ) ਹੈ।

ਜਾਗਣ ਦੇ ਦੋ ਉਪਾਇ ਹਨ, ਜੋ ਜਿਸ ਨੂੰ ਰੁਚੇ, ਜਿਸ ਨੂੰ ਜਿਹੋ ਜਿਹਾ ਰੁਚੇ। ਉਹ ਰੁਚੀ ਦੀ ਗੱਲ ਹੈ। ਉਸ ਵਿਚ ਵੀ ਧਿਆਨ ਰੱਖਣਾ ਕੋਈ ਉੱਤਮ ਅਤੇ ਨੀਚ ਨਹੀਂ ਹੈ, ਰੁਚੀ ਦੀ ਗੱਲ ਹੈ। ਕਿਸੇ ਨੂੰ ਗੁਲਾਬ ਦਾ ਫੁੱਲ ਰੁਚਦਾ ਹੈ, ਤਾਂ ਇਸ ਵਿਚ ਕੋਈ ਉੱਤਮ ਨਹੀਂ ਹੋ ਗਿਆ ਹੈ। ਕਿਸੇ ਨੂੰ ਚਮੇਲੀ ਵਿਚ ਹੀ ਮਜ਼ਾ ਆਉਂਦਾ ਹੈ, ਸੋ ਇਸ ਵਿਚ ਕੋਈ ਉੱਤਮ-ਨੀਚ ਨਹੀਂ ਹੈ। ਕੋਈ ਕਮਲ ਦਾ ਦੀਵਾਨਾ ਹੈ! ਇਹ ਰੁਝਾਨ ਹਨ। ਇਹ ਰੁਚੀਆਂ ਹਨ। ਇਸ ਵਿਚ ਕੋਈ

ਉੱਚਾ-ਨੀਵਾਂ ਨਹੀਂ ਹੁੰਦਾ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਓਏ, ਤੂੰ ਗੁਲਾਬ ਦਾ, ਮੈਂ ਕਮਲ ਦਾ ਭਗਤ ਹਾਂ—ਕਮਲ ਕਿੰਨਾ ਵੱਡਾ, ਗੁਲਾਬ ਇੰਨਾ ਕੁ ਜਿੰਨਾ! ਤੁਸੀਂ ਅਜੇ ਗੁਲਾਬ ਵਿਚ ਹੀ ਅਟਕੇ ਹੋ?

ਗੁਲਾਬ ਅਤੇ ਕਮਲ ਤੋਂ ਕੋਈ ਲੈਣਾ-ਦੇਣਾ ਨਹੀਂ ਹੈ! ਉਹ ਗੁਲਾਬ ਵਾਲਾ ਕਹੇਗਾ ਕਿ ਬਕਵਾਸ ਲਗਾ ਰੱਖੀ ਹੈ। ਕਿੱਥੇ ਗੁਲਾਬ ਦੀ ਕੋਮਲਤਾ ਕਿੱਥੇ ਗੁਲਾਬ ਦੀ ਗੰਧ। ਹੋਏਗਾ ਕਮਲ ਵੱਡਾ, ਲੇਕਿਨ ਵਿਸਤਾਰ ਨਾਲ ਕੀ ਲੈਣਾ-ਦੇਣਾ, ਕਿੱਥੇ ਗੁਲਾਬ ਦੀ ਗਹਿਰਾਈ! ਰਾਜਾ ਤਾਂ ਗੁਲਾਬ ਹੈ।

ਪਰ ਇਸ ਵਿਚ ਕੋਈ ਝਗੜਾ ਨਹੀਂ ਹੈ। ਜਦ ਵੀ ਅਸੀਂ ਕਹਿੰਦੇ ਹਾਂ ਰੁਝਾਨ, ਤਾਂ ਉਸ ਦਾ ਮਤਲਬ ਇਹ ਹੈ ਕਿ ਵਿਅਕਤੀਗਤ ਰੁਚੀ ਦੀ ਗੱਲ ਹੈ। ਤਾਂ ਦੋ ਰੁਚੀਆਂ ਹੋ ਸਕਦੀਆਂ ਹਨ, ਧਿਆਨ—ਕਿਸੇ ਨੂੰ ਛੇਤੀ ਪੁੱਜਣਾ ਹੈ, ਯਾਤ੍ਰਾ ਦਾ ਕੋਈ ਮਤਲਬ ਨਹੀਂ ਹੈ, ਮੰਜ਼ਿਲ। ਠੀਕ! ਕਿਸੇ ਨੂੰ ਹੌਲੀ-ਹੌਲੀ ਜਾਣਾ ਹੈ, ਪਦਯਾਤ੍ਰਾ ਕਰਨੀ ਹੈ—ਬਿਲਕੁਲ ਠੀਕ! ਨਦੀ ਨਾਲਿਆਂ ਵਿਚ ਇਸ਼ਨਾਨ ਕਰਨੇ ਹਨ, ਝਰਨਿਆਂ ਨਾਲ ਮੁਲਾਕਾਤ ਕਰਨੀ ਹੈ, ਪਹਾੜਾਂ ਨਾਲ ਮਿਲਣਾ ਹੈ—ਪਹੁੰਚਣਗੇ! ਉਸ ਦੇ ਲਈ ਪ੍ਰੇਮ।

ਜਾਗਣ ਦੇ ਇਹ ਦੋ ਉਪਾਇ ਹਨ। ਹੋਰ ਆਤਮਾਵਾਂ ਦੋ ਤਰ੍ਹਾਂ ਦੀਆਂ ਹਨ—ਜਾਗੀ ਹੋਈ, ਗ਼ੈਰ ਜਾਗੀ ਹੋਈ। ਨਾ ਤਾਂ ਗ਼ੈਰ ਜਾਗੀ ਹੋਈ ਆਤਮਾ ਜਾਗੀ ਹੋਈ ਆਤਮਾਂ ਨਾਲੋਂ ਨੀਚ ਹੈ, ਨਾ ਉੱਤਮ ਹੈ, ਦੋਵੇਂ ਬਿਲਕੁਲ ਇਕੋ-ਜਿਹੀਆਂ ਹਨ। ਇਕ ਨੂੰ ਪਤਾ ਹੈ, ਇਕ ਨੂੰ ਪਤਾ ਨਹੀਂ ਹੈ। ਲੇਕਿਨ ਇਹ ਵੀ ਤੁਹਾਡੀ ਮੌਜ ਹੈ। ਜੇਕਰ ਤੁਹਾਨੂੰ ਆਪਣਾ ਖ਼ਜ਼ਾਨਾ ਗੁਆਈ ਰੱਖਣਾ ਹੈ, ਭੁਲਾਈ ਰੱਖਣਾ ਹੈ, ਜੇਕਰ ਇਹ ਹੀ ਤੁਸੀਂ ਤੈਅ ਕੀਤਾ ਹੈ ਤਾਂ ਕੁਝ ਹਰਜਾ ਨਹੀਂ ਹੈ। ਕੌਣ ਉਪਰ ਤੁਹਾਨੂੰ ਥੋਪਣ ਲਈ ਹੈ ਕਿ ਤੁਸੀਂ ਜਾਗੋ ਹੀ? ਪਰ ਇੰਨਾ ਹੀ ਮੇਰਾ ਕਹਿਣਾ ਹੈ ਕਿ ਜੇਕਰ ਸੌਂਦੇ ਵੀ ਹੋ ਤਾਂ ਮਰਜ਼ੀ ਨਾਲ ਸੌਂਵੋਂ। ਫਿਰ ਸੌਣ ਦੀ ਤਕਲੀਫ਼ ਨਾ ਲਓ। ਫਿਰ ਚੀਖੋ ਨਾ, ਦੁਖੀ ਨਾ ਹੋਵੋ ਕਿ ਮੈਂ ਸੌਂ ਕਿਉਂ ਰਿਹਾ ਹਾਂ। ਫਿਰ ਸੌਣ ਦਾ ਹੀ ਆਨੰਦ ਲਓ। ਭੁੱਲਣ ਦਾ ਵੀ ਸੁੱਖ ਹੋ ਸਕਦਾ ਹੈ। ਲੇਕਿਨ ਉਹ ਵੀ ਹੋਸ਼ ਪੂਰਵਕ ਹੋਵੇ। ਜੇਕਰ ਖ਼ਜ਼ਾਨੇ ਨੂੰ ਨਹੀਂ ਵੇਖਣਾ ਹੈ ਤਾਂ ਉਹ ਵੀ ਹੋਸ਼ ਪੂਰਵਕ ਹੋਵੇ ਕਿ ਅਜੇ ਛੇਤੀ ਨਹੀਂ ਹੈ, ਅਜੇ ਨਹੀਂ ਵੇਖਣਾ ਹੈ, ਪਤਾ ਤਾਂ ਹੈ ਕਿ ਇਹ ਰਿਹਾ ਖ਼ਜ਼ਾਨਾ ਪਿੱਛੇ, ਪਰ ਹਾਲੇ ਥੋੜੇ ਦਿਨ ਭੀਖ ਮੰਗਣ ਦਾ ਮਜ਼ਾ ਲੈਣਾ ਹੈ। ਕੋਈ ਹਰਜਾ ਨਹੀਂ ਹੈ।

ਮੈਂ ਕਿਸੇ ਦੀ ਨਿੰਦਾ ਨਹੀਂ ਕਰਦਾ ਹਾਂ। ਮੇਰੇ ਲਈ ਸਭ ਸਵੀਕਾਰ ਹੈ। ਬਸ ਜੋ ਵੀ ਉਹ ਕਰ ਰਹੇ ਹਨ, ਉਸ ਨਾਲ ਉਨ੍ਹਾਂ ਨੂੰ ਆਨੰਦ ਮਿਲੇ ਬਸ

ਇੰਨਾ ਕਾਫ਼ੀ ਹੈ। ਆਨੰਦ ਪੁੰਨ ਹੈ ਅਤੇ ਦੁੱਖ ਪਾਪ ਹੈ। ਤੁਸੀਂ ਦੁਖੀ ਹੋ ਤਾਂ ਤੁਸੀਂ ਪਾਪੀ ਹੋ। ਤੁਹਾਨੂੰ ਪੁਰਾਣੇ ਧਰਮ ਗੁਰੂਆਂ ਨੇ ਕਿਹਾ ਹੈ ਕਿ ਤੁਸੀਂ ਦੁਖੀ ਇਸ ਲਈ ਹੋ ਕਿ ਤੁਸੀਂ ਪਾਪੀ ਹੋ। ਮੈਂ ਤੁਹਾਨੂੰ ਆਖਦਾ ਹਾਂ ਕਿ ਤੁਸੀਂ ਪਾਪੀ ਇਸ ਲਈ ਹੋ ਕਿ ਤੁਸੀਂ ਦੁਖੀ ਹੋ। ਬਹੁਤ ਕ੍ਰਾਂਤੀਕਾਰੀ ਫ਼ਰਕ ਹੈ। ਮੈਂ ਤੁਹਾਡੇ ਪਾਪ ਦੇ ਵਿਰੋਧ ਵਿਚ ਨਹੀਂ ਹਾਂ। ਮੈਂ ਤੁਹਾਡੇ ਦੁੱਖ ਦੇ ਵਿਰੋਧ ਵਿਚ ਹਾਂ। ਮੈਂ ਤੁਹਾਨੂੰ ਪੁੰਨ-ਆਤਮਾ ਨਹੀਂ ਬਣਾਉਣਾ ਚਾਹੁੰਦਾ, ਮੈਂ ਤੁਹਾਨੂੰ ਆਨੰਦਿਤ ਅਹੋ-ਭਾਵ ਨਾਲ ਭਰਿਆ ਹੋਇਆ ਬਣਾਉਣਾ ਚਾਹੁੰਦਾ ਹਾਂ।

ਚੌਥਾ ਸਵਾਲ—ਤੁਸੀਂ ਆਖਿਆ ਕਿ ਝੁਕਣ ਦਾ ਭਾਵ ਹੀ ਪਰਮਾਤਮਾ ਤੱਕ ਪੁਜਾ ਦਿੰਦਾ ਹੈ, ਲੇਕਿਨ ਅੰਧ-ਵਿਸ਼ਵਾਸ ਅਤੇ ਸ਼ੋਸ਼ਣ ਉੱਤੇ ਖੜੇ ਮੰਦਿਰਾਂ ਅਤੇ ਧਰਮਾਚਾਰੀਆਂ ਦੇ ਚਰਨਾਂ ਵਿਚ ਕਿਵੇਂ ਝੁਕਿਆ ਜਾਏ? ਸੁਆਮੀ ਨਾਰਾਇਣ, ਸ੍ਰੀ ਨਾਥ ਜੀ, ਰਾਧਾਸੁਆਮੀ, ਜਲਾਰਾਮ, ਸਤਯਸਾਂਈ ਬਾਬਾ ਆਦਿ ਲਈ ਝੁਕਣ ਦਾ ਕੀ ਮਤਲਬ ਹੋਏਗਾ? ਮੈਂ ਇਕ ਅਜਿਹੇ ਵੈਸ਼ਨਵ ਅਚਾਰੀਆ ਦੇ ਕੁਟੰਬ ਨਾਲ ਵਾਕਿਫ਼ ਹਾਂ ਜੋ ਸਭੀ ਤਰ੍ਹਾਂ ਦੇ ਵਿਅਸਨ (ਬੁਰੀਆਂ ਲਤਾਂ) ਅਤੇ ਅਤਿਚਾਰਾਂ ਵਿਚ ਗਰਤ ਹਨ, ਫਿਰ ਵੀ ਹਜ਼ਾਰਾਂ ਲੋਕ ਰੋਜ਼ ਉਨ੍ਹਾਂ ਦੇ ਚਰਨਾਂ ਵਿਚ ਡਿੱਗਦੇ ਹਨ ਅਤੇ ਲੱਖਾਂ ਦਾ ਧਨ ਚੜ੍ਹਾਉਂਦੇ ਹਨ। ਕੀ ਅਜਿਹੀਆਂ ਥਾਵਾਂ 'ਤੇ ਵੀ ਝੁਕਣਾ ਸ਼ੁਭ ਹੋ ਸਕਦਾ ਹੈ?

ਇਹ ਸਵਾਲ ਹੈ ਚੰਦ੍ਰਕਾਂਤ ਦਾ। ਚੰਦ੍ਰਕਾਂਤ ਭਾਵ ਤੋਂ ਤਾਂ ਸਮਾਜਵਾਦੀ ਹਨ, ਪ੍ਰੇਮ ਕਰਕੇ ਮੇਰੇ ਨਾਲ ਜੁੜ ਗਏ ਹਨ। ਇਸ ਲਈ ਉਨ੍ਹਾਂ ਦੀ ਅੜਚਨ ਸਾਫ਼ ਹੈ।

ਜਦ ਮੈਂ ਕਹਿੰਦਾ ਹਾਂ, ਝੁਕਣ ਵਿਚ ਆਨੰਦ ਹੈ ਤਦ ਇਹ ਸਵਾਲ ਉੱਠਦਾ ਸੁਭਾਵਿਕ ਹੈ ਕਿ ਕੀ ਅਜਿਹੇ ਲੋਕਾਂ ਦੇ ਚਰਨਾਂ ਵਿਚ ਵੀ ਝੁਕਿਆ ਜਾਏ ਜੋ ਗ਼ਲਤ ਹਨ, ਜਾਂ ਉਨ੍ਹਾਂ ਦੇ ਚਰਨਾਂ ਵਿਚ ਝੁਕਿਆ ਜਾਏ ਜੋ ਸਹੀ ਹਨ? ਜਟਿੱਲ (ਗੁੰਝਲਦਾਰ) ਸਵਾਲ ਹੈ, ਕਿਉਂਕਿ ਤੁਸੀਂ ਕਿਵੇਂ ਤੈਅ ਕਰੋਗੇ ਕਿ ਕਿਹੜੇ ਚਰਨ ਸਹੀ ਹਨ ਅਤੇ ਕਿਹੜੇ ਗਲਤ ਹਨ? ਜਿਹੜੇ ਹਜ਼ਾਰਾਂ ਲੋਕ ਕਿਤੇ ਝੁਕ ਰਹੇ ਹਨ ਉਹ ਸਹੀ ਮੰਨ ਕੇ ਹੀ ਝੁਕ ਰਹੇ ਹਨ। ਨਹੀਂ ਤਾਂ ਉਹ ਵੀ ਨਾ ਝੁਕਦੇ। ਤੁਹਾਨੂੰ ਗ਼ਲਤ ਵਿਖਾਈ ਪੈ ਰਿਹਾ ਹੈ, ਇਸ ਲਈ ਝੁਕਣ ਵਿਚ ਅੜਚਨ ਮਾਲੂਮ ਹੋ ਰਹੀ ਹੈ। ਤੁਸੀਂ ਮੇਰੇ ਕੋਲ ਝੁਕ ਗਏ, ਲੇਕਿਨ ਹਜ਼ਾਰਾਂ ਲੋਕ ਤੁਹਾਨੂੰ ਮਿਲ ਜਾਣਗੇ ਜਿਹੜੇ ਮੈਨੂੰ ਗ਼ਲਤ ਮੰਨਦੇ ਹਨ ਅਤੇ ਮੇਰੇ ਚਰਨਾਂ ਵਿਚ ਨਹੀਂ ਝੁਕ ਸਕਦੇ।

ਤਾਂ ਕੀ ਅਜਿਹਾ ਕੋਈ ਮਾਪਦੰਡ (ਨਾਪ-ਤੋਲ) ਹੈ ਜਿਸ ਉੱਤੇ ਤੱਕੜੀ ਹੋਵੇ, ਤੁਲ ਜਾਏ ਅਤੇ ਤੈਅ ਹੋ ਜਾਏ ਕਿ ਕੌਣ ਸਹੀ ਹੈ, ਇਕ ਵਾਰੀ ਤੈਅ ਹੋ ਜਾਏ, ਸਭ ਉੱਥੇ ਹੀ ਝੁਕ ਜਾਣ–ਜਾਂ ਤੈਅ ਹੋ ਜਾਏ ਕਿ ਕੌਣ ਗ਼ਲਤ ਹੈ? ਇਹ ਤਾਂ ਨਾਮੁਮਕਿਨ ਹੈ। ਇਹ ਤੈਅ ਨਹੀਂ ਹੋ ਸਕਦਾ। ਇਸ ਦੇ ਤੈਅ ਹੋਣ ਦਾ ਕੋਈ ਉਪਾਇ ਨਹੀਂ ਹੈ। ਮਨੁੱਖ ਇੰਨਾ ਰਹੱਸਯਪੂਰਣ ਹੈ ਕਿ ਕੋਈ ਕਸੌਟੀ ਉਸ ਨੂੰ ਕਸ ਨਹੀਂ ਪਾਂਦੀ। ਉਹ ਸੋਨੇ ਦੇ ਵਾਂਗ ਉਥਲਾ ਨਹੀਂ ਹੈ ਕਿ ਕਸ ਲਿਆ ਅਤੇ ਪਤਾ ਚੱਲ ਗਿਆ।

ਫਿਰ ਇਕ ਨੂੰ ਜੋ ਵਿਯਸਨ (ਕੋਈ ਬੁਰੀ ਲਤ) ਮਾਲੂਮ ਪੈਂਦਾ ਹੈ, ਦੂਜੇ ਨੂੰ ਕੁਰੀ ਲਤ ਨਹੀਂ ਮਾਲੂਮ ਹੁੰਦੀ।

ਮੈਂ ਇਕ ਅਘੋਰ ਪੰਥੀ ਸੰਨਿਆਸੀ ਨੂੰ ਜਾਣਦਾ ਹਾਂ, ਜਿਹੜਾ ਸ਼ਰਾਬ ਪੀਣ ਵਿਚ ਬਹੁਤ ਕੁਸ਼ਲ ਹੈ ਅਤੇ ਜਿਨ੍ਹਾਂ ਦੀ ਜ਼ਿੰਦਗੀ ਕਰੀਬ-ਕਰੀਬ ਪ੍ਰਾਰਥਨਾ ਵਿਚ ਨਹੀਂ, ਵੈਸ਼ਿਆਵਾਂ ਦੇ ਨਾਚ ਵੇਖਣ ਵਿਚ ਲੰਘੀ। ਲੇਕਿਨ ਉਹ ਬ੍ਰਹਮਚਾਰੀ ਹਨ, ਇਹ ਵੀ ਮੈਂ ਜਾਣਦਾ ਹਾਂ, ਅਤੇ ਉਨ੍ਹਾਂ ਵਰਗਾ ਬ੍ਰਹਮਚਾਰੀ ਮੈਂ ਵੇਖਿਆ ਨਹੀਂ। ਅਤੇ ਵੈਸ਼ਿਆਵਾਂ ਦਾ ਨਾਚ ਉਹ ਇਸ ਲਈ ਵੇਖਦੇ ਰਹੇ–ਉਹ ਉਨ੍ਹਾਂ ਦੀ ਸਾਧਨਾ ਦਾ ਹਿੱਸਾ ਹੈ। ਸ਼ਰਾਬ ਉਹ ਪੀਂਦੇ ਹਨ ਅਤੇ ਡਟ ਕੇ ਪੀਂਦੇ ਹਨ, ਲੇਕਿਨ ਉਨ੍ਹਾਂ ਨੂੰ ਕਦੇ ਕਿਸੇ ਨੇ ਬੇਹੋਸ਼ ਨਹੀਂ ਵੇਖਿਆ। ਉਹ ਉਨ੍ਹਾਂ ਦੀ ਸਾਧਨਾ ਦਾ ਅੰਗ ਹੈ ਕਿ ਸ਼ਰਾਬ ਪ੍ਰਭਾਵਿਤ ਨਾ ਕਰੇ, ਧਿਆਨ ਇੰਨਾ ਡੂੰਘਾ ਹੋ ਜਾਏ ਕਿ ਸ਼ਰਾਬ ਸਰੀਰ ਨੂੰ ਭਲਾ ਡੁਬਾ ਦੇਵੇ, ਧਿਆਨ ਨੂੰ ਨਾ ਡੁਬਾ ਸਕੇ। ਧਿਆਨ ਸ਼ਰਾਬ ਦੇ ਸਾਗਰ ਉੱਤੇ ਵੀ ਵੱਖਰਾ ਖਲੋਤਾ ਰਹੇ, ਅਤਿਕ੍ਰਮਣ (ਅਗਾਂਹ) ਕਰਦਾ ਰਹੇ। ਇਹ ਪੁਰਾਣੇ ਤੰਤ੍ਰ ਦੇ ਪ੍ਰਯੋਗ ਹਨ। ਸਾਧਾਰਣਤ: ਉਪਰੋਂ ਵੇਖਣ ਵਿਚ ਬਹੁਤ ਕਠਿਨਾਈ ਹੋਵੇਗੀ।

ਬਨਾਰਸ ਉਹ ਰਹਿੰਦੇ ਹਨ। ਮੈਂ ਇਕ ਮਿੱਤਰ ਦੇ ਘਰ ਮਹਿਮਾਨ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੇ ਕੋਲ ਮੈਨੂੰ ਲੈ ਚੱਲੋ, ਜਾਂ ਉਨ੍ਹਾਂ ਨੂੰ ਖ਼ਬਰ ਕਰ ਦਿਓ ਤਾਂ ਉਹ ਆ ਜਾਣ। ਉਨ੍ਹਾਂ ਨੇ ਕਿਹਾ, ਇਹ ਤਾਂ ਤੁਸੀਂ ਕਿਰਪਾ ਕਰੋ। ਉਨ੍ਹਾਂ ਨੂੰ ਇਥੇ ਤਾਂ ਅਸੀਂ ਨਹੀਂ ਬੁਲਾ ਸਕਾਂਗੇ। ਮੁਹੱਲੇ ਗੁਆਂਢ ਵਿਚ...! ਅਸੀਂ ਗ੍ਰਿਹਸਥੀ ਆਦਮੀ। ਅਤੇ ਉਨ੍ਹਾਂ ਦਾ ਨਾਮ ਤੁਸੀਂ ਜਾਣਦੇ ਹੋ, ਕਿਸ ਤਰ੍ਹਾਂ ਬਦਨਾਮ ਹੈ! ਹੋਰ ਇਧਰ ਸਾਡੇ ਘਰ ਵਿਚ ਆਉਣਗੇ ਤਾਂ ਤੁਹਾਡੀ ਵੀ ਬਦਨਾਮੀ ਹੋਏਗੀ, ਸਾਡੀ ਵੀ ਬਦਨਾਮੀ ਹੋਏਗੀ ਅਤੇ ਅਸੀਂ ਤਾਂ ਸਲਾਹ ਦਿੰਦੇ ਹਾਂ ਕਿ ਤੁਸੀਂ ਵੀ ਉੱਥੇ ਨਾ ਜਾਓ। ਫਿਰ ਵੀ ਤੁਹਾਨੂੰ ਜਾਣਾ ਹੋਵੇ ਤਾਂ ਡਰਾਈਵਰ ਤੁਹਾਨੂੰ ਲੈ ਜਾਏਗਾ, ਮੈਂ ਨਾਲ ਨਹੀਂ ਚੱਲ ਸਕਦਾ।

ਮੈਨੂੰ ਤਾਂ ਜਾਣਾ ਸੀ, ਉਨ੍ਹਾਂ ਨੂੰ ਮਿਲਣਾ ਸੀ, ਬਹੁਤ ਸਾਲ ਹੋਏ ਮਿਲਿਆ ਨਹੀਂ ਸੀ—ਸੋ ਗਿਆ। ਲੇਕਿਨ ਉਸ ਦਿਨ ਤੋਂ ਜਿਨ੍ਹਾਂ ਦੇ ਘਰ ਮੈਂ ਰੁਕਿਆ ਸੀ, ਉਨ੍ਹਾਂ ਨਾਲ ਮੇਰਾ ਸੰਬੰਧ ਟੁੱਟ ਗਿਆ, ਕਿਉਂਕਿ ਮੈਂ ਵੀ ਗ਼ਲਤ ਹੋ ਗਿਆ! ਜਦ ਗ਼ਲਤ ਆਦਮੀ ਦੇ ਕੋਲ ਮੈਂ ਗਿਆ ਅਤੇ ਉਨ੍ਹਾਂ ਦੇ ਚੇਤਾਉਣ 'ਤੇ ਵੀ ਮੈਂ ਗਿਆ ਤਾਂ ਸਾਰਾ ਫ਼ਰਕ ਹੋ ਗਿਆ। ਪਰਤ ਕੇ ਘਰ ਆਇਆ, ਉਸ ਘਰ ਵਿਚ ਮੇਰਾ ਕੋਈ ਸਨਮਾਨ ਨਾ ਰਿਹਾ।

ਕਿਵੇਂ ਤੈਅ ਕਰੋਗੇ ? ਤੈਅ ਕਰਨ ਦਾ ਕੋਈ ਉਪਾਇ ਹੈ ? ਕਿਸੇ ਨੂੰ ਇਕ ਗੱਲ ਠੀਕ ਲੱਗਦੀ ਹੈ ਕਿਸੇ ਨੂੰ ਨਹੀਂ ਠੀਕ ਲੱਗਦੀ।

ਜੈਨ ਮੁਨੀ ਹਨ! ਦਿਗੰਬਰ ਜੈਨ ਮੁਨੀ ਦੇ ਕੋਲ ਤੁਸੀਂ ਬੈਠ ਨਹੀਂ ਸਕੋਗੇ—ਸਰੀਰ ਤੋਂ ਬਦਬੂ ਆਉਂਦੀ ਹੈ ਕਿਉਂਕਿ ਉਹ ਇਸ਼ਨਾਨ ਨਹੀਂ ਕਰਦਾ, ਮੂੰਹ 'ਚੋਂ ਬੋ ਆਉਂਦੀ ਹੈ ਕਿਉਂਕਿ ਦਾਤਣ ਨਹੀਂ ਕਰਦਾ। ਦਿਗੰਬਰ ਜੈਨ ਇਸ ਨੂੰ ਬੜੇ ਭਾਵ ਨਾਲ ਸਵੀਕਾਰ ਕਰਦੇ ਹਨ। ਜੇਕਰ ਉਨ੍ਹਾਂ ਨੂੰ ਆਪਣੇ ਮੁਨੀ ਦੇ ਮੂੰਹ ਵਿਚੋਂ ਬੋ ਨਾ ਆਵੇ ਤਾਂ ਉਨ੍ਹਾਂ ਦੀ ਸ਼ਰਧਾ ਟੁੱਟ ਜਾਏਗੀ ਕਿ ਇਸ ਨੇ ਦਿਸਦਾ ਹੈ ਦਾਤਣ ਕਰ ਲਈ ਹੈ। ਦਾਤਣ ਕਰਨ ਦਾ ਮਤਲਬ ਇਹ ਹੈ ਕਿ ਆਪਣੇ ਮੂੰਹ ਨੂੰ ਸੁੰਦਰ ਬਣਾਉਣਾ ਚਾਹੁੰਦਾ ਹੈ, ਲੋਕਾਂ ਲਈ ਰੁਚੀਕਰ, ਪ੍ਰੀਤੀਕਰ ਬਣਾਉਣਾ ਚਾਹੁੰਦਾ ਹੈ, ਇਹ ਸਰੀਰਵਾਦੀ ਹੈ! ਜੇਕਰ ਮੁਨੀ ਦੀ ਦੇਹ 'ਚੋਂ ਬਦਬੂ ਨਾ ਆਉਂਦੀ ਹੋਵੇ ਤਾਂ ਉਸ ਦਾ ਮਤਲਬ ਹੈ ਕਿ ਇਸ ਨੇ ਇਸ਼ਨਾਨ ਕਰ ਲਿਆ ਜਾਂ ਘੱਟੋ-ਘੱਟ ਗਿੱਲੇ ਕੱਪੜੇ ਨਾਲ ਦੇਹ 'ਤੇ ਸਪੰਜ ਕਰ ਲਿਆ ਹੋਏਗਾ। ਇਹ ਤਾਂ ਗੱਲ ਗ਼ਲਤ ਹੈ। ਇਹ ਤਾਂ ਸਰੀਰ ਦਾ ਸਜਾਉਣਾ ਹੋ ਗਿਆ। ਸੋ ਦਿਗੰਬਰ ਦਾ ਤਾਂ ਇਹ ਇਮਤਿਹਾਨ ਹੈ ਕਿ ਉਸ ਕੋਲੋਂ ਜਿੰਨੀ ਬਦਬੂ ਆਏ ਓਨਾ ਹੀ ਉਹ ਮਹਾਂ ਤਿਆਗੀ ਹੈ। ਹੁਣ ਦੂਜਾ ਜੇਕਰ ਜਾਏਗਾ ਤਾਂ ਉਸ ਨੂੰ ਘਬਰਾਹਟ ਹੋਏਗੀ, ਉਸ ਨੂੰ ਲੱਗੇਗਾ ਕਿ ਇਸ ਗੰਦਗੀ ਦੇ ਕੋਲ ਕਿੱਥੇ ਜਾਣਾ ਇਹ ਗੰਦਗੀ ਵੀ ਕੋਈ ਤਿਆਗ ਹੈ ? ਇਸ ਗੰਦਗੀ ਨੂੰ ਤੁਸੀਂ ਸੰਨਿਆਸ ਕਹਿੰਦੇ ਹੋ ? ਸੰਨਿਆਸ ਤਾਂ ਸਵੱਛਤਾ ਹੈ ਅਤੇ ਸਾਧੂ ਤਾਂ ਸਾਫ਼-ਸੁਥਰਾ ਹੋਣਾ ਚਾਹੀਦਾ। ਇਹ ਕੋਈ ਸਵੱਛਤਾ ਹੈ ? ਇਹ ਤਾਂ ਹੱਦ ਹੋ ਗਈ। ਇਹ ਤਾਂ ਅਸਾਧੂਆਂ ਨਾਲੋਂ ਗਈ ਬੀਤੀ ਗੱਲ ਹੋ ਗਈ।

ਕਿਵੇਂ ਤੈਅ ਕਰੋਗੇ?

ਮਹਾਂਵੀਰ ਨੰਗੇ ਖਲੋ ਗਏ। ਨਿਸ਼ਚਿਤ ਹੀ ਅਸ਼ੋਭਨ ਰਿਹਾ ਹੋਏਗਾ, ਪਿੰਡ-ਪਿੰਡ ਤੋਂ ਭਜਾਏ ਗਏ, ਕਿਉਂਕਿ ਲੋਕਾਂ ਨੇ ਕਿਹਾ ਇਹ ਕੀ ਪਾਗ਼ਲਪਨ ਹੈ ? ਘਰ 'ਚ ਇਸਤਰੀਆਂ ਹਨ, ਬੱਚੇ ਹਨ, ਲੜਕੀਆਂ ਹਨ! ਇਹ ਤਾਂ ਸਭ

ਅਨਾਚਾਰ (ਕੁਰੀਤੀ—ਦੁਰਾਚਾਰ) ਫੈਲ ਜਾਏਗਾ। ਆਦਮੀ ਨੰਗਾ ਖਲੋਤਾ ਹੈ। ਲੇਕਿਨ ਬਹੁਤਿਆਂ ਨੇ ਉਨ੍ਹਾਂ ਦੀ ਪੂਜਾ ਕੀਤੀ, ਕਿਉਂਕਿ ਉਨ੍ਹਾਂ ਦੀ ਨਗਨਤਾ ਵਿਚ ਬੱਚਿਆਂ ਦਾ ਨਿਰਦੋਸ਼-ਭਾਵ ਪਾਇਆ।

ਕਰੋਗੇ ਕੀ ? ਕੌਣ ਫ਼ੈਸਲਾ ਕਰਨ ਵਾਲਾ ਹੈ ਕਿ ਬੱਚਿਆਂ ਦਾ ਨਿਰਦੋਸ਼-ਭਾਵ ਸੀ ਕਿ ਇਕ ਨਗਨ ਮਤਵਾਲੇ ਆਦਮੀ ਦੀ ਦਸ਼ਾ ਸੀ ? ਕੌਣ ਤੈਅ ਕਰੇਗਾ ?

ਮਹਾਂਵੀਰ ਆਪਣੇ ਬਾਲ ਪੁੱਟ ਲੈਂਦੇ ਸਨ ਹਰ ਸਾਲ ਤਾਂ ਕਿ ਕੋਈ ਜੂੰ ਨਾ ਪੈ ਗਈ ਹੋਵੇ ਤਾਂ ਛੁਰਾ ਜਾਂ ਉਸਤਰਾ ਚਲਾਉਣ ਨਾਲ ਤਾਂ ਉਹ ਮਰ ਜਾਣਗੀਆਂ, ਉਹ ਨਾ ਮਰ ਜਾਣ ਤਾਂ ਆਪਣੇ ਬਾਲ ਨੋਚ ਲੈਂਦੇ ਸਨ। ਅਨੇਕਾਂ ਨੇ ਉਨ੍ਹਾਂ ਦੀ ਪੂਜਾ ਕੀਤੀ ਕਿ ਅਜਿਹਾ ਤਪੱਸਵੀ.....। ਲੇਕਿਨ ਮਨੋਵਿਗਿਆਨਿਕ ਕਹਿੰਦੇ ਹਨ ਬਾਲ ਪੁੱਟਣ ਦੀ ਦਸ਼ਾ ਇਕ ਖ਼ਾਸ ਤਰ੍ਹਾਂ ਦੇ ਪਾਗ਼ਲਪਨ ਵਿਚ ਪੈਦਾ ਹੁੰਦੀ ਹੈ। ਜਦ ਆਦਮੀ ਵਿਚ ਖ਼ਾਸ ਤਰ੍ਹਾਂ ਦਾ ਪਾਗ਼ਲਪਨ ਹੁੰਦਾ ਹੈ ਤਾਂ ਉਹ ਬਾਲ ਪੁੱਟਦਾ ਹੈ। ਪਾਗ਼ਲਖ਼ਾਨਿਆਂ ਵਿਚ ਜਾ ਕੇ ਤੁਸੀਂ ਵੇਖੋ। ਤੁਹਾਨੂੰ ਵੀ ਕਦੇ-ਕਦੇ ਸਨਕ ਆਈ ਹੋਵੇਗੀ ਬਹੁਤ ਗੁੱਸੇ ਵਿਚ ਕਿ ਪੁੱਟ ਲਓ ਬਾਲ। ਘੱਟੋ-ਘੱਟ ਇਸਤ੍ਰੀਆਂ ਨੂੰ ਤਾ ਬਹੁਤ ਆਉਂਦੀ ਹੈ। ਆਪਣੇ ਪੁੱਟਣ ਦੀ ਨਾ ਆਈ ਹੋਵੇਗੀ ਤਾਂ ਘੱਟੋ-ਘੱਟ ਪਤਨੀ ਦੇ ਪੁੱਟ ਲਓ, ਉਸ ਦੀ ਤਾਂ ਆਈ ਹੀ ਹੋਵੇਗੀ। ਪਰ ਬਾਲ ਪੁੱਟਣ ਦੀ ਸਨਕ ਆਉਂਦੀ ਹੈ ਪਾਗ਼ਲਪਨ ਵਿਚ, ਇਕ ਮੌਕਾ ਆਉਂਦਾ ਹੈ ਕਰੋਧ ਦਾ ਕਿ ਜਦ ਪੁੱਟ ਛੱਡੋ ਬਾਲ!

ਮਹਾਂਵੀਰ ਕੇਸ਼ਲੁੰਚ (ਬਾਲ ਪੁੱਟਣਾ) ਕਰਦੇ ਸੀ। ਇਹ ਜਾਂ ਤਾਂ ਪਾਗ਼ਲਪਨ ਦਾ ਹਿੱਸਾ ਸੀ ਜਾਂ ਉਨ੍ਹਾਂ ਦੀ ਅਹਿੰਸਾ ਦਾ—ਕੌਣ ਫ਼ੈਸਲਾ ਕਰੇਗਾ ? ਕਿਵੇਂ ਹੋਏਗਾ ਫ਼ੈਸਲਾ ?

ਬੁੱਧ ਨੇ ਛੇ ਸਾਲਾਂ ਤਕ ਤਪੱਸਿਆ ਕੀਤੀ, ਫਿਰ ਭੋਜਨ ਸਵੀਕਾਰ ਕਰ ਲਿਆ, ਜਿਹੜੇ ਭਗਤ ਸਨ ਉਨ੍ਹਾਂ ਦੇ ਉਹ ਇਸ ਵਿਚਕਾਰ ਛੱਡ ਕੇ ਚਲੇ ਗਏ ਝਟਪਟ ਕਿ ਇਹ ਆਦਮੀ ਭਰਿਸ਼ਟ ਹੋ ਗਿਆ—ਇੰਨੇ ਦਿਨਾਂ ਤਕ ਵਰਤ ਰੱਖੇ, ਅਤੇ ਹੁਣ ਭੋਜਨ ਕਰ ਲਿਆ। ਅਤੇ ਭੋਜਨ ਵੀ ਸਾਧਾਰਣ ਨਹੀਂ ਸੀ, ਖੀਰ ਸੀ! ਇਹ ਤਪੱਸਵੀ ਨੂੰ ਸ਼ੋਭਾ ਨਹੀਂ ਦਿੰਦਾ। ਅਤੇ ਖੀਰ ਵੀ ਇਕ ਸ਼ੂਦਰ ਦੀ ਬਣਾਈ ਹੋਈ ਸੀ। ਇਹ ਗਿਆਨੀ ਨੂੰ ਕਿਤੇ ਸ਼ੋਭਾ ਦਿੰਦਾ ਹੈ ਕਿ ਸ਼ੂਦਰ ਇਸਤ੍ਰੀ ਦੇ ਹੱਥ ਨਾਲ ਬਣਾਈ ਗਈ ਖੀਰ ਅਤੇ ਬੁੱਧ ਨੇ ਸਵੀਕਾਰ ਕਰ ਲਈ! ਅਤੇ ਖੀਰ ਵੀ ਦਿਨ 'ਚ ਨਹੀਂ ਗਈ ਸੀ, ਰਾਤ ਨੂੰ ਖਾਧੀ ਗਈ, ਜੋ ਕਿ ਬਿਲਕੁਲ ਗੱਲ ਗ਼ਲਤ ਹੈ। ਰਾਤ੍ਰੀ-ਭੋਜਨ! ਜਿਹੜੇ ਪੰਜ ਉਨ੍ਹਾਂ ਦੇ ਡੂੰਘੇ ਭਗਤ ਸਨ ਉਨ੍ਹਾਂ

ਨੇ ਉਸੇ ਰਾਤ ਤਿਆਗ ਕਰ ਦਿੱਤਾ ਕਿ ਇਹ ਆਦਮੀ ਭਰਿਸ਼ਟ ਹੋ ਗਿਆ! ਇਹ ਗੌਤਮ ਅਪਵਿੱਤ੍ਰ ਹੋ ਗਿਆ! ਉਹ ਭੱਜ ਗਏ।

ਅਤੇ ਉਸੀ ਰਾਤ ਬੁੱਧ ਨੂੰ ਗਿਆਨ ਹੋਇਆ!

ਹੁਣ ਇਹ ਬਹੁਤ ਮੁਸ਼ਕਿਲ ਹੈ, ਇਹ ਜਿਹੜੇ ਪੰਜ ਛੱਡ ਕੇ ਚਲੇ ਗਏ, ਇਨ੍ਹਾਂ ਦਾ ਭਾਵ ਠੀਕ ਸੀ? ਬੁੱਧ ਨੂੰ ਉਸੇ ਰਾਤ ਗਿਆਨ ਹੋਇਆ ਤਾਂ ਬੁੱਧ ਇੰਨੇ ਨਿਰਮਲ ਅਤੇ ਸਰਲ ਹੋ ਗਏ ਕਿ ਨਾ ਰਾਤ ਦਾ ਫ਼ਰਕ ਰਿਹਾ ਨਾ ਦਿਨ ਦਾ ਫ਼ਰਕ ਰਿਹਾ—ਨਾ ਖੀਰ ਦਾ ਪਤਾ ਰਿਹਾ ਨਾ ਰੁੱਖੀ-ਸੁੱਕੀ ਰੋਟੀ ਦਾ ਪਤਾ ਰਿਹਾ—ਨਾ ਬ੍ਰਾਹਮਣ ਦਾ ਬੋਧ ਰਿਹਾ ਨਾ ਸ਼ੂਦਰ ਦਾ ਬੋਧ ਰਿਹਾ। ਉਸੇ ਰਾਤ ਗਿਆਨ ਉਤਪੰਨ ਹੋਇਆ, ਅਤੇ ਉਸੇ ਰਾਤ ਸ਼ਿਸ਼ ਛੱਡ ਕੇ ਚਲੇ ਗਏ, ਜੋ ਸਾਲਾਂ ਤੋਂ ਪਿੱਛਾ ਕਰ ਰਹੇ ਸਨ! ਬਹੁਤ ਮੁਸ਼ਕਿਲ ਹੈ, ਕੌਣ ਫ਼ੈਸਲਾ ਕਰੇਗਾ?

ਸੋ ਮੈਂ ਤੁਹਾਨੂੰ ਨਹੀਂ ਆਖਾਂਗਾ ਕਿ ਤੁਸੀਂ ਫ਼ੈਸਲਾ ਕਰੋ। ਜੇਕਰ ਤੁਸੀਂ ਫ਼ੈਸਲੇ ਕਰਨ ਵਿਚ ਲੱਗੇ ਕਿ ਜਿੱਥੇ ਸਾਨੂੰ ਠੀਕ ਲੱਗੇਗਾ ਉਥੇ ਹੀ ਝੁਕਾਂਗੇ ਤਾਂ ਇਕ ਗੱਲ ਸਮਝ ਲੈਣਾ ਕਿ ਤੁਸੀਂ ਆਪਣੇ ਹੀ ਸਾਹਮਣੇ ਝੁਕ ਰਹੇ ਹੋ, ਕਿਉਂਕਿ ਤੁਹਾਨੂੰ ਠੀਕ ਲੱਗਿਆ ਇਸ ਲਈ ਝੁਕ ਰਹੇ ਹੋ। ਠੀਕ ਕਿਸ ਨੂੰ ਲੱਗਿਆ? ਠੀਕ ਤੁਹਾਨੂੰ ਲੱਗਿਆ ਤੁਹਾਡੀ ਧਾਰਣਾ ਨੂੰ ਲੱਗਿਆ। ਤੁਸੀਂ ਆਪਣੀ ਹੀ ਧਾਰਣਾ ਦੇ ਸਾਹਮਣੇ ਝੁਕ ਰਹੇ ਹੋ। ਜੇਕਰ ਮੈਂ ਤੁਹਾਨੂੰ ਠੀਕ ਲੱਗਦਾ ਹਾਂ, ਇਸ ਲਈ ਤੁਸੀਂ ਝੁਕਦੇ ਹੋ ਤਾਂ ਤੁਸੀਂ ਝੁਕੇ ਨਹੀਂ ਹੋ। ਠੀਕ ਦੇ ਸਾਹਮਣੇ ਕੋਈ ਵੀ ਝੁਕਦਾ ਹੈ। ਤੁਸੀਂ ਆਪਣੇ ਹੀ ਹੰਕਾਰ ਦੀ ਪੂਜਾ ਕਰ ਰਹੇ ਹੋ ਮੇਰੇ ਮਾਧਿਅਮ ਨਾਲ।

ਨਹੀਂ! ਤਾਂ ਕੀ ਮੈਂ ਤੁਹਾਨੂੰ ਇਹ ਕਹਿ ਰਿਹਾ ਹਾਂ ਕਿ ਜਿੱਥੇ-ਜਿੱਥੇ ਗ਼ਲਤ ਲੱਗੇ ਉੱਥੇ ਝੁਕ ਜਾਣਾ? ਇਹ ਵੀ ਨਹੀਂ ਕਹਿ ਰਿਹਾ ਹਾਂ। ਕਿਉਂਕਿ ਗ਼ਲਤ ਲੱਗੇਗਾ ਤਾਂ ਤੁਸੀਂ ਝੁਕੋਗੇ ਕਿਵੇਂ? ਅਤੇ ਜੇਕਰ ਜ਼ਬਰਦਸਤੀ ਝੁਕ ਵੀ ਗਏ ਤਾਂ ਖੋਪੜੀ ਝੁਕ ਜਾਏਗੀ, ਹੰਕਾਰ ਤਾਂ ਨਹੀਂ ਝੁਕੇਗਾ। ਤੁਹਾਡੇ ਅੰਦਰ ਤਾਂ ਕੋਈ ਕਹਿੰਦਾ ਰਹੇਗਾ—ਕਿੱਥੇ ਝੁਕ ਰਹੇ ਹੋ? ਇਹ ਬਿਲਕੁਲ ਗ਼ਲਤ ਹੈ। ਲੇਕਿਨ ਚੂੰਕਿ ਮੈਂ ਕਿਹਾ ਕਿ ਝੁਕੋ, ਇਸ ਲਈ ਝੁਕ ਰਹੇ ਹੋ। ਪਰ ਉਹ ਵੀ ਕੋਈ ਝੁਕਣਾ ਨਹੀਂ ਹੋਇਆ—ਕਿਉਂਕਿ ਜਿਹੜਾ ਝੁਕਣਾ ਸਰਲ ਨਾ ਹੋਵੇ, ਸਹਿਜ ਨਾ ਹੋਵੇ, ਉਹ ਕੋਈ ਝੁਕਣਾ ਹੈ? ਤਾਂ ਫਿਰ ਮੈਂ ਕੀ ਕਹਿ ਰਿਹਾ ਹਾਂ? ਮੈਂ ਇਹ ਕਹਿ ਰਿਹਾ ਹਾਂ ਕਿ ਤੁਸੀਂ ਇਸ ਦੀ ਫ਼ਿਕਰ ਛੱਡ ਦਿਓ ਕਿ ਤੁਸੀਂ ਕਿਸ ਦੇ ਸਾਹਮਣੇ ਝੁਕ ਰਹੇ ਹੋ, ਮੈਂ ਤੁਹਾਨੂੰ ਆਖ ਰਿਹਾ ਹਾਂ ਕਿ ਤੁਸੀਂ ਝੁਕਣ ਦੀ ਕਲਾ ਸਿੱਖੋ।

ਦਰੱਖ਼ਤ ਦੇ ਸਾਹਮਣੇ ਝੁਕ ਜਾਓ, ਜੇਕਰ ਆਦਮੀਆਂ ਦੇ ਸਾਹਮਣੇ ਤੁਹਾਨੂੰ ਝੁਕਣ ਵਿਚ ਅੜਚਨ ਆਉਂਦੀ ਹੈ। ਪੱਥਰਾਂ ਦੇ ਸਾਹਮਣੇ ਝੁਕ ਜਾਓ, ਪਹਾੜਾਂ ਦੇ ਸਾਹਮਣੇ ਝੁਕ ਜਾਓ। ਮੈਂ ਤੁਹਾਨੂੰ ਇਹ ਕਹਿ ਰਿਹਾ ਹਾਂ ਕਿ ਤੁਸੀਂ ਝੁਕਣ ਦੀ ਕਲਾ ਸਿੱਖੋ। ਹੋਰ ਜੇਕਰ ਤੁਸੀਂ ਝੁਕਣ ਦੀ ਕਲਾ ਸਿੱਖ ਲਈ ਤਾਂ ਤੁਸੀਂ ਹੈਰਾਨ ਹੋਵੋਗੇ—ਸਤਯ ਸਾਂਈ ਬਾਬਾ ਵਿਚ ਵੀ ਤੁਹਾਨੂੰ ਥੋੜਾ ਪਰਮਾਤਮਾ ਤਾਂ ਮਿਲ ਹੀ ਜਾਏਗਾ। ਝੁਕਣ ਲਈ ਕਾਫ਼ੀ ਸਹਾਰਾ ਹੋਏਗਾ। ਮਦਾਰੀ ਵੀ ਹਨ ਉੱਥੇ, ਉਸ ਦੇ ਸਾਹਮਣੇ ਨਾ ਝੁਕਣਾ, ਲੇਕਿਨ ਮਦਾਰੀ ਦੇ ਅੰਦਰ ਵੀ ਪਰਮਾਤਮਾ ਤਾਂ ਹੈ ਹੀ, ਤੁਸੀਂ ਪਰਤਾਮਤਾ ਦੇ ਸਾਹਮਣੇ ਹੀ ਝੁਕਣਾ। ਅਸਲ ਵਿਚ ਜੇਕਰ ਤੁਸੀਂ ਮੇਰੀ ਗੱਲ ਠੀਕ ਤਰ੍ਹਾਂ ਸਮਝੋ ਤਾਂ ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਤੁਸੀਂ ਪਰਮਾਤਮਾ ਦੇ ਸਾਹਮਣੇ ਝੁਕੋ, ਮੈਂ ਇਹ ਕਹਿ ਰਿਹਾ ਹਾਂ ਜੇਕਰ ਤੁਸੀਂ ਤੁਸੀਂ ਝੁਕਣ ਦੀ ਕਲਾ ਸਿੱਖ ਲਈ ਤਾਂ ਤੁਹਾਨੂੰ ਹਰ ਥਾਂ ਪਰਮਾਤਮਾ ਦਿੱਸ ਜਾਏਗਾ।

ਝੁਕਣ ਦੀ ਕਲਾ ਅੱਖ ਹੈ। ਤੁਸੀਂ ਸਤਯ ਸਾਂਈ ਬਾਬਾ ਵਿਚ ਵੀ ਪਰਮਾਤਮਾ ਵੇਖ ਲਉਗੇ। ਤੁਸੀਂ ਇਹ ਵੀ ਦੇਖ ਲਉਗੇ ਕਿ ਪਰਮਾਤਮਾ ਜ਼ਰਾ ਭਟਕਿਆ ਹੋਇਆ ਹੈ—ਰਾਖ ਵਗੈਰਾ ਕੱਢਦਾ ਹੈ ਹੱਥ ਨਾਲ, ਕੱਢਣ ਦਿਓ, ਇਸ ਨਾਲ ਆਪਣਾ ਕੀ ਲੈਣਾ-ਦੇਣਾ। ਸੁਆਹ ਹੀ ਕੱਢ ਰਿਹਾ ਹੈ, ਕਿਸੇ ਦਾ ਕੋਈ ਨੁਕਸਾਨ ਵੀ ਨਹੀਂ ਇਸ ਵਿਚ। ਤੁਸੀਂ ਸੁਆਹ ਨਿਕਲਣ ਦੇ ਸਾਹਮਣੇ ਨਹੀਂ ਝੁਕੋਗੇ। ਉਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪਰਮਾਤਮਾ ਥੋੜਾ ਮਦਾਰੀ ਦਾ ਵਿਉਹਾਰ ਕਰ ਰਿਹਾ ਹੈ—ਲੀਲ੍ਹਾ ਬਹੁਤ ਢੰਗਾਂ ਦੀ ਹੈ, ਇਹ ਵੀ ਇਕ ਹਿੱਸਾ ਹੈ, ਕਰਨ ਦਿਓ।

ਤੁਸੀਂ ਝੁਕੋਗੇ, ਝੁਕਣ ਦੇ ਰਸ ਲਈ। ਮੈਂ ਤੁਹਾਨੂੰ ਆਖ ਰਿਹਾ ਹਾਂ ਕਿ ਝੁਕਣੇ ਵਿਚ ਸਾਰ ਹੈ। ਕਿਸ ਦੇ ਸਾਹਮਣੇ ਝੁਕੇ ਇਸ ਦਾ ਸਵਾਲ ਹੀ ਨਹੀਂ ਹੈ, ਝੁਕਣਾ ਅਸਲੀ ਹਿਸਾਬ ਹੈ। ਹੋਰ ਜੇਕਰ ਤੁਸੀਂ ਝੁਕ ਗਏ ਤਾਂ ਤੁਸੀਂ ਬੁਰੇ ਤੋਂ ਬੁਰੇ ਵਿਚ ਸ਼ੁਭ ਨੂੰ ਵੇਖ ਲਉਗੇ, ਤੁਸੀਂ ਹਨ੍ਹੇਰੇ ਤੋਂ ਹਨ੍ਹੇਰੇ ਵਿਚ ਪ੍ਰਕਾਸ਼ ਦੀ ਕਿਰਨ ਵੇਖ ਲਉਗੇ, ਤੁਸੀਂ ਬੁਰੇ ਤੋਂ ਬੁਰੇ ਸ਼ੋਕ ਵਿਚ ਡੁੱਬੇ ਹੋਏ ਵਿਚ ਵੀ ਪਰਮਾਤਮਾ ਦੀ ਝਲਕ ਵੇਖ ਲਵੋਗੇ। ਉਹ ਅਸੰਭਵ ਹੈ ਫਿਰ। ਉਹ ਤੁਹਾਨੂੰ ਵਿਖਾਈ ਪਏਗੀ ਹੀ। ਤੁਸੀਂ ਝੁਕੇ ਉਸ ਵਿਚ ਹੀ ਵਿਖਾਈ ਪੈ ਜਾਂਦੀ ਹੈ। ਹੋਰ ਬਾਕੀ ਸਭ ਨਾਲ ਤੁਹਾਨੂੰ ਕੀ ਲੈਣਾ-ਦੇਣਾ ਹੈ। ਮਤਲਬ ਨਹੀਂ ਹੈ।

ਸੋ ਮੇਰਾ ਜ਼ੋਰ ਤੁਹਾਡੇ ਝੁਕਣ ਉੱਤੇ ਹੈ। ਕਿਸ ਦੇ ਸਾਹਮਣੇ ਝੁਕਣਾ ਇਸ ਉੱਤੇ ਨਹੀਂ ਹੈ। ਉਹ ਤੁਸੀਂ ਵਿਚਰ ਹੀ ਨਾ ਕਰੋ। ਜੇਕਰ ਉਹ ਤੁਸੀਂ ਵਿਚਾਰ

ਕੀਤਾ ਤਾਂ ਤੁਸੀਂ ਕਦੇਂ ਨਾ ਝੁਕ ਸਕੋਗੇ, ਕਿਉਂਕਿ ਤੁਸੀਂ ਸ਼ੁਭ ਤੋਂ ਸ਼ੁਭ ਦ ਅੰਦਰ ਵੀ ਲੱਭ ਹੀ ਲਉਗੇ ਕੁਝ ਨਾ ਕੁਝ ਗ਼ਲਤ, ਜੇਕਰ ਖੋਜ ਜਾਰੀ ਰੱਖੀ ਤਾ ਮਿਲ ਹੀ ਜਾਏਗਾ ਕੁਝ ਨਾ ਕੁਝ ਗ਼ਲਤ। ਕਿਉਂ ? ਕਿਉਂਕਿ ਹੰਕਾਰ ਝੁਕਣਾ ਨਹੀਂ ਚਾਹੁੰਦਾ ਅਤੇ ਨਾ ਝੁਕਣ ਲਈ ਉਹ ਬਹਾਨੇ ਲੱਭ ਹੀ ਲੈਂਦਾ ਹੈ। ਨਿਰ-ਹੰਕਾਰ ਝੁਕਣਾ ਚਾਹੁੰਦਾ ਹੈ। ਉਹ ਬਹਾਨਿਆਂ ਦੀ ਫ਼ਿਕਰ ਹੀ ਨਹੀਂ ਕਰਦਾ। ਉਹ ਕਹਿੰਦਾ ਹੈ ਇੰਨਾ ਹੀ ਕਾਫ਼ੀ ਹੈ ਕਿ ਤੁਸੀਂ ਹੋ, ਅਸੀਂ ਝੁਕਦੇ ਹਾਂ।

ਅਤੇ ਫਿਰ ਮਜ਼ਾ ਇਹ ਹੈ ਕਿ ਤੁਸੀਂ ਕਿਸ ਦੇ ਸਾਹਮਣੇ ਝੁਕੋ, ਇਸ ਨਾਲ ਤੁਹਾਨੂੰ ਉਪਲਬਧੀ ਨਹੀਂ ਹੁੰਦੀ—ਤੁਸੀਂ ਝੁਕੇ ਉਸ ਨਾਲ ਪ੍ਰਾਪਤੀ ਹੁੰਦੀ ਹੈ, ਇਸ ਲਈ ਪੱਥਰਾਂ ਦੇ ਸਾਹਮਣੇ ਝੁਕਣ ਵਾਲਿਆਂ ਨੇ ਵੀ ਪਾ ਲਿਆ, ਦਰੱਖ਼ਤਾਂ ਦੇ ਸਾਹਮਣੇ ਝੁਕਣ ਵਾਲਿਆਂ ਨੇ ਵੀ ਪਾ ਲਿਆ, ਨਦੀਆਂ ਦੇ ਸਾਹਮਣੇ ਝੁਕਣ ਵਾਲਿਆਂ ਨੇ ਵੀ ਪਾ ਲਿਆ। ਨਦੀਆਂ ਕੀ ਦੇਣਗੀਆਂ—ਖ਼ਾਕ ? ਗੰਗਾ ਕੀ ਦੇ ਸਕਦੀ ਹੈ ? ਪੱਥਰ—ਪਹਾੜ ਕੀ ਦੇ ਸਕਦੇ ਹਨ ? ਕਾਸ਼ੀ—ਕਾਬਾ ਕੀ ਦੇਣਗੇ ? ਲੇਕਿਨ ਮਿਲਿਆ ਹੈ ਬਹੁਤ ਲੋਕਾਂ ਨੂੰ, ਇਸ ਵਿਚ ਕੋਈ ਸ਼ੱਕ ਨਹੀਂ ਹੈ। ਉਹ ਜੋ ਮਿਲਿਆ ਹੈ, ਉਹ ਉਨ੍ਹਾਂ ਨੂੰ ਝੁਕਣ ਦੇ ਨਾਲ ਮਿਲਿਆ ਹੈ।

ਇਹ ਤਾਂ ਬਹਾਨੇ ਹਨ, ਖੂੰਟੀਆਂ ਹਨ। ਕੋਈ ਵੀ ਖੂੰਟੀ ਕੰਮ ਦੇ ਜਾਂਦੀ ਹੈ ਤੁਸੀਂ ਕੋਟ ਟੰਗਣਾ ਹੋਵੇ ਤਾਂ ਤੁਸੀਂ ਇਸ ਦੀ ਬਹੁਤ ਫ਼ਿਕਰ ਨਹੀਂ ਕਰਦੇ ਕਿ ਖੂੰਟੀ ਸੋਨੇ ਦੀ ਹੈ ਕਿ ਲੱਕੜੀ ਦੀ ਹੈ, ਖੂੰਟੀ ਨਹੀਂ ਵੀ ਮਿਲਦੀ ਤਾਂ ਕਿੱਲੀ ਉੱਤੇ ਟੰਗ ਦਿੰਦੇ ਹੋ, ਕਿੱਲੀ ਨਹੀਂ ਮਿਲਦੀ ਤਾਂ ਦਰਵਾਜ਼ੇ ਉੱਤੇ ਹੀ ਟੰਗ ਦਿੰਦੇ ਹੋ। ਕੋਟ ਟੰਗਣਾ ਹੈ ਤਾਂ ਸੋਨੇ ਦੀ ਅਤੇ ਲੋਹੇ ਦੀ ਕੌਣ ਫ਼ਿਕਰ ਕਰਦਾ ਹੈ!

ਤੁਸੀਂ ਝੁਕਣਾ ਸਿੱਖੋ। ਮੈਂ ਤੁਹਾਨੂੰ ਇਹ ਥੋੜੇ ਹੀ ਆਖ ਰਿਹਾ ਹਾਂ ਕਿ ਤੁਸੀਂ ਲੱਭ-ਲੱਭ ਕੇ ਸਤਯਸਾਂਈ ਬਾਬਾ, ਜਲਾਰਾਮ ਇਤਿਆਦਿ ਨੂੰ ਜਾ ਕੇ ਝੁਕੋ, ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਤੁਸੀਂ ਝੁਕਣ ਦੀ ਕਲਾ ਸਿੱਖੋ। ਇੰਨੇ ਸਤਯਸਾਂਈ ਬਾਬਾ ਘੁੰਮ ਰਹੇ ਹਨ ਇਨ੍ਹਾਂ ਦੇ ਸਾਹਮਣੇ ਹੀ ਝੁਕਣ ਲੱਗੋ।

ਰਾਤ ਤੇ ਟੁਰਦੇ ਅਜਨਬੀ ਦੇ ਸਾਹਮਣੇ ਝੁਕੋ। ਘਰ ਆਏ ਮਹਿਮਾਨ ਦੇ ਸਾਹਮਣੇ ਝੁਕੋ। ਆਪਣੇ ਬੱਚੇ ਦੇ ਸਾਹਮਣੇ ਝੁਕੋ। ਆਪਣੀ ਪਤਨੀ ਦੇ ਸਾਹਮਣੇ ਝੁਕੋ। ਝੁਕਣਾ ਸਿੱਖੋ। ਤੁਸੀਂ ਝੁਕਣ ਵਿਚ ਪੂਰਣ ਹੋ ਜਾਓ ਤਾਂ ਤੁਸੀਂ ਪਾਉਗੇ ਕਿ ਤੁਹਾਨੂੰ ਸਾਰੇ ਪਾਸਿਆਂ ਤੋਂ ਪਰਮਾਤਮਾ ਦੀ ਝਲਕ ਆਉਣ ਲੱਗੀ। ਤਦ ਸਤਯਸਾਂਈ ਬਾਬਾ ਵੀ ਜ਼ਿਆਦਾ ਅੜਚਨ ਨਾ ਦੇ ਸਕਣਗੇ, ਉਨ੍ਹਾਂ ਵਿਚ ਵੀ ਤੁਹਾਨੂੰ ਪਰਮਾਤਮਾ ਦਿਖਾਈ ਪੈ ਜਾਏਗਾ। ਪਰਮਾਤਮਾ ਤਾਂ ਹੈ ਹੀ—ਥੋੜ੍ਹੀ ਪੁੱਠੀ-ਸਿੱਧੀ ਖੇਡ ਵਿਚ ਲੱਗਿਆ ਹੋਏਗਾ। ਇਹ ਪਰਮਾਤਮਾ ਜਾਣੇ, ਤੁਹਾਨੂੰ

ਕੀ ਲੈਣਾ-ਦੇਣਾ ਹੈ ? ਤੁਸੀਂ ਤਾਂ ਧੰਨਵਾਦ ਦਿਉਗੇ ਕਿ ਤੂੰ ਇਕ ਮੌਕਾ ਦਿੱਤਾ ਸਾਨੂੰ ਝੁਕਣ ਦਾ—ਧੰਨਵਾਦ! ਅਸੀਂ ਆਪਣੀ ਰਾਹ ਚੱਲੇ। ਹੁਣ ਤੁਸੀਂ ਵਿਚਾਰ ਕਰਨਾ ਛੱਡ ਦਿੱਤਾ ਕਿ ਕੌਣ ਠੀਕ ਹੈ, ਕੌਣ ਗ਼ਲਤ ਹੈ—ਹੁਣ ਤਾਂ ਤੁਸੀਂ ਇਹ ਹੀ ਸੋਚਿਆ ਕਿ ਜਿਥੇ-ਜਿਥੇ ਹੰਕਾਰ ਨੂੰ ਉਤਾਰ ਕੇ ਰੱਖਣ ਵਿਚ ਸਹਾਰਾ ਮਿਲ ਜਾਂਦਾ ਹੈ, ਉਨ੍ਹਾਂ-ਉਨ੍ਹਾਂ ਸਾਰਿਆਂ ਨੂੰ ਧੰਨਵਾਦ!

ਅਜਿਹੀ ਦਸ਼ਾ ਹੈ ਭਗਤ ਦੇ ਭਾਵ ਦੀ। ਭਗਤ ਭਗਵਾਨ ਦੇ ਸਾਹਮਣੇ ਨਹੀਂ ਝੁਕਣਾ—ਝੁਕਣਾ ਸਿੱਖ ਜਾਂਦਾ ਹੈ, ਸਭ ਥਾਂ ਭਗਵਾਨ ਨੂੰ ਪਾ ਲੈਂਦਾ ਹੈ।

ਅੱਜ ਏਨਾ ਹੀ।

ਪੰਜਵਾਂ ਪ੍ਰਵਚਨ

ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ ॥
ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥
ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥
ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥
ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥
ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥
ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥
ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੫

ਇਕ ਤਿੱਬਤੀ ਕਹਾਵਤ ਹੈ: ਜੋ ਜਾਣਦੇ ਹਨ, ਕਿ ਜਾਣਦੇ ਹਾਂ ਅਤੇ ਨਹੀਂ ਜਾਣਦੇ, ਉਹ ਮੂੜ੍ਹ ਹਨ; ਉਨ੍ਹਾਂ ਦੀ ਛਾਂ ਤੋਂ ਵੀ ਦੂਰ ਰਹੋ। ਜੋ ਜਾਣਦੇ ਹਨ ਕਿ ਨਹੀਂ ਜਾਣਦੇ ਅਤੇ ਨਹੀਂ ਜਾਣਦੇ ਹਨ, ਉਹ ਸਿੱਖਿਆ ਦੇ ਲਾਇਕ ਹਨ, ਉਨ੍ਹਾਂ ਨੂੰ ਸਿਖਾਓ। ਜੋ ਜਾਣਦੇ ਹਨ ਕਿ ਜਾਣਦੇ ਹਾਂ ਅਤੇ ਜਾਣਦੇ ਹਨ, ਉਹ ਗੁਰੂ ਜਨ ਹਨ; ਉਨ੍ਹਾਂ ਕੋਲੋਂ ਸਿੱਖੋ। ਹੋਰ ਜੋ ਜਾਣਦੇ ਹਨ ਕਿ ਨਹੀਂ ਜਾਣਦੇ, ਫਿਰ ਵੀ ਜਾਣਦੇ ਹਨ, ਉਹ ਸੰਤ ਜਨ; ਉਨ੍ਹਾਂ ਦੀ ਛਾਂ ਦਾ ਸਤਸੰਗ ਵੀ ਅੰਮ੍ਰਿਤ ਹੈ।

ਗਿਆਨ ਵੱਡੀ ਬੁਝਾਰਤ ਹੈ। ਸਿਰਫ਼ ਜਾਣਨ ਨਾਲ ਜੋ ਜਾਣ ਲਿਆ ਜਾਂਦਾ ਹੈ, ਉਹ ਬਹੁਤ ਗਹਿਰਾ ਨਹੀਂ ਹੈ। ਜਿਸ ਨੂੰ ਜਾਣਨ ਨਾਲ ਅਜਿਹਾ ਖ਼ਿਆਲ ਪੈਦਾ ਹੋ ਜਾਂਦਾ ਹੈ ਕਿ ਜਾਣ ਲਿਆ, ਉਹ ਅਗੇਯ (ਜੋ ਜਾਣਿਆ ਨਾ ਗਿਆ ਹੋਏ) ਹੈ, ਅਗਿਆਤ (ਅਪ੍ਰਗਟ) ਨਹੀਂ ਹੈ। ਜਿਸ ਨੂੰ ਜਾਣਨ ਨਾਲ ਅਜਿਹੀ ਮਨ ਦੀ ਧਾਰਣਾ ਬਣ ਜਾਂਦੀ ਹੈ ਕਿ ਪਛਾਣ ਲਿਆ, ਪਛਾਣ ਲਿਆ, ਉਹ ਸੀਮਿਤ ਹੈ, ਅਸੀਮ ਨਹੀਂ ਹੈ। ਜਿਸ ਨੂੰ ਤੁਸੀਂ ਜਾਣ ਲਿਆ ਉਹ ਅਸੀਮ ਕਿਵੇਂ ਹੋਏਗਾ? ਉਹ ਤੁਹਾਡੀ ਮੁੱਠੀ ਵਿਚ ਆ ਗਿਆ। ਉਹ ਵਿਰਾਟ ਆਕਾਸ਼ ਨਾ ਰਿਹਾ; ਉਹ ਤੁਹਾਡੇ ਹੱਥ ਵਿਚ ਬੰਦ ਆਕਾਸ਼ ਹੈ; ਘਟਾਕਾਸ਼ ਹੈ, ਘੜੇ ਵਿਚ ਬੰਦ ਆਕਾਸ਼ ਹੈ। ਘੜੇ 'ਚ ਬੰਦ ਵੀ ਜੋ ਹੈ ਉਹ ਆਕਾਸ਼ ਹੈ; ਲੇਕਿਨ ਉਸ ਵਿਚ ਪੰਛੀ ਉੱਡ ਨਹੀਂ ਸਕਣਗੇ, ਉਸ ਨਾਲ ਮੁਕਤੀ ਨਹੀਂ ਮਿਲੇਗੀ। ਘੜੇ ਵਿਚ ਬੰਦ ਜੋ ਹੈ ਉਹ ਵੀ ਆਕਾਸ਼ ਹੈ; ਲੇਕਿਨ ਉਸ ਘੜੇ ਵਿਚ ਸੂਰਜ ਤਾਂ ਉਜਾਗਰ ਨਹੀਂ ਹੋਏਗਾ। ਉਹ ਆਕਾਸ਼ ਨਾਲੋਂ ਟੁੱਟ ਗਿਆ ਆਕਾਸ਼ ਹੈ: ਇਕ ਪਤਲੀ ਮਿੱਟੀ ਦੀ ਕੰਧ ਦੋਹਾਂ ਦੇ ਵਿਚਾਲੇ ਆ ਗਈ ਹੈ। ਕੋਈ ਬਹੁਤ ਵੱਡੀ ਕੰਧ ਨਹੀਂ ਹੈ, ਟੁੱਟ ਸਕਦੀ ਹੈ; ਲੇਕਿਨ ਕੰਧ ਹੈ।

ਘੜੇ ਦਾ ਆਕਾਸ਼ ਵੀ ਆਕਾਸ਼ ਹੈ, ਪਰ ਉਸ ਵਿਚ ਅਸਾੜ ਦੇ ਬੱਦਲ ਨਾ ਉੱਠ ਸਕਣਗੇ, ਬਿਜਲੀਆਂ ਨਾ ਕੜਕਣਗੀਆਂ, ਮੀਂਹ ਨਹੀਂ ਵਰ੍ਹੇਗਾ, ਤਪਦੀ ਸੜਦੀ ਧਰਤੀ ਦੀ ਤ੍ਰੇਹ ਨਹੀਂ ਬੁਝੇਗੀ, ਮੋਰ ਨਹੀਂ ਨੱਚਣਗੇ, ਪੰਛੀ ਗੀਤ ਨਹੀਂ ਗਾਉਣਗੇ, ਦਰੱਖਤ ਹਰੇ ਨਹੀਂ ਹੋਣਗੇ। ਘੜੇ ਦਾ ਆਕਾਸ਼ ਰੁੱਖਾ-ਸੁੱਕਾ

ਆਕਾਸ਼ ਹੈ। ਉਸ ਵਿਚ ਜੀਵਨ ਨਾਮਾਤਰ ਲਈ ਹੈ। ਨਾਂਮਾਤਰ ਨੂੰ ਹੀ ਉਹ ਆਕਾਸ਼ ਹੈ।

ਜਿਸ ਨੇ ਜਾਣ ਲਿਆ ਕਿ ਮੈਂ ਜਾਣ ਲਿਆ, ਉਸ ਦਾ ਗਿਆਨ ਘੜੇ ਵਿਚ ਬੰਦ ਗਿਆਨ ਹੋ ਗਿਆ। ਲੇਕਿਨ ਜਿਸ ਨੇ ਜਾਣਿਆ ਤੇ ਜਾਣਿਆ ਕਿ ਨਹੀਂ ਜਾਣਿਆ, ਉਸ ਦਾ ਗਿਆਨ ਮੁਕਤ ਆਕਾਸ਼ ਦੀ ਤਰ੍ਹਾਂ ਹੈ, ਕੋਈ ਸੀਮਾ ਨਹੀਂ ਹੈ ਉਸ ਦੇ ਗਿਆਨ ਦੀ। ਇਸ ਲਈ ਜਿਨ੍ਹਾਂ ਨੇ ਜਾਣਿਆ ਹੈ, ਜੋ ਪਰਮ ਗਿਆਨੀ ਹਨ, ਉਨ੍ਹਾਂ ਨੇ ਜਾਨਣ ਦਾ ਦਾਅਵਾ ਨਹੀਂ ਕੀਤਾ। ਜਿਨ੍ਹਾਂ ਨੇ ਦਾਅਵਾ ਕੀਤਾ ਉਹ ਗਿਆਨੀ ਹੋਣਗੇ। ਲੇਕਿਨ ਪਰਮ ਗਿਆਨੀ ਨਹੀਂ ਹਨ। ਉਨ੍ਹਾਂ ਕੋਲੋਂ ਤੁਸੀਂ ਕੁਝ ਥੋੜਾ ਬਹੁਤ ਸਿੱਖ ਸਕਦੇ ਹੋ। ਉਨ੍ਹਾਂ ਦੇ ਨਾਲ ਥੋੜ੍ਹੀ ਦੂਰ ਤਕ ਯਾਤ੍ਰਾ ਹੋ ਸਕਦੀ ਹੈ, ਲੇਕਿਨ ਉਨ੍ਹਾਂ ਦੇ ਨਾਲ ਤੁਸੀਂ ਪਰਮਾਤਮਾ ਦੇ ਮੰਦਿਰ ਤਕ ਨਹੀਂ ਪੁੱਜ ਪਾਉਗੇ। ਪਰਮਾਤਮਾ ਦੇ ਮੰਦਿਰ ਤਕ ਤੁਸੀਂ ਉਨ੍ਹਾਂ ਦੇ ਨਾਲ ਪਹੁੰਚੋਗੇ, ਜਿਨ੍ਹਾਂ ਨੇ ਜਾਣਿਆ ਵੀ ਹੈ ਅਤੇ ਇਹ ਵੀ ਜਾਣਿਆ ਹੈ ਕਿ ਕੀ ਖ਼ਾਕ ਜਾਣਿਆ! ਸਭ ਜਾਨਣਾ ਦੋ ਕੌਡੀਆਂ ਦਾ ਹੈ। ਜਿਨ੍ਹਾਂ ਨੇ ਜਾਨਣ ਦੀ ਸੀਮਾ ਜਾਣ ਲਈ, ਉਨ੍ਹਾਂ ਨੇ ਹੀ ਅਸੀਮ ਨੂੰ ਜਾਣਿਆ ਹੈ। ਜਿਨ੍ਹਾਂ ਨੇ ਜਾਨਣ ਦਾ ਔਰਾ ਪਛਾਣ ਲਿਆ, ਉਨ੍ਹਾਂ ਨੇ ਹੀ ਜੋ ਪਰਿਧਿ (ਓਰਾ) ਦੇ ਪਾਰ ਹੈ ਉਸ ਨਾਲ ਸਤਸੰਗ ਕੀਤਾ ਹੈ।

ਜਿਨ੍ਹਾਂ ਦੇ ਅੰਦਰ ਜਾਨਣ ਦਾ ਹੰਕਾਰ ਨਹੀਂ, ਉਨ੍ਹਾਂ ਦਾ ਗਿਆਨ ਹੀ ਮੁਕਤੀ ਦੇਣ ਵਾਲਾ ਹੋਵੇਗਾ।

ਫ਼ਰੀਦ ਕਹਿੰਦਾ ਹੈ—ਮੈਂ ਕੁਝ ਜਾਣਦਾ ਨਹੀਂ!

'ਕਿਝੁ ਨ ਬੁਝੈ ਕਿਝੁ ਨ ਸੁਝੈ'—ਨਾ ਕੁਝ ਜਾਣਦਾ ਹਾਂ ਨਾ ਕੁਝ ਵਿਖਾਈ ਪੈਂਦਾ ਹੈ। ਅੰਨ੍ਹਾ ਹਾਂ ਬਿਲਕੁਲ। ਸਮਝ ਨਾਂਮਾਤਰ ਨੂੰ ਨਹੀਂ ਹੈ।

ਇਹ ਪਰਮ ਗਿਆਨੀ ਦਾ ਗੁਣ ਹੈ। ਇਸ ਤੋਂ ਛੋਟੇ ਉੱਤੇ ਰਾਜ਼ੀ ਨਾ ਹੋਣਾ। ਇਸ ਤੋਂ ਛੋਟੇ ਉੱਤੇ ਰਾਜ਼ੀ ਹੋਏ ਤਾਂ ਖੇਡ ਖਿਡੌਣਿਆਂ ਵਿਚ ਭਟਕ ਜਾਉਗੇ। ਬਹੁਤ ਢੰਗ ਦੇ ਖੇਡ ਖਿਡੌਣੇ ਹਨ। ਜਿਨ੍ਹਾਂ ਨੂੰ ਤੁਸੀਂ ਸ਼ਾਸਤ੍ਰ ਕਹਿੰਦੇ ਹੋ, ਉਹ ਵੀ ਖੇਡ ਖਿਡੌਣੇ ਹਨ। ਉਨ੍ਹਾਂ ਵਿਚ ਵੀ ਤੁਸੀਂ ਡੁੱਬ ਸਕਦੇ ਹੋ। ਉਨ੍ਹਾਂ ਨਾਲ ਵੀ ਤੁਹਾਡੀ ਪਰਿਧਿ ਬਣ ਜਾਏਗੀ। ਉਨ੍ਹਾਂ ਨਾਲ ਵੀ ਤੁਸੀਂ ਸ਼ੂਦਰ ਹੋ ਜਾਉਗੇ, ਵਿਰਾਟ ਨਾ ਹੋ ਸਕੋਗੇ।

ਸ਼ਾਸਤ੍ਰ ਤੋਂ ਪਾਰ ਜਾਣਾ ਕਿਉਂਕਿ ਗਿਆਨ ਸ਼ਾਸਤ੍ਰ ਦੇ ਪਾਰ ਹੈ। ਸ਼ਬਦ ਦੇ ਪਾਰ ਜਾਣਾ ਕਿਉਂਕਿ ਬੋਧ ਸ਼ਬਦ ਦੇ ਪਾਰ ਹੈ, ਜੋ ਕਿਹਾ ਜਾ ਸਕੇ, ਉਸ

ਉੱਤੇ ਨਾ ਰੁਕਣਾ—ਜੋ ਕਿਹਾ ਹੀ ਨਾ ਜਾ ਸਕੇ, ਉਸੇ ਨੂੰ ਲੱਭਣਾ। ਕਿਉਂਕਿ ਸ਼ੂਨਯ ਵਿਚ ਹੀ ਪੂਰਣ ਵਿਰਾਜਮਾਨ ਹੈ।

'ਕਿਛੁ ਨ ਬੁਝੈ ਕਿਛੁ ਨ ਸੁਝੈ'—ਨਾ ਮੈਨੂੰ ਕੁਝ ਸੁਝਦਾ ਹੈ, ਨਾ ਮੈਨੂੰ ਕੁਝ ਵਿਖਾਈ ਦਿੰਦਾ ਹੈ। ਅਜਿਹੇ ਹੀ ਵਿਅਕਤੀ ਨੂੰ ਸੁੱਝਦਾ ਹੈ ਅਤੇ ਅਜਿਹੇ ਹੀ ਵਿਅਕਤੀ ਨੂੰ ਵਿਖਾਈ ਦਿੰਦਾ ਹੈ।

ਫ਼ਰੀਦ ਪਰਮ ਗਿਆਨੀ ਦੀ ਭਾਸ਼ਾ ਬੋਲ ਰਹੇ ਹਨ।

ਬੜੀ ਮਿੱਠੀ ਕਥਾ ਹੈ। ਫ਼ਰੀਦ ਯਾਤ੍ਰਾ ਉੱਤੇ ਸੀ। ਸ਼ਿਸ਼ਿਆਂ ਦੇ ਨਾਲ ਤੀਰਥ ਯਾਤ੍ਰਾ ਨੂੰ ਨਿਕਲੇ ਸੀ। ਰਸਤੇ ਵਿਚ ਕਾਸ਼ੀ ਦੇ ਨੇੜਿਉਂ ਦੀ ਲੰਘਦੇ ਸਨ ਤਾਂ ਕਿਸੇ ਸ਼ਿਸ਼ ਨੇ ਕਿਹਾ—ਕਬੀਰ ਦਾ ਆਸ਼ਰਮ ਨੇੜੇ ਹੈ। ਅਸੀਂ ਦੋ ਦਿਨ ਉਥੇ ਰੁਕੀਏ। ਤੁਸੀਂ ਦੋ ਗਿਆਨੀਆਂ ਦੀਆਂ ਗੱਲਾਂ ਹੋਣਗੀਆਂ। ਸਾਡੇ ਉੱਤੇ ਤਾਂ ਅੰਮ੍ਰਿਤ ਦੀ ਵਰਖਾ ਹੋ ਜਾਏਗੀ। ਤੁਹਾਡੇ ਦੋ ਸ਼ਬਦ ਅਸੀਂ ਸੁਣ ਲਵਾਂਗੇ ਆਪਸ ਵਿਚ ਬੋਲਦੇ ਹੋਏ, ਸਾਨੂੰ ਤਾਂ ਹੀਰੇ ਮਿਲ ਜਾਣਗੇ, ਅਤੇ ਵਿਸ਼ਰਾਮ ਵੀ ਹੋ ਜਾਏਗਾ।

ਫ਼ਰੀਦ ਹੱਸੇ। ਫ਼ਰੀਦ ਨੇ ਕਿਹਾ ਗੱਲ ਤਾਂ ਠੀਕ ਹੀ ਹੈ, ਰੁਕੋ। ਅਜਿਹੀ ਹੀ ਖ਼ਬਰ ਕਬੀਰ ਦੇ ਆਸ਼੍ਰਮ ਵਾਸੀਆਂ ਨੂੰ ਵੀ ਲੱਗ ਗਈ ਕਿ ਫ਼ਰੀਦ ਆ ਰਿਹਾ ਹੈ, ਉਨ੍ਹਾਂ ਨੇ ਵੀ ਕਬੀਰ ਨੂੰ ਕਿਹਾ ਕਿ ਫ਼ਰੀਦ ਨੂੰ ਰੋਕ ਹੀ ਲਓ। ਦੋ ਦਿਨ ਤੁਹਾਡਾ ਸਾਥ ਹੋ ਜਾਏ.....। ਤੁਹਾਡੇ ਸਤਸੰਗ ਵਿਚ ਸਾਨੂੰ ਪਰਮਾਤਮਾ ਦਾ ਦਰਸ਼ਨ ਹੋਏਗਾ। ਤੁਸੀਂ ਦੋਵੇਂ ਮਿਲੋਗੇ, ਉਸ ਮਿਲਣ 'ਚ ਦਰਵਾਜ਼ੇ ਖੁੱਲ੍ਹ ਜਾਣਗੇ। ਅਸੀਂ ਕੁਝ ਸੁਣ ਲਵਾਂਗੇ। ਰੁੱਖਾ-ਸੁੱਕਾ ਵੀ ਜੇਕਰ ਸਾਡੇ ਹੱਥ ਲੱਗ ਗਿਆ ਤਾਂ ਸਾਡੇ ਲਈ ਜੀਵਨ-ਦਾਈ ਹੋ ਜਾਏਗਾ। ਦੋ ਗਿਆਨੀਆਂ ਦੀ ਗੱਲ ਅਨੋਖੀ ਘਟਨਾ ਹੋਏਗੀ।

ਕਬੀਰ ਹੱਸੇ। ਉਨ੍ਹਾਂ ਨੇ ਕਿਹਾ—ਗੱਲ ਤਾਂ ਠੀਕ ਹੀ ਹੈ। ਰੋਕੋ।

ਕਬੀਰ ਲੈਣ ਆਏ ਫ਼ਰੀਦ ਨੂੰ ਪਿੰਡ ਤੋਂ ਬਾਹਰ। ਦੋਵੇਂ ਗਲੇ ਮਿਲੇ। ਇਕ ਦੂਜੇ ਦੀਆਂ ਅੱਖਾਂ ਵਿਚ ਝਾਂਕਿਆ, ਮੁਸਕਰਾਏ, ਲੇਕਿਨ ਬੋਲੇ ਕੁਝ ਵੀ ਨਹੀਂ। ਦੋਹਾਂ ਦੇ ਸ਼ਿਸ਼ ਥੋੜੇ ਬੇਚੈਨ ਹੋਣ ਲੱਗੇ। ਆਸ਼੍ਰਮ ਵੀ ਆ ਗਏ। ਸੋਚਿਆ ਕਿ ਚਲੋ ਰਾਹ ਵਿਚ ਨਹੀਂ ਬੋਲਣਾ ਹੋਏਗਾ। ਆਸ਼੍ਰਮ ਵਿਚ ਦੋਵੇਂ ਆ ਕੇ ਬੈਠ ਵੀ ਗਏ, ਵਿਸ਼ਰਾਮ ਵੀ ਹੋ ਗਿਆ, ਪਰ ਉਹ ਦੋਵੇਂ ਹਨ ਕਿ ਬੈਠੇ ਹੀ ਹਨ—ਨਾ ਬੋਲੇ ਸੋ ਨਾ ਬੋਲੇ। ਦੋ ਦਿਨ ਬੀਤ ਗਏ। ਦੋਹਾਂ ਦੇ ਸ਼ਿਸ਼ ਘਬਰਾ ਗਏ, ਉਹ ਊਬ ਗਏ ਕਿਉਂਕਿ ਸ਼ਬਦ ਨੂੰ ਹੀ ਅਸੀਂ ਪਛਾਣਦੇ ਹਾਂ, ਸ਼ੂਨਯ ਨੂੰ ਤਾਂ ਪਛਾਣਦੇ ਹੀ ਨਹੀਂ ਹਾਂ। ਬੋਲਣ ਵਿਚ ਜੋ ਆ ਜਾਏ—ਉਹ ਹੀ ਸਾਨੂੰ ਗਿਆਨ ਹੈ। ਬੋਲਣ

ਵਿਚ ਜੋ ਨਾ ਆਏ ਉਹ ਤਾਂ ਸਾਡੇ ਲਈ ਹੈ ਹੀ ਨਹੀਂ, ਉਸ ਦਾ ਤਾਂ ਹੋਣਾ ਨਾ ਹੋਣੇ ਦੇ ਬਰਾਬਰ ਹੈ।

ਕਬੀਰ ਅਤੇ ਫ਼ਰੀਦ ਦੇ ਵਿਚਕਾਰ ਬਹੁਤ ਕੁਝ ਵਗਿਆ, ਬਹੁਤ ਲੈਣ-ਦੇਣ ਹੋਇਆ ਹੋਏਗਾ ਹੀ, ਪਰ ਵਿਖਾਈ ਨਾ ਪਿਆ, ਪਕੜ ਵਿਚ ਨਾ ਆਇਆ, ਕਿਉਂਕਿ ਉਹ ਨਿ-ਸ਼ਬਦ ਦਾ ਲੈਣ-ਦੇਣ ਸੀ। ਉਹ ਸ਼ਾਸਤ੍ਰ ਦਾ ਲੈਣ-ਦੇਣ ਨਹੀਂ ਸੀ। ਦੋ ਪੰਡਿਤ ਹੁੰਦੇ ਤਾਂ ਖ਼ੂਬ ਚਰਚਾ ਹੁੰਦੀ, ਬਹੁਤ ਗੰਭੀਰ ਚਰਚਾ ਹੁੰਦੀ। ਬੜੇ ਸਿਧਾਂਤਾਂ ਦੀ ਬਾਲ ਦੀ ਖੱਲ ਉਤਾਰੀ ਜਾਂਦੀ। ਲੇਕਿਨ ਇਹ ਦੋ ਸ਼ੂਨਯਾਂ ਦਾ ਮਿਲਣ ਸੀ। ਜਦ ਦੋ ਸ਼ੂਨਯ ਮਿਲਦੇ ਹਨ ਤਾਂ ਇਕ ਹੀ ਸ਼ੂਨਯ ਹੋ ਜਾਂਦਾ ਹੈ—ਵਾਰਤਾਲਾਪ ਕਿਵੇਂ ਹੋਏਗਾ? ਦੋ ਸ਼ੂਨਯ ਦੋ ਤਾਂ ਹੋ ਹੀ ਨਹੀਂ ਸਕਦੇ, ਮਿਲਦੇ ਹੀ, ਕੋਲ ਆਉਂਦੇ ਹੀ ਇਕ ਹੋ ਜਾਂਦੇ ਹਨ-ਜਿਵੇਂ ਪਾਣੀ ਦੀਆਂ ਦੋ ਬੂੰਦਾਂ ਸਰਕਦੇ-ਸਰਕਦੇ ਕੋਲ ਆਉਂਦੀਆਂ ਹਨ, ਫਿਰ ਇਕ ਹੀ ਬੂੰਦ ਹੋ ਜਾਂਦੀ ਹੈ। ਨਦੀ ਸਾਗਰ ਵਿਚ ਡਿੱਗਦੀ ਹੈ—ਇਕ ਨਦੀ ਦੂਜੀ 'ਚ ਡਿੱਗਦੀ ਹੈ ਤਾਂ ਇਕ ਹੀ ਨਦੀ ਹੋ ਜਾਂਦੀ ਹੈ।

ਪਰ ਮੈਂ ਸਮਝ ਸਕਦਾ ਹਾਂ, ਤੁਸੀਂ ਵੀ ਸਮਝ ਸਕਦੇ ਹੋ ਕਿ ਜੇਕਰ ਦੋ ਦਿਨ ਤੁਹਾਨੂੰ ਇਥੇ ਮੇਰੇ ਕੋਲ ਚੁੱਪ-ਚਾਪ ਬੈਠੇ ਰਹਿਣਾ ਪਏ ਅਤੇ ਉਸ ਚੁੱਪੀ ਵਿਚ ਬਹੁਤ ਉਮੀਦ ਹੋਏਗੀ ਕਿ ਹੁਣ, ਹੁਣ ਹੁਣੇ ਕੁਝ ਹੁੰਦਾ ਹੈ ਅਤੇ ਕੁਝ ਨਾ ਹੋਵੇ, ਸਾਰੀ ਉਮੀਦ ਖ਼ਾਲੀ ਚਲੀ ਜਾਏ, ਤਾਂ ਤੁਸੀਂ ਉੱਥ ਹੀ ਜਾਓਗੇ, ਘਬਰਾ ਹੀ ਜਾਓਗੇ।

ਉਹ ਦੋ ਦਿਨ ਬਹੁਤ ਲੰਮੇ ਮਾਲੂਮ ਹੋਏ। ਉਹ ਕੱਟਦੇ ਹੀ ਨਹੀਂ ਸਨ। ਸੋਚਿਆ ਸੀ ਬਹੁਤ ਆਨੰਦ ਹੋਏਗਾ, ਲੇਕਿਨ ਬਹੁਤ ਪੀੜਾ ਹੋਈ।

ਅਜਿਹੀ ਅੰਨ੍ਹਿਆਂ ਦੀ ਕਥਾ ਹੈ। ਅੰਨ੍ਹੇ ਆਦਮੀ ਦੀ ਇਹ ਹੀ ਮੁਸੀਬਤ ਹੈ। ਉਸ ਨੂੰ ਵਿਖਾਈ ਨਹੀਂ ਪੈਂਦਾ—ਜੋ ਵਿਖਾਈ ਪੈਣਾ ਚਾਹੀਦਾ ਹੈ। ਉਸ ਨੂੰ ਸੁਣਾਈ ਨਹੀਂ ਪੈਂਦਾ—ਜੋ ਸੁਣਾਈ ਪੈਣਾ ਚਾਹੀਦਾ ਹੈ। ਉਸ ਨੂੰ ਉਹ ਹੀ ਵਿਖਾਈ ਪੈਂਦਾ ਹੈ ਜੋ ਵੇਖਣ ਦੇ ਲਾਇਕ ਹੀ ਨਹੀਂ ਸੀ। ਉਸ ਨੂੰ ਉਹ ਹੀ ਸੁਣਾਈ ਦਿੰਦਾ ਹੈ ਜੋ ਨਾ ਵੀ ਸੁਣਦੇ ਤਾਂ ਚੱਲ ਜਾਂਦਾ।

ਪਰ ਦੋਹਾਂ ਗੁਰੂਆਂ ਦੇ ਸਾਹਮਣੇ ਕੁਝ ਵੀ ਕਹਿਣਾ ਮੁਸ਼ਕਿਲ ਸੀ। ਦੋ ਦਿਨਾਂ ਬਾਅਦ ਫਿਰ ਗਲੇ ਮਿਲੇ, ਅੱਖਾਂ ਤੋਂ ਅੱਥਰੂਆਂ ਦੀਆਂ ਧਾਰਾਵਾਂ ਵਗੀਆਂ, ਬੜੇ ਪ੍ਰੇਮ ਨਾਲ ਅਤੇ ਗਦਗਦ ਭਾਵ ਨਾਲ ਵਿਦਾ ਦਿੱਤੀ। ਜਿਵੇਂ ਹੀ ਦੋਵੇਂ ਵੱਖਰੇ ਹੋਏ, ਹੁਣ ਸ਼ਿਸ਼ਟਾਚਾਰ ਦੀ ਕੋਈ ਜ਼ਰੂਰਤ ਵੀ ਨਹੀਂ ਸੀ, ਜਿਵੇਂ ਆਪਣਾ ਹੀ ਗੁਰੂ ਬਚਿਆ, ਫ਼ਰੀਦ ਦੇ ਸ਼ਿਸ਼ਿਆਂ ਨੇ ਕਿਹਾ, ਇਹ ਕੀ ਪਾਗ਼ਲਪਨ ਹੈ? ਦੋ

ਦਿਨ ਖ਼ਰਾਬ ਹੋਏ। ਅਜਿਹੀ ਹੀ ਸੀ ਤਾਂ ਦੋ ਦਿਨ ਪਹਿਲਾਂ ਕਹਿ ਦਿੰਦੇ ਤਾਂ ਦੋ ਦਿਨ ਹੋਰ ਯਾਤ੍ਰਾ ਹੋ ਜਾਂਦੀ, ਕਿਤੇ ਅੱਗੇ ਪੁੱਜ ਗਏ ਹੁੰਦੇ। ਦੋ ਦਿਨ ਇਵੇਂ ਹੀ ਗਏ, ਨਾਹਕ ਖ਼ਰਾਬ ਹੋਏ। ਤੁਸੀਂ ਕੁਝ ਬੋਲੇ ਕਿਉਂ ਨਹੀਂ ?

ਫ਼ਰੀਦ ਨੇ ਕਿਹਾ—ਜਿਹੜਾ ਸਾਹਮਣੇ ਸੀ, ਉਹ ਬਿਨਾਂ ਬੋਲੇ ਸਮਝ ਸਕਦਾ ਸੀ। ਤੁਹਾਡੇ ਨਾਲ ਮੈਂ ਬੋਲਦਾ ਹਾਂ ਕਿ ਤੁਸੀਂ ਬਿਨਾਂ ਬੋਲੇ ਸਮਝ ਨਹੀਂ ਸਕਦੇ। ਕਬੀਰ ਨਾਲ ਬੋਲਦਾ ਤਾਂ ਮੈਂ ਨਾਸਮਝ ਸਿੱਧ ਹੁੰਦਾ। ਇਸ ਲਈ ਚੁੱਪ ਰਿਹਾ। ਹੋਰ ਬਹੁਤ ਲੈਣ-ਦੇਣ ਹੋਇਆ, ਨਾ ਸਮਝੋ, ਤੁਹਾਨੂੰ ਵਿਖਾਈ ਨਹੀਂ ਪਿਆ? ਕਿੰਨੀਆਂ ਕਿਰਣਾਂ ਇਥੋਂ ਉਥੇ ਗਈਆਂ, ਉਥੋਂ ਇਥੇ ਆਈਆਂ! ਕਿੰਨਾ ਅਸੀਂ ਇਕ ਦੂਜੇ ਵਿਚ ਡੁੱਬੇ!

ਉਨ੍ਹਾਂ ਨੇ ਕਿਹਾ—ਸਾਨੂੰ ਤਾਂ ਕੁਝ ਵਿਖਾਈ ਨਹੀਂ ਪਿਆ, ਕੁਝ ਸੁਣਾਈ ਨਹੀਂ ਪਿਆ, ਅਸੀਂ ਤਾਂ ਥੱਕ ਗਏ, ਦੋ ਦਿਨ ਕੱਟਣੇ ਮੁਸ਼ਕਿਲ ਹੋ ਗਏ।

ਕਬੀਰ ਦੇ ਸ਼ਿਸ਼ਿਆਂ ਨੇ ਵੀ ਪੁੱਛਿਆ ਕਿ ਇਹ ਕੀ ਹੋਇਆ ? ਅਜਿਹਾ ਤਾਂ ਕਦੇ ਨਹੀਂ ਹੁੰਦਾ। ਹੋਰ ਵੀ ਪੰਡਿਤਾਂ ਨੂੰ ਅਸੀਂ ਆਉਂਦੇ ਵੇਖਿਆ ਹੈ, ਬਹੁਤ ਗੱਲਾਂ ਹੁੰਦੀਆਂ ਹਨ।

ਤਾਂ ਕਬੀਰ ਨੇ ਕਿਹਾ, ਦੋ ਅਗਿਆਨੀ ਮਿਲਣ ਤਾਂ ਗੱਲ ਹੋ ਸਕਦੀ ਹੈ, ਹਾਲਾਂਕਿ ਉਸ ਗੱਲ ਵਿਚ ਕੋਈ ਅਰਥ ਨਹੀਂ ਹੁੰਦਾ। ਦੋ ਗਿਆਨੀ ਮਿਲਣ ਗੱਲ ਬਿਲਕੁਲ ਨਹੀਂ ਹੋ ਸਕਦੀ। ਲੇਕਿਨ ਉਸ ਬੇ-ਗੱਲ ਵਿਚ ਬਹੁਤ ਅਰਥ ਹੁੰਦਾ ਹੈ। ਇਕ ਗਿਆਨੀ ਅਤੇ ਅਗਿਆਨੀ ਮਿਲੇ ਤਾਂ ਗੱਲ ਥੋੜੀ ਹੁੰਦੀ ਹੈ, ਉਸ ਵਿਚ ਥੋੜਾ ਅਰਥ ਵੀ ਹੁੰਦਾ ਹੈ। ਦੋ ਅਗਿਆਨੀ ਮਿਲਣ, ਤਾਂ ਖ਼ੂਬ ਚਰਚਾ ਹੁੰਦੀ ਹੈ, ਚਰਚਾ ਹੀ ਚਰਚਾ ਹੁੰਦੀ ਹੈ, ਚੁੱਪ ਰਹਿ ਹੀ ਨਹੀਂ ਸਕਦੇ ਦੋ ਅਗਿਆਨੀ, ਬੋਲੀ ਹੀ ਚਲੇ ਜਾਂਦੇ ਹਨ, ਹਾਲਾਂਕਿ ਬੋਲਣ ਨੂੰ ਕੁਝ ਨਹੀਂ ਹੁੰਦਾ—ਬਿਨਾਂ ਗੱਲ ਦੇ ਗੱਲ ਚੱਲਦੀ ਹੈ, ਗੱਲ ਵਿਚੋਂ ਗੱਲ ਨਿਕਲਦੀ ਹੈ। ਨਾ ਬੋਲਦੇ ਤਾਂ ਕੁਝ ਹਰਜਾ ਨਹੀਂ ਸੀ, ਬੋਲੇ ਤਾਂ ਕੁਝ ਲਾਭ ਨਹੀਂ ਹੈ। ਦੋ ਗਿਆਨੀ ਮਿਲਣ, ਚੁੱਪ ਰਹਿ ਜਾਂਦੇ ਹਨ। ਸ਼ੂਨਯ ਵਿਚ ਹੀ ਸੰਵਾਦ ਹੁੰਦਾ ਹੈ। ਹਾਂ, ਇਕ ਅਗਿਆਨੀ ਮਿਲੇ ਅਤੇ ਇਕ ਗਿਆਨੀ ਮਿਲੇ ਤਾਂ ਵੀ ਥੋੜੀ ਗੱਲ ਚੱਲਦੀ ਹੈ। ਉਹ ਗੱਲ ਗਿਆਨੀ ਇਸ ਲਈ ਚਲਾਉਂਦਾ ਹੈ ਤਾਂਕਿ ਤੁਸੀਂ ਵੀ ਸ਼ੂਨਯ ਹੋ ਜਾਓ। ਉਹ ਤੁਹਾਨੂੰ ਸ਼ੂਨਯ ਦੇ ਵੱਲ ਸ਼ਬਦਾਂ ਨਾਲ ਇਸ਼ਾਰਾ ਦਿੰਦਾ ਹੈ। ਅਗਿਆਨੀ ਇਸ ਲਈ ਚਲਾਉਂਦਾ ਹੈ ਤਾਂਕਿ ਉਸ ਨੂੰ ਕੁਝ ਸ਼ਬਦ ਪਕੜ ਵਿਚ ਆ ਜਾਣ, ਤਾਂਕਿ ਉਹ ਹੋਰ ਥੋੜ੍ਹਾ ਗਿਆਨੀ ਹੋ ਜਾਏ।

ਜਦ ਇਕ ਅਗਿਆਨੀ ਅਤੇ ਗਿਆਨੀ ਮਿਲਦਾ ਹੈ ਤਾਂ ਦੋਹਾਂ ਦੇ ਮਤਲਬ ਵੱਖ ਹੁੰਦੇ ਹਨ। ਜਦ ਗੁਰੂ ਅਤੇ ਸ਼ਿਸ਼ ਦਾ ਮਿਲਣ ਹੁੰਦਾ ਹੈ ਤਾਂ ਤੁਸੀਂ ਇਹ ਨਾ ਸੋਚਣਾ ਕਿ ਸ਼ਿਸ਼ ਉਸੇ ਲਈ ਮਿਲਦਾ ਹੈ ਗੁਰੂ ਨਾਲ ਜਿਸ ਲਈ ਗੁਰੂ ਸ਼ਿਸ਼ ਨਾਲ ਮਿਲਦਾ ਹੈ। ਦੋਹਾਂ ਦੇ ਮਿਲਣ ਦਾ ਵੱਖ ਅਰਥ ਹੁੰਦਾ ਹੈ। ਸ਼ਿਸ਼ ਚਾਹੁੰਦਾ ਹੈ ਕਿ ਕੁਝ ਸਿੱਖ ਲਵੇ, ਗੁਰੂ ਚਾਹੁੰਦਾ ਹੈ ਕਿ ਕੁਝ ਸਿੱਖਿਆ ਹੈ ਇਸ ਨੇ ਉਹ ਵੀ ਇਸ ਦਾ ਖੋਹ ਲਿਆ ਜਾਏ, ਛੁਡਾ ਦਿੱਤਾ ਜਾਏ। ਸ਼ਿਸ਼ ਆਇਆ ਹੈ ਕੁਝ ਗਿਆਨ ਇਕੱਠਾ ਕਰਨ, ਗੁਰੂ ਕੋਸ਼ਿਸ਼ ਕਰਦਾ ਹੈ ਇਸ ਦਾ ਗਿਆਨ ਬਿਖਰ ਜਾਏ ਤਾਂ ਇਸ ਦਾ ਖੁੱਲ੍ਹਾ ਆਕਾਸ਼ ਇਸ ਨੂੰ ਉਪਲਬਧ ਹੋ ਜਾਏ। ਸ਼ਿਸ਼ ਕੁਝ ਕੂੜਾ-ਕਰਕਟ ਚੁਗਣ ਆਇਆ ਹੈ, ਗੁਰੂ ਉਸ ਤੋਂ ਖੋਹ ਲਏਗਾ।

ਗੁਰੂ ਉਹ ਹੀ ਹੈ ਜਿਹੜਾ ਤੁਹਾਡੇ ਗਿਆਨ ਨੂੰ ਮਿਟਾ ਦੇਵੇ, ਕਿਉਂਕਿ ਤਦੇ ਪਰਮ ਗਿਆਨ ਦਾ ਜਨਮ ਹੁੰਦਾ ਹੈ। ਗੁਰੂ ਉਹ ਹੀ ਹੈ ਜਿਹੜਾ ਤੁਹਾਡੇ ਦੀਵੇ ਦੀ ਟਿਮਟਿਮਾਉਂਦੀ ਪੀਲੀ ਲੋਅ ਨੂੰ ਫੂਕ ਮਾਰ ਕੇ ਬੁਝਾ ਦੇਵੇ, ਕਿਉਂਕਿ ਉਸ ਦੇ ਬੁਝਦੇ ਹੀ ਤੁਹਾਡੀਆਂ ਅੱਖਾਂ ਮਹਾਂ ਸੂਰਜ ਦੇ ਵੱਲ ਉੱਠਦੀਆਂ ਹਨ। ਉਸ ਟਿਮਟਿਮਾਉਂਦੀ ਜੋਤੀ ਵਿਚ ਅਟਕੇ ਰਹੇ, ਨਿੱਕੇ ਜਿਹੇ ਸ਼ੂਦਰ ਗਿਆਨ ਵਿਚ ਉਲਝੇ ਰਹੇ ਤਾਂ ਵਿਰਾਟ ਤੁਹਾਡੇ ਦਰਵਾਜ਼ੇ 'ਤੇ ਨਹੀਂ ਆ ਸਕਦਾ।

ਅਤੇ ਧਿਆਨ ਰੱਖਣਾ, ਇਕ ਨਿੱਕੀ ਜਿਹੀ ਕਿਰਕਿਰੀ ਇਕ ਨਿੱਕਾ ਜਿਹਾ ਰੇਤ ਦਾ ਕਣ ਅੱਖ ਵਿਚ ਪੈ ਜਾਏ ਤਾਂ ਵਿਰਾਟ ਆਕਾਸ਼ ਵਿਖਾਈ ਪੈਣਾ ਬੰਦ ਹੋ ਜਾਂਦਾ ਹੈ, ਕਿਉਂਕਿ ਅੱਖ ਬੰਦ ਹੋ ਜਾਂਦੀ ਹੈ। ਓਨੀ ਕੁ ਕਿਰਕਿਰੀ ਹਟਾਉਂਦੇ ਹੀ ਅੱਖ ਖੁੱਲ੍ਹ ਜਾਂਦੀ ਹੈ। ਵਿਰਾਟ ਆਕਾਸ਼ ਫਿਰ ਤੋਂ ਉਪਲਬਧ ਹੋ ਜਾਂਦਾ ਹੈ। ਤੁਹਾਡਾ ਗਿਆਨ ਅੱਖ ਦੀ ਕਿਰਕਿਰੀ ਹੈ। ਇਸ ਲਈ ਤੁਸੀਂ ਸੋਚਦੇ ਹੋ ਕਿ ਕਿਰਕਿਰੀ ਤੁਹਾਡਾ ਗਿਆਨ ਹੈ। ਉਸ ਦੇ ਕਾਰਨ ਤੁਸੀਂ ਅੰਨ੍ਹੇ ਹੋ। ਜਿਨ੍ਹਾਂ ਨੇ ਜਾਣ ਲਿਆ ਹੈ ਉਨ੍ਹਾਂ ਨੇ ਕਿਹਾ ਹੈ—ਅਸੀਂ ਕੁਝ ਜਾਣਿਆ ਨਹੀਂ ਹੈ।

'ਕਿਛੁ ਨ ਬੁਝੈ ਕਿਛੁ ਨ ਸੁਝੈ'—ਨਾ ਮੈਂ ਕੁਝ ਜਾਣਦਾ ਹਾਂ, ਨਾ ਮੈਂ ਕੁਝ ਵੇਖਦਾ।

'ਦੁਨੀਆਂ ਇਹ ਗੋਇਆ ਧਦਕਦੀ ਹੋਈ ਅੱਗ ਹੈ—ਦੁਨੀਆ ਗੁਝੀ ਭਾਹਿ।'

'ਮੇਰੇ ਸਾਈਂ ਨੇ ਚੰਗਾ ਕੀਤਾ ਕਿ ਮੈਨੂੰ ਚੇਤਾ ਦੁਆ ਦਿੱਤਾ, ਨਹੀਂ ਤਾਂ ਮੈਂ ਵੀ ਇਸ ਵਿਚ ਜਲ-ਬਲ ਗਿਆ ਹੁੰਦਾ।

'ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥'

ਨਾ ਮੈਨੂੰ ਕੁਝ ਦਿਸਦਾ ਹੈ, ਨਾ ਮੈਨੂੰ ਕੁਝ ਸੁਝਦਾ ਹੈ—ਨਾ ਮੈਂ ਕੁਝ ਜਾਣਦਾ ਹਾਂ—ਅਤੇ ਇਹ ਦੁਨੀਆਂ ਧਦਕਦੀ ਹੋਈ ਅੱਗ ਹੈ। ਅੰਨ੍ਹੇ ਦੇ ਵਾਂਗ ਟੁਰਾਂਗਾ

ਤਾਂ ਜਲਾਂਗਾ, ਬਿਨਾਂ ਜਾਣੇ ਟੁਰਾਂਗਾ, ਬਿਨਾਂ ਸੁੱਝੇ-ਬੁੱਝੇ ਚੱਲਾਂਗਾ—ਡਿੱਗਾਂਗਾ। ਜੇਕਰ ਨਹੀਂ ਡਿੱਗ ਪਾਇਆ ਹਾਂ ਤਾਂ ਇਸ ਵਿਚ ਮੇਰੀ ਕੋਈ ਸਫ਼ਲਤਾ ਨਹੀਂ ਹੈ। ਜੇਕਰ ਨਹੀਂ ਡਿੱਗ ਪਾਇਆ ਹਾਂ ਤਾਂ ਇਹ ਕੋਈ ਮੇਰਾ ਕਰਮ ਨਹੀਂ ਹੈ।

ਇਹ ਭਗਤ ਦੀ ਭਾਵ-ਦਸ਼ਾ ਹੈ। ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਇਹ ਬਹੁਤ ਨਾਜ਼ੁਕ, ਕੋਮਲ, ਫੁੱਲ ਵਾਂਗ ਕੋਮਲ ਹੈ। ਇਸ ਨੂੰ ਤਰਕ ਨਾਲ ਨਹੀਂ ਸਮਝਿਆ ਜਾ ਸਕਦਾ, ਇਸ ਨੂੰ ਬਹੁਤ ਹਾਰਦਿਕਤਾ ਨਾਲ ਅੰਦਰ ਉਤਾਰੋਗੇ, ਬਹੁਤ ਗੂੜ੍ਹੀ ਸਹਾਨੁਭੂਤੀ ਵਿਚ ਤਾਂ ਹੀ ਸਮਝ ਵਿਚ ਆਏਗਾ।

ਮੇਰੇ ਸਾਂਈਂ ਨੇ ਚੰਗਾ ਕੀਤਾ ਕਿ ਮੈਨੂੰ ਚਿਤਾ ਦਿੱਤਾ।

ਅਗਿਆਨੀ ਨੂੰ ਜਦ ਕੁਝ ਹੱਥ ਲੱਗ ਜਾਂਦਾ ਹੈ ਤਾਂ ਉਹ ਕਹਿੰਦਾ ਹੈ ਮੈਂ ਪਾਇਆ। ਗਿਆਨੀ ਨੂੰ ਜਦ ਕੁਝ ਹੱਥ ਲੱਗਦਾ ਹੈ ਤਾਂ ਉਹ ਕਹਿੰਦਾ ਹੈ—ਸਾਂਈਂ ਨੇ ਅੱਛਾ ਕੀਤਾ। ਅਗਿਆਨੀ ਨੂੰ ਕੁਝ ਵੀ ਮਿਲ ਜਾਏ ਉਸ ਨਾਲ ਉਸ ਦਾ ਹੰਕਾਰ ਹੀ ਵਧਦਾ ਹੈ, ਗਿਆਨੀ ਨੂੰ ਪਰਮ ਵੀ ਮਿਲ ਜਾਏ, ਪਰਮ ਧਨ ਮਿਲ ਜਾਏ, ਪਰਮ ਪਦ ਮਿਲ ਜਾਏ, ਪਰਮਾਤਮਾ ਹੋ ਜਾਏ, ਤਾਂ ਵੀ ਉਸ ਨੂੰ ਅਜਿਹਾ ਭਾਵ ਨਹੀਂ ਉੱਠਦਾ ਕਿ ਮੈਂ ਕੁਝ ਕੀਤਾ, ਮੈਂ ਕੁਝ ਪਾਇਆ। ਉਹ ਤਾਂ ਜਾਣਦਾ ਹੈ ਕਿ ਮੇਰੇ ਹੁੰਦੇ ਤਾਂ ਨਾ ਕੁਝ ਪਾ ਸਕਦਾ ਸੀ, ਨਾ ਕੁਝ ਕਰ ਸਕਦਾ ਸੀ।

'ਕਿਛੁ ਨ ਬੁਝੈ ਕਿਛੁ ਨ ਸੁਝੈ'—ਨਾ ਤਾਂ ਮੈਨੂੰ ਕੁਝ ਸੁਝਦਾ ਹੈ, ਨਾ ਮੈਨੂੰ ਕੁਝ ਵਿਖਾਈ ਦਿੰਦਾ ਹੈ। ਕਰਤਾ ਮੈਂ ਹੋ ਹੀ ਕਿਵੇਂ ਸਕਦਾ ਹਾਂ? ਹਾਂ, ਜਿੰਨੀ ਵਾਰੀ ਡਿੱਗਿਆ, ਮੈਂ ਡਿੱਗਿਆ, ਅਤੇ ਜਿੰਨੀ ਵਾਰੀ ਚੁੱਕਿਆ ਤੂੰ ਚੁੱਕਿਆ।

ਇਸ ਨੂੰ ਥੋੜ੍ਹਾ ਸਮਝ ਲਓ।

ਜਿੰਨੀ ਵਾਰੀ ਭੁੱਲਿਆ, ਮੈਂ ਭੁੱਲਿਆ। ਜਿੰਨੀ ਵਾਰੀ ਚੇਤਾ ਦੁਆਇਆ, ਤੂੰ ਹੀ ਚਿਤਾਇਆ। ਜਿੰਨੀ ਵਾਰੀ ਕੰਡੇ ਚੁਭੇ, ਮੇਰੇ ਕਾਰਨ, ਜਿੰਨੇ ਫੁੱਲ ਮਿਲੇ, ਤੇਰੀ ਕਿਰਪਾ ਨਾਲ! ਸਾਰੇ ਪਾਪ ਮੇਰੇ, ਸਭ ਪੁੰਨ ਤੇਰਾ।

ਇਹ ਭਗਤ ਦੀ ਭਾਵ ਦਸ਼ਾ ਹੈ। ਅਤੇ ਜੇਕਰ ਤੁਹਾਡਾ ਪੁੰਨ ਵੀ ਤੁਹਾਡਾ ਹੀ ਹੋਵੇ ਤਾਂ ਜਾਨਣਾ ਕਿ ਅਜੇ ਭਗਤੀ ਵਾਲੇ ਦਰ ਉੱਤੇ ਤੁਸੀਂ ਨਹੀਂ ਆਏ। ਜੇਕਰ ਤੁਸੀਂ ਕਹਿੰਦੇ ਹੋ ਕਿ ਮੈਂ ਇੰਨੀ ਪੂਜਾ ਕੀਤੀ ਹੈ, ਇੰਨੇ ਤਿਆਗ, ਇੰਨੀ ਤਪੱਸਿਆ, ਇੰਨੇ ਮੰਦਿਰ ਬਣਾਏ—ਤਾਂ ਤੁਸੀਂ ਸਮਝਣਾ ਕਿ ਤੁਸੀਂ ਪੁੰਨ ਦੇ ਨਾਂ ਉੱਤੇ ਵੀ ਪਾਪ ਹੀ ਕੀਤੇ। ਕਿਉਂਕਿ ਇਕ ਹੀ ਪਾਪ ਹੈ, ਸਾਰੇ ਪਾਪਾਂ ਦਾ ਮੂਲ ਇਕ ਹੀ ਪਾਪ ਹੈ, ਉਹ ਹੈ—ਮੇਰੇਪਨ ਦਾ ਭਾਵ, ਮੈਂ ਕੀਤਾ।

ਇਕ ਬੁੱਧ ਦਾ ਵੱਡਾ ਅਨੁਯਾਈ (ਪੈਰੋਕਾਰ, ਚੇਲਾ) ਬੋਧੀ ਧਰਮ ਚੀਨ ਗਿਆ। ਚੀਨ ਦਾ ਸਮਰਾਟ ਉਸ ਦਾ ਸਵਾਗਤ ਕਰਨ ਆਇਆ। ਚੀਨ ਦੇ

ਸਮਰਾਟ ਨੇ ਸੁਭਾਵ ਮੁਤਾਬਿਕ—ਸਮਰਾਟ ਦੀ ਭਾਸ਼ਾ ਵਿਚ ਗੱਲ ਕੀਤੀ। ਉਸ ਨੇ ਆ ਕੇ ਬੋਧੀ ਧਰਮ ਨੂੰ ਕਿਹਾ ਕਿ ਤੁਸੀਂ ਆਏ, ਸਵਾਗਤ! ਮੈਂ ਹਜ਼ਾਰਾਂ ਬੁੱਧ-ਵਿਹਾਰ ਬਣਵਾਏ, ਲੱਖਾਂ ਛਾਂ ਵਾਲੇ ਦਰੱਖ਼ਤ ਰਾਹਾਂ 'ਤੇ ਲਗਵਾਏ ਤਾਂਕਿ ਰਾਹਗੀਰਾਂ ਨੂੰ ਵਿਸ਼ਰਾਮ ਮਿਲੇ, ਛਾਂ ਮਿਲੇ। ਅਨੇਕ ਭੋਜਨਾਲਏ ਖੋਲ੍ਹ ਦਿੱਤੇ ਹਨ, ਹਜ਼ਾਰਾਂ ਲੋਕ ਮੁਫ਼ਤ ਭੋਜਨ ਲੈਂਦੇ ਹਨ, ਹਜ਼ਾਰਾਂ ਭਿਕਸ਼ੂ ਰਾਜ ਤੋਂ ਸਹਾਇਤਾ ਪਾਉਂਦੇ ਹਨ, ਸਕੂਲ ਖੋਲ੍ਹੇ, ਆਸ਼੍ਰਮ ਬਣਵਾਏ, ਹਜ਼ਾਰਾਂ ਸ਼ਾਸਤ੍ਰਾਂ ਨੂੰ ਛਪਵਾਇਆ, ਬਟਵਾਇਆ। ਇਸ ਸਾਰੇ ਪੁੰਨ ਦਾ ਅੰਤਿਮ ਫਲ ਕੀ ਹੋਏਗਾ?

ਬੋਧੀ ਧਰਮ ਨੇ ਹੇਠਾਂ ਤੋਂ ਉਪਰ ਤਕ ਵੇਖਿਆ ਅਤੇ ਕਿਹਾ—ਮਾਫ਼ ਕਰਨਾ! ਤੁਸੀਂ ਸਿੱਧੇ ਨਰਕ ਜਾਉਗੇ। ਸਮਰਾਟ ਤਾਂ ਚੌਂਕ ਗਿਆ—ਅਜਿਹੀ ਗੱਲ ਤਾਂ ਕਦੇ ਕਿਸੇ ਨੇ ਕਹੀ ਨਹੀਂ ਸੀ। ਸ਼ਿਸ਼ਟਾਚਾਰ ਵੀ ਧਿਆਨ ਵਿਚ ਰੱਖਦਾ ਹੈ ਕੋਈ। ਸਿੱਧੇ ਨਰਕ!

ਉਸਨੇ ਕਿਹਾ, ਤੁਸੀਂ ਪਾਗਲ ਤਾਂ ਨਹੀਂ ਹੋ? ਮੈਂ ਇੰਨੇ ਪੁੰਨ ਕੀਤੇ ਅਤੇ ਮੈਂ ਨਰਕ ਜਾਵਾਂਗਾ!

ਬੋਧੀ ਧਰਮ ਨੇ ਕਿਹਾ—ਕੀ ਤੂੰ ਕੀਤਾ, ਇਸ ਨਾਲ ਕੋਈ ਨਰਕ ਨਹੀਂ ਜਾਂਦਾ, ਕੀ ਤੂੰ ਕੀਤਾ, ਇਸ ਨਾਲ ਕੋਈ ਸਵਰਗ ਨਹੀਂ ਜਾਦਾ—ਜਦ ਤਕ ਕਰਤਾ ਮੌਜੂਦ ਹੈ ਤਦ ਤਕ ਤੁਸੀਂ ਨਰਕ ਜਾਂਦੇ ਹੋ। ਤੁਸੀਂ ਕੀ ਕੀਤਾ ਇਹ ਗੱਲ ਅਸੰਗਤ ਹੈ। ਉਸ ਦੀ ਤਾਂ ਚਰਚਾ ਹੀ ਨਾ ਛੇੜੋ। ਤੂੰ ਕੀਤਾ ਬੱਸ ਇੰਨਾ ਕਾਫ਼ੀ ਹੈ। ਇੰਨਾ ਮੈਂ ਜਾਣ ਲਿਆ ਕਿ ਤੂੰ ਬਣਵਾਏ! ਪਰਮਾਤਮਾ ਨੇ ਤੇਰੇ ਅੰਦਰੋਂ ਕੁਝ ਨਹੀਂ ਕੀਤਾ, ਤੂੰ ਕੀਤਾ! ਤੂੰ ਉਪਕਰਣ ਨਾ ਬਣਿਆ, ਤੂੰ ਉਸ ਦੇ ਹੱਥ ਨਾ ਬਣਿਆ। ਤੂੰ ਆਪਣੀ ਹੰਕਾਰਤਾ ਵਿਚ ਘਿਰ ਗਿਆ। ਤੂੰ ਨਰਕ ਜਾਏਂਗਾ।

ਸਮਰਾਟ ਵੂ ਨੇ—ਚੀਨੀ ਸਮਰਾਟ ਨੇ—ਫਿਰ ਕੋਸ਼ਿਸ਼ ਕੀਤੀ, ਕਿਉਂਕਿ ਉਸਦਾ ਮਨ ਮੰਨਣ ਨੂੰ ਤਿਆਰ ਨਹੀਂ ਸੀ, ਕਿਉਂਕਿ ਹੁਣ ਤਕ ਤਾਂ ਜਿੰਨੇ ਭਿਕਸ਼ੂ ਆਏ ਸਨ, ਉਨ੍ਹਾਂ ਸਭ ਨੇ ਇਹ ਹੀ ਸਮਝਾਇਆ ਸੀ ਕਿ ਪੁੰਨ ਕਰੋ, ਪੁੰਨ ਕਰੋ, ਦਾਨ ਕਰੋ—ਕਰੋੜ ਗੁਣਾਂ ਪਾਉਗੇ। ਉਸ ਨੇ ਕਿਹਾ—ਛੱਡੋ, ਨਰਕ-ਸਵਰਗ ਦੀ ਗੱਲ ਛੱਡੋ, ਕਿਉਂਕਿ ਕੌਣ ਵੇਖ ਆਇਆ ਹੈ, ਨਾ ਤੂੰ ਗਿਆ, ਨਾ ਮੈਂ ਗਿਆ। ਇੰਨਾ ਕਹੋ ਮੈਨੂੰ ਕਿ ਮੈਂ ਜੋ ਕੀਤਾ ਉਹ ਪਵਿੱਤਰ ਕੰਮ ਹੈ ਜਾਂ ਨਹੀਂ?

ਬੋਧੀ ਧਰਮ ਨੇ ਕਿਹਾ—ਪਵਿੱਤਰ! ਇਸ ਤੋਂ ਜ਼ਿਆਦਾ ਅਪਵਿੱਤਰ ਹੋਰ ਕੀ ਹੋਏਗਾ? ਕਿਉਂਕਿ ਕੀ ਤੂੰ ਕੀਤਾ, ਇਸ ਨਾਲ ਕੋਈ ਸੰਬੰਧ ਨਹੀਂ ਹੈ। ਤੂੰ ਕੀਤਾ, ਪਵਿੱਤਰ ਨਹੀਂ ਰਿਹਾ! ਉਸ ਨੇ ਕੀਤਾ—ਪਵਿੱਤਰ ਹੋ ਗਿਆ।

ਇਸ ਲਈ ਤਾਂ ਗੀਤਾ ਵਿਚ ਬਹੁਤ ਅਨੂਠੀ ਗੱਲ ਕ੍ਰਿਸ਼ਨ ਅਰਜਨ ਨੂੰ ਕਹਿ ਸਕੇ ਕਿ ਜੇਕਰ ਤੂੰ ਨਿਮਿੱਤ ਹੋ ਜਾਏਂ, ਇਨ੍ਹਾਂ ਸਾਰੇ ਲੋਕਾਂ ਨੂੰ ਵੱਢ ਵੀ ਸੁੱਟੇਂ ਤਾਂ ਵੀ ਕੋਈ ਪਾਪ ਨਹੀਂ ਲੱਗੇਗਾ, ਕਿਉਂਕਿ ਕਰਨ ਵਾਲਾ ਤੂੰ ਨਹੀਂ ਹੈਂ। ਹੋਰ ਤੂੰ ਨੱਠ ਖੜਾ ਹੋਵੇਂ ਸੰਨਿਆਸ ਲੈ ਲਵੇਂ, ਜੰਗਲ 'ਚ ਚਲਾ ਜਾਏਂ, ਜਟਾ-ਜੂਟ ਵਧਾ ਲਵੇਂ, ਬੈਠ ਜਾਵੇਂ, ਉਥੇ ਪੰਛੀ ਤੇਰੇ ਜਟਾ-ਜੂਟ ਵਿਚ ਘੌਂਸਲੇ ਬਣਾ ਲੈਣ—ਅਜਿਹਾ ਤੂੰ ਅਪਰਿਗ੍ਰਹੀ (ਅਸਵੀਕਾਰੀ) ਹੋ ਜਾਵੇਂ ਅਤੇ ਅਜਿਹਾ ਵੈਰਾਗੀ ਹੋ ਜਾਵੇਂ, ਲੇਕਿਨ ਜੇਕਰ ਤੈਨੂੰ ਖ਼ਿਆਲ ਹੈ ਕਿ ਤੂੰ ਛੱਡ ਦਿੱਤਾ ਸੰਸਾਰ, ਤੂੰ ਯੁੱਧ ਨਹੀਂ ਕੀਤਾ, ਤਾਂ ਸਾਰੇ ਕਰਮਾਂ ਦਾ ਫਲ ਤੇਰੇ ਉੱਤੇ ਹੈ।

ਕਰਮ ਕਿਸੇ ਨੂੰ ਨਹੀਂ ਦਬਾਉਂਦਾ, ਕਰਤਾ ਦਾ ਭਾਵ ਦਬਾਉਂਦਾ ਹੈ। ਕਰਮ ਨਹੀਂ ਛੱਡਣੇ ਹਨ ਅਤੇ ਜਿਨ੍ਹਾਂ ਨੇ ਵੀ ਤੈਨੂੰ ਸਿਖਾਇਆ ਹੈ ਕਿ ਕਰਮ ਛੱਡਣੇ ਹਨ, ਉਨ੍ਹਾਂ ਨੇ ਨਾਸਮਝੀ ਦੀ ਗੱਲ ਸਿਖਾਈ ਹੈ। ਉਨ੍ਹਾਂ ਨੂੰ ਕੁਝ ਪਤਾ ਨਹੀਂ ਹੋਏਗਾ, ਜਾਨਣ ਵਾਲਿਆਂ ਨੇ ਕਿਹਾ ਹੈ—ਕਰਤਾ ਦਾ ਭਾਵ ਛੱਡਣਾ ਹੈ। ਫਿਰ ਕਰਨ ਦਿਓ ਉਸ ਨੂੰ ਕਰਮ। ਇੰਨਾ ਵਿਰਾਟ ਕਰਮ ਪਰਮਾਤਮਾ ਕਰ ਰਿਹਾ ਹੈ। ਤੁਸੀਂ ਕਿੰਨੀ ਵੱਡੀ ਦੁਕਾਨ ਚਲਾਈ ਹੈ ? ਤੁਹਾਡੀ ਦੁਕਾਨ ਦਾ ਕੀ ਮੁੱਲ ਹੈ ? ਪਰਮਾਤਮਾ ਦੀ ਦੁਕਾਨ ਬਹੁਤ ਵਿਰਾਟ ਹੈ, ਚੱਲ ਰਹੀ ਹੈ। ਜੇਕਰ ਤੁਸੀਂ ਨਿੱਕੀ ਜਿਹੀ ਦੁਕਾਨ ਦੇ ਕਰਮ ਵਿਚ ਉਲਝ ਕੇ ਨਰਕ ਭੋਗਦੇ ਹੋ ਤਾਂ ਪਰਮਾਤਮਾ ਤਾਂ ਮਹਾਂ ਨਰਕਾਂ ਵਿਚ ਪਏਗਾ।

ਤੁਸੀਂ ਕੀਤਾ ਹੀ ਕੀ ਹੈ ? ਇਕ ਛੋਟਾ-ਮੋਟਾ ਮਕਾਨ ਬਣਾ ਲਿਆ ਹੋਏਗਾ। ਜੇਕਰ ਮਕਾਨ ਬਣਾਉਣ ਨਾਲ ਪਾਪ ਹੋਇਆ ਹੈ ਤਾਂ ਇਸ ਪੂਰੀ ਸ੍ਰਿਸ਼ਟੀ ਨੂੰ ਬਣਾਉਣ ਨਾਲ ਤਾਂ ਮਹਾਂ- ਪਾਪ ਹੋਇਆ ਹੈ। ਤੁਹਾਡੇ ਮਕਾਨ ਦੀ ਸੀਮਾ ਕੀ ਹੈ, ਸਾਮ੍ਰਥ ਕੀ ਹੈ ? ਇਕ ਪਾਸੇ ਤੁਸੀਂ ਕਹਿੰਦੇ ਹੋ ਪਰਮਾਤਮਾ ਨੇ ਸੁਜਨ ਕੀਤਾ ਸਾਰੇ ਜਗਤ ਦਾ, ਕਦੇ ਤੁਸੀਂ ਸੋਚਿਆ ਕਿ ਇੰਨਾ ਸੁਜਨ ਕਰਨ ਦੇ ਬਾਅਦ ਪਰਮਾਤਮਾ ਹੋਏਗਾ ਕਿੱਥੇ ? ਨਰਕ ਵਿਚ ਹੀ ਹੋਏਗਾ। ਇੰਨਾ ਉਪੱਦਰ, ਇੰਨਾ ਉਤਪਾਤ (ਉਥਲ-ਪੁੱਥਲ) ਇੰਨਾ ਕ੍ਰਤਯ!

ਨਹੀਂ, ਲੇਕਿਨ ਇਸ ਪਾਸੇ ਤੁਸੀਂ ਕਦੇ ਸੋਚਿਆ ਨਹੀਂ ਹੈ ਕਿ ਇੰਨੇ ਵੱਡੇ ਕ੍ਰਤਯ ਤੋਂ ਬਾਅਦ ਵੀ ਪਰਮਾਤਮਾ ਪਰਮਾਤਮਾ ਹੈ, ਕਿਉਂਕਿ ਉਹ ਕਰਤਾ ਨਹੀਂ ਹੈ। ਉਥੇ ਕੋਈ ਕਰਨ ਵਾਲਾ ਨਹੀਂ ਹੈ।

ਇਸ ਲਈ ਮੈਂ ਕਦੇ ਨਹੀਂ ਕਹਿੰਦਾ ਕਿ ਪਰਮਾਤਮਾ ਸ੍ਰਸ਼ਟਾ ਹੈ—ਮੈਂ ਕਹਿੰਦਾ ਹਾਂ ਪਰਮਾਤਮਾ ਸੁਜਨ ਦੀ ਊਰਜਾ ਹੈ, ਇਕ ਕ੍ਰਿਏਟਿਵ ਫੋਰਸ ਹੈ, ਕ੍ਰਿਏਟਰ ਨਹੀਂ। ਬਣਾਇਆ ਹੈ ਉਸ ਨੇ, ਅਜਿਹਾ ਕੁਝ ਉਥੇ ਬਣਾਉਣ ਵਾਲਾ ਨਹੀਂ ਬੈਠਾ

ਹੈ—ਬਣ ਰਿਹਾ ਹੈ ਉਸ ਕੋਲੋਂ ! ਜਿਵੇਂ ਪੰਛੀ ਗੀਤ ਗਾ ਰਹੇ ਹਨ ਦਰੱਖ਼ਤਾਂ ਵਿਚ ਫੁੱਲ ਖਿੜ ਰਹੇ ਹਨ—ਕੋਈ ਦਰੱਖ਼ਤ ਇਹ ਥੋੜ੍ਹੇ ਹੀ ਦਾਅਵਾ ਕਰਦਾ ਹੈ ਕਿ ਮੈਂ ਫੁੱਲ ਲਾਏ— ਕੋਈ ਪੰਛੀ ਜਾ ਕੇ ਰਾਸ਼ਟਰਪਤੀ ਅੱਗੇ ਪ੍ਰਾਰਥਨਾ ਥੋੜ੍ਹੇ ਕਰਦਾ ਹੈ ਕਿ ਪਦਮਭੂਸ਼ਣ ਕਦ ਦਿਉਗੇ ? ਇੰਨੇ ਦਿਨਾਂ ਤੋਂ ਗੀਤ ਗਾ ਰਿਹਾ ਹਾਂ.....। ਟਿਟਪੂੰਜੀਏ ਗਾਇਕ ਪਦਮਭੂਸ਼ਣ ਲਈ ਜਾ ਰਹੇ ਹਨ। ਫ਼ਿਲਮ ਅਭਿਨੇਤਾ ਪਦਮਭੂਸ਼ਣ ਲਈ ਜਾ ਰਹੇ ਹਨ ਅਤੇ ਮੈਂ ਗਾ ਰਿਹਾ ਹਾਂ.....।

ਕੋਈ ਕੋਇਲ ਨਹੀਂ ਕਹਿੰਦੀ, ਕੋਈ ਮੋਰ ਨੱਚਦਾ ਹੋਇਆ ਨਹੀਂ ਜਾ ਰਿਹਾ ਹੈ ਕਿ ਇਹ ਕੀ ਅਨਿਆਇ ਹੋ ਰਿਹਾ ਹੈ ? ਅਸੀਂ ਕਦੋਂ ਤੋਂ ਨੱਚ ਰਹੇ ਹਾਂ ! ਟਿਟਪੂੰਜੀਏ ਨੱਚਣ ਵਾਲੇ ਪਦ ਪਾ ਰਹੇ ਹਨ, ਸਾਡੀ ਕੋਈ ਫ਼ਿਕਰ ਨਹੀਂ।

ਮੋਰ ਨੂੰ ਮਤਲਬ ਨਹੀਂ ਹੈ ! ਰਾਸ਼ਟਰਪਤੀ ਪਦਮਭੂਸ਼ਣ ਵੀ ਲੈ ਕੇ ਜਾਣ ਤਾਂ ਉਹ ਚੌਂਕੇਗਾ, ਉਹ ਹੱਸੇਗਾ। ਉਹ ਕਹੇਗਾ, ਇਸ ਕਾਗ਼ਜ਼ ਦਾ ਅਸੀਂ ਕੀ ਕਰਾਂਗੇ ? ਤੁਸੀਂ ਸੰਭਾਲੋ। ਇਸ ਦਾ ਭਾਰ ਲੈ ਕੇ ਹੋਰ ਕਿੱਥੇ ਜਾਵਾਂਗੇ ? ਨੱਚਣ ਵਿਚ ਅੜਚਨ ਆਏਗੀ।

ਕ੍ਰਤਯ ਦਾ (ਕਰਮ ਦਾ) ਭਾਵ ਨਹੀਂ ਹੈ। ਆਦਮੀ ਨੂੰ ਹਟਾ ਦਿਓ, ਫਿਰ ਤੁਸੀਂ ਲੱਭਣ ਜਾਓ, ਤੁਹਾਨੂੰ ਕਰਤਾ ਨਹੀਂ ਮਿਲੇਗਾ ਕਿਤੇ ਵੀ, ਕਰਮ ਤਾਂ ਵਿਰਾਟ ਮਿਲੇਗਾ। ਚੰਨ-ਤਾਰੇ ਚੱਲ ਰਹੇ ਹਨ, ਸੂਰਜ ਘੁੰਮ ਰਿਹਾ ਹੈ। ਮੌਸਮ ਆਉਂਦੇ ਹਨ, ਜਾਂਦੇ ਹਨ। ਸ੍ਰਿਸ਼ਟੀ ਹੁੰਦੀ ਹੈ, ਪ੍ਰਲਯ ਹੁੰਦੀ ਹੈ। ਬਣਦਾ ਹੈ, ਮਿਟਦਾ ਹੈ। ਅਨੰਤ ਕਾਲ ਸਭ ਤਕ ਚੱਲਦਾ ਹੈ। ਉਸ ਦਾ ਕੋਈ ਅੰਤ ਹੀ ਨਹੀਂ ਆਉਂਦਾ। ਲੇਕਿਨ ਕਰਤਾ ਨੂੰ ਤੁਸੀਂ ਕਿਤੇ ਨਹੀਂ ਪਾਉਗੇ।

ਹੋਰ ਤੁਹਾਡੀ ਇਕ ਬੁਨਿਆਦੀ ਭੁੱਲ ਵੀ ਤੁਹਾਡੇ ਖ਼ਿਆਲ 'ਚ ਦਿਲਾ ਦਿਆਂ ਕਿ ਚੂੰਕਿ ਤੁਸੀਂ ਪਰਮਾਤਮਾ ਨੂੰ ਵੀ ਕਰਤਾ ਦੀ ਤਰ੍ਹਾਂ ਵੇਖਦੇ ਹੋ, ਇਸ ਲਈ ਤੁਹਾਨੂੰ ਪਰਮਾਤਮਾ ਕਿਤੇ ਨਹੀਂ ਮਿਲਦਾ ਤੇ ਹੋਰ ਕਿਤੇ ਮਿਲੇਗਾ ਵੀ ਨਹੀਂ। ਹੋਰ ਪਰਮਾਤਮਾ ਨੂੰ ਤੁਸੀਂ ਕਰਤਾ ਵਾਂਗ ਕਿਉਂ ਵੇਖਦੇ ਹੋ, ਕਿਉਂਕਿ ਤੁਸੀਂ ਆਪਣੇ ਨੂੰ ਕਰਤਾ ਦੇ ਵਾਂਗ ਮੰਨਦੇ ਹੋ। ਸੋ ਤੁਸੀਂ ਪਰਮਾਤਮਾ ਨੂੰ ਵੀ ਆਪਣੀ ਹੀ ਇਕ ਵਿਰਾਟ ਮੂਰਤੀ ਸਮਝਦੇ ਹੋ, ਜਿਵੇਂ ਤੁਸੀਂ ਕਰਨ ਵਾਲੇ ਹੋ, ਉਹ ਵੱਡਾ ਕਰਨ ਵਾਲਾ ਹੋਏਗਾ। ਮਿਕਦਾਰ ਦਾ ਭੇਦ ਹੈ, ਗੁਣ ਦਾ ਕੋਈ ਭੇਦ ਨਹੀਂ ਹੈ। ਤੁਸੀਂ ਛੋਟੇ ਕਰਨ ਵਾਲੇ ਤਾਂ ਉਹ ਵੱਡਾ ਹੋਏਗਾ ਕਰਨ ਵਾਲਾ। ਸਾਡੀ ਦੁਕਾਨ ਜ਼ਰਾ ਛੋਟੀ ਹੈ, ਤੂੰ ਵੱਡਾ ਪੰਸਾਰੀ ਹੈਂ। ਤੇਰੀ ਦੁਕਾਨ ਵਿਚਕਾਰ ਬਾਜ਼ਾਰ ਵਿਚ ਹੈ, ਸਾਡੀ ਜ਼ਰਾ ਕੁ ਕੋਨੇ ਉੱਤੇ ਹੈ। ਅਸੀਂ ਛੋਟੀ ਪਾਨ, ਸਿਗਰਟ, ਚਾਏ ਦੀ ਦੁਕਾਨ

ਲਾਈ ਬੈਠੇ ਹਾਂ, ਤੂੰ ਸੋਨੇ, ਚਾਂਦੀ, ਹੀਰੇ, ਜਵਾਹਰਾਤ ਵੇਚੇ। ਬਾਕੀ ਹਾਂ ਅਸੀਂ ਵੀ ਦੁਕਾਨਦਾਰ!

ਅਜਿਹਾ ਹੋਏ, ਅਮਰੀਕਾ ਦਾ ਇਕ ਵੱਡਾ ਅਰਬਪਤੀ ਏਨਡਰੂ ਕਾਰਨੇਗੀ ਇਕ ਦਿਨ ਘੁੰਮਣ ਨਿਕਲਿਆ। ਇਕ ਨਿੱਕੀ ਜਿਹੀ ਦੁਕਾਨ—ਲੋਹੇ ਲੰਗੜ ਦੀ ਉਸ ਉੱਤੇ ਤਖ਼ਤੀ ਲੱਗੀ ਹੈ—ਕਾਰਨੇਗੀ ਬ੍ਰਦਰਜ਼! ਕਾਰਨੇਗੀ ਭਰਾ। ਅਤੇ ਹੇਠਾਂ ਕੋਨੇ ਵਿਚ ਲਿਖਿਆ ਹੈ-ਏਨਡਰੂ ਕਾਰਨੇਗੀ ਦੇ ਰਿਸ਼ਤੇਦਾਰ। ਏਨਡਰੂ ਕਾਰਨੇਗੀ ਬਹੁਤ ਵੱਡਾ ਅਰਬਪਤੀ—ਅਮਰੀਕਾ ਦਾ ਸਭ ਤੋਂ ਵੱਡਾ ਧਨਪਤੀ! ਉਸ ਨੂੰ ਬਹੁਤ ਨਾਰਾਜ਼ਗੀ ਹੋਈ ਕਿ ਇਹ ਕੀ ਮਾਮਲਾ ਹੈ! ਉਸ ਨੇ ਝਟਪਟ ਜਾ ਕੇ ਆਪਣੇ ਵਕੀਲ ਨੂੰ ਕਿਹਾ ਕਿ ਨੋਟਿਸ ਦਿਓ, ਮੇਰਾ ਕੋਈ ਰਿਸ਼ਤੇਦਾਰ ਨਹੀਂ ਹੈ ਅਤੇ ਇਹ ਤਾਂ ਮੇਰਾ ਅਪਮਾਨ ਹੈ। ਇਹ ਕਬਾੜੀ ਦੀ ਦੁਕਾਨ ਅਤੇ ਉਸ ਉੱਤੇ ਬੋਰਡ ਲਾ ਦਿੱਤਾ ਹੈ! ਕਾਰਨੇਗੀ ਹੋਏਗਾ ਉਸ ਦਾ ਸਰਨੇਮ, ਲੇਕਿਨ ਮੇਰਾ ਕੋਈ ਰਿਸ਼ਤੇਦਾਰ ਨਹੀਂ।

ਵਕੀਲ ਨੇ ਨੋਟਿਸ ਦਿੱਤਾ। ਅੱਠ-ਪੰਦਰਾਂ ਦਿਨਾਂ ਬਾਅਦ ਕਾਰਨੇਗੀ ਫਿਰ ਉਥੋਂ ਦੀ ਲੰਘਿਆ। ਉਸ ਨੇ ਗੌਰ ਨਾਲ ਵੇਖਿਆ ਕਿ ਤਖ਼ਤੀ ਬਦਲ ਦਿੱਤੀ ਗਈ ਹੈ। ਉਹ ਹੀ—ਕਾਰਨੇਗੀ ਬ੍ਰਦਰਜ਼! ਅਤੇ ਹੇਠਾਂ ਕੋਨੇ ਵਿਚ ਲਿਖਿਆ ਹੈ ਏਨਡਰੂ ਕਾਰਨੇਗੀ ਦੇ ਕੋਈ ਰਿਸ਼ਤੇਦਾਰ ਨਹੀਂ। ਲੇਕਿਨ ਕੀ ਫ਼ਰਕ ਪੈਂਦਾ ਹੈ? ਉਹ ਏਨਡਰੂ ਕਾਰਨੇਗੀ ਨੂੰ ਤਾਂ ਘੁਸਾਈ ਹੀ ਹੋਏ ਹਨ। ਪਹਿਲਾਂ ਰਿਸ਼ਤੇਦਾਰ ਸੀ, ਹੁਣ ਹੇਠਾਂ ਲਿਖ ਦਿੱਤਾ ਕਿ ਕੋਈ ਰਿਸ਼ਤੇਦਾਰ ਨਹੀਂ ਹੈ—ਗੱਲ ਖ਼ਤਮ—ਬਾਕੀ ਏਨਡਰੂ ਕਾਰਨੇਗੀ ਦੀ ਯਾਦ ਉਹ ਦਿਲਾ ਹੀ ਰਹੇ ਹਨ। ਉਸ ਨੂੰ ਬਹੁਤ ਗੁੱਸਾ ਆਇਆ। ਉਹ ਅੰਦਰ ਗਿਆ ਅਤੇ ਉਸ ਨੇ ਦੁਕਾਨਦਾਰ ਨੂੰ ਕਿਹਾ ਕਿ ਤੁਹਾਨੂੰ ਸਮਝ ਨਹੀਂ ਆਉਂਦੀ ਕਿ ਵਕੀਲ ਨੇ ਤੁਹਾਨੂੰ ਨੋਟਿਸ ਦਿੱਤਾ ਹੈ।

ਉਸ ਨੇ ਕਿਹਾ—ਸਭ ਸਮਝ ਆਉਂਦੀ ਹੈ। ਤੂੰ ਹੋਵੇਂਗਾ ਵੱਡਾ ਦੁਕਾਨਦਾਰ, ਅਸੀਂ ਛੋਟੇ ਦੁਕਾਨਦਾਰ। ਅਸੀਂ ਲੋਹਾ-ਲੰਗੜ-ਕਬਾੜ ਵੇਚਦੇ ਹਾਂ—ਲੇਕਿਨ ਤੂੰ ਜੋ ਚੀਜ਼ਾਂ ਬਣਾਉਂਦਾ ਹੈਂ ਉਨ੍ਹਾਂ ਤੋਂ ਹੀ ਇਹ ਕਬਾੜ ਬਣਦਾ ਹੈ। ਤੂੰ ਵੱਡੇ-ਵੱਡੇ ਕਾਰਖ਼ਾਨੇ ਚਲਾਉਂਦਾ ਹੈਂ, ਅਸੀਂ ਛੋਟੇ ਚਲਾਉਂਦੇ ਹਾਂ—ਬਾਕੀ ਰਿਸ਼ਤੇਦਾਰ ਤਾਂ ਅਸੀਂ ਹਾਂ ਹੀ। ਦੁਕਾਨਦਾਰ ਅਸੀਂ ਵੀ, ਦੁਕਾਨਦਾਰ ਤੂੰ ਵੀ। ਉਹ ਤਾਂ ਝੰਜਟ ਹੈ ਕਿ ਅਦਾਲਤ ਵਿਚ ਅਸੀਂ ਜਾਣਾ ਨਹੀਂ ਚਾਹੁੰਦੇ, ਇਸ ਲਈ ਲਿਖ ਦਿੱਤਾ ਕਿ ਕੋਈ ਰਿਸ਼ਤੇਦਾਰ ਨਹੀਂ।

ਤੁਹਾਡੇ ਮਨ 'ਚ ਵੀ ਜੋ ਪਰਮਾਤਮਾ ਦੀ ਧਾਰਣਾ ਹੈ ਉਹ ਆਪ ਹੀ ਕਈ ਗੁਣਾਂ ਵੱਡਾ ਕਰ ਕੇ ਬਣਾ ਦਿੱਤੀ ਗਈ ਹੈ। ਤੁਸੀਂ ਹੀ ਹੋ ਬਹੁਤ ਵੱਡੇ ਹੋ ਕੇ।

ਜੇਕਰ ਤੁਸੀਂ ਗੌਰ ਨਾਲ ਵੇਖੋਗੇ ਤਾਂ ਤੁਸੀਂ ਆਪਣੇ ਨੂੰ ਹੀ ਆਪਣੇ ਪਰਮਾਤਮਾ ਦੀ ਪ੍ਰਤਿਮਾ ਵਿਚ ਪਾਉਗੇ। ਮਾਤ੍ਰਾ ਦਾ ਭੇਦ ਹੋਏਗਾ, ਗੁਣ ਦਾ ਭੇਦ ਨਹੀਂ ਹੋਏਗਾ। ਇਸ ਲਈ ਤੁਸੀਂ ਕਰਤਾ ਹੋ, ਤੁਸੀਂ ਹੰਕਾਰੀ ਹੋ, ਸੋ ਤੁਹਾਡਾ ਪਰਮਾਤਮਾ ਵੀ ਹੰਕਾਰੀ ਅਤੇ ਕਰਤਾ ਹੈ। ਤੁਸੀਂ ਸੀਮਿਤ ਹੋ, ਤੁਹਾਡਾ ਪਰਮਾਤਮਾ ਵੀ ਸੀਮਿਤ (ਹੱਦਬੰਦੀ ਵਿਚ) ਹੈ। ਤੁਹਾਡੀ ਦੇਹ ਹੈ, ਤੁਹਾਡੇ ਪਰਮਾਤਮਾ ਦੀ ਵੀ ਦੇਹ ਹੈ। ਤੁਸੀਂ ਜਿਸ ਤਰ੍ਹਾਂ ਆਪਣੇ ਨੂੰ ਵੇਖਦੇ ਹੋ ਇਸੇ ਤਰ੍ਹਾਂ ਹੀ ਤੁਸੀਂ ਪਰਮਾਤਮਾ ਨੂੰ ਲੱਭਣ ਚਲੇ ਜਾਂਦੇ ਹੋ।

ਮੇਰੇ ਕੋਲ ਵੀ ਲੋਕ ਆ ਜਾਂਦੇ ਹਨ। ਉਹ ਕਹਿੰਦੇ ਹਨ—ਪਰਮਾਤਮਾ ਨੂੰ ਪਾਉਣਾ ਹੈ, ਕਿੱਥੇ ਲੱਭੀਏ? ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਤੁਸੀਂ ਕੋਈ ਅਜਿਹੀ ਥਾਂ ਵੇਖੀ ਜਿੱਥੇ ਉਹ ਨਹੀਂ ਹੈ? ਬਜਾਏ ਪਰਮਾਤਮਾ ਨੂੰ ਲੱਭਣ ਦੇ ਤੁਸੀਂ ਇਹ ਲੱਭੋ ਕਿ ਉਹ ਕਿੱਥੇ ਨਹੀਂ ਹੈ, ਜ਼ਿਆਦਾ ਠੀਕ ਹੋਏਗਾ।

ਨਾਨਕ ਮੱਕਾ ਗਏ, ਮਦੀਨਾ ਗਏ, ਉਹ ਮੱਕੇ ਵਿਚ ਸੌਂ ਗਏ ਕਾਬੇ ਦੇ ਪੱਥਰ ਦੇ ਵੱਲ ਪੈਰ ਕਰ ਕੇ। ਪੁਜਾਰੀ ਨਾਰਾਜ਼ ਹੋਏ। ਕ੍ਰੋਧ 'ਚ ਆ ਕੇ ਉਨ੍ਹਾਂ ਨੇ ਨਾਨਕ ਨੂੰ ਕਿਹਾ ਕਿ ਅਸੀਂ ਤਾਂ ਸੁਣਿਆ ਹੈ ਕਿ ਤੁਸੀਂ ਇਕ ਗਿਆਨੀ ਪੁਰਸ਼ ਹੋ ਅਤੇ ਤੁਸੀਂ ਪਰਮਾਤਮਾ ਦੇ ਮੰਦਿਰ ਵੱਲ ਪੈਰ ਕਰ ਕੇ ਸੌਂ ਰਹੇ ਹੋ? ਨਾਨਕ ਨੇ ਕਿਹਾ ਮੈਂ ਵੀ ਬਹੁਤ ਚਿੰਤਾ ਵਿਚ ਪਿਆ ਸੀ, ਜਦ ਸੌਣ ਲੱਗਾ ਸੀ। ਮੈਂ ਤਾਂ ਸਾਰੇ ਪਾਸੇ ਪੈਰ ਕਰ ਕੇ ਵੇਖੇ, ਪਾਇਆ, ਸਾਰੀਆਂ ਥਾਂਵਾਂ 'ਤੇ ਉਹ ਹੀ ਹੈ। ਸੋ ਤੁਸੀਂ ਇਸ ਤਰ੍ਹਾਂ ਕਰੋ ਕਿ ਮੇਰੇ ਪੈਰ ਉਸ ਪਾਸੇ ਕਰ ਦਿਓ ਜਿਧਰ ਉਹ ਨਾ ਹੋਵੇ। ਇਹ ਹਨ ਮੇਰੇ ਪੈਰ, ਮੈਂ ਕੋਈ ਵਿਘਨ ਨਹੀਂ ਪਾਵਾਂਗਾ, ਤੁਸੀਂ ਪੈਰ ਚੁੱਕੋ ਅਤੇ ਕਰ ਦਿਓ।

ਮੈਂ ਮੰਨਦਾ ਹਾਂ ਕਿ ਕਹਾਣੀ ਇੰਨੀ ਹੀ ਹੈ, ਲੇਕਿਨ ਹੋਰ ਥੋੜੀ ਅੱਗੇ ਵਧ ਗਈ ਹੈ, ਉਹ ਕਵਿਤਾ ਮਾਲੂਮ ਹੁੰਦੀ ਹੈ, ਲੇਕਿਨ ਅਰਥਪੂਰਣ ਹੈ। ਕਹਿੰਦੇ ਹਨ ਪੁਜਾਰੀਆਂ ਨੇ ਉਨ੍ਹਾਂ ਦੇ ਪੈਰ ਜਿੱਥੇ-ਜਿੱਥੇ ਕੀਤੇ, ਓਧਰ ਹੀ ਕਾਬੇ ਦਾ ਪੱਥਰ ਘੁੰਮ ਗਿਆ। ਇਹ ਗੱਲ ਥੋੜੀ ਜ਼ਿਆਦਾ ਹੋ ਗਈ ਹੈ। ਕਵਿਤਾ ਤਕ ਠੀਕ ਹੈ। ਲੇਕਿਨ ਮਤਲਬ ਤਾਂ ਸਹੀ ਹੈ। ਮਤਲਬ ਇੰਨਾ ਹੀ ਹੈ ਕਿ ਕਿਤੇ ਵੀ ਪੈਰ ਕਰੋ, ਉੱਥੇ ਹੀ ਕਾਬੇ ਦਾ ਪੱਥਰ ਹੈ। ਸਾਰੇ ਪੱਥਰ ਕਾਬੇ ਦੇ ਹੀ ਹਨ, ਕਿਉਂਕਿ ਸਾਰੇ ਪੱਥਰਾਂ ਵਿਚ ਪਰਮਾਤਮਾ ਹੈ। ਉਹ ਜਿਨ੍ਹਾਂ ਮੂਰਤੀਆਂ ਨੂੰ ਤੁਸੀਂ ਖੋਦ ਲਿਆ ਹੈ, ਉਨ੍ਹਾਂ ਵਿਚ ਹੀ ਨਹੀਂ ਹੈ, ਅਣਘੜ ਪੱਥਰਾਂ ਵਿਚ ਵੀ ਉਹ ਹੀ ਹੈ। ਅਜੇ ਖੁਦਿਆ ਨਹੀਂ ਹੋਏਗਾ, ਕਦੇ ਕੋਈ ਕਾਰੀਗਰ ਮਿਲ ਜਾਏਗਾ, ਖੋਦ ਦੇਵੇਗਾ, ਲੇਕਿਨ ਹੈ ਤਾਂ ਮੌਜੂਦ।

ਇਕ ਬਹੁਤ ਵੱਡੇ ਚਿਤ੍ਰਕਾਰ ਅਤੇ ਮੂਰਤੀਕਾਰ ਮਾਈਕਲ ਐਂਜਲੋ ਤੋਂ ਕਿਸੇ ਨੇ ਪੁੱਛਿਆ ਕਿ ਤੁਸੀਂ ਇੰਨੇ ਅਨੋਖੇ ਹੋ ਕਿ ਅਨਘੜ ਪੱਥਰਾਂ ਵਿਚੋਂ ਵੀ ਚੀਜ਼ਾਂ ਕੱਢ ਲੈਂਦੇ ਹੋ। ਉਸ ਨੇ ਕਿਹਾ—ਮੈਂ ਕੱਢਦਾ ਨਹੀਂ, ਉਹ ਤਾਂ ਉੱਥੇ ਮੌਜੂਦ ਹਨ। ਮੈ ਤਾਂ ਸਿਰਫ਼ ਜੋ ਬੇਕਾਰ ਪੱਥਰ ਹੈ ਉਸ ਨੂੰ ਝਾੜ ਦਿੰਦਾ ਹਾਂ—ਛੈਣੀ ਚੁੱਕ ਕੇ, ਜੋ-ਜੋ ਨਹੀਂ ਚਾਹੀਦਾ ਉਸ ਪੱਥਰ ਨੂੰ ਵੱਖਰਾ ਕਰ ਦਿੰਦਾ ਹਾਂ। ਮੂਰਤੀ ਤਾਂ ਮੌਜੂਦ ਸੀ ਹੀ ਉੱਥੇ ਸਦਾ ਤੋਂ। ਸਿਰਫ਼ ਚਾਹੁੰਦੀ ਸੀ ਕਿ ਕੋਈ ਆ ਕੇ ਕਚਰੇ ਨੂੰ ਵੱਖਰਾ ਕਰ ਦੇਵੇ, ਸਾਰਥਕ ਪ੍ਰਗਟ ਹੋ ਜਾਏਗਾ। ਪਰਮਾਤਮਾ ਸਭ ਥਾਂ ਹੈ, ਪਰਮਾਤਮਾ ਹੀ ਹੈ। ਪਰਮਾਤਮਾ ਸਭ ਵਿਚ ਹੈ, ਅਜਿਹਾ ਨਹੀਂ ਹੈ, ਸਭ ਹੀ ਪਰਮਾਤਮਾ ਹੈ। ਉਸ ਤੋਂ ਇਲਾਵਾ ਕੁਝ ਵੀ ਨਹੀਂ ਹੈ।

ਗਿਆਨੀ ਨੂੰ ਜਿਸ ਦਿਨ ਸਮਝ ਵਿਚ ਆਉਂਦਾ ਹੈ ਕਿ ਨਾ ਮੇਰਾ ਕੋਈ ਗਿਆਨ, ਨਾ ਮੇਰਾ ਕੋਈ ਕ੍ਰਤੱਤਵ (ਕਰਨੀ) ਹੈ, ਉਸ ਦਿਨ ਪਰਮ ਘਟਨਾ ਘਟਦੀ ਹੈ।

ਨਾ ਮੈਂ ਕੁਝ ਜਾਣਦਾ ਹਾਂ, ਨਾ ਵੇਖਦਾ ਹਾਂ, ਦੁਨੀਆਂ ਧਧਕਦੀ ਹੋਈ ਅੱਗ ਹੈ।

ਆਪਣੇ ਆਪ ਟੁਰਦਾ ਤਾਂ ਜ਼ਰੂਰ ਡਿੱਗਦਾ। ਅਤੇ ਜਦੋਂ-ਜਦੋਂ ਆਪਣੇ ਆਪ ਟੁਰਿਆ ਤਾਂ ਬਰਾਬਰ ਡਿੱਗਿਆ। ਆਪਣੇ ਆਪ ਟੁਰਨਾ ਹੀ ਡਿੱਗਣਾ ਹੈ।

ਮੇਰੇ ਸਾਈਂ ਨੇ ਚੰਗਾ ਕੀਤਾ ਕਿ ਮੈਨੂੰ ਚਿਤਾ ਦਿੱਤਾ।

ਚੇਤਾਵਨੀ ਉਸ ਦੀ ਹੈ, ਅਗਿਆਨ ਮੇਰਾ ਹੈ, ਰਾਤ ਮੇਰੀ ਹੈ, ਦਿਨ ਉਸ ਦਾ ਹੈ। ਅੰਧਕਾਰ ਮੇਰਾ ਹੈ, ਸੂਰਜ ਉਸ ਦਾ ਹੈ। ਇਹ ਭਾਵ ਦੀ ਦਸ਼ਾ ਹੈ! ਅਤੇ ਇਹ ਭਾਵ ਦੀ ਦਸ਼ਾ ਬਹੁਤ ਮਹੱਤਵ-ਪੂਰਣ ਹੈ, ਬਹੁਤ ਗਹਿਰੀ ਹੈ। ਜਿਸ ਨੇ ਇਸ ਦਸ਼ਾ ਨੂੰ ਠੀਕ ਤਰ੍ਹਾਂ ਫੜ ਲਿਆ, ਉਸ ਨੂੰ ਕਿਤੇ ਜਾਣ ਦੀ ਲੋੜ ਨਹੀਂ ਹੈ, ਪਰਮਾਤਮਾ ਖ਼ੁਦ ਉਸ ਦੇ ਕੋਲ ਟੁਰਿਆ ਆਏਗਾ। ਜਿਵੇਂ-ਜਿਵੇਂ ਇਹ ਭਾਵ-ਦਸ਼ਾ ਗਹਿਰੀ ਹੋਏਗੀ, ਉਵੇਂ-ਉਵੇਂ ਤੁਸੀਂ ਪਾਓਗੇ ਕਿ ਪਰਮਾਤਮਾ ਕੋਲ ਹੀ ਸੀ, ਉਘਾੜਨਾ ਸੀ। ਹੋਰ ਪਰਦਾ ਵੀ ਉਸ ਨੇ ਨਹੀਂ ਪਾਇਆ ਸੀ; ਤੁਹਾਡੀ ਹੀ ਨਾਸਮਝੀ ਦਾ ਪਰਦਾ ਸੀ ਉਸ ਦੇ ਉਪਰ, ਠੀਕ ਹੋਏਗਾ ਕਹਿਣਾ ਕਿ ਉਸ ਦੇ ਉਪਰ ਪਰਦਾ ਸੀ ਹੀ ਨਹੀਂ; ਤੁਹਾਡੀ ਨਾਸਮਝੀ ਦਾ ਪਰਦਾ ਤੁਹਾਡੇ ਹੀ ਉਪਰ ਸੀ।

ਮੇਰੇ ਸਾਈਂ ਨੇ ਚੰਗਾ ਕੀਤਾ, ਮੈਨੂੰ ਚਿਤਾ ਦਿੱਤਾ; ਨਹੀਂ ਤਾਂ ਮੈਂ ਇਸ ਵਿਚ ਕਦੋ ਦਾ ਜਲ-ਬਲ ਗਿਆ ਹੁੰਦਾ।

ਸਾਈਂ ਮੇਰੇ ਚੰਗਾ ਕੀਤਾ।

ਇਥੇ ਇਕ ਗੱਲ ਹੋਰ ਸਮਝ ਲੈਣੀ ਚਾਹੀਦੀ ਹੈ ਕਿ ਭਗਤ ਪਰਮਾਤਮਾ ਤੋਂ ਵੱਡੇ ਨਿੱਜੀ ਸੰਬੰਧ ਜੋੜਦਾ ਹੈ। ਮੇਰੇ ਸਾਈਂ! ਉਹ ਸਿਰਫ਼ ਇੰਨਾ ਹੀ ਕਹਿ ਸਕਦੇ ਹਨ ਕਿ ਫ਼ਰੀਦ, ਸਾਈਂ ਨੇ ਚੰਗਾ ਕੀਤਾ ਕਿ ਮੈਨੂੰ ਚੇਤਾ ਦਿਲਾ ਦਿੱਤਾ। ਲੇਕਿਨ ਉਹ ਕਹਿੰਦੇ ਹਨ: ਮੇਰੇ ਸਾਈਂ!

ਇਸ ਨੂੰ ਥੋੜਾ ਸਮਝ ਲੈਣਾ ਚਾਹੀਦਾ ਹੈ। ਕਿਉਂਕਿ ਪਰਮਾਤਮਾ ਨਾਲ ਦੋ ਤਰ੍ਹਾਂ ਦੇ ਸੰਬੰਧ ਹੋ ਸਕਦੇ ਹਨ, ਜਿਸ ਤਰ੍ਹਾਂ ਮੈਂ ਬਾਰ-ਬਾਰ ਕਿਹਾ। ਇਕ ਧਿਆਨ ਦਾ ਸੰਬੰਧ ਹੈ ਤੇ ਇਕ ਪ੍ਰੇਮ ਦਾ ਸੰਬੰਧ ਹੈ। ਪ੍ਰੇਮ ਵਿਚ ਪਰਮਾਤਮਾ ਮੇਰਾ ਹੈ। ਧਿਆਨ ਵਿਚ ਪਰਮਾਤਮਾ, ਪਰਮਾਤਮਾ ਨਹੀਂ, ਸਿਰਫ਼ ਸਤਯ ਮਾਤ੍ਰ ਹੈ। ਧਿਆਨੀ ਦਾ ਜੋ ਪਰਮਾਤਮਾ ਲਈ ਸ਼ਬਦ ਹੈ, ਉਹ ਸਿਰਫ਼ ਸਤਯ ਹੈ। ਸਤਯ ਰੁੱਖਾ-ਸੁੱਕਾ ਸ਼ਬਦ ਹੈ, ਹਿਸਾਬ ਅਤੇ ਤਰਕ ਦਾ ਹੈ, ਉਸ ਵਿਚ ਕਿਤੇ ਕੋਈ ਰਸ ਧਾਰ ਨਹੀਂ ਹੈ। ਸਤਯ ਸ਼ਬਦ ਨੂੰ ਤੁਸੀਂ ਕਿਤੋਂ ਵੀ ਲੱਭੋ, ਉਸ ਵਿਚ ਤੁਹਾਨੂੰ ਕਿਤੇ ਫੁੱਲ ਖਿੜਦੇ ਨਹੀਂ ਮਿਲਣਗੇ; ਕਿਉਂਕਿ ਉਸ ਨਾਲ ਕੋਈ ਤੁਹਾਡੇ ਹਿਰਦੇ ਦਾ ਰਿਸ਼ਤਾ ਹੀ ਨਹੀਂ ਜੁੜਦਾ। ਸਤਯ ਸ਼ਬਦ ਨੂੰ ਹੀ ਸੋਚਣ ਬੈਠੋ ਤਾਂ ਤੁਸੀਂ ਕੋਈ ਕਵਿਤਾ ਪੈਦਾ ਹੁੰਦੀ ਸਤਯ ਵਿਚੋਂ ਨਾ ਵੇਖੋਗੇ, ਕੋਈ ਨਾਚ ਪੈਦਾ ਨਹੀਂ ਹੋਏਗਾ, ਕੋਈ ਧੁੰਨ ਨਹੀਂ ਵੱਜੇਗੀ, ਕੋਈ ਬੰਸਰੀ ਨਹੀਂ ਵੱਜੇਗੀ। ਸਤਯ ਕੋਰਾ-ਕੋਰਾ ਹੈ। ਉਸ ਨਾਲ ਸੰਬੰਧ ਜੋੜਨੇ ਅਸੰਭਵ ਹਨ! ਤੁਸੀਂ ਕਿੰਨੇ ਹੀ ਨੇੜੇ ਆ ਜਾਓ, ਤੁਸੀਂ ਸਤਯ ਵਿਚ ਡੁੱਬ ਨਹੀਂ ਸਕੋਗੇ; ਉਸ ਵਿਚ ਡੁਬਾਉਣ ਦੀ ਸਾਮ੍ਰਥ ਨਹੀਂ ਹੈ। ਸਤਯ ਸਿਧਾਂਤ ਬਣ ਜਏਗਾ, ਲੇਕਿਨ ਸਤਯ ਕਦੇ ਤੁਹਾਡੀ ਅੰਦਰੂਨੀ ਸਿੱਧੀ ਨਹੀਂ ਬਣੇਗਾ। ਜਿਵੇਂ ਹੀ ਮੇਰੇ ਦਾ ਸੰਬੰਧ ਜੁੜਦਾ ਹੈ, ਸਤਯ ਨਹੀਂ ਰਹਿ ਜਾਂਦਾ, ਪਰਮਾਤਮਾ ਪਰਗਟ ਹੁੰਦਾ ਹੈ। ਪਰਮਾਤਮਾ ਯਾਨੀ ਪ੍ਰੀਤਮ, ਸਾਈਂ।

ਭਗਤ ਆਪਣੇ ਆਪ ਨੂੰ ਤੋੜ ਦੇਂਦਾ ਹੈ ਤੇ ਪਰਮਾਤਮਾ ਨਾਲ ਜੋੜ ਲੈਂਦਾ ਹੈ। ਉਹ ਕਹਿੰਦਾ ਹੈ ਮੈਂ ਤਾਂ ਨਹੀਂ ਹਾਂ, ਤੂੰ ਹੀ ਹੈਂ। ਤੂੰ ਹੀ ਮੇਰਾ ਮੈਂ ਹੈਂ। ਤੇਰੇ ਸਿਵਾਏ ਮੇਰਾ ਕੁਝ ਵੀ ਨਹੀਂ ਹੈ। ਸਭ ਗੁਆ ਦਿੰਦਾ ਹੈ, ਪਰਮਾਤਮਾ ਨੂੰ ਫੜ ਲੈਂਦਾ ਹੈ।

ਮੇਰੇ ਸਾਈਂ ਨੇ ਚੰਗਾ ਕੀਤਾ ਕਿ ਮੈਨੂੰ ਚਿਤਾ ਦਿੱਤਾ।

'ਫਰੀਦਾ ਜੇਕਰ ਤੂੰ ਤੇਜ ਅਕਲ ਰੱਖਦਾ ਹੈਂ, ਤਾਂ ਦੂਜੇ ਦੇ ਖ਼ਿਲਾਫ਼ ਕਾਲੇ ਅੰਕ ਨਾ ਲਿਖ, ਆਪਣਾ ਸਿਰ ਝੁਕਾ ਅਤੇ ਆਪਣੇ ਹੀ ਗਿਰੀਬਾਨ ਵੱਲ ਵੇਖ।'

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥

ਫਰੀਦਾ, ਜੇਕਰ ਤੂੰ ਤੇਜ਼ ਅਕਲ ਰੱਖਦਾ ਹੈਂ.....।

ਹੁਣ ਇਹ ਜ਼ਰਾ ਸੋਚਣ ਯੋਗ ਹੈ। ਕ੍ਰਿਸ਼ਨ ਮੂਰਤੀ ਲਗਾਤਾਰ ਲੋਕਾਂ ਨੂੰ ਕਹਿੰਦੇ ਹਨ : ਮਾਈਂਡ ਇਜ਼ ਮਿਡਿਆਕਰ। ਜਿਸ ਨੂੰ ਤੁਸੀਂ ਬੁੱਧੀਮਾਨੀ ਕਹਿੰਦੇ ਹੋ, ਉਹ ਬਹੁਤ ਸਾਧਾਰਨ ਹੈ। ਦਰਮਿਆਨੀ ਸ਼੍ਰੇਣੀ ਹੈ, ਕਰੀਬ-ਕਰੀਬ ਮੂੜ੍ਹਤਾ ਵਰਗੀ ਹੈ। ਤੁਹਾਡੇ ਬੁੱਧੀਮਾਨਾਂ ਨੂੰ ਵੀ ਤੁਸੀਂ ਉੱਥੇ ਹੀ ਪਾਉਗੇ ਜਿੱਥੇ ਤੁਸੀਂ ਆਪਣੇ ਮੂੜ੍ਹਾਂ ਨੂੰ ਪਾਉਂਦੇ ਹੋ। ਹੋ ਸਕਦਾ ਹੈ ਮੂੜ੍ਹ ਪਹਿਲੀ ਪਉੜੀ 'ਤੇ ਬੈਠਾ ਹੋਵੇ, ਬੁੱਧੀਮਾਨ ਆਖ਼ਰੀ ਪਉੜੀ 'ਤੇ ਬੈਠਾ ਹੋਵੇ, ਲੇਕਿਨ ਤੁਸੀਂ ਉਨ੍ਹਾਂ ਦੀ ਮੰਜ਼ਿਲ ਵਿਚ ਫ਼ਰਕ ਨਹੀਂ ਪਾਉਗੇ। ਤੁਹਾਡੇ ਮੂੜ੍ਹ ਅਤੇ ਤੁਹਾਡੇ ਬੁੱਧੀਮਾਨ ਇਕ ਹੀ ਪਉੜੀ ਦੇ ਪਾਏਦਾਨ ਹਨ—ਵੱਖਰੇ-ਵੱਖਰੇ ਨਹੀਂ ਹਨ। ਤੁਹਾਡਾ ਮੂੜ੍ਹ ਥੋੜਾ ਘੱਟ ਬੁੱਧੀਮਾਨ ਹੈ, ਤੁਹਾਡਾ ਬੁੱਧੀਮਾਨ ਥੋੜਾ ਘੱਟ ਮੂੜ੍ਹ ਹੈ, ਪਰ ਇੰਨਾ ਹੀ ਫ਼ਰਕ ਹੈ—ਡਿਗਰੀ ਦਾ। ਉਨ੍ਹਾਂ ਦੋਹਾਂ ਦੇ ਵਿਚਕਾਰ ਇਕ ਜੋੜ ਹੈ, ਲੜੀ ਕਿਤੇ ਟੁੱਟਦੀ ਨਹੀਂ, ਸਿਲਸਿਲਾ ਇਕ ਹੀ ਹੈ। ਤੁਹਾਡਾ ਮੂੜ੍ਹ ਅਤੇ ਤੁਹਾਡਾ ਪੰਡਿਤ ਇਕ ਹੀ ਲਕੀਰ ਦੇ ਦੋ ਕੰਢੇ ਹਨ। ਇਸ ਲਈ ਜਿਸ ਨੂੰ ਤੁਸੀਂ ਪਾਂਡਿਤਯ ਕਹਿੰਦੇ ਹੋ, ਬੁੱਧੀਮੱਤਾ ਕਹਿੰਦੇ ਹੋ, ਉਹ ਕੋਈ ਬਹੁਤ ਬੁੱਧੀਮੱਤਾ ਨਹੀਂ ਹੈ, ਉਹ ਕੇਵਲ ਮੂੜ੍ਹਤਾ ਨੂੰ ਲੁਕਾ ਲੈਣ ਦੀ ਕੁਸ਼ਲਤਾ ਹੈ।

ਮੂੜ੍ਹਤਾ ਨੂੰ ਲੁਕਾ ਲੈਣਾ ਬਹੁਤ ਆਸਾਨ ਹੈ, ਮਿਟਾਉਣਾ ਬਹੁਤ ਔਖਾ ਹੈ। ਲੁਕਾ ਲੈਣ ਦਾ ਮਤਲਬ ਅਜਿਹਾ ਹੀ ਹੈ ਜਿਵੇਂ ਇਕ ਜ਼ਖ਼ਮ ਹੈ, ਉਸ ਉੱਤੇ ਮਲ੍ਹਮਪੱਟੀ ਕਰ ਲਈ, ਉਪਰੋਂ ਦੀ ਸੋਹਣੇ ਕੱਪੜੇ ਪਾ ਲਏ, ਲੁਕ ਗਿਆ। ਦੂਜਿਆਂ ਨੂੰ ਵਿਖਾਈ ਨਹੀਂ ਪਏਗਾ, ਲੇਕਿਨ ਤੁਹਾਡੇ ਅੰਦਰ ਤਾਂ ਸੜ੍ਹਾਂਦ ਵਧਦੀ ਹੀ ਰਹੇਗੀ। ਦੂਜਿਆਂ ਨੂੰ ਪਤਾ ਵੀ ਨਹੀਂ ਚੱਲੇਗਾ, ਲੇਕਿਨ ਤੁਹਾਨੂੰ ਪਤਾ ਹੋਣਾ ਕਿਵੇਂ ਬੰਦ ਹੋ ਜਾਏਗਾ? ਹੋਰ ਲੁਕਾਇਆ ਹੋਇਆ ਜ਼ਖ਼ਮ ਸੁੱਕਦਾ ਵੀ ਨਹੀਂ ਹੈ, ਕਿਉਂਕਿ ਸੁੱਕਣ ਲਈ ਵੀ ਖੁੱਲ੍ਹੀ ਸੂਰਜ ਦੀ ਰੌਸ਼ਨੀ ਚਾਹੀਦੀ, ਹਵਾ ਦਾ ਪ੍ਰਵਾਹ ਚਾਹੀਦਾ, ਹੋਰ ਵੀ ਸੜਦਾ ਹੈ, ਨਸੂਰ ਹੋ ਜਾਏਗਾ, ਕੈਂਸਰ ਬਣੇਗਾ, ਤੁਹਾਡੇ ਤਨ-ਪ੍ਰਾਣ ਵਿਚ ਸਭ ਪਾਸੇ ਫੈਲ ਜਾਏਗਾ, ਮਵਾਦ ਹੀ ਮਵਾਦ ਹੋ ਜਾਏਗੀ। ਦੇਰ ਲੱਗੇਗੀ, ਅੱਜ ਕੁਝ ਅੱਜ ਨਹੀਂ ਹੋ ਜਾਏਗੀ, ਵਰ੍ਹਿਆਂ ਲੱਗਣਗੇ, ਸ਼ਾਇਦ ਤੁਸਾ ਇੰਨਾ ਲੁਕਾਓ ਕਿ ਕਿਸੇ ਨੂੰ ਕਦੇ ਵੀ ਪਤਾ ਨਾ ਚੱਲੇ, ਲੇਕਿਨ ਤੁਸੀਂ ਇਕ ਜ਼ਖ਼ਤਮ ਦੇ ਵਾਂਗ ਹੀ ਜੀਵਤ ਰਹੋਗੇ, ਜ਼ਖ਼ਮ ਦੇ ਵਾਂਗ ਹੀ ਮਰੋਗੇ। ਤੁਹਾਨੂੰ ਤਾਂ ਪਤਾ ਹੀ ਹੋਏਗਾ। ਆਪਣੇ ਨੂੰ ਤੁਸੀਂ ਕਿਵੇਂ ਧੋਖਾ ਦਿਉਗੇ?

ਕਹਾਵਤ ਹੈ ਕਿ ਜੇਕਰ ਕੋਈ ਵਿਅਕਤੀ ਦੂਜਿਆਂ ਨੂੰ ਧੋਖਾ ਦੇਣਾ ਚਾਹੇ, ਥੋੜ੍ਹੇ ਦਿਨਾਂ ਤਕ ਦੇ ਸਕਦਾ ਹੈ, ਸਦਾ ਲਈ ਨਹੀਂ। ਮੈਂ ਮੰਨਦਾ ਹਾਂ ਕਿ ਕੋਈ

ਜੇਕਰ ਦੂਜਿਆਂ ਨੂੰ ਧੋਖਾ ਦੇਣਾ ਚਾਹੇ, ਸਦਾ ਲਈ ਵੀ ਦੇ ਸਕਦਾ ਹੈ, ਕਿਉਂਕਿ ਜੋ ਥੋੜ੍ਹੇ ਦਿਨ ਸੰਭਵ ਹੈ, ਉਹ ਸਦਾ ਮੁਮਕਿਨ ਕਿਉਂ ਨਹੀਂ ਹੈ? ਥੋੜ੍ਹੀ ਹੋਰ ਕੁਸ਼ਲਤਾ ਚਾਹੀਦੀ। ਸੋ ਮੈਂ ਕਹਾਵਤ ਨੂੰ ਬਦਲ ਦਿੱਤਾ ਹੈ। ਮੈਂ ਕਹਿੰਦਾ ਹਾਂ—ਦੂਜਿਆਂ ਨੂੰ ਧੋਖਾ ਦੇਣਾ ਹੋਵੇ, ਤੁਸੀਂ ਸਦਾ ਲਈ ਦੇ ਸਕਦੇ ਹੋ—ਲੇਕਿਨ ਆਪਣੇ ਨੂੰ ਧੋਖਾ ਤੁਸੀਂ ਇਕ ਪਲ ਲਈ ਵੀ ਨਹੀਂ ਦੇ ਸਕਦੇ ਹੋ। ਕਿਵੇਂ ਦਿਉਗੇ ਆਪਣੇ ਨੂੰ ਧੋਖਾ? ਕੌਣ ਦੇਵੇਗਾ ਅਤੇ ਕਿਸ ਨੂੰ ਦੇਵੇਗਾ? ਉੱਥੇ ਅੰਦਰ ਤੁਸੀਂ ਇਕ ਹੋ।

ਮੂੜ੍ਹਤਾ ਲੁਕਾਈ ਜਾ ਸਕਦੀ ਹੈ। ਸ਼ਾਸਤ੍ਰਾਂ ਨੂੰ ਲਪੇਟ ਲਓ ਆਪਣੇ ਚੌਹੀਂ ਪਾਸੀਂ, ਮੂੜ੍ਹਤਾ ਲੁਕ ਜਾਏਗੀ। ਵੇਦ ਨੂੰ ਕੰਠਸਥ ਕਰ ਲਓ, ਮੂੜ੍ਹਤਾ ਲੁਕ ਜਾਏਗੀ। ਗੀਤਾ ਦੁਹਰਾਉਣ ਲੱਗੋ, ਰੋਜ਼ ਪਾਠ ਕਰਨ ਲੱਗੋ, ਮੂੜ੍ਹਤਾ ਲੁਕ ਜਾਏਗੀ। ਲੰਮੇ ਸ਼ਬਦ ਸਿੱਖ ਲਓ, ਤਰਕ ਦਾ ਥੋੜਾ ਪ੍ਰਬੰਧ ਕਰ ਲਓ, ਵਿਸ਼ਲੇਸ਼ਣ ਦੀ ਕਲਾ ਸਿੱਖ ਲਓ—ਮੂੜ੍ਹਤਾ ਲੁਕ ਜਾਏਗੀ।

ਤੁਰਗਨੇਵ ਦੀ ਇਕ ਨਿੱਕੀ ਜਿਹੀ ਕਹਾਣੀ ਹੈ। ਇਕ ਪਿੰਡ ਵਿਚ ਇਕ ਮਹਾਂ ਮੂਰਖ ਸੀ। ਸਾਰਾ ਪਿੰਡ ਉਸ ਉੱਤੇ ਹੱਸਦਾ ਸੀ। ਉਹ ਜੋ ਵੀ ਕੁਝ ਕਹਿੰਦਾ, ਲੋਕ ਝਟਪਟ ਹੱਸ ਪੈਂਦੇ—ਬਿਨਾਂ ਹੀ ਸੁਣੇ ਕਿ ਉਹ ਕੀ ਕਹਿ ਰਿਹਾ ਹੈ। ਕਿਉਂਕਿ ਲੋਕਾਂ ਨੂੰ ਪੱਕਾ ਹੀ ਸੀ ਕਿ ਉਹ ਮਹਾਂ ਮੂਰਖ ਹੈ, ਉਹ ਕਹੇਗਾ ਹੀ ਮੂਰਖਤਾ ਦੀ ਗੱਲ। ਉਹ ਖੜਾ ਹੀ ਹੁੰਦਾ ਕਿ ਲੋਕ ਹੱਸਣ ਲੱਗਦੇ, ਅਜੇ ਉਸ ਨੇ ਕੁਝ ਕਿਹਾ ਹੀ ਨਹੀਂ ਸੀ। ਉਹ ਬਹੁਤ ਪ੍ਰੇਸ਼ਾਨ ਸੀ। ਇਕ ਫ਼ਕੀਰ ਪਿੰਡ ਵਿਚ ਆਇਆ ਸੀ, ਉਸ ਨੂੰ ਉਸ ਨੇ ਜਾ ਕੇ ਕਿਹਾ ਕਿ ਤੁਸੀਂ ਇਕ ਇਕੱਲੇ ਆਦਮੀ ਮੇਰੇ ਜੀਵਨ ਵਿਚ ਆਏ ਜੋ ਮੇਰੀ ਗੱਲ ਸੁਣ ਕੇ ਹੱਸਦੇ ਨਹੀਂ, ਸਗੋਂ ਗੰਭੀਰ ਹੋ ਜਾਂਦੇ ਹੋ, ਸੋਚਣ ਲੱਗਦੇ ਹੋ। ਪੂਰਾ ਪਿੰਡ ਹੱਸਦਾ ਹੈ। ਮੈਂ ਘਬਰਾ ਗਿਆ ਹਾਂ। ਮੇਰਾ ਬਹੁਤ ਅਪਮਾਨ ਹੁੰਦਾ ਰਹਿੰਦਾ ਹੈ। ਤੁਸੀਂ ਕੋਈ ਤਰਕੀਬ ਦੱਸੋ।

ਉਸ ਫ਼ਕੀਰ ਨੇ ਕਿਹਾ—ਤਰਕੀਬ ਆਸਾਨ ਹੈ। ਹੁਣ ਤੂੰ ਇਕ ਕੰਮ ਕਰ, ਕੋਈ ਵੀ ਕੁਝ ਬੋਲ ਰਿਹਾ ਹੋਵੇ, ਤੂੰ ਖਿੜਖਿੜਾ ਕੇ ਹੱਸੀਂ ਅਤੇ ਉਹ ਜੇਕਰ ਪੁੱਛੇ ਕਿ ਕਿਉਂ, ਕੀ ਗੱਲ ਹੈ ਤਾਂ ਉਹ ਕੁਝ ਵੀ ਕਹਿ ਰਿਹਾ ਹੋਵੇ—ਉਹ ਕਹਿ ਰਿਹਾ ਹੋਵੇ ਕਿ ਬਾਈਬਲ ਬੜੀ ਅਨੋਖੀ ਕਿਤਾਬ ਹੈ, ਤਾਂ ਕਹਿਣਾ—ਕੀ ਰੱਖਿਆ ਹੈ ਬਾਈਬਲ ਵਿਚ? ਕਿਹੜੀ ਅਨੋਖੀ ਗੱਲ ਲਿਖੀ ਹੈ? ਹਜ਼ਾਰ ਸ਼ਾਸਤ੍ਰ ਹਨ ਜਿਨ੍ਹਾਂ ਵਿਚ ਉਹ ਹੀ ਗੱਲ ਲਿਖੀ ਹੈ। ਕਿਹੜੀ ਨਵੀਂ ਗੱਲ ਕਹੀ ਹੈ, ਬੋਲੋ? ਕੋਈ ਕਹੇ ਸੂਰਜ ਬਹੁਤ ਸੁੰਦਰ ਹੈ, ਤਾਂ ਕਹਿਣਾ ਦੱਸੋ ਕੀ ਸੁੰਦਰ ਹੈ? ਅੱਗ ਦਾ ਗੋਲਾ ਹੈ। ਸੁੰਦਰਤਾ ਕਿਥੇ ਹੈ? ਕੋਈ ਕਹੇ ਚੰਨ ਵੇਖੋ, ਕਿਹੋ ਜਿਹਾ ਸੁੰਦਰੀ ਦੇ ਮੁੱਖ

ਵਰਗਾ! ਤਾਂ ਫ਼ੌਰਨ ਖੜੇ ਹੋ ਜਾਣਾ, ਕਹਿਣਾ, ਇਹ ਜ਼ਰਾ ਜ਼ਰੂਰਤ ਤੋਂ ਜ਼ਿਆਦਾ ਗੱਲ ਹੋ ਰਹੀ ਹੈ। ਕਿੱਥੇ ਸੁੰਦਰੀ ਦਾ ਮੁੱਖ ਅਤੇ ਕਿੱਥੇ ਚੰਦ੍ਰਮਾ! ਇਨ੍ਹਾਂ ਵਿਚ ਕੋਈ ਸੰਬੰਧ ਹੈ? ਚੰਨ ਕਿੰਨਾ ਵੱਡਾ, ਸੁੰਦਰੀ ਦਾ ਮੁੱਖ ਕਿੰਨਾ ਨਿੱਕਾ! ਬੱਸ ਤੂੰ ਖੰਡਣ ਕਰ ਸੱਤ ਦਿਨਾਂ ਤਕ। ਫਿਰ ਮੇਰੇ ਕੋਲ ਆਵੀਂ। ਤੂੰ ਕਿਸੇ ਚੀਜ਼ ਵਿਚ ਹਾਂ ਤਾਂ ਭਰੀਂ ਹੀ ਨਾ—ਨਾਂਹ ਕਰਨਾ।

ਉਸ ਨੇ ਸੱਤ ਦਿਨਾਂ ਤਕ ਇਹ ਹੀ ਕੀਤਾ। ਪਿੰਡ ਵਿਚ ਖ਼ਬਰ ਫੈਲ ਗਈ ਕਿ ਇਹ ਮਹਾਂ ਮੂਰਖ ਤਾਂ ਮਹਾਂ ਗਿਆਨੀ ਹੋ ਗਿਆ। ਇਸ ਦੇ ਸਾਹਮਣੇ ਕੁਝ ਵੀ ਕਹੋ, ਝਟਪਟ ਖੰਡਣ ਕਰ ਦਿੰਦਾ ਹੈ! ਤੁਸੀਂ ਕਹੋ ਇਹ ਕਵਿਤਾ ਸੁੰਦਰ ਹੈ, ਉਹ ਕਹਿੰਦਾ ਹੈ—ਇਸ ਵਿਚ ਕੀ ਰੱਖਿਆ ਹੈ? ਇਹ ਸਾਰੀ ਸ਼ਬਦਾਂ ਦੀ ਬਕਵਾਸ ਹੈ। ਸ਼ਬਦ ਜੋੜ ਕੇ ਰੱਖ ਦਿੱਤੇ, ਇਸ ਵਿਚ ਰੱਖਿਆ ਕੀ ਹੈ?

ਧਿਆਨ ਰੱਖਣਾ ਜੀਵਨ ਵਿਚ ਜੇਕਰ ਕੋਈ ਖੰਡਨ ਕਰਨ ਲੱਗ ਜਾਏ ਤਾਂ ਤੁਸੀਂ ਕੁਝ ਵੀ ਸਿੱਧ ਨਹੀਂ ਕਰ ਸਕੋਗੇ। ਖੰਡਨ ਕਰਨਾ ਬਹੁਤ ਆਸਾਨ ਹੈ। ਸਿੱਧ ਕਰਨਾ ਕਰੀਬ-ਕਰੀਬ ਅਸੰਭਵ ਹੈ। ਇਸ ਲਈ ਤਾਂ ਨਾਸਤਿਕ ਨੂੰ ਕੋਈ ਆਸਤਿਕ ਕਦੇ ਵੀ ਰਾਜ਼ੀ ਨਹੀਂ ਕਰ ਪਾਉਂਦਾ, ਕਿਉਂਕਿ ਨਾਸਤਿਕ ਨੂੰ ਕੁਲ ਖੰਡਿਤ ਕਰਨਾ ਹੈ, ਆਸਤਿਕ ਨੂੰ ਕੁਝ ਸਿੱਧ ਕਰਨਾ ਹੈ। ਸਿੱਧ ਕਰਨਾ ਬਹੁਤ ਔਖਾ ਹੈ—ਇਵੇਂ ਹੀ ਜਿਵੇਂ ਬਣਾਉਣਾ ਬਹੁਤ ਔਖਾ ਹੈ—ਮਿਟਾਉਣ ਵਿਚ ਕਿੰਨੀ ਦੇਰ ਲੱਗਦੀ ਹੈ? ਤਾਜ ਮਹਿਲ ਬਣਾਉਣ ਵਿਚ ਕਿੰਨੀ ਦੇਰ ਲੱਗੀ? ਮਿਟਾਉਣ 'ਚ ਕਿੰਨੀ ਦੇਰ ਲੱਗੇਗੀ? ਇਕ ਬੰਬ ਪਟਕ ਦਿਓ ਅਤੇ ਮਿਟ ਜਾਏਗਾ। ਇਕ ਆਦਮੀ ਮਿਟਾ ਦੇਵੇਗਾ। ਇਕ ਪਲ ਵਿਚ ਮਿਟਾ ਦੇਵੇਗਾ। ਬਣਾਉਣ ਵਿਚ ਕਹਿੰਦੇ ਹਨ ਚਾਲ੍ਹੀ ਸਾਲ ਲੱਗੇ। ਹਜ਼ਾਰਾਂ ਮਜ਼ਦੂਰ ਕੰਮ ਕਰਦੇ ਰਹੇ। ਲੱਖਾਂ ਲੋਕ ਇਕੱਠੇ ਰਹੇ। ਹਜ਼ਾਰਾਂ ਕਾਰੀਗਰ ਰਹੇ। ਵਰ੍ਹਿਆਂ ਲੱਗੇ। ਕਹਿੰਦੇ ਹਨ ਤਿੰਨ ਪੀੜ੍ਹੀਆਂ ਲੱਗ ਗਈਆਂ ਲੋਕਾਂ ਦੀਆਂ। ਪਹਿਲੀ ਪੀੜ੍ਹੀ ਕੰਮ ਕਰਨ ਆਈ ਸੀ ਉਹ ਮੁੱਕ ਗਈ, ਦੂਜੀ ਪੀੜ੍ਹੀ ਕੰਮ 'ਚ ਲੱਗ ਗਈ, ਉਹ ਬੁੱਢੀ ਹੋ ਗਈ, ਤੀਜੀ ਪੀੜ੍ਹੀ ਕੰਮ 'ਚ ਸੰਲਗਨ ਹੋ ਗਈ, ਤਦ ਕਿਤੇ ਬਣ ਕੇ ਤਿਆਰ ਹੋ ਪਾਇਆ। ਲੇਕਿਨ ਮਿਟਾਉਣ 'ਚ ਕਿੰਨੀ ਦੇਰ ਲੱਗੇਗੀ?

ਖੰਡਨ ਮਿਟਾਉਣਾ ਹੈ। ਇਸ ਲਈ ਤੁਸੀਂ ਪੰਡਿਤਾਂ ਨੂੰ ਹਮੇਸ਼ਾ ਖੰਡਨ ਕਰਦੇ ਪਾਉਗੇ। ਸੰਤਾਂ ਨੂੰ ਸਿੱਧ ਕਰਦੇ ਪਾਉਗੇ, ਪੰਡਿਤਾਂ ਨੂੰ ਸਦਾ ਖੰਡਨ ਕਰਦੇ ਹੀ ਵੇਖੋਗੇ। ਸੰਤਾਂ ਨੂੰ ਸਦਾ ਕੁਝ ਬਣਾਉਂਦੇ ਪਾਉਗੇ। ਪੰਡਿਤਾਂ ਨੂੰ ਸਦਾ ਮਿਟਾਉਂਦੇ ਪਾਉਗੇ। ਉਹ ਸਰਲ ਕੰਮ ਹੈ। ਉਹ ਨਾਲ ਮੂੜ੍ਹਤਾ ਬਹੁਤ ਆਸਾਨੀ ਨਾਲ ਲੁਕ ਜਾਂਦੀ ਹੈ, ਹੋਰ ਕੋਈ ਵੀ ਤੁਹਾਨੂੰ ਸਿੱਧ ਕਰ ਕੇ ਨਹੀਂ ਦੱਸ ਸਕਦਾ। ਜੇਕਰ ਤੁਸੀਂ

ਕਹਿ ਦਿਓ ਕਿ ਕਮਲ ਦੇ ਫੁੱਲ ਵਿਚ ਕਿਹੜੀ ਖ਼ੂਬਸੂਰਤੀ ਹੈ, ਸਿੱਧ ਕਰੋ, ਤਾਂ ਕੌਣ ਸਿੱਧ ਕਰੇਗਾ ? ਜਾਂ ਤਾਂ ਖ਼ੂਬਸੂਰਤੀ ਵਿਖਾਈ ਪੈਂਦੀ ਹੈ ਜਾਂ ਨਹੀਂ ਵਿਖਾਈ ਪੈਂਦੀ, ਸਿੱਧ ਕਰਨ ਦਾ ਕੀ ਉਪਾਇ ਹੈ ? ਕੀ ਰਸਤਾ ਹੈ ? ਕਿਵੇਂ ਸਿੱਧ ਕਰੋਗੇ।

ਸੁੰਦਰਤਾ ਤਾਂ ਇਕ ਅਨੁਭੂਤੀ (ਮਹਿਸੂਸ ਕਰਨਾ) ਹੈ। ਕੋਈ ਹੱਥ ਉੱਤੇ ਕੱਢ ਕੇ ਦੱਸੀ ਨਹੀਂ ਜਾ ਸਕਦੀ ਕਿ ਇਹ ਰਹੀ ਸੁੰਦਰਤਾ। ਸੁੰਦਰਤਾ ਹੈ—ਲੇਕਿਨ ਤੁਸੀਂ ਜੇਕਰ ਵੇਖਣ ਨੂੰ ਰਾਜ਼ੀ ਹੋ ਤਾਂ ਹੀ ਹੈ। ਜੇਕਰ ਤੁਸੀਂ ਵੇਖਣ ਨੂੰ ਰਾਜ਼ੀ ਨਹੀਂ ਤਾਂ ਦੁਨੀਆਂ ਭਰ ਦੀਆਂ ਅੱਖਾਂ ਵੀ ਇਕੱਠੀਆਂ ਹੋ ਜਾਣ ਤਾਂ ਵੀ ਤੁਹਾਨੂੰ ਵਿਖਾਇਆ ਨਹੀਂ ਜਾ ਸਕਦਾ।

ਪਰਮਾਤਮਾ ਹੈ, ਜੇਕਰ ਤੁਸੀਂ ਉਸ ਨੂੰ ਵੇਖਣ ਨੂੰ ਰਾਜ਼ੀ ਹੋ। ਇਸ ਲਈ ਤਾਂ ਸੰਤ ਕਹਿੰਦੇ ਹਨ, ਸ਼ਰਧਾ ਤੋਂ ਬਗ਼ੈਰ ਉਸ ਨਾਲ ਕੋਈ ਸੰਬੰਧ ਨਹੀਂ ਜੁੜਦਾ। ਲੇਕਿਨ ਨਾਸਤਿਕ ਕਹਿੰਦਾ ਹੈ, ਪਹਿਲਾਂ ਵਿਖਾ ਦਿਓ ਤਾਂ ਅਸੀਂ ਸ਼ਰਧਾ ਕਰਨ ਨੂੰ ਰਾਜ਼ੀ ਹਾਂ। ਅਤੇ ਬਿਨਾਂ ਸ਼ਰਧਾ ਦੇ ਉਹ ਵਿਖਾਈ ਨਹੀਂ ਦਿੰਦਾ। ਸੁੰਦਰਤਾ ਦਾ ਗਿਆਨ ਹੋਵੇ ਤਾਂ ਸੁੰਦਰਤਾ ਵਿਖਾਈ ਪੈਂਦੀ ਹੈ, ਚੰਨ ਵਿਚ, ਫੁੱਲਾਂ ਵਿਚ, ਸੁੰਦਰਤਾ ਦਾ ਬੋਧ ਹੀ ਨਾ ਹੋਵੇ ਤਾਂ ਨਹੀਂ ਵਿਖਾਈ ਪੈਂਦਾ।

ਸੋ, ਇਕ ਤਾਂ ਹੈ ਮੂੜ੍ਹਤਾ ਨੂੰ ਲੁਕਾ ਲੈਣਾ। ਸ਼ਾਸਤ੍ਰ ਬਹੁਤ ਆਸਾਨੀ ਨਾਲ ਉਪਲਬਧ ਹਨ। ਉਨ੍ਹਾਂ ਨੂੰ ਪੜ੍ਹ ਸੁੱਟੋ, ਉਨ੍ਹਾਂ ਦੇ ਸ਼ਬਦ ਸਿੱਖ ਲਓ, ਸਿਧਾਂਤ ਸਿੱਖ ਲਓ—ਤੁਹਾਡਾ ਅਗਿਆਨਾ ਦੱਬ ਜਾਏਗਾ, ਮਿਟੇਗਾ ਨਹੀਂ। ਹਾਂ, ਦੂਜੇ ਦੇ ਸਾਹਮਣੇ ਤੁਸੀਂ ਆਪਣੇ ਨੂੰ ਗਿਆਨੀ ਸਿੱਧ ਕਰ ਸਕਦੇ ਹੋ।

ਮੈਂ ਸੁਣਿਆ ਹੈ ਕਿ ਰਾਮਤੀਰਥ ਅਮਰੀਕਾ ਤੋਂ ਪਰਤੇ। ਅਮਰੀਕਾ ਵਿਚ ਉਨ੍ਹਾਂ ਦਾ ਬਹੁਤ ਸਵਾਗਤ ਹੋਇਆ ਸੀ। ਲੋਕ ਪਾਗ਼ਲ ਹੋ ਗਏ ਸੀ। ਰਾਮਤੀਰਥ ਦੀ ਵਾਣੀ 'ਚ ਕੁਝ ਖ਼ੂਬੀ ਸੀ। ਹਿਰਦੇ ਦੇ ਸੁਰ ਸਨ। ਇਵੇਂ ਹੀ ਬੁੱਧੀ ਤੋਂ ਨਹੀਂ ਆਏ ਸਨ, ਪ੍ਰਾਣਾਂ ਤੋਂ ਜਨਮੇ ਸੀ। ਰਾਮਤੀਰਥ ਦੀ ਮਸਤੀ ਇਕ ਤਾਜ਼ਗੀ ਲਈ ਹੋਈ ਸੀ। ਬੋਲਦੇ ਸੀ ਤਾਂ ਫੁੱਲ ਝੜਦੇ ਸਨ। ਟੁਰਦੇ ਸੀ ਤਾਂ ਫੁੱਲ ਝੜਦੇ ਸਨ ਅਤੇ ਜੀਵਨ ਤਰਕ ਦਾ ਨਹੀਂ ਸੀ, ਬਹੁਤ ਡੂੰਘੀ ਕਵਿਤਾ ਦਾ ਸੀ।

ਇਕ ਬਗੀਚੇ 'ਚ ਬੈਠੇ ਸਨ ਤਾਂ ਕਿਸੇ ਨੇ ਪੁੱਛ ਲਿਆ ਆ ਕੇ ਕਿ ਅਸੀਂ ਸੁਣਿਆ ਹੈ ਕਿ ਕ੍ਰਿਸ਼ਨ ਨੇ ਜਦ ਬੰਸਰੀ ਵਜਾਈ ਤਾਂ ਦੂਰ-ਦੂਰ ਤੋਂ ਗੋਪੀਆਂ ਅਤੇ ਗੋਪ ਭੱਜੇ ਚਲੇ ਆਉਂਦੇ ਸਨ—ਇਕਾਧ ਵਾਰੀ ਹੋ ਸਕਦਾ ਹੈ, ਲੇਕਿਨ ਸਾਨੂੰ ਇਸ ਵਿਚ ਕੋਈ ਕਾਰਨ ਵਿਖਾਈ ਨਹੀਂ ਪੈਂਦਾ ਕਿ ਕੋਈ ਬੰਸਰੀ ਇੰਨੀ ਸੁੰਦਰ ਵੱਜ ਸਕਦੀ ਹੈ।

ਉਹ ਬੈਠੇ ਸਨ। ਇਕ ਚਾਦਰ ਓੜ ਰੱਖੀ ਸੀ, ਉਹ ਸੁੱਟ ਦਿੱਤੀ, ਨਗਨ ਹੋ ਗਏ ਅਤੇ ਭੱਜੇ। ਉਹ ਜਿੰਨੇ ਲੋਕ ਬਗੀਚੇ ਵਿਚ, ਇਧਰ-ਓਧਰ ਖਲੋਤੇ ਸਨ, ਉਹ ਸਾਰੇ ਉਨ੍ਹਾਂ ਦੇ ਪਿੱਛੇ ਭੱਜੇ। ਉਹ ਜਾ ਕੇ ਇਕ ਟੀਲੇ ਉੱਤੇ ਖਲੋ ਗਏ। ਭੀੜ ਉਥੇ ਲੱਗ ਗਈ। ਉਨ੍ਹਾਂ ਨੇ ਕਿਹਾ—ਸਮਝ ਵਿਚ ਆਇਆ ? ਇਕ ਨੰਗੇ ਆਦਮੀ ਨੂੰ ਵੇਖ ਕੇ ਲੋਕ ਭੱਜੇ ਚਲੇ ਆਉਂਦੇ ਹਨ। ਮੇਰੇ ਨੰਗੇਪਨ ਵਿਚ ਕੀ ਰੱਖਿਆ ਹੈ, ਕ੍ਰਿਸ਼ਨ ਦੀ ਬੰਸਰੀ ਦੀ ਗੱਲ ਹੀ ਕੀ ਕਹਿਣੀ! ਜਦ ਉਹ ਵੱਜੇਗੀ ਤਦ ਤੁਸੀਂ ਜਾਣੋਗੇ। ਜਦ ਤਕ ਨਹੀਂ ਵੱਜੀ ਉਹ, ਤਦ ਤਕ ਤੁਸੀਂ ਨਹੀਂ ਜਾਣੋਗੇ।

ਲੋਕ ਪਾਗ਼ਲ ਸਨ।

ਅਮਰੀਕਾ ਦਾ ਪ੍ਰੈਜ਼ੀਡੈਂਟ ਰਾਮਤੀਰਥ ਨੂੰ ਮਿਲਣ ਆਇਆ ਸੀ ਅਤੇ ਬਹੁਤ ਆਨੰਦਿਤ ਹੋਇਆ ਸੀ, ਕਿਉਂਕਿ ਰਾਮਤੀਰਥ ਆਪਣੇ ਨੂੰ ਕਹਿੰਦੇ ਹੀ ਬਾਦਸ਼ਾਹ ਸਨ—ਬਾਦਸ਼ਾਹ ਰਾਮ! ਉਨ੍ਹਾਂ ਨੇ ਇਕ ਕਿਤਾਬ ਲਿਖੀ ਸੀ, ਉਸ ਦਾ ਨਾਂ ਹੈ—ਬਾਦਸ਼ਾਹ ਰਾਮ ਦੇ ਛੇ ਹੁਕਮਨਾਮੇ। ਉਹ ਆਪਣੇ ਨੂੰ ਬੋਲਦੇ ਹੀ ਨਹੀਂ ਸਨ, ਮੈਂ ਤਾਂ ਕਹਿੰਦੇ ਹੀ ਨਹੀਂ ਸੀ, ਉਹ ਕਹਿੰਦੇ ਸਨ ਰਾਮ ਬਾਦਸ਼ਾਹ! ਆਪਣੇ ਨੂੰ ਸਮਰਾਟ ਕਹਿੰਦੇ ਸਨ। ਸੀ ਕੁਝ ਵੀ ਨਹੀਂ ਕੋਲ—ਇਕ ਲੰਗੋਟੀ, ਇਕ ਭਿਕਸ਼ਾਪਾਤ੍ਰ! ਅਮਰੀਕਾ ਦੇ ਪ੍ਰੈਜ਼ੀਡੈਂਟ ਨੇ ਕਿਹਾ—ਹੋਰ ਸਭ ਤਾਂ ਮੇਰੀ ਸਮਝ ਵਿਚ ਆਉਂਦਾ ਹੈ, ਲੇਕਿਨ ਆਪਣੇ ਨੂੰ ਬਾਦਸ਼ਾਹ ਕਿਉਂ ਆਖਦੇ ਹੋ ? ਤੁਹਾਡੇ ਕੋਲ ਹੈ ਤਾਂ ਕੁਝ ਵੀ ਨਹੀਂ।

ਰਾਮਤੀਰਥ ਨੇ ਕਿਹਾ—ਇਸੇ ਲਈ! ਜਿਸ ਦੇ ਕੋਲ ਕੁਝ ਹੈ, ਅਜੇ ਉਸ ਦੀ ਬਾਦਸ਼ਾਹਤ ਵਿਚ ਕਮੀ ਹੈ। ਜਿਹੜੇ ਕੁਝ ਫੜੀ ਬੈਠੇ ਹਨ ਉਹ ਗ਼ਰੀਬ ਹਨ। ਫੜਦਾ ਗਰੀਬ ਹੈ। ਸਾਰੀ ਦੁਨੀਆਂ ਮੇਰੀ ਹੈ। ਚੰਨ-ਤਾਰੇ ਮੈਂ ਬਣਾਏ, ਇਨ੍ਹਾਂ ਨੂੰ ਮੈਂ ਹੀ ਚਲਾਉਂਦਾ ਹਾਂ। ਫੜਨਾ ਕੀ ਹੈ ? ਮੇਰੀ ਕੋਈ ਚਾਹ ਨਹੀਂ ਹੈ, ਇਸ ਲਈ ਬਾਦਸ਼ਾਹ ਹਾਂ।

ਉਹ ਪਰਤੇ ਅਮਰੀਕਾ ਤੋਂ। ਬਹੁਤ ਗਹਿਰੇ ਆਨੰਦ ਵਿਚ ਸਨ। ਸੁਭਾਵਤ: ਉਨ੍ਹਾਂ ਨੂੰ ਲੱਗਿਆ ਕਿ ਕਾਸ਼ੀ ਜਾਵਾਂ, ਜੋ ਅਮਰੀਕਾ ਵਿਚ ਘਟਨਾ ਘਟੀ ਹੈ, ਕਾਸ਼ੀ ਦੇ ਸਮਝਦਾਰ ਉਸ ਨੂੰ ਸਮਝ ਪਾਉਣਗੇ। ਹੋਰ ਤਾਂ ਕੌਣ ਸਮਝੇਗਾ ਭਾਰਤ ਵਿਚ ? ਜੋ ਘਟਿਆ ਹੈ ਜੋ ਅਪੂਰਵ ਘਟਿਆ ਹੈ, ਲੱਖਾਂ ਲੋਕਾਂ ਦੇ ਹਿਰਦੇ ਵਿਚ ਜੋ ਇਕ ਧੁੰਨ ਵੱਜ ਗਈ ਹੈ, ਕਾਸ਼ੀ ਦੇ ਲੋਕ ਸਮਝ ਸਕਣਗੇ। ਕਾਸ਼ੀ ਦੇ ਪੰਡਿਤ.....।

ਉਨ੍ਹਾਂ ਕੋਲੋਂ ਭੁੱਲ ਹੋ ਗਈ। ਉਹ ਜਦ ਕਾਸ਼ੀ ਗਏ ਅਤੇ ਉਨ੍ਹਾਂ ਨੇ ਆਪਣਾ ਪਹਿਲਾ ਪ੍ਰਵਚਨ ਕੀਤਾ, ਕੋਈ ਨਤੀਜਾ ਨਾ ਹੋਇਆ, ਸਗੋਂ ਲੋਕ ਬੇਚੈਨ ਮਾਲੂਮ

ਪਏ ਅਤੇ ਜਦ ਉਹ ਬੋਲ ਹਟੇ ਤਾਂ ਇਕ ਪੰਡਿਤ ਨੇ ਖੜੇ ਹੋ ਕੇ ਕਿਹਾ—ਜਿਹੜਾ ਕਾਸ਼ੀ ਦਾ ਉਸ ਵੇਲੇ ਦਾ ਸਭ ਤੋਂ ਵੱਡਾ ਪੰਡਿਤ ਸੀ—ਉਸ ਨੇ ਕਿਹਾ ਸੰਸਕ੍ਰਿਤ ਆਉਂਦੀ ਹੈ ? ਰਾਮਤੀਰਥ ਨੇ ਕਿਹਾ, ਨਹੀਂ ਸੰਸਕ੍ਰਿਤ ਤਾਂ ਨਹੀਂ ਆਉਂਦੀ। ਉਹ ਹੱਸਣ ਲੱਗਾ। ਉਸ ਨੇ ਕਿਹਾ—ਕੀ ਖ਼ਾਕ ਬ੍ਰਹਮ ਗਿਆਨ ਆਏਗਾ ਜਦ ਸੰਸਕ੍ਰਿਤ ਹੀ ਨਹੀਂ ਆਉਂਦੀ ? ਪਹਿਲਾਂ ਸੰਸਕ੍ਰਿਤ ਦੀ ਵਿਆਕਰਣ ਸਿੱਖੋ।

ਇੰਨਾ ਹੀ ਕੁਲ ਨਤੀਜਾ ਕਾਸ਼ੀ ਵਿਚ ਹੋਇਆ। ਜਿੱਥੇ ਕੋਈ ਕੁਝ ਨਹੀਂ ਜਾਣਦਾ ਸੀ, ਉੱਥੇ ਲੋਕਾਂ ਨੇ ਇੰਨਾ ਪ੍ਰੇਮ ਅਤੇ ਆਹੋ-ਭਾਵ ਦਿੱਤਾ। ਕਾਸ਼ੀ ਵਿਚ ਜਿੱਥੇ ਉਨ੍ਹਾਂ ਨੂੰ ਖ਼ਿਆਲ ਸੀ, ਜਾਨਣ ਵਾਲੇ ਹਨ, ਉੱਥੇ ਉਨ੍ਹਾਂ ਨੇ ਮੂੜ੍ਹ ਵੇਖੇ, ਜਿਹੜੇ ਭਾਸ਼ਾ ਅਤੇ ਵਿਆਕਰਣ ਵਿਚ ਉਲਝੇ ਹਨ। ਉਨ੍ਹਾਂ ਨੇ ਕਾਸ਼ੀ ਛੱਡ ਦਿੱਤੀ।

ਪਾਂਡਿਤਯ ਮੂੜ੍ਹਤਾ ਨੂੰ ਲੁਕਾਉਣ ਦਾ ਢੰਗ ਹੈ। ਵਿਆਕਰਣ, ਭਾਸ਼ਾ, ਸ਼ਾਸਤ੍ਰ ਬਹੁਤ ਆਸਾਨ ਹਨ। ਗਿਆਨ ਬਹੁਤ ਔਖਾ ਹੈ। ਗਿਆਨ ਬਾਹਰੋਂ ਅੰਦਰ ਨਹੀਂ ਆਉਂਦਾ। ਪਾਂਡਿਤਯ ਬਾਹਰੋਂ ਅੰਦਰ ਆਉਂਦਾ ਹੈ। ਗਿਆਨ ਅੰਦਰੋਂ ਬਾਹਰ ਜਾਂਦਾ ਹੈ। ਉਨ੍ਹਾਂ ਦੀਆਂ ਯਾਤ੍ਰਾਵਾਂ ਵੱਖ ਹਨ।

ਫ਼ਰੀਦ ਕਹਿੰਦੇ ਹਨ—'ਫਰੀਦਾ ਜੇ ਤੂ ਅਕਲਿ ਲਤੀਫੁ—ਜੇਕਰ ਸੱਚਮੁੱਚ ਹੀ ਤੇਰੇ ਕੋਲ ਬੁੱਧੀ ਹੈ। ਸੱਚਮੁੱਚ ਹੀ ਜੇਕਰ ਤੂੰ ਅਕਲ-ਲਤੀਫ਼ ਹੈਂ—ਕਿਉਂਕਿ ਝੂਠੀਆਂ ਬੁੱਧੀਆਂ ਤਾਂ ਚੌਹੀਂ ਪਾਸੀਂ ਵਿਖਾਈ ਪੈ ਰਹੀਆਂ ਹਨ, ਉਨ੍ਹਾਂ ਦੀ ਗੱਲ ਹੀ ਨਾ ਕਰੋ, ਝੂਠੀਆਂ ਬੁੱਧੀਆਂ ਨੇ ਤਾਂ ਇੰਨੀ ਹੀ ਬੁੱਧੀਮਤਾ ਜੋੜੀ ਹੈ ਕਿ ਅਗਿਆਨ ਨੂੰ ਲੁਕਾ ਲਿਆ ਹੈ—ਲੇਕਿਨ ਜੇਕਰ ਤੂੰ ਸੱਚ 'ਚ ਹੀ ਬੁੱਧੀਮਾਨ ਹੈਂ ਤਾਂ ਫਿਰ ਪਹਿਲਾ ਕੰਮ ਬੁੱਧੀਮਾਨੀ ਦਾ ਇਹ ਹੈ ਕਿ ਤੂੰ ਦੂਜੇ ਦੇ ਖ਼ਿਲਾਫ਼ ਕਾਲੇ ਅੱਖਰ ਨਾ ਲਿਖ, ਤੂੰ ਦੂਜੇ ਦੀ ਬੁਰਾਈ ਨਾ ਵੇਖ।

ਇਹ ਬੁੱਧੀਮਾਨ ਦਾ ਪਹਿਲਾ ਲੱਖਣ ਹੈ, ਕਿਉਂਕਿ ਦੂਜੇ ਦੀ ਬੁਰਾਈ ਵੇਖਣ ਨਾਲ ਕੀ ਹੋਏਗਾ, ਹੋਰ ਥੋੜ੍ਹਾ ਸੋਚਣਾ ਅਸੀਂ ਦੂਜੇ ਦੀ ਬੁਰਾਈ ਵੇਖਣ ਵਿਚ ਇੰਨਾ ਕਾਹਲਾਪਨ, ਇੰਨੀ ਉਤਸੁਕਤਾ ਕਿਉਂ ਲੈਂਦੇ ਹਾਂ ? ਦੂਜਿਆਂ ਦੀ ਬੁਰਾਈ ਨੂੰ ਵੇਖਣਾ ਸ੍ਵੈਂ ਦੀ ਬੁਰਾਈ ਨੂੰ ਲੁਕਾਉਣ ਦਾ ਢੰਗ ਹੈ। ਉਸ ਦੇ ਪਿੱਛੇ ਬਹੁਤ ਇੰਤਜ਼ਾਮ ਹੈ। ਦੂਜੇ ਦੀ ਬੁਰਾਈ ਵੇਖ ਕੇ ਤੁਹਾਨੂੰ ਰਾਹਤ ਮਿਲਦੀ ਹੈ।

ਰੋਜ਼ ਸਵੇਰੇ ਤੁਸੀਂ ਅਖ਼ਬਾਰ ਪੜ੍ਹ ਲੈਂਦੇ ਹੋ—ਵੇਖ ਲੈਂਦੇ ਹੋ, ਇੰਨੇ ਡਾਕੇ ਪਏ, ਇੰਨੀਆਂ ਹੱਤਿਆਵਾਂ ਕੀਤੀਆਂ ਗਈਆਂ, ਤੁਹਾਡੇ ਮਨ 'ਚ ਬਹੁਤ ਭਾਵ ਪੈਦਾ ਹੁੰਦਾ ਹੈ ਕਿ ਅਸੀਂ ਹੀ ਭਲੇ ਹਾਂ, ਨਾ ਡਾਕਾ ਮਾਰਦੇ ਹਾਂ, ਨਾ ਹੱਤਿਆ ਕਰਦੇ ਹਾਂ। ਕਦੇ ਕਿਸੇ ਦੀ ਥੋੜ੍ਹੀ ਜੇਬ ਕੱਟ ਲਈ, ਇੰਨਾ ਨਿੱਕਾ-ਮੋਟਾ ਤਾਂ ਕਰਨਾ

ਹੀ ਪਏਗਾ, ਜਦ ਦੁਨੀਆਂ ਵਿਚ ਇੰਨਾ ਸਭ ਹੋ ਰਿਹਾ ਹੈ। ਬੁਰਾਈ ਵੇਖ ਕੇ ਤੁਹਾਨੂੰ ਰਾਹਤ ਮਿਲਦੀ ਹੈ ਕਿ ਮੇਰੀ ਬੁਰਾਈ ਕੀ ਹੈ, ਕੁਝ ਵੀ ਨਹੀਂ ਹੈ—ਚੱਲਣ ਦਿਓ ਕੋਈ ਹਰਜ਼ਾ ਨਹੀਂ ਹੈ। ਇਸ ਦੁਨੀਆਂ ਵਿਚ ਜੀਊਣਾ ਹੈ ਤਾਂ ਇੰਨਾ ਤਾਂ ਚਲਾਉਣਾ ਹੀ ਪਏਗਾ, ਨਹੀਂ ਤਾਂ ਮਾਰੇ ਜਾਉਗੇ। ਇਹ ਤਾਂ ਵਿਹਾਰਕ ਹੈ। ਅਸੀਂ ਕੋਈ ਬਹੁਤ ਵੱਡੇ ਕੰਮ ਨਹੀਂ ਕਰ ਰਹੇ ਹਾਂ—ਨਾ ਤਾਂ ਮੁਜੀਬੁਰ ਰਹਿਮਾਨ ਦੀ ਹੱਤਿਆ ਕਰ ਰਹੇ ਹਾਂ, ਨਾ ਫੋਰਡ ਨੂੰ ਮਾਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਕੁਝ ਵੀ ਨਹੀਂ ਕਰ ਰਹੇ ਹਾਂ। ਹੁਣ ਛੋਟਾ-ਮੋਟਾ ਤਾਂ ਚੱਲੇਗਾ ਹੀ ਕਿ ਗ੍ਰਾਹਕ ਤੋਂ ਪੰਜ ਰੁਪਏ ਦੀ ਥਾਂ ਸਾਢੇ ਪੰਜ ਰੁਪਏ ਲੈ ਲਏ, ਅੱਠਾਂ ਆਨਿਆਂ ਦੇ ਪਿੱਛੇ ਕੀ ਸਾਨੂੰ ਨਰਕ ਭੇਜੋਗੇ ? ਹੋਰ ਜੇਕਰ ਇਹ ਸਭ ਦੁਨੀਆਂ 'ਚ ਚੱਲ ਰਿਹਾ ਹੈ ਤਾਂ ਨਰਕ ਵਿਚ ਸਾਨੂੰ ਥਾਂ ਹੀ ਕਿੱਥੇ ਮਿਲੇਗੀ ? ਸਾਰੇ ਲੋਕ ਨਰਕ ਵਿਚ ਹੋਣਗੇ। ਸਾਡਾ ਕਿਊ ਵਿਚ ਨੰਬਰ ਆਉਣ ਵਾਲਾ ਵੀ ਨਹੀਂ ਹੈ।

ਦੂਜੇ ਦੀ ਬੁਰਾਈ ਵੇਖ ਕੇ ਖ਼ੁਦ ਦੀ ਬੁਰਾਈ ਛੋਟੀ ਹੋ ਜਾਂਦੀ ਹੈ। ਇਸ ਲਈ ਤੁਸੀਂ ਦੂਜੇ ਦੀ ਬੁਰਾਈ ਵੀ ਵੇਖਦੇ ਹੋ ਅਤੇ ਦੂਜੇ ਦੀ ਬੁਰਾਈ ਨੂੰ ਵੱਡਾ ਕਰ ਕੇ ਵੀ ਵੇਖਦੇ ਹੋ। ਉਹ ਤਰਕੀਬ ਹੈ ਤਸੱਲੀ ਦੀ। ਫਿਰ ਕ੍ਰਾਂਤੀ ਦੀ ਕੋਈ ਲੋੜ ਨਹੀਂ, ਫਿਰ ਤੁਹਾਨੂੰ ਬਦਲਣ ਦੀ ਕੋਈ ਲੋੜ ਨਹੀਂ। ਜਦ ਦੁਨੀਆਂ ਬਦਲੇਗੀ ਤਦ.....। ਇਸ ਬੁਰੀ ਦੁਨੀਆਂ ਵਿਚ ਤਾਂ ਥੋੜ੍ਹਾ ਬੁਰਾ ਹੋਣਾ ਹੀ ਪਏਗਾ। ਇੱਥੇ ਸ਼ੁੱਧ ਹੋਣ ਦਾ ਉਪਾਇ ਨਹੀਂ ਹੈ। ਇਥੇ ਸੰਤ ਹੋ ਗਏ ਤਾਂ ਮੂੜ੍ਹ ਸਿੱਧ ਹੋਵੋਗੇ, ਲੋਕ ਲੁੱਟ ਲੈਣਗੇ। ਇੰਨੀ ਵਿਹਾਰ ਕੁਸ਼ਲਤਾ ਤਾਂ ਚਾਹੀਦੀ ਹੀ ਹੈ।

ਸੋ ਆਪਣੀ ਬੁਰਾਈ ਵਿਹਾਰ-ਕੁਸ਼ਲਤਾ ਮਾਲੂਮ ਹੋਣ ਲੱਗਦੀ ਹੈ, ਜਦ ਸਭ ਦੀ ਬੁਰਾਈ ਵਿਖਾਈ ਦਿੰਦੀ ਹੈ।

ਸੰਤ ਅਗਸਤੀਨ ਇਕ ਇਸਾਈ ਫ਼ਕੀਰ ਹੋਇਆ। ਉਸ ਨੇ ਕਿਹਾ ਹੈ—ਹੇ ਪਰਮਾਤਮਾ, ਜਦ ਮੈਂ ਦੂਜਿਆਂ ਦੀ ਬੁਰਾਈ ਵੇਖਦਾ ਹਾਂ, ਤਾਂ ਮੇਰੇ ਤੋਂ ਪੁੰਨ-ਆਤਮਾ ਜਗਤ ਵਿਚ ਕੋਈ ਵਿਖਾਈ ਨਹੀਂ ਪੈਂਦਾ। ਅਤੇ ਜਦ ਮੈਂ ਆਪਣੀ ਬੁਰਾਈ ਵੇਖਦਾ ਹਾਂ ਤਾਂ ਮੇਰੇ ਤੋਂ ਵੱਡਾ ਪਾਪੀ ਕੋਈ ਨਹੀਂ ਵਿਖਾਈ ਦਿੰਦਾ। ਹੁਣ ਮੈਂ ਕੀ ਕਰਾਂ ? ਕਿਸ ਪਾਸੇ ਵੇਖਾਂ ?

ਮੂੜ੍ਹ ਦੂਜੇ ਦੇ ਵੱਲ ਵੇਖੇਗਾ, ਕਿਉਂਕਿ ਉਹ ਮੁਫ਼ਤ ਵਿਚ ਪੁੰਨ-ਆਤਮਾ ਹੋ ਜਾਣ ਦਾ ਮਜ਼ਾ ਹੈ, ਬਿਨਾਂ ਪੁੰਨ-ਆਤਮਾ ਹੋਏ ਪੁੰਨ-ਆਤਮਾ ਹੋ ਜਾਣ ਦੀ ਆਸਾਨੀ ਹੈ, ਉਸ ਵਿਚ ਦੂਜੇ ਦਾ ਪਾਪ ਵੇਖੋ.....।

ਤੁਸੀਂ ਕਹਾਣੀ ਸੁਣੀ ਹੈ, ਅਕਬਰ ਨੇ ਇਕ ਲਕੀਰ ਖਿੱਚ ਦਿੱਤੀ ਆਪਣੇ ਦਰਬਾਰ 'ਚ ਅਤੇ ਕਿਹਾ ਆਪਣੇ ਦਰਬਾਰੀਆਂ ਨੂੰ, ਇਸ ਲਕੀਰ ਨੂੰ ਬਿਨਾਂ

ਛੂਹਣ ਤੋਂ ਛੋਟਾ ਕਰ ਦਿਓ। ਹੁਣ ਲਕੀਰ ਬਿਨਾਂ ਛੂਹੇ ਛੋਟੀ ਕਿਵੇਂ ਹੋਵੇ? ਦਰਬਾਰੀਆਂ ਨੇ ਬਹੁਤ ਮਗ਼ਜ਼-ਪੱਚੀ ਕੀਤੀ, ਉਹ ਨਾ ਕਰ ਸਕੇ। ਬੀਰਬਲ ਉੱਠਿਆ ਅਤੇ ਉਸ ਨੇ ਇਕ ਵੱਡੀ ਲਕੀਰ ਉਸ ਦੇ ਹੇਠਾਂ ਖਿੱਚ ਦਿੱਤੀ। ਉਸ ਲਕੀਰ ਨੂੰ ਛੂਹਿਆ ਵੀ ਨਹੀਂ, ਵੱਡੀ ਲਕੀਰ ਹੇਠਾਂ ਖਿੱਚਦੇ ਹੀ ਉਹ ਛੋਟੀ ਹੋ ਗਈ।

ਜੋ ਬੀਰਬਲ ਨੇ ਕੀਤਾ, ਉਹ ਹੀ ਤੁਸੀਂ ਕਰ ਰਹੇ ਹੋ, ਉਹ ਹੀ ਪੂਰਾ ਸੰਸਾਰ ਕਰ ਰਿਹਾ ਹੈ। ਆਪਣੀ ਲਕੀਰ ਨੂੰ ਛੋਟਾ ਵਿਖਾਉਣ ਲਈ ਦੂਜੇ ਦੀ ਲਕੀਰ ਨੂੰ ਵੱਡਾ ਖਿੱਚ ਦਿਓ—ਇੰਨਾ ਵੱਡਾ ਖਿੱਚ ਦਿਓ—ਸਾਰੀ ਦੁਨੀਆਂ ਦੇ ਪਾਪਾਂ ਦਾ ਪਤਾ ਲਾ ਲਓ, ਫਿਰ ਤੁਹਾਨੂੰ ਆਪਣੇ ਪਾਪ ਵਿਖਾਈ ਹੀ ਨਹੀਂ ਦੇਣਗੇ—ਤੁਸੀਂ ਤਾਂ ਕਰੀਬ-ਕਰੀਬ ਸ਼ੁੱਧ-ਬੁੱਧ ਮਾਲੂਮ ਹੋਣ ਲੱਗੋਗੇ। ਕਿਉਂਕਿ ਪਾਪ ਜਾਂ ਪੁੰਨ ਤੁਲਨਾਤਮਿਕ ਹਨ। ਜੇਕਰ ਸਾਰਾ ਜਗਤ ਅੰਧਕਾਰ ਵਿਚ ਡੁੱਬਿਆ ਹੈ, ਤਾਂ ਤੁਹਾਡਾ ਟਿਮਟਿਮਾਉਂਦਾ ਮਿੱਟੀ ਦਾ ਦੀਵਾ ਵੀ, ਕਾਫ਼ੀ ਪ੍ਰਕਾਸ਼ ਹੈ। ਜੇਕਰ ਸਾਰਾ ਜਗਤ ਸੂਰਜ ਦੇ ਪ੍ਰਕਾਸ਼ ਵਿਚ ਹੈ ਤਾਂ ਤੁਹਾਡਾ ਮਿੱਟੀ ਦਾ ਦੀਵਾ ਪ੍ਰਕਾਸ਼ ਨਹੀਂ ਹੈ, ਅੰਧਕਾਰ ਹੈ। ਤੁਲਨਾ ਦੀ ਗੱਲ ਹੈ।

ਫ਼ਰੀਦ ਨੇ ਠੀਕ ਸੂਤਰ ਦੇ ਦਿੱਤਾ ਹੈ। ਉਹ ਬੁੱਧੀਮਾਨ ਆਦਮੀ ਲਈ ਅਸਲੀ ਸੂਤਰ ਹੈ। ਜੋ ਇਹ ਨਾ ਕਰ ਰਹੇ ਹੋਣ, ਉਹ ਬੁੱਧੂ ਹਨ।

ਫਰੀਦਾ ਜੇ ਤੂ ਅਕਲਿ ਲਤੀਫੁ—ਜੇਕਰ ਤੂੰ ਸੱਚਮੁੱਚ ਹੀ ਬੁੱਧੀਮਾਨ ਹੈਂ, ਜੇਕਰ ਤੂੰ ਤੇਜ਼ ਅਕਲ ਰੱਖਦਾ ਹੈਂ, ਤਾਂ ਦੂਜਿਆਂ ਦੇ ਖ਼ਿਆਫ਼ ਕਾਲੇ ਅੰਕ ਨਾ ਲਿਖ, ਕਿਉਂਕਿ ਉਹ ਆਪਣੇ ਨੂੰ ਧੋਖਾ ਦੇਣ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਅਤੇ ਫਿਰ ਜਿੰਨੇ ਹੀ ਅਸੀਂ ਦੂਜੇ ਦੇ ਖ਼ਿਲਾਫ਼ ਕਾਲੇ ਅੰਕ ਲਿਖਦੇ ਹਾਂ, ਓਨਾ ਹੀ ਹੌਲੀ-ਹੌਲੀ ਅਜਿਹਾ ਅਹਿਸਾਸ ਹੁੰਦਾ ਹੈ ਕਿ ਮੇਰੀਆਂ ਕਮੀਆਂ ਲਈ ਵੀ ਦੂਜੇ ਜ਼ਿੰਮੇਵਾਰ ਹਨ, ਮੇਰੀਆਂ ਭੁੱਲਾਂ ਲਈ ਵੀ ਸਾਰਾ ਸੰਸਾਰ ਜ਼ਿੰਮੇਵਾਰ ਹੈ, ਮੈਂ ਇਕੱਲਾ ਬਦਲਣਾ ਵੀ ਚਾਹਾਂ ਤਾਂ ਕਿਵੇਂ ਬਦਲਾਂਗਾ?

ਪੱਛਮ ਵਿਚ ਇਨ੍ਹਾਂ ਸੌ ਸਾਲਾਂ ਵਿਚ ਇਕ ਬਹੁਤ ਮਹੱਤਵਪੂਰਣ ਘਟਨਾ ਘਟੀ ਹੈ। ਉਹ ਘਟਨਾ ਇਹ ਹੈ ਕਿ ਮਾਰਕਸ ਨੇ ਇਕ ਯਾਤ੍ਰਾ ਸ਼ੁਰੂ ਕੀਤੀ, ਵਿਚਾਰ ਦਾ ਇਕ ਨਵਾਂ ਦਰਸ਼ਨ ਸ਼ੁਰੂ ਕੀਤਾ। ਉਹ ਬਹੁਤ ਨਵਾਂ ਨਹੀਂ ਹੈ, ਨਵਾਂ ਵਿਖਾਈ ਦਿੰਦਾ ਹੈ। ਇਵੇਂ ਤਾਂ ਹਰ ਇਕ ਮਨੁੱਖ ਦੇ ਅੰਦਰ ਮੂੜ੍ਹਤਾ ਦਾ ਉਹ ਹੀ ਦਰਸ਼ਨ ਹੈ। ਮਾਰਕਸ ਨੇ ਇਹ ਕਿਹਾ ਕਿ ਜੇਕਰ ਤੁਸੀਂ ਦੁਖੀ ਹੋ, ਪ੍ਰੇਸ਼ਾਨ ਹੋ, ਚਿੰਤਿਤ ਹੋ ਤਾਂ ਸਮਾਜ ਦੀ ਆਰਥਿਕ ਹਾਲਤ ਅਤੇ ਪ੍ਰਬੰਧ ਜ਼ਿੰਮੇਵਾਰ ਹੈ, ਤੁਸੀਂ ਜ਼ਿੰਮੇਵਾਰ ਨਹੀਂ ਹੋ। ਜੇਕਰ ਤੁਸੀਂ ਚੋਰ ਹੋ, ਬੇਈਮਾਨ ਹੋ, ਭ੍ਰਿਸ਼ਟਾਚਾਰੀ

ਹੋ ਤਾਂ ਸਮਾਜ ਦੀ ਆਰਥਿਕ ਵਿਵਸਥਾ ਜ਼ਿੰਮੇਵਾਰ ਹੈ, ਤੁਸੀਂ ਜ਼ਿੰਮੇਵਾਰ ਨਹੀਂ ਹੋ। ਕੀ ਕਰੋਗੇ ਤੁਸੀਂ ? ਜਿੱਥੇ ਸ਼ੋਸ਼ਣ (ਨਾਸ਼ ਕਰਨਾ) ਚਲ ਰਿਹਾ ਹੈ, ਉੱਥੇ ਤੁਹਾਨੂੰ ਚੋਰ ਹੋਣਾ ਹੀ ਪਏਗਾ। ਮਾਰਕਸ ਨੇ ਚੋਰਾਂ ਦੇ ਮਨ ਨੂੰ ਬਹੁਤ ਰਾਹਤ ਦੇ ਦਿੱਤੀ। ਈਰਖਾ ਤਾਂ ਸੁਭਾਵਿਕ ਹੈ। ਜਿੱਥੇ ਕੁਝ ਲੋਕਾਂ ਦੇ ਕੋਲ ਬਹੁਤਾ ਹੈ ਅਤੇ ਕੋਲ ਲੋਕਾਂ ਦੇ ਕੋਲ ਘੱਟ ਹੈ ਉੱਥੇ ਈਰਖਾ ਤਾਂ ਹੋਏਗੀ ਹੀ। ਇਸ ਲਈ ਜਲਨ ਤੋਂ ਛੁਟਕਾਰੇ ਦਾ ਕੋਈ ਉਪਾਇ ਨਹੀਂ ਹੈ, ਜਦ ਤਕ ਕਿ ਸੰਪਤੀ ਦਾ ਇਕੋ ਜਿਹਾ ਬਟਵਾਰਾ ਨਾ ਹੋ ਜਾਏ।

ਮਾਰਸਕ ਨੇ ਮਨੁੱਖ ਦੇ ਮਨ ਦੀਆਂ ਬਹੁਤ ਸਾਰੀਆਂ ਬੀਮਾਰੀਆਂ ਨੂੰ ਸੁਰੱਖਿਆ ਦੇ ਦਿੱਤੀ, ਸਹਾਰਾ ਦੇ ਦਿੱਤਾ।

ਬੁੱਧ ਕਹਿੰਦੇ ਹਨ ਮਹੱਤਵਕਾਂਕਸ਼ਾ ਛੱਡੋ (ਵੱਡੀਆਂ ਇੱਛਾਵਾਂ ਛੱਡੋ) ਮਾਰਕਸ ਕਹਿੰਦਾ ਹੈ—ਮਹੱਤਵਕਾਂਕਸ਼ਾ ਛੁੱਟ ਕਿਵੇਂ ਸਕਦੀ ਹੈ ਜਿੱਥੇ ਹੋਰ ਸਾਰਾ ਜਗਤ ਇੱਛਾਵਾਂ ਨਾਲ ਭਰਿਆ ਹੈ, ਤੁਸੀਂ ਹੀ ਪਿੱਟ ਜਾਉਗੇ। ਬੁੱਧ ਕਹਿੰਦੇ ਹਨ ਈਰਖਾ ਨਾ ਕਰੋ। ਮਾਰਕਸ ਕਹਿੰਦਾ ਹੈ, ਈਰਖਾ ਤਾਂ ਹੋਏਗੀ ਹੀ, ਜਦ ਤਕ ਕਿ ਸੰਪਤੀ ਦਾ ਇਕੋ ਜਿਹਾ ਬਟਵਾਰਾ ਨਹੀਂ ਹੋ ਜਾਂਦਾ। ਜਦ ਤਕ ਕਿਸੇ ਦੇ ਕੋਲ ਬਹੁਤਾ ਹੈ ਤਦ ਤਕ ਕਿਵੇਂ ਮੈਂ ਸ਼ਾਂਤ ਹੋ ਸਕਦਾ ਹਾਂ ? ਅਸ਼ਾਂਤੀ ਤਾਂ ਰਹੇਗੀ।

ਫਿਰ ਮਾਰਕਸ ਨੇ ਜੋ ਕੀਤਾ, ਉਸ ਤੋਂ ਵੀ ਵੱਡਾ ਕੰਮ ਫਰਾਇਡ ਨੇ ਕੀਤਾ। ਫਰਾਇਡ ਨੇ ਲੋਕਾਂ ਨੂੰ ਦੱਸਿਆ ਕਿ ਤੁਸੀਂ ਕੀ ਕਰ ਸਕਦੇ ਹੋ, ਤੁਹਾਡੇ ਮਾਂ-ਪਿਓ ਨੇ ਜਨਮ ਦੇ ਨਾਲ ਹੀ ਤੁਹਾਡੇ ਮਨ ਨੂੰ ਸੰਸਕਾਰਿਤ ਕਰ ਦਿੱਤਾ ਹੈ, ਜ਼ਿੰਮੇਵਾਰੀ ਉਨ੍ਹਾਂ ਦੀ ਹੈ। ਜੇਕਰ ਤੁਸੀਂ ਹਤਿਆਰੇ ਬਣ ਗਏ ਤਾਂ ਇਸ ਦਾ ਕਾਰਨ ਜ਼ਰੂਰ ਤੁਹਾਡੀ ਮਾਂ ਅਤੇ ਪਿਤਾ ਦੇ ਸੰਸਕਾਰਾਂ ਵਿਚ ਹੈ। ਹੋ ਸਕਦਾ ਹੈ ਮਾਂ ਨੇ ਤੁਹਾਨੂੰ ਭਰਪੂਰ ਦੁੱਧ ਨਹੀਂ ਪਿਲਾਇਆ, ਤੁਹਾਨੂੰ ਕ੍ਰੋਧ ਪੈਦਾ ਕਰਵਾ ਦਿੱਤਾ। ਹੋ ਸਕਦਾ ਹੈ ਮਾਂ-ਪਿਓ ਨੇ ਤੁਹਾਨੂੰ ਬਚਪਨ ਵਿਚ ਪਿਆਰ ਨਹੀਂ ਦਿੱਤਾ, ਅਤੇ ਜਿਸ ਬੱਚੇ ਨੂੰ ਪ੍ਰੇਮ ਨਹੀਂ ਮਿਲਦਾ, ਉਸ ਦੀ ਵਿਧਵੰਸ (ਨਸ਼ਟ ਕਰਨ) ਦੀ ਇੱਛਾ ਪੈਦਾ ਹੋ ਜਾਂਦੀ ਹੈ। ਤਾਂ ਕਸੂਰ ਤਾਂ ਤੁਹਾਡੇ ਮਾਂ-ਪਿਓ ਦਾ ਹੈ, ਜੇਕਰ ਮਾਂ-ਪਿਓ ਕੋਲੋਂ ਪੁੱਛੋ ਤਾਂ ਉਨ੍ਹਾਂ ਦਾ ਵੀ ਕੀ ਕਸੂਰ, ਉਨ੍ਹਾਂ ਦੇ ਮਾਂ-ਪਿਓ ਦਾ ਅਤੇ ਉਨ੍ਹਾਂ ਦੇ ਮਾਂ-ਪਿਓ ਦਾ। ਕਸੂਰ ਕਿਸੇ ਦਾ ਵੀ ਨਹੀਂ ਹੈ। ਜੇਕਰ ਇਸ ਨੂੰ ਠੀਕ ਸਮਝੋ ਤਾਂ ਜੇਕਰ ਪਰਮਾਤਮਾ ਨੇ ਸੰਸਾਰ ਬਣਾਇਆ ਹੈ ਤਾਂ ਉਸੇ ਦਾ ਕਸੂਰ ਹੈ। ਕਿਉਂਕਿ ਉਹ ਹੀ ਪਹਿਲਾ ਪਿਓ ਹੈ।

ਮਾਰਕਸ ਨੇ ਕਿਹਾ, ਜੇਕਰ ਕਿਸੇ ਬੱਚੇ ਨੂੰ ਬਦਲਣਾ ਹੋਵੇ ਤਾਂ ਉਸ ਦੇ ਪਰਦਾਦਿਆਂ ਨੂੰ ਬਦਲਨਾ ਜ਼ਰੂਰੀ ਹੈ। ਹੁਣ ਇਹ ਤਾਂ ਹੋ ਹੀ ਨਹੀਂ ਸਕਦਾ। ਤਾਂ ਕਿਸੇ ਬੱਚੇ ਨੂੰ ਬਦਲਣਾ ਹੋਵੇ ਤਾਂ ਤੁਹਾਡੇ ਪਿਓ ਦੇ ਪਿਓ ਅਤੇ ਉਨ੍ਹਾਂ ਦੀ ਮਾਂ ਦੀ ਮਾਂ—ਉਨ੍ਹਾਂ ਨੂੰ ਬਦਲਣਾ ਪਏਗਾ। ਉਹ ਤਾਂ ਕਬਰ ਵਿਚ ਹੋਣਗੇ। ਜੇਕਰ ਉਨ੍ਹਾਂ ਨੂੰ ਕਬਰ ਵਿਚੋਂ ਵੀ ਕੱਢ ਲਓ ਤਾਂ ਉਹ ਬਦਲਣ ਨੂੰ ਰਾਜ਼ੀ ਨਾ ਹੋਣਗੇ ਤਾ ਜੇਕਰ ਜੀਉਂਦੇ ਵੀ ਹੋਣ ਤਾਂ ਉਹ ਆਖ਼ਰੀ ਘੜੀ ਵਿਚ ਹੋਣਗੇ, ਜਿਥੇ ਕਿ ਬਦਲਾਹਟ ਨਹੀਂ ਹੁੰਦੀ। ਹੋਰ ਮਾਰਕਸ ਨੇ ਕਿਹਾ ਕਿ ਸੱਤ ਸਾਲ ਦੀ ਉਮਰ ਤਕ ਤਾਂ ਸਾਰੇ ਸੰਸਕਾਰ ਤੈਅ ਹੋ ਜਾਦੇ ਹਨ, ਫਿਰ ਕੁਝ ਕੀਤਾ ਨਹੀਂ ਜਾ ਸਕਦਾ। ਇਸ ਲਈ ਫਰਾਇਡ ਨੇ ਹੋਰ ਵੀ ਸਹਾਰਾ ਦੇ ਦਿੱਤਾ। ਉਨ੍ਹਾਂ ਨੇ ਕਿਹਾ—ਤੁਸੀਂ ਚੋਰ ਹੋ ਤਾਂ ਚੋਰ ਹੀ ਹੋ ਸਕਦੇ ਸੀ। ਤੁਸੀਂ ਬੇਈਮਾਨ ਹੋ, ਬੇਈਮਾਨ ਹੀ ਹੋ ਸਕਦੇ ਸੀ। ਹਤਿਆਰੇ ਹੋ, ਹਤਿਆਰੇ ਹੀ ਹੋ ਸਕਦੇ ਸੀ।

ਇਨ੍ਹਾਂ ਦੋ ਵਿਅਕਤੀਆਂ ਨੇ ਪਿਛਲੇ ਸੌ ਸਾਲ ਵਿਚ ਪੱਛਮ ਵਿਚ ਮਨੋਵਿਗਿਆਨ ਨਿਰਮਿਤ ਕੀਤਾ ਅਤੇ ਉਹ ਹੀ ਮਨੋਵਿਗਿਆਨ ਸਾਰੀ ਦੁਨੀਆਂ 'ਤੇ ਫੈਲ ਗਿਆ ਹੈ। ਇਸ ਦਾ ਪਰਿਣਾਮ ਇਹ ਹੋਇਆ ਕਿ ਕੋਈ ਆਦਮੀ ਆਪਣੀ ਬੁਰਾਈ ਲਈ ਖ਼ੁਦ ਨੂੰ ਜ਼ਿੰਮੇਵਾਰ ਨਹੀਂ ਸਮਝਦਾ ਹੈ ਅਤੇ ਜਿਸ ਵਿਅਕਤੀ ਦੇ ਜੀਵਨ ਵਿਚ ਇਹ ਖ਼ਿਆਲ ਨਾ ਹੋਵੇ ਕਿ ਮੈਂ ਜ਼ਿੰਮੇਵਾਰ ਹਾਂ, ਉਸ ਦੇ ਜੀਵਨ ਵਿਚ ਬਦਲਾਓ ਨਹੀਂ ਹੋ ਸਕਦਾ। ਬਦਲਾਓ ਹੋਏਗਾ ਹੀ ਕਿਵੇਂ ? ਤਦ ਤਾਂ ਸਾਰੀ ਦੁਨੀਆਂ ਬਦਲੇਗੀ, ਤਦ ਮੈਂ ਬਦਲਾਂਗਾ। ਇਹ ਕਦੇ ਹੋਣ ਵਾਲਾ ਨਹੀਂ ਹੈ, ਅਤੇ ਜੇਕਰ ਕਦੇ ਹੋਏਗਾ ਵੀ ਤਾਂ ਮੈਂ ਨਹੀਂ ਰਹਾਂਗਾ।

ਫਰੀਦਾ ਜੇ ਤੂ ਅਕਲਿ ਲਤੀਫੁ—ਜੇਕਰ ਤੂੰ ਸੱਚ ਵਿਚ ਹੀ ਬੁੱਧੀਮਾਨ ਹੈਂ ਫ਼ਰੀਦ ਤਾਂ ਇਕ ਕੰਮ ਕਰ। ਇਹ ਬੁੱਧੀਮਾਨ ਦਾ ਪਹਿਲਾ ਲੱਛਣ ਹੈ—ਤੂੰ ਦੂਜੇ ਦੇ ਖ਼ਿਲਾਫ਼ ਕਾਲੇ ਅੰਕ ਨਾ ਲਿਖ, ਕਿਉਂਕਿ ਤੂੰ ਉਹ ਅੰਕ ਲਿਖੇ ਕਿ ਤੇਰੇ ਜੀਵਨ ਵਿਚ ਪਰਮਾਤਮਾ ਨਾਲ ਮਿਲਣ ਦਾ ਉਪਾਇ ਬੰਦ ਹੋ ਜਾਏਗਾ। ਤੂੰ ਜ਼ਿੰਮੇਵਾਰੀ ਆਪਣੀ ਸਮਝ। ਤੂੰ ਆਪਣੇ ਨੂੰ ਹੀ ਜਵਾਬ ਦੇਣ ਵਾਲਾ ਸਮਝ। ਕਿਉਂਕਿ ਜਿਸ ਨੇ ਆਪਣੇ ਨੂੰ ਹੀ ਜਵਾਬ ਦੇਣ ਵਾਲਾ ਸਮਝਿਆ, ਉਸ ਦੇ ਕੋਲ ਆਪਣੇ ਨੂੰ ਬਦਲਣ ਦੀ ਚਾਬੀ ਹੱਥ ਵਿਚ ਆ ਗਈ।

ਜੇਕਰ ਮੇਰੇ ਦੁੱਖ ਲਈ ਮੈਂ ਹੀ ਜ਼ਿੰਮੇਵਾਰ ਹਾਂ ਤਾਂ ਮੇਰੇ ਸੁੱਖ ਲਈ ਵੀ ਮੈਂ ਰਸਤਾ ਬਣਾ ਸਕਦਾ ਹਾਂ। ਜੇਕਰ ਅੱਜ ਮੈਂ ਦੁਖੀ ਹਾਂ, ਮੈਂ ਹੀ ਆਪਣੇ ਦੁੱਖ ਦੇ ਬੀ ਬੀਜੇ ਹਨ ਤਾਂ ਕੱਲ੍ਹ ਮੈਂ ਸੁਖੀ ਹੋ ਸਕਦਾ ਹਾਂ—ਮੈਂ ਸੁੱਖ ਦੇ ਬੀ ਬੀਜ ਸਕਦਾ ਹਾਂ। ਲੇਕਿਨ ਜੇਕਰ ਤੁਸੀਂ ਬੀ ਬੀਜੇ ਹਨ ਅਤੇ ਫ਼ਸਲ ਮੈ ਕੱਟਣੀ ਪੈ ਰਹੀ ਹੈ

ਤਾਂ ਫਿਰ ਮੇਰੇ ਹੱਥ ਦੇ ਬਾਹਰ ਗੱਲ ਹੈ। ਫਿਰ ਤੁਸੀਂ ਹੀ ਜਦ ਸੁੱਖ ਦੀ ਫ਼ਸਲ ਬੀਜੋਗੇ ਤਦੇ ਮੈਂ ਕੱਟ ਸਕਾਂਗਾ। ਤਦ ਤਾਂ ਇਹ ਗੱਲ ਅੰਧਕਾਰ ਵਿਚ ਪੈ ਗਈ, ਮੇਰੇ ਹੱਥ ਵਿਚ ਨਾ ਰਹੀ।

ਧਰਮ ਅਤੇ ਅਧਰਮ ਦੇ ਚਿੰਤਨ ਵਿਚ ਇਹ ਹੀ ਫ਼ਰਕ ਹੈ। ਧਰਮ ਕਹਿੰਦਾ ਹੈ—ਵਿਅਕਤੀ ਜ਼ਿੰਮੇਵਾਰ ਹੈ। ਅਧਰਮ ਕਹਿੰਦਾ ਕੋਈ ਹੋਰ ਜ਼ਿੰਮੇਵਾਰ ਹੋਵੇ। ਅਰਥ ਸ਼ਾਸਤ੍ਰ ਜ਼ਿੰਮੇਵਾਰ ਹੋਵੇ, ਰਾਜਨੀਤੀ ਜ਼ਿੰਮੇਵਾਰ ਹੋਵੇ, ਮਨੋਵਿਗਿਆਨ ਜ਼ਿੰਮੇਵਾਰ ਹੋਵੇ, ਲੋਕ, ਸਮਾਜ, ਸੰਸਕ੍ਰਿਤੀ, ਭੂਗੋਲ, ਇਤਿਹਾਸ ਜ਼ਿੰਮੇਵਾਰ ਹੋਵੇ—ਵਿਅਕਤੀ ਹੀ ਜ਼ਿੰਮੇਵਾਰ ਨਹੀਂ ਹੈ ਅਤੇ ਜਿਵੇਂ ਹੀ ਵਿਅਕਤੀ ਜ਼ਿੰਮੇਵਾਰ ਨਹੀਂ ਹੈ, ਉਵੇਂ ਹੀ ਵਿਅਕਤੀ ਦੀ ਆਤਮਾ ਗੁਆਚ ਜਾਂਦੀ ਹੈ।

ਤੁਹਾਡੀ ਜਵਾਬਦੇਹੀ ਤੁਹਾਡੀ ਆਤਮਾ ਹੈ। ਤੁਹਾਡੀ ਜਵਾਬਦੇਹੀ ਤੁਹਾਡੀ ਸੁਤੰਤਰਤਾ ਹੈ। ਤੁਹਾਡੀ ਜਵਾਬਦੇਹੀ ਤੁਹਾਡਾ ਮੋਖ਼ਸ਼ ਹੈ, ਮੁਕਤੀ ਹੈ। ਹਾਲਾਂਕਿ ਇਹ ਮੈਂ ਜਾਣਦਾ ਹਾਂ ਕਿ ਜਦ ਕੋਈ ਆਪਣੀ ਜਵਾਬਦੇਹੀ ਸਮਝਦਾ ਹੈ ਤਾਂ ਪਹਿਲਾਂ ਬਹੁਤ ਪੀੜਾ ਹੁੰਦੀ ਹੈ, ਇਸ ਲਈ ਤਾਂ ਅਸੀਂ ਦੂਜੇ ਉੱਤੇ ਟਾਲਦੇ ਹਾਂ। ਅਸੀਂ ਦੂਜੇ ਉੱਤੇ ਇਸ ਲਈ ਟਾਲਦੇ ਹਾਂ ਕਿ ਆਪਣੀ ਜਵਾਬਦੇਹੀ ਮੰਨਣ ਨਾਲ ਬੜੀ ਪੀੜਾ ਹੁੰਦੀ ਹੈ ਕਿ ਮੈਂ ਹੀ ਆਪਣਾ ਦੁੱਖ ਬਣਾਇਆ, ਇਹ ਕਿਵੇਂ ਹੋ ਸਕਦਾ ਹੈ?

ਛੋਟਾ ਬੱਚਾ ਟਕਰਾ ਜਾਂਦਾ ਹੈ ਫਰਨੀਚਰ ਨਾਲ ਘਰ ਵਿਚ ਆ ਕੇ, ਉਹ ਕੁਰਸੀ ਨੂੰ ਮਾਰਦਾ ਹੈ, ਟੇਬਲ ਉੱਤੇ ਗੁੱਸਾ ਕੱਢਦਾ ਹੈ ਕਿ ਇਹ ਟੇਬਲ ਮੇਰੇ ਨਾਲ ਟਕਰ ਲਈ। ਕਿਉਂਕਿ ਛੋਟੇ ਬੱਚੇ ਦੇ ਹੰਕਾਰ ਨੂੰ ਵੀ ਇਹ ਠੀਕ ਨਹੀਂ ਲੱਗਦਾ ਕਿ ਮੈਂ ਇਸ ਨਾਲ ਟਕਰਾਇਆ। ਤਦ ਤਾਂ ਫਿਰ ਜ਼ਿੰਮੇਵਾਰੀ ਮੇਰੀ ਹੈ, ਤਦ ਤਾਂ ਥੱਪੜ ਮੇਰੇ ਹੀ ਉੱਤੇ ਪੈਣਾ ਚਾਹੀਦਾ। ਟੇਬਲ ਨੇ ਮਾਰਿਆ, ਉਹ ਤਾਂ ਠੀਕ ਹੀ ਹੈ, ਮਾਂ ਵੀ ਮਾਰੇ, ਲੇਕਿਨ ਬੱਚਾ ਟੇਬਲ ਨੂੰ ਮਾਰਦਾ ਹੈ ਅਤੇ ਬੱਚੇ ਨੂੰ ਰਾਜ਼ੀ ਕਰਨ ਲਈ ਮਾਂ ਨੂੰ ਵੀ ਟੇਬਲ ਨੂੰ ਸਰਾਪ ਦੇਣਾ ਪੈਂਦਾ ਹੈ। ਲੇਕਿਨ ਇਹ ਬਚਪਨ ਜ਼ਿੰਦਗੀ ਭਰ ਜਾਰੀ ਰਹਿੰਦਾ ਹੈ। ਜਦ ਵੀ ਤੁਹਾਨੂੰ ਕੋਈ ਗਾਲ੍ਹ ਕੱਢਦਾ ਹੈ, ਤੁਸੀਂ ਨਿਸ਼ਚਿਤ ਮੰਨਦੇ ਹੋ, ਉਸ ਦੀ ਜ਼ਿੰਮੇਵਾਰੀ ਹੈ। ਤੁਸੀਂ ਤਾਂ ਕੁਝ ਵੀ ਨਹੀਂ ਕੀਤਾ ਸੀ। ਤੁਸੀਂ ਤਾਂ ਬਿਲਕੁਲ ਭੋਲੇ-ਭਾਲੇ ਹੋ।

ਇਕ ਘਰ ਵਿਚ ਮੈਂ ਮਹਿਮਾਨ ਸੀ। ਇਕ ਨਿੱਕਾ ਬੱਚਾ ਰੋਂਦਾ ਹੋਇਆ ਆਇਆ। ਉਹ ਗੁਆਂਢ ਵਿਚ ਕਿਸੇ ਨਾਲ ਲੜ ਕੇ ਆਇਆ ਹੈ। ਉਸ ਦੀ ਮਾਂ ਨੇ ਕਿਹਾ ਕਿ ਫਿਰ ਝੰਜਟ ਹੋਈ? ਕਿਸ ਨੇ ਸ਼ੁਰੂ ਕੀਤੀ? ਝਗੜਾ ਕਿਸ ਨੇ ਸ਼ੁਰੂ ਕੀਤਾ? ਉਸ ਮੁੰਡੇ ਨੇ ਕਿਹਾ, ਮੈਂ ਨਹੀਂ ਸ਼ੁਰੂ ਕੀਤਾ। ਜਦ ਉਸ ਮੁੰਡੇ

ਨੇ ਮੇਰੇ ਥੱਪੜ ਦਾ ਜਵਾਬ ਦਿੱਤਾ, ਝਗੜਾ ਤਦੇ ਸ਼ੁਰੂ ਹੋਇਆ। ਕੋਈ ਸ਼ੁਰੂ ਨਹੀਂ ਕਰਦਾ, ਜਦ ਕੋਈ ਤੁਹਾਡੇ ਥੱਪੜ ਦਾ ਜਵਾਬ ਦਿੰਦਾ ਹੈ ਤਦ ਝੰਜਟ ਸ਼ੁਰੂ ਹੁੰਦੀ ਹੈ। ਸਦਾ ਹੀ ਅਜਿਹਾ ਹੁੰਦਾ ਹੈ। ਅਜਿਹਾ ਹੀ ਦੂਜਾ ਵੀ ਮੰਨਦਾ ਹੈ। ਇਸ ਲਈ ਦੋ ਲੜਨ ਵਾਲਿਆਂ ਵਿਚ ਕਦੇ ਵੀ ਤੈਅ ਕਰਨਾ ਨਾਮੁਮਕਿਨ ਹੈ ਕਿ ਝਗੜਾ ਕਿਸ ਨੇ ਸ਼ੁਰੂ ਕੀਤਾ। ਅਤੇ ਇਹ ਕੋਈ ਛੋਟੇ-ਛੋਟੇ ਲੋਕਾਂ ਦੀ ਗੱਲ ਨਹੀਂ ਹੈ, ਵੱਡੇ-ਵੱਡੇ ਰਾਸ਼ਟ੍ਰ ਵੀ ਇਹ ਹੀ ਕਰਦੇ ਹਨ। ਕਦੇ ਤੈਅ ਨਹੀਂ ਹੋ ਪਾਉਂਦਾ ਕਿ ਕਿਸ ਨੇ ਝਗੜਾ ਸ਼ੁਰੂ ਕੀਤਾ—ਚੀਨ ਨੇ ਕਿ ਹਿੰਦੁਸਤਾਨ ਨੇ, ਕਿ ਪਾਕਿਸਤਾਨ ਨੇ—ਕਦੇ ਤੈਅ ਨਹੀਂ ਹੋ ਪਾਉਂਦਾ। ਤੁਹਾਡੇ ਨਿੱਕੇ ਬੱਚੇ ਅਤੇ ਤੁਹਾਡੇ ਵੱਡੇ ਰਾਜਨੀਤਕ ਇਕੋ ਜਿਹੇ ਮੂੜ੍ਹ ਹਨ, ਕੋਈ ਫ਼ਰਕ ਨਹੀਂ ਹੈ।

ਮੂੜ੍ਹਤਾ ਦਾ ਲਕਸ਼ਣ ਇਹ ਹੈ ਕਿ ਉਹ ਕਹਿੰਦੀ ਹੈ ਦੂਜਾ ਜ਼ਿੰਮੇਵਾਰ ਹੈ—ਉਹ ਕੋਈ ਵੀ ਹੋਵੇ ਮੈਂ ਜ਼ਿੰਮੇਵਾਰ ਨਹੀਂ ਹਾਂ ਅਤੇ ਇਸ ਲਈ ਮੂੜ੍ਹ ਆਦਮੀ ਸਦਾ ਲਈ ਮੂੜ੍ਹ ਰਹਿ ਜਾਂਦਾ ਹੈ। ਜਦ ਆਪਣੀ ਜ਼ਿੰਮੇਵਾਰੀ ਹੀ ਨਹੀਂ, ਤਾਂ ਆਪਣੇ ਹੱਥ ਵਿਚ ਕੁਝ ਨਾ ਰਿਹਾ, ਤੁਸੀਂ ਆਪਣੇ ਹੱਥ ਨਾਲ ਆਪਣੀ ਸੁਤੰਤਰਤਾ ਗੁਆ ਦਿੱਤੀ।

ਧਾਰਮਿਕ ਵਿਅਕਤੀ ਕਹਿੰਦਾ ਹੈ—ਜੇਕਰ ਕਿਸੇ ਨੇ ਗਾਲ੍ਹੀ ਦਿੱਤੀ ਹੋਵੇ, ਤੁਸੀਂ ਉਸ ਦੀ ਫ਼ਿਕਰ ਛੱਡੋ, ਤੁਸੀਂ ਕਿਸ ਤਰ੍ਹਾਂ ਥੱਪੜ ਸ਼ੁਰੂ ਕੀਤਾ ਸੀ, ਤੁਸੀਂ ਆਪਣੀ ਫ਼ਿਕਰ ਕਰ ਲਓ। ਤੁਸ ਇੰਨਾ ਹੀ ਵੇਖ ਲਓ ਕਿ ਤੁਸੀਂ ਕਿਹੜੀ ਭੁੱਲ ਕੀਤੀ ਸੀ, ਉਸ ਨੂੰ ਤੁਸੀਂ ਹਟਾ ਲਓ। ਜੇਕਰ ਨਹੀਂ ਹਟਾਉਣਾ ਹੈ, ਗਾਲ੍ਹੀ ਨੂੰ ਸਵੀਕਾਰ ਕਰ ਲਓ ਕਿ ਸੁਭਾਵਿਕ ਹੈ। ਲੇਕਿਨ ਇਸ ਗੱਲ ਦੇ ਸਮੁਣ ਵਿਚ ਆਉਂਦੇ ਹੀ ਕਿ ਮੈਂ ਜ਼ਿੰਮੇਵਾਰ ਜ਼ਰੂਰ ਹਾਂ, ਹਰ ਹਾਲਤ ਵਿਚ ਕੁਝ ਨਾ ਕੁਝ ਮੇਰੀ ਜ਼ਿੰਮੇਵਾਰੀ ਹੋਏਗੀ—ਤੁਹਾਡੇ ਜੀਵਨ ਵਿਚ ਇਕ ਮੁਕਤੀ ਦੀ ਸੰਭਾਵਨਾ ਸ਼ੁਰੂ ਹੋ ਜਾਏਗੀ। ਤੁਸੀਂ ਹਲਕੇ ਹੋ ਜਾਓਗੇ। ਪਹਿਲਾਂ ਪੀੜਾ ਹੋਏਗੀ, ਹੰਕਾਰ ਨੂੰ ਸੱਟ ਲੱਗੇਗੀ। ਲੇਕਿਨ ਉਸ ਪੀੜ ਤੋਂ ਆਨੰਦ ਦਾ ਜਨਮ ਹੁੰਦਾ ਹੈ। ਉਹ ਪ੍ਰਸਵ-ਪੀੜਾ (ਬੱਚਾ ਪੈਦਾ ਹੋਣ ਵਾਲੀ ਪੀੜ) ਹੈ।

ਫ਼ਰੀਦ ਨੇ ਠੀਕ ਸੂਤਰ ਦੇ ਦਿੱਤਾ ਹੈ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥

ਕਿਸੇ ਦੇ ਸੰਬੰਧ ਵਿਚ ਕਾਲੇ ਲੇਖ ਨਾ ਲਿਖ। ਆਪਣਾ ਸਿਰ ਝੁਕਾ ਕੇ ਤੂੰ ਆਪਣੇ ਗਿਰੇਬਾਨ ਵਿਚ ਝਾਤੀ ਮਾਰ। ਆਪਨੜੇ ਗਿਰੀਬਾਨ ਮਹਿ—ਝੁਕ ਕੇ ਆਪਣੇ ਹੀ ਅੰਦਰ ਝਾਂਕ। ਜਦ ਵੀ ਜੀਵਨ ਵਿਚ ਦੁੱਖ ਹੋਵੇ, ਆਪਣੇ ਅੰਦਰ

ਕਾਰਨ ਨੂੰ ਲੱਭੋ। ਜਦ ਵੀ ਜੀਵਨ ਵਿਚ ਅਸ਼ਾਂਤੀ ਹੋਵੇ, ਆਪਣੇ ਅੰਦਰ ਕਾਰਨ ਨੂੰ ਵੇਖੋ।

ਇਕ ਸੱਜਣ ਮੇਰੇ ਕੋਲ ਆਏ। ਕਹਿਣ ਲੱਗੇ, ਬਹੁਤ ਅਸ਼ਾਂਤ ਹਾਂ, ਕੋਈ ਸ਼ਾਂਤੀ ਦਾ ਉਪਾਇ ਦੱਸੋ। ਮੈਂ ਅਰਵਿੰਦ ਆਸ਼ਰਮ ਗਿਆ, ਰਮਣ ਆਸ਼ਰਮ ਗਿਆ, ਰਿਸ਼ੀਕੇਸ਼ ਗਿਆ, ਇਥੇ ਗਿਆ, ਉਥੇ ਗਿਆ—ਸਭ ਬੇਕਾਰ ਹੈ। ਸਭ ਢੌਂਗ ਹੈ, ਕਿਤੇ ਕੋਈ ਸ਼ਾਂਤੀ ਨਹੀਂ ਹੈ।

ਮੈਂ ਉਨ੍ਹਾਂ ਨੂੰ ਪੁੱਛਿਆ, ਅਸ਼ਾਂਤੀ ਸਿੱਖਣ ਕਿਥੇ ਗਏ ਸੀ ?

ਉਹ ਥੋੜ੍ਹੇ ਚੌਂਕੇ। ਸ਼ਾਂਤੀ ਸਿੱਖਣ ਅਰਵਿੰਦ ਆਸ਼ਰਮ ਗਏ, ਰਮਣ ਆਸ਼ਰਮ ਗਏ, ਉਹ ਸਭ ਢੌਂਗ ਸਾਬਤ ਹੋਇਆ; ਕਿਉਂਕਿ ਉਹ ਕੋਈ ਵੀ ਸ਼ਾਂਤੀ ਨਾ ਦੇ ਸਕੇ। ਅਸ਼ਾਂਤੀ ਸਿੱਖਣ ਕਿੱਥੇ ਗਏ ਸੀ ?

ਉਨ੍ਹਾਂ ਨੇ ਕਿਹਾ, ਮੈਂ ਅਸ਼ਾਂਤੀ ਸਿੱਖਣ ਕਿਤੇ ਵੀ ਨਹੀਂ ਸੀ ਗਿਆ।

ਤਾਂ ਮੈਂ ਕਿਹਾ, ਤੁਸੀਂ ਖ਼ੁਦ ਹੀ ਅਸ਼ਾਂਤੀ ਸਿੱਖ ਲਈ। ਤਾਂ ਜਦ ਤੁਸੀਂ ਖ਼ੁਦ ਹੀ ਅਸ਼ਾਂਤੀ ਸਿੱਖ ਲਈ ਤਾਂ ਤੁਹਾਨੂੰ ਸ਼ਾਂਤੀ ਕੌਣ ਸਿਖਾਏਗਾ ? ਹੁਣ ਇਸ ਵਿਚ ਤੁਸੀਂ ਆਸ਼ਰਮਾਂ ਨੂੰ ਜ਼ਿੰਮੇਦਾਰ ਨਾ ਸਮਝੋ ਕਿ ਸਭ ਧੋਖਾਧੜੀ ਹੈ, ਸਭ ਫ਼ਜ਼ੂਲ ਹੈ, ਬਕਵਾਸ ਹੈ, ਸਭ ਪਾਖੰਡ ਹੈ, ਕੋਈ ਸ਼ਾਂਤ ਨਹੀਂ ਕਰ ਸਕਿਆ। ਤੁਸੀਂ ਆਪਣੇ ਅਸ਼ਾਂਤ ਹੋਣ ਦੇ ਕਾਰਨਾਂ ਨੂੰ ਸਮਝੋ। ਸ਼ਾਂਤ ਤੁਹਾਨੂੰ ਕੌਣ ਕਰ ਸਕੇਗਾ, ਜੇਕਰ ਤੁਹਾਡੇ ਕਾਰਨ ਜਾਰੀ ਰਹੇ ? ਤੁਸੀਂ ਜੇਕਰ ਲੱਕੜੀਆਂ ਚੁੱਲ੍ਹੇ ਵਿਚ ਪਾਉਂਦੇ ਹੀ ਗਏ ਅਤੇ ਅੱਗ ਦੀਆਂ ਲਪਟਾਂ ਉੱਠ ਰਹੀਆਂ ਹਨ ਅਤੇ ਤੁਸੀਂ ਦੂਜੇ ਨੂੰ ਕਹਿ ਰਹੇ ਹੋ ਕਿ ਬੁਝਾਓ, ਅਤੇ ਤੁਸੀਂ ਲੱਕੜੀਆਂ ਪਾਈ ਜ ਰਹੇ ਹੋ, ਤੁਸੀਂ ਘਿਓ ਪਾਈ ਜਾ ਰਹੇ ਹੋ ਅੱਗ ਵਿਚ ਅਤੇ ਕਿਸੇ ਦੂਜੇ ਨੂੰ ਕਹਿ ਰਹੇ ਹੋ ਪੜ੍ਹੋ ਮੰਤ੍ਰ—ਬੁਝਾਓ ਅਗਨੀ; ਜੇਕਰ ਨਾ ਬੁਝਾ ਪਾਏ ਤਾਂ ਤੁਹਾਡਾ ਮੰਤ੍ਰ ਢੌਂਗ—ਧਤੂਰਾ ਹੈ—ਸਭ ਪਾਖੰਡ ਹੈ।

ਮੈਂ ਕਿਹਾ ਕਿ ਜੇਕਰ ਤੁਸੀਂ ਇਹੀ ਧਾਰਣਾ ਇਥੇ ਵੀ ਲੈ ਕੇ ਆਏ ਹੋ ਤਾਂ ਹੁਣੇ ਨਮਸਕਾਰ ਕਰ ਲੈਂਦਾ ਹਾਂ, ਨਹੀਂ ਤਾਂ ਮੈਂ ਵੀ ਪਾਖੰਡੀ ਹੋ ਜਾਵਾਂਗਾ; ਕਿਉਂਕਿ ਮੈਂ ਵੇਖ ਰਿਹਾ ਹਾਂ ਕਿ ਤੁਸੀਂ ਅੱਗ ਵਿਚ ਤਾਂ ਘਿਓ ਪਾਈ ਜਾਂਦੇ ਹੋ। ਤੁਸੀ ਮੂਲ ਗੱਲ ਤਾਂ ਸਮਝੀ ਹੀ ਨਹੀਂ। ਕੋਈ ਦੁਨੀਆਂ ਵਿਚ ਸ਼ਾਂਤ ਹੋਣ ਦਾ ਥੋੜ੍ਹੇ ਹੀ ਉਪਾਇ ਹੈ; ਸਿਰਫ਼ ਅਸ਼ਾਂਤੀ ਨੂੰ ਸਮਝਣ ਦਾ ਉਪਾਇ ਹੈ। ਅਤੇ ਜਿਹੜਾ ਅਸ਼ਾਂਤੀ ਨੂੰ ਸਮਝ ਲੈਂਦਾ ਹੈ, ਉਹ ਆਪਣੇ ਹੱਥ ਖਿੱਚ ਲੈਂਦਾ ਹੈ; ਉਹ ਅਸ਼ਾਂਤੀ ਨੂੰ ਪੈਦਾ ਨਹੀਂ ਕਰਦਾ, ਗੱਲ ਖ਼ਤਮ ਹੋ ਗਈ। ਸ਼ਾਂਤੀ ਨੂੰ ਪਾਉਣ ਲਈ ਕੁਝ ਵੀ ਕਰਨ ਦੀ ਜ਼ਰੂਰਤ ਨਹੀਂ ਹੈ, ਸਿਰਫ਼ ਅਸ਼ਾਂਤੀ ਨਾ ਪੈਦਾ ਕਰੋ।

ਸ਼ਾਤੀ ਤਾਂ ਅਭਾਵ ਹੈ। ਸਿਰਫ਼ ਸੰਸਾਰ ਵਿਚ ਨਾ ਉਲਝੋ। ਪਰਮਾਤਮਾ ਨੂੰ ਫੜਨ ਦਾ ਕੋਈ ਉਪਾਇ ਨਹੀਂ ਹੈ, ਸਿਰਫ਼ ਸੰਸਾਰ ਵਿਚ ਨਾ ਉਲਝੋ, ਪਰਮਾਤਮਾ ਤਾਂ ਮਿਲਿਆ ਹੀ ਹੋਇਆ ਹੈ।

ਜਿਸ ਨੂੰ ਤੁਸੀਂ ਕਦੇ ਨਹੀਂ ਗੁਆਇਆ ਉਹ ਹੀ ਪਰਮਾਤਮਾ ਹੈ। ਜੋ ਤੁਹਾਡਾ ਅੰਤਰਿਕ (ਅੰਦਰੂਨੀ) ਸੁਭਾਵ ਹੈ, ਉਹ ਹੀ ਸ਼ਾਂਤੀ ਹੈ। ਉਸ ਨੂੰ ਪਾਉਣ ਦੀ ਕੋਈ ਵੀ ਜ਼ਰੂਰਤ ਨਹੀਂ ਹੈ। ਪਰ ਅਸੀਂ ਅਜੀਬ ਪਾਗਲ ਹਾਂ, ਅਸ਼ਾਂਤੀ ਨੂੰ ਪੈਦਾ ਕਰਦੇ ਹਾਂ, ਫਿਰ ਅਸੀਂ ਸੋਚਦੇ ਹਾਂ, ਹੁਣ ਸ਼ਾਂਤੀ ਪੈਦਾ ਕਰਨੀ ਹੈ! ਸ਼ਾਂਤੀ ਲੈ ਕੇ ਹੀ ਤੁਸੀਂ ਆਏ ਸੀ। ਸ਼ਾਂਤੀ ਤੁਸੀਂ ਕਦੇ ਗੁਆਈ ਨਹੀਂ ਹੈ। ਉਹ ਤੁਹਾਡੇ ਅੰਦਰ ਅਜੇ ਵੀ ਵੱਜ ਰਹੀ ਹੈ, ਲੇਕਿਨ ਤੁਸੀਂ ਚੌਹੀਂ ਪਾਸੀਂ ਅਸ਼ਾਂਤੀ ਇਕੱਠੀ ਕਰ ਰੱਖੀ ਹੈ।

ਮੈਂ ਪੁੱਛਿਆ, ਤੁਸੀਂ ਮੈਨੂੰ ਅਸ਼ਾਂਤੀ ਦਾ ਕਾਰਨ ਦੱਸੋ। ਉਸ ਨੇ ਕਿਹਾ ਕਿ ਉਹ ਤਾਂ ਲੰਮੀ ਕਥਾ ਹੈ। ਉਸ ਵਿਚ ਕੀ ਸਾਰ ਹੈ ? ਤੁਸੀਂ ਸ਼ਾਂਤੀ ਦਾ ਉਪਾਇ ਦੱਸ ਦਿਓ।

ਮੈਂ ਕੋਈ ਸ਼ਾਂਤੀ ਦਾ ਉਪਾਇ ਨਹੀਂ ਜਾਣਦਾ, ਇਕ ਹੀ ਉਪਾਇ ਜਾਣਦਾ ਹਾਂ, ਅਤੇ ਉਹ ਇਹ ਕਿ ਤੁਸੀਂ ਅਸ਼ਾਂਤੀ ਪੈਦਾ ਕੀਤੀ, ਉਸ ਨੂੰ ਠੀਕ ਤਰ੍ਹਾਂ ਸਮਝਣਾ ਹੋਏਗਾ ਅਤੇ ਹੋਰ ਅੱਗੇ ਪੈਦਾ ਨਾ ਕਰੋ।

ਅਸ਼ਾਂਤੀ ਇਵੇਂ ਹੀ ਹੈ ਜਿਵੇਂ ਆਦਮੀ ਸਾਈਕਲ ਚਲਾਉਂਦਾ ਹੈ, ਪੈਡਲ ਮਾਰਦਾ ਹੈ—ਪੈਡਲ ਮਾਰੋ ਤਾ ਸਾਈਕਲ ਚੱਲਦੀ ਹੈ, ਨਾ ਮਾਰੋ ਤਾਂ ਰੁਕ ਜਾਂਦੀ ਹੈ, ਆਪਣੇ ਆਪ ਡਿੱਗ ਪਏਗੀ। ਬੱਸ ਅਸ਼ਾਂਤੀ ਨੂੰ ਵੀ ਪੈਡਲ ਮਾਰਨੇ ਪੈਂਦੇ ਹਨ।

ਇਕ ਗੱਲ ਠੀਕ ਤਰ੍ਹਾਂ ਸਮਝ ਵਿਚ ਆ ਜਾਏ ਕਿ ਮੈਂ ਹੀ ਮੇਰੇ ਹੋਣ ਦਾ ਜ਼ਿੰਮੇਵਾਰ ਹਾਂ। ਤੁਹਾਡੇ ਜੀਵਨ ਵਿਚ ਕ੍ਰਾਂਤੀ ਦਾ ਪਹਿਲਾ ਕਦਮ ਉੱਠ ਗਿਆ। ਫਿਰ ਤੁਹਾਨੂੰ ਕੋਈ ਬਦਲਣ ਤੋਂ ਰੋਕ ਨਹੀਂ ਸਕਦਾ।

ਆਪਣੇ ਵੱਲ ਵੇਖਣਾ ਜ਼ਰੂਰੀ ਹੈ। ਅੱਖਾਂ ਨੂੰ ਖ਼ਰਚ ਨਾ ਕਰ ਸੁੱਟੋ, ਦੂਜੇ ਨੂੰ ਵੇਖਣ ਵਿਚ। ਅੱਖਾ ਨੂੰ ਆਪਣੇ ਗਿਰੇਬਾਨ ਦੇ ਵੱਲ ਲਾਓ। ਆਪਣੇ ਨੂੰ ਪਛਾਣੋ, ਅੱਖਾਂ ਦਾ ਪਹਿਲਾ ਉਪਯੋਗ ਆਪਣੇ ਨੂੰ ਪਛਾਨਣਾ ਹੈ। ਆਪਣੇ ਨੂੰ ਜਿਸ ਨੇ ਪਛਾਣ ਲਿਆ, ਉਹ ਸਾਰਿਆਂ ਨੂੰ ਪਛਾਣ ਲਵੇਗਾ—ਅਤੇ ਜਿਹੜਾ ਆਪਣੇ ਨੂੰ ਪਛਾਣ ਨਾ ਸਕਿਆ, ਉਹ ਕਿਸੇ ਨੂੰ ਵੀ ਨਹੀਂ ਪਛਾਣ ਸਕੇਗਾ।

ਹੁਣੇ, ਸਾਡੀ ਸਾਰੀ ਕੋਸ਼ਿਸ਼ ਕੀ ਹੈ ? ਸਾਰੀ ਕੋਸ਼ਿਸ਼ ਇਹ ਹੈ ਕਿ ਦੂਜੇ ਦੀ ਬੁਰਾਈ ਨੂੰ ਵੇਖੀਏ, ਅਤੇ ਆਪਣੀ ਭਲਾਈ ਹੈ ਵਿਖਾਈਏ। ਜੋ ਭਲਾਈ ਨਹੀਂ

ਹੈ, ਉਹ ਵਿਖਾਈਏ, ਅਤੇ ਜੋ ਬੁਰਾਈ ਨਹੀਂ ਹੈ, ਉਸ ਨੂੰ ਵੀ ਵੇਖੀਏ—ਹੁਣ ਇਹ ਸਾਡੀ ਕੋਸ਼ਿਸ਼ ਹੈ। ਇਹ ਬਹੁਤ ਮੂੜ੍ਹਤਾ-ਪੂਰਣ ਹਾਲਤ ਹੈ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥
ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ੍ ਨ ਮਾਰੇ ਘੁੰਮਿ॥

ਫ਼ਰੀਦ, ਲੋਕ ਜੇਕਰ ਤੈਨੂੰ ਮੁੱਕਿਆਂ ਨਾਲ ਮਾਰਨ ਤਾਂ ਬਦਲੇ ਵਿਚ ਤੂੰ ਉਨ੍ਹਾਂ ਨੂੰ ਨਾ ਮਾਰੀਂ। ਤੂੰ ਤਾਂ ਉਨ੍ਹਾਂ ਦੇ ਕਦਮਾਂ ਨੂੰ ਚੁੰਮ ਕੇ ਆਪਣੇ ਘਰ ਚਲਾ ਜਾਈਂ।

ਆਪਨੜੈ ਘਰਿ ਜਾਈਐ ਪੈਰ ਤਿਨਾ੍ ਦੇ ਚੁੰਮਿ॥

ਜੀਸਸ ਹੋਣ ਕਿ ਬੁੱਧ ਕਿ ਫ਼ਰੀਦ, ਸਾਰੇ ਸਿਆਣਿਆਂ ਦਾ ਇਕ ਮੱਤ ਹੈ। ਸਭੈ ਸਿਆਣੇ ਏਕ ਕਤ! ਅਤੇ ਉਹ ਇਹ ਹੈ ਕਿ ਜੇਕਰ ਦੂਜਾ ਤੁਹਾਨੂੰ ਮਾਰੇ ਤਾਂ ਪਹਿਲਾਂ ਤਾਂ ਤੁਸੀਂ ਸਮਝ ਹੀ ਲੈਣਾ ਕਿ ਜਾਣੇ-ਅਣਜਾਣੇ ਤੁਸੀਂ ਉਸ ਨੂੰ ਮਾਰ ਦਿੱਤਾ ਹੋਏਗਾ। ਤੁਹਾਨੂੰ ਸ਼ਾਇਦ ਪਤਾ ਵੀ ਨਾ ਹੋਵੇ ਕਿ ਕਿਸ ਢੰਗ ਨਾਲ ਤੁਸੀਂ ਉਸ ਨੂੰ ਮਾਰਿਆ, ਲੇਕਿਨ ਮਾਰ ਦਿੱਤਾ ਹੋਏਗਾ, ਨਹੀਂ ਤਾਂ ਕਿਸ ਨੂੰ ਫੁਰਸਤ ਹੈ ਤੁਹਾਨੂੰ ਮਾਰਨ ਦੀ, ਕਿਸ ਨੂੰ ਜ਼ਰੂਰਤ ਹੈ? ਕਈ ਵਾਰੀ ਤਾਂ ਅਜਿਹਾ ਹੁੰਦਾ ਹੈ ਕਿ ਤੁਸੀਂ ਕਿਸੇ ਦੀ ਭਲਾਈ ਵੀ ਕਰਦੇ ਹੋ ਤੇ ਉਸ ਵਿਚ ਵੀ ਤੁਸੀਂ ਮਾਰ ਦਿੰਦੇ ਹੋ।

ਇਕ ਮਿੱਤਰ ਮੇਰੇ ਕੋਲ ਆਉਂਦੇ ਹਨ। ਮੈਂ ਮੱਧਯ ਪ੍ਰਦੇਸ਼ ਵਿਚ ਵਰ੍ਹਿਆਂ ਤਕ ਸੀ। ਉਹ ਉਥੋਂ ਦੇ ਸਭ ਤੋਂ ਵੱਡੇ ਕਰੋੜਪਤੀ ਹਨ—ਉਸ ਪ੍ਰਦੇਸ਼ ਦੇ। ਉਨ੍ਹਾਂ ਨੇ ਮੈਨੂੰ ਆਖਿਆ ਕਿ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਮੈਂ ਸਭ ਨਾਲ ਭਲਾਈ ਕਰਦਾ.....ਅਤੇ ਉਹ ਆਦਮੀ ਭਲੇ ਹਨ—ਮੇਰੇ ਜਿੰਨੇ ਰਿਸ਼ਤੇਦਾਰ ਹਨ, ਸਭ ਨੂੰ ਮੈਂ ਲੱਖਪਤੀ ਬਣਾ ਦਿੱਤਾ। ਰਿਸ਼ਤੇਦਾਰਾਂ ਦੇ ਰਿਸ਼ਤੇਦਾਰਾਂ ਨੂੰ ਵੀ ਮੈਂ ਕਦੇ ਰੁਕਾਵਟ ਨਹੀਂ ਪਾਈ, ਜੋ ਵੀ ਸਹਾਇਤਾ ਮੈਂ ਕਰ ਸਕਦਾ ਹਾਂ, ਮੈਂ ਕੀਤੀ ਹੈ। ਲੇਕਿਨ ਮੈਨੂੰ ਕੋਈ ਧੰਨਵਾਦ ਦਿੰਦਾ ਮਾਲੂਮ ਨਹੀਂ ਹੁੰਦਾ। ਉਲਟੇ, ਪਤਾ ਨਹੀਂ ਲੋਕ ਕਿਉਂ ਮੇਰੇ ਵਿਰੋਧ ਵਿਚ ਹਨ? ਮੇਰੇ ਆਪਣੇ ਲੋਕ ਜਿਨ੍ਹਾਂ ਨੂੰ ਮੈਂ ਸਭ ਸਹਾਰਾ ਦਿੱਤਾ ਹੈ, ਜਿਨ੍ਹਾਂ ਨੂੰ ਮੈਂ ਖੜਾ ਕੀਤਾ ਹੈ, ਜਿਨ੍ਹਾਂ ਲਈ ਮੈਂ ਆਪਣੀ ਤਿਜੋਰੀ ਕਦੇ ਬੰਦ ਨਹੀਂ ਕੀਤੀ ਹੈ, ਉਹ ਵੀ ਮੇਰੇ ਨਾਲ ਨਰਾਜ਼ ਹਨ!

ਮੈਂ ਉਨ੍ਹਾਂ ਨੂੰ ਆਖਿਆ—ਇਕ ਗੱਲ ਮੈਂ ਤੁਹਾਥੋਂ ਪੁੱਛਦਾ ਹਾਂ ਕਿ ਕਦੇ ਤੁਸੀਂ ਦੂਜੇ ਨੂੰ ਵੀ ਮੌਕਾ ਦਿੱਤਾ ਹੈ ਕਿ ਤੁਹਾਡੀ ਸਹਾਇਤਾ ਕਰ ਸਕੇ?

ਉਨ੍ਹਾਂ ਨੇ ਕਿਹਾ—ਇਸ ਦੀ ਜ਼ਰੂਰਤ ਹੀ ਨਹੀਂ ਹੈ। ਮੌਕੇ ਦਾ ਕੀ ਸਵਾਲ ਹੈ ? ਇਸ ਦੀ ਲੋੜ ਹੀ ਨਹੀਂ ਹੈ। ਮੇਰੇ ਕੋਲ ਸਭ ਕੁਝ ਹੈ। ਮੈਂ ਕਦੇ ਕਿਸੇ ਦੇ ਸਾਹਮਣੇ ਹੱਥ ਨਹੀਂ ਫ਼ੈਲਾਇਆ।

ਤਾਂ ਮੈਂ ਕਿਹਾ—ਮੈਂ ਸਮਝ ਗਿਆ, ਅੜਚਨ ਕਿੱਥੇ ਹੈ। ਜਦ ਵੀ ਤੁਸੀਂ ਕਿਸੇ ਨੂੰ ਦਿੱਤਾ ਹੋਏਗਾ, ਤਦ ਤੁਹਾਡੀ ਇਹ ਆਕੜ ਕਿ ਮੈਂ ਕਦੇ ਕਿਸੇ ਦੇ ਅੱਗੇ ਹੱਥ ਨਹੀਂ ਫੈਲਾਏ—ਮੈਂ ਸਦਾ ਦੇਣ ਵਾਲਾ ਹਾਂ, ਲੈਣ ਵਾਲਾ ਨਹੀਂ—ਇਹ ਆਕੜ ਮਾਰ ਗਈ। ਉਸ ਆਦਮੀ ਦੇ ਮਨ 'ਚ ਤੁਸੀਂ ਇੰਨੀ ਪੀੜ ਛੱਡ ਦਿੱਤੀ ਹੈ। ਦਿੱਤਾ ਤੁਸੀਂ ਬਹੁਤ ਹੈ, ਇਸ ਵਿਚ ਕੋਈ ਸ਼ੱਕ ਨਹੀਂ ਹੈ। ਮੈਨੂੰ ਵੀ ਪਤਾ ਹੈ। ਤੁਹਾਡੇ ਰਿਸ਼ਤੇਦਾਰਾਂ ਨੂੰ ਵੀ ਮੈਂ ਜਾਣਦਾ ਹਾਂ। ਉਨ੍ਹਾਂ ਨੂੰ ਤੁਸੀਂ ਦਿੱਤਾ ਹੈ, ਇਹ ਵੀ ਉਹ ਸਵੀਕਾਰ ਕਰਦੇ ਹਨ, ਲੇਕਿਨ ਤੁਹਾਡੇ ਦੇਣ ਵਿਚ ਇੰਨੀ ਆਕੜ ਸੀ ਅਤੇ ਇੰਨਾ ਹੰਕਾਰ ਸੀ, ਤੁਹਾਡੇ ਦੇਣ ਵਿਚ ਤੁਸੀਂ ਇੰਨੇ ਉੱਚੇ ਸੀ ਅਤੇ ਤੁਸੀਂ ਉਨ੍ਹਾਂ ਨੂੰ ਕੀੜੇ-ਮਕੌੜੇ ਕਰ ਦਿੱਤਾ! ਤੁਸੀਂ ਕਦੇ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਕਿ ਉਹ ਵੀ ਕਦੇ ਹੱਥ ਉਪਰ ਚੁੱਕ ਕੇ ਤੁਹਾਨੂੰ ਕੁਝ ਦੇ ਪਾਉਂਦੇ। ਕੋਈ ਛੋਟੀ ਚੀਜ਼, ਕਿ ਤੁਸੀਂ ਬੀਮਾਰ ਹੋਏ ਅਤੇ ਤੁਸੀਂ ਉਨ੍ਹਾਂ ਨੂੰ ਕਿਹਾ ਹੁੰਦਾ ਕਿ ਆਓ, ਦੋ ਘੜੀਆਂ ਮੇਰੇ ਕੋਲ ਬੈਠੋ, ਤੁਹਾਡੇ ਬੈਠਣ ਨਾਲ ਮੈਨੂੰ ਰਾਹਤ ਮਿਲਦੀ ਹੈ, ਕਿ ਤੁਹਾਨੂੰ ਕੋਈ ਕੰਮ ਹੁੰਦਾ, ਨਿੱਕਾ-ਮੋਟਾ ਕੰਮ ਕਿ ਤੁਸੀਂ ਮੇਰੇ ਲਈ ਕਰ ਦੇਣਾ, ਕੋਈ ਦੂਜਾ ਨਹੀਂ ਕਰ ਸਕੇਗਾ, ਮੇਰੇ ਤੋਂ ਨਹੀਂ ਹੁੰਦਾ। ਤੁਸੀਂ ਕਦੇ ਨਿੱਕੇ-ਨਿੱਕੇ ਮੌਕੇ ਉਨ੍ਹਾਂ ਨੂੰ ਦਿੱਤੇ ਹੁੰਦੇ ਕਿ ਉਹ ਵੀ ਸਹਾਇਤਾ ਕਰ ਸਕਦੇ। ਤੁਸੀਂ ਉਨ੍ਹਾਂ ਨੂੰ ਭਿਖਾਰੀ ਬਣਾ ਦਿੱਤਾ ਹੈ। ਦਿੱਤਾ ਤੁਸੀਂ ਬਹੁਤ ਹੈ। ਲੇਕਿਨ ਦੇਣ ਦੇ ਮਾਧਿਅਮ ਨਾਲ ਤੁਸੀਂ ਉਨ੍ਹਾਂ ਨੂੰ ਭਿਖਾਰੀ ਬਣਾ ਦਿੱਤਾ ਹੈ, ਉਹ ਉਸ ਦਾ ਬਦਲਾ ਲੈਂਦੇ ਹਨ ਤੁਹਾਡੇ ਤੋਂ। ਉਹ ਬਦਲਾ ਲੈ ਕੇ ਰਹਿਣਗੇ। ਤੁਸੀਂ ਉਨ੍ਹਾਂ ਦੇ ਦੁਸ਼ਮਣ ਹੋ।

ਕਹਾਵਤ ਹੈ, ਨੇਕੀ ਕਰ ਅਤੇ ਖੂਹ ਵਿਚ ਸੁੱਟ। ਉਸ ਦਾ ਮਤਲਬ ਇੰਨਾ ਹੀ ਹੈ ਕਿ ਭਲਾਈ ਕਰਨਾ, ਲੇਕਿਨ ਯਾਦ ਨਾ ਰੱਖਣਾ ਕਿ ਭਲਾਈ ਕੀਤੀ। ਭਲਾਈ ਕਰਨਾ, ਕਰਨ ਵੇਲੇ ਖ਼ਿਆਲ ਵੀ ਨਾ ਲਿਆਉਣਾ ਕਿ ਭਲਾਈ ਕਰ ਰਹੇ ਹਾਂ। ਹਾਲਾਂਕਿ ਭਲਾਈ ਕਰਨਾ, ਲੇਕਿਨ ਇਹ ਵੀ ਉਮੀਦ ਨਾ ਰੱਖਣਾ ਕਿ ਦੂਜਾ ਧੰਨਵਾਦ ਦੇਵੇ। ਹੋਰ ਵੀ ਜੇਕਰ ਤੁਸੀਂ ਠੀਕ ਤਰ੍ਹਾਂ ਸਮਝੋ ਤਾਂ ਭਲਾਈ ਕਰਨਾ ਅਤੇ ਉਸ ਨੂੰ ਧੰਨਵਾਦ ਦੇਣਾ ਕਿ ਤੇਰੀ ਬਹੁਤ ਕਿਰਪਾ ਹੈ ਕਿ ਤੂੰ ਮੈਨੂੰ ਸੇਵਾ ਦਾ ਇਕ ਮੌਕਾ ਦਿੱਤਾ। ਅਤੇ ਇਹ ਗੱਲਬਾਤ ਦੀ ਗੱਲਬਾਤ ਨਾ ਹੋਵੇ, ਇਹ ਹਾਰਦਿਕ ਹੋਵੇ। ਨਹੀਂ ਤਾਂ ਭਲਾਈ ਵੀ ਥੱਪੜ ਮਾਰ ਜਾਂਦੀ ਹੈ। ਉਸ ਦਾ ਬਦਲਾ ਮਿਲੇਗਾ।

ਜ਼ਿੰਦਗੀ ਬਹੁਤ ਉਲਝੀ ਹੋਈ ਹੈ ਅਤੇ ਆਦਮੀ ਬਹੁਤ ਅੰਨ੍ਹਾ ਹੈ, ਸਾਡੇ ਬੁੱਧ ਪੁਰਸ਼ਾਂ ਨੇ ਇਹ ਕਿਹਾ ਹੈ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥

ਜਿਹੜੇ ਤੁਹਾਨੂੰ ਮਾਰਨ, ਉਨ੍ਹਾਂ ਨੂੰ ਘੁੰਮ ਕੇ ਜਵਾਬ ਨਾ ਦੇਣਾ, ਉਨ੍ਹਾਂ ਨੂੰ ਮਾਰਨਾ ਨਹੀਂ। ਕਿਉਂ, ਕਿਉਂਕਿ ਉਹ ਤੈਨੂੰ ਮਾਰ ਹੀ ਰਹੇ ਹਨ ਇਸ ਲਈ ਕਿ ਤੂੰ ਕਿਸੇ ਜਾਣੇ-ਅਣਜਾਣੇ ਪਲ ਵਿਚ ਉਨ੍ਹਾਂ ਨੂੰ ਕਦੇ ਮਾਰਿਆ ਹੋਏਗਾ—ਇਸ ਜਨਮ ਵਿਚ। ਕਿਸੇ ਹੋਰ ਜਨਮ ਵਿਚ। ਕਥਾ ਲੰਮੀ ਹੈ। ਅਸੀਂ ਇੱਥੇ ਨਵੇਂ ਨਹੀਂ ਹਾਂ। ਅਸੀਂ ਪਹਿਲੀ ਵਾਰੀ ਇੱਥੇ ਨਹੀਂ ਹਾਂ, ਬਹੁਤ ਵਾਰੀ ਇੱਥੇ ਰਹੇ ਹਾਂ। ਜਿਨ੍ਹਾਂ ਨਾਲ ਅਸੀਂ ਸੰਬੰਧਿਤ ਹਾਂ, ਉਨ੍ਹਾਂ ਨਾਲ ਅਸੀਂ ਬਹੁਤ ਤਰ੍ਹਾਂ ਦੇ ਸੰਬੰਧ ਬਣਾਏ ਅਤੇ ਮਿਟਾਏ। ਉਨ੍ਹਾਂ ਨੂੰ ਕਦੇ ਤੂੰ ਮਾਰਿਆ ਹੋਏਗਾ।

ਬੁੱਧ ਬੈਠੇ ਹਨ ਇਕ ਸ਼ਿਲਾਖੰਡ (ਪੱਥਰ ਦੀ ਸ਼ਿਲ੍ਹ) ਦੇ ਕੋਲ ਅਤੇ ਦੇਵਦੱਤ ਨੇ—ਉਨ੍ਹਾਂ ਦੇ ਚਚੇਰੇ ਭਰਾ ਨੇ—ਉਨ੍ਹਾਂ ਨੂੰ ਮਾਰਨ ਦਾ ਪ੍ਰਬੰਧ ਕੀਤਾ ਹੈ। ਉਸ ਨੂੰ ਬਹੁਤ ਪੀੜਾ ਸੀ। ਉਹ ਸੋਚਦਾ ਸੀ ਮੈਂ ਖ਼ੁਦ ਬੁੱਧਪੁਰਸ਼ ਹਾਂ ਅਤੇ ਉਸ ਨੂੰ ਬਹੁਤ ਅੜਚਨ ਸੀ ਕਿਉਂਕਿ ਵੱਡਾ ਚਚੇਰਾ ਭਰਾ ਸੀ, ਬੁੱਧ ਕੋਲ ਉਮਰ ਬਹੁਤੀ ਸੀ। ਅਤੇ ਇਹ ਬੁੱਧ ਅਚਾਨਕ ਗੁਰੂ ਹੋ ਗਿਆ, ਸਾਡੇ ਵੇਖਦੇ-ਵੇਖਦੇ ਗੁਰੂ ਹੋ ਗਿਆ! ਅਤੇ ਇਸ ਨੂੰ ਕੀ ਪਤਾ ਹੈ ਜੋ ਸਾਨੂੰ ਪਤਾ ਨਹੀਂ ਹੈ?

ਅਤੇ ਉਹ ਪੰਡਿਤ ਸੀ। ਹੋਰ ਜੇਕਰ ਦੋਵੇਂ ਇਮਤਿਹਾਨ ਦਿੰਦੇ ਤਾਂ ਸ਼ਾਇਦ ਬੁੱਧ ਹਾਰਦੇ ਉਹ ਜਿੱਤਦਾ। ਸ਼ਾਸਤ੍ਰ ਦਾ ਉਸ ਨੂੰ ਗਿਆਨ ਸੀ। ਬੁੱਧ ਦਾ ਸ਼ਾਸਤ੍ਰ ਦਾ ਗਿਆਨ ਨਾਂਹ ਦੇ ਬਰਾਬਰ ਹੈ, ਆਪਣਾ ਗਿਆਨ ਪਰੇਮ ਹੈ। ਸ਼ਾਸਤ੍ਰ ਦਾ ਗਿਆਨ ਕੁਝ ਖ਼ਾਸ ਨਹੀਂ ਹੈ। ਉਸ ਦੀ ਕੋਈ ਲੋੜ ਨਹੀਂ। ਜਿਸ ਦੇ ਕੋਲ ਹੀਰੇ ਹੋਣ ਉਹ ਰੋੜੇ ਪੱਥਰ ਕਿਉਂ ਇਕੱਠੇ ਕਰੇ? ਲੇਕਿਨ ਦੇਵਦੱਤ ਨੂੰ ਬਹੁਤ ਸ਼ਾਸਤ੍ਰੀ ਗਿਆਨ ਸੀ। ਉਹ ਚਾਹੁੰਦਾ ਸੀ, ਬੁੱਧ ਨੂੰ ਮਿਟਾ ਦੇਵੇ ਤਾਂ ਉਹ ਇਕ ਛਤ੍ਰਗੁਰੂ ਹੋ ਜਾਏ। ਉਸ ਨੂੰ ਵੀ ਕੁਝ ਸ਼ਿਸ਼ ਮਿਲ ਗਏ ਸੀ। ਦੁਨੀਆਂ ਵਿਚ ਇੰਨੇ ਮੂੜ੍ਹ ਹਨ ਕਿ ਮੂੜ੍ਹ ਤੋਂ ਮੂੜ੍ਹ ਆਦਮੀ ਨੂੰ ਵੀ ਚੇਲੇ ਮਿਲ ਜਾਂਦੇ ਹਨ। ਇਸ ਲਈ ਇਸ ਵਿਚ ਕੁਝ ਪ੍ਰੇਸ਼ਾਨ ਹੋਣ ਦੀ ਗੱਲ ਨਹੀਂ ਹੈ। ਕੁਝ ਵੱਡਾ ਗਿਆਨੀ ਹੋਣ ਦੀ ਜ਼ਰੂਰਤ ਨਹੀਂ ਹੈ ਚੇਲੇ ਪਾਣ ਲਈ। ਸੱਚ ਤਾਂ ਇਹ ਹੈ ਕਿ ਜੇਕਰ ਤੁਸੀਂ ਗਿਆਨੀ ਹੋ ਤਾਂ ਚੇਲਾ ਮਿਲਣਾ ਥੋੜ੍ਹਾ ਮੁਸ਼ਕਿਲ ਹੋ ਜਾਏਗਾ, ਕਿਉਂਕਿ ਚੇਤੇ ਨੂੰ ਵੀ ਤੁਹਾਡੇ ਵੱਲ ਯਾਤ੍ਰਾ ਕਰਨੀ ਪਏਗੀ। ਜੇਕਰ ਤੁਸੀਂ ਮੂੜ੍ਹ ਹੋ, ਤੁਸੀਂ ਉਨ੍ਹਾਂ ਦੇ ਨਾਲ ਹੀ ਖਲੋਤੇ ਹੋ, ਕਿਤੇ ਯਾਤ੍ਰਾ ਨਹੀਂ ਕਰਨੀ ਹੈ। ਜੇਕਰ ਤੁਸੀਂ ਮੂੜ੍ਹ ਹੋ

ਤਾਂ ਮੂੜ੍ਹ ਚੇਲਿਆਂ ਨਾਲ ਤੁਹਾਡਾ ਠੀਕ ਸੰਬੰਧ ਬੈਠ ਜਾਏਗਾ—ਕਿਉਂਕਿ ਤੁਹਾਡੇ ਕੰਮਾਂ ਵਿਚ ਅਤੇ ਉਨ੍ਹਾਂ ਦੀ ਸਮਝ ਵਿਚ ਤਾਲਮੇਲ ਹੋਏਗਾ।

ਦੇਵਦੱਤ ਨੂੰ ਵੀ ਸ਼ਿਸ਼ ਮਿਲ ਗਏ ਸਨ। ਉਸ ਨੇ ਆ ਕੇ ਇਕ ਪੱਥਰ ਪਹਾੜ ਦੇ ਉਪਰੋਂ ਸਰਕਾ ਦਿੱਤਾ। ਵੱਡੀ ਚੱਟਾਨ ਸੀ। ਕਰੀਬ-ਕਰੀਬ ਬੁੱਧ ਦੇ ਨੇੜਿਉਂ ਦੀ ਪੱਥਰ ਲੰਘ ਗਿਆ, ਦੋ ਇੰਚ ਇਸ ਪਾਸੇ ਕਿ ਬੁੱਧ ਸਮਾਪਤ ਹੋ ਜਾਂਦੇ। ਸ਼ਿਸ਼ਿਆਂ ਨੇ ਬੁੱਧ ਨੂੰ ਕਿਹਾ—ਹੁਣ ਇਹ ਜ਼ਰਾ ਅਤੀ ਹੋ ਗਈ! ਕੁਝ ਕਰਨਾ ਪਏਗਾ।

ਬੁੱਧ ਨੇ ਕਿਹਾ ਚੁੱਪ! ਕਰਨ ਦੀ ਗੱਲ ਹੀ ਨਾ ਸੋਚਣਾ। ਪਹਿਲਾਂ ਮੈਂ ਕੀਤਾ ਸੀ, ਉਸ ਦਾ ਫਲ ਭੋਗ ਰਿਹਾ ਹਾਂ। ਹੁਣ ਹੋਰ ਅੱਗੇ ਕਰਨ ਦਾ ਹਿਸਾਬ ਨਾ ਰੱਖੋ, ਨਹੀਂ ਤਾਂ ਫਿਰ ਆਉਣਾ ਪਏਗਾ। ਇਹ ਨਿਪਟਾਰਾ ਹੋਇਆ। ਮੇਰਾ ਮਨ ਹਲਕਾ ਹੋਇਆ। ਕਦੇ ਮੈਂ ਇਸ ਦੇਵਦੱਤ ਨੂੰ ਬਹੁਤ ਦੁੱਖ ਦਿੱਤਾ ਸੀ। ਇਹ ਤਾਂ ਸਿਰਫ਼ ਹਿਸਾਬ ਕਿਤਾਬ ਪੂਰਾ ਹੋ ਰਿਹਾ ਹੈ।

ਬੁੱਧ ਨਾ ਮਰੇ ਤਾਂ ਉਸ ਨੇ ਇਕ ਪਾਗ਼ਲ ਹਾਥੀ ਬੁੱਧ ਦੇ ਖ਼ਿਲਾਫ਼ ਛੱਡ ਦਿੱਤਾ। ਉਹ ਪਾਗਲ ਹਾਥੀ ਬਿਲਕੁਲ ਪਾਗ਼ਲ ਸੀ। ਉਸ ਨੂੰ ਵੱਸ ਵਿਚ ਕਰਨਾ ਮੁਸ਼ਕਿਲ ਸੀ। ਦਰੱਖ਼ਤਾਂ ਨੂੰ ਉਖਾੜ ਕੇ ਸੁੱਟ ਦਿੰਦਾ, ਲੋਕਾਂ ਨੂੰ ਮਿੱਧ ਸੁੱਟਦਾ। ਉਸ ਨੂੰ ਛੱਡ ਦਿੱਤਾ। ਲੇਕਿਨ ਉਹ ਪਾਗਲ ਹਾਥੀ ਬੁੱਧ ਦੇ ਸਾਹਮਣੇ ਆ ਕੇ ਝੁਕ ਕੇ ਖੜਾ ਹੋ ਗਿਆ। ਬੁੱਧ ਦੇ ਸ਼ਿਸ਼ਿਆਂ ਨੇ ਕਿਹਾ ਇਹ ਤਾਂ ਵੱਡਾ ਚਮਤਕਾਰ ਹੈ!

ਬੁੱਧ ਨੇ ਕਿਹਾ—ਕੁਝ ਚਮਤਕਾਰ ਨਹੀਂ ਹੈ। ਇਸ ਹਾਥੀ ਦੇ ਨਾਲ ਕਦੇ ਮੈਂ ਭਲਾ ਕੀਤਾ ਸੀ। ਕਿਨ੍ਹਾਂ ਬੀਤੇ ਹੋਏ ਜਨਮਾਂ ਦੀ ਗੱਲ ਹੈ। ਇਹ ਵੀ ਚੁਕਤਾਰਾ ਹੋ ਗਿਆ, ਕਿਉਂਕਿ ਬੁਰਾ ਵੀ ਬੰਨ੍ਹਦਾ ਹੈ, ਭਲਾ ਵੀ ਬੰਨ੍ਹਦਾ ਹੈ। ਜਦ ਤਕ ਇਸ ਹਾਥੀ ਦਾ ਲੈਣ-ਦੇਣ ਪੂਰਾ ਨਾ ਹੋ ਜਾਂਦਾ, ਤਦ ਤਕ ਮੈਨੂੰ ਫਿਰ ਰਹਿਣਾ ਪੈਂਦਾ। ਇਸ ਜ਼ਿੰਦਗੀ ਵਿਚ ਸਭ ਨਾਲ਼ ਨਿਪਟਾਰਾ ਕਰ ਲੈਂਦਾ ਹੈ, ਤਾਂਕਿ ਫਿਰ ਆਉਣ ਦੀ ਕੋਈ ਲੋੜ ਨਾ ਰਹਿ ਜਾਏ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥

ਪਰਤ ਕੇ ਕਦੇ ਨਾ ਮਾਰਨਾ, ਕਿਉਂਕਿ ਪਹਿਲਾਂ ਹੀ ਤੂੰ ਮਾਰਿਆ ਹੈ, ਉਸ ਦਾ ਹੀ ਇਹ ਬਦਲਾ ਹੈ।

ਲੋਕ ਤੈਨੂੰ ਮਾਰਨ ਤਾਂ ਬਦਲੇ ਵਿਚ ਨਾ ਮਾਰੀਂ। ਤੂੰ ਉਨ੍ਹਾਂ ਦੇ ਪੈਰਾਂ ਨੂੰ ਚੁੰਮ ਕੇ ਘਰ ਚਲਾ ਜਾਈਂ।

ਤੂੰ ਉਨ੍ਹਾਂ ਨੂੰ ਧੰਨਵਾਦ ਦੇ। ਹਿਸਾਬ-ਕਿਤਾਬ ਪੂਰਾ ਹੋ ਗਿਆ। ਹੁਣ ਤੁਸੀਂ ਵੀ ਮੁਕਤ ਮੈਂ ਵੀ ਮੁਕਤ। ਤੂੰ ਚੁੰਮ ਕੇ ਉਨ੍ਹਾਂ ਦੇ ਪੈਰਾਂ ਨੂੰ ਘਰ ਚਲਾ ਜਾ। ਹਿਸਾਬ-ਕਿਤਾਬ ਸਮਾਪਤ ਕਰਨ ਵੇਲੇ ਬਹੁਤ ਪ੍ਰੇਮ-ਪੂਰਣ ਢੰਗ ਨਾਲ ਸਮਾਪਤ ਕਰ ਦੇਣਾ। ਕਿਉਂਕਿ ਜ਼ਰਾ ਕੁ ਵੀ ਤੂੰ ਨਾ-ਨੁੱਜ ਕੀਤੀ ਤਾਂ ਫਿਰ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।

ਇਹ ਬਹੁਤ ਡੂੰਘਾ ਹਿਸਾਬ ਹੈ ਜੀਵਨ ਦੇ ਸ਼ਾਸਤ੍ਰ ਦਾ ਹਿਸਾਬ ਹੈ, ਜੇਕਰ ਕੋਈ ਤੁਹਾਨੂੰ ਦੁੱਖ ਦੇ ਰਿਹਾ ਹੈ, ਤੁਸੀਂ ਦਿੱਤਾ ਹੋਏਗਾ। ਹੁਣ ਚੁੱਪ-ਚਾਪ ਨਿਪਟਾਰਾ ਕਰ ਲਓ। ਹੁਣ ਨਵੀਂ ਕੜੀ ਨਾ ਬਣਾਓ। ਉਸ ਨੂੰ ਧੰਨਵਾਦ ਦਿਓ ਕਿ ਨਿਪਟਾਰਾ ਹੋ ਗਿਆ। ਮੈਂ ਤੇਰੇ ਨਾਲ ਕੀਤਾ ਤੂੰ ਸਾਡੇ ਨਾਲ ਕੀਤਾ, ਗੱਲ ਪੂਰੀ ਹੋ ਗਈ! ਹੁਣ ਅਸੀਂ ਵਿਦਾ ਹੋ ਸਕਦੇ ਹਾਂ! ਹੁਣ ਸਾਡੇ ਵਿਚਕਾਰ ਕੋਈ ਧਾਗਾ ਨਹੀਂ ਬੱਝਿਆ ਹੋਇਆ ਹੈ।

ਫ਼ਰੀਦ, ਜਦ ਤੇਰੇ ਕਮਾਉਣ ਦੇ ਦਿਨ ਸੀ, ਤਦ ਤੂੰ ਦੁਨੀਆਂ ਦੇ ਰੰਗ ਵਿਚ ਰੰਗਿਆ ਹੋਇਆ ਸੀ। ਮੌਤ ਦੀ ਨੀਂਦ ਲੇਕਿਨ ਮਜ਼ਬੂਤ ਹੈ। ਖੇਪ ਦੇ ਭਰਦੇ ਹੀ ਉਹ ਲੱਦਣਹਾਰ ਲੈ ਕੇ ਚੱਲ ਦੇਵੇਗਾ।

'ਫਰੀਦਾ ਜਾਂ ਤਉ ਖਟਣ ਵੇਲ'—ਜਦ ਤੂੰ ਜਵਾਨ ਸੀ, ਯੁਵਾ ਸੀ, ਸ਼ਕਤੀ ਨਾਲ ਭਰਿਆ ਸੀ। ਜਦ ਤੇਰੇ ਕਮਾਉਣ ਦੇ ਦਿਨ ਸੀ ਕਿਹੜੀ ਕਮਾਈ?

ਪਰਮਾਤਮਾ ਨੂੰ ਕਮਾਉਣ ਦੀ ਕਮਾਈ—ਪਰਮਾਤਮਾ ਨੂੰ ਕਮਾਉਣ ਦੇ ਜਦ ਤੇਰੇ ਦਿਨ ਸਨ, ਉਹ ਤਾਂ ਤੂੰ ਦੁਨੀਆਂ ਦੇ ਰੰਗ 'ਚ ਗੁਆ ਦਿੱਤੇ। ਹੁਣ ਬਹੁਤ ਥੋੜੀਆਂ ਘੜੀਆਂ ਬਚੀਆਂ ਹਨ, ਹੁਣ ਇਨ੍ਹਾਂ ਨੂੰ ਲੜਨ-ਝਗੜਨ ਵਿਚ ਨਾ ਉਲਝਾ। ਹੁਣ ਕੋਈ ਗਾਲ੍ਹੀ ਕੱਢਦਾ ਹੈ, ਉਸ ਦੇ ਕਾਰਨ ਤੂੰ ਆਪਣੀ ਪ੍ਰਾਰਥਨਾ 'ਚ ਵਿਘਨ ਨਾ ਪਾ! ਉਸ ਦੇ ਕਾਰਨ ਤੂੰ ਪ੍ਰਾਰਥਨਾ ਨੂੰ ਬਿਗੜਨ ਨਾ ਦੇ। ਹੁਣ ਕੋਈ ਪੱਥਰ ਮਾਰਦਾ ਹੈ, ਇਸ ਕਾਰਨ ਤੂੰ ਆਪਣੀ ਆਤਮਾ ਨੂੰ ਡੁਬਾਉਣ ਵਿਚ ਨਾ ਲੱਗ ਜਾਈਂ। ਹੁਣ ਇਨ੍ਹਾਂ ਨਿੱਕੀਆਂ ਗੱਲਾਂ ਵਿਚ ਉਲਝਣੇ ਦਾ ਸਮਾਂ ਨਹੀਂ ਰਿਹਾ। ਜਦ ਦਿਨ ਸਨ, ਵਕਤ ਸੀ, ਤਾਕਤ ਸੀ, ਤਦ ਤਾਂ ਤੂੰ ਦੁਨੀਆਂ ਦੇ ਰੰਗ ਵਿਚ ਰੰਗਿਆ ਰਿਹਾ! ਹੁਣ ਤਾਂ ਵਿਦਾਈ ਦਾ ਵੇਲਾ ਆ ਗਿਆ। ਮੌਤ ਮਜ਼ਬੂਤ ਹੈ। ਉਹ ਨੇੜੇ ਆ ਰਹੀ ਹੈ।

ਖੇਪ ਦੇ ਪਰਦੇ ਹੀ ਉਹ ਲੱਦਣਹਾਰ ਲੈ ਕੇ ਟੁਰ ਪਏਗਾ।

ਖੇਪ (ਇਕੋ ਵਾਰੀ ਭਰੀ ਜਾਣ ਵਾਲੀ ਕੋਈ ਚੀਜ਼, ਟੋਕਰੀ, ਗੱਡੀ) ਭਰਨ ਦੇ ਨੇੜੇ ਹੈ, ਕਿਸੇ ਵੀ ਵੇਲੇ ਯਾਤ੍ਰਾ ਸ਼ੁਰੂ ਹੋ ਜਾਏਗੀ। ਹੁਣ ਵਕਤ ਨਹੀਂ ਹੈ ਕਿ ਗਾਲ੍ਹਾਂ ਦੇ ਜਵਾਬ ਗਾਲ੍ਹਾਂ ਨਾਲ ਦਿੱਤੇ ਜਾਣ, ਕੰਡਿਆਂ ਦੇ ਜਵਾਬ ਕੰਡਿਆਂ

ਨਾਲ ਦਿੱਤੇ ਜਾਣ, ਇੱਟਾਂ ਦੇ ਜਵਾਬ ਪੱਥਰਾਂ ਨਾਲ ਦਿੱਤੇ ਜਾਣ। ਹੁਣ ਵਕਤ ਨਹੀਂ ਹੈ। ਮੌਤ ਨੇੜੇ ਆ ਗਈ ਹੈ। ਇਵੇਂ ਤਾਂ ਜ਼ਿੰਦਗੀ ਰਾਗ-ਰੰਗ ਵਿਚ ਬਿਤਾ ਦਿੱਤੀ ਹੈ, ਪਰਮਾਤਮਾ ਨੂੰ ਨਾ ਕਮਾ ਪਾਇਆ, ਹੁਣ ਇਨ੍ਹਾਂ ਆਖ਼ਰੀ ਘੜੀਆਂ ਨੂੰ ਵਿਅਰਥ ਦੇ ਲੈਣ-ਦੇਣ ਦੇ ਉਲਝਾਵੇ ਵਿਚ ਨਾ ਗੁਆ, ਕੋਈ ਗਾਲ੍ਹੀ ਕੱਢੇ, ਕੋਈ ਮਾਰੇ, ਤੂੰ ਪੈਰ ਚੁੰਮ ਕੇ ਆਪਣੇ ਘਰ ਆ ਜਾ।

ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ॥

ਤਦ ਤੂੰ ਸਾਰੀ ਦੁਨੀਆਂ 'ਚ ਰੱਤ ਰਿਹਾ, ਉਲਝਿਆ ਰਿਹਾ।

'ਮਾਰਗ ਸਵਾਈ ਨੀਹਿ'—ਹੁਣ ਮੌਤ ਨੇੜੇ ਆਉਂਦੀ ਹੈ। ਅਤੇ ਮੌਤ ਬਹੁਤ ਮਜ਼ਬੂਤ ਹੈ! ਉਸ ਤੋਂ ਬਚਣ ਦਾ ਉਪਾਇ ਨਹੀਂ ਹੈ।

'ਜਾਂ ਭਰਿਆ ਤਾਂ ਲਦਿਆ'—ਅਤੇ ਜਦ ਲੱਦਣਾ ਪੂਰਾ ਹੋ ਜਾਏਗਾ, ਮੌਤ ਦੀ ਬੇੜੀ ਭਰ ਜਾਏਗੀ—ਯਾਤ੍ਰਾ ਸ਼ੁਰੂ ਹੋ ਜਾਏਗੀ।

ਦੇਖ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥

ਫ਼ਰੀਦ ਵੇਖ ਤਾਂ ਜ਼ਰਾ ਇਹ ਕੀ ਹੋਇਆ? ਤੇਰੀ ਦਾੜ੍ਹੀ ਚਿੱਟੀ ਹੋ ਗਈ ਹੈ।

ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

ਅੱਗਾ ਨੇੜੇ ਆ ਗਿਆ, ਪਿੱਛਾ ਬਹੁਤ ਪਿੱਛੇ ਰਹਿ ਗਿਆ। ਜਨਮ ਤਾਂ ਬਹੁਤ ਪਿੱਛੇ ਰਹਿ ਗਿਆ, ਮੌਤ ਨੇੜੇ ਆ ਗਈ।

ਦੇਖ ਫ਼ਰੀਦਾ, ਕੀ ਹੋਇਆ? ਤੇਰੀ ਦਾੜ੍ਹੀ ਸਫ਼ੈਦ ਹੋ ਗਈ! ਫਲ਼ ਪੱਕ ਗਏ। ਜੀਵਨ ਪੂਰਾ ਹੋਣ ਦੇ ਨੇੜੇ ਆ ਗਿਆ। ਹੁਣ ਵਕਤ ਨਹੀਂ ਹੈ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਉਲਝਣ ਦਾ। ਹੁਣ ਗਾਲ੍ਹੀਆਂ ਦੇ ਜਵਾਬ ਦੇਣ ਦਾ ਮੌਕਾ ਨਹੀਂ ਹੈ, ਨਾ ਘੁੰਮ ਕੇ ਮਾਰਨ ਦੀ ਸੁਵਿਧਾ ਹੈ। ਉਹ ਸਭ ਹੋ ਗਿਆ। ਹੁਣ ਤੂੰ ਜਾਗ!

ਦੇਖ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

ਫ਼ਰੀਦ, ਵੇਖ ਤਾਂ ਜ਼ਰਾ ਇਹ ਕੀ ਹੋਇਆ? ਸ਼ੱਕਰ ਵੀ ਜ਼ਹਿਰ ਹੋ ਗਈ। ਆਪਣੇ ਸੁਆਮੀ ਨੂੰ ਛੱਡ ਕੇ ਹੁਣ ਮੈਂ ਹੋਰ ਕਿਸ ਨੂੰ ਆਪਣਾ ਦੁੱਖੜਾ ਸੁਣਾਵਾਂ?

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥

ਜਿਸ-ਜਿਸ ਨੂੰ ਵੀ ਅੰਮ੍ਰਿਤ ਸਮਝਿਆ, ਜੀਵਨ ਵਿਚ ਉਹ ਸਭ ਵਿਸ ਹੋ ਗਿਆ। ਜਿੱਥੇ-ਜਿੱਥੇ ਮਿਠਾਸ ਪਾਈ, ਉੱਥੇ-ਉੱਥੇ ਜ਼ਹਿਰ ਹੋ ਗਿਆ।

ਜਿਨ੍ਹਾਂ-ਜਿਨ੍ਹਾਂ ਨੂੰ ਸੁੱਖ ਜਾਣਿਆ। ਉੱਥੇ-ਉੱਥੇ ਦੁੱਖ ਦੇ ਸਿਵਾ ਕੁਝ ਨਾ ਮਿਲਿਆ। ਜਿੱਥੇ ਸਵਰਗ ਸਮਝ ਕੇ ਦਰਵਾਜ਼ੇ ਖੜਕਾਏ, ਉੱਥੇ ਨਰਕ ਪਾਇਆ।

ਦੇਖ ਫ਼ਰੀਦਾ, ਇਹ ਕੀ ਹੋਇਆ ? ਸ਼ੱਕਰ ਵੀ ਵਿਸ਼ ਹੋ ਗਈ। ਹੁਣ ਆਪਣੇ ਸੁਆਮੀ ਨੂੰ ਛੱਡ ਕੇ ਹੋਰ ਕਿਸ ਨੂੰ ਆਪਣਾ ਦੁੱਖਣਾ ਸੁਣਾਵਾਂ!

ਇੱਥੇ ਤਾਂ ਕੋਈ ਦੁੱਖੜੇ ਨੂੰ ਸਮਝੇਗਾ ਵੀ ਨਹੀਂ। ਇੱਥੇ ਤਾਂ ਕਿਸ ਨੂੰ ਕਹਿਣਾ ? ਇੱਥੇ ਤਾਂ ਅੰਨ੍ਹਿਆਂ ਨਾਲ ਪ੍ਰਕਾਸ਼ ਦੀ ਚਰਚਾ ਹੋ ਜਾਏਗੀ। ਇੱਥੇ ਤਾਂ ਮੈਂ ਦੁੱਖੜਾ ਰੋਵਾਂਗਾ ਤਾਂ ਲੋਕ ਹੱਸਣਗੇ ਕਿ ਪਾਗਲ ਹੋ ਗਿਆ ਹੈਂ। ਇੱਥੇ ਤਾਂ ਲੋਕ ਕਹਿਣਗੇ ਖਾਓ ਪੀਓ ਮੌਜ ਕਰੋ—ਇਹ ਹੀ ਤਾਂ ਜੀਵਨ ਹੈ। ਹੋਰ ਪਰਮਾਤਮਾ ਕਿੱਥੇ ਹੈ ? ਕਿਹੜੇ ਦੁੱਖ ਲਈ ਰੋ ਰਹੇ ਹੋ ? ਕਿਸ ਸੁੱਖ ਦੀ ਗੱਲ ਕਰ ਰਹੇ ਹੋ ? ਕਿਹੜੀ ਸ਼ਾਂਤੀ ਦੀ ਯਾਤ੍ਰਾ ਉੱਤੇ ਚੱਲੇ ਹੋ ? ਇੱਥੇ ਕੋਈ ਤੀਰਥ ਨਹੀਂ ਹੈ। ਚੌਂਹ ਦਿਨਾਂ ਦੀ ਜ਼ਿੰਦਗੀ ਹੈ, ਜਿੰਨੀ ਛੇਤੀ ਭੋਗ ਲਓ, ਜਿੰਨਾ ਜ਼ਿਆਦਾ ਭੋਗ ਲਉ, ਓਨਾ ਹੀ ਠੀਕ ਹੈ। ਇਹ ਸੁਫ਼ਨਿਆਂ ਦੀਆਂ ਗੱਲਾਂ ਨਾ ਕਰੋ।

ਫ਼ਰੀਦ ਵਰਗੇ ਲੋਕ ਸਦਾ ਹੀ ਸੰਸਾਰੀਆਂ ਨੂੰ ਪਾਗ਼ਲਾਂ ਵਰਗੇ ਮਾਲੂਮ ਹੋਏ ਹਨ। ਸੁਭਾਵਿਕ ਵੀ ਹੈ! ਕਿਉਂਕਿ ਉਹ ਕਿਹੜੇ ਸੁੱਖ ਦੀ ਗੱਲ ਕਰਦੇ ਹਨ, ਉਸ ਦਾ ਸਾਨੂੰ ਕੋਈ ਸਵਾਦ ਨਹੀਂ ਹੈ। ਉਹ ਜਿਸ ਨੂੰ ਦੁੱਖ ਕਹਿੰਦੇ ਹਨ, ਉਸ ਨੂੰ ਹੀ ਅਸੀਂ ਸੁੱਖ ਮੰਨ ਕੇ ਅਜੇ ਜੀ ਰਹੇ ਹਾਂ। ਜਦ ਸਾਨੂੰ ਹੋਸ਼ ਆਏਗਾ ਤਦ ਸ਼ਾਇਦ ਸਾਨੂੰ ਵੀ ਸਮਝ ਵਿਚ ਆਵੇ। ਲੇਕਿਨ ਤਦ ਤੁਸੀਂ ਵੀ ਪਾਗ਼ਲ ਦੀ ਹਲਾਤ ਵਿਚ ਹੋ ਜਾਓਗੇ। ਆਪਣਿਆਂ ਨੂੰ ਵੀ ਸਮਝਾਉਗੇ ਉਹ ਵੀ ਨਹੀਂ ਸੁਣਨਗੇ।

ਪਿਓ ਪੁੱਤਰ ਨੂੰ ਸਮਝਾਉਂਦਾ ਹੈ, ਕੁਝ ਸਾਰ ਨਹੀਂ ਹੈ ਇਨ੍ਹਾਂ ਗੱਲਾਂ ਵਿਚ! ਲੇਕਿਨ ਪੁੱਤਰ ਸਮਝ ਨਹੀਂ ਪਾਉਂਦਾ ਕਿਉਂਕਿ ਪੁੱਤਰ ਨੂੰ ਵੀ ਜਦ ਅਨੁਭਵ ਹੋਏਗਾ ਤਦ ਹੀ ਸਮਝ ਆਏਗੀ। ਸਗੋਂ ਪੁੱਤਰ ਮਨ ਵਿਚ ਇਹ ਸੋਚਦਾ ਹੈ, ਖ਼ੁਦ ਤਾਂ ਖ਼ੂਬ ਭੋਗ ਕੇ ਬੈਠ ਗਏ, ਹੁਣ ਦੂਜਿਆਂ ਨੂੰ ਸਮਝਾ ਰਹੇ ਹੋ ਕਿ ਸਾਰ ਨਹੀਂ ਹੈ! ਪਿਓ ਨੂੰ ਵੀ ਇਸ ਦੇ ਪਿਓ ਨੇ ਸਮਝਾਇਆ ਸੀ ਕਿ ਕੁਝ ਸਾਰ ਨਹੀਂ ਹੈ! ਇਸ ਨੇ ਵੀ ਇਵੇਂ ਹੀ ਬੇਰੁਖ਼ੇ ਮਨ ਨਾਲ ਸੁਣਿਆ ਸੀ।

ਜਵਾਨਾਂ ਨੂੰ ਬੁੱਢਿਆਂ ਦੀ ਸਿੱਖਿਆ ਠੀਕ ਨਹੀਂ ਮਾਲੂਮ ਹੁੰਦੀ। ਠੀਕ ਤਾਂ ਦੂਰ, ਅਰੂਚੀਕਰ (ਚੰਗਾ ਨਾ ਲੱਗਣਾ) ਮਾਲੂਮ ਪੈਂਦੀ ਹੈ! ਅਰੂਚੀਕਰ ਵੀ ਦੂਰ ਬਹੁਤ ਅਪਮਾਨ-ਜਨਕ ਮਾਲੂਮ ਹੁੰਦੀ ਹੈ। ਜਵਾਨ ਬੁੱਢਿਆਂ ਨਾਲ ਗੱਲ ਨਹੀਂ ਕਰਨਾ ਚਾਹੁੰਦੇ! ਕਿਉਂਕਿ ਜਵਾਨੀ ਦੀ ਭਾਸ਼ਾ ਹੋਰ—ਅੱਖਾਂ ਵਿਚ ਇੰਦਰ ਧਨੁਸ਼ ਸਮਾਏ ਹਨ! ਮਨ ਵਿਚ ਵੱਡੇ ਸੁਫ਼ਨੇ ਹਨ! ਰੋਮ-ਰੋਮ ਪਾਗ਼ਲ ਹੈ ਵਾਸਨਾ

ਨਾਲ! ਅਤੇ ਤੁਸੀਂ ਪਰਮਾਤਮਾ ਦੀ ਗੱਲ ਕਰੋ, ਪ੍ਰਾਰਥਨਾ ਦੀ ਗੱਲ ਕਰੋ, ਮੰਦਿਰ, ਮਸਜਿਦ, ਗੁਰਦੁਆਰੇ ਦੀ ਗੱਲ ਕਰੋ, ਜੱਚਦੀ ਨਹੀਂ ਹੈ। ਅਜੇ ਦੁਨੀਆਂ ਤੋਂ ਮਨ ਭਰਿਆ ਕਿੱਥੇ ਹੈ!

ਤਾਂ ਫ਼ਰੀਦ ਕਹਿੰਦਾ ਹੈ—ਜਿਹੜੀ ਹਾਲਤ ਸਾਡੀ ਹੋ ਗਈ ਹੈ, ਉਹ ਇਹ ਹੈ ਕਿ ਜੀਵਨ ਤਾਂ ਇਵੇਂ ਹੀ ਗੁਆ ਦਿੱਤਾ, ਇਹ ਦਾੜ੍ਹੀ ਚਿੱਟੀ ਹੋ ਗਈ, ਮਰਨ ਦਾ ਵੇਲਾ ਨੇੜੇ ਆ ਗਿਆ। ਕਦ ਲੜਾਈ ਪੂਰੀ ਹੋ ਜਾਏਗੀ, ਲੱਦਣਹਾਰ ਚੱਲ ਪਏਗਾ—ਕੁਝ ਕਿਹਾ ਨਹੀਂ ਜਾ ਸਕਦਾ, ਕਿਸੇ ਵੀ ਵੇਲੇ ਇਹ ਘਟਨਾ ਘਟ ਸਕਦੀ ਹੈ। ਇਕ ਗੱਲ ਨਿਸ਼ਚਿਤ (ਪੱਕੀ) ਹੈ—ਉਹ ਮੌਤ ਹੈ। ਜੀਵਨ ਵਿਚ ਸਭ ਅਨਿਸ਼ਚਿਤ (ਜਿਸ ਦੇ ਬਾਰੇ ਕੁਝ ਤੈਅ ਨਾ ਕੀਤਾ ਹੋਵੇ) ਹੈ ਮੌਤ ਦੇ ਇਲਾਵਾ। ਹੋਰ ਸਭ ਹੋਵੇ ਵੀ, ਨਾ ਵੀ ਹੋਵੇ, ਲੇਕਿਨ ਮੌਤ ਤਾਂ ਹੋਏਗੀ ਹੀ।

ਹੁਣ ਅਜਿਹੀ ਘੜੀ ਵਿਚ

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥

ਇਹ ਵੇਦਨਾ ਕਿਸ ਨੂੰ ਕਹੀਏ, ਸਿਵਾਏ ਆਪਣੇ ਸੁਆਮੀ ਦੇ? ਉਹ ਹੀ ਸਮਝ ਸਕੇਗਾ।

ਜਦ ਤੁਹਾਡੇ ਜੀਵਨ ਵਿਚ ਸਮਝ ਆਉਂਦੀ ਹੈ ਤਾਂ ਸਿਵਾਏ ਪਰਮਾਤਮਾ ਨੂੰ ਛੱਡ ਕੇ ਹੋਰ ਕਿਸੇ ਨਾਲ ਗੱਲ ਕਰਨ ਵਿਚ ਅਰਥ ਨਹੀਂ ਰਹਿ ਜਾਂਦਾ। ਪ੍ਰਾਰਥਨਾ ਦਾ ਇਹ ਹੀ ਅਰਥ ਹੈ—ਤੁਸੀਂ ਆਪਣੇ ਪਰਮਾਤਮਾ ਨਾਲ ਗੱਲ ਕਰਦੇ ਹੋ, ਉਹ ਹੀ ਸਮਝੇਗਾ। ਜੇਕਰ ਉਹ ਨਾ ਸਮਝੇਗਾ ਫਿਰ ਤਾਂ ਕੋਈ ਵੀ ਨਹੀਂ ਸਮਝੇਗਾ।

ਭਗਤ ਜਦ ਭਗਵਾਨ ਦੇ ਸਾਹਮਣੇ ਬੈਠਦਾ ਹੈ, ਤਦ ਆਪਣੀਆਂ ਸਾਰੀਆਂ ਗੱਲਾਂ ਦਿਲ ਦੀਆਂ ਖੋਲ੍ਹ ਕੇ ਕਹਿੰਦਾ ਹੈ—ਤਦ ਉਹ ਦੁੱਖ ਰੋਂਦਾ ਹੈ, ਉਸ ਦਾ ਜੋ ਬੀਤ ਗਿਆ ਪਛਤਾਉਂਦਾ ਹੈ। ਉਸ ਲਈ ਜੋ ਜਾ ਚੁੱਕਿਆ, ਉਸ ਸਭ ਦੀ ਗੱਲ ਕਰਦਾ ਹੈ ਜੋ ਆ ਰਿਹਾ ਹੈ। ਉਹ ਆਪਣੇ ਜੀਵਨ ਦੇ ਸੁਫ਼ਨਿਆਂ ਦੀ ਗੱਲ ਕਹਿੰਦਾ ਹੈ ਜਿਹੜੇ ਝੂਠ ਸਿੱਧ ਹੋਏ, ਅਤੇ ਉਨ੍ਹਾਂ ਸਚਾਈਆਂ ਦੀ ਗੱਲ ਕਹਿੰਦਾ ਹੈ ਜਿਨ੍ਹਾਂ ਦੀ ਝਲਕ ਹੁਣ ਮਿਲਣੀ ਸ਼ੁਰੂ ਹੋਈ ਹੈ। ਪਰਮਾਤਮਾ ਤੋਂ ਇਲਾਵਾ ਇਹ ਗੱਲਾਂ ਕਿਸੇ ਨਾਲ ਨਹੀਂ ਕਹੀਆਂ ਜਾ ਸਕਦੀਆਂ।

ਧੰਨਭਾਗੀ ਹਨ, ਉਹ ਲੋਕ, ਜਿਨ੍ਹਾਂ ਨੂੰ ਕੋਈ ਗੁਰੂ ਮਿਲ ਜਾਏ। ਗੁਰੂ ਦਾ ਅਰਥ ਹੈ—ਮਨੁੱਖ ਦੇ ਰੂਪ ਵਿਚ ਪਰਮਾਤਮਾ। ਉਹ ਮਨੁੱਖ ਵੀ ਹੈ—ਉਹ ਤੁਹਾਡੀਆਂ ਭੁੱਲਾਂ ਅਤੇ ਦੁੱਖ ਨੂੰ ਵੀ ਸਮਝ ਸਕੇਗਾ ਅਤੇ ਉਹ ਪਰਮਾਤਮਾ ਵੀ

ਹੈ—ਉਹ ਤੁਹਾਡੇ ਦੁੱਖਾਂ ਅਤੇ ਭੁੱਲਾਂ ਨੂੰ ਸਿਰਫ਼ ਸਮਝ ਹੀ ਨਹੀਂ ਸਕੇਗਾ, ਸਿਰਫ਼ ਤੁਹਾਡੇ ਨਾਲ ਹਮਦਰਦੀ ਹੀ ਨਹੀਂ ਕਰ ਪਾਏਗਾ, ਸਗੋਂ ਤੁਹਾਨੂੰ ਮਾਰਗ-ਦਰਸ਼ਨ ਵੀ ਦੇ ਸਕੇਗਾ। ਲੇਕਿਨ ਜੇਕਰ ਗੁਰੂ ਨਾ ਮਿਲੇ, ਜੋ ਕਿ ਆਸਾਨ ਨਹੀਂ ਹੈ, ਕਿਉਂਕਿ ਸੌ ਗੁਰੂਆਂ ਦੇ ਦਰਵਾਜ਼ੇ ਖੜਕਾਉਗੇ, ਨੜਿੰਞਵੇਂ ਗ਼ਲਤ ਸਿੱਧ ਹੋਣਗੇ। ਬਿਲਕੁਲ ਸੁਭਾਵਿਕ ਹੈ। ਸੰਸਾਰ ਵਿਚ ਜਿੱਥੇ ਅਸਲੀ ਸਿੱਕੇ ਹੁੰਦੇ ਹਨ, ਖੋਟੇ ਸਿੱਕੇ ਵੀ ਚੱਲਦੇ ਹਨ, ਅਤੇ ਖੋਟਾ ਬਹੁਤਾ ਚੱਲਦਾ ਹੈ। ਤੁਹਾਡੀ ਜੇਬ ਵਿਚ ਵੀ ਜੇਕਰ ਇਕ ਅਸਲੀ ਸਿੱਕਾ ਹੋਵੇ ਅਤੇ ਇਕ ਖੋਟਾ, ਤਾਂ ਤੁਸੀਂ ਪਹਿਲਾਂ ਖੋਟੇ ਨੂੰ ਚਲਾਉਣ ਦੀ ਕੋਸ਼ਿਸ਼ ਕਰਦੇ ਹੋ। ਅਸਲੀ ਤਾਂ ਕਦੇ ਵੀ ਚੱਲ ਜਾਏਗਾ। ਇਸ ਲਈ ਅਰਥ ਸ਼ਾਸਤ੍ਰੀ ਕਹਿੰਦੇ ਹਨ, ਖੋਟੇ ਸਿੱਕਿਆਂ ਨੂੰ ਚੱਲਣ ਦੀ ਬਹੁਤ ਧੁਨ ਹੁੰਦੀ ਹੈ, ਉਹ ਪਹਿਲਾਂ ਚੱਲਦੇ ਹਨ। ਅਸਲੀ ਤਾਂ ਤਿਜੋਰੀਆਂ 'ਚ ਲੁਕ ਜਾਂਦੇ ਹਲ, ਨਕਲੀ ਬਾਜ਼ਾਰ 'ਚ ਚਲੇ ਜਾਂਦੇ ਹਨ। ਉਹ ਹੀ ਹਾਲਤ ਸਾਰੀਆਂ ਅਸਲੀ ਚੀਜ਼ਾਂ ਦੀ ਹੈ। ਅਸਲੀ ਗੁਰੂ ਦੀ ਵੀ ਉਹ ਹੀ ਹਾਲਤ ਹੈ। ਤੁਸੀਂ ਉਸ ਨੂੰ ਬਾਜ਼ਾਰ ਵਿਚ ਨਹੀਂ ਪਾ ਸਕੋਗੇ, ਉਹ ਤਾਂ ਹਟ ਜਾਂਦਾ ਹੈ। ਬਾਜ਼ਾਰ ਵਿਚ ਤੁਹਾਨੂੰ ਉਹ ਹੀ ਮਿਲ ਜਾਏਗਾ ਜਿਹੜਾ ਤੁਹਾਡੀ ਰਾਹ ਹੀ ਵੇਖ ਰਿਹਾ ਸੀ। ਉਹ ਤੁਹਾਨੂੰ ਤੁਹਾਡੇ ਦਰਵਾਜ਼ੇ ਦੇ ਸਾਮਹਣੇ ਹੀ ਬੈਠਾ ਮਿਲ ਜਾਏਗਾ। ਉਸ ਨੂੰ ਪਾਉਣ ਲਈ ਤੁਹਾਨੂੰ ਕੋਈ ਵੀ ਕੋਸ਼ਿਸ਼ ਨਹੀਂ ਕਰਨੀ ਹੋਏਗੀ, ਕੁਝ ਵੀ ਖ਼ਰਚ ਨਹੀਂ ਕਰਨ ਪਏਗਾ, ਉਲਟੇ ਉਹ ਤੁਹਾਨੂੰ ਪ੍ਰਸ਼ਾਦ ਵੀ ਦੇਵੇਗਾ, ਤਾਂਕਿ ਪ੍ਰਸ਼ਾਦ ਦੇ ਲੋਭ ਵਿਚ ਆ ਕੇ ਹੀ ਆ ਜਾਓ। ਉਹ ਸਭ ਤਰ੍ਹਾਂ ਤੁਹਾਨੂੰ ਉਲਝਾਏਗਾ।

ਗੁਰੂ ਲੱਭਣਾ ਬਹੁਤ ਔਖਾ ਹੈ। ਮਿਲ ਜਾਏ ਸੌਭਾਗਯ। ਤਦ ਉਸ ਦੇ ਸਾਮਹਣੇ ਰੋਇਆ ਜਾ ਸਕਦਾ ਹੈ। ਉਹ ਤੁਹਾਡੇ ਅੱਥਰੂਆਂ ਨੂੰ ਸਮਝੇਗਾ। ਤੁਹਾਡੇ ਅੱਥਰੂਆਂ ਨੂੰ ਵਗਦੇ ਵੇਖ ਕੇ ਉਹ ਇਹ ਨਹੀਂ ਸਮਝੇਗਾ ਕਿ ਤੁਸੀਂ ਦੀਨ-ਹੀਣ ਹੋ, ਤੁਹਾਡੇ ਅੱਥਰੂਆਂ ਦੀ ਮਹਿਮਾ ਉਸ ਨੂੰ ਸਮਝ ਆਏਗੀ। ਤੁਹਾਡੇ ਅੱਥਰੂ ਉਸ ਲਈ ਬਹੁਤ ਪਵਿੱਤਰ ਹੋਣਗੇ। ਤੁਸੀਂ ਰੋ ਕੇ ਉਸ ਦੇ ਸਾਹਮਣੇ ਛੋਟੇ ਨਹੀਂ ਹੋਵੋਗੇ—ਤੁਸੀਂ ਰੋ ਕੇ ਉਸ ਦੇ ਸਾਹਮਣੇ ਵੱਡੇ ਹੋ ਜਾਉਗੇ। ਤੁਹਾਡੇ ਅੱਥਰੂ ਤੁਹਾਡੀ ਮਹਿਮਾਂ ਦੀ ਖ਼ਬਰ ਦੇਣਗੇ। ਤੁਹਾਡੇ ਪਛਤਾਵੇ ਤੁਹਾਨੂੰ ਦੀਨ ਨਹੀਂ ਕਰਨਗੇ। ਤੁਸੀਂ ਆਪਣੇ ਪਛਤਾਵਿਆਂ ਦੀ ਗੱਲ ਕਰ ਕੇ ਆਪਣੇ ਪਛਤਾਵਿਆਂ ਤੋਂ ਮੁਕਤ ਹੋ ਜਾਉਗੇ। ਉਸ ਨੂੰ ਤੁਸੀਂ ਆਪਣੇ ਦੁੱਖ ਕਹਿ ਕੇ ਹਲਕੇ ਹੋ ਜਾਉਗੇ।

ਲੇਕਿਨ ਜੇਕਰ ਇਹ ਨਾ ਹੋ ਸਕੇ, ਜੋ ਕਿ ਹੋਣਾ ਔਖਾ ਹੈ ਕਿ ਗੁਰੂ ਮਿਲ ਜਾਏ, ਤਾਂ ਪਰਮਾਤਮਾ ਤਾਂ ਸਾਰੇ ਪਾਸੇ ਉਪਲਬਧ ਹੈ, ਉਸ ਨੂੰ ਤਾਂ ਲੱਭਣ ਕਿਤੇ

ਨਹੀਂ ਜਾਣਾ ਹੈ। ਤੁਸੀਂ ਇਕ ਦਰੱਖ਼ਤ ਦੇ ਕੋਲ ਬੈਠ ਕੇ ਦਰੱਖ਼ਤ ਨੂੰ ਹੀ ਉਸ ਦਾ ਸੰਦੇਸ਼ਵਾਹਕ (ਸੁਨੇਹਾ ਦੇਣ ਵਾਲਾ) ਬਣਾ ਸਕਦੇ ਹੋ। ਆਕਾਸ਼ ਵਿਚ ਚੱਲਦੇ ਬੱਦਲਾਂ ਨੂੰ ਵੇਖ ਕੇ ਤੁਸੀਂ ਮੇਘਦੂਤ ਬਣਾ ਸਕਦੇ ਹੋ ਉਸੇ ਬੱਦਲ ਨੂੰ। ਤੁਸੀਂ ਉਸ ਨੂੰ ਵੀ ਕਹਿ ਸਕਦੇ ਹੋ ਆਪਣਾ ਰੋਦਾ ਕਿ ਜਾ ਰਹੇ ਹੋ ਪਰਮਾਤਮਾ ਵੱਲ! ਕਹਿ ਦੇਣਾ ਮੇਰੀ ਖ਼ਬਰ।

ਗੁਰੂ ਨਾ ਮਿਲੇ ਤਾਂ ਪਰਮਾਤਮਾ ਤਾਂ ਸਭ ਪਾਸੇ ਉਪਲਬਧ ਹੈ। ਲੇਕਿਨ ਇਹ ਵੀ ਔਖੀ ਗੱਲ ਹੈ ਕਿ ਗੁਰੂ ਨਾ ਮਿਲੇ ਤਾਂ ਕੌਣ ਤੁਹਾਨੂੰ ਜਗਾਏ, ਕੌਣ ਤੁਹਾਨੂੰ ਕਹੇ ਕਿ ਪਰਮਾਤਮਾ ਚੌਹੀਂ ਪਾਸੀਂ ਹੈ? ਗੁਰੂ ਮਿਲ ਜਾਏ ਤਾਂ ਆਸਾਨ ਹੋ ਜਾਂਦੀ ਹੈ ਗੱਲ, ਕਿਉਂਕਿ ਗੁਰੂ ਤੁਹਾਡੇ ਵਰਗਾ ਹੀ ਹੁੰਦਾ ਹੈ ਇਕ ਅਰਥ ਵਿਚ, ਅਤੇ ਇਕ ਅਰਥ ਵਿਚ ਤੁਹਾਡੇ ਤੋਂ ਬਿਲਕੁਲ ਭਿੰਨ ਹੁੰਦਾ ਹੈ। ਗੁਰੂ ਤੁਹਾਡੇ ਅਤੇ ਪਰਮਾਤਮਾ ਦੇ ਵਿਚਕਾਰ ਲੱਗੇ ਦਰਵਾਜ਼ੇ ਦੇ ਵਾਂਗ ਹੁੰਦਾ ਹੈ।

ਪਰ ਜੀਵਨ ਬਹੁਤ ਜਟਿਲ ਹੈ—ਜਟਿਲ ਅਜਿਹਾ ਹੈ ਜਿਵੇਂ ਕੋਈ ਪੁੱਛੇ ਕਿ ਕੁਕੜੀ ਪਹਿਲਾਂ ਜਾਂ ਆਂਡਾ ਪਹਿਲਾਂ, ਅਜਿਹਾ ਗੁੰਝਲਦਾਰ ਹੈ! ਜੇਕਰ ਤੁਸੀਂ ਕਹੋ ਕੁਕੜੀ ਪਹਿਲਾਂ ਤਾਂ ਮੁਸੀਬਤ ਹੈ, ਕਿਉਂਕਿ ਝਟਪਟ ਮਨ ਕਹਿੰਦਾ ਹੈ—ਕੁਕੜੀ ਆਏਗੀ ਕਿੱਥੋਂ? ਆਂਡਾ ਚਾਹੀਦਾ।

ਤੁਸੀਂ ਆਖੋ ਆਂਡਾ ਪਹਿਲਾਂ ਤਾਂ ਮੁਸੀਬਤ—ਮਨ ਝਟਪਟ ਕਹੇਗਾ—ਆਂਡਾ ਆਏਗਾ ਕਿੱਥੋਂ? ਕੁਕੜੀ ਰੱਖੇਗੀ ਤਦੇ ਨਾ?

ਪਰਮਾਤਮਾ ਅਤੇ ਗੁਰੂ ਦਾ ਮਾਮਲਾ ਵੀ ਕੁਕੜੀ ਆਂਡੇ ਵਰਗਾ ਹੈ। ਜੇਕਰ ਗੁਰੂ ਮਿਲ ਜਾਏ ਤਾਂ ਪਰਮਾਤਮਾ ਮਿਲ ਜਾਏ। ਜੇਕਰ ਪਰਮਾਤਮਾ ਮਿਲ ਜਾਏ ਤਾਂ ਗੁਰੂ ਮਿਲ ਜਾਏ। ਕੌਣ ਪਹਿਲਾਂ ਹੈ? ਬਹੁਤ ਮੁਸ਼ਕਿਲ ਹੈ। ਜਿਹੜਾ ਪਹਿਲਾਂ ਮਿਲ ਜਾਏ ਤੁਸੀਂ ਉਸੇ ਨੂੰ ਪਹਿਲਾਂ ਮੰਨ ਕੇ ਚੱਲ ਪੈਣਾ। ਅਸਲ ਵਿਚ ਦੋਨੋਂ ਨੇੜੇ-ਨੇੜੇ ਮਿਲਦੇ ਹਨ, ਯੁਗਪਤ ਮਿਲਦੇ ਹਨ ਕਿਉਂਕਿ ਕੁਕੜੀ ਹੈ ਕੀ, ਸਿਰਫ਼ ਆਂਡੇ ਲਈ ਇਕ ਮਾਰਗ ਹੈ। ਆਂਡਾ ਕੀ ਹੈ, ਕੁਕੜੀ ਲਈ ਇਕ ਰਾਹ ਹੈ। ਆਂਡਾ ਕੁਕੜੀ ਹੋਣ ਦੇ ਰਸਤੇ ਉੱਤੇ ਹੈ, ਕੁਕੜੀ ਆਂਡਾ ਹੋਣ ਦੇ ਰਸਤੇ ਉੱਤੇ ਹੈ। ਉਹ ਦੋਵੇਂ ਜੁੜੇ ਹੋਏ ਹਨ।

ਗੁਰੂ ਪਰਮਾਤਮਾ ਲਈ ਇਕ ਰਾਹ ਹੈ, ਪਰਮਾਤਮਾ ਗੁਰੂ ਲਈ ਇਕ ਰਾਹ ਹੈ। ਜੋ ਮਿਲ ਜਾਏ ਜੋ ਪਹਿਲਾਂ ਮਿਲ ਜਾਏ। ਜਿਸ ਦੀ ਸਮਝ ਤੁਹਾਨੂੰ ਪਹਿਲਾਂ ਆ ਜਾਏ, ਉਥੋਂ ਹੀ ਚੱਲ ਪੈਣਾ। ਉਥੇ ਹੀ ਤੁਸੀਂ ਆਪਣੇ ਨੂੰ ਹਲਕਾ ਕਰ ਸਕੋਗੇ। ਇਸ ਸੰਸਾਰ ਵਿਚ ਤੁਸੀਂ ਲੋਕਾਂ ਦੇ ਸਾਹਮਣੇ ਦੁੱਖੜਾ ਨਾ ਰੋਣਾ—ਜੋ ਤੁਸੀਂ ਰੋਜ਼ ਕਰਦੇ ਹੋ।

ਤੁਸੀਂ ਕਦੇ ਸੋਚਦੇ ਵੀ ਨਹੀਂ। ਤੁਸੀਂ ਅਕਲ ਦੇ ਦੁਸ਼ਮਣ ਹੋ। ਤੁਸੀਂ ਉਨ੍ਹਾਂ ਲੋਕਾਂ ਕੋਲ ਦੁੱਖ ਰੋ ਰਹੇ ਹੋ, ਜਿਹੜੇ ਖ਼ੁਦ ਹੀ ਤੁਹਾਡੇ ਤੋਂ ਜ਼ਿਆਦਾ ਦੁਖੀ ਹਨ। ਹੋਰ ਜੇਕਰ ਉਹ ਤੁਹਾਡੀ ਗੱਲ ਵੀ ਸੁਣਦੇ ਹਨ ਤਾਂ ਸਿਰਫ਼ ਇਸ ਲਈ ਕਿ ਤੁਹਾਡੇ ਦੁੱਖ ਸੁਣ ਕੇ ਉਨ੍ਹਾਂ ਨੂੰ ਆਪਣੇ ਦੁੱਖ ਛੋਟੇ ਮਾਲੂਮ ਹੁੰਦੇ ਹਨ। ਹੋਰ ਜੇਕਰ ਉਹ ਤੁਹਾਡੀ ਗੱਲ ਸੁਣਦੇ ਹਨ ਤਾਂ ਵੀ ਇਸ ਲਈ ਕਿ ਤੁਸੀਂ ਚੁੱਪ ਹੋ ਜਾਓ ਤਾਂ ਉਹ ਆਪਣਾ ਦੁੱਖੜਾ ਤੁਹਾਡੇ ਕੋਲ ਰੋ ਲੈਣ। ਲੈਣਾ-ਦੇਣਾ ਹੈ।

ਲੇਕਿਨ ਦੁੱਖ ਇਕ ਦੂਜੇ ਨੂੰ ਸੁਣਾ ਕੇ ਕੀ ਹੋਏਗਾ ? ਇਸ ਨਾਲ ਵੀ ਥੋੜ੍ਹਾ ਜਿਹਾ ਹਲਕਾਪਨ ਤਾਂ ਮਿਲਦਾ ਹੈ ਕਿ ਕਿਸੇ ਨੇ ਵੀ ਹਮਦਰਦੀ ਨਾਲ ਸੁਣ ਲਿਆ। ਪੱਛਮ ਵਿਚ ਤਾਂ ਕਿਸੇ ਦੇ ਕੋਲ ਇੰਨਾ ਵਕਤ ਨਹੀਂ ਕਿ ਦੁੱਖ ਸੁਣੇ, ਤਾਂ ਇਕ ਨਵਾਂ ਵਿਉਪਾਰ ਪੈਦਾ ਹੋ ਰਿਹਾ ਹੈ—ਮਨੋਚਿਕਿਤਸਿਕ ਦਾ, ਸਾਈਕੋਏਨਾਲਿਸਮ ਦਾ। ਉਸ ਦਾ ਕੁਲ ਧੰਦਾ ਇੰਨਾ ਹੈ ਕਿ ਉਹ ਤੁਹਾਡਾ ਦੁੱਖ ਸੁਣਦਾ ਹੈ, ਉਸ ਦੇ ਪੈਸੇ ਲੈਂਦਾ ਹੈ। ਕਿਉਂਕਿ ਹੁਣ ਕਿਸੇ ਦੇ ਕੋਲ ਫ਼ੁਰਸਤ ਨਹੀਂ ਹੈ ਕਿ ਪਤਨੀ ਦਾ ਰੋਣਾ ਸੁਣੇ, ਕਿਉਂਕਿ ਦਿਨ ਭਰ ਦਾ ਥੱਕਿਆ-ਹਾਰਿਆ, ਨੱਠਦਾ-ਭੱਜਦਾ ਕਿਸੇ ਤਰ੍ਹਾਂ ਘਰ ਪੁੱਜਿਆ ਹੈ ਅਤੇ ਇਹ ਦਿਨ ਭਰ ਦਾ ਰਾਗ ਲਈ ਬੈਠੀ ਹੈ। ਨਾ ਪਤਨੀ ਨੂੰ ਫ਼ੁਰਸਤ ਹੈ ਕਿ ਪਤੀ ਦੀ ਸੁਣੇ.....ਤਾਂ ਇਕ ਪੇਸ਼ੇਵਰ ਸੁਨਣ ਵਾਲਾ ਹੈ।

ਮਨੋਵਿਗਿਆਨਕ ਜੋ ਹੈ ਉਹ ਕੁਝ ਨਹੀਂ ਕਰਦਾ, ਉਹ ਤੁਹਾਨੂੰ ਲਿਟਾ ਦਿੰਦਾ ਹੈ ਇਕ ਸੋਫ਼ੇ ਉੱਤੇ, ਪਿੱਛੇ ਬੈਠ ਜਾਂਦਾ ਹੈ, ਤੁਹਾਨੂੰ ਆਖਦਾ ਹੈ, ਜੋ ਜੀਅ 'ਚ ਆਏ ਕਹੋ। ਲੋਕ ਸਾਲਾਂ ਤੱਕ ਮਨੋਚਿਕਿਤਸਾ ਕਰਵਾਉਂਦੇ ਹਨ ਅਤੇ ਉਸ ਨਾਲ ਉਨ੍ਹਾਂ ਨੂੰ ਹਲਕਾਪਨ ਲੱਗਦਾ ਹੈ, ਘੱਟੋ-ਘੱਟ ਕੋਈ ਉਨ੍ਹਾਂ ਨੂੰ ਇੰਨੀ ਗਹਿਰਾਈ ਨਾਲ ਤਾਂ ਸੁਣ ਰਿਹਾ ਹੈ—ਕੋਈ ਇੰਨੇ ਧਿਆਨ ਨਾਲ ਸੁਣ ਰਿਹਾ ਹੈ। ਹਾਲਾਂਕਿ ਸੁਣ ਨਹੀਂ ਰਿਹਾ ਮਨੋਵਿਗਿਆਨਕ—ਉਸ ਨੂੰ ਕੀ ਲੈਣਾ-ਦੇਣਾ ਹੈ ?

ਮੈਂ ਫਰਾਇਡ ਦੇ ਸੰਬੰਧ ਵਿਚ ਸੁਣਿਆ ਹੈ ਕਿ ਉਹ ਸਵੇਰੇ ਨੌਂ ਵਜੇ ਤੋਂ ਲੈ ਕੇ ਰਾਤ ਨੌਂ ਵਜੇ ਤਕ ਪੱਚੀ ਸੌ ਮਰੀਜ਼ਾਂ ਨੂੰ ਮਿਲਦਾ ਸੀ, ਸੁਣਦਾ ਸੀ—ਬੁੱਢਾ ਹੋ ਗਿਆ, ਤਦ ਵੀ। ਇਕ ਜਵਾਨ ਮਨੋਵਿਗਿਆਨਿਕ ਜੋ ਉਸ ਦੇ ਕੋਲ ਸਿੱਖਿਆ ਲੈ ਰਿਹਾ ਸੀ, ਉਸ ਨੇ ਇਕ ਦਿਨ ਕਿਹਾ ਕਿ ਅਸੀਂ ਤਾਂ ਦੋ ਤਿੰਨ ਮਰੀਜ਼ਾਂ ਤੋਂ ਬਾਅਦ ਥੱਕ-ਟੁੱਟ ਜਾਂਦੇ ਹਾਂ, ਕਿਉਂਕਿ ਉਹ ਹੀ ਰੋਣਾ, ਉਹ ਹੀ ਰਾਗ—ਕਿੱਥੋਂ ਦਾ ਗੰਦਾ ਕੂੜਾ ਸਭ ਕੱਢਦੇ ਹਨ। ਤੁਸੀਂ ਨੌਂ ਵਜੇ ਰਾਤ ਵੀ ਤਾਜ਼ੇ ਰਹਿੰਦੇ ਹੋ!

ਫਰਾਇਡ ਨੇ ਕਿਹਾ—ਸੁਣ, ਸੁਣਦਾ ਕੌਣ ਹੈ ? ਉਹ ਆਪਣੀ ਸੁਣਾ ਰਿਹਾ ਹੈ ਅਸੀਂ ਆਪਣੀ ਅੰਦਰ ਸੁਣਦੇ ਹਾਂ। ਉਸ ਨੂੰ ਸੁਣਾਉਣ ਨਾਲ ਸੁੱਖ ਮਿਲਦਾ ਹੈ, ਸੁਣਾ ਲਵੇ। ਸੁਣਾ-ਸੁਣਾ ਕੇ ਲੋਕ ਹਲਕੇ ਹੋ ਜਾਂਦੇ ਹਨ।

ਬਹੁਤ ਮਹਿੰਗਾ ਪੈਂਦਾ ਹੈ। ਮਨੋਵਿਗਿਆਨਿਕ ਇਸ ਵੇਲੇ ਸਭ ਤੋਂ ਬਹੁਤੀ ਤਨਖ਼ਾਹ ਅਤੇ ਰੁਪਏ ਕਮਾਉਂਦਾ ਹੈ ਪੱਛਮ ਵਿਚ, ਕਿਉਂਕਿ ਲੋਕਾਂ ਦੇ ਮਨ 'ਚ ਇੰਨੀ ਤਕਲੀਫ਼ ਹੋ ਗਈ ਹੈ, ਕੋਈ ਸੁਣਨ ਵਾਲਾ ਨਹੀਂ ਹੈ। ਰਾਜ ਵਿਚ ਲੋਕ ਨਮਸਕਾਰ ਕਰਨ ਵਿਚ ਡਰਦੇ ਹਨ ਕਿ ਕੋਈ ਕੁਝ ਸੁਣਾਉਣ ਨਾ ਲੱਗ ਪਏ। ਕਿਸੇ ਦੇ ਘਰ ਜਾਣਾ ਹੋਵੇ ਤਾਂ ਅਜਿਹਾ ਨਹੀਂ ਕਿ ਜਿਵੇਂ ਹਿੰਦੁਸਤਾਨ ਵਿਚ ਪਹੁੰਚ ਗਏ ਬੋਰੀਆ-ਬਿਸਤਰਾ ਲੈ ਕੇ, ਮਹਿਮਾਨ ਬਣ ਗਏ, ਮਹੀਨਿਆਂ ਟਿਕੇ ਰਹੋ। ਕਿਤੇ ਜਾਣਾ ਹੋਵੇ ਤਾਂ ਖ਼ਬਰ ਦੇ ਕੇ ਜਾਣਾ ਪੈਂਦਾ ਹੈ, ਪੁੱਛ ਕੇ ਜਾਣਾ ਪੈਂਦਾ ਹੈ—ਫਿਰ ਵੀ ਜਿਥੋਂ ਤਕ ਸੰਭਾਵਨਾ ਹੈ ਉਹ ਹੋਟਲ ਵਿਚ ਠਹਿਰਾਏਗਾ, ਘਰ ਨਹੀਂ ਠਹਿਰਾਏਗਾ, ਕਿਉਂਕਿ ਕੌਣ ਤੁਹਾਡੇ ਨਾਲ ਸਿਰ ਖਪਾਏਗਾ ? ਹੋਟਲ ਵਿਚ ਠਹਿਰੋ। ਕਦੇ ਖਾਣੇ ਉੱਤੇ ਬੁਲਾ ਲਵੇਗਾ, ਠੀਕ ਹੈ।

ਰਵਿੰਦਰਨਾਥ ਟੈਗੋਰ ਨੇ ਲਿਖਿਆ ਹੈ ਕਿ ਇਕ ਮਿੱਤਰ ਨੇ—ਉਹ ਇੰਗਲੈਂਡ ਵਿਚ ਸਨ—ਆਪਣੇ ਵਿਆਹ ਲਈ ਉਨ੍ਹਾਂ ਨੂੰ ਸੱਦਿਆ। ਉਹ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੂੰ ਪਤਾ ਨਹੀਂ ਸੀ, ਪਹਿਲੀ-ਪਹਿਲੀ ਵਾਰੀ ਇੰਗਲੈਂਡ ਗਏ ਸਨ। ਤਾਂ ਉਹ ਨਿਕਲੇ ਉਸ ਦੀ ਸ਼ਾਦੀ ਵਿਚ ਜਾਣ ਲਈ। ਲੰਡਨ ਤੋਂ ਕੋਈ ਘੰਟੇ ਕੁ ਦਾ ਫ਼ਾਸਲਾ ਸੀ। ਨਵੇਂ-ਨਵੇਂ ਸੀ, ਠੀਕ ਥਾਂ ਨਾ ਲੱਭ ਸਕੇ। ਤਾਂ ਪਹੁੰਚਣਾ ਸੀ ਦਸ ਵਜੇ ਰਾਤ, ਪੁੱਜੇ ਬਾਰਾਂ ਵਜੇ। ਉਥੇ ਤਾਂ ਸਾਰਾ ਕੰਮ ਸਮਾਪਤ ਹੋ ਚੁੱਕਿਆ ਸੀ, ਸ਼ਾਦੀ-ਵਾਦੀ ਹੋ ਚੁੱਕੀ ਸੀ, ਪਾਰਟੀ-ਸ਼ਾਰਟੀ ਵੀ ਖ਼ਤਮ ਹੋ ਗਈ ਸੀ। ਦਰਵਾਜ਼ਾ ਖੜਕਾਇਆ, ਮਿੱਤਰ ਬਾਹਰ ਆਇਆ। ਉਸ ਨੇ ਕਿਹਾ ਤੁਸੀਂ ਤਾਂ ਬਹੁਤ ਦੇਰ ਨਾਲ ਆਏ।

ਤਾਂ ਉਨ੍ਹਾਂ ਨੇ ਕਿਹਾ—ਤਾਂ ਹੁਣ ਕੀ ਕਰਾਂ, ਮੈਂ ਤਾਂ ਪਰਿਚਿਤ ਨਹੀਂ ਹਾਂ। ਮੈਨੂੰ ਤਾਂ ਲੱਭਣ ਵਿਚ ਦੇਰ ਲੱਗ ਗਈ ਹੈ।

ਤਾਂ ਉਸ ਮਿੱਤਰ ਨੇ ਕਿਹਾ, ਇਹ ਹੋਟਲ ਦਾ ਨਾਮ ਹੈ, ਤੁਸੀਂ ਉਥੇ ਜਾ ਕੇ ਲੱਭ ਲਓ। ਜੇਕਰ ਕੋਈ ਥਾਂ ਹੋਵੇ ਤਾਂ ਰੁਕ ਜਾਣਾ।

ਉਸ ਨੇ ਇਹ ਵੀ ਨਹੀਂ ਕਿਹਾ ਕਿ ਇਥੇ ਰੁਕ ਜਾਓ ਰਾਤ ਭਰ। ਆਏ ਉਸ ਦੀ ਹੀ ਸ਼ਾਦੀ ਲਈ ਸੀ। ਉਸ ਨੇ ਕਿਹਾ : ਤੁਸੀਂ ਰੁਕ ਜਾਓ ਹੋਟਲ ਵਿਚ ਅਤੇ ਸਵੇਰੇ ਤੁਸੀਂ ਉਥੋਂ ਹੀ ਸਟੇਸ਼ਨ ਨੇੜੇ ਹੈ, ਗੱਡੀ ਫੜ ਲੈਣਾ।

ਉਨ੍ਹਾਂ ਨੇ ਲਿਖਿਆ ਹੈ ਕਿ ਮੇਰਾ ਪਹਿਲਾ ਅਨੁਭਵ ਪੱਛਮ ਲਈ ਹੋਇਆ, ਇਹ ਕਿ ਪੱਛਮ ਵਿਚ ਕਿਸੇ ਨੂੰ ਫ਼ੁਰਸਤ ਨਹੀਂ ਹੈ, ਨਾ ਸੁਵਿਧਾ, ਨਾ ਇੰਨਾ ਬੋਝ ਕੋਈ ਕਿਸੇ ਲਈ ਲੈਂਦਾ ਹੈ। ਆਪਣਾ ਹੀ ਬੋਝ ਕਾਫ਼ੀ ਹੈ। ਆਪਣਾ ਹੀ ਰੋਣਾ ਕਾਫ਼ੀ ਹੈ।

ਦੂਜੇ ਦੇ ਸਾਹਮਣੇ ਰੋਣਾ ਵੀ ਨਾ ਰੋਣਾ, ਉਨ੍ਹਾਂ ਦਾ ਰੋਣਾ ਬਹੁਤ ਹੈ। ਉਸ ਨੂੰ ਵਧਾਓ ਨਾ। ਅਤੇ ਉਸ ਨੂੰ ਕੁਝ ਸਮਝ ਵੀ ਨਹੀਂ ਹੈ ਤੁਹਾਡੇ ਰੋਣ ਦੀ; ਉਹ ਵੀ ਤੁਹਾਡੇ ਵਰਗਾ ਹੀ ਹੈ। ਉਹ ਇਵੇਂ ਹੀ ਹੈ, ਜਿਵੇਂ ਇਕ ਬੀਮਾਰ ਦੂਜੇ ਬੀਮਾਰ ਦਾ ਇਲਾਜ ਕਰ ਰਿਹਾ ਹੋਵੇ।

ਮੈਂ ਸੁਣਿਆ ਹੈ ਇਕ ਆਦਮੀ ਨੂੰ ਦਮੇਂ ਦੀ ਤਕਲੀਫ਼ ਸੀ, ਕਈ ਇਲਾਜ ਕਰਵਾਏ, ਠੀਕ ਨਾ ਹੋਇਆ। ਫਿਰ ਕਿਸੇ ਨੇ ਕਿਹਾ ਕਿ ਇਕ ਹਕੀਮ ਹੈ ਯੂਨਾਨੀ, ਉਹ ਠੀਕ ਕਰ ਦੇਵੇਗਾ। ਬਹੁਤ ਗਹਿਰਾ ਖੋਜੀ ਹੈ ਅਤੇ ਜੀਵਨ ਭਰ ਬਹੁਤ ਪੜ੍ਹਾਈ ਕੀਤੀ ਹੈ ਉਸ ਨੇ। ਤਾਂ ਇਹ ਆਦਮੀ ਗਿਆ। ਉਸ ਨੇ ਕਿਹਾ ਕਿ ਮੈਂ ਥੱਕ ਮਰਿਆ ਹਾਂ ਦਮੇਂ ਦੇ ਨਾਲ। ਹਜ਼ਾਰਾਂ ਇਲਾਜ ਕਰਨ ਵਾਲੇ ਵੇਖ ਲਏ, ਇਲਾਜ ਕਰਵਾ ਲਿਆ। ਸਭ ਤਰ੍ਹਾਂ ਦੀ ਦੁਆ-ਦਾਰੂ ਕਰ ਲਈ, ਕੁਝ ਫ਼ਾਇਦਾ ਨਹੀਂ ਹੋਇਆ, ਹਾਲਤ ਵਿਗੜਦੀ ਜਾ ਰਹੀ ਹੈ। ਕੀ ਮੈਂ ਪੁੱਛ ਸਕਦਾ ਹਾਂ, ਆਪ ਨੂੰ ਕੋਈ ਅਨੁਭਵ ਹੈ ਇਸ ਬੀਮਾਰੀ ਦਾ?

ਉਸ ਨੇ ਕਿਹਾ: ਤਜਰਬਾ? ਚਾਲ੍ਹੀਆਂ ਸਾਲਾਂ ਤੋਂ ਮੈਂ ਖ਼ੁਦ ਹੀ ਮਰੀਜ਼ ਹਾਂ ਇਸ ਬੀਮਾਰੀ ਦਾ। ਤੂੰ ਬਿਲਕੁਲ ਬੇਫ਼ਿਕਰ ਰਹੋ। ਚਾਲ੍ਹੀਆਂ ਸਾਲਾਂ ਤੋਂ ਮੈਂ ਖ਼ੁਦ ਹੀ ਦਮੇਂ ਦਾ ਮਰੀਜ਼ ਹਾਂ, ਅਨੁਭਵ ਦੀ ਕੀ ਗੱਲ ਕਰ ਰਹੇ ਹੋ?

ਹੁਣ ਦਮੇਂ ਦਾ ਮਰੀਜ਼ ਦਮੇਂ ਦੇ ਮਰੀਜ਼ ਨੂੰ ਠੀਕ ਕਰ ਰਿਹਾ ਹੈ! ਅਤੇ ਇਹ ਅਨੁਭਵ ਹੈ ਉਸ ਦਾ ਚਾਲ੍ਹੀਆਂ ਸਾਲਾਂ ਦਾ। ਉਹ ਕਹਿ ਰਿਹਾ ਹੈ ਇਸ ਲਈ ਬਿਲਕੁਲ ਬੇਫ਼ਿਕਰ ਰਹੋ: ਤੁਸੀਂ ਕਿਸੇ ਗ਼ੈਰ-ਅਨੁਭਵੀ ਦੇ ਹੱਥ ਨਹੀਂ ਪੈ ਗਏ ਹੋ।

ਦੁਖੀ ਦੇ ਸਾਹਮਣੇ ਦੁਖ ਰੋਣਾ ਵਿਅਰਥ ਹੈ। ਜੇਕਰ ਰੋਣਾ ਹੀ ਹੋਵੇ ਤਾਂ ਪਰਮਾਤਮਾ ਦੇ ਸਾਹਮਣੇ ਰੋਣਾ। ਅਤੇ ਜੇਕਰ ਤੁਸੀਂ ਪਰਮਾਤਮਾ ਦੇ ਸਾਹਮਣੇ ਰੋਣਾ ਸਿੱਖ ਜਾਓ ਤਾਂ ਤੁਹਾਨੂੰ ਪ੍ਰਾਰਥਨਾ ਆ ਜਾਏਗੀ। ਸੱਚ ਤਾਂ ਇਹ ਹੈ ਕਿ ਪਰਮਾਤਮਾ ਦੇ ਸਾਹਮਣੇ ਹੌਲੀ-ਹੌਲੀ ਕਹਿਣ ਲਈ ਕੁਝ ਵੀ ਨਹੀਂ ਰਹਿ ਜਾਂਦਾ ਸਿਰਫ਼ ਅੱਥਰੂ ਰਹਿ ਜਾਂਦੇ ਹਨ।

ਪ੍ਰਾਰਥਨਾ ਦੀਆਂ ਤਿੰਨ ਪੌੜੀਆਂ ਹਨ। ਪਹਿਲੀ ਪੌੜੀ: ਜਦ ਤੁਸੀਂ ਆਪਣੇ ਪਰਮਾਤਮਾ ਕੋਲ ਆਪਣਾ ਦੁੱਖ ਰੋਂਦੇ ਹੋ। ਫਿਰ ਦੁੱਖ ਹਲਕਾ ਹੋ ਜਾਂਦਾ ਹੈ, ਵਗ

ਜਾਂਦਾ ਹੈ, ਨਿਕਲ ਜਾਂਦਾ ਹੈ, ਨਿਕਾਸ ਹੋ ਜਾਂਦਾ ਹੈ। ਫਿਰ ਦੂਜੀ ਪੌੜੀ : ਜਦ ਤੁਸੀਂ ਪਰਮਾਤਮਾ ਦੇ ਸਾਮਹਣੇ ਸਿਰਫ਼ ਰੋਂਦੇ ਹੋ, ਲੇਕਿਨ ਅੱਥਰੂਆਂ ਵਿਚ ਦੁੱਖ ਨਹੀਂ ਹੁੰਦਾ, ਇਕ ਹਲਕਾਪਨ ਹੁੰਦਾ ਹੈ। ਅੱਥਰੂ ਹੁਣ ਪੀੜਾ ਦੇ ਪਰਤੀਕ ਨਹੀਂ ਹੁੰਦੇ। ਇਕ ਸ਼ਾਂਤੀ ਦੀ ਖ਼ਬਰ ਲਿਆਉਂਦੇ ਹਨ। ਫਿਰ ਤੀਜੀ ਦਸ਼ਾ ਹੈ : ਜਦ ਅੱਥਰੂ ਵੀ ਵਿਦਾ ਹੋ ਜਾਂਦੇ ਹਨ। ਹੁਣ ਤੁਸੀਂ ਸਿਰਫ਼ ਪਰਮਾਤਮਾ ਦੇ ਸਾਹਮਣੇ ਹੁੰਦੇ ਹੋ, ਨਾ ਤਾਂ ਕੁਝ ਕਹਿੰਦੇ ਹੋ ਨਾ ਕੁਝ ਕਰਦੇ ਹੋ, ਅੱਥਰੂ ਤਕ ਵੀ ਨਹੀਂ ਵਗਦੇ, ਹੁਣ ਤੁਸੀਂ ਸਿਰਫ਼ ਹੁੰਦੇ ਹੋ। ਇਸ ਤੀਜੀ ਦਸ਼ਾ ਵਿਚ ਪ੍ਰਾਰਥਨਾ ਪੂਰੀ ਹੁੰਦੀ ਹੈ। ਇਸ ਦਸ਼ਾ ਵਿਚ ਉਥੇ ਪਰਮਾਤਮਾ ਜਿਥੇ ਤੁਸੀਂ : ਦੋਹਾਂ ਦੇ ਵਿਚਕਾਰ ਕੋਈ ਸ਼ਬਦ, ਕੋਈ ਕ੍ਰਤਯ ਨਹੀਂ ਰਹਿ ਜਾਂਦਾ। ਨਾ ਤਾਂ ਤੁਸੀਂ ਘੰਟੀ ਵਜਾਉਂਦੇ ਹੋ, ਨਾ ਪੂਜਾ ਦੇ ਫੁੱਲ ਚੜ੍ਹਾਉਂਦੇ ਹੋ—ਇਹ ਸਭ ਬੱਚਿਆਂ ਦੀਆਂ ਗੱਲਾਂ ਹੋ ਗਈਆਂ ਹਨ। ਹੁਣ ਪਰਮਾਤਮਾ ਦੇ ਰੂਬਰੂ (ਸਾਹਮਣੇ) ਤੁਸੀਂ ਨਗਨ ਖੜੇ ਹੁੰਦੇ ਹੋ : ਬੱਸ ਤੁਹਾਡਾ ਹੋਣਾ ਹੁੰਦਾ ਹੈ। ਇਸ ਹੋਣੇ ਵਿਚ ਅਵਤਰਣ ਹੁੰਦਾ ਹੈ। ਇੰਨੀ ਸ਼ੂਨਤਾ ਵਿਚ ਹੀ ਉਸ ਪੂਰਣ ਦਾ ਆਗਮਨ ਹੁੰਦਾ ਹੈ।

ਫ਼ਰੀਦ, ਵੇਖ ਤਾਂ ਜ਼ਰਾ, ਇਹ ਕੀ ਹੋਇਆ ? ਸ਼ੱਕਰ ਵੀ ਵਿਸ਼ ਹੋ ਗਈ। ਆਪਣੇ ਸੁਆਮੀ ਨੂੰ ਛੱਡ ਕੇ ਹੁਣ ਮੈਂ ਹੋਰ ਕਿਸ ਨੂੰ ਆਪਣਾ ਦੁਖੜਾ ਸੁਣਾਵਾਂ ?

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥
ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥

ਫ਼ਰੀਦ ਕੀ ਕਿਸੇ ਇਸਤ੍ਰੀ ਨੇ, ਜਦ ਉਸ ਦੇ ਕੇਸ ਕਾਲੇ ਸਨ, ਸੁਆਮੀ ਦੇ ਨਾਲ ਰਮਣ ਨਾ ਕਰ ਤਦ ਰਮਣ ਕੀਤਾ ਜਦ ਉਸ ਦੇ ਕੇਸ ਪੱਕ ਕੇ ਸ਼ਵੇਤ (ਚਿੱਟੇ) ਹੋ ਗਏ ?

ਫ਼ਰੀਦ ਕਹਿੰਦਾ ਹੈ : ਚੂਕ (ਭੁੱਲ) ਤਾਂ ਗਏ ਹਾਂ, ਇਸ ਲਈ ਬਹੁਤੀ ਹਿੰਮਤ ਨਾਲ ਤੇਰੇ ਦਰ 'ਤੇ ਦਸਤਕ ਵੀ ਨਹੀਂ ਦੇ ਸਕਦੇ; ਕਿਉਂਕਿ ਉਹ ਵਕਤ ਗਿਆ। ਜਦ ਵਾਲ ਕਾਲੇ ਸਨ, ਦੇਹ ਸੁੰਦਰ ਸੀ, ਤਦ ਪ੍ਰੀਤਮ ਦੇ ਦੁਆਰ ਜਾਂਦੇ ਤਾਂ ਟੁਰਨ ਵਿਚ ਇਕ ਮਸਤੀ ਹੁੰਦੀ, ਟੁਰਨ ਵਿਚ ਇਕ ਨਾਚ ਹੁੰਦਾ, ਚੱਲਣ ਵਿਚ ਇਕ ਸ਼ਾਨ ਹੁੰਦੀ। ਕੁਝ ਲੈ ਕੇ ਆ ਰਹੇ ਸੀ; ਹੁਣ ਤਾਂ ਹੱਥ ਖ਼ਾਲੀ ਹਨ; ਹੁਣ ਤਾਂ ਸੁੱਕੀਆਂ ਹੱਡੀਆਂ ਰਹਿ ਗਈਆਂ ਹਨ; ਹੁਣ ਤਾਂ ਵਾਲ ਸਫ਼ੈਦ ਹੋ ਗਏ ਹਨ; ਹੁਣ ਤਾਂ ਜੋਬਨ ਝੁਰੜੀਆਂ ਵਿਚ ਦੱਬ ਗਿਆ, ਹੁਣ ਤਾਂ ਇਕ ਭਿਕਸ਼ਾ (ਖ਼ਾਲੀ ਠੂਠਾ) ਦੇ ਵਾਂਗ ਤੇਰੇ ਦਰ 'ਤੇ ਆਉਂਦੇ ਹਾਂ। ਕਿਹੜੀ ਸ਼ਾਨ ਨਾਲ ਆਈਏ ?

ਦਰਵਾਜ਼ਾ ਖੜਕਾਉਣ ਵਿਚ ਵੀ ਡਰ ਲੱਗਦਾ ਹੈ। ਇਹ ਵੀ ਕੋਈ ਵੇਲਾ ਹੈ ਮਿਲਣ ਦਾ ? ਪਰ ਮਜਬੂਰੀ ਹੈ, ਹੁਣ ਕੋਈ ਉਪਾਇ ਵੀ ਨਹੀਂ ਹੈ।

'ਫਰੀਦਾ ਕਾਲੀਂ ਜਿਨੀ ਨ ਰਾਵਿਆ'—ਜਦ ਵਾਲ ਕਾਲੇ ਸਨ ਤਾਂ ਪਿਆਰੇ ਨੂੰ ਨਾ ਲੱਭਿਆ। 'ਧਉਲੀ ਰਾਵੈ ਕੋਇ'—ਹੋਰ ਕਦੇ ਇੰਨੇ ਕਰੂਪ ਹੋ ਕੇ, ਇਕ ਖੰਡਰ ਦੇ ਵਾਂਗ, ਕਿਸੇ ਪ੍ਰੇਮਿਕਾ ਨੇ ਆਪਣੇ ਪ੍ਰੇਮੀ ਨੂੰ ਲੱਭਿਆ ਹੈ ? ਲੇਕਿਨ ਤੂੰ ਜਾਨਣ ਵਾਲਾ ਹੈਂ, ਤੂੰ ਮਾਫ਼ ਕਰ ਸਕੇਂਗਾ। ਨਾ ਸਮਝੀ ਵਿਚ ਅਸੀਂ ਜੋ ਗੁਆਇਆ ਹੈ, ਉਸ ਨੂੰ ਤੂੰ ਸਾਡਾ ਇਮਤਿਹਾਨ ਨਾ ਬਣਾਉਣਾ। ਅਸੀਂ ਵੇਲੇ ਸਿਰ ਨਹੀਂ ਆਏ, ਦੇਰ ਹੋ ਗਈ ਹੈ—ਇਹ ਸਾਡੀ ਭੁੱਲ ਹੈ। ਲੇਕਿਨ ਤੇਰੇ ਉੱਤੇ ਸਾਨੂੰ ਭਰੋਸਾ ਹੈ, ਤੇਰੀ ਕਿਰਪਾ ਦਾ ਭਰੋਸਾ ਹੈ।

'ਖ਼ੈਰ, ਸਾਈਂ ਨਾਲ ਤੂੰ ਹੁਣ ਵੀ ਪ੍ਰੀਤ ਕਰ, ਜਿਸ ਨਾਲ ਕਿ ਤੇਰੇ ਕੇਸਾਂ ਦਾ ਰੰਗ ਫਿਰ ਨਵਾਂ ਹੋ ਜਾਏ।'

ਅਸੀਂ ਜਾਣਦੇ ਹਾਂ ਕਿ ਤੇਰੀ ਕਿਰਪਾ ਦੀ ਦ੍ਰਿਸ਼ਟੀ ਹੋਈ ਤਾਂ ਕੇਸ ਕੀ, ਆਤਮਾ ਦਾ ਰੰਗ ਫਿਰ ਨਵਾਂ ਹੋ ਜਾਏਗਾ!

ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥

ਤੂੰ ਸਾਨੂੰ ਪੁਨਰ-ਜਨਮ (ਫਿਰ ਤੋਂ ਜਨਮ) ਦੇ ਦੇਵੇਂਗਾ। ਅਸੀਂ ਤੇਰੇ ਅੰਦਰੋਂ ਫਿਰ ਪੈਦਾ ਹੋ ਜਾਵਾਂਗੇ ਇਕ ਨਵੇਂ ਰੂਪ ਵਿਚ ਅਵਿਰਭਾਵ (ਪ੍ਰਕਾਸ਼) ਹੋਏਗਾ। ਤੇਰੇ ਉੱਤੇ ਭਰੋਸਾ ਹੈ। ਆਪਣੇ ਤਾਂ ਪੈਰ ਡਗਮਗਾਉਂਦੇ ਹਨ। ਕੁਝ ਪੂੰਜੀ ਲੈ ਕੇ ਨਹੀਂ ਆ ਰਹੇ ਹਾ—ਕੁਝ ਦਾਨ ਕਰਨ ਨੂੰ ਨਹੀਂ ਹੈ, ਕੁਝ ਭੇਟਾ ਕਰਨ ਨੂੰ ਨਹੀਂ ਹੈ, ਮਨ ਕੰਬਦਾ ਹੈ, ਪੈਰ ਡਗਮਗਾਉਂਦੇ ਹਨ, ਯੋਗਤਾ ਕੋਈ ਨਹੀਂ, ਪਾਤ੍ਰਤਾ ਕੋਈ ਨਹੀਂ।

ਇਹ ਭਗਤ ਦੀ ਦਸ਼ਾ ਹੈ। ਕੁਝ ਲੈ ਕੇ ਨਹੀਂ ਆ ਰਹੇ ਹਾਂ, ਸਿਰਫ਼ ਰੋਂਦੇ ਹੋਏ ਆ ਰਹੇ ਹਾਂ। ਅੱਥਰੂਆਂ ਦੀ ਭੇਟਾ ਹੈ।

ਮੈਂ ਇਕ ਯਹੂਦੀ ਫ਼ਕੀਰ ਮਜੀਦ ਦੇ ਵਚਨ ਪੜ੍ਹ ਰਿਹਾ ਸੀ। ਉਸ ਦੇ ਹਰ ਵਚਨ ਵਿਚ ਉਹ ਪਰਮਾਤਮਾ ਨੂੰ ਕਹਿੰਦਾ ਹੈ ਕਿ ਅੱਜ ਮੇਰੇ ਸਿਰ 'ਚ ਦਰਦ ਹੈ, ਇਹ ਹੀ ਤੈਨੂੰ ਭੇਟ (ਚੜ੍ਹਾਵਾ) ਕਰਦਾ ਹਾਂ, ਹੋਰ ਤਾਂ ਮੇਰੇ ਕੋਲ ਕੁਝ ਨਹੀਂ ਹੈ, ਅੱਜ ਮੇਰੇ ਪੈਰ 'ਚ ਤਕਲੀਫ਼ ਹੈ, ਇਹ ਹੀ ਤੈਨੂੰ ਭੇਟਾ ਕਰਦਾ ਹਾਂ, ਹੋਰ ਤਾਂ ਮੇਰੇ ਕੋਲ ਕੁਝ ਨਹੀਂ ਹੈ—ਅੱਜ ਬੁੱਢਾ ਹੋ ਗਿਆ ਹਾਂ, ਦੇਹ ਜਰਜਰ (ਖਸਤਾ ਹਾਲ) ਹੈ ਅੱਜ ਇਹ ਖਸਤਾ ਹਾਲ ਦੇਹ ਤੈਨੂੰ ਭੇਟਾ ਕਰਦਾ ਹਾਂ, ਹੋਰ ਤਾਂ ਮੇਰੇ ਕੋਲ ਕੁਝ ਨਹੀਂ ਹੈ।

ਜਿਸ ਦਿਨ ਤੁਸੀਂ ਸਮਝੋਗੇ ਕਿ ਤੁਹਾਡੇ ਕੋਲ ਕੁਝ ਨਹੀਂ ਹੈ। ਉਸੇ ਦਿਨ ਤੁਹਾਡੇ ਕੋਲ ਜੋ ਵੀ ਹੈ, ਉਹ ਭੇਂਟ ਸਵੀਕਾਰ ਹੋ ਜਾਏਗੀ। ਜਦ ਤਕ ਤੁਸੀਂ ਸਮਝਿਆ ਹੈ ਕਿ ਤੁਹਾਡੇ ਕੋਲ ਕੁਝ ਹੈ, ਆਕੜ ਬਾਕੀ ਰਹੀ, ਰੱਸੀ ਜਲ ਗਈ, ਵੱਟ ਨਾ ਗਿਆ, ਆਕੜ ਬਾਕੀ ਰਹੀ—ਤਦ ਤਕ ਤੁਸੀਂ ਚਾਹੇ ਦੁਨੀਆਂ ਦਾ ਸਾਮਰਾਜ ਲੈ ਕੇ ਵੀ ਜਾਓ, ਉਹ ਭੇਂਟ ਸਵੀਕਾਰ ਨਹੀਂ ਹੋ ਸਕੇਗੀ। ਹੰਕਾਰ ਜਿਸ ਭੇਂਟ ਨਾਲ ਜੁੜਿਆ ਹੈ, ਉਹ ਅਪਵਿੱਤਰ ਹੋ ਗਈ। ਨਿਰ-ਹੰਕਾਰ ਭਾਵ ਨਾਲ ਤਾਂ ਤੁਸੀਂ ਖ਼ਾਲੀ ਹੱਥ ਲੈ ਕੇ ਜਾਓ, ਉਹ ਵੀ ਸਵੀਕਾਰ ਹੋ ਜਾਣਗੇ।

ਬੁੱਧ ਦੇ ਜੀਵਨ ਵਿਚ ਇਕ ਉਲੇਖ ਹੈ। ਇਕ ਸਾਮਰਾਟ ਆਇਆ ਬੁੱਧ ਨੂੰ ਮਿਲਣ। ਸੁਭਾਵਿਕ ਹੈ—ਸਾਮਰਾਟ ਸੀ ਤਾਂ ਉਸ ਨੇ ਇਕ ਬਹੁਤ ਕੀਮਤੀ ਹੀਰਾ ਕੋਹਿਨੂਰ ਵਰਗਾ ਆਪਣੇ ਹੱਥ ਵਿਚ ਲੈ ਲਿਆ, ਟੁਰਨ ਵੇਲੇ ਉਸ ਦੀ ਪਤਨੀ ਨੇ ਕਿਹਾ ਕਿ ਪੱਥਰ ਲੈ ਜਾ ਰਹੇ ਹੋ। ਪਤਨੀ ਜ਼ਿਆਦਾ ਸਮਝਦਾਰ ਹੋਏਗੀ। ਇਸਤ੍ਰੀਆਂ ਅਕਸਰ ਪੁਰਸ਼ਾਂ ਨਾਲੋਂ ਜ਼ਿਆਦਾ ਭਾਵ-ਪੂਰਣ ਹੁੰਦੀਆਂ ਹਨ। ਭਾਵ ਦੀ ਸਮਝ ਹੁੰਦੀ ਹੈ। ਪਤਨੀ ਨੇ ਕਿਹਾ—ਪੱਥਰ ਲੈ ਜਾ ਰਹੇ ਹੋ? ਮੰਨਿਆ ਕਿ ਕਿੰਨਾ ਹੀ ਕੀਮਤੀ ਹੈ, ਲੇਕਿਨ ਬੁੱਧ ਲਈ ਇਸ ਦੀ ਕੀ ਕੀਮਤ? ਜਿਸ ਨੇ ਸਾਰਾ ਰਾਜ-ਪਾਟ ਛੱਡ ਦਿੱਤਾ, ਉਸ ਲਈ ਪੱਥਰ ਲੈ ਜਾ ਰਹੇ ਹੋ। ਇਹ ਭੇਂਟ ਕੁਝ ਜਚਦੀ ਨਹੀਂ। ਚੰਗਾ ਹੋਵੇ, ਜੇਕਰ ਆਪਣੇ ਮਹਿਲ ਦੇ ਸਰੋਵਰ ਵਿਚ ਪਹਿਲਾ ਕਮਲ ਖਿਲਿਆ ਹੈ ਮੌਸਮ ਦਾ, ਤੁਸੀਂ ਉਹ ਹੀ ਲੈ ਜਾਓ। ਉਹ ਘੱਟੋ-ਘੱਟ ਜੀਵੰਤ ਤਾਂ ਹੈ। ਅਤੇ ਬੁੱਧ ਕਮਲ ਵਰਗੇ ਹਨ। ਉਨ੍ਹਾਂ ਦੇ ਜੀਵਨ ਦਾ ਫੁੱਲ ਖਿੜਿਆ ਹੈ। ਉਸ ਵਿਚ ਕੁਝ ਪਰਤੀਕ ਵੀ ਹੈ। ਇਸ ਪੱਥਰ 'ਚ ਕੀ ਹੈ? ਇਹ ਤਾਂ ਬਿਲਕੁਲ ਬੰਦ ਹੈ, ਜੜ੍ਹ ਹੈ।

ਗੱਲ ਤਾਂ ਉਸ ਨੂੰ ਜਚੀ ਤਾਂ ਉਸ ਨੇ ਸੋਚਿਆ ਇਕ ਹੱਥ ਖ਼ਾਲੀ ਵੀ ਹੈ, ਪੱਥਰ ਤਾਂ ਲੈ ਹੀ ਜਾਵਾਂਗਾ, ਕਿਉਂਕਿ ਮੈਨੂੰ ਤਾਂ ਇਸੇ ਵਿਚ ਮੁੱਲ ਹੈ, ਤਾਂ ਮੈਂ ਤਾਂ ਉਹ ਹੀ ਚੜ੍ਹਾਵਾਂਗਾ, ਜਿਸ ਵਿਚ ਮੈਨੂੰ ਮੁੱਲ ਹੈ। ਲੇਕਿਨ ਤੂੰ ਕਹਿੰਦੀ ਹੈਂ, ਤੇਰੀ ਗੱਲ ਵੀ ਹੋ ਸਕਦਾ ਹੈ ਠੀਕ ਹੀ ਹੋਵੇ। ਹੋਰ ਬੁੱਧ ਨੂੰ ਮੈਂ ਜਾਣਦਾ ਵੀ ਨਹੀਂ, ਕਿ ਕਿਸ ਤਰ੍ਹਾਂ ਦੇ ਆਦਮੀ ਹਨ।

ਤਾਂ ਫੁੱਲ ਵੀ ਲੈ ਲਿਆ। ਇਕ ਹੱਥ ਵਿਚ ਕਮਲ ਹੈ, ਇਕ ਹੱਥ ਵਿਚ ਹੀਰਾ, ਲੈ ਕੇ ਉਹ ਸਮਰਾਟ ਬੁੱਧ ਦੇ ਚਰਨਾਂ ਵਿਚ ਗਿਆ। ਜਿਵੇਂ ਹੀ ਬੁੱਧ ਦੇ ਚਰਨਾਂ ਵਿਚ ਪੁੱਜਿਆ ਅਤੇ ਹੀਰੇ ਦਾ ਹੱਥ ਅੱਗੇ ਵਧਾਇਆ, ਬੁੱਧ ਨੇ ਕਿਹਾ, ਸੁੱਟ ਦਿਉ।

ਮਨ 'ਚ ਤਾਂ ਉਸ ਨੂੰ ਬਹੁਤ ਸੱਟ ਵੱਜੀ। ਚੜ੍ਹਾ ਦਿਓ ਨਹੀਂ, ਬੁੱਧ ਨੇ ਕਿਹਾ, ਸੁੱਟ ਦਿਓ। ਅਜੇ ਹੱਥ ਜ਼ਰਾ-ਕੁ ਵਧਾਇਆ ਹੀ ਸੀ, ਪਰ ਜਦ ਬੁੱਧ ਨੇ ਕਿਹਾ, ਸੁੱਟ ਦਿਓ, ਸੱਟ ਤਾਂ ਵੱਜੀ ਹੰਕਾਰ ਨੂੰ ਕਿ ਬਹੁਤ ਕੀਮਤੀ ਹੀਰਾ ਹੈ। ਸੁੱਟਣ ਦੀ ਚੀਜ਼ ਨਹੀਂ ਹੈ ਅਜਿਹਾ ਹੀਰਾ ਧਰਤੀ 'ਤੇ ਦੂਜਾ ਲੱਭਣਾ ਮੁਸ਼ਕਿਲ ਹੈ। ਇਹ ਮੇਰੇ ਖ਼ਜ਼ਾਨੇ ਦਾ ਸਰਤਾਜ ਹੈ।

ਪਰ ਹੁਣ ਬੁੱਧ ਦੇ ਸਾਹਮਣੇ ਨਾ ਸੁੱਟਿਆ ਤਾਂ ਫ਼ਜੀਹਤ ਹੋਏਗੀ, ਅਤੇ ਹਜ਼ਾਰਾਂ ਭਿਕਸ਼ੂ ਬੈਠੇ ਹਨ, ਅਤੇ ਸਭ ਦੀਆਂ ਅੱਖਾਂ ਲੱਗੀਆਂ ਹਨ। ਉਸ ਨੇ ਬੜੇ ਬੇ-ਮਨ ਨਾਲ, ਸੁੱਟਣਾ ਤਾਂ ਨਹੀਂ ਚਾਹੁੰਦਾ ਸੀ, ਲੇਕਿਨ ਸੁੱਟ ਦਿੱਤਾ। ਸੋਚਿਆ, ਸ਼ਾਇਦ ਪਤਨੀ ਨੇ ਹੀ ਠੀਕ ਕਿਹਾ ਹੋਵੇ। ਦੂਜਾ ਹੱਥ ਅੱਗੇ ਵਧਾਇਆ, ਅਤੇ ਜ਼ਰਾ ਹੀ ਅੱਗੇ ਗਿਆ ਕਿ ਬੁੱਧ ਨੇ ਫਿਰ ਕਿਹਾ—ਸੁੱਟ ਦਿਓ।

ਹੁਣ ਤਾਂ ਉਸ ਨੂੰ ਜ਼ਰਾ ਸਮਝ ਤੋਂ ਬਾਹਰ ਹੋ ਗਈ ਗੱਲ ਕਿ ਇਹ ਆਦਮੀ ਕੁਝ ਵੀ ਨਹੀਂ ਸਮਝਦਾ। ਨਾ ਬੁੱਧੀ ਦੀ ਗੱਲ ਸਮਝਦਾ ਹੈ, ਨਾ ਹਿਰਦੇ ਦੀ ਗੱਲ ਸਮਝਦਾ ਹੈ। ਬੁੱਧੀ ਲਈ ਹੀਰਾ ਸੀ—ਹਿਸਾਬ ਸੀ ਉਸ ਵਿਚ, ਹਿਸਾਬ ਸੀ ਧਨ ਦਾ। ਪ੍ਰੇਮ ਕਮਲ ਹੈ, ਭਾਵ ਹਿਰਦੇ ਹੈ ਅਤੇ ਇਸ ਨੂੰ ਵੀ ਕਹਿੰਦਾ ਹੈ ਸੁੱਟ ਦਿਓ। ਮੇਰੀ ਪਤਨੀ ਤਾਂ ਇਸ ਦੇ ਚਰਨਾਂ ਵਿਚ ਬਹੁਤ ਆਉਂਦੀ ਹੈ। ਉਹ ਇਸ ਨੂੰ ਪਛਾਣਦੀ ਹੈ। ਅਤੇ ਇਹ ਉਸ ਨੂੰ ਵੀ ਨਹੀਂ ਸਮਝ ਸਕਿਆ ਪਰ ਹੁਣ ਜਦ ਕਹਿੰਦਾ ਹੈ.....। ਹੋਰ ਜਦ ਹੀਰਾ ਹੀ ਸੁੱਟ ਦਿੱਤਾ ਤਾਂ ਇਸ ਕਮਲ ਵਿਚ ਕੀ ਰੱਖਿਆ ਹੈ ਦੋ ਕੌਡੀਆਂ ਦਾ ਹੈ।

ਉਸ ਨੇ ਸੁੱਟ ਦਿੱਤਾ। ਤਦ ਉਹ ਖ਼ਾਲੀ ਹੱਥ ਬੁੱਧ ਦੇ ਵੱਲ ਝੁਕਣ ਲੱਗਾ, ਬੁੱਧ ਨੇ ਕਿਹਾ—ਸੁੱਟ ਦਿਓ। ਤਦ ਤਾਂ ਉਸ ਨੇ ਸਮਝਿਆ ਕਿ ਇਹ ਆਦਮੀ ਪਾਗਲ ਹੈ। ਹੁਣ ਕੁਝ ਹੈ ਹੀ ਨਹੀਂ ਸੁੱਟਣ ਲਈ। ਦੋਵੇਂ ਹੱਥ ਖ਼ਾਲੀ ਹਨ।

ਉਸ ਨੇ ਕਿਹਾ—ਹੁਣ ਕੀ ਸੁੱਟ ਦਿਆਂ?

ਬੁੱਧ ਤਾਂ ਚੁੱਪ ਰਹੇ, ਬੁੱਧ ਦੇ ਇਕ ਭਿਕਸ਼ੂ ਸਾਰੀਪੁੱਤ ਨੇ ਕਿਹਾ—ਆਪਣੇ ਨੂੰ ਸੁੱਟ ਦਿਓ। ਹੀਰੇ ਅਤੇ ਕਮਲਾਂ ਨੂੰ ਸੁੱਟਣ ਨਾਲ ਕੀ ਹੋਏਗਾ!..... ਆਪਣੇ ਆਪ ਨੂੰ ਡਿਗਾ ਦਿਓ। ਸ਼ੂਨਯਵਤ ਹੋ ਜਾਓ ਤਾਂ ਹੀ ਉਨ੍ਹਾਂ ਚਰਨਾਂ ਦਾ ਸਪਰਸ਼ ਹੋ ਸਕੇਗਾ। ਤੁਸੀਂ ਬਚੇ, ਚਰਨ ਦੂਰ, ਤੁਸੀਂ ਮਿਟੇ, ਚਰਨ ਕੋਲ।

ਤਦ ਕਹਿੰਦੇ ਹਨ, ਉਸ ਸਮਰਾਟ ਨੂੰ ਉਸੇ ਵੇਲੇ ਬੋਧ (ਗਿਆਨ) ਹੋਇਆ। ਉਹ ਡਿੱਗ ਪਿਆ, ਉਹ ਸੱਚ-ਮੁੱਚ ਹੀ ਡਿੱਗ ਪਿਆ। ਜਦ ਉਹ ਉੱਠਿਆ ਤਾਂ ਦੂਜਾ ਹੀ ਆਦਮੀ ਸੀ। ਉਹ ਮਹਿਲ ਵੱਲ ਪਰਤ ਕੇ ਨਹੀਂ ਗਿਆ। ਉਹ ਭਿਕਸ਼ੂ ਹੋ ਗਿਆ, ਉਹ ਸੰਨਿਆਸਥ ਹੋ ਗਿਆ। ਉਸ ਨੇ ਕਿਹਾ ਜਦ ਡਿਗਾ ਹੀ ਦਿੱਤਾ,

ਤਾਂ ਹੁਣ ਪਰਤ ਕੇ ਜਾਣ ਵਾਲਾ ਨਾ ਬਚਿਆ। ਬਹੁਤ ਦੂਜਿਆਂ ਨੇ ਸਮਝਾਇਆ ਕਿ ਇੰਨੀ ਕੋਈ ਛੇਤੀ ਨਹੀਂ। ਉਸ ਨੇ ਕਿਹਾ—ਹੁਣ ਗੱਲ ਹੀ ਨਹੀਂ, ਜਦ ਮੈਂ ਹੀ ਨਾ ਰਿਹਾ ਤਾਂ ਹੁਣ ਕੌਣ ਪਰਤ ਕੇ ਜਾਏ? ਜਿਹੜਾ ਆਇਆ ਸੀ, ਉਹ ਹੁਣ ਨਹੀਂ ਹੈ। ਹੁਣ ਬੁੱਧ ਮੇਰੇ ਵਿਚ ਸਮਾ ਗਏ, ਉਸ ਦੀ ਬਾਂਸਰੀ ਮੈਨੂੰ ਸੁਣਾਈ ਪਈ! ਜ਼ਰਾ-ਕੁ ਜਿੰਨਾ ਸੁਰ ਇੰਨਾ ਮਧੁਰ ਹੈ ਤਾਂ ਪੂਰੇ ਸੰਗੀਤ ਦਾ ਕਿਹੋ ਜਿਹਾ ਆਨੰਦ ਹੋਏਗਾ।

ਫਰੀਦ ਜੀ ਕਹਿੰਦੇ ਹਨ—ਖ਼ੈਰ, ਸਾਈਂ ਨਾਲ ਤੂੰ ਹੁਣ ਵੀ ਪ੍ਰੀਤ ਕਰ ਲੈ।

ਉਸ ਦੇ ਦਰਬਾਰ ਵਿਚ ਦੇਰ ਕਦੇ ਵੀ ਨਹੀਂ ਹੈ। ਜਦ ਵੀ ਤੂੰ ਆਇਆ, ਆਇਆ—ਇਹ ਹੀ ਕਾਫ਼ੀ ਹੈ। ਖ਼ਾਲੀ ਹੋ ਕੇ ਆਇਆ। ਖ਼ਾਲੀ ਹੋ ਕੇ ਆਉਣਾ ਹੀ ਉਪਾਇ ਹੈ। ਇਹ ਸਾਈਂ ਚਮੜੀ ਉੱਤੇ ਪਈਆਂ ਝੁਰੜੀਆਂ ਨੂੰ ਨਹੀਂ ਵੇਖਦਾ, ਨਾ ਬੁੱਢੇ ਦੀ ਝੁਕ ਗਈ ਕਮਰ ਨੂੰ ਵੇਖਦਾ ਹੈ। ਨਾ ਯੁਵਾ, ਜਵਾਨੀ ਦੀਆਂ ਤਰੰਗਾਂ ਨੂੰ ਵੇਖਦਾ ਹੈ। ਇਹ ਸਾਈਂ ਤਾਂ ਉਸ ਸ਼ੂਨਯ ਮਨ ਨੂੰ ਵੇਖਦਾ ਹੈ ਜੋ ਸਭ ਗੁਆ ਕੇ ਆਇਆ ਹੈ। ਜੋ ਇਹ ਜਾਣ ਕੇ ਆਇਆ ਹੈ ਕਿ ਸਭ ਵਿਅਰਥ ਹੈ—ਉਹ ਹੀ ਝੁਕਣ ਵਿਚ ਸਮਰੱਥ ਹੋ ਕੇ ਆਇਆ ਹੈ।

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥

ਹੋਰ ਝੁਕ ਜਾ ਅਤੇ ਚੜ੍ਹਾ ਦੇ ਆਪਣੇ ਨੂੰ। ਇਹ ਤੇਰਾ ਡਰ ਠੀਕ ਹੈ ਕਿ ਤੇਰੇ ਕੋਲ ਕੁਝ ਨਹੀਂ ਹੈ। ਡਰ ਸੁਭਾਵਿਕ ਹੈ। ਇਹ ਡਰ ਸ਼ੁਭ ਹੈ ਕਿ ਤੇਰੇ ਕੋਲ ਚੜ੍ਹਾਉਣ ਨੂੰ ਕੁਝ ਨਹੀਂ ਹੈ। ਲੇਕਿਨ ਇਹ ਹੀ ਤਾਂ ਭਗਤ ਦੀ ਭਾਵ-ਦਸ਼ਾ ਹੈ, ਇਹ ਹੀ ਤਾਂ ਚੜ੍ਹਾਉਣ ਦੀ ਕਲਾ ਹੈ ਕਿ ਕੁਝ ਚੜ੍ਹਾਉਣ ਨੂੰ ਨਹੀਂ ਹੈ ਅਤੇ ਚੜ੍ਹਾਉਂਦਾ ਹਾਂ—ਖ਼ਾਲੀ ਹੱਥ ਹਾਂ! ਪਰਮਾਤਮਾ ਤੈਨੂੰ ਭਰ ਦੇਵੇਗਾ, ਅਤੇ ਨਵਾਂ ਕਰ ਦੇਵੇਗਾ।

ਇਕ ਜਨਮ ਹੈ ਜੋ ਮਾਂ-ਪਿਓ ਤੋਂ ਮਿਲਦਾ ਹੈ, ਉਹ ਦੇਹ ਦਾ ਜਨਮ ਹੈ। ਇਕ ਜਨਮ ਹੈ ਜਿਹੜਾ ਚੈਤਨਯ ਤੋਂ ਮਿਲਦਾ ਹੈ, ਉਹ ਆਤਮਾ ਦਾ ਜਨਮ ਹੈ। ਜੋ ਪਰਮਾਤਮਾ ਦੇ ਸਾਹਮਣੇ ਝੁਕਿਆ, ਉਹ ਹੀ ਆਤਮਵਾਨ ਹੋਇਆ। ਜਦ ਤਕ ਤੁਸੀਂ ਉਸ ਦੇ ਸਾਹਮਣੇ ਨਹੀਂ ਝੁਕ ਜਾਂਦੇ, ਤਦ ਤਕ ਆਤਮਾ ਸਿਰਫ਼ ਇਕ ਸਿਧਾਂਤ ਹੈ। ਤੁਹਾਨੂੰ ਉਸ ਦਾ ਕੋਈ ਪਤਾ ਨਹੀਂ। ਤੁਹਾਡੇ ਅੰਦਰ ਅਜੇ ਉਸ ਦਾ ਪ੍ਰਕਾਸ਼ ਨਹੀਂ ਹੋਇਆ। ਅਜੇ ਤੁਸੀਂ ਆਤਮ-ਹੀਣ ਹੋ। ਅਜੇ ਤੁਸੀਂ ਦੇਹ ਹੋ, ਮਨ ਹੋ, ਪਰ ਆਤਮਾ ਨਹੀਂ ਹੋ। ਅਜੇ ਤਾਂ ਬੀਂ ਫੁੱਟਿਆ ਹੀ ਨਹੀਂ। ਅਜੇ ਬੀਂ ਅੰਕੁਰ ਨਹੀਂ ਬਣਿਆ। ਅਜੇ ਬੀਂ ਤੋਂ ਦਰੱਖ਼ਤ ਨਹੀਂ ਬਣਿਆ। ਅਜੇ

ਦਰੱਖ਼ਤ 'ਤੇ ਫਲ-ਫੁੱਲ ਨਹੀਂ ਲੱਗੇ। ਅਜੇ ਆਤਮਾ ਉਮੀਦ ਹੈ ਤੁਹਾਡੀ ਸਚਾਈ ਨਹੀਂ।

ਜੋ ਸ਼ੂਨਯ ਹੋ ਕੇ ਪਰਮਾਤਮਾ ਦੇ ਸਾਹਮਣੇ ਝੁਕਿਆਂ, ਉਹ ਪੂਰਣ ਹੋ ਜਾਂਦਾ ਹੈ। ਉਸ ਸ਼ੂਨਯ ਵਿਚ ਹੀ ਪੂਰਣ ਦਾ ਪ੍ਰਵੇਸ਼ ਹੈ। ਥਾਂ ਖ਼ਾਲੀ ਹੈ, ਸਿੰਘਾਸਣ ਰਾਜ਼ੀ ਹੈ—ਪਰਮਾਤਮਾ ਪ੍ਰਵਿਸ਼ਠ ਹੋ ਜਾਂਦਾ ਹੈ। ਜਿੱਥੇ ਤੁਸੀਂ ਹੰਕਾਰ ਨੂੰ ਬਿਠਾ ਰੱਖਿਆ ਸੀ, ਉਸੇ ਥਾਂ ਉਸ ਦਾ ਸਿੰਘਾਸਣ ਬਣ ਜਾਂਦਾ ਹੈ। ਅਜਿਹੀ ਕ੍ਰਾਂਤੀ ਦਾ ਨਾਂ ਹੀ ਧਾਰਮਿਕ ਕ੍ਰਾਂਤੀ ਹੈ। ਅਤੇ ਧਾਰਮਿਕ ਕ੍ਰਾਂਤੀ ਇਕ ਮਾਤਰ ਕ੍ਰਾਂਤੀ ਹੈ, ਬਾਕੀ ਸਭ ਕ੍ਰਾਂਤੀਆਂ ਕ੍ਰਾਂਤੀ ਦੇ ਧੋਖੇ ਹਨ!

ਅੱਜ ਏਨਾ ਹੀ।

ਛੇਵਾਂ ਪ੍ਰਵਚਨ

ਸਵਾਲ-ਸਾਰ

1. ਫਰੀਦ ਵਰਗੇ ਸੰਤ ਹਰ ਪਦ ਵਿਚ ਆਪਣਾ ਨਾਮ ਕਿਉਂ ਜੋੜਦੇ ਹਨ ?

2. ਓਸ਼ੋ ਵਰਗੀ ਸਰੇਸ਼ਠ ਆਤਮਾ ਰਾਜਨੀਤੀ ਅਤੇ ਸੱਤਾ ਦੇ ਵੱਲ ਧਿਆਨ ਕਿਉਂ ਨਹੀਂ ਦਿੰਦੀ ?

3. ਦੇਸ਼ ਜਦ ਅਪਾਤ ਅਤੇ ਸੰਕਟ ਦੀ ਹਾਲਤ ਵਿਚ ਹੈ, ਤਦ ਵੀ ਕੀ ਓਸ਼ੋ ਦਾ ਭਗਵਤ ਭਜਨ ਦਾ ਇਕਤਾਰਾ ਵਜਾਈ ਜਾਣਾ ਉਚਿਤ ਹੈ ?

4. ਮਾਤਾ-ਪਿਤਾ, ਗੁਰੂ ਅਤੇ ਭਗਵਾਨ ਕੋਲੋਂ ਮੰਗਣ ਵਿਚ ਕੀ ਸੰਕੋਚ ਕਰਨਾ ਚਾਹੀਦਾ ?

5. ਧਾਰਮਿਕ ਕ੍ਰਾਂਤੀ ਦੀ ਸ਼ੁਰੂਆਤ-ਵਿਅਕਤੀਗਤ ਜ਼ਿੰਮੇਵਾਰੀ ਅਤੇ ਪਰਸਪਰ-ਤੰਤਰਤਾ ਦਾ ਬੋਧ ?

6. ਪ੍ਰੇਮ ਦੀ ਪੀੜਾ ਅਤੇ ਪ੍ਰੇਮ ਦੇ ਆਨੰਦ ਦਾ ਰਹੱਸਯ ? ਸ਼ਾਸ਼ਣ ਅਤੇ ਆਸ਼ਰਮ ਦੇ ਵਿਚਕਾਰ ਕਿਸੇ ਸਹਿਯੋਗ ਦਾ ਸੁਝਾਵ ?

ਪਹਿਲਾ ਸਵਾਲ—ਫ਼ਰੀਦ ਵਰਗੇ ਸੰਤ ਹਰ ਪਦ ਵਿਚ ਆਪਣਾ ਨਾਮ ਸਮੇਟ ਕੇ ਕਿਉਂ ਟੁਰਦੇ ਹਨ? ਇਸ ਦਾ ਕੀ ਰਾਜ਼ ਹੈ?

ਫ਼ਰੀਦ ਵਰਗੇ ਵਿਅਕਤੀਆਂ ਦਾ ਕੋਈ ਨਾਮ ਨਹੀਂ, ਇਸ ਲਈ ਉਨ੍ਹਾਂ ਨੂੰ ਆਪਣਾ ਨਾਮ ਲੈਣ ਵਿਚ ਕੋਈ ਸੰਕੋਚ ਨਹੀਂ। ਤੁਹਾਨੂੰ ਸੰਕੋਚ ਹੈ, ਕਿਉਂਕਿ ਨਾਮ ਦੇ ਪਿੱਛੇ ਤੁਹਾਡਾ ਹੰਕਾਰ ਹੈ। ਜਿਸ ਦਾ ਹੰਕਾਰ ਖਿੰਡ ਗਿਆ, ਉਸ ਨੂੰ ਆਪਣਾ ਨਾਮ ਅਤੇ ਪਰਾਇਆ ਨਾਮ ਇਕੋ ਜਿਹੇ ਹਨ। ਉਹ ਆਪਣੇ ਨਾਮ ਤੋਂ ਓਨਾ ਹੀ ਦੂਰ ਹੋ ਗਿਆ ਹੈ ਜਿੰਨਾ ਕਿਸੇ ਹੋਰ ਦੇ ਨਾਮ ਤੋਂ।

ਇਸ ਲਈ ਤਾਂ ਕ੍ਰਿਸ਼ਨ ਕਹਿ ਸਕੇ ਗੀਤਾ ਵਿਚ—'ਸ੍ਵ ਧਰਮਾਨ ਪਰਿਤਯਜ, ਮਾਮੇਕੰਮ ਸਰਣਮ ਵ੍ਰਜ।' ਤੂੰ ਸਭ ਧਰਮਾਂ ਨੂੰ ਛੱਡ, ਅਰਜਨ, ਮੇਰੀ ਸ਼ਰਣ ਆ।

ਇਹ ਕੋਈ ਹੰਕਾਰੀ ਨਹੀਂ ਕਹਿ ਸਕਦਾ। ਹੰਕਾਰੀ ਚਾਹੁੰਦਾ ਵੀ ਇਹੀ ਹੈ ਕਿ ਲੋਕ, ਸਾਰੇ ਲੋਕ ਉਸ ਦੀ ਸ਼ਰਣ ਆ ਜਾਣ। ਲੇਕਿਨ ਹੰਕਾਰੀ ਇਹ ਕਹਿ ਨਹੀਂ ਸਕਦਾ, ਕਿਉਂਕਿ ਹੰਕਾਰੀ ਭਲੀ-ਚੰਗੀ ਤਰ੍ਹਾਂ ਜਾਣਦਾ ਹੈ ਕਿ ਇਹ ਤਾਂ ਹੰਕਾਰ ਦੀ ਘੋਸ਼ਣਾ ਹੋਏਗਾ। ਇਹ ਬੋਲ ਤਾਂ ਪਰਮ-ਨਿਰਹੰਕਾਰੀ ਤੋਂ ਹੀ ਆ ਸਕਦੇ ਹਨ, ਜਿਸ ਦਾ ਕੋਈ ਮੈਂ-ਭਾਵ ਨਹੀਂ, ਉਹ ਹੀ ਕਹਿ ਸਕਦਾ ਹੈ।

ਫ਼ਰੀਦ ਬਾਰ-ਬਾਰ ਆਪਣਾ ਨਾਮ ਲੈਂਦਾ ਹੈ—ਫਰੀਦਾ ਜੇ ਤੂ ਅਕਲਿ ਲਤੀਫੁ-ਫਰੀਦਾ ਜਾਂ ਤਉ ਖਟਣ ਵੇਲ, ਫਰੀਦਾ, ਫਰੀਦਾ, ਫਰੀਦਾ.....। ਫ਼ਰੀਦ ਦੋਹਰਾਈ ਚਲਾ ਜਾਂਦਾ ਹੈ। ਸੋ ਇਕ ਤਾਂ ਕਾਰਨ ਇਹ ਹੈ ਕਿ ਫ਼ਰੀਦ ਮਿੱਟ ਗਿਆ ਹੈ।

ਦੂਜਾ ਕਾਰਨ—ਫ਼ਰੀਦ ਕਿਸ ਨੂੰ ਕਹੇ, ਕਿਸ ਦਾ ਨਾਮ ਲੈ ਕੇ ਕਹੇ? ਫ਼ਰੀਦ ਤਾਂ ਮਿਟ ਗਿਆ ਹੈ, ਤੁਸੀਂ ਨਹੀਂ ਮਿਟ ਗਏ ਹੋ। ਜੇਕਰ ਤੁਹਾਡਾ ਨਾਮ ਲੈ ਕੇ ਕਹੇ ਤਾਂ ਤੁਹਾਨੂੰ ਸੱਟ ਵੱਜੇਗੀ।

ਫਰੀਦਾ ਜੇ ਤੂ ਅਕਲਿ ਲਤੀਫੁ—ਫ਼ਰੀਦ ਜੇ ਤੂੰ ਬਹੁਤ ਅਕਲ-ਮੰਦ ਹੈਂ, ਜੇਕਰ ਤੁਹਾਡਾ ਨਾਮ ਲੈ ਕੇ ਕਹੇ ਕਿ ਤੁਸੀਂ ਜੇਕਰ ਬਹੁਤ ਅਕਲ-ਮੰਦ ਹੋ ਤਾਂ ਤੁਹਾਨੂੰ ਸੱਟ ਵੱਜੇਗੀ। ਫ਼ਰੀਦ ਤੁਹਾਨੂੰ ਆਖਦਾ ਹੈ, ਨਾਮ ਆਪਣਾ ਲੈਂਦਾ ਹੈ।

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ—ਜ਼ਰਾ ਹੋਸ਼ ਨਾਲ ਵੇਖ ਫ਼ਰੀਦ, ਸ਼ੱਕਰ ਵਿਸ਼ ਹੋ ਗਈ। ਜਿਸ ਨੂੰ ਸੁੱਖ ਜਾਣਿਆ ਸੀ, ਉਹ ਦੁੱਖ ਹੋ ਗਿਆ।

ਜੇਕਰ ਉਹ ਤੁਹਾਨੂੰ ਸਿੱਧਾ-ਸਿੱਧਾ ਕਰ ਤਾਂ ਸ਼ਾਇਦ ਤੁਸੀਂ ਆਪਣੀ ਆਤਮ-ਸੁਰੱਖਿਆ ਵਿਚ ਲੱਗ ਜਾਓ, ਤੁਸੀਂ ਸ਼ਾਇਦ ਤਰਕ ਦਿਓ ਕਿ ਨਹੀਂ ਅਜਿਹਾ ਨਹੀਂ ਹੈ, ਤੁਸੀਂ ਸ਼ਾਇਦ ਪ੍ਰਮਾਣ ਦਿਓ ਇਕੱਠੇ ਕਰ ਕੇ ਕਿ ਨਹੀਂ, ਸ਼ੱਕਰ-ਸ਼ੱਕਰ ਹੈ, ਕੌਣ ਕਹਿੰਦਾ ਹੈ ਜ਼ਹਿਰ ਹੋ ਗਈ ਹੈ ? ਤੁਸੀਂ ਆਪਣੀ ਨੀਂਦ ਵਿਚ ਆਪਣੇ ਸੁਫ਼ਨਿਆਂ ਦੀ ਸੁਰੱਖਿਆ ਕਰੋਗੇ। ਫ਼ਰੀਦ ਤੁਹਾਨੂੰ ਵਿਚਕਾਰ ਨਹੀਂ ਲੈਂਦਾ। ਕਹਿੰਦਾ ਤੁਹਾਨੂੰ ਹੀ ਹੈ, ਨਾਮ ਆਪਣਾ ਲੈਂਦਾ ਹੈ।

ਜਦ ਫ਼ਰੀਦ ਆਪਣੇ ਨੂੰ ਹੀ ਕਹਿੰਦਾ ਹੈ ਕਿ ਫ਼ਰੀਦ ਜੇਕਰ ਤੂੰ ਵੱਡਾ ਅਕਲਵਾਨ ਹੈਂ, ਤੁਹਾਨੂੰ ਕੋਈ ਰੁਕਾਵਟ ਨਹੀਂ ਹੁੰਦੀ, ਤੁਸੀਂ ਸ਼ਾਂਤੀ ਨਾਲ ਸੁਣ ਲੈਂਦੇ ਹੋ ਕਿ ਇਹ ਆਪਣਾ ਹੀ ਨਾਮ ਲੈ ਰਿਹਾ ਹੈ, ਆਪਣੇ ਨੂੰ ਹੀ ਕਹਿ ਰਿਹਾ ਹੈ। ਕਹਿੰਦਾ ਤੁਹਾਨੂੰ ਹੀ ਹੈ।

ਤੀਜਾ ਕਾਰਨ—ਫ਼ਰੀਦ ਵਰਗੇ ਵਿਅਕਤੀਆਂ ਦੇ ਅੰਦਰ ਸਾਕਸ਼ੀ ਦਾ ਜਨਮ ਹੋ ਗਿਆ ਹੈ। ਉਹ ਆਪਣੇ ਨੂੰ ਆਪਣੇ ਅਤੀਤ ਹੋਣ ਨੂੰ, ਆਪਣੇ ਤੋਂ ਦੂਰ ਵੇਖਣ ਲੱਗੇ ਹਨ। ਜਦ ਫ਼ਰੀਦ ਕਹਿੰਦਾ ਹੈ—ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ—ਤਾਂ ਉਹ ਇਹ ਕਹਿ ਰਿਹਾ ਹੈ, ਇਹ ਸਾਕਸ਼ੀ ਕਹਿ ਰਿਹਾ ਹੈ, ਇਹ ਜੋ ਜਾਗ ਗਿਆ ਹੈ ਅੰਦਰ ਉਹ ਕਹਿ ਰਿਹਾ ਹੈ ਆਪਣੇ ਸੁੱਤੇ ਹੋਏ ਰੂਪ ਨੂੰ, ਇਹ ਵਰਤਮਾਨ ਕਹਿ ਰਿਹਾ ਹੈ ਆਪਣੇ ਅਤੀਤ ਨੂੰ—ਰੋਸ਼ਨੀ ਕਹਿ ਰਹੀ ਹੈ ਹਨ੍ਹੇਰੇ ਨੂੰ, ਗਿਆਨ ਕਹਿ ਰਿਹਾ ਹੈ ਹਨ੍ਹੇਰੇ ਰਾਹਾਂ ਨੂੰ, ਭਟਕੇ ਹੋਏ ਜੀਵਨ ਨੂੰ ਕਿ ਦੇਖ ਫ਼ਰੀਦਾ, ਜਿਸ ਨੂੰ ਤੂੰ ਅੰਮ੍ਰਿਤ ਸਮਝਿਆ ਸੀ, ਉਹ ਵਿਸ਼ ਹੋ ਗਿਆ! ਤੁਹਾਡੇ ਅੰਦਰ ਵੀ ਕਦੇ ਅਜਿਹੀ ਘਟਨਾ ਘਟੇਗੀ ਤਦ ਸਮਝ ਪਾਉਗੇ, ਜਦ ਤੁਸੀਂ ਆਪਣੇ ਤੋਂ ਹੀ ਵੱਖਰੇ ਹੋ ਜਾਉਗੇ।

ਸਵਾਮੀ ਰਾਮ ਆਪਣਾ ਨਾਮ ਉਪਯੋਗ ਕਰਦੇ ਸਨ। ਜੇਕਰ ਕੋਈ ਗਾਲ੍ਹ ਕੱਢਦਾ ਉਹ ਹੱਸਦੇ, ਆਪਣੇ ਨਾਲ ਦੇ ਮਿੱਤਰ ਨੂੰ ਕਹਿੰਦੇ—ਅੱਜ ਰਾਮ ਨੂੰ ਖ਼ੂਬ ਗਾਲ੍ਹੀਆਂ ਪਈਆਂ। ਨਵੇਂ-ਨਵੇਂ ਅਮਰੀਕਾ ਗਏ ਤਾਂ ਉਨ੍ਹਾਂ ਦਾ ਢੰਗ ਤਾਂ ਉਹ ਹੀ ਰਿਹਾ। ਕਿਸੇ ਨੇ ਕਿਤੇ ਅਪਮਾਨ ਕੀਤਾ, ਕ੍ਰੋਧ ਕੀਤਾ, ਪਰਤ ਕੇ ਘਰ ਆਏ, ਜਿਸ ਦੇ ਘਰ ਵਿਚ ਠਹਿਰੇ ਸਨ, ਖ਼ੂਬ ਹੱਸਣ ਲੱਗੇ ਅਤੇ ਕਿਹਾ—ਅੱਜ ਰਾਮ ਦੀ ਫ਼ਜ਼ੀਹਤ ਹੋਈ! ਲੋਕ ਬਹੁਤ ਮਜ਼ਾਕ ਕਰਨ ਲੱਗੇ।

ਗੇਰੂਆ ਵਸਤਰ, ਫ਼ਕੀਰ ਤਦ ਅਮਰੀਕਾ ਵਿਚ ਨਵਾਂ-ਨਵਾਂ ਸੀ—ਲੋਕ ਕੰਕੜ-ਪੱਥਰ ਸੁੱਟਣ ਲੱਗੇ।

'ਰਾਮ ਬੜੀ ਮੁਸ਼ਕਿਲ ਵਿਚ ਪਏ। ਮੈਂ ਵੀ ਕਿਹਾ—ਭੋਗੋ ਹੁਣ।' ਤਾਂ ਉਹ ਜਿਸ ਦੇ ਘਰ ਠਹਿਰੇ, ਉਨ੍ਹਾ ਨੇ ਕਿਹਾ ਤੁਸੀਂ ਕਹਿ ਕੀ ਰਹੇ ਹੋ? ਹੋਸ਼ ਵਿਚ ਹੋ? ਕਿਸ ਦੀ ਬਾਬਤ ਗੱਲ ਕਰ ਰਹੇ ਹੋ ਤੁਸੀਂ? ਰਾਮ ਯਾਨੀ ਕੌਣ?

ਤਾਂ ਉਨ੍ਹਾਂ ਨੇ ਕਿਹਾ—ਇਹ ਰਾਮ ਜਿਹੜਾ ਸਾਹਮਣੇ ਖਲੋਤਾ ਹੈ ਵਿਖਾਈ ਨਹੀਂ ਦਿੰਦਾ? ਜਿਵੇਂ ਤੁਹਾਨੂੰ ਵਿਖਾਈ ਪੈਂਦਾ ਹੈ, ਇਸੇ ਤਰ੍ਹਾਂ ਮੈਨੂੰ ਵੀ ਵਿਖਾਈ ਪੈਂਦਾ ਹੈ। ਇਹ ਤੁਹਾਡੇ ਹੀ ਸਾਹਮਣੇ ਨਹੀਂ ਖਲੋਤਾ ਹੈ। ਮੇਰੇ ਸਾਹਮਣੇ ਵੀ ਖੜਾ ਹੈ। ਅਸੀਂ ਤਾਂ ਖੜੇ ਵੇਖਦੇ ਰਹੇ। ਅਸੀਂ ਕਿਹਾ—ਹੁਣ ਹੋਈ ਫ਼ਜ਼ੀਹਤ!

ਜਿਸ ਦਿਨ ਤੁਹਾਡੇ ਅੰਦਰ ਸਾਕਸ਼ੀ ਜਗੇਗਾ! ਤੁਸੀਂ ਵੀ ਕਹਿ ਸਕੋਗੇ, ਫਰੀਦਾ ਜੇ ਤੂ ਅਕਲਿ ਲਤੀਫੁ—ਜੇਕਰ ਤੂੰ ਵੱਡਾ ਅਕਲਮੰਦ ਹੈਂ ਫ਼ਰੀਦਾ ਤਾਂ ਲਕਸ਼ਣ ਵਿਖਾ। ਲਕਸ਼ਣ ਇਹ ਹਨ ਕਿ ਦੂਜੇ ਵਿਚ ਬੁਰਾਈ ਨਾ ਵੇਖ। ਆਪਣੇ ਹੀ ਗਿਰੇਬਾਨ ਵਿਚ ਝਾਕ। ਇਹ ਅਕਲਮੰਦ ਦਾ ਲੱਛਣ ਹੈ। ਜੇਕਰ ਦੂਜੇ 'ਚ ਬੁਰਾਈ ਵੇਖਦਾ ਹੈ ਤਾਂ ਇਹ ਬੁਧੂ ਦਾ ਲੱਛਣ ਹੈ।

ਫਰੀਦਾ ਜਾਂ ਤਉ ਖਟਣ ਵੇਲ—ਫ਼ਰੀਦ ਜਦ ਤਕ ਜਵਾਨ ਸੀ, ਤਾਕਤ ਸੀ, ਵਕਤ ਸੀ, ਉਸ ਨੂੰ ਤਾਂ ਤੂੰ ਵਿਅਰਥ ਚੀਜ਼ਾਂ ਦੇ ਕਮਾਉਣ ਵਿਚ ਗੁਆਇਆ, ਹੁਣ ਜਦ ਸਭ ਮੁੱਕ ਗਿਆ, ਖ਼ਾਲੀ ਹੋ ਗਿਆ; ਤਦ ਤੂੰ ਪਰਮਾਤਮਾ ਦੀ ਗੱਲ ਕਰਨ ਟੁਰਿਆਂ ਹੈਂ। ਜਦ ਦੇਣ ਨੂੰ ਕੁਝ ਸੀ, ਤਦ ਤਾਂ ਤੂੰ ਸੰਸਾਰ ਦੇ ਦਰਵਾਜ਼ੇ ਖੜਕਾਏ। ਹੁਣ ਜਦ ਦੇਣ ਨੂੰ ਕੁਝ ਨਹੀਂ ਬਚਿਆ। ਖ਼ਾਲੀ ਹੱਥ ਹਨ, ਭਿਖਾਰੀ ਹੈਂ, ਹੁਣ ਤੂੰ ਪਰਮਾਤਮਾ ਦੇ ਦਰਵਾਜ਼ੇ ਖੜਕਾਉਣ ਟੁਰਿਆ ਹੈਂ!

ਇਹ ਸਕਸ਼ੀ ਹੈ ਆਪਣੇ ਅਤੀਤ ਨੂੰ ਕਹਿ ਰਿਹਾ ਹੈ।

ਇਹ ਤਿੰਨ ਕਾਰਨ ਹਨ।

ਜੋ ਕਾਰਨ ਤੁਸੀਂ ਸੋਚਦੇ ਹੋ ਉਹ ਬਿਲਕੁਲ ਨਹੀਂ ਹੈ। ਤੁਸੀਂ ਸੋਚਦੇ ਹੋ, ਆਪਣਾ ਨਾਲ ਹਰ ਪੰਕਤੀ ਵਿਚ ਦੁਹਰਾਉਣਾ, ਆਪਣੇ ਦਸਖ਼ਤ ਹਰ ਥਾਂ ਕੀਤੀ ਜਾਣਾ—ਇਹ ਤਾਂ ਬਹੁਤ ਹੰਕਾਰ ਹੈ।

ਤੁਹਾਡੀ ਤਕਲੀਫ਼ ਵੀ ਮੈਂ ਸਮਝਦਾ ਹਾਂ। ਤੁਸੀਂ ਜੇਕਰ ਆਪਣਾ ਨਾਮ ਲਿਆ ਹੁੰਦਾ ਹਰ ਲਕੀਰ ਵਿਚ ਤਾਂ ਉਸ ਦਾ ਕਾਰਨ ਹੰਕਾਰ ਹੁੰਦਾ। ਤੁਸੀਂ ਸੰਕੋਚ ਵੀ ਕਰਦੇ, ਹਰ ਲਕੀਰ ਵਿਚ ਨਾ ਲੈਂਦੇ, ਤੁਸੀਂ ਜ਼ਰਾ ਢੰਗ ਨਾਲ ਲੈਂਦੇ, ਲੁਕਾ ਕੇ ਲੈਂਦੇ। ਅਜਿਹੀ ਹਰ ਲਕੀਰ ਦੇਖ ਫਰੀਦਾ, ਅਜਹੀ ਸ਼ੁਰੂ ਨਾ ਹੁੰਦੀ। ਤੁਸੀਂ ਤਰਕੀਬ ਨਾਲ ਲੈਂਦੇ। ਤੁਸੀਂ ਲੁਕਾ ਕੇ ਲੈਂਦੇ। ਤੁਸੀਂ ਕਹਿੰਦੇ—ਮੈਂ ਤਾਂ ਚਰਨਾਂ ਦੀ ਧੂੜ ਹਾਂ। ਅਤੇ ਵੇਖਦੇ ਦੂਜੇ ਵੱਲ ਕਿ ਉਹ ਕਹੇ, ਨਹੀਂ ਨਹੀਂ, ਤੁਸੀਂ ਤਾਂ ਸਮਰਾਟ ਹੋ, ਸਿੰਘਾਸਣ 'ਤੇ ਬਿਰਾਜਮਾਨ ਹੋ, ਤੁਹਾਡੇ ਤੋਂ ਉੱਤਮ ਕੌਣ? ਅਤੇ

ਤੁਸੀਂ ਅੰਦਰ ਖ਼ੁਸ਼ ਹੁੰਦੇ ਕਿ ਤਰਕੀਬ ਕੰਮ ਕਰ ਗਈ। ਇਹ ਹੀ ਤਾਂ ਤੁਸੀਂ ਸੁਨਣਾ ਚਾਹੁੰਦੇ ਸੀ। ਇਸ ਲਈ ਤੁਸੀਂ ਕਿਹਾ ਸੀ, ਮੈਂ ਤੁਹਾਡੇ ਚਰਨਾਂ ਦੀ ਧੂੜ ਹਾਂ, ਤਾਂਕਿ ਕੋਈ ਤੁਹਾਨੂੰ ਸਿਰ ਉੱਤੇ ਰੱਖ ਲਵੇ, ਕਿਉਂਕਿ ਤੁਸੀਂ ਭਲੀ-ਭਾਂਤ ਸਮਝ ਗਏ ਹੋ ਹੰਕਾਰ ਦੀ ਰਾਜਨੀਤੀ।

ਹੰਕਾਰ ਦੀ ਰਾਜਨੀਤੀ ਇਹ ਹੈ ਕਿ ਜੇਕਰ ਤੁਸੀਂ ਆਪਣੇ ਹੰਕਾਰ ਦਾ ਐਲਾਨ ਕਰੋ ਤਾਂ ਦੂਜੇ ਉਸ ਦਾ ਖੰਡਣ ਕਰਨਗੇ! ਜੇਕਰ ਤੁਹਾਨੂੰ ਚਾਹੀਦਾ ਕਿ ਦੂਜੇ ਤੁਹਾਡਾ ਸਮਰਥਨ ਕਰਨ, ਤੁਸੀਂ ਉਸ ਦਾ ਖੰਡਣ ਕਰੋ। ਇਸ ਲਈ ਜਿਨ੍ਹਾਂ ਨੂੰ ਤੁਸੀਂ ਵਿਨਮ੍ਰ ਪਾਉਂਦੇ ਹੋ ਉਹ ਵਿਨਮ੍ਰ ਹੋਣਗੇ ਅਜਿਹਾ ਜ਼ਰੂਰੀ ਨਹੀਂ ਹੈ। ਅਕਸਰ ਤਾਂ ਤੁਹਾਡੇ ਵਿਨਮ੍ਰ ਪੁਰਸ਼ਾਂ ਵਿਚ ਸੌ ਵਿਚੋਂ ਨੜਿੰਨਵੇਂ ਤਾਂ ਪਰਮ ਹੰਕਾਰੀ ਹੁੰਦੇ ਹਨ, ਉਹ ਕਹਿੰਦੇ ਹਨ ਮੈਂ ਤਾਂ ਕੁਝ ਵੀ ਨਹੀਂ ਹਾਂ, ਲੇਕਿਨ ਉਨ੍ਹਾਂ ਦੀਆਂ ਅੱਖਾਂ ਵਿਚ ਵੇਖੋ! ਉਹ ਕਹਿੰਦੇ ਹਨ, ਮੈਂ ਤਾਂ ਨਾ ਕੁਝ ਹਾਂ, ਲੇਕਿਨ ਉਨ੍ਹਾਂ ਦੇ ਜ਼ਰਾ ਸਿਰ ਦੀ ਆਕੜ ਵਿਚ ਵੇਖੋ! ਉਹ ਕਹਿੰਦੇ ਹਨ ਮੈਂ ਤਾਂ ਤੁਹਾਡੇ ਚਰਨਾਂ 'ਚ ਪਿਆ ਹਾਂ, ਪਰ ਤੁਸੀਂ ਗੌਰ ਨਾਲ ਵੇਖੋ—ਕਹਿ ਉਹ ਕੁਝ ਰਹੇ ਹਨ, ਕਰ ਉਹ ਕੁਝ ਰਹੇ ਹਨ, ਅਤੇ ਹੋਰ ਕਰ ਰਹੇ ਹਨ, ਕੋਸ਼ਿਸ਼ ਕਿ ਤੁਸੀਂ ਉਨ੍ਹਾਂ ਦੇ ਚਰਨਾਂ 'ਚ ਡਿੱਗ ਪਓ।

ਜਦ ਕੋਈ ਆਦਮੀ ਤੁਹਾਨੂੰ ਆਖੇ ਕਿ ਮੈਂ ਤਾਂ ਤੁਹਾਡੇ ਚਰਨਾਂ ਦੀ ਧੂੜ ਹਾਂ ਤਾਂ ਤੁਸੀਂ ਉਸ ਨਾਲ ਰਾਜ਼ੀ ਹੋ ਜਾਣਾ, ਫਿਰ ਵੇਖਣਾ। ਤੁਸੀਂ ਕਹਿਣਾ ਕਿ ਬਿਲਕੁਲ ਠੀਕ ਕਹਿੰਦੇ ਹੋ ਤੁਸੀਂ, ਇਹ ਤਾਂ ਮੈਨੂੰ ਪਹਿਲਾਂ ਤੋਂ ਹੀ ਪਤਾ ਸੀ—ਤੁਸੀਂ ਹੋ ਹੀ ਚਰਨਾਂ ਦੀ ਧੂੜ। ਤਦ ਉਸ ਦੇ ਚਿਹਰੇ ਨੂੰ ਵੇਖਣਾ, ਝਟਪਟ ਤੁਸੀਂ ਪਛਾਣ ਲਉਗੇ ਕਿ ਇਹ ਵਿਨਮ੍ਰਤਾ ਨਾਲ ਕਹੀ ਗਈ ਗੱਲ ਸੀ ਜਾਂ ਹੰਕਾਰ ਨਾਲ। ਉਹ ਆਦਮੀ ਨਾਰਾਜ਼ ਹੋ ਜਾਏਗਾ—ਉਹ ਕਹੇਗਾ ਸਮਝਿਆ ਕੀ ਹੈ ਤੁਸੀਂ ਆਪਣੇ-ਆਪ ਨੂੰ, ਸ਼ਿਸ਼ਟਾਚਾਰ ਦੀ ਭਾਸ਼ਾ ਵੀ ਨਹੀਂ ਸਮਝਦੇ? ਇਹ ਸਾਡਾ ਮਤਲਬ ਨਹੀਂ ਹੈ। ਕੌਣ ਕਹਿੰਦਾ ਹੈ ਕਿ ਅਸੀਂ ਚਰਨਾਂ ਦੀ ਧੂੜ ਹਾਂ? ਇਹ ਤਾਂ ਸੰਸਕਾਰ ਵੱਸ, ਚੰਗੇ ਘਰ ਵਿਚ ਅਸੀਂ ਪੈਦਾ ਹੋਏ ਹਾਂ, ਇਸ ਲਈ ਅਜਿਹਾ ਆਖਦੇ ਹਾਂ।

ਤੁਹਾਨੂੰ ਝੁਕਣਾ ਸਿਖਾਇਆ ਗਿਆ ਹੈ, ਤਾਂਕਿ ਤੁਸੀਂ ਦੂਜਿਆ ਨੂੰ ਝੁਕਾ ਸਕੋ। ਇਹ ਕੂਟਨੀਤੀ ਹੈ।

ਫ਼ਰੀਦ ਵਰਗੇ ਵਿਅਕਤੀਆਂ ਦੇ ਜੀਵਨ ਵਿਚ ਕੋਈ ਕੂਟਨੀਤੀ ਰਾਜਨੀਤੀ ਨਹੀਂ ਹੈ। ਉਹ ਸਿੱਧੇ ਸਾਫ਼ ਹਨ। ਉਨ੍ਹਾਂ ਨੂੰ ਜੋ ਠੀਕ ਲੱਗਦਾ ਹੈ ਕਹਿ ਰਹੇ ਹਨ, ਅਤੇ ਇੰਨੀ ਸਰਲਤਾ ਨਾਲ ਕਹਿ ਰਹੇ ਹਨ, ਉਹ ਸਬੂਤ ਹੈ

ਕਿ ਪਿੱਛੇ ਹੰਕਾਰ ਨਹੀਂ ਹੋ ਸਕਦਾ। ਨਹੀਂ ਤਾਂ ਹੰਕਾਰ ਤਾਂ ਹਮੇਸ਼ਾ ਸਜਾਵਟ ਕਰਦਾ ਹੈ, ਲੁਕਾਉਂਦਾ ਹੈ। ਕਿਉਂਕਿ ਹੰਕਾਰ ਭਲੀ-ਚੰਗੀ ਤਰ੍ਹਾਂ ਜਾਣਦਾ ਹੈ ਕਿ ਤੁਹਾਡਾ ਹੀ ਥੋੜ੍ਹੇ ਹੰਕਾਰ ਹੈ, ਸਭ ਦਾ ਹੰਕਾਰ ਹੈ। ਤੁਸੀਂ ਜੇਕਰ ਜ਼ਿਆਦਾ ਘੋਸ਼ਣਾ ਕੀਤੀ, ਤਾਂ ਦੂਜੇ ਦੇ ਹੰਕਾਰ ਨੂੰ ਸੱਟ ਵੱਜਣ ਲੱਗਦੀ ਹੈ। ਅਤੇ ਦੂਜੇ ਨੂੰ ਸੱਟ ਮਾਰੀ ਤਾਂ ਉਹ ਤੁਹਾਨੂੰ ਦੁੱਗਣੀ ਸੱਟ ਨਾਲ ਮੋੜੇਗਾ। ਇਸ ਲਈ ਹੰਕਾਰ ਕਹਿੰਦਾ ਹੈ—ਦੂਜੇ ਨੂੰ ਫੁਸਲਾਉਣਾ, ਸੱਟ ਨਾ ਮਾਰਨਾ, ਮੱਖਣ ਲਾਉਣਾ, ਖ਼ੁਸ਼ ਕਰਨਾ ਦੂਜੇ ਨੂੰ। ਜਦ ਤੁਸੀਂ ਦੂਜੇ ਨੂੰ ਖ਼ੁਸ਼ ਕਰੋਗੇ, ਦੂਜਾ ਤੁਹਾਨੂੰ ਖ਼ੁਸ਼ ਕਰੇਗਾ। ਇਹ ਸਿੱਧੀ ਜਿਹੀ ਗੱਲ ਹੈ, ਸਿੱਧਾ ਜਿਹਾ ਹਿਸਾਬ ਹੈ।

ਫ਼ਰੀਦ ਵਰਗੇ ਲੋਕ ਇਨ੍ਹਾਂ ਗੱਲਾਂ ਦੀ ਫ਼ਿਕਰ ਨਹੀਂ ਕਰਦੇ। ਉਨ੍ਹਾਂ ਦੇ ਅੰਦਰ ਜੋ ਜਾਗ ਪਿਆ ਹੈ, ਉੱਥੇ ਹੁਣ ਕੋਈ ਅੰਧਕਾਰ ਨਹੀਂ ਹੈ। ਉਨ੍ਹਾਂ ਨੇ ਆਪਣੇ ਨੂੰ ਜਾਣਿਆ ਹੈ, ਹੁਣ ਕੋਈ ਹੰਕਾਰ ਨਹੀਂ ਹੈ। ਅਤੇ ਫਿਰ ਤੁਹਾਨੂੰ ਕੀ ਕਹਿਣ ? ਤੁਹਾਡੇ ਨਾਲ ਗੱਲ ਕਰਨੀ ਹੀ ਮੁਸ਼ਕਿਲ ਹੈ। ਤੁਹਾਨੂੰ ਆਖੋ ਕੁਝ, ਤੁਸੀਂ ਸਮਝਦੇ ਕੁਝ ਹੋ। ਇਸ ਲਈ ਫ਼ਰੀਦ ਵਰਗੇ ਲੋਕ ਆਪਣੇ ਆਪ ਨੂੰ ਹੀ ਕਹਿੰਦੇ ਹਨ।

ਇਹ ਪੁਰਾਣੇ ਸੰਤਾਂ ਦਾ ਇਕ ਢੰਗ ਸੀ ਅਤੇ ਬਹੁਤ ਕੀਮਤੀ ਢੰਗ ਸੀ। ਕਬੀਰ ਵੀ ਇਹ ਹੀ ਕਰਦੇ ਹਨ, ਦਾਦੂ ਵੀ ਇਹ ਹੀ ਕਰਦੇ ਹਨ, ਮੀਰਾਂ ਵੀ ਇਹ ਹੀ ਕਰਦੀ ਹੈ। ਬਹੁਤ ਕਾਰਗਰ ਢੰਗ ਹੈ। ਆਪਣੇ ਨੂੰ ਹੀ ਆਖਦੇ ਹਨ, ਤੁਸੀਂ ਬਹਾਨੇ ਨਾਲ ਸੁਣ ਲੈਂਦੇ ਹੋ। ਤੁਸੀਂ ਇੰਨੇ ਗੁੰਝਲਦਾਰ ਹੋ, ਇੰਨੇ ਪਾਗ਼ਲ ਹੋ ਕਿ ਤੁਹਾਨੂੰ ਸਿੱਧਾ ਆਪਣਾ ਵੀ ਮੁਸ਼ਕਿਲ ਹੈ। ਤੁਹਾਨੂੰ ਜੇਕਰ ਅੰਨਾ ਵੀ ਕਹਿਣਾ ਹੋਵੇ—ਅੰਨ੍ਹੇ ਤੁਸੀਂ ਹੋ—ਤਾਂ ਫ਼ਰੀਦ ਨੂੰ ਆਪਣੇ ਨੂੰ ਹੀ ਅੰਨ੍ਹਾ ਕਹਿਣਾ ਪੈਂਦਾ ਹੈ, ਸ਼ਾਇਦ ਉਸ ਨਾਲ ਤੁਹਾਨੂੰ ਥੋੜ੍ਹੀ ਜਿਹੀ ਸਮਝ ਆ ਜਾਏ। ਸ਼ਾਇਦ ਇੰਨੀ ਸਿੱਧੀ ਕਹੀ ਗਈ ਗੱਲ ਨਾਲ ਤੁਸੀਂ ਤਿਲਮਿਲਾ ਨਾ ਜਾਓ, ਲੜਨ-ਝਗੜਨ ਨੂੰ ਖੜੇ ਨਾ ਹੋ ਜਾਓ, ਕਿਉਂਕਿ ਤੁਸੀਂ ਕਹੋਗੇ, ਫ਼ਰੀਦ ਆਪਣੇ ਨੂੰ ਹੀ ਕਹਿ ਰਿਹਾ ਹੈ। ਲੇਕਿਨ ਫ਼ਰੀਦ ਦੇ ਨਾਮ ਦੇ ਬਹਾਨੇ ਉਸ ਨੇ ਸਾਰੇ ਸੰਸਾਰ ਨੂੰ ਕਹਿ ਦਿੱਤਾ ਹੈ, ਉਨ੍ਹਾਂ ਸਾਰੇ ਫ਼ਰੀਦਾਂ ਨੂੰ ਜਿਹੜੇ ਹਾਲੇ ਵੀ ਸੁੱਤੇ ਪਏ ਹਨ।

ਦੂਜਾ ਸਵਾਲ—ਕੱਲ੍ਹ ਤੁਸੀਂ ਆਖਿਆ ਕਿ ਧਾਰਮਿਕ ਕ੍ਰਾਂਤੀ ਹੀ ਇਕ ਮਾਤਰ ਕ੍ਰਾਂਤੀ ਹੈ। ਕੀ ਦੇਸ਼ ਅਤੇ ਸਮਾਜ ਲਈ ਸਾਡਾ ਕੋਈ ਫ਼ਰਜ਼ ਨਹੀਂ ਹੈ ? ਇਸ ਸੰਬੰਧ ਵਿਚ ਕੁਝ ਮਿੱਤਰਾਂ ਦਾ ਕਹਿਣਾ ਹੈ ਕਿ ਤੁਹਾਡੇ ਵਰਗੀ ਉੱਤਮ ਆਤਮਾ ਨੂੰ ਸਮਾਜ, ਰਾਜਨੀਤੀ ਅਤੇ ਸੱਤਾ ਉੱਤੇ ਧਿਆਨ ਦੇਣਾ ਚਾਹੀਦਾ, ਤਾਂਕਿ ਇਕ ਬੇਹਤਰ ਮਨੁੱਖਤਾ ਦਾ ਉਜਾਗਰ ਹੋ ਸਕੇ।

ਦੇਸ਼ ਇਕ ਝੂਠੀ ਇਕਾਈ ਹੈ। ਸਮਾਜ ਕੇਵਲ ਗਿਣਤੀ ਹੈ। ਸਮਾਜ ਦੀ ਕੋਈ ਹੋਂਦ ਨਹੀਂ ਹੈ। ਤੁਸੀਂ ਕਿਤੇ ਸਮਾਜ ਨੂੰ ਪਾ ਨਹੀਂ ਸਕੋਗੇ। ਲੱਭਣ ਜਾਉਗੇ, ਵਿਅਕਤੀ ਮਿਲਣਗੇ, ਸਮਾਜ ਨਹੀਂ। ਟਕਰਾਉਗੇ ਵਿਅਕਤੀਆਂ ਨਾਲ ਸਮਾਜ ਨਾਲ ਨਹੀਂ। ਲੇਕਿਨ ਸ਼ਬਦ ਬਹੁਤ ਜ਼ਖ਼ਮ ਕਰਨ ਵਾਲੇ ਹੋ ਸਕਦੇ ਹਨ। ਅਤੇ ਸ਼ਬਦਾਂ ਦੀ ਓਟ ਵਿਚ ਬਹੁਤ ਅਸਤਯ ਲੁਕਾਏ ਜਾ ਸਕਦੇ ਹਨ। ਹੋਰ ਜੇਕਰ ਸ਼ਬਦਾਂ ਨੂੰ ਤੁਸੀਂ ਠੀਕ ਤਰ੍ਹਾਂ ਨਾ ਸਮਝਿਆ ਤਾਂ ਬਹੁਤ ਹੀ ਉਲਝਣ ਹੋ ਸਕਦੀ ਹੈ।

ਮੈਂ ਕਲ੍ਹ ਹੀ ਵੇਖ ਰਿਹਾ ਸੀ। ਜਾਪਾਨ 'ਚ ਦੂਜੇ ਮਹਾਂਯੁੱਧ ਦੇ ਦਿਨਾਂ ਵਿਚ, ਹਿਰੋਸ਼ਿਮਾ ਅਤੇ ਨਾਗਾਸਾਕੀ ਬਚ ਸਕਦੇ ਸਨ, ਐਟਮ ਬੰਬ ਨਾ ਡਿੱਗਿਆ ਹੁੰਦਾ। ਇਕ ਨਿੱਕੇ ਜਿਹੇ ਸ਼ਬਦ ਨੇ ਦਿੱਕਤ ਦੇ ਦਿੱਤੀ। ਅਮਰੀਕਨ ਜਨਰਲ ਨੇ ਜਾਪਾਨ ਦੀ ਸਰਕਾਰ ਨੂੰ ਖ਼ਤ ਭੇਜਿਆ ਲੇਕਿਨ ਖ਼ਤ ਦਾ ਅਨੁਵਾਦ ਜਾਪਾਨੀ ਵਿਚ ਕੀਤਾ ਗਿਆ। ਇਕ ਅਜਿਹਾ ਸ਼ਬਦ ਸੀ ਉਸ ਵਿਚ ਕਿ ਜਾਪਾਨੀ ਅਨੁਵਾਦ ਨਾਲ ਉਸ ਦੇ ਦੋ ਮਤਲਬ ਹੋ ਗਏ। ਜਾਪਾਨੀ ਵਿਚ ਦੋ ਅਰਥ ਹਨ ਉਸ ਸ਼ਬਦ ਦੇ। ਉਸ ਵਿਚ ਇਕ ਅਰਥ ਜੋ ਬਦਕਿਸਮਤੀ ਨਾਲ ਸਰਕਾਰ ਨੇ ਸਵੀਕਾਰ ਕੀਤਾ ਕਿ ਇਹ ਅਰਥ ਹੋਣਾ ਚਾਹੀਦਾ ਹੈ, ਉਸੇ ਅਰਥ ਦੇ ਕਾਰਨ ਹਿਰੋਸ਼ਿਮਾ, ਨਾਗਾਸਾਕੀ ਉੱਤੇ ਬੰਬ ਡਿੱਗਿਆ। ਜੇਕਰ ਉਸ ਦਾ ਦੂਜਾ ਅਰਥ ਲਿਆ ਗਿਆ ਹੁੰਦਾ ਤਾਂ ਉਹ ਦੋ ਲੱਖ ਲੋਕ ਮਰਨ ਤੋਂ ਬਚ ਗਏ ਹੁੰਦੇ, ਉਹ ਦੁਰਘਟਨਾ ਬਚ ਗਈ ਹੁੰਦੀ।

ਸ਼ਬਦ ਕਦੇ-ਕਦੇ ਬਹੁਤ ਭਿਆਨਕ ਅਤੇ ਖ਼ਤਰਨਾਕ ਸਿੱਧ ਹੁੰਦੇ ਹਨ। ਸਮਾਜ, ਧਰਮ, ਰਾਸ਼ਟਰ, ਮਨੁੱਖਤਾ—ਇਹ ਸ਼ਬਦ ਇੰਨੀ ਵਾਰ ਤੁਸੀਂ ਸੁਣੇ ਹਨ ਕਿ ਤੁਸੀਂ ਇਹ ਭੁੱਲ ਹੀ ਗਏ ਕਿ ਇਹ ਕੋਰੇ ਸ਼ਬਦ ਹਨ, ਇਨ੍ਹਾਂ ਦੇ ਪਿੱਛੇ ਕੋਈ ਵੀ ਨਹੀਂ ਹੈ। ਕਿਥੇ ਹੈ ਮਨੁੱਖਤਾ ? ਮਨੁੱਖ ਹਨ, ਮਨੁੱਖਤਾ ਕਿਤੇ ਵੀ ਨਹੀਂ ਹੈ। ਕਿੱਥੇ ਹਨ ਰਾਸ਼ਟਰ ? ਝੂਠੀਆਂ ਆਦਮੀਆਂ ਦੀਆਂ ਖਿੱਚੀਆਂ ਗਈਆਂ ਹੱਦਾਂ ਹਨ, ਜਿਨ੍ਹਾਂ ਨੂੰ ਨਾ ਤਾਂ ਧਰਤੀ ਸਵੀਕਾਰ ਕਰਦੀ ਹੈ, ਨਾ ਆਕਾਸ਼ ਸਵੀਕਾਰ ਕਰਦਾ ਹੈ। ਕਿੱਥੇ ਆਕਾਸ਼ ਸਮਾਪਤ ਹੁੰਦਾ ਹੈ ਭਾਰਤ ਦਾ ਅਤੇ ਕਿੱਥੇ ਸ਼ੁਰੂ ਹੁੰਦਾ ਹੈ ਚੀਨ ਦਾ ਆਕਾਸ਼ ?

ਲੇਕਿਨ ਰਾਜਨੀਤਕ ਬਿਨਾਂ ਹੱਦਾਂ ਬੰਨ੍ਹਣ ਤੋਂ ਬਗ਼ੈਰ ਨਹੀਂ ਜੀ ਸਕਦਾ। ਰਾਜਨੀਤੀ ਦੀ ਸਾਰੀ ਖੇਡ ਹੱਦ ਦੀ ਹੈ, ਝਗੜਾ ਸਾਰਾ ਸੀਮਾ ਦਾ ਹੈ। ਇਸ ਲਈ ਰਾਜਨੀਤਕ ਸੀਮਾ ਉੱਤੇ ਬਹੁਤ ਜ਼ੋਰ ਦਿੰਦਾ ਹੈ ਕਿ ਹੱਦ ਸਾਫ਼ ਹੋਣੀ ਚਾਹੀਦੀ ਹੈ। ਸੁਨਿਸ਼ਚਿਤ ਹੋਣੀ ਚਾਹੀਦੀ, ਸਾਰੇ ਝਗੜੇ ਦੁਨੀਆਂ 'ਚ ਚੱਲਦੇ

ਹਨ, ਉਹ ਸਾਰੇ ਹੱਦਾਂ ਦੇ ਹਨ ਕਿ ਦੋ ਇੰਚ ਇਸ ਪਾਸੇ ਹੱਦ ਕਿ ਦੋ ਇੰਚ ਉਸ ਪਾਸੇ ਹੱਦ।

ਧਰਮ ਹੈ ਅਸੀਮ। ਰਾਜਨੀਤੀ ਹੈ ਸੀਮਾ ਦਾ ਝਗੜਾ। ਦੋਹਾਂ ਦਾ ਕੋਈ ਤਾਲ-ਮੇਲ ਨਹੀਂ ਹੈ। ਰਾਜਨੀਤੀ ਹੈ ਮਾਯਾ ਦਾ ਹਿੱਸਾ, ਧਰਮ ਹੈ ਹੋਸ਼ ਦਾ ਜਾਗਰਣ ਦਾ, ਦੋਨਾ ਦਾ ਕੋਈ ਤਾਲਮੇਲ ਨਹੀਂ ਹੈ। ਸੌਂ ਕੇ ਤੁਸੀਂ ਜੋ ਸੁਫ਼ਨੇ ਵੇਖਦੇ ਹੋ, ਜਾਗ ਕੇ ਤੁਸੀਂ ਪਾਉਗੇ, ਉਹ ਸੀ ਹੀ ਨਹੀਂ। ਤੁਹਾਨੂੰ ਰਾਸ਼ਟਰ ਵਿਖਾਈ ਪੈਂਦਾ ਹੈ, ਮੈਨੂੰ ਨਹੀਂ ਵਿਖਾਈ ਦਿੰਦਾ। ਜਾਗ ਕੇ ਮੈਂ ਪਾਇਆ ਕਿ ਨਾ ਕੋਈ ਸਮਾਜ ਹੈ, ਨਾ ਕੋਈ ਰਾਸ਼ਟਰ, ਨਾ ਮਨੁੱਖਤਾ ਹੈ, ਆਦਮੀ ਹਨ। ਅਤੇ ਆਦਮੀ ਦੀ ਨਿੱਜਤਾ ਪੂਰੀ ਤਰ੍ਹਾਂ ਪੂਰਣ ਹੈ। ਉਸ ਨੂੰ ਸਮੂਹਾਂ ਵਿਚ ਬੰਨ੍ਹਣ ਦੀ ਕੋਈ ਲੋੜ ਨਹੀਂ। ਜਿਵੇਂ ਹੀ ਅਸੀਂ ਸਮੂਹਾਂ ਵਿਚ ਬੱਝਦੇ ਹਾਂ, ਉਵੇਂ ਹੀ ਅਸੀਂ ਵਿਅਕਤੀ ਦੀ ਹੱਤਿਆ ਕਰ ਦਿੰਦੇ ਹਾਂ। ਸਮੂਹ ਵਿਅਕਤੀ ਦੀ ਆਤਮ-ਹੱਤਿਆ ਉੱਤੇ ਖਲੋਤੇ ਹੁੰਦਾ ਹੈ।

ਮੈਂ ਤਾਂ ਚਾਹਾਂਗਾ ਕਿ ਇਕ ਅਜਿਹਾ ਸੰਸਾਰ, ਜਿੱਥੇ ਮਨੁੱਖ ਤਾਂ ਹੋਣ ਪਰਿਪੂਰਣ ਖ਼ੂਬਸੂਰਤੀ ਵਿਚ ਹੋਣ, ਪੂਰੇ ਖਿੜੇ ਹੋਣ, ਪਰ ਕੋਈ ਸਮਾਜ ਨਾ ਹੋਵੇ, ਕੋਈ ਸੰਪ੍ਰਦਾਏ ਨਾ ਹੋਵੇ, ਕੋਈ ਰਾਸ਼ਟਰ ਨਾ ਹੋਵੇ। ਇਸ ਲਈ ਰਾਜਨੀਤੀ ਦਾ ਖ਼ਾਸ ਕਰ—ਵਿਰੋਧੀ ਹਾਂ। ਇਸ ਰਾਜਨੀਤੀ ਦਾ ਵਿਰੋਧੀ ਹਾਂ, ਉਸ ਦਾ ਵਿਰੋਧੀ ਨਹੀਂ ਹਾਂ—ਅਜਿਹਾ ਨਹੀਂ ਹੈ, ਰਾਜਨੀਤੀ ਮਾਤ੍ਰ ਦਾ ਵਿਰੋਧੀ ਹਾਂ। ਕਿਉਂਕਿ ਰਾਜਨੀਤੀ ਇਸ ਜਗਤ ਦਾ ਸਭ ਤੋਂ ਭ੍ਰਾਂਤ (ਭਰਮ ਵਾਲਾ) ਗੋਰਖਧੰਦਾ ਹੈ। ਅਤੇ ਮਨੁੱਖ ਬਿਨਾਂ ਰਾਜਨੀਤੀ ਦੇ ਬਹੁਤ ਮਜ਼ੇ ਨਾਲ ਰਹਿ ਸਕਦਾ ਹੈ। ਸੱਚ ਤਾਂ ਇਹ ਹੈ ਰਾਜਨੀਤੀ ਦੇ ਕਾਰਨ ਠੀਕ ਤਰ੍ਹਾਂ ਰਹਿ ਨਹੀਂ ਪਾਉਂਦਾ। ਝਗੜੇ ਰਾਜਨੀਤੀ ਖੜੇ ਕਰਦੀ ਰਹਿੰਦੀ ਹੈ।

ਰਾਜਨੀਤਕ ਬਿਨਾਂ ਝਗੜੇ ਤੋਂ ਨਹੀਂ ਜੀ ਸਕਦਾ। ਬਿਨਾਂ ਯੁੱਧ ਦੇ ਰਾਜਨੀਤਕ ਦਾ ਕੀ ਮੁੱਲ ਹੈ ? ਜੇਕਰ ਕਿਤੇ ਕੋਈ ਉਪੱਦਰ ਨਾ ਹੁੰਦਾ ਹੋਵੇ ਤਾਂ ਰਾਜਨੀਤਕ ਦਾ ਕੀ ਮੁੱਲ ਹੈ, ਕੀ ਵਰਤੋਂ ਹੈ ? ਜੇਕਰ ਲੋਕ ਸ਼ਾਂਤ ਹੋਣ, ਆਨੰਦ ਨਾਲ ਜੀਉਂਦੇ ਹੋਣ, ਤਾਂ ਰਾਜਨੀਤਕ ਡਿੱਗ ਪਏਗਾ, ਆਪਣੇ ਮਾਣ-ਸਨਮਾਨ ਤੋਂ। ਜੇਕਰ ਲੋਕ ਪਰਮ ਆਨੰਦਿਤ ਹੋਣ ਤਾਂ ਰਾਜਨੀਤੀ ਨੂੰ ਲੋਕ ਭੁੱਲ ਹੀ ਜਾਣਗੇ, ਰਾਜਨੀਤਕ ਨੂੰ ਲੋਕ ਭੁੱਲ ਹੀ ਜਾਣਗੇ। ਤਾਂ ਰਾਜਨੀਤਕ ਕੋਸ਼ਿਸ਼ ਕਰਦਾ ਹੈ, ਸੀਮਾਵਾਂ ਦੇ ਝਗੜੇ ਬਣੇ ਰਹਿਣ, ਸਦਾ ਸੰਕਟ ਦੀ ਹਾਲਤ ਬਣੀ ਰਹੇ, ਸਦਾ ਲੋਕ ਡਰੇ ਰਹਿਣ, ਘਾਬਰੇ ਰਹਿਣ। ਜਦ ਲੋਕ ਡਰੇ ਹੋਏ ਹੁੰਦੇ ਹਨ ਤਦ ਹੀ ਨੇਤਾ ਦੇ ਪਿੱਛੇ ਟੁਰਦੇ ਹਨ। ਜਦ ਲੋਕ ਨਿਡਰ ਹੁੰਦੇ ਹਨ, ਕੌਣ ਕਿਸ

ਨੇਤਾ ਦੀ ਫ਼ਿਕਰ ਕਰਦਾ ਹੈ ? ਇਸ ਲਈ ਹਰ ਨੇਤਾ, ਹਰ ਰਾਸ਼ਟਰ ਨੂੰ ਡਰਵਾਈ ਰੱਖਦਾ ਹੈ—ਖ਼ਤਰਾ ਹੈ! ਪਾਕਿਸਤਾਨ ਕਹਿੰਦਾ ਹੈ ਹਿੰਦੁਸਤਾਨ ਤੋਂ ਖ਼ਤਰਾ ਹੈ, ਹਿੰਦੁਸਤਾਨ ਕਹਿੰਦਾ ਹੈ, ਪਾਕਿਸਤਾਨ ਤੋਂ ਖ਼ਤਰਾ ਹੈ। ਇਹ ਸਾਰੇ ਮੌਸੇਰੇ-ਚਚੇਰੇ ਭਰਾ-ਭੈਣ ਹਨ। ਇਹ ਦੋਵੇਂ ਇਕ ਦੂਜੇ ਦੇ ਸਹਾਰ ਜੀਉਂਦੇ ਹਨ। ਪਾਕਿਸਤਾਨ ਵਿਚ ਉਹ ਚੀਖ਼ ਪੈਂਦੇ ਹਨ ਬਾਘ ਆਇਆ! ਨੇਤਾ ਦੇ ਪਿੱਛੇ ਲੋਕ ਲਾਈਨ ਬੰਨ੍ਹ ਕੇ ਖੜੇ ਹੋ ਜਾਂਦੇ ਹਨ ਕਿਉਂਕਿ ਖ਼ਤਰਾ ਹੈ। ਇਥੇ ਚੀਖ਼ ਕੇ ਕਹਿ ਦਿਓ ਕਿ ਭੇੜੀਆ ਆਇਆ, ਲੋਕ ਲਾਈਨ ਬਣਾ ਕੇ ਖੜੇ ਹੋ ਜਾਂਦੇ ਹਨ। ਅਤੇ ਜਦ ਵੀ ਵੇਖਦਾ ਹੈ ਨੇਤਾ ਕਿ ਹੁਣ ਲੋਕ ਨਿਸ਼ਚਿੰਤ ਹੋਈ ਜਾ ਰਹੇ ਹਨ, ਹੁਣ ਮੇਰੀ ਫ਼ਿਕਰ ਨਹੀਂ ਕਰਦੇ, ਹੁਣ ਲੋਕ ਆਪਣੇ ਕੰਮਾਂ 'ਚ ਲੱਗ ਗਏ ਹਨ, ਹੁਣ ਮੇਰੇ ਵੱਲ ਉਨ੍ਹਾਂ ਦਾ ਧਿਆਨ ਨਹੀਂ—ਤਦ ਹੀ ਉਹ ਚੀਖ਼ ਪੈਂਦਾ ਹੈ, ਭੇੜੀਆ ਆਇਆ!

ਹੋਰ ਕਿੰਨੀ ਵਾਰੀ ਰਾਜਨੀਤਕ ਚੀਖ਼ਦੇ ਹਨ ਪੂਰੇ ਇਤਿਹਾਸ ਵਿਚ। ਸਾਡੀ ਨੀਂਦ ਅਨੋਖੀ ਹੈ। ਸਾਧਾਰਣ ਨੀਂਦ ਨਹੀਂ ਹੋਏਗੀ; ਬੇਹੋਸ਼ੀ ਹੈ, ਟੁੱਟਦੀ ਹੀ ਨਹੀਂ। ਮਨੁੱਖ ਜਾਤੀ ਤੇ ਤਿੰਨ ਹਜ਼ਾਰ ਸਾਲਾਂ ਦੇ ਇਤਿਹਾਸ ਵਿਚ ਲਗਾਤਾਰ ਯੁੱਧ ਹੁੰਦਾ ਰਿਹਾ ਹੈ। ਕਿਤੇ ਨਾ ਕਿਤੇ ਧਰਤੀ ਦੇ ਕਿਸੇ ਨਾ ਕਿਸੇ ਕੋਨੇ 'ਤੇ ਯੁੱਧ ਜਾਰੀ ਹੈ। ਆਦਮੀ ਵੱਢਿਆ ਜਾ ਰਿਹਾ ਹੈ। ਰਾਜਨੀਤੀ ਦਾ ਦੇਵਤਾ ਬਹੁਤ ਬਲੀਦਾਨ ਮੰਗਦਾ ਹੈ। ਉਹ ਨਰ ਮੇਘ-ਯੱਗ ਹੈ। ਰਾਜਧਾਨੀਆਂ ਖ਼ੂਨਾਂ ਉੱਤੇ ਬਣੀਆਂ ਹਨ, ਖ਼ੂਨ ਦੀਆਂ ਧਾਰਾਵਾਂ ਉੱਤੇ ਬਣੀਆਂ ਹਨ। ਰਾਜਧਾਨੀਆਂ ਦੇ ਪੱਥਰ-ਪੱਥਰ ਵਿਚ ਪਤਾ ਨਹੀਂ ਕਿੰਨੇ ਲੋਕਾਂ ਦੇ ਖ਼ੂਨ ਦੇ ਦਾਗ਼ ਹਨ।

ਲੇਕਿਨ, ਸਾਨੂੰ ਵਿਖਾਈ ਨਹੀਂ ਪੈਂਦਾ। ਅਤੇ ਵਿਖਾਈ ਸਾਨੂੰ ਨਹੀਂ ਦਿੰਦਾ, ਕਿਉਂਕਿ ਬਚਪਨ ਤੋਂ ਸਾਨੂੰ ਸੰਸਕਾਰਿਤ ਕੀਤਾ ਜਾਂਦਾ ਹੈ ਕਿ ਤੁਸੀਂ ਕਿਸੇ ਸਮਾਜ ਦੇ ਹਿੱਸੇ ਹੋ। ਤੁਹਾਨੂੰ ਇਹ ਕਦੇ ਨਹੀਂ ਕਿਹਾ ਗਿਆ ਕਿ ਤੁਹਾਡੀ ਆਪਣੀ ਕੋਈ ਨਿੱਜੀ ਗਰਿਮਾ ਹੈ। ਤੁਹਾਨੂੰ ਇਹ ਹੀ ਕਿਹਾ ਗਿਆ ਤੁਸੀਂ ਸਮਾਜ ਦੇ ਹਿੱਸੇ ਹੋ: ਜਦ ਸਮਾਜ ਨੂੰ ਲੋੜ ਹੋਵੇ, ਤੁਸੀਂ ਬਲੀ ਦੇ ਬੱਕਰੇ ਬਣ ਜਾਣਾ। ਤੁਹਾਡੀ ਵਰਤੋਂ ਇਹ ਹੀ ਹੈ।

ਮੈਂ ਹਿਟਲਰ ਦਾ ਜੀਵਨ ਪੜ੍ਹਦਾ ਸੀ ਕੁਝ ਦਿਨ ਪਹਿਲਾਂ। ਜਦ ਜਰਮਨ ਸੈਨਾਵਾਂ ਕੱਟੀਆਂ ਜਾਣ ਲੱਗੀਆਂ ਅਤੇ ਯੁੱਧ ਹਾਰਨ ਦੇ ਵੱਲ ਮੁੜਨ ਲੱਗਾ, ਜਰਮਨੀ ਮੌਤ ਅਤੇ ਹਾਰ ਦੇ ਵੱਲ ਵਧਣ ਲੱਗਾ ਅਤੇ ਖ਼ਬਰਾਂ ਪੁੱਜਣ ਲੱਗੀਆਂ ਕਿ ਜਰਮਨ ਨੌਜਵਾਨ ਬੁਰੀ ਤਰ੍ਹਾਂ ਵੱਢੇ ਜਾ ਰਹੇ ਹਨ—ਤਾਂ ਹਿਟਲਰ ਨੂੰ ਜਾ ਕੇ ਹਿਟਲਰ ਦੇ ਪ੍ਰਮੁੱਖ ਨੇ ਖ਼ਬਰ ਦਿੱਤੀ ਕਿ ਕੁਝ ਕਰਨਾ ਹੋਏਗਾ, ਨੌਜਵਾਨ

ਬੁਰੀ ਤਰ੍ਹਾਂ ਵੱਢੇ ਜਾ ਰਹੇ ਹਨ। ਜਰਮਨ ਨੌਜਵਾਨ, ਜਿਨ੍ਹਾਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਵੇਂ ਘਾਸ-ਪਾਤ ਕੱਟਿਆ ਜਾ ਰਿਹਾ ਹੋਵੇ। ਹਿਟਲਰ ਨੇ ਸਿਰ ਉੱਤਰ ਚੁੱਕਿਆ ਅਤੇ ਕਿਹਾ: ਨੌਜਵਾਨ ਹੋਰ ਕਿਸ ਲਈ ਹਨ? ਨੌਜਵਾਨਾਂ ਦੀ ਹੋਰ ਵਰਤੋਂ ਕੀ ਹੈ?

ਹਿਟਲਰ ਇਮਾਨਦਾਰ ਰਾਜਨੀਤਕ ਹੈ, ਦੂਜਾ ਰਾਜਨੀਤਕ ਏਨਾ ਇਮਾਨਦਾਰ ਨਹੀਂ ਹੋਏਗਾ; ਕਿਉਂਕਿ ਹਿਟਲਰ ਬਿਲਕੁਲ ਪਾਗ਼ਲ ਹੈ, ਪਰ ਸਾਰੇ ਰਾਜਨੀਤਕ ਇਹ ਹੀ ਜਾਣਦੇ ਹਨ ਕਿ ਜੁਆਨ ਦੀ ਹੋਰ ਵਰਤੋਂ ਕੀ ਹੈ; ਉਸ ਦੀ ਵਰਤੋਂ ਹੈ ਕਿ ਮੇਰੇ ਦੇਸ਼ ਲਈ, ਰਾਸ਼ਟਰ ਲਈ।

ਜੀਉਣ ਲਈ ਤੁਸੀਂ ਪੈਦਾ ਨਹੀਂ ਹੋਏ ਹੋ, ਕਿੰਨੀ ਸ਼ੂਦਰ ਗੱਲਾਂ ਲਈਂ ਲੜਨ ਲਈ ਤੁਸੀਂ ਪੈਦਾ ਹੋਏ ਹੋ। ਹੋਰ ਨਿੱਕੀਆਂ ਨਿੱਕੀਆਂ ਗੱਲਾਂ ਹਨ ਕਿ ਤੁਸੀਂ ਹੈਰਾਨ ਹੋਵੋਗੇ, ਜਿਨ੍ਹਾਂ ਲਈ ਆਦਮੀ ਲੜਾਇਆ ਜਾ ਸਕਦਾ ਹੈ। ਅਤੇ ਆਦਮੀ ਨੂੰ ਹੋਸ਼ ਨਹੀਂ ਆਉਂਦਾ। ਨਾਮ, ਕੋਰੇ ਨਾਮ.....ਭਾਰਤ ਭੂਮੀ ਸੰਕਟ ਵਿਚ ਹੈ! ਉਨੀ ਸੌ ਸੰਤਾਲੀ ਦੇ ਪਹਿਲਾਂ ਜੇਕਰ ਕਰਾਚੀ ਸੰਕਟ ਵਿਚ ਹੁੰਦਾ ਤਾਂ ਤੁਸੀਂ ਮਰਦੇ; ਹੁਣ ਜੇਕਰ ਸੰਕਟ ਵਿਚ ਹੋਏਗਾ, ਤੁਸੀਂ ਨਹੀਂ ਮਰੋਗੇ—ਹੁਣ ਉਹ ਭਾਰਤ-ਭੂਮੀ ਨਹੀਂ ਹੈ। ਭੂਮੀ ਉਥੇ ਦੀ ਉਥੇ ਹੈ; ਲੇਕਿਨ ਹੁਣ ਜੇਕਰ ਕਰਾਚੀ ਸੰਕਟ ਵਿਚ ਹੋਏਗਾ ਤਾਂ ਤੁਸੀਂ ਖ਼ੁਸ਼ ਹੋਵੋਗੇ, ਤੁਸੀਂ ਜਸ਼ਨ ਮਨਾਉਗੇ। ਉਨੀ ਸੌ ਸੰਤਾਲੀ ਦੇ ਪਹਿਲਾਂ ਜੇਕਰ ਪੂਨਾ ਨਸ਼ਟ ਹੁੰਦਾ ਤਾਂ ਕਰਾਚੀ ਦੇ ਲੋਕ ਦੁਖੀ ਹੁੰਦੇ; ਹੁਣ ਜੇਕਰ ਪੂਨਾ ਨਸ਼ਟ ਹੋਏਗਾ, ਕਰਾਚੀ ਦੇ ਲੋਕ ਮਿਠਾਈ ਵੰਡਣਗੇ, ਪਤਾਸੇ ਵੰਡਣਗੇ ਕਿ ਚੰਗਾ ਹੋਇਆ।

ਉਨੀ ਸੌ ਸੰਤਾਲੀ ਦੇ ਪਹਿਲਾਂ ਤੁਸੀਂ ਇਕ ਸੀ, ਸੰਤਾਲੀ ਨੇ ਇਕ ਲਕੀਰ ਖਿੱਚ ਦਿੱਤੀ। ਅਤੇ ਇਹ ਲਕੀਰਾਂ ਛੋਟੀਆਂ ਹੁੰਦੀਆਂ ਚਲੀਆਂ ਜਾਂਦੀਆਂ ਹਨ। ਅਜਿਹਾ ਨਹੀਂ ਹੈ ਕਿ ਹਿੰਦੂ ਅਤੇ ਮੁਸਲਮਾਨ ਹੀ ਲੜਦੇ ਹਨ—ਗੁਜਰਾਤੀ, ਮਰਾਠੀ ਵੀ ਲੜਦੇ ਹਨ। ਹਿੰਦੀ, ਗ਼ੈਰ-ਹਿੰਦੀ ਲੜਦੇ ਹਨ। ਲੜਨ ਦਾ ਮਾਮਲਾ ਅਜਿਹਾ ਹੈ ਕਿ ਨਿੱਕੀਆਂ-ਨਿੱਕੀਆਂ ਹੱਦਾਂ ਬਣਾਉਣੀਆਂ ਪੈਂਦੀਆਂ ਹਨ; ਕਿਉਂਕਿ ਛੋਟੇ-ਛੋਟੇ ਰਾਜਨੀਤਕ ਹਨ, ਉਨ੍ਹਾਂ ਨੂੰ ਵੀ ਤਾਂ ਲੜਾਈ ਲਈ ਕੋਈ ਉਪਾਇ ਚਾਹੀਦਾ। ਨਰਮਦਾ ਦੇ ਪਾਣੀ ਲਈ ਲੜਦੇ ਹਨ ਕਿ ਉਹ ਗੁਜਰਾਤ ਦਾ ਹੈ ਕਿ ਮੱਧ ਪ੍ਰਦੇਸ਼ ਦਾ। ਤੁਹਾਨੂੰ ਹਾਸਾ ਆਏਗਾ ਕਿ ਇਹ ਕੀ ਪਾਗ਼ਲਪਨ ਹੈ! ਕੋਈ ਇਕ ਛੋਟਾ ਜ਼ਿਲ੍ਹਾ ਮਹਾਰਾਸ਼ਟਰ ਵਿਚ ਰਹੇ ਕਿ ਮੈਸੂਰ ਵਿਚ ਜਾਏ, ਉਸ ਇਸ ਲਈ ਲੜਦੇ ਹਨ, ਛੁਰੇਬਾਜ਼ੀ ਹੋ ਜਾਂਦੀ ਹੈ। ਤੁਹਾਨੂੰ ਥੋੜ੍ਹਾ ਹੈਰਾਨ

ਹੋਣਾ ਪਏਗਾ ਕਿ ਇਹ ਤਾਂ ਘੱਟੋ-ਘੱਟ ਇਕ ਹੀ ਮੁਲਕ ਹੈ, ਇਸ ਦੇ ਅੰਦਰ ਕਿਉਂ ਝਗੜਾ ਹੈ?

ਰਾਜਨੀਤਕ ਜੀ ਹੀ ਨਹੀਂ ਸਕਦਾ ਬਿਨਾਂ ਝਗੜੇ ਤੋਂ। ਵੱਡੇ ਰਾਜਨੀਤਕ ਵੱਡੇ ਝਗੜਿਆਂ 'ਤੇ ਜੀਉਂਦੇ ਹਨ; ਉਹ ਕਹਿੰਦੇ ਹਨ, ਹਿੰਦੁਸਤਾਨ, ਪਾਕਿਸਤਾਨ ਦਾ ਝਗੜਾ ਹੈ। ਅਤੇ ਛੋਟਾ ਰਾਜਨੀਤਕ ਹੈ ਉਹ ਕਹਿੰਦਾ ਹੈ, ਮੈਸੂਰ ਅਤੇ ਮਹਾਰਾਸ਼ਟਰ ਦਾ ਝਗੜਾ ਹੈ। ਫਿਰ ਮੈਸੂਰ ਵਿਚ ਵੀ ਛੋਟੇ ਰਾਜਨੀਤਕ ਹਨ, ਇਕ ਜ਼ਿਲ੍ਹੇ ਦੇ ਦੂਜੇ ਜ਼ਿਲ੍ਹੇ ਨਾਲ ਝਗੜੇ ਹਨ ਕਿ ਯੂਨੀਵਰਸਿਟੀ ਇਸ ਜ਼ਿਲ੍ਹੇ 'ਚ ਬਣੇ ਕਿ ਉਸ ਜ਼ਿਲ੍ਹੇ 'ਚ ਬਣੇ, ਕਾਰਖ਼ਾਨਾ ਇਸ ਪਿੰਡ ਚ ਖੁੱਲ੍ਹੇ ਕਿ ਉਸ ਪਿੰਡ 'ਚ ਖੁੱਲ੍ਹੇ! ਫਿਰ ਪਿੰਡ, ਪਿੰਡ ਦੇ ਰਾਜਨੀਤਕ ਹਨ। ਛੋਟੇ ਰਾਜਨੀਤਕ ਚਾਹੁੰਦੇ ਹਨ, ਛੋਟੇ-ਛੋਟੇ ਪ੍ਰਾਂਤ ਹੋਣ, ਉਨੇ ਜ਼ਿਆਦਾ ਚੀਫ਼ ਮਨਿਸਟਰ ਹੋਣਗੇ, ਉਨੇ ਮਨਿਸਟਰ ਹੋਣਗੇ। ਵੱਡਾ ਰਾਜਨੀਤਕ ਚਾਹੁੰਦਾ ਹੈ ਪ੍ਰਾਂਤ ਨਾ ਵੰਡੇ ਜਾਣ, ਕਿਉਂਕਿ ਜਿੰਨਾ ਵੰਡਿਆ ਜਾਂਦਾ ਹੈ, ਓਨੀ ਉਸ ਦੀ ਸੱਤਾ ਵੰਡੀ ਜਾਂਦੀ ਹੈ। ਛੋਟਾ ਰਾਜਨੀਤਕ ਚਾਹੁੰਦਾ ਹੈ ਵੰਡ ਹੋ ਜਾਏ, ਤਾਂਕਿ ਮੇਰੇ ਹੱਥ ਵੀ ਕੁਝ ਲੱਗ ਜਾਏ। ਜੇਕਰ ਹਿੰਦੁਸਤਾਨ ਛੋਟੇ-ਛੋਟੇ ਟੁਕੜਿਆਂ ਵਿਚ ਹੋਵੇ ਤਾਂ ਸੈਂਕੜੇ ਚੀਫ਼ ਮਨਿਸਟਰ ਹਨ, ਗਵਰਨਰ ਹਨ—ਛੋਟੇ-ਛੋਟੇ ਲੋਕਾਂ ਨੂੰ ਮਜ਼ਾ ਆ ਜਾਏ। ਲੇਕਿਨ ਉਪਰ ਦੇ ਰਾਜਨੀਤਕ ਦੀ ਸੱਤਾ ਕੱਟਦੀ ਹੈ, ਉਹ ਚਾਹੁੰਦਾ ਹੈ ਕਿ ਮੁਲਕ ਇਕੱਠਾ ਹੋਵੇ। ਲੇਕਿ ਸਾਰੀ ਖੇਡ ਇਸ ਗੱਲ ਦੀ ਹੈ ਕਿ ਮੇਰੀ ਸੱਤਾ ਕਾਇਮ ਹੋਵੇ। ਫਿਰ ਉਹ ਚੰਗੇ-ਚੰਗੇ ਸ਼ਬਦਾਂ ਦੀ ਵਰਤੋਂ ਕਰਦੇ ਹਨ: ਦੇਸ਼-ਪ੍ਰੇਮ, ਰਾਸ਼ਟਰ, ਸਮਾਜ, ਧਰਮ, ਇਤਿਹਾਸ, ਅਤੀਤ, ਪਰੰਪਰਾ—ਬਹੁਤ ਅੱਛੇ ਸ਼ਬਦ ਹਨ, ਅਤੇ ਸਾਰੇ ਥੋਥੇ ਹਨ, ਜਿਨ੍ਹਾਂ ਦੇ ਅੰਦਰ ਤੁਸੀਂ ਜ਼ਰਾ ਵੀ ਕੁਝ ਨਹੀਂ ਪਾਉਗੇ; ਨਿਚੋੜੋਗੇ, ਕੁਝ ਵੀ ਹੱਥ ਨਹੀਂ ਲੱਗੇਗਾ। ਘਾਸ-ਪਾਤ! ਅਤੇ ਇਨ੍ਹਾਂ ਦੇ ਨਾਮ ਉੱਤੇ ਜੀਉਂਦਾ ਆਦਮੀ ਬਲੀਦਾਨ ਕੀਤਾ ਜਾਂਦਾ ਹੈ।

ਨਾ, ਮੇਰੀ ਕੋਈ ਕੋਸ਼ਿਸ਼, ਕੋਈ ਰੱਤੀ ਭਰ ਵੀ ਉਤਸੁਕਤਾ ਰਾਜਨੀਤੀ ਵਿਚ ਨਹੀਂ ਹੈ। ਜੇਕਰ ਮੈਂ ਕਦੇ ਕੁਝ ਬੋਲਦਾ ਵੀ ਹਾਂ ਉਹ ਖ਼ਾਲੀ ਵਿਅੰਗ ਹੈ, ਉਹ ਕੇਵਲ ਮਜ਼ਾਕ ਹੈ। ਉਸ ਵਿਚ ਵੀ ਰਾਜਨੀਤਕ ਨੂੰ ਕੋਈ ਨੀਵਾਂ ਵਿਖਾਉਣ ਦੀ ਕੋਸ਼ਿਸ਼ ਨਹੀਂ, ਕਿਉਂਕਿ ਮੇਰੀ ਓਨੀ ਵੀ ਉਤਸੁਕਤਾ ਨਹੀਂ ਹੈ। ਜੇਕਰ ਮੈਂ ਕਦੇ ਰਾਜਨੀਤਕ ਨੂੰ ਵਿਅੰਗ ਵੀ ਕਰਦਾ ਹਾਂ ਅਤੇ ਰਾਜਧਾਨੀਆਂ ਦਾ ਮਜ਼ਾਕ ਵੀ ਕਰਦਾ ਹਾਂ, ਤਾਂ ਸਿਰਫ਼ ਤੁਹਾਨੂੰ ਸਮਝਾਉਣ ਲਈ ਕਿ ਤੁਸੀਂ ਇਸ ਪਾਗਲਪਨ 'ਚ ਨਾ ਪੈਣਾ। ਰਾਜਨੀਤਕ ਨੂੰ ਨੀਵਾਂ ਦਿਖਾਉਣ ਦਾ ਮੇਰਾ ਕੋਈ ਮਨ ਨਹੀਂ, ਕਿਉਂਕਿ ਇਸ ਤੋਂ ਹੇਠਾਂ ਉਹ ਹੋਰ ਹੋ ਵੀ ਨਹੀਂ ਸਕਦਾ। ਉਸ ਨੂੰ ਨੀਵਾਂ ਦਿਖਾਉਣ

ਦਾ ਕੋਈ ਸਾਰ ਵੀ ਨਹੀਂ ਹੈ। ਉਹ ਆਖ਼ਰੀ ਗ਼ਰਤ ਵਿਚ ਪਿਆ ਹੈ; ਉਸ ਤੋਂ ਹੋਰ ਨੀਵਾਂ ਕੋਈ ਖੱਡਾ ਹੁੰਦਾ ਵੀ ਨਹੀਂ, ਜਿਸ ਵਿਚ ਉਸ ਨੂੰ ਧੱਕਿਆ ਜਾ ਸਕੇ। ਉਸ ਉੱਤੇ ਦਇਆ ਆਉਂਦੀ ਹੈ। ਉਸ ਨੂੰ ਹੋਰ ਧਕਾਉਣ ਦਾ ਕੀ ਉਪਾਇ ਹੈ ? ਉਸ ਦੀ ਮੈਂ ਗੱਲ ਵੀ ਨਹੀਂ ਕਰ ਰਿਹਾ ਹਾਂ।

ਮੈਂ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ ਕਿ ਤੁਹਾਡੇ ਅੰਦਰ ਵੀ ਰਾਜਨੀਤੀ ਦਾ ਸੁਰ ਵੱਜ ਸਕਦਾ ਹੈ; ਕਿਉਂਕਿ ਉਹ ਸਾਰੇ ਹੰਕਾਰਾਂ ਦੇ ਅੰਦਰ ਲੁਕਿਆ ਹੈ। ਜਦ ਤਕ ਹੰਕਾਰ ਹੈ ਤਦ ਤਕ ਤੁਸੀਂ ਕਿਸੇ ਨਾ ਕਿਸੇ ਤਰ੍ਹਾਂ ਦੀ ਰਾਜਨੀਤੀ ਦੀ ਖੇਡ ਵਿਚ ਲੱਗੇ ਰਹੋਗੇ। ਹੰਕਾਰ ਹੀ ਡਿੱਗ ਪਵੇ ਤਾਂ ਹੀ ਰਾਜਨੀਤੀ ਡਿੱਗਦੀ ਹੈ।

ਸੋ ਮੇਰਾ ਤਾਂ ਸਾਰਾ ਉਪਾਇ ਇੰਨਾ ਹੈ ਕਿ ਤੁਹਾਡੇ ਅੰਦਰ ਰਾਜਨੀਤੀ ਨਾ ਰਹੇ, ਤਦ ਹੀ ਤੁਹਾਡੇ ਅੰਦਰ ਧਰਮ ਦਾ ਜਨਮ ਹੋਏਗਾ। ਧਰਮ ਅਤੇ ਰਾਜਨੀਤੀ ਦਾ ਕਿਤੇ ਮਿਲਣਾ ਨਹੀਂ ਹੁੰਦਾ। ਹੋਰ ਜੇਕਰ ਕਿਤੇ ਤੁਸੀਂ ਉਸ ਨੂੰ ਮਿਲਦਾ ਵੇਖੋ ਤਾਂ ਤੁਸੀਂ ਪਾਉਗੇ ਕਿ ਰਾਜਨੀਤੀ ਜਿੱਤ ਜਾਏਗੀ, ਧਰਮ ਹਾਰ ਜਾਏਗਾ।

ਇਸ ਨੂੰ ਤੁਸੀਂ ਥੋੜ੍ਹਾ ਸਮਝ ਲਓ। ਜਦ ਵੀ ਇਕ ਉੱਤਮ ਚੀਜ਼ ਅਤੇ ਇਕ ਨਿਖਿੱਧ ਚੀਜ਼ ਵਿਚ ਸਮਝੌਤਾ ਹੁੰਦਾ ਹੈ ਤਾਂ ਨਿਖਿੱਧ ਜਿੱਤ ਜਾਂਦਾ ਹੈ। ਉੱਤਮ ਹਾਰ ਜਾਂਦਾ ਹੈ। ਸਾਰੇ ਸਮਝੌਤਿਆਂ ਵਿਚ ਨਿਖਿੱਧ ਜਿੱਤਦਾ ਹੈ। ਇਸ ਦੇ ਕਾਰਨ ਹਨ।

ਸਮਝੋ ਕਿ ਤੁਹਾਡੇ ਕੋਲ ਦੁੱਧ ਰੱਖਿਆ ਹੈ, ਮਟਕੀ ਭਰੀ ਦੁੱਧ ਦੀ ਹੈ। ਇਸ ਵਿਚ ਕੀ ਮਟਕੀ ਭਰ ਗੋਬਰ ਪਾਉਗੇ ਤਾਂ ਖ਼ਰਾਬ ਹੋਏਗਾ ? ਇਸ ਵਿਚ ਇਕ ਬੂੰਦ ਗੋਬਰ ਟਪਕਾਉਣ ਨਾਲ ਖ਼ਰਾਬ ਹੋ ਜਾਏਗਾ। ਮਟਕੀ ਭਰ ਗੋਬਰ ਰੱਖਿਆ ਹੈ, ਉਸ ਵਿਚ ਕੀ ਤੁਸੀਂ ਇਕ ਬੂੰਦ ਦੁੱਧ ਪਾ ਦਿਉਗੇ ਤਾਂ ਉਹ ਸ਼ੁੱਧ ਹੋ ਜਾਏਗਾ ? ਇਸ ਵਿਚ ਤੁਸੀਂ ਸਾਗਰ ਵੀ ਲੈ ਆਓ ਦੁੱਧ ਦਾ ਪਾਉਣ ਲਈ ਤਾਂ ਵੀ ਸ਼ੁੱਧ ਨਹੀਂ ਕਰ ਪਾਉਗੇ। ਇਕ ਬੂੰਦ ਜ਼ਹਿਰ ਦੀ ਸਭ ਨਸ਼ਟ ਕਰ ਦਿੰਦੀ ਹੈ।

ਤਾਂ ਜਦ ਵੀ ਤੁਸੀਂ ਰਾਜਨੀਤੀ ਅਤੇ ਧਰਮ ਵਿਚ ਸਮਝੌਤਾ ਹੁੰਦਾ ਵੇਖੋ, ਤੁਸੀਂ ਪਾਉਗੇ ਧਰਮ ਹਾਰ ਗਿਆ। ਫਿਰ ਉੱਥੇ ਧਰਮ ਧੋਖਾ ਹੋਏਗਾ। ਫਿਰ ਉਹ ਨਾਂ-ਮਾਤਰ ਨੂੰ ਰਹਿ ਜਾਏਗਾ। ਇਹ ਰਾਜਨੀਤੀ ਧਰਮ ਦਾ ਵੀ ਸ਼ੋਸ਼ਣ (ਨਾਸ਼ ਕਰਨਾ) ਕਰੇਗੀ। ਇਥੇ ਤਰ੍ਹਾਂ ਹੋਇਆ ਹੈ। ਜਿਸ ਨੂੰ ਤੁਸੀਂ ਧਰਮ ਕਹਿੰਦੇ ਹੋ—ਹਿੰਦੂ, ਮੁਸਲਮਾਨ, ਸਿੱਖ, ਇਸਾਈ—ਸਭ ਰਾਜਨੀਤੀ ਦੇ ਸ਼ਿਕਾਰ ਹੋ ਗਏ, ਸਭ ਰਾਜਨੀਤੀ ਦੇ ਪਿੱਛੇ ਟੁਰਨ ਲੱਗੇ। ਕਿਉਂਕਿ ਰਾਜਨੀਤੀ ਨੇ ਕਿਹਾ ਕਿ ਅਸੀਂ ਤੁਹਾਨੂੰ ਤਾਕਤ ਦਿਆਂਗੇ— ਤੁਹਾਡੇ ਮੰਦਿਰ ਵੱਡੇ ਹੋ ਜਾਣਗੇ, ਤੁਹਾਡੀ

ਮਸਜਿਦ ਵਿਚ ਸੋਨਾ ਚੜ੍ਹਵਾ ਦਿਆਂਗੇ, ਧਰਮ ਗੁਰੂ ਦਾ ਸਿੰਘਾਸਣ ਵੱਡਾ ਉੱਚਾ ਹੋਏਗਾ।

ਰਾਜਨੀਤੀ ਧਰਮ ਦੇ ਮੋਢੇ 'ਤੇ ਸਵਾਰ ਹੋਣਾ ਚਾਹੁੰਦੀ ਸੀ, ਸੋ ਰਾਜਨੀਤੀ ਨੇ ਕਿਹਾ ਕਿ ਤੁਸੀਂ ਮਹਾਨ ਹੋ। ਵੱਡੇ ਤੋਂ ਵੱਡਾ ਰਾਜਨੀਤਕ ਵੀ ਜਾਂਦਾ ਹੈ ਤਾਂ ਸੰਤਾਂ ਦੇ ਚਰਨ ਛੂਹ ਆਉਂਦਾ ਹੈ। ਤੁਸੀਂ ਇਹ ਨਾ ਸੋਚਣਾ ਕਿ ਉਹ ਸੰਤਾਂ ਦੇ ਚਰਨ ਛੂੰਹਦਾ ਹੈ। ਸੰਤਾਂ ਤੋਂ ਉਸ ਨੂੰ ਕੀ ਲੈਣਾ-ਦੇਣਾ? ਕਿਉਂਕਿ ਜਿਸ ਨੂੰ ਸੰਤਾਂ ਦੇ ਚਰਨ ਛੂਹਣੇ ਹੁੰਦੇ, ਉਹ ਖ਼ੁਦ ਹੀ ਸੰਤ ਹੋ ਸਕਦਾ ਸੀ। ਸੰਤਾਂ ਦੇ ਚਰਨ ਛੂਹਣ ਜਾਂਦਾ ਹੈ—ਕਈ ਕਾਰਨਾਂ ਨਾਲ। ਇਕ ਕਿ ਆਸ਼ੀਰਵਾਦ ਮਿਲ ਜਾਏ, ਉਸ ਦੇ ਪਾਗਲਪਨ ਲਈ ਕਿ ਉਹ ਜੋ ਕਰ ਰਿਹਾ ਹੈ, ਜਿਹੜੀ ਦੀਵਾਨਗੀ ਹੈ ਉਸ ਦੇ ਮਨ 'ਚ ਉੱਚੀਆਂ ਇੱਛਾਵਾਂ ਦੀ, ਉਹ ਪੂਰੀਆਂ ਹੋ ਜਾਣ। ਸ਼ਾਇਦ ਸੰਤਾਂ ਦੇ ਆਸ਼ਰੀਵਾਦ ਨਾਲ ਸਹਾਰਾ ਮਿਲੇ। ਦੂਜਾ ਉਹ ਜਾਂਦਾ ਹੈ ਪੈਰ ਛੂਹਣ ਕਿ ਸੰਤਾਂ ਦੇ ਆਲੇ-ਦੁਆਲੇ ਜੋ ਭੀੜ ਲੋਕਾਂ ਦੀ, ਉਹ ਦੇਖ ਲਵੇ ਕਿ ਇਹ ਰਾਜਨੀਤਕ ਕਿੰਨਾ ਧਾਰਮਿਕ ਹੈ, ਕਿਉਂਕਿ ਇਸ ਭੀੜ ਦੇ ਹੀ ਵੋਟ ਉਸ ਨੂੰ ਰਾਜਨੀਤੀ ਵਿਚ ਚਾਹੀਦੇ।

ਸੋ, ਰਾਜਨੀਤਕ ਮੰਦਿਰਾਂ ਵਿਚ ਵੀ ਜਾਂਦਾ ਹੈ, ਮਸਜਿਦਾਂ ਵਿਚ ਵੀ ਜਾਂਦਾ ਹੈ, ਗੁਰੂਆਂ ਦੇ ਕੋਲ ਵੀ ਜਾਂਦਾ ਹੈ, ਪੈਰ ਛੂਹ ਕੇ ਝੁਕਦਾ ਹੈ ਕਿ ਲੋਕ ਵੇਖ ਲੈਣ, ਤਸਵੀਰਾਂ ਖਿੱਚ ਲੈਣ ਕਿ ਇਹ ਆਦਮੀ ਵਿਨਮ੍ਰ ਹੈ। ਕਿਉਂਕਿ ਵਿਨਮ੍ਰਤਾ ਦੀਆਂ ਪੌੜੀਆਂ ਹੀ ਚੜ੍ਹ ਕੇ ਹੰਕਾਰ ਦੇ ਸਿਖ਼ਰ ਉੱਤੇ ਪੁੱਜ ਸਕੇਗਾ। ਹੋਰ ਕੋਈ ਉਪਾਇ ਨਹੀਂ ਹੈ ਰਾਜਨੀਤਕ ਨੂੰ, ਨਾ ਮੰਦਿਰ ਨਾਲ ਕੋਈ ਮਤਲਬ ਹੈ ਨਾ ਮਸਜਿਦ ਨਾਲ, ਤੁਸੀਂ ਜਿੱਥੇ ਸੱਦੋ ਉੱਥੇ ਹਾਜ਼ਿਰ ਹੈ। ਉਹ ਵੇਖਦਾ ਹੈ ਆਪਣੀ ਰਾਜਨੀਤੀ ਨੂੰ ਕਿ ਕਿੱਥੋਂ ਮੇਰੀਆਂ ਪੌੜੀਆਂ ਠੀਕ ਬਣਨਗੀਆਂ।

ਮੇਰੀ ਕੋਈ ਉਤਸੁਕਤਾ ਰਾਜਨੀਤੀ ਵਿਚ ਨਹੀਂ ਹੈ, ਕਿਉਂਕਿ ਮੈਂ ਮੰਨਦਾ ਹਾਂ, ਰਾਜਨੀਤੀ ਇਕ ਮਾਨਸਿਕ ਵਿਕਾਰ (ਰੋਗ) ਹੈ। ਤੰਦਰੁਸਤ ਆਦਮੀ ਉਸ ਵਿਚ ਉਤਸੁਕ ਹੁੰਦਾ ਹੀ ਨਹੀਂ। ਹੋ ਹੀ ਨਹੀਂ ਸਕਦਾ। ਸਵੱਸਥ ਆਦਮੀ ਆਪਣੇ ਆਨੰਦ ਵਿਚ, ਆਪਣੀ ਸ਼ਾਂਤੀ ਵਿਚ ਉਤਸੁਕ ਹੁੰਦਾ ਹੈ। ਸਵੱਸਥ ਆਦਮੀ ਧਰਤੀ 'ਤੇ ਰੇਖਾਵਾਂ ਖਿੱਚਣ ਵਿਚ, ਬਲ ਅਤੇ ਮਾਣ-ਸਨਮਾਨ ਦਾ ਐਲਾਨ ਕਰਨ ਵਿਚ, ਉੱਚੀਆਂ ਇੱਛਾਵਾਂ ਵਿਚ ਉਤਸੁਕ ਨਹੀਂ ਹੁੰਦਾ। ਮਹੱਤਵਕਾਂਕਸ਼ਾ ਪੈਦਾ ਹੀ ਹੁੰਦੀ ਹੈ ਹੀਣਤਾ ਦੀ ਗ੍ਰੰਥੀ (ਗੰਢ) ਤੋਂ। ਉਹ ਇਨਫ਼ੀਰਿਅਰਿਟੀ ਕਾਮਪਲੈਕਸ ਦਾ ਨਤੀਜਾ ਹੈ। ਤੁਹਾਡੇ ਅੰਦਰ ਜਿੰਨਾ ਹੀਣਤਾ ਦਾ ਭਾਵ ਹੁੰਦਾ ਹੈ ਓਨੀ ਹੀ ਤੁਹਾਡੇ ਅੰਦਰ ਮਹੱਤਵਕਾਂਕਸ਼ਾ ਹੁੰਦੀ ਹੈ। ਤੁਸੀਂ ਜਦ ਤਕ ਰਾਸ਼ਟਰਪਤੀ ਨਾ

ਹੋ ਜਾਓ, ਪ੍ਰਧਾਨ ਮੰਤਰੀ ਨਾ ਹੋ ਜਾਓ, ਤਦ ਤਕ ਤੁਹਾਨੂੰ ਲੱਗਦਾ ਹੀ ਨਹੀਂ ਕਿ ਤੁਸੀਂ ਆਦਮੀ ਹੋ। ਤਕ ਤਕ ਤੁਹਾਡੇ ਲੱਗਦਾ ਹੈ, ਸਿੱਧ ਨਾ ਕਰ ਸਕੇ ਕਿ ਮੈਂ ਵੀ ਕੁਝ ਹਾਂ। ਸਿੱਧ ਕਰਨਾ ਹੈ ਕਿ ਮੈਂ ਕੁਝ ਹਾਂ! ਇਹ ਸਿੱਧ ਕਰਨ ਦੀ ਇੱਛਾ ਹੀ ਇਸ ਲਈ ਪੈਦਾ ਹੁੰਦੀ ਹੈ ਕਿ ਤੁਹਾਡੇ ਅੰਦਰ ਲੱਗਦਾ ਹੈ, ਤੁਸੀਂ ਕੁਝ ਨਾ ਕੁਝ ਹੋ। ਲੇਕਿਨ ਜਿਸ ਨੂੰ ਅੰਦਰ ਲੱਗਦਾ ਹੋਵੇ, ਮੈਂ ਸਭ ਕੁਝ ਹਾਂ, ਹੁਣ ਉਸ ਨੂੰ ਸਿੱਧ ਕਰਨ ਨੂੰ ਕੁਝ ਵੀ ਨਾ ਬਚਿਆ।

ਜਿਸ ਦੇ ਅੰਦਰੋਂ ਹੀਣਤਾ ਚਲੀ ਗਈ, ਉਸ ਦੇ ਬਾਹਰੋਂ ਰਾਜਨੀਤੀ ਚਲੀ ਗਈ। ਜਿਸ ਦੇ ਅੰਦਰ ਸਭ ਉਪਲਬਧ ਹੋ ਗਿਆ, ਉਸ ਨੂੰ ਬਾਹਰ ਪਾਉਣ ਨੂੰ ਕੁਝ ਵੀ ਨਾ ਰਿਹਾ।

ਇਸ ਲਈ ਮੈ ਕਹਿੰਦਾ ਹਾਂ ਧਾਰਮਿਕ ਕ੍ਰਾਂਤੀ ਹੀ ਅਸਲੀ ਕ੍ਰਾਂਤੀ ਹੈ। ਕਿਉਂਕਿ ਉਸ ਨਾਲ ਤੁਸੀਂ ਪਰਮ ਸੰਪਦਾ ਨੂੰ ਉਪਲਬਧ ਹੋਵੋਗੇ, ਪਰਮ ਰੂਪਾਂਤਰਣ ਨੂੰ ਤੁਹਾਡਾ ਨਵਾਂ ਜਨਮ ਹੋਏਗਾ, ਤੁਸੀਂ ਦਵਿੱਜ ਬਣੋਗੇ।

ਦੇਸ਼ ਅਤੇ ਸਮਾਜ ਲਈ ਤੁਹਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ। ਜੇਕਰ ਜ਼ਿੰਮੇਵਾਰੀ ਹੈ ਤਾਂ ਮਨੁੱਖ ਲਈ, ਮਨੁੱਖਤਾ ਲਈ ਨਹੀਂ। ਜੇਕਰ ਜ਼ਿੰਮੇਵਾਰੀ ਹੈ ਤਾਂ ਵਿਅਕਤੀ ਲਈ, ਸਮਾਜ ਲਈ ਨਹੀਂ, ਕਿਉਂਕਿ ਸਮਾਜ ਸ਼ਬਦ ਧੋਖੇ ਦਾ ਹੈ ਅਤੇ ਸਮਾਜ ਦੇ ਨਾਂ 'ਤੇ ਤੁਹਾਡੇ ਤੋਂ ਉਹ ਕਰਵਾਇਆ ਜਾਂਦਾ ਹੈ ਜੋ ਤੁਸੀਂ ਕਦੇ ਵੀ ਨਹੀਂ ਕੀਤਾ ਹੁੰਦਾ, ਜੇਕਰ ਤੁਹਾਨੂੰ ਇਸ ਗੱਲ ਦਾ ਗਿਆਨ ਹੁੰਦਾ ਵਿਅਕਤੀ ਲਈ ਤੁਹਾਡੀ ਜ਼ਿੰਮੇਵਾਰੀ ਹੈ।

ਸਮਝੋ, ਤੁਹਾਡੀ ਪਤਨੀ ਹੈ; ਤੁਹਾਡਾ ਨਿੱਕਾ ਬੱਚਾ ਹੈ। ਤੁਸੀਂ ਜਾਣਦੇ ਹੋ ਕਿ ਤੁਸੀਂ ਛੱਡ ਕੇ ਇਨ੍ਹਾਂ ਨੂੰ ਚਲੇ ਗਏ ਤਾਂ ਇਹ ਭੁੱਖੇ ਮਰਨਗੇ, ਲੇਕਿਨ ਰਾਜਨੀਤਕ ਕਹਿੰਦਾ ਹੈ, ਦੇਸ਼ ਖ਼ਤਰੇ ਵਿਚ ਹੈ। ਦੇਸ਼ ਹੈ ਕੀ ? ਇਸੇ ਤਰ੍ਹਾਂ ਦੇ ਨਿੱਕੇ-ਨਿੱਕੇ ਬੱਚਿਆਂ ਦੇ ਸਮੂਹ ਦਾ ਨਾਂ ਦੇਸ਼ ਹੈ। ਇਸੇ ਤਰ੍ਹਾਂ ਦੀਆਂ ਘਰ ਬੈਠੀਆਂ ਪਤਨੀਆਂ ਦੇ ਜੋੜ ਦਾ ਨਾਂ ਦੇਸ਼ ਹੈ! ਇਸੇ ਤਰ੍ਹਾਂ ਦੇ ਛੋਟੇ-ਛੋਟੇ ਘਰਾਂ ਦੇ ਇਕੱਠ ਸਮੂਹ ਦਾ ਨਾਂ ਦੇਸ਼। ਰਾਜਨੀਤਕ ਕਹਿੰਦਾ ਹੈ, ਦੇਸ਼ ਖ਼ਤਰੇ ਵਿਚ ਹੈ। ਤੁਸੀਂ ਕਹਿੰਦੇ ਹੋ—ਲੇਕਿਨ ਮੇਰੀ ਪਤਨੀ ਹੈ, ਬੱਚਾ ਹੈ। ਉਹ ਕਹਿੰਦਾ ਹੈ—ਕੀ ਕਾਇਰਤਾ ਦੀਆਂ ਗੱਲਾਂ ਕਰ ਰਹੇ ਹੋ ? ਬਲੀਦਾਨ ਕਰ ਦਿਓ। ਜਦ ਦੇਸ਼ ਖ਼ਤਰੇ ਵਿਚ ਹੈ ਤਾਂ ਨਾ ਕੋਈ ਪਤਨੀ ਹੈ ਨਾ ਬੱਚਾ ਹੈ! ਲੜਾਈ ਵਿਚ ਜਾਓ।

ਇਸ ਤਰ੍ਹਾਂ ਪਤਾ ਨਹੀਂ ਕਿੰਨੇ ਘਰਾਂ ਤੋਂ ਪਤਾ ਨਹੀਂ ਕਿੰਨੇ ਆਦਮੀਆਂ ਦੀ ਹੱਤਿਆ ਦੇ ਉਪਰ ਦੇਸ਼ ਉੱਤੇ ਕੁਰਬਾਨੀ ਹੋਏਗੀ।

ਅਤੇ ਇਹ ਹੀ ਦੂਜੇ ਦੇਸ਼ ਦਾ ਰਾਜਨੀਤਕ ਆਪਣੇ ਦੇਸ਼ ਵਿਚ ਸਮਝਾ ਰਿਹਾ ਹੈ। ਜਿਹੜੇ ਉੱਥੇ ਯੁੱਧ ਦੇ ਮੈਦਾਨ ਵਿਚ ਲੜਨ ਲਈ ਖੜੇ ਹੋ ਜਾਂਦੇ ਹਨ, ਉਹ ਇਕੋ ਜਿਹੇ ਲੋਕ ਹਨ—ਉਨ੍ਹਾਂ ਦੀ ਇਕ ਦੂਜੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਕਿਸੇ ਨੇ ਕਿਸੇ ਦਾ ਕੁਝ ਵਿਗਾੜਿਆ ਨਹੀਂ ਹੈ। ਕਿਸੇ ਨੇ ਕਿਸੇ ਨੂੰ ਵੇਖਿਆ ਤਕ ਨਹੀਂ ਸੀ ਪਹਿਲਾਂ ਅਤੇ ਜਦ ਇਕ ਦੇਸ਼ ਦੇ ਲੋਕ ਦੂਜੇ ਦੇਸ਼ ਦੇ ਲੋਕਾਂ ਦੀ ਛਾਤੀ ਵਿਚ ਛੁਰਾ ਖੋਭਦੇ ਹਨ ਜਾਂ ਬੰਬ ਸੁੱਟਦੇ ਹਨ ਜਾਂ ਗੋਲੀ ਦਾਗਦੇ ਹਨ ਤਾਂ ਉਨ੍ਹਾਂ ਨੂੰ ਪਤਾ ਨਹੀਂ—ਹਿੰਦੂ ਥੋੜ੍ਹੇ ਹੀ ਮਰਦਾ ਹੈ, ਮੁਸਲਮਾਨ ਥੋੜ੍ਹੇ ਹੀ ਮਰਦਾ ਹੈ—ਵਿਅਕਤੀ ਮਰਦੇ ਹਨ। ਹਿੰਦੁਸਤਾਨੀ ਥੋੜ੍ਹੇ ਹੀ ਮਰਦਾ ਹੈ—ਪਾਕਿਸਤਾਨੀ ਥੋੜ੍ਹੇ ਹੀ ਮਰਦਾ ਹੈ—ਮਨੁੱਖ ਮਰਦੇ ਹਨ। ਜਦ ਤੁਸੀਂ ਇਕ ਪਾਕਿਸਤਾਨੀ ਦੀ ਛਾਤੀ ਵਿਚ ਛੁਰਾ ਮਾਰਦੇ ਹੋ, ਤਦ ਤੁਸੀਂ ਇਕ ਨੰਨ੍ਹੇ ਬੱਚੇ ਦੇ ਜੋ ਘਰ ਵਿਚ ਭੁੱਖਾ ਰਹੇਗਾ, ਜਿਸ ਦੀ ਪਤਨੀ ਨੂੰ ਹੁਣ ਰੋਟੀ ਨਹੀਂ ਮਿਲੇਗੀ, ਜਾਂ ਹੋ ਸਕਦਾ ਹੈ ਪਤਨੀ ਦੀ ਬੇਇਜ਼ਤੀ ਹੋਏਗੀ, ਕੋਈ ਬਲਾਤਕਾਰ ਕਰੇਗਾ, ਕੋਈ ਬਚਾਉਣ ਵਾਲਾ ਨਹੀਂ ਹੋਏਗਾ—ਤੁਸੀਂ ਉਸ ਪਤਨੀ ਅਤੇ ਬੱਚੇ ਦੀ ਛਾਤੀ 'ਚ ਛੁਰਾ ਖੋਭ ਦਿੱਤਾ। ਅਤੇ ਉਹ ਵੀ ਤੁਹਾਡੀ ਛਾਤੀ 'ਚ ਛੁਰਾ ਖੋਭ ਰਿਹਾ ਸੀ। ਉਸ ਨੂੰ ਵੀ ਪਤਾ ਨਹੀਂ ਕਿ ਤੁਸੀਂ ਘਰ 'ਚ ਇਕ ਰੋਂਦੀ ਹੋਈ ਮਾਂ ਨੂੰ ਛੱਡ ਆਏ ਹੋ।

ਵਿਅਕਤੀਆਂ ਦੀ ਹੱਤਿਆ ਕੀਤੀ ਜਾਂਦੀ ਹੈ, ਜੋ ਕਿ ਸਚਾਈ ਹੈ। ਸਮਾਜਾਂ ਅਤੇ ਰਾਸ਼ਟਰਾਂ ਨੂੰ ਬਚਾਇਆ ਜਾਂਦਾ ਹੈ, ਜੋ ਕਿ ਝੂਠ ਹੈ।

ਮੈਂ ਤੁਹਾਨੂੰ ਆਖਦਾ ਹਾਂ, ਮਨੁੱਖਤਾ ਨੂੰ ਭੁੱਲ ਕੇ ਪ੍ਰੇਮ ਨਾ ਕਰਨਾ, ਮਨੁੱਖ ਨੂੰ ਪ੍ਰੇਮ ਕਰਨਾ। ਕਿਉਂਕਿ ਮੇਰੇ ਅਨੁਭਵ ਵਿਚ ਇਹ ਆਇਆ ਹੈ ਕਿ ਜਿਹੜੇ-ਜਿਹੜੇ ਲੋਕ ਮਨੁੱਖਤਾ ਦੀ ਗੱਲ ਕਰਦੇ ਹਨ, ਉਹ ਲੋਕ ਅਸਮਰੱਥ ਹਨ, ਮਨੁੱਖ ਨੂੰ ਪ੍ਰੇਮ ਕਰਨ ਵਿਚ। ਜਦ ਤੁਹਾਨੂੰ ਮਨੁੱਖ ਨੂੰ ਪ੍ਰੇਮ ਕਰਨ ਵਿਚ ਕਠਿਨਾਈ ਹੁੰਦੀ ਹੈ.....ਮਨੁੱਖ ਨੂੰ ਪ੍ਰੇਮ ਕਰਨਾ ਬਹੁਤ ਔਖਾ ਹੈ। ਔਖਾ ਹੈ, ਕਿਉਂਕਿ ਹੰਕਾਰ ਨੂੰ ਡਿਗਾਉਣਾ ਪਏਗਾ। ਔਖਾ ਹੈ, ਕਿਉਂਕਿ ਮਨੁੱਖ ਇਕ ਸਚਾਈ ਹੈ। ਸਚਾਈ ਦੇ ਨਾਲ ਜੀਊਣ ਵਿਚ ਸੰਘਰਸ਼ ਹੈ। ਤੁਸੀਂ ਕਹਿੰਦੇ ਹੋ—ਨਹੀਂ, ਮਨੁੱਖਾਂ ਨਾਲ ਮੈਨੂੰ ਕੋਈ ਮਤਲਬ ਨਹੀਂ ਹੈ, ਮੈਂ ਮਨੁੱਖਤਾ ਨੂੰ ਪ੍ਰੇਮ ਕਰਦਾ ਹਾਂ।

ਹੁਣ ਮਨੁੱਖਤਾ ਤੁਹਾਨੂੰ ਕਿਤੇ ਨਹੀਂ ਲੱਭੇਗੀ। ਨਾ ਕੋਈ ਝਗੜਾ ਝੰਜਟ ਹੋਏਗਾ। ਇਹ ਮਨੁੱਖਤਾ ਤੁਹਾਡਾ ਖ਼ਿਆਲ ਹੈ। ਮਨੁੱਖਤਾ ਕਿਤੇ ਵੀ ਨਹੀਂ ਹੈ, ਤੁਹਾਡੇ ਵਿਚਾਰ ਦੇ ਇਲਾਵਾ। ਰਾਸ਼ਟਰ ਕਿੱਥੇ ਹਨ, ਤੁਹਾਡੇ ਵਿਚਾਰ ਤੋਂ ਇਲਾਵਾ ? ਅਤੇ ਇਨ੍ਹਾਂ ਰਾਸ਼ਟਰਾਂ, ਦੇਸ਼ਾਂ ਦੇ ਨਾਂ ਉੱਤੇ ਆਦਮੀ ਨੂੰ ਹੁਣ ਤਕ ਸਾੜਿਆ-ਭੁੰਨਿਆ ਗਿਆ ਹੈ।

ਕਦ ਜਾਗੇਗਾ ਆਦਮੀ ? ਕਦ ਉਸ ਨੂੰ ਹੋਸ਼ ਆਏਗਾ ਕਿ ਸਾਰੇ ਮਨੁੱਖ ਇਕੋ-ਜਿਹੇ ਹਨ, ਸਾਰੇ ਮਨੁੱਖਾਂ ਦੀਆਂ ਤਕਲੀਫ਼ਾਂ ਇਕੋ-ਜਿਹੀਆਂ ਹਨ। ਸਾਰੇ ਮਨੁੱਖਾਂ ਨੂੰ ਭੁੱਖ ਲੱਗਦੀ ਹੈ, ਸਿਰ 'ਚ ਦਰਦ ਹੁੰਦਾ ਹੈ, ਦਵਾਈ ਦੀ ਲੋੜ ਹੁੰਦੀ ਹੈ—ਸਾਰੇ ਬੱਚੇ ਬੱਚੇ ਹਨ, ਸਾਰੀਆਂ ਇਸਤ੍ਰੀਆਂ ਇਸਤ੍ਰੀਆਂ ਹਨ, ਮਨੁੱਖ ਮਨੁੱਖ ਹਨ। ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ, ਨਾ ਇਸਾਈ, ਨਾ ਹਿੰਦੁਸਤਾਨੀ ਹੈ ਨਾ ਕੋਈ ਪਾਕਿਸਤਾਨੀ ਹੈ।

ਜਿਸ ਦਿਨ ਅਜਿਹੇ ਵਿਚਾਰ ਦਾ ਜਨਮ ਹੋਏਗਾ ਅਤੇ ਤੁਸੀਂ ਮਨੁੱਖ ਨੂੰ ਪ੍ਰੇਮ ਕਰੋਗੇ, ਮਨੁੱਖ ਨੂੰ ਕਿਸੇ ਵੀ ਦੂਜੀ ਚੀਜ਼ ਲਈ ਕੁਰਬਾਨ ਨਹੀਂ ਕਰੋਗੇ, ਉਸੇ ਦਿਨ ਦੁਨੀਆਂ 'ਚ ਸ਼ਾਂਤੀ ਹੋਏਗੀ, ਉਸ ਤੋਂ ਪਹਿਲਾਂ ਨਹੀਂ।

ਲੇਕਿਨ ਰਾਜਨੀਤਕ ਕਹਿੰਦਾ ਹੈ—ਜੇਕਰ ਤੁਸੀਂ ਸਾਡੀ ਨਾ ਸੁਣੀ ਤਾਂ ਦੁਨੀਆਂ 'ਚ ਬਹੁਤ ਅਸ਼ਾਂਤੀ ਹੋ ਜਾਏਗੀ। ਅਸੀਂ ਸ਼ਾਂਤੀ ਦੇ ਰਕਸ਼ਕ ਹਾਂ। ਅਸੀਂ ਯੁੱਧ ਵੀ ਕਰਦੇ ਹਾਂ ਤਾਂ ਸ਼ਾਂਤੀ ਲਈ ਕਰਦੇ ਹਾਂ। ਅਸੀਂ ਮਾਰਦੇ ਵੀ ਹਾਂ ਤਾਂ ਬਚਾਉਣ ਲਈ। ਸਾਡੀ ਹਿੰਸਾ ਵੀ ਅਹਿੰਸਾ ਦੀ ਸੁਰੱਖਿਆ ਦਾ ਉਪਾਇ ਹੈ।

ਉਹ ਤੁਹਾਨੂੰ ਧੋਖਾ ਦੇ ਰਿਹਾ ਹੈ। ਯੁੱਧ ਦੀ ਤਿਆਰੀ ਕਰਦਾ ਹੈ, ਸ਼ਾਂਤੀ ਦੀ ਗੱਲ ਕਰਦਾ ਹੈ। ਹਿਟਲਰ ਵੀ ਇਹੀ ਕਹਿੰਦਾ ਹੈ। ਮੁਸੋਲਿਨੀ ਵੀ ਇਹੀ ਕਹਿੰਦਾ ਹੈ। ਸਾਰੇ ਯੁੱਧ-ਖ਼ੋਰ ਇਹ ਹੀ ਕਹਿੰਦੇ ਹਨ ਕਿ ਅਸੀਂ ਸ਼ਾਂਤੀ ਲਈ ਲੜ ਰਹੇ ਹਾਂ। ਇਨ੍ਹਾਂ ਦੇ ਵਿਰੋਧਾਭਾਸ ਨੂੰ ਠੀਕ ਤਰ੍ਹਾਂ ਸਮਝ ਲੈਣਾ।

ਸ਼ਾਂਤੀ ਲਈ ਲੜਨ ਦੀ ਜ਼ਰੂਰਤ ਕਿੱਥੇ ਹੈ ? ਸ਼ਾਂਤੀ ਲਈ ਤਾਂ ਸ਼ਾਂਤ ਹੋਣ ਦੀ ਲੋੜ ਹੈ। ਸ਼ਾਂਤੀ ਲਈ ਤਾਂ ਯੁੱਧ ਛੱਡ ਦੇਣ ਦੀ ਜ਼ਰੂਰਤ ਹੈ।

ਮੇਰੀ ਕੋਸ਼ਿਸ਼ ਹੈ ਕਿ ਤੁਸੀਂ ਜਾਗੋ। ਤੁਸੀਂ ਜਾਗੋਗੇ ਤਾਂ ਤੁਹਾਨੂੰ ਚੀਜ਼ਾਂ ਵਿਖਾਈ ਪੈਣੀਆਂ ਸ਼ੁਰੂ ਹੋ ਜਾਣਗੀਆਂ ਕਿ ਇਹ ਕੀ ਪਾਗ਼ਲਪਨ ਹੋ ਰਿਹਾ ਹੈ! ਤੁਸੀਂ ਕਿਹੜੀ ਗਹਿਰੀ ਨੀਂਦ ਵਿਚ ਗੁਆਚੇ ਸੀ

ਰਾਜਨੀਤਕ ਤੁਹਾਡੀ ਨੀਂਦ ਨੂੰ ਬਰਬਾਦ ਕਰਦਾ ਹੈ। ਉਹ ਨਹੀਂ ਚਾਹੁੰਦਾ ਕਿ ਤੁਸੀਂ ਜਾਗੋ। ਉਹ ਚਾਹੁੰਦਾ ਹੈ ਕਿ ਤੁਸੀਂ ਗਹਿਰੀ ਨੀਂਦ ਵਿਚ ਰਹੋ, ਕਿਉਂਕਿ ਤੁਹਾਡੀ ਨੀਂਦ ਵਿਚ ਹੀ ਉਹ ਤੁਹਾਡੀ ਛਾਤੀ 'ਤੇ ਬੈਠ ਸਕਦਾ ਹੈ। ਤੁਹਾਡੀ ਨੀਂਦ ਵਿਚ ਹੀ ਉਹ ਆਪਣੇ ਪਦ, ਪ੍ਰਤਿੱਸ਼ਠਾਵਾਂ, ਆਪਣੀ ਸ਼ਕਤੀ ਦਾ ਇਕੱਠ ਕਰ ਸਕਦਾ ਹੈ। ਤੁਸੀਂ ਜਾਗ ਜਾਓ ਤਾਂ ਉਸ ਨੂੰ ਛਾਤੀ ਤੋਂ ਉਤਾਰ ਦਿਉਗੇ।

ਇਸ ਲਈ ਕੋਈ ਰਾਜਨੀਤਕ ਨਹੀਂ ਚਾਹੁੰਦਾ ਕਿ ਦੁਨੀਆਂ ਵਿਚ ਆਦਮੀ ਦਾ ਗਿਆਨ ਗਹਿਰਾ ਹੋਵੇ। ਇਸ ਲਈ ਰਾਜਨੀਤਕ ਹਮੇਸ਼ਾ ਸੰਤ ਦੇ ਉਲਟ ਹਨ। ਜੇਕਰ ਕੋਈ ਸੰਤ ਹੋਵੇ ਤਾਂ, ਰਾਜਨੀਤੀ ਸਦਾ ਉਸ ਦੇ ਵਿਰੋਧੀ ਹੈ। ਹਾਂ,

ਜੇਕਰ ਕੋਈ ਸੰਤ ਨਾ ਹੋਵੇ ਤਾਂ ਰਾਜਨੀਤਕ ਉਸ ਦੇ ਚਰਨ ਛੂੰਹਦਾ ਹੈ। ਉਹ ਕਹਿੰਦਾ ਹੈ—ਤੁਸੀਂ ਰਾਸ਼ਟਰ ਸੰਤ ਹੋ! ਉਹ ਕਹਿੰਦਾ ਹੈ ਤੁਹਾਡੀਆਂ ਅਸੀਸਾਂ ਚਾਹੀਦੀਆਂ! ਕਿਉਂਕਿ ਉਹ ਵੇਖਦਾ ਹੈ ਕਿ ਇਸ ਆਦਮੀ ਦੇ ਮਾਧਿਅਮ ਨਾਲ ਜੋ ਧਰਮ ਦੇ ਨਾਂ ਉੱਤੇ ਲੋਕ ਇਕੱਠੇ ਹੋ ਗਏ ਹਨ; ਉਨ੍ਹਾ ਨੂੰ ਵੀ ਰਾਜਨੀਤੀ ਦੀ ਮੂੜ੍ਹਤਾ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।

ਨਹੀਂ, ਮੈਂ ਕਹਿੰਦਾ ਹਾਂ ਤੁਹਾਡੀ ਸਮਾਜ ਲਈ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ ਦਾ ਤੁਸੀਂ ਇਹ ਮਤਲਬ ਨਾ ਸਮਝਣਾ ਕਿ ਮੈਂ ਤੁਹਾਨੂੰ ਸਮਾਜ ਦਾ ਦੁਸ਼ਮਣ ਬਣਾਉਂਦਾ ਹਾਂ। ਜਦ ਮੈਂ ਕਹਿੰਦਾ ਹਾਂ, ਸਮਾਜ ਲਈ ਤੁਹਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ, ਮਨੁੱਖ ਲਈ ਜ਼ਿੰਮੇਵਾਰੀ ਹੈ, ਤਦ ਮੈਂ ਤੁਹਾਨੂੰ ਇਹ ਹੀ ਆਖ ਰਿਹਾ ਹਾਂ ਕਿ ਮਨੁੱਖ ਲਈ ਜੇਕਰ ਤੁਸੀਂ ਆਪਣੀ ਜ਼ਿੰਮੇਵਾਰੀ ਪੂਰੀ ਕੀਤੀ ਤਾਂ ਸਮਾਜ ਲਈ ਆਪਣੇ ਆਪ ਪੂਰੀ ਹੋ ਜਾਏਗੀ, ਤੁਹਾਨੂੰ ਉਸ ਦਾ ਵਿਚਾਰ ਵੀ ਕਰਨਾ ਜ਼ਰੂਰੀ ਨਹੀਂ ਹੈ। ਕਿਉਂਕਿ ਸਮਾਜ ਵਿਅਕਤੀਆਂ ਦਾ ਜੋੜ ਹੈ।

ਇੱਥੇ ਤੁਸੀਂ ਆਏ ਹੋ। ਜੇਕਰ ਮੈਂ ਤੁਹਾਨੂੰ ਇਕ-ਇਕ ਨੂੰ ਬਿਠਾ ਕੇ ਭੋਜਨ ਕਰਾ ਦਿਆਂ, ਤੁਹਾਡੀ ਸਭ ਦੀ ਭੁੱਖ ਮਿਟ ਜਾਏਗੀ, ਤਾਂ ਇਸ ਇਕੱਠ ਦੀ ਭੁੱਖ ਮਿਟ ਜਾਏਗੀ ਕਿ ਨਹੀਂ? ਲੇਕਿਨ ਮੈਂ ਕਹਾਂ—ਨਹੀਂ ਤੁਹਾਡੀ ਭੁੱਖ ਨਾਲ ਮੈਨੂੰ ਕੋਈ ਮਤਲਬ ਨਹੀਂ, ਮੈਨੂੰ ਤਾਂ ਇਸ ਸਮੂਹ ਦੀ ਭੁੱਖ ਨੂੰ ਮਿਟਾਉਣਾ ਹੈ। ਜੇਕਰ ਤੁਸੀਂ ਭੁੱਖੇ ਵੀ ਰਹੋ ਇਸ ਸਮੂਹ ਦੀ ਭੁੱਖ ਨੂੰ ਮਿਟਾਉਣ ਲਈ ਤਾਂ ਕੋਈ ਹਰਜਾ ਨਹੀਂ, ਕੁਰਬਾਨ ਕਰੋ ਆਪਣੇ ਆਪ ਨੂੰ, ਸ਼ਹੀਦ ਹੋ ਜਾਓ—ਲੇਕਿਨ ਸਮੂਹ ਦੀ ਭੁੱਖ ਮਿਟਾਉਣੀ ਹੈ।

ਸਮੂਹ ਦਾ ਕੋਈ ਢਿੱਡ ਹੈ, ਕਿ ਸਮੂਹ ਦੀ ਕੋਈ ਭੁੱਖ ਹੈ? ਵਿਅਕਤੀ ਦਾ ਢਿੱਡ ਹੈ, ਵਿਅਕਤੀ ਦੀ ਭੁੱਖ ਹੈ। ਸਮਾਜ ਦੀ ਕੋਈ ਆਤਮਾ ਹੈ? ਆਦਮੀ ਦੀ ਆਤਮਾ ਹੈ। ਲੇਕਿਨ ਆਦਮੀ ਨਾਲ ਰਾਜਨੀਤੀ ਨੂੰ ਕੋਈ ਸੰਬੰਧ ਨਹੀਂ ਹੈ।

ਧਰਮ ਦਾ ਸੰਬੰਧ ਵਿਅਕਤੀ ਨਾਲ ਹੈ। ਰਾਜਨੀਤੀ ਸਮਾਜ ਦੀ ਕ੍ਰਾਂਤੀ ਹੈ, ਧਰਮ ਆਦਮੀ ਦੀ ਕ੍ਰਾਂਤੀ ਹੈ। ਅਤੇ ਮੈਂ ਤੁਹਾਨੂੰ ਆਖਦਾ ਹਾਂ, ਧਰਮ ਹੀ ਇਕ ਮਾਤਰ ਕ੍ਰਾਂਤੀ ਹੈ, ਕਿਉਂਕਿ ਕ੍ਰਾਂਤੀ ਉੱਥੇ ਹੀ ਹੋ ਸਕਦੀ ਹੈ ਜਿੱਥੇ ਆਤਮਾ ਜੀਵੰਤ (ਜੀਉਂਦੀ ਜਾਗਦੀ) ਹੋਵੇ। ਜਿੱਥੇ ਆਤਮਾ ਹੀ ਨਹੀਂ ਉੱਥੇ ਕ੍ਰਾਂਤੀ ਕਿਵੇਂ ਹੋਏਗਾ? ਜਿੱਥੇ ਚੇਤਨਾ ਹੀ ਨਾ ਹੋਵੇ, ਉੱਥੇ ਰੂਪਾਂਤਰਣ (ਬਦਲਾਓ) ਕਿਵੇਂ ਹੋਏਗਾ? ਜਿੱਥੇ ਭੁੱਖ ਹੀ ਨਾ ਹੋਵੇ, ਭੁੱਖ ਦੇ ਬਾਅਦ, ਭੋਜਨ ਦੇ ਪਿੱਛੋਂ, ਜੋ ਤ੍ਰਿਪਤੀ ਮਿਲਦੀ ਹੈ, ਉਹ ਤ੍ਰਿਪਤੀ ਕਿਵੇਂ ਮਿਲੇਗੀ?

ਝੂਠਿਆਂ ਸ਼ਬਦਾਂ ਤੋਂ ਸਾਵਧਾਨ! ਸ਼ਬਦਾਂ ਨੇ ਆਦਮੀ ਨੂੰ ਬਹੁਤ ਭਰਮਾਇਆ ਹੈ।

ਹੋਰ, ਸੁਭਾਵ ਦੇ ਮੁਤਾਬਿਕ ਮਿੱਤਰਾਂ ਨੂੰ ਅਜਿਹਾ ਲੱਗਦਾ ਹੈ ਕਿ ਮੈਂ ਆਪਣੀ ਬੁੱਧੀ ਨੂੰ ਸਮਾਜ, ਰਾਜਨੀਤੀ ਅਤੇ ਸੱਤਾ ਉੱਤੇ ਕਿਉਂ ਨਹੀਂ ਲਾਉਂਦਾ? ਤਾਂ ਮੈਂ ਤੁਹਾਨੂੰ ਇਹ ਹੀ ਕਹਾਂਗਾ ਜੋ ਫ਼ਰੀਦ ਕਹਿ ਰਿਹਾ ਹੈ—ਫ਼ਰੀਦਾ ਜੇ ਤੂ ਅਕਲਿ ਲਤੀਫੁ—ਜੇਕਰ ਫ਼ਰੀਦ ਤੇਰੇ ਵਿਚ ਥੋੜ੍ਹੀ ਜਿਹੀ ਵੀ ਬੁੱਧੀ ਹੈ ਤਾਂ ਸਮਾਜ, ਰਾਜਨੀਤੀ, ਸੱਤਾ, ਇਨ੍ਹਾਂ ਤੋਂ ਦੂਰ ਰਹਿਣਾ। ਉਹ ਤਾਂ ਬੁੱਧੀ ਹੀਣਾਂ ਦਾ ਧੰਦਾ ਹੈ। ਨਹੀਂ ਤਾਂ ਬੁੱਧ ਪਾਗਲ ਸੀ? ਮਹਾਂਵੀਰ ਪਾਗਲ ਸੀ? ਮੈਨੂੰ ਤਾਂ ਜੇਕਰ ਰਾਜਨੀਤੀ ਉੱਤੇ ਬੁੱਧੀ ਨੂੰ ਲਾਉਣਾ ਹੋਵੇ ਤਾਂ ਦਿੱਲੀ ਦੀ ਯਾਤ੍ਰਾ ਕਰਨੀ ਪਏ। ਉਹ ਤਾਂ ਦਿੱਲੀ ਵਿਚ ਹੀ ਸੀ। ਉਹ ਤਾਂ ਦੋਵੇਂ ਹੀ ਰਾਜਿਆਂ ਦੇ ਪੁੱਤਰ ਸਨ, ਸਿੰਘਾਸਣਾਂ 'ਤੇ ਬੈਠੇ ਹੀ ਸਨ। ਆਪਣੀ ਪ੍ਰਤਿਭਾ (ਉੱਜਲਤਾ) ਦੀ ਵਰਤੋਂ ਕਰ ਸਕਦੇ ਸਨ ਭਲੀ-ਭਾਂਤੀ—ਲੇਕਿਨ ਦੋਹਾਂ ਨੇ ਛੱਡ ਦਿੱਤੇ ਸਿੰਘਾਸਣ, ਹਟ ਗਏ। ਕਿਉਂਕਿ ਪ੍ਰਤਿਭਾ ਦਾ ਪਹਿਲਾ ਲਕਸ਼ਣ ਇਹ ਹੈ ਕਿ ਪਦ ਦੀ ਇੱਛਾ ਨਹੀਂ ਹੁੰਦੀ। ਉਹ ਤਾਂ ਪ੍ਰਤਿਭਾ ਨਹੀਂ ਹੁੰਦੀ, ਤਦ ਪਦ ਦੀ ਇੱਛਾ ਹੁੰਦੀ ਹੈ। ਪਦ ਸਬਸੀਚਿਊਟ ਹੈ ਪ੍ਰਤਿਭਾ ਦਾ। ਪ੍ਰਤਿਭਾ ਜਦ ਨਹੀਂ ਹੁੰਦੀ ਤਦ ਤੁਸੀਂ ਵਿਖਾਉਣਾ ਚਾਹੁੰਦੇ ਹੋ ਕਿਸੇ ਤਰ੍ਹਾਂ ਆਪਣੀ ਉੱਤਮਤਾ ਉਹ ਪਦ ਨਾਲ ਮਿਲ ਸਕਦੀ ਹੈ। ਜਦ ਤੁਹਾਡੇ ਵਿਚ ਉੱਜਲਤਾ ਨਹੀਂ ਹੁੰਦੀ ਤਦ ਤੁਸੀਂ ਆਪਣੀ ਜੇਬ ਵੱਡੀ ਕਰ ਕੇ ਵਿਖਾਉਣਾ ਚਾਹੁੰਦੇ ਹੋ, ਤਿਜੋਰੀ ਵੱਡੀ ਕਰ ਕੇ ਵਿਖਾਉਣਾ ਚਾਹੁੰਦੇ ਹੋ, ਤੁਸੀਂ ਆਪਣਾ ਸਿੰਘਾਸਣ ਉੱਚਾ ਕਰ ਕੇ ਵਿਖਾਉਣਾ ਚਾਹੁੰਦੇ ਹੋ। ਲੇਕਿਨ ਪ੍ਰਤਿਭਾ ਹੋਵੇ ਤਾਂ ਤੁਸੀਂ ਰਾਹ ਵਿਚ ਵੀ ਖਲੋਤੇ ਰਹੋ ਤਾਂ ਵੀ ਪ੍ਰਤਿਭਾ ਦਾ ਸੂਰਜ ਚਮਕਦਾ ਰਹਿੰਦਾ ਹੈ, ਉਸ ਲਈ ਦਿੱਲੀ ਜਾਣ ਦੀ ਕੋਈ ਜ਼ਰੂਰਤ ਨਹੀਂ ਹੈ।

ਨਹੀਂ ਮੈਂ ਤਾਂ ਕਹਿੰਦਾ ਹਾਂ ਕਿ ਜੇਕਰ ਤੁਹਾਡੇ ਵਿਚ ਪ੍ਰਤਿਭਾ ਹੋਵੇ ਤਾਂ ਉਹ ਹੀ ਗਾਰੰਟੀ ਹੈ ਕਿ ਰਾਜਨੀਤੀ ਵਿਚ ਤੁਹਾਡੀ ਉਤਸੁਕਤਾ ਨਹੀਂ ਹੋਏਗੀ। ਮੈਂ ਰਾਜਨੀਤੀ ਵਿਚ ਸਿਰਫ਼ ਥਰਡ ਕਲਾਸ, ਬਿਲਕੁਲ ਤੀਜੀ ਸ਼੍ਰੇਣੀ ਦੀ ਬੁੱਧੀ ਦੇ ਲੋਕਾਂ ਨੂੰ ਵੇਖਿਆ ਹੈ। ਪਹਿਲੀ ਕੋਟੀ ਦੇ ਲੋਕ ਉਸ ਪਾਸੇ ਉਤਸੁਕ ਨਹੀਂ ਹੁੰਦੇ। ਪ੍ਰਥਮ ਕੋਟੀ ਦਾ ਆਦਮੀ ਚੁੱਪਚਾਪ ਉੱਥੋਂ ਹਟ ਜਾਂਦਾ ਹੈ, ਕਿਉਂਕਿ ਉੱਥੇ ਉਹ ਅਨੁਭਵ ਕਰਦਾ ਹੈ ਕਿ ਇਹ ਤਾਂ ਹੀਣ ਲੋਕਾਂ ਦੀ ਪ੍ਰਤਿਸਪਰਧਾ (ਪ੍ਰਤਿਯੋਗਤਾ-ਹੋੜ) ਹੈ। ਜੋ ਕੁਝ ਵੀ ਨਹੀਂ ਹਨ, ਉਹ ਕੁਝ ਹੋਣ ਦੇ ਦਿਖਾਵੇ ਵਿਚ ਲੱਗੇ ਹਨ। ਆਤਮ ਵੰਚਨਾ (ਸ੍ਵੈਂ ਆਪਣੇ ਨੂੰ ਧੋਖਾ ਦੇਣਾ) ਹੈ।

ਲੇਕਿਨ ਇਸ ਦਾ ਇਹ ਮਤਲਬ ਨਹੀਂ ਕਿ ਮਨੁੱਖ ਨਾਲ ਮੇਰਾ ਕੋਈ ਪ੍ਰੇਮ ਨਹੀਂ ਹੈ। ਮਨੁੱਖ ਨਾਲ ਮੇਰਾ ਪ੍ਰੇਮ ਹੈ, ਇਸ ਲਈ ਰਾਜਨੀਤੀ ਵਿਚ ਮੇਰਾ ਕੋਈ ਰਸ ਨਹੀਂ ਹੈ, ਕਿਉਂਕਿ ਰਾਜਨੀਤੀ ਸਭ ਤੋਂ ਵੱਡਾ ਜ਼ਹਿਰ ਹੈ। ਹੋਰ ਜੇਕਰ ਮਨੁੱਖ ਰਾਜਨੀਤੀ ਤੋਂ ਮੁਕਤ ਹੋ ਜਾਏ ਤਾਂ ਸੰਸਾਰ ਸੁਵਰਗ ਬਣ ਸਕਦਾ ਹੈ।

ਇਸ ਸੰਸਾਰ ਵਿਚ ਸਭ ਕੁਝ ਹੈ, ਲੇਕਿਨ ਰਾਜਨੀਤੀ ਦੇ ਕਾਰਨ ਔਖਿਆਈ ਹੈ। ਇਸ ਧਰਤੀ ਉੱਤੇ ਇੰਨਾ ਭੋਜਨ ਹੈ, ਸਾਰਿਆਂ ਨੂੰ ਮਿਲ ਸਕਦਾ ਹੈ। ਲੇਕਿਨ ਰਾਜਨੀਤੀ ਦਿੱਕਤ ਦਿੰਦੀ ਹੈ।

ਪਿਛਲੇ ਅਨੇਕ ਵਰ੍ਹਿਆਂ ਵਿਚ ਅਮਰੀਕਾ ਨੂੰ ਬਹੁਤ ਵਾਰੀ ਆਪਣੀ ਕਣਕ ਨੂੰ ਸਮੁੰਦਰ ਵਿਚ ਡੋਬਣਾ ਪਿਆ ਹੈ। ਰੂਸ ਨੂੰ ਕੁਝ ਵਰ੍ਹੇ ਪਹਿਲਾਂ ਕਣਕ ਰੇਲ ਦੇ ਇੰਜਣ ਵਿਚ ਕੋਲੇ ਦੀ ਥਾਂ ਜਲਾਉਣੀ ਪਈ। ਰਾਜਨੀਤੀ!

ਕਿਉਂਕਿ ਜੇਕਰ ਅਮਰੀਕਾ ਆਪਣੀ ਉਸ ਕਣਕ ਨੂੰ ਮੁਫ਼ਤ ਵੰਡ ਦੇਵੇ, ਜਿਹੜੀ ਕਿ ਸੁੱਟਣਯੋਗ ਹੈ ਅਤੇ ਉਸ ਦੀ ਕੋਈ ਜ਼ਰੂਰਤ ਨਹੀਂ, ਜ਼ਰੂਰਤ ਤੋਂ ਜ਼ਿਆਦਾ ਹੈ—ਜੇਕਰ ਉਹ ਮੁਫ਼ਤ ਵੰਡ ਦੇਵੇ ਤਾਂ ਉਸ ਦੀ ਤਾਕਤ ਕਮਜ਼ੋਰ ਹੁੰਦੀ ਹੈ! ਉਸ ਨੂੰ ਬਾਜ਼ਾਰ 'ਚ ਜੇਕਰ ਵੇਚਿਆ ਨਾ ਜਾਏ ਤਾ ਕਣਕ ਦਾ ਭਾ ਹੇਠਾਂ ਡਿੱਗ ਪੈਂਦਾ ਹੈ, ਅਮਰੀਕਾ ਦੀ ਆਮਦਨੀ ਹੇਠਾਂ ਡਿੱਗਦੀ ਹੈ। ਤਾਂ ਬੇਹਤਰ ਹੈ ਬਰਬਾਦ ਕਰ ਦੇਣਾ, ਲੇਕਿਨ ਦੇਣਾ ਬੇਹਤਰ ਨਹੀਂ ਹੈ।

ਦੁਨੀਆਂ ਵਿਚ ਸਭ ਕੁਝ ਹੈ—ਜੇਕਰ ਰਾਜਨੀਤੀ ਦੇ ਘੇਰੇ ਨਾ ਹੋਣ ਤਾਂ ਸਭ ਨੂੰ ਸਭ ਕੁਝ ਉਪਲਬਧ ਹੋ ਸਕਦਾ ਹੈ। ਵਿਗਿਆਨ ਨੇ ਇੰਨੀ ਖੋਜ ਕਰ ਲਈ ਹੈ ਕਿ ਕਿਸੇ ਨੂੰ ਭੁੱਖੇ ਮਰਨ ਦੀ ਕੋਈ ਜ਼ਰੂਰਤ ਨਹੀਂ ਹੈ, ਲੇਕਿਨ ਰਾਜਨੀਤੀ ਦੇ ਕਾਰਨ ਬਹੁਤ ਅੜਂਗੇ ਹਨ। ਅੱਧੀ ਦੁਨੀਆਂ ਭੁੱਖੀ ਮਰਦੀ ਹੈ। ਉਹ ਤਦ ਤਕ ਮਰੇਗੀ, ਜਦ ਤਕ ਰਾਜਨੀਤੀ ਦੀਆਂ ਹੱਦਾਂ ਨਹੀਂ ਟੁੱਟ ਜਾਂਦੀਆਂ। ਹਜ਼ਾਰਾਂ, ਲੱਖਾਂ, ਕਰੋੜਾਂ ਲੋਕ ਬੀਮਾਰ ਹਨ, ਤੰਦਰੁਸਤ ਨਹੀਂ ਹੋ ਪਾਉਂਦੇ। ਦਵਾਈਆਂ ਬੰਦ ਪਈਆਂ ਹਨ ਮੁਲਕਾਂ ਦੇ ਕੋਲ—ਲੇਕਿਨ ਉਨ੍ਹਾਂ ਨੂੰ ਜ਼ਰੂਰਤ ਨਹੀਂ ਹੈ ਦਵਾਈਆਂ ਦੀ, ਜਿਨ੍ਹਾਂ ਨੂੰ ਲੋੜ ਹੈ ਉਨ੍ਹਾਂ ਤਕ ਰਾਜਨੀਤੀ ਦੇ ਕੈਦਖ਼ਾਨੇ ਹਨ, ਉੱਥੇ ਤਕ ਪੁੱਜ ਨਹੀਂ ਸਕਦੀਆਂ।

ਮਨੁੱਖ ਜੇਕਰ ਰਾਜਨੀਤੀ ਤੋਂ ਮੁਕਤ ਹੋ ਜਾਏ—ਅਤੇ ਜਿਹੜੀ ਔਖੀ ਗੱਲ ਹੈ, ਕਿਉਂਕਿ ਉਸ ਦਾ ਅਰਥ ਇਹ ਹੈ ਕਿ ਮਨੁੱਖ ਤਦ ਹੀ ਰਾਜਨੀਤੀ ਤੋਂ ਮੁਕਤ ਹੋ ਸਕਦਾ ਹੈ ਜਦ ਉਹ ਆਪਣੇ ਵਿਚ ਤ੍ਰਿਪਤ ਹੋ ਜਾਏ।

ਤਾਂ, ਮੇਰੀ ਸਾਰੀ ਕੋਸ਼ਿਸ਼ ਰਾਜਨੀਤੀ ਤੋਂ ਮੁਕਤ ਕਰਨ ਦੀ ਵੀ ਨਹੀਂ ਹੈ। ਸਾਰੀ ਕੋਸ਼ਿਸ਼ ਤੁਹਾਨੂੰ ਤ੍ਰਿਪਤ ਕਰਨ ਦੀ ਹੈ। ਮੇਰੇ ਉਪਾਇ ਰਚਨਾਤਮਕ ਹਨ।

ਤੁਸੀਂ ਸ਼ਾਂਤ ਹੋ ਜਾਓ, ਤੁਸੀਂ ਫੁੱਲ ਵਾਂਗ ਖਿੜੇ ਹੋ ਜਾਓ ਤਾਂ ਤੁਹਾਡੀਆਂ ਅੱਖਾਂ ਵਿਚ ਉਹ ਗੁਣ ਆ ਜਾਣਗੇ ਜੋ ਚੀਜ਼ਾਂ ਨੂੰ ਆਰ-ਪਾਰ ਵੇਖਣ ਲੱਗਣਗੇ, ਤੁਹਾਨੂੰ ਚੀਜ਼ਾਂ ਸਾਫ਼ ਵਿਖਾਈ ਦੇਣ ਲੱਗਣਗੀਆਂ।

ਅਤੇ ਪੁੱਛਿਆ ਹੈ ਕਿ ਤੁਹਾਨੂੰ ਇਨ੍ਹਾਂ ਚੀਜ਼ਾਂ 'ਤੇ ਧਿਆਨ ਦੇਣਾ ਚਾਹੀਦਾ, ਤਾਂਕਿ ਇਕ ਬੇਹਤਰ ਮਨੁੱਖਤਾ ਦਾ ਉਜਾਗਰ ਹੋ ਸਕੇ।

ਇਨ੍ਹਾਂ ਦੇ ਕਾਰਨ ਹੀ ਤਾਂ ਬੇਹਤਰ ਮਨੁੱਖਤਾ ਉਜਾਗਰ ਨਹੀਂ ਹੋ ਪਾ ਰਹੀ ਹੈ। ਜੇਕਰ ਲੋਕ ਰਾਜਨੀਤੀ ਤੋਂ ਧਿਆਨ ਹਟਾ ਲੈਣ, ਤਦ ਬੇਹਤਰ ਮਨੁੱਖਤਾ ਦਾ ਜਨਮ ਹੋਣਾ ਬਹੁਤ ਦੂਰ ਨਹੀਂ ਹੈ। ਹੁਣ ਇਹ ਬਹੁਤ ਗੁੰਝਲਦਾਰ ਹੈ ਗੱਲ, ਕਿਉਂਕਿ ਰਾਜਨੀਤੀ ਦਾ ਸੰਸਕਾਰ ਬਹੁਤ ਗਹਿਰਾ ਹੈ। ਸਾਰੇ ਅਖ਼ਬਾਰ ਉਸੇ ਦੀ ਗੱਲ ਕਰਦੇ ਹਨ। ਰੇਡੀਓ ਉਸੇ ਦੀ ਗੱਲ ਕਰਦਾ ਹੈ। ਟੈਲੀਵੀਜ਼ਨ ਉਸੇ ਦੀ ਗੱਲ ਕਰਦਾ ਹੈ। ਲੋਕ ਉਸੇ ਦੀ ਚਰਚਾ ਕਰਦੇ ਹਨ। ਲੋਕ ਇਕ ਦੂਜੇ ਨੂੰ ਦੁਹਰਾਉਂਦੇ ਜਾਂਦੇ ਹਨ, ਉਸ ਦੀ ਪੁਨਰੁਕਤੀ (ਰਿਪੀਟੀਸ਼ਨ) ਇੰਨੇ ਜ਼ੋਰ ਨਾਲ ਹੁੰਦੀ ਰਹਿੰਦੀ ਹੈ ਕਿ ਮਨ ਵਿਚ ਉਹ ਬੈਠਦਾ ਚਲਾ ਜਾਂਦਾ ਹੈ, ਬੈਠਦਾ ਚਲਾ ਜਾਂਦਾ ਹੈ। ਤੁਹਾਡੇ ਅੰਦਰ ਦੀਆਂ ਲਕੀਰਾਂ ਤੈਅ ਹੋ ਜਾਂਦੀਆਂ ਹਨ—ਤੁਸੀਂ ਮੁਕਤ ਨਹੀਂ ਰਹਿ ਜਾਂਦੇ ਸੋਚਣ ਨੂੰ।

ਜੇਕਰ ਕਦੇ ਮੰਗਲ ਗ੍ਰਹਿ ਤੋਂ ਕੋਈ ਯਾਤ੍ਰੀ ਆਏ ਅਤੇ ਤੁਹਾਡੇ ਢੰਗ ਵੇਖੇ ਤਾਂ ਬਹੁਤ ਹੈਰਾਨ ਹੋਵੇਗਾ ਕਿ ਇਹ ਆਦਮੀ ਅਜਿਹਾ ਪਾਗਲ ਹੈ! ਕਿਸੇ ਨੇ ਕਿਸੇ ਦਾ ਝੰਡਾ ਨੀਵਾਂ ਕਰ ਦਿੱਤਾ—ਉਸ ਨੂੰ ਝੰਡਾ ਦਿਖਾਈ ਨਹੀਂ ਦੇਵੇਗਾ, ਉਹ ਤਾਂ ਵੇਖੇਗਾ ਕਿ ਡੰਡੇ ਉੱਤੇ ਕੱਪੜਾ ਲਟਕਾਇਆ ਹੋਇਆ ਹੈ, ਕਈ ਤਰ੍ਹਾਂ ਦੇ ਰੰਗ ਲਗਾਏ ਹਨ—ਕਿਸੇ ਨੇ ਕਿਸੇ ਦਾ ਝੰਡਾ ਨੀਵਾਂ ਕਰ ਦਿੱਤਾ, ਬਸ ਛੁਰੇ, ਤਲਵਾਰਾਂ ਨਿਕਲ ਆਏ, ਝੰਡਾ ਨੀਵਾਂ ਹੋ ਗਿਆ! ਝੰਡਾ ਉੱਚਾ ਰਹੇ ਸਾਡਾ! ਹੁਣ ਝਗੜਾ, ਯੁੱਧ, ਮਾਰ ਸੁੱਟਣਗੇ ਲੱਖਾਂ ਲੋਕਾ ਨੂੰ, ਕਿਉਂਕਿ ਝੰਡਾ ਨੀਵਾਂ ਹੋ ਗਿਆ! ਉਸ ਦੀ ਸਮਝ ਵਿਚ ਹੀ ਨਹੀਂ ਆਏਗਾ ਕਿ ਆਦਮੀ ਕੀ ਪਾਗਲ ਹਨ ਇੱਥੇ! ਇਸ ਵਿਚ ਮਾਮਲਾ ਕੀ ਹੋ ਗਿਆ, ਕਿਸੇ ਨੇ ਕਿਸੇ ਦਾ ਕੱਪੜਾ ਨੀਵਾਂ ਕਰ ਦਿੱਤਾ ?

ਲੇਕਿਨ ਰਾਜਨੀਤਕ ਕਹਿੰਦੇ ਹਨ—ਇਹ ਕੋਈ ਚੀਥੜਾ ਨਹੀਂ ਹੈ! ਪ੍ਰਾਣ ਚਲੇ ਜਾਣਗੇ। ਇਹ ਝੰਡਾ ਹੈ!

ਤੁਸੀਂ ਥੋੜ੍ਹਾ ਸੋਚੋ ਕਿ ਤੁਹਾਡੇ ਮਨ ਨੂੰ ਕਿਸ ਤਰ੍ਹਾਂ ਸਮੋਹਿਤ ਕੀਤਾ ਗਿਆ ਹੈ। ਝੰਡਾ ਨੀਵਾਂ ਹੋ ਗਿਆ! ਝੰਡੇ ਵਿਚ ਹੈ ਕੀ ? ਅਤੇ ਝੰਡਾ ਨੀਵਾਂ ਹੋ ਗਿਆ।

ਇਸ ਵਿਚ ਕੀ ਅੜਚਨ ਹੈ ? ਫਿਰ ਤੋਂ ਉੱਚਾ ਕਰ ਲਉ। ਇਸ ਵਿਚ ਮਰਨ ਮਾਰਨ ਦਾ ਕੀ ਸਵਾਲ ਹੈ।

ਨਹੀਂ, ਲੇਕਿਨ ਤੁਸੀਂ ਬਿਲਕੁਲ ਮੂਰਛਿਤ ਹੋ। ਝੰਡਾ ਤੁਹਾਡਾ ਹੰਕਾਰ ਹੈ। ਉਹ ਕੱਪੜਾ ਨਹੀਂ ਹੈ, ਉਸ ਵਿਚ ਤੁਸੀਂ ਆਪਣੇ ਬਹੁਤ ਭਾਰੀ ਹੰਕਾਰ ਨੂੰ ਇਕੱਠਾ ਕਰ ਕੇ ਰੱਖਿਆ ਹੋਇਆ ਹੈ। ਝੰਡਾ ਨੀਵਾਂ ਹੋ ਗਿਆ, ਹੁਣ ਮੁਲਕ ਖ਼ਤਰੇ ਵਿਚ ਹੈ! ਝਗੜਾ ਹੋਏਗਾ, ਲੱਖਾਂ ਲੋਕ ਵੱਢੇ ਜਾਣਗੇ।

ਫਿਰ ਇਹ ਚੱਲ ਰਿਹਾ ਹੈ ਪੂਰੇ ਇਤਿਹਾਸ ਤੋਂ। ਕਿਸੇ ਨੇ ਕਿਸੇ ਦੇ ਮੰਦਿਰ ਦੀ ਮੂਰਤੀ ਤੋੜ ਦਿੱਤੀ, ਕਿਸੇ ਨੇ ਕਿਸੇ ਦੀ ਮਸਜਿਦ ਦੇ ਸਾਹਮਣੇ ਬਾਜਾ ਵਜਾ ਦਿੱਤਾ—ਝਗੜਾ ਹੋ ਗਿਆ! ਜੇਕਰ ਮੰਗਲ ਗ੍ਰਹਿ ਦਾ ਕੋਈ ਯਾਤ੍ਰੀ ਉਪਰੋਂ ਵੇਖੇ ਤਾਂ ਉਹ ਵੇਖੇਗਾ ਕਿ ਇਹ ਪੂਰੀ ਧਰਤੀ ਪਾਗਲ ਹੈ, ਵਿਛਿਪਤ (ਪਾਗਲ) ਹੈ। ਕਿਉਂਕਿ ਤੁਹਾਡਾ ਕੋਈ ਢੰਗ ਉਸ ਦੀ ਸਮਝ ਵਿਚ ਨਹੀਂ ਆਏਗਾ। ਤੁਹਾਡਾ ਢੰਗ ਸਮਝਣ ਦੇ ਲਾਇਕ ਨਹੀਂ ਹੈ। ਤੁਹਾਨੂੰ ਸਮਝ 'ਚ ਆਉਂਦਾ ਹੈ ਕਿਉਂਕਿ ਤੁਹਾਨੂੰ ਉਸੇ ਤਰ੍ਹਾਂ ਦੀ ਸਿੱਖਿਆ ਦਿੱਤੀ ਗਈ ਹੈ, ਸੋ ਤੁਹਾਨੂੰ ਸਮਝ ਵਿਚ ਆਉਂਦਾ ਹੈ। ਜੇਕਰ ਤੁਸੀਂ ਥੋੜ੍ਹੇ ਵੀ ਜਾਗ ਜਾਓ ਤਾਂ ਤੁਹਾਨੂੰ ਵੀ ਵਿਖਾਈ ਪਏਗਾ—ਇਹ ਹੋ ਕੀ ਰਿਹਾ ਹੈ ? ਇਸ ਦੀ ਜ਼ਰੂਰਤ ਕੀ ਹੈ ? ਇਸ ਵਿਚ ਕਿਤੇ ਬੁੱਧੀਮਾਨੀ ਨਹੀਂ ਵਿਖਾਈ ਪੈਂਦੀ। ਇਸ ਤੋਂ ਜ਼ਿਆਦਾ ਹੋਰ ਬੁੱਧੀਹੀਣਤਾ ਕੀ ਹੋਏਗੀ ?

ਲੋਕ ਨੇਤਾਵਾਂ ਦੇ ਪਿੱਛੇ ਟੁਰੀ ਜਾ ਰਹੇ ਹਨ। ਇਕ ਨੇਤਾ ਦੂਜੇ ਨੇਤਾ ਨੂੰ ਹੇਠਾਂ ਉਤਾਰਨ ਦੀ ਕੋਸ਼ਿਸ਼ ਵਿਚ ਲੱਗਿਆ ਹੈ। ਕਿਸੇ ਨੂੰ ਜੀਵਨ ਦੀਆਂ ਅਸਲੀ ਸਮੱਸਿਆਵਾਂ (ਤਕਲੀਫ਼ਾਂ) ਨਾਲ ਕੋਈ ਮਤਲਬ ਨਹੀਂ ਹੈ। ਸਮੱਸਿਆ ਇਕ ਹੀ ਹੈ ਕਿ ਮੇਰੇ ਹੱਥ 'ਚ ਸਾਰੀ ਤਾਕਤ ਹੋਣੀ ਚਾਹੀਦੀ ਹੈ। ਤਾਕਤ ਦਾ ਤੁਸੀਂ ਕੀ ਕਰੋਗੇ ? ਤਾਕਤ ਨੂੰ ਪਾ ਵੀ ਲਉਗੇ ਤਾਂ ਹੋਏਗਾ ਕੀ ? ਕਿੰਨੇ ਸਿਕੰਦਰ, ਕਿੰਨੇ ਨੈਪੋਲੀਅਨ, ਕਿੰਨੇ ਹਿਟਲਰ, ਕਿੰਨੀ ਵੱਡੀ ਤਾਕਤ ਦੇ ਲੋਕ ਸਨ ! ਕੀ ਹੋਇਆ ? ਤਾਕਤ ਨਾਲ ਸਿਰਫ਼ ਬਰਬਾਦੀ ਹੋਈ ਹੈ। ਕਿਉਂਕਿ ਤਾਕਤ ਚਾਹੁਣ ਵਾਲੇ ਜੋ ਆਦਮੀ ਹਨ ਉਹ ਗ਼ਲਤ ਆਦਮੀ ਹਨ। ਤਾਕਤ ਉਸ ਦੇ ਹੱਥ 'ਚ ਹੋਵੇ ਜੋ ਤਾਕਤ ਨਹੀਂ ਚਾਹੁੰਦਾ, ਤਾਂ ਸ਼ਾਇਦ ਕੁਝ ਲਾਭ ਵੀ ਹੋਵੇ। ਲੇਕਿਨ ਜੋ ਤਾਕਤ ਚਾਹੁੰਦਾ ਹੈ, ਉਸ ਤੋਂ ਲਾਭ ਨਹੀਂ ਹੋ ਸਕਦਾ। ਕਿਉਂਕਿ ਉਸ ਦੀ ਮਹੱਤਵਕਾਂਕਸ਼ਾ ਦਾ ਕੋਈ ਅੰਤ ਨਹੀਂ ਹੋਏਗਾ, ਉਸ ਨੂੰ ਹੋਰ ਤਾਕਤ ਚਾਹੀਦੀ, ਹੋਰ ਤਾਕਤ ਚਾਹੀਦੀ। ਉਹ ਪੂਰੇ ਮੁਲਕ ਨੂੰ, ਮੁਲਕਾਂ ਨੂੰ ਜਦ ਤਕ ਅੱਗ 'ਚ ਨਹੀਂ ਝੋਕ ਦੇਵੇਗਾ ਯੁੱਧ ਦੀ, ਤਦ ਤਕ ਉਸ ਨੂੰ ਤਾਕਤ ਦਾ ਪੂਰਾ ਮਜ਼ਾ ਨਹੀਂ ਆ ਸਕਦਾ।

ਤੁਸੀਂ ਆਪਣੇ ਰਾਜਨੀਤਕਾਂ ਦੇ ਫ਼ੋਟੋ ਗੌਰ ਨਾਲ ਵੇਖੋ। ਤੁਸੀਂ ਹੈਰਾਨ ਹੋਵੋਗੇ। ਤੁਸੀਂ ਉਨ੍ਹਾਂ ਦੀਆਂ ਕਾਰਵਾਈਆ ਨੂੰ ਗੌਰ ਨਾ ਵੇਖੋ। ਤੁਸੀਂ ਜ਼ਰਾ ਆਪਣੇ ਨੂੰ ਦੂਰ ਕਰੋ ਉਸ ਸਾਡੀ ਕੰਡੀਸ਼ਨਿੰਗ ਤੋਂ, ਸੰਸਕਾਰਾਂ ਤੋਂ, ਜੋ ਤੁਹਾਡੇ ਉੱਤੇ ਪਏ ਹਨ, ਅਤੇ ਫਿਰ ਤੁਸੀਂ ਗੌਰ ਨਾਲ ਵੇਖੋ—ਤੁਸੀਂ ਹੱਸੋਗੇ ਕਿ ਇਹ ਕੀ ਹੋ ਰਿਹਾ ਹੈ! ਪੂਰੀ ਧਰਤੀ ਇਕ ਵੱਡਾ ਪਾਗਲਖ਼ਾਨਾ ਹੈ।

ਨਹੀਂ, ਮਨੁੱਖਤਾ ਦਾ ਉਜਾਗਰ ਜੇਕਰ ਰਾਜਨੀਤੀ ਨਾਲ ਹੋਣਾ ਹੁੰਦਾ ਤਾਂ ਕਦੇ ਦਾ ਹੋ ਗਿਆ ਹੁੰਦਾ। ਰਾਜਨੀਤੀ ਤਾਂ ਬਹੁਤ ਪੁਰਾਣੀ ਹੈ। ਮਨੁੱਖਤਾ ਦਾ ਉਜਾਗਰ, ਮਨੁੱਖਤਾ ਦਾ ਉਜਾਗਰ ਨਾਲ ਮੇਰਾ ਮਤਲਬ, ਮਨੁੱਖਾਂ ਦਾ ਉਜਾਗਰ ਸਿਰਫ਼ ਇਕ ਢੰਗ ਨਾਲ ਹੋ ਸਕਦਾ ਹੈ—ਉਹ ਸੱਤਾ ਨਹੀਂ ਹੈ, ਉਹ ਸ਼ੂਨਯਤਾ ਹੈ, ਸ਼ਕਤੀ ਨਹੀਂ ਹੈ, ਸ਼ਾਂਤੀ ਹੈ, ਦੂਜੇ 'ਤੇ ਕਬਜ਼ਾ ਨਹੀਂ ਹੈ, ਆਪਣੀ ਮਾਲਕੀਅਤ, ਆਪਣਾ ਸੁਆਮੀ ਹੋ ਜਾਣਾ ਕਾਫ਼ੀ ਹੈ। ਹੋਰ, ਜੇਕਰ ਹਰ ਇਕ ਆਦਮੀ ਆਪਣਾ ਸੁਆਮੀ ਹੋਵੇ ਤਾਂ ਇਸ ਸੰਸਾਰ ਵਿਚ ਇਕ ਸਵਾਮੀਤੱਵ ਦੀ ਸੁਗੰਧ ਹੋਏਗੀ, ਹਰ ਇਕ ਆਪਣਾ ਮਾਲਿਕ ਹੋਏਗਾ।

ਰਾਜਨੀਤੀ ਹੈ ਦੂਜੇ ਨੂੰ ਆਪਣਾ ਗ਼ੁਲਾਮ ਬਣਾਉਣ ਦੀ ਕੋਸ਼ਿਸ਼, ਦੂਜੇ ਦੇ ਮਾਲਿਕ ਹੋਣ ਦੀ ਕੋਸ਼ਿਸ਼, ਧਰਮ ਹੈ ਆਪਣੇ ਮਾਲਿਕ ਹੋਣ ਦੀ ਕੋਸ਼ਿਸ਼।

ਮਾਲਿਕ ਤਾਂ ਮੈਂ ਵੀ ਤੁਹਾਨੂੰ ਬਣਾਉਣਾ ਚਾਹੁੰਦਾ ਹਾਂ, ਲੇਕਿਨ ਆਪਣਾ ਹੀ, ਤੁਸੀਂ ਹੀ ਤੁਹਾਡੇ ਗ਼ੁਲਾਮ, ਤੁਸੀਂ ਹੀ ਤੁਹਾਡੇ ਮਾਲਿਕ। ਤੁਸੀਂ ਤੁਹਾਡੀ ਪਰਜਾ, ਤੁਸੀਂ ਤੁਹਾਡੇ ਰਾਜਾ! ਤੁਸੀਂ ਤੁਹਾਡਾ ਦੇਸ਼, ਤੁਸੀਂ ਤੁਹਾਡੇ ਸੱਤਾਧਿਕਾਰੀ। ਜੇਕਰ ਤੁਸੀਂ ਆਪਣੇ ਇਕ ਨਿੱਕੇ ਜਿਹੇ ਵਿਸ਼ਵ ਦੇ ਅੰਦਰ ਨੂੰ ਸੰਭਾਲ ਲਵੋ ਤਾਂ ਤੁਸੀਂ ਸਾਰੇ ਵਿਸ਼ਵ ਨੂੰ ਸੰਭਾਲਣ ਦਾ ਸੂਤਰਪਾਤ ਕਰ ਦਿੱਤਾ। ਇਕ ਆਦਮੀ ਸੰਗੀਤ ਨਾਲ ਭਰ ਜਾਏ ਤਾਂ ਉਹ ਆਪਣੇ ਗੁਆਂਢ ਵਿਚ ਸੰਗੀਤ ਦੀਆਂ ਲਹਿਰਾਂ ਪਹੁੰਚਾਉਣ ਲੱਗਦਾ ਹੈ।

ਨਿਸ਼ਚਿਤ ਹੀ, ਮਨੁੱਖਤਾ ਕਿਵੇਂ ਬੇਹਤਰ ਹੋਵੇ, ਇਸ ਦੀ ਕੋਸ਼ਿਸ਼ ਮੈਂ ਵੀ ਕਰ ਰਿਹਾ ਹਾਂ, ਲੇਕਿਨ ਉਹ ਕੋਸ਼ਿਸ਼ ਰਾਜਨੀਤੀ ਦੀ ਕੋਸ਼ਿਸ਼ ਨਹੀਂ ਹੈ। ਮੈਂ ਤੁਹਾਨੂੰ ਸਾਰੀਆਂ ਰਾਜਨੀਤੀਆਂ ਤੋਂ ਮੁਕਤ ਕਰਨਾ ਚਾਹੁੰਦਾ ਹਾਂ। ਮੇਰਾ ਕੋਈ ਚੁਣਾਓ ਨਹੀਂ ਹੈ। ਮੇਰਾ ਇਹ ਚੁਣਾਉ ਨਹੀਂ ਹੈ ਕਿ ਤੁਸੀਂ ਇੰਦਰਾ ਦੀ ਰਾਜਨੀਤੀ ਦੇ ਪੱਖ ਵਿਚ ਰਹੋ ਕਿ ਜੈਪ੍ਰਕਾਸ਼ ਦੀ ਰਾਜਨੀਤੀ ਦੇ ਪੱਖ ਵਿਚ ਰਹੋ। ਮੇਰੇ ਲਈ ਦੋਵੇਂ ਸਮਾਨ ਹਨ। ਰਾਜਨੀਤੀ ਗ਼ਲਤ ਹੈ। ਉਹ ਕਿਸ ਦੀ ਹੈ ਇਸ ਦਾ ਕੋਈ ਮੁੱਲ ਨਹੀਂ ਹੈ। ਤੁਸੀਂ ਰਾਜਨੀਤੀ ਤੋਂ ਮੁਕਤ ਹੋ ਜਾਓ। ਹੋਰ ਜੇਕਰ ਲੋਕ ਮੁਕਤ ਹੁੰਦੇ ਚਲੇ ਗਏ ਤਾਂ ਰਾਜਨੀਤਕ ਵੱਖਰੇ ਹੋ ਜਾਣਗੇ, ਪਰ੍ਹੇ ਖੜੇ ਹੋ ਜਾਣਗੇ। ਉਨ੍ਹਾਂ

ਨੂੰ ਖ਼ੁਦ ਵੀ ਆਪਣੇ ਸੰਘਰਸ਼ ਦੀ ਨਾ-ਸਮਝੀ ਵਿਖਾਈ ਦੇਣ ਲੱਗੇਗੀ। ਲੇਕਿਨ ਤੁਹਾਡੀ ਭੀੜ ਉਨ੍ਹਾਂ ਦੇ ਨਾਲ ਹੁੰਦੀ ਹੈ, ਤਾਂ ਉਨ੍ਹਾਂ ਦੀ ਵੀ ਨਸ਼ਾ ਨਹੀਂ ਉਤਰਦਾ। ਉਨ੍ਹਾਂ ਨੂੰ ਵੀ ਸਮਝ 'ਚ ਨਹੀਂ ਆਉਂਦਾ ਕਿ ਅਸੀਂ ਗ਼ਲਤ ਹੋ ਸਕਦੇ ਹਾਂ, ਕਿਉਂਕਿ ਇੰਨੇ ਕਰੋੜ ਲੋਕ ਨਾਲ ਹਨ।

ਅਤੇ ਤੁਹਾਡੇ ਸਾਥ ਦਾ ਕੋਈ ਭਰੋਸਾ ਨਹੀਂ ਹੈ, ਤੁਸੀਂ ਕਿਸੇ ਦੇ ਵੀ ਜਲੂਸ ਦੇ ਨਾਲ ਜਾਂਦੇ ਹੋ। ਤੁਹਾਨੂੰ ਜਲੂਸ ਦਾ ਮਜ਼ਾ ਆ ਰਿਹਾ ਹੈ। ਲੇਕਿਨ ਤੁਹਾਨੂੰ ਇਹ ਪਤਾ ਨਹੀਂ ਕਿ ਉਹ ਜੋ ਜਲੂਸ ਦੇ ਅੱਗੇ ਝੰਡਾ ਲੈ ਕੇ ਚੱਲ ਰਿਹਾ ਹੈ, ਉਹ ਪਾਗ਼ਲ ਹੋਇਆ ਜਾ ਰਿਹਾ ਹੈ—ਉਹ ਇਹ ਵੇਖ ਕੇ ਕਿ ਲੱਖਾਂ ਲੋਕ ਮੇਰੇ ਨਾਲ ਹਨ। ਤੁਸੀਂ ਤਾਂ ਇਵੇਂ ਹੀ ਨਾਲ ਹੋ ਗਏ ਸੀ—ਤੁਸੀਂ ਤਾਂ ਮਜ਼ਾ ਲੈਣ ਜਾ ਰਹੇ ਸੀ ਕਿ ਪਤਾ ਨਹੀਂ ਕੀ ਹੋਣ ਵਾਲਾ ਹੈ। ਤੁਸੀਂ ਕਲ੍ਹ ਉਸ ਦੇ ਵਿਰੋਧੀ ਦੇ ਜਲੂਸ 'ਚ ਵੀ ਸ਼ਾਮਿਲ ਹੋ ਜਾਉਗੇ। ਲੇਕਿਨ ਤੁਸੀਂ ਦੋਹਾਂ ਨੂੰ ਨਸ਼ਾ ਦੇ ਦਿੱਤਾ।

ਭੀੜ ਸ਼ਰਾਬ ਹੈ। ਜਦ ਕੋਈ ਆਪਣੇ ਪਿੱਛੇ ਵੱਡੀ ਭੀੜ ਵੇਖਦਾ ਹੈ, ਹੋਸ਼ ਗੁਆ ਦਿੰਦਾ ਹੈ। ਉਸ ਨੂੰ ਲੱਗਦਾ ਹੈ ਹੁਣ ਮੇਰੇ ਹੱਥ ਵਿਚ ਸਭ ਹੈ। ਹੁਣ ਮੈਂ ਜੋ ਚਾਹਾਂਗਾ, ਕਰ ਕੇ ਦਿਖਾ ਦਿਆਂਗਾ।

ਤੁਸੀਂ ਰਾਜਨੀਤਕਾਂ ਦੇ ਦਿਮਾਗ਼ ਨੂੰ ਖ਼ਰਾਬ ਕਰਦੇ ਹੋ, ਤੁਸੀਂ ਉਨ੍ਹਾਂ ਦੀਆਂ ਨਿੱਕੀਆਂ ਬੁੱਧੀਆਂ ਦੇ ਗੁਬਾਰਿਆਂ ਵਿਚ ਖ਼ੂਬ ਹਵਾ ਭਰਦੇ ਹੋ। ਤੁਸੀਂ ਉਨ੍ਹਾਂ ਨੂੰ ਉਥੋਂ ਤਕ ਲੈ ਜਾਂਦੇ ਹੋ ਜਿੱਥੇ ਉਹ ਫੁੱਟ ਜਾਂਦੇ ਹਨ। ਤੁਹਾਡੇ ਸਾਰੇ ਰਾਜਨੀਤਕ ਉਸ ਦਸ਼ਾ ਵਿਚ ਪੁੱਜ ਜਾਂਦੇ ਹਨ! ਉਨ੍ਹਾਂ ਤੋਂ ਤੁਸੀਂ ਆਪਣਾ ਹੱਥ ਹਟਾ ਲਓ।

ਮੈਂ ਤੁਹਾਨੂੰ ਆਖਦਾ ਹਾਂ ਕਿ ਤੁਸੀਂ ਇੰਨਾ ਹੀ ਕਰ ਲਓ ਕਿ ਤੁਸੀਂ ਆਪਣੇ ਨੂੰ ਜਮਾ ਲਓ, ਸਾਰੀ ਦੁਨੀਆਂ ਆਪਣੇ ਆਪ ਇਕੱਠੀ ਹੋਣ ਲੱਗੇਗੀ।

ਇਕ ਛੋਟੇ ਸਕੂਲ ਵਿਚ ਅਜਿਹਾ ਹੋਇਆ ਕਿ ਇਕ ਮਾਸਟਰ ਆਪਣੇ ਬੱਚਿਆਂ ਨੂੰ ਸਮਝਾ ਰਿਹਾ ਸੀ। ਦੁਨੀਆਂ ਦਾ ਨਕਸ਼ਾ ਉਸ ਨੇ ਕਈ ਟੁਕੜਿਆਂ ਵਿਚ ਟੋਟੇ ਕਰ ਦਿੱਤਾ, ਅਤੇ ਬੱਚਿਆਂ ਨੂੰ ਕਿਹਾ ਕਿ ਹੁਣ ਤੁਸੀਂ ਇਸ ਨੂੰ ਜਮਾ ਕੇ ਦੱਸੋ। ਬੱਚੇ ਬਹੁਤ ਮੁਸ਼ਕਿਲ ਵਿਚ ਪੈ ਗਏ। ਕਈ ਸੌ ਟੋਟੇ ਕਰ ਦਿੱਤੇ ਉਸ ਨੇ ਦੁਨੀਆਂ ਦੇ ਨਕਸ਼ੇ ਦੇ। ਮੁਸ਼ਕਿਲ ਸੀ। ਟਿਮਬਕਟੂ ਦੀ ਥਾਂ ਮੈਡਗਾਸਕਰ ਚਲਾ ਗਿਆ, ਮੈਡਗਾਸਕਰ ਦੀ ਥਾਂ ਟਿਮਬਕਟੂ ਆ ਗਿਆ। ਔਖਿਆਈ ਮਾਲੂਮ ਹੋਣ ਲੱਗੀ ਕਿ ਕਿੱਥੇ ਸਪੇਨ ਨੂੰ ਰੱਖੀਏ, ਕਿੱਥੇ ਤਿੱਬਤ ਨੂੰ—ਕਿਉਂਕਿ ਟੁਕੜੇ-ਟੁਕੜੇ ਕਰ ਦਿੱਤੇ। ਲੇਕਿਨ ਇਕ ਮੁੰਡੇ ਨੇ, ਇਕ ਨਿੱਕੇ ਮੁੰਡੇ ਨੇ, ਉਸ ਨਕਸ਼ੇ ਦੇ ਗੱਤੇ ਨੂੰ ਉਲਟਾ ਕੇ ਵੇਖਿਆ। ਉਸ ਨੂੰ ਤਰਕੀਬ ਮਿਲ ਗਈ। ਦੂਜੇ ਪਾਸੇ ਕੁੰਜੀ ਸੀ। ਦੂਜੇ ਪਾਸੇ ਇਕ ਆਦਮੀ ਦੀ ਤਸਵੀਰ ਬਣੀ ਹੋਈ ਸੀ। ਉਸ

ਨੇ ਸਾਰੇ ਟੁਕੜੇ ਉਲਟਾ ਦਿੱਤੇ ਅਤੇ ਆਦਮੀ ਦੀ ਤਸਵੀਰ ਜਮਾ (ਬਣਾ) ਦਿੱਤੀ। ਇਸ ਪਾਸੇ ਆਦਮੀ ਬਣਦਾ ਗਿਆ, ਉਸ ਪਾਸੇ ਦੁਨੀਆਂ ਬਣ ਗਈ।

ਉਹ ਹੀ ਮੈਂ ਤੁਹਾਨੂੰ ਆਖਦਾ ਹਾਂ। ਆਦਮੀ ਜੰਮ ਜਾਏ ਤਾਂ ਸਾਰੀ ਦੁਨੀਆਂ ਜੰਮ ਜਾਏਗੀ। ਤੁਸੀਂ ਦੁਨੀਆਂ ਨੂੰ ਜਮਾਉਂਦੇ ਰਹੋ, ਆਦਮੀ ਕਦੇ ਵੀ ਨਹੀਂ ਜੰਮ ਸਕੇਗਾ, ਦੁਨੀਆਂ ਵੀ ਨਹੀਂ ਜੰਮੇਗੀ। ਦੁਨੀਆਂ ਨੂੰ ਜਮਾਉਣ ਦੀ ਕੁੰਜੀ ਆਦਮੀ ਦੀ ਤਸਵੀਰ ਹੈ। ਉਸ ਤਸਵੀਰ ਨੂੰ ਜਮਾਉਣ ਕਿਤੇ ਵੀ ਨਹੀਂ ਜਾਣਾ ਹੈ, ਕਿਉਂਕਿ ਤੁਸੀਂ ਵੀ ਉਹ ਹੀ ਕੁੰਜੀ ਹੋ। ਤੁਸੀਂ ਆਪਣੇ ਤੋਂ ਸ਼ੁਰੂ ਕਰ ਦਿਓ।

ਰਾਜਨੀਤੀ ਸਦਾ ਦੂਜੇ ਤੋਂ ਸ਼ੁਰੂ ਹੁੰਦੀ ਹੈ, ਧਰਮ ਸਦਾ ਆਪਣੇ ਤੋਂ। ਤਾਂ ਨਾ ਤਾਂ ਮੈਂ ਕਿਸੇ ਦੀ ਰਾਜਨੀਤੀ ਦੇ ਪੱਖ ਵਿਚ ਹਾਂ, ਨਾ ਕਿਸੇ ਦੀ ਰਾਜਨੀਤੀ ਦੇ ਵਿਰੋਧ ਵਿਚ ਹਾਂ। ਮੈਂ ਰਾਜਨੀਤੀ ਮਾਤਰ ਦੇ ਵਿਰੋਧ 'ਚ ਹਾਂ।

ਤੀਜਾ ਸਵਾਲ—ਫ਼ਰੀਦ ਅਤੇ ਤੁਸੀਂ ਦੋਵੇਂ ਆਖਦੇ ਹੋ ਕਿ ਜੀਵਨ ਦੀ ਜੋ ਉੱਚਤਮ ਅਵਸਥਾ ਹੈ, ਉਸ ਨੂੰ ਹੀ ਪ੍ਰਭੂ ਦੇ ਪ੍ਰੇਮ ਵਿਚ ਲਾ ਦਿਓ, ਕਿਉਂਕਿ ਧਰਮ ਹੀ ਸਾਰ ਹੈ, ਬਾਕੀ ਸਭ ਕੁਝ ਅਸਾਰ ਹੈ। ਇਸ ਬਾਰੇ ਵਿਚ ਕੁਝ ਮਿੱਤਰ ਦੇਸ਼-ਪ੍ਰੇਮ ਦੀ ਗੱਲ ਕਰਦੇ। ਪੁੱਛਦੇ ਹਨ ਕਿ ਜਦ ਦੇਸ਼ ਆਪਾਤ ਅਤੇ ਸੰਕਟ ਦੀ ਹਾਲਤ ਵਿਚੋਂ ਲੰਘ ਰਿਹਾ ਹੋਵੇ, ਤਦ ਵੀ ਕੀ ਭਗਵਾਨ ਸ੍ਰੀ ਲਈ ਭਗਵਤ ਭਜਨ ਦਾ ਇਕਤਾਰਾ ਵਜਾਈ ਜਾਣਾ ਉਚਿਤ ਹੈ?

ਹੋਰ ਕੋਈ ਸੰਗੀਤ ਹੀ ਨਹੀਂ ਹੈ, ਬੱਸ ਇਕਤਾਰਾ ਹੈ ਭਗਵਤ ਭਜਨ ਦਾ।

ਹਰ, ਆਪਾਤ ਦੀ ਹਾਲਤ ਅੱਜ ਨਹੀਂ, ਸਦਾ ਤੋਂ ਹੈ। ਅਜਿਹਾ ਕੋਈ ਛਣ ਹੀ ਨਹੀਂ ਰਿਹਾ ਮਨੁੱਖ ਦੇ ਇਤਿਹਾਸ ਵਿਚ ਜਦ ਕੋਈ ਸੰਕਟ ਨਾ ਹੋਵੇ। ਜੇਕਰ ਤੁਸੀਂ ਸੰਕਟਾਂ ਨੂੰ ਹੀ ਵੇਖਦੇ ਰਹੇ ਤਾਂ ਬੁੱਧਾਂ ਦਾ ਪੈਦਾ ਹੋਣਾ ਹੀ ਬੰਦ ਹੋ ਜਾਏਗਾ।

ਬੁੱਧ ਦੇ ਵੇਲੇ ਸੰਕਟ ਨਹੀਂ ਸੀ? ਬਹੁਤ ਸੰਕਟ ਸੀ। ਰਾਜਨੀਤਕ ਤਾਂ ਅਜਿਹੀ ਵਿਆਖਿਆ ਕਰਦੇ ਹਨ ਕਿ ਬੁੱਧ ਘਰ ਨੂੰ ਛੱਡ ਕੇ ਗਏ ਹੀ ਇਸ ਲਈ ਸਨ ਕਿ ਬੁੱਧ ਦੇ ਰਾਜ ਵਿਚ ਹੋਰ ਗੁਆਂਢੀ ਰਾਜਿਆਂ ਵਿਚ ਸੰਘਰਸ਼ ਸੀ। ਕਿਤੇ ਝੰਜਟ ਵਿਚ ਨਾ ਉਤਰਨਾ ਪਏ, ਇਸ ਲਈ ਉਹ ਚੁੱਪ-ਚਾਪ ਘਰੋਂ ਨਿਕਲ ਗਏ। ਰਾਜਨੀਤਕਾਂ ਦੀ ਵਿਆਖਿਆ ਬੁੱਧ ਦੀ ਇਹ ਹੀ ਹੈ।

ਰਾਜਨੀਤਕ ਮਹਾਂਵੀਰ ਦੇ ਸੰਬੰਧ ਵਿਚ ਵੀ ਇਹ ਹੀ ਕਹਿੰਦੇ ਹਨ ਕਿ ਘਰ ਛੱਡਿਆ ਉਨ੍ਹਾਂ ਨੇ ਧਰਮ ਲਈ ਨਹੀਂ, ਰਾਜ ਮਿਲ ਗਿਆ ਉਨ੍ਹਾਂ ਦੇ ਵੱਡੇ ਭਰਾ ਨੂੰ—ਉਹ ਛੋਟੇ ਭਰਾ ਸੀ, ਰਾਜ ਮਿਲ ਨਹੀਂ ਸਕਦਾ ਸੀ—ਇਹ ਹੀ ਦੰਸ (ਰੋਗ) ਉਨ੍ਹਾਂ ਨੇ ਘਰ ਛੱਡ ਦਿੱਤਾ।

ਰਾਜਨੀਤਕਾਂ ਦੀਆਂ ਆਪਣੀਆਂ ਵਿਆਖਿਆਵਾਂ ਹਨ। ਉਹ ਹਰ ਚੀਜ਼ ਵਿਚ ਰਾਜਨੀਤੀ ਲੱਭਦਾ ਹੈ। ਇਹ ਛੋਟੇ ਭਰਾ ਦੀ ਦੁਖੀ ਅਵਸਥਾ ਹੈ ਕਿ ਮੈਨੂੰ ਤਾਂ ਮਿਲਣਾ ਨਹੀਂ ਹੈ ਰਾਜ, ਕੀ ਸਾਰ ਹੈ ਰਾਜਯ ਵਿਚ! ਮਿਲਦਾ ਤਾਂ ਸਾਰ ਹੁੰਦਾ, ਜਦ ਮਿਲਿਆ ਹੀ ਨਹੀਂ, ਤਾਂ ਸਾਰ ਨਹੀਂ ਸੀ। ਅੰਗੂਰ ਖੱਟੇ ਹਨ, ਸਮਝ ਕੇ ਮਹਾਂਵੀਰ ਘਰ ਛੱਡ ਕੇ ਚਲੇ ਗਏ।

ਬੁੱਧ ਨੂੰ ਲੱਗਿਆ ਕਿ ਇਹ ਤਾਂ ਬਹੁਤ ਉਪੱਦਰ ਹੋਣ ਵਾਲਾ ਹੈ, ਝੰਜਟ ਹੋਏਗਾ, ਝਗੜਾ ਹੋਏਗਾ, ਯੁੱਧ ਹੋਏਗਾ। ਕਾਇਰ ਰਹੇ ਹੋਣਗੇ। ਛੱਡ ਕੇ ਭੱਜ ਗਏ।

ਸੰਕਟ ਕਦ ਨਹੀਂ ਸੀ?

ਜੀਸਸ ਦੇ ਵੇਲੇ ਸੰਕਟ ਨਹੀਂ ਸੀ? ਯਹੂਦੀ ਗੁਲਾਮ ਸੀ। ਰੋਮਨ ਰਾਜਯ ਸੀ। ਉਚਿਤ ਤਾਂ ਇਹ ਹੋਇਆ ਹੁੰਦਾ ਕਿ ਜੀਸਸ ਵੀ ਦੇਸ਼-ਪ੍ਰੇਮੀਆਂ ਵਿਚ ਸ਼ਾਮਿਲ ਹੋ ਗਏ ਹੁੰਦੇ! ਭਜਨ ਦਾ ਇਕਤਾਰਾ ਸੁੱਟ ਦਿੱਤਾ ਹੁੰਦਾ। ਅਤੇ ਰਾਜਨੀਤੀ ਦੀ ਬੰਦੂਕ ਚੁੱਕ ਲਈ ਹੁੰਦੀ। ਛਾਤੀਆਂ ਵਿੰਨ੍ਹਣ ਲੱਗਦੇ। ਹਿਰਦੇ ਦੇ ਗੀਤ ਗਾਉਣੇ ਬੰਦ ਕਰ ਦਿੱਤੇ ਹੁੰਦੇ। ਤਾਂ ਤੁਹਾਨੂੰ ਇਕ ਸੈਨਿਕ ਹੋਰ ਮਿਲ ਜਾਂਦਾ। ਇਕ ਪਾਗ਼ਲ ਹੋਰ ਮਿਲ ਜਾਂਦਾ ਲੇਕਿਨ ਪਾਗ਼ਲਾਂ ਦੀ ਤੁਹਾਨੂੰ ਵੈਸੇ ਹੀ ਕੀ ਕਮੀ ਹੈ? ਇਸ ਇਕ ਪਾਗ਼ਲ ਨਾਲ ਤੁਹਾਡੀ ਕੁਝ ਹੋਰ ਸੰਖਿਆ ਨਾ ਵਧ ਜਾਂਦੀ। ਲੇਕਿਨ ਜੀਸਸ ਆਪਣਾ ਇਕਤਾਰਾ ਵਜਾਉਂਦੇ ਰਹੇ। ਬੁੱਧ ਆਪਣਾ ਇਕਤਾਰਾ ਵਜਾਉਂਦੇ ਰਹੇ।

ਮੀਰਾ ਦੇ ਵੇਲੇ ਸੰਕਟ ਨਹੀਂ ਸੀ? ਮੁਸਲਮਾਨ ਮੁਲਕ ਉੱਤੇ ਛਾਏ ਸਨ, ਕਬਜ਼ਾ ਉਨ੍ਹਾਂ ਨੇ ਕਰ ਲਿਆ ਸੀ। ਹਿੰਦੂ ਧਰਮ ਸੰਕਟ ਵਿਚ ਸੀ ਅਤੇ ਮੀਰਾ ਭਗਵਤ-ਭਜਨ ਦੇ ਗੀਤ ਗਾਉਂਦੀ ਰਹੀ, ਨੱਚਦੀ ਰਹੀ।

ਦੇਸ਼-ਧ੍ਰੋਹੀ ਮਾਲੂਮ ਹੁੰਦੇ ਹਨ ਇਹ ਸਭ ਲੋਕ। ਜਦ ਵੀ ਸੰਕਟ ਹੈ, ਤਦ ਹੀ ਆਪਣਾ ਭਜਨ ਗਾਉਂਦੇ ਹਨ।

ਤੁਲਸੀ ਦਾਸ ਵੀ ਬੈਠੇ ਕੀ ਖ਼ਾਕ ਰਮਾਇਣ ਲਿਖਦੇ ਰਹੇ! ਉਹ ਕੋਈ ਵੇਲਾ ਰਮਾਇਣ ਲਿਖਣ ਦਾ ਸੀ? ਚੁੱਕ ਲੈਂਦੇ ਛੁਰਾ ਅਤੇ ਕੁੱਦ ਪੈਂਦੇ। ਦੇਸ਼-ਪ੍ਰੇਮ ਵਿਚ ਮਰ ਜਾਂਦੇ।

ਤੁਸੀਂ ਥੋੜ੍ਹਾ ਸੋਚਾ, ਸੰਕਟ ਕਦੋਂ ਨਹੀਂ ਸੀ? ਆਦਮੀ ਜਿਹੋ ਜਿਹਾ ਹੈ, ਸੰਕਟ ਸਦਾ ਰਹੇਗਾ ਹੀ। ਅਜਿਹੇ ਆਦਮੀ ਦਾ ਸੰਕਟ ਬਣਿਆ ਹੀ ਰਹੇਗਾ। ਅਜਿਹਾ ਆਦਮੀ ਸੰਕਟ ਤੋਂ ਬਾਹਰ ਹੋ ਨਹੀਂ ਸਕਦਾ। ਜੇਕਰ ਇਸ ਸੰਕਟ ਨੂੰ ਵੇਖ ਕੇ ਹੀ ਕੋਈ ਟੁਰਦਾ ਰਹੇ ਤਾਂ ਫਿਰ ਇਸ ਸੰਕਟ ਤੋਂ ਬਾਹਰ ਜਾਣ ਦਾ ਕੋਈ ਉਪਾਇ ਨਹੀਂ। ਇਸ ਸੰਕਟ ਤੋਂ ਬਾਹਰ ਜਾਣ ਦਾ ਉਪਾਇ ਉਸ ਇਕਤਾਰੇ ਦੀ ਧੁੰਨ

ਨੂੰ ਸੁਣ ਲੈਣਾ ਹੈ। ਤੁਹਾਡੀ ਭੀੜ, ਤੁਹਾਡੇ ਬਾਜ਼ਾਰ ਦੇ ਕੋਲ ਹੀ ਕੋਈ ਇਕਤਾਰਾ ਵਜਾਈ ਚਲਾ ਜਾਂਦਾ ਹੈ, ਉਹ ਸੰਕਟ ਦੇ ਬਾਹਰ ਹੈ।

ਮੈਂ ਤੁਹਾਨੂੰ ਆਖਦਾ ਹਾਂ, ਮੈਂ ਸੰਕਟ ਤੋਂ ਬਾਹਰ ਹਾਂ, ਆਪਾਤ ਹਾਲਤ ਤੋਂ ਬਾਹਰ ਹਾਂ, ਤੁਸੀਂ ਮੈਨੂੰ ਹੱਥਕੜੀਆਂ ਵਿਚ ਬੰਨ੍ਹ ਕੇ ਕਾਲ-ਕੋਠੜੀ ਵਿਚ ਸੁੱਟ ਦਿਓ ਤਾਂ ਵੀ ਮੈਂ ਤੁਹਾਡੀਆਂ ਹੱਥਕੜੀਆਂ ਤੋਂ ਬਾਹਰ ਹਾਂ। ਤੁਸੀਂ ਮੇਰੀ ਗਰਦਨ ਵੱਢ ਦਿਓ, ਤਾਂ ਵੀ ਤੁਹਾਡੀ ਹੱਤਿਆ ਤੋਂ ਬਾਹਰ ਹਾਂ। ਤੁਸੀਂ ਜੇਕਰ ਮੇਰੇ ਇਕਤਾਰੇ ਨੂੰ ਸੁਣਿਆ, ਤੁਸੀਂ ਵੀ ਬਾਹਰ ਹੋ ਜਾਉਗੇ। ਉਸ ਇਕਤਾਰੇ ਦੀ ਧੁੰਨ ਨੂੰ ਸੁਣ ਕੇ ਹੀ ਟੁਰ ਪੈਣਾ, ਬਾਹਰ ਹੋ ਜਾਣ ਦਾ ਉਪਾਇ ਹੈ। ਜੇਕਰ ਤੁਸੀਂ ਕਿਹਾ ਕਿ ਪਹਿਲਾਂ ਸੰਕਟ ਨੂੰ ਨਿਪਟਾਅ ਲੈਣ ਦਿਓ! ਪਹਿਲਾਂ ਆਪਾਤ ਸਥਿਤੀ ਨੂੰ ਟਲ ਜਾਣ ਦਿਓ—ਪਹਿਲਾਂ ਸਾਰੀ ਦੁਨੀਆਂ ਠੀਕ ਹੋ ਜਾਏ, ਫਿਰ ਅਸੀਂ ਵੀ ਚਾਹੁੰਦੇ ਹਾਂ ਵਜਾਈਏ ਇਹ ਗੀਤ ਅਤੇ ਨੱਚੀਏ ਮੀਰਾ ਦੇ ਵਾਂਗ ਅਤੇ ਚੈਤਨਯ ਦੀ ਤਰ੍ਹਾਂ ਖ਼ੁਸ਼ ਹੋਈਏ, ਪਰ ਠਹਿਰੋ, ਅਜੇ ਬਹੁਤ ਸਾਰੀਆਂ ਚੀਜ਼ਾਂ ਉਲਝੀਆਂ ਹਨ, ਅਜੇ ਇਨ੍ਹਾਂ ਨੂੰ ਸੁਲਝਾ ਲੈਣ ਦਿਓ। ਕੀ ਤੁਸੀਂ ਸੋਚਦੇ ਹੋ ਇਸ ਤਰ੍ਹਾਂ ਕੋਈ ਘੜੀ ਆਏਗੀ, ਜਿਸ ਦਿਨ ਤੁਸੀਂ ਸੁਲਝਾ ਸਕੋਗੇ ? ਕੀ ਸੁਲਝਾਉਣਾ ਤੁਹਾਡੇ ਹੱਥ ਵਿਚ ਹੈ ? ਤੁਸੀਂ ਉਲਝੇ ਹੀ ਉਲਝੇ ਮਰ ਜਾਉਗੇ। ਤੁਸੀਂ ਸੋਚ ਲਓ। ਉਲਝੇ ਹੀ ਉਲਝੇ ਮਰ ਜਾਣਾ ਹੋਵੇ ਉਲਝੇ ਹੀ ਉਲਝੇ ਮਰ ਜਾਓ। ਲੇਕਿਨ ਇਸ ਭਰਮ ਵਿਚ ਨਾ ਰਹੋ ਕਿ ਸੁਲਝਾ ਕੇ ਕਿਸੇ ਦਿਨ, ਫਿਰ ਉਸ ਇਕਤਾਰੇ ਨੂੰ ਸੁਣੋਂਗੇ ਜੋ ਪਰਮਾਤਮਾ ਦਾ ਹੈ। ਤਾਂ ਤੁਸੀਂ ਗ਼ਲਤੀ ਵਿਚ ਹੋ। ਤਾਂ ਇਹ ਕਦੇ ਵੀ ਨਹੀਂ ਹੋਏਗਾ।

ਜਿਸ ਨੂੰ ਜਾਣਾ ਹੈ ਬਾਹਰ ਉਸ ਨੂੰ ਅੱਜ ਹੀ ਜਾਣਾ ਹੋਏਗਾ। ਅੱਜ ਤੋਂ ਇਲਾਵਾ ਹੋਰ ਕਿਤੇ ਰਾਹ ਨਹੀਂ ਹੈ। ਇਸੇ ਘੜੀ ਉਸ ਨੂੰ ਜਾਗਣਾ ਹੋਏਗਾ। ਕਿਉਂਕਿ ਪਲ-ਪਲ ਹੱਥਾਂ 'ਚੋਂ ਬੀਤਦੇ ਚਲੇ ਜਾਂਦੇ ਹਨ।

ਫ਼ਰੀਦ ਕਹਿ ਰਿਹਾ ਹੈ! ਫਰੀਦਾ ਜਾਂ ਤਉ ਖਟਣ ਵੇਲ—ਜਦ ਜੁਆਨ ਸੀ। ਸ਼ਕਤੀ ਭਰੀ ਸੀ, ਤਦ ਤੂੰ ਮਿੱਟੀ ਵਿਚ ਗੁਆ ਦਿੱਤੀ।

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥ ਅਤੇ ਜਿਸ-ਜਿਸ ਨੂੰ ਤੂੰ ਸੁੱਖ ਸਮਝਿਆ ਸੀ, ਉਹ ਵੇਖ ਫਰੀਦਾ, ਸਭ ਦੁੱਖ ਹੋ ਗਿਆ। ਇਸ ਤੋਂ ਪਹਿਲਾਂ ਕਿ ਅਜਿਹੀ ਰੁਦਨ ਦੀ ਵੇਲਾ ਆਏ, ਜਾਗ ਜਾਓ।

ਨਿਸ਼ਚਿਤ ਹੀ ਮੈਂ ਇਕਤਾਰਾ ਵਜਾ ਰਿਹਾ ਹਾਂ। ਇਕਤਾਰਾ ਹੈ ਉਹ, ਕਿਉਂਕਿ ਉਸ ਵਿਚ ਇਕ ਹੀ ਸੁਰ ਹੈ। ਉਸ ਵਿਚ ਸਿਰਫ਼ ਪਰਮਾਤਮਾ ਦਾ ਸੁਰ ਹੈ। ਇੰਨੀਆਂ ਗੱਲਾਂ ਸਭ ਕਹਿੰਦਾ ਹਾਂ, ਇੰਨੀਆਂ ਗੱਲਾਂ ਥੋੜ੍ਹੇ ਕਹਿੰਦਾ ਹਾਂ, ਇਕ

ਹੀ ਗੱਲ ਕਹਿੰਦਾ ਹਾਂ। ਇੰਨੀਆਂ ਗੱਲਾਂ ਵਿਚ ਇਕ ਹੀ ਗੱਲ ਕਹੀ ਜਾ ਰਹੀ ਹੈ। ਇਕਤਾਰਾ ਹੈ। ਉਸ ਵਿਚ ਸੱਤ ਸੁਰ ਵੀ ਨਹੀਂ ਹਨ। ਉਹ ਇੰਦਰ-ਧਨੁਸ਼ ਦੇ ਵਾਂਗ ਸਤ ਰੰਗਾਂ ਵਾਲਾ ਨਹੀਂ ਹੈ, ਸਗੋਂ ਉਹ ਜਿੱਥੇ ਇੰਦਰ-ਧਨੁਸ਼ ਦੇ ਸੱਤ-ਰੰਗ ਮਿਲ ਕੇ ਇਕ ਹੀ ਪ੍ਰਕਾਸ਼ ਬਣ ਜਾਂਦਾ ਹੈ। ਇੰਦਰ-ਧਨੁਸ਼ ਦੇ ਸੱਤ ਰੰਗਾਂ ਵਿਚ ਖੰਡਿਤ ਹੋ ਗਈ ਹੈ ਇਕ ਹੀ ਪ੍ਰਕਾਸ਼ ਦੀ ਧਾਰਾ।

ਭੌਤਕੀ ਤੋਂ ਪੁੱਛੋ ਤਾਂ ਭੌਤਿਕ ਸ਼ਾਸਤ੍ਰ ਕਹਿੰਦਾ ਹੈ ਕਿ ਪ੍ਰਕਾਸ਼ ਦਾ ਰੰਗ ਤਾਂ ਸਫ਼ੇਦ ਹੈ। ਸ਼ੁੱਧਤਮ ਸਫ਼ੇਦ ਹੈ, ਫਿਰ ਜਦ ਪ੍ਰਕਾਸ਼ ਪਾਣੀ ਦੀ ਬੂੰਦ ਵਿਚੋਂ ਲੰਘਦਾ ਹੈ ਤਾਂ ਸੱਤ ਹਿੱਸਿਆਂ ਵਿਚ ਟੁੱਟ ਜਾਂਦਾ ਹੈ, ਇਸ ਲਈ ਇੰਦਰ-ਧਨੁਸ਼ ਬਣ ਜਾਂਦਾ ਹੈ। ਹਵਾ ਦੇ ਵਿਚ ਲਟਕੇ ਹੋਏ ਪਾਣੀ ਦੇ ਕਣ ਵਿਚੋਂ ਸੂਰਜ ਦੀ ਲੰਘਦੀ ਹੋਈ ਕਿਰਣ ਸੱਤ ਰੰਗਾਂ ਵਿਚ ਟੁੱਟ ਜਾਂਦੀ ਹੈ।

ਛੋਟੇ-ਛੋਟੇ ਬੱਚਿਆਂ ਨੂੰ ਸਮਝਾਉਣ ਲਈ ਸਕੂਲਾਂ ਵਿਚ ਇਕ ਗੋਲ ਵਾਰਤੂਲਾਕਾਰ, ਜਿਵੇਂ ਕਿ ਇਕ ਚਰਖੇ ਦਾ ਚਾਕ ਹੁੰਦਾ ਹੈ, ਅਜਿਹਾ ਚੱਕਰ ਹੁੰਦਾ ਹੈ, ਉਸ ਵਿਚ ਸੱਤ ਰੰਗ ਬਣੇ ਹੁੰਦੇ ਹਨ। ਉਸ ਚੱਕਰ ਨੂੰ ਜ਼ੋਰ ਨਾਲ ਘੁਮਾਓ, ਘੁਮਾਉਂਦੇ ਜਾਓ, ਹੌਲੀ-ਹੌਲੀ ਸੱਤ ਰੰਗ ਗੁਆਚ ਜਾਂਦੇ ਹਨ ਅਤੇ ਸ਼ੁੱਧ ਰੰਗ ਪ੍ਰਗਟ ਹੋ ਜਾਂਦਾ ਹੈ—ਇਕ ਪਰਗਟ ਹੋ ਜਾਂਦਾ ਹੈ ਸੱਤ ਸਵਰ ਹਨ।

ਉਹ ਉਸ ਪਰਮਾਤਮਾ ਦੇ ੧ਓਂ ਨਾਦ ਦੇ ਸੱਤ ਖੰਡ ਹਨ। ਸੱਤ ਦਿਨ ਹਨ। ਉਹ ਉਸ ਪਰਮਾਤਮਾ ਦੀ ਅਖੰਡ ਅਨੰਤਤਾ ਦੇ ਹੀ ਸੱਤ ਰੂਪ ਹਨ।

ਇਕਤਾਰਾ ਹੀ ਹੈ। ਮੈਂ ਇਕ ਹੀ ਆਵਾਜ਼, ਇਕ ਹੀ ਓਂਕਾਰ ਦੀ ਆਵਾਜ਼ ਨੂੰ ਕਹੀ ਚਲਾ ਜਾਂਦਾ ਹਾਂ। ਬਹੁਤ ਰੂਪ ਦਿੰਦਾ ਹਾਂ ਉਸ ਨੂੰ, ਬਹੁਤ ਰੰਗ ਦਿੰਦਾ ਹਾਂ, ਬਹੁਤ ਕੱਪੜੇ ਪੁਆਉਂਦਾ ਹਾਂ, ਲੇਕਿਨ ਜਦ ਵੀ ਤੁਸੀਂ ਅੰਦਰ ਝਾਕੋਗੇ, ਤੁਸੀਂ ਇਕ ਹੀ ਆਵਾਜ਼ ਪਾਉਗੇ ਅਤੇ ਮੈਂ ਮੰਨਦਾ ਹਾਂ ਕਿ ਉਹ ਹੀ ਇਕ ਮਾਤਰ ਉਪਾਇ ਹੈ! ਜਿਸ ਨਾਲ ਤੁਸੀਂ ਆਪਾਤ ਦੀ ਹਾਲਤ ਤੋਂ ਬਾਹਰ ਜਾਉਗੇ। ਨਹੀਂ ਤਾਂ ਮਨੁੱਖ ਦੇ ਜਗਤ ਦਾ ਕਾਰੋਬਾਰ ਤਾਂ ਸਦਾ ਹੀ ਸੰਕਟ ਵਿਚ ਹੈ। ਕਦੇ ਇਕ ਉਪੱਦਰ ਹੈ, ਕਦੇ ਦੂਜਾ ਉਪੱਦਰ ਹੈ, ਕਦੇ ਤੀਜਾ ਉਪੱਦਰ ਹੈ। ਇੰਨੇ ਉਪੱਦਰ ਵੀ ਹਨ, ਤੁਸੀਂ ਸੋਚ ਵੀ ਨਹੀਂ ਸਕਦੇ ਕਿ ਕਦੇ ਅਜਿਹਾ ਹੋ ਸਕਦਾ ਹੈ ਕਿ ਉਪੱਦਰ ਨਹੀਂ ਹੋਏਗਾ। ਤੁਹਾਨੂੰ ਇਸ ਅਵਸਥਾ ਦੀ ਚਿੰਤਾ ਨਾ ਕਰ ਕੇ ਸ੍ਵੈ ਨੂੰ ਬਾਹਰ ਕਰ ਲੈਣਾ ਹੋਏਗਾ।

ਅਤੇ ਮੈਂ ਤੁਹਾਨੂੰ ਆਖਦਾ ਹਾਂ। ਜੇਕਰ ਤੁਸੀਂ ਬਾਹਰ ਹੋ ਗਏ ਹੋ ਤਾਂ ਜਗਤ ਦਾ ਇਕ ਬਹੁਤ ਕੀਮਤੀ ਹਿੱਸਾ ਬਾਹਰ ਹੋਇਆ। ਤੁਸੀਂ ਅੰਦਰ ਸੀ ਤਾਂ ਤੁਸੀਂ ਨਾ ਕੁਝ ਸੀ, ਭੀੜ ਦੇ ਹਿੱਸੇ ਸੀ, ਸੁੱਤੇ ਹੋਏ ਲੋਕਾਂ ਦਾ ਇਕ ਅੰਗ ਸੀ। ਜਦ

ਤੁਸੀਂ ਬਾਹਰ ਹੋਏ ਤਾਂ ਤੁਸੀਂ ਜਾਗਰਣ ਦਾ ਹਿੱਸਾ ਹੋਏ, ਤੁਸੀਂ ਇਕ ਬਹੁਤ ਮਹੱਤਵਪੂਰਣ ਘਟਨਾ ਘਟ ਗਏ ਅਤੇ ਤੁਹਾਡੇ ਜਾਗਰਣ ਦੀ ਛਾਂ ਦੂਜਿਆਂ ਉੱਤੇ ਪਏਗੀ।

ਇਕ ਜਾਗਿਆ ਹੋਇਆ ਆਦਮੀ ਹਜ਼ਾਰਾਂ ਨੂੰ ਜਗਾ ਸਕਦਾ ਹੈ, ਲੱਖਾਂ ਨੂੰ ਜਗਾ ਸਕਦਾ ਹੈ। ਤੁਸੀਂ ਵੀ ਜੇਕਰ ਇਕਤਾਰਾ ਚੁੱਕ ਲਿਆ ਅਤੇ ਲੋਕਾਂ ਨੂੰ ਜਗਾਉਣ ਲੱਗੇ ਤਾਂ ਸ਼ਾਇਦ ਕੁਝ ਹੋਰ ਲੋਕ ਆਪਾਤ ਦੀ ਹਾਲਤ 'ਚੋਂ ਬਾਹਰ ਆ ਜਾਣ।

ਤਾਂ ਦੋ ਉਪਾਇ ਹਨ। ਇਕ ਤਾਂ ਇਹ ਹੈ ਕਿ ਪਹਿਲਾਂ ਸਾਰਾ ਸੰਕਟ ਮਿਟ ਜਾਏ, ਦੁਨੀਆਂ ਵਿਚ ਸਮਾਜਵਾਦ ਆ ਜਾਏ, ਸਮਾਨਤਾ ਹੋ ਜਾਏ, ਸਾਰੇ ਲੋਕ ਸੁਖੀ ਹੋ ਜਾਣ, ਕੋਈ ਬੀਮਾਰੀ ਨਾ ਰਹੇ, ਕੋਈ ਭੁੱਖਾ ਨਾ ਰਹੇ, ਕੋਈ ਯੁੱਧ ਨਾ ਰਹੇ, ਸਾਰਾ ਰਾਮਰਾਜ ਹੋ ਜਾਏ, ਤਦ ਤੁਸੀਂ ਪਰਮਾਤਮਾ ਦਾ ਇਕਤਾਰਾ ਚੁੱਕੋਗੇ। ਤਦ ਮੈਂ ਸੋਚਦਾ ਹਾਂ, ਤੁਹਾਨੂੰ ਅਨੰਤ ਕਾਲ ਤਕ ਉਡੀਕ ਕਰਨੀ ਹੋਏਗੀ। ਫਿਰ ਵੀ ਮੈਂ ਤਸੱਲੀ ਨਹੀਂ ਦੇ ਸਕਦਾ ਕਿ ਤਦ ਵੀ ਤੁਸੀਂ ਚੁੱਕ ਪਾਉਗੇ।

ਦੂਜਾ ਰਾਹ ਹੈ ਕਿ ਤੁਸੀਂ ਹੁਣੇ ਬਾਹਰ ਹੋ ਜਾਓ। ਤੁਸੀਂ ਗੀਤ ਗਾਉਣਾ ਸ਼ੁਰੂ ਕਰ ਦਿਓ। ਸ਼ਾਇਦ ਤੁਹਾਡੇ ਗੀਤ ਨੂੰ ਸੁਣ ਕੇ ਕੁਝ ਹੋਰ ਲੋਕ ਜੋ ਸੁੱਤੇ ਹਨ ਉਹ ਵੀ ਜਾਗ ਜਾਣ, ਬਾਹਰ ਆ ਜਾਣ।

ਨਹੀਂ, ਮੇਰੀ ਕੋਈ ਉਤਸੁਕਤਾ ਦੇਸ਼-ਪ੍ਰੇਮ, ਆਪਾਤ ਸਥਿਤੀ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਵਿਚ ਨਹੀਂ ਹੈ। ਮੇਰੀ ਉਤਸੁਕਤਾ ਤੁਹਾਡੇ ਵਿਚ ਹੈ। ਮੇਰੀ ਉਤਸੁਕਤਾ ਵਿਅਕਤੀ ਵਿਚ ਹੈ। ਅਤੇ ਮੈਂ ਜਾਣਦਾ ਹਾਂ ਸਿਰਫ਼ ਵਿਅਕਤੀ ਬਦਲਿਆ ਜਾ ਸਕਦਾ ਹੈ। ਹੋਰ ਕੋਈ ਬਦਲਿਆ ਨਹੀਂ ਜਾ ਸਕਦਾ।

ਕਿੰਨੀਆਂ ਕ੍ਰਾਂਤੀਆਂ ਹੋ ਗਈਆਂ ਅਤੇ ਸਭ ਵਿਅਰਥ ਗਈਆਂ, ਫਿਰ ਵੀ ਤੁਸੀਂ ਹੋਸ਼ ਵਿਚ ਨਹੀਂ ਆਉਂਦੇ। ਹਰ ਕ੍ਰਾਂਤੀ ਨੇ ਲੋਕਾਂ ਨੂੰ ਇਹ ਹੀ ਕਿਹਾ ਕਿ ਬੱਸ ਇਸ ਕ੍ਰਾਂਤੀ ਦੇ ਬਾਅਦ ਸਵਰਗ ਆ ਜਾਏਗਾ। ਕ੍ਰਾਂਤੀ ਆ ਗਈ, ਸਵਰਗ ਤਾਂ ਬਿਲਕੁਲ ਨਾ ਆਇਆ; ਹੋਰ ਵੱਡਾ ਨਰਕ ਆ ਗਿਆ।

ਕਿੰਨੀਆਂ ਸੁਤੰਤਰਤਾਵਾਂ ਮਿਲ ਗਈਆਂ ਲੋਕਾਂ ਨੂੰ! ਅਤੇ ਹਰ ਵਾਰ ਇਹ ਹੀ ਕਿਹਾ ਗਿਆ ਕਿ ਸੁਤੰਤਰਤਾ ਦੇ ਬਾਅਦ ਸਭ ਠੀਕ ਹੋ ਜਾਏਗਾ। ਸੁਤੰਤਰਤਾ ਤੋਂ ਪਿੱਛੋਂ ਲੋਕਾਂ ਨੇ ਵੇਖਿਆ, ਇਹ ਤਾਂ ਅਸੀਂ ਹੋਰ ਵੱਡੇ ਖੱਡੇ ਵਿਚ ਡਿੱਗ ਪਏ।

ਕਿੰਨੇ ਸੁਧਾਰ ਹੋ ਗਏ! ਸਭ ਸੁਧਾਰਵਾਦੀ ਮੰਨਦੇ ਸੀ ਕਿ ਇਸ ਦੇ ਬਾਅਦ ਸੁਵਰਗ ਹੈ, ਇਸ ਤੋਂ ਬਾਅਦ ਹੋਰ ਕੁਝ ਬਚਦਾ ਹੀ ਨਹੀਂ ਹੈ ਗੱਲ ਸੁਲਝਾਉਣ

ਲਈ। ਲੇਕਿਨ ਚੀਜ਼ਾਂ ਉਲਝਦੀਆਂ ਹੀ ਚਲੀਆਂ ਜਾਂਦੀਆਂ ਹਨ। ਇਤਿਹਾਸ ਸੁਲਝ ਨਹੀਂ ਰਿਹਾ ਹੈ, ਉਲਝ ਰਿਹਾ ਹੈ! ਭੀੜ ਸੁਲਝਾਉਣ ਵੱਲ ਨਹੀਂ, ਉਲਝਣ ਦੇ ਵੱਲ ਹੈ। ਹਰ ਉਲਝਾਵ ਨਵੇਂ ਉਲਝਾਓ ਪੈਦਾ ਕਰ ਦਿੰਦਾ ਹੈ। ਅਤੇ ਜਿਸ ਨੂੰ ਤੁਸੀਂ ਸੁਲਝਾਓ ਕਹਿੰਦੇ ਹੋ, ਉਹ ਵੀ ਸੁਲਝਾਵ ਸਿੱਧ ਨਹੀਂ ਹੁੰਦਾ, ਉਹ ਵੀ ਉਲਝਾਓ ਸਿੱਧ ਹੁੰਦਾ ਹੈ।

ਜਾਗਣ ਦੀ ਜ਼ਰੂਰਤ ਹੈ। ਜਾਗਣ ਇਕ-ਮਾਤਰ ਸੁਲਝਾਵ ਹੈ। ਤੁਹਾਡਾ ਸੁਲਝਾਓ ਇਕ-ਮਾਤਰ ਸੁਲਝਾਓ ਹੈ। ਤੁਸੀਂ ਸੁਲਝ ਜਾਓ ਤਾਂ ਸ਼ਾਇਦ ਤੁਸੀਂ ਸੰਕ੍ਰਾਮਿਕ (ਛੂਤ ਨਾਲ ਫੈਲਣ ਵਾਲਾ ਰੋਗ) ਹੋ ਜਾਓ। ਜਿਵੇਂ ਬੀਮਾਰੀ ਲੱਗਦੀ ਹੈ ਓਵੇਂ ਹੀ ਤੰਦਰੁਸਤੀ ਵੀ ਲੱਗਦਾ ਹੈ। ਜਿਵੇਂ ਮੂਰਛਾ ਲੱਗਦੀ ਹੈ ਤਿਵੇਂ ਹੋਸ਼ ਵੀ ਲੱਗਦਾ ਹੈ।

ਤੁਸੀਂ ਕਦੇ ਖ਼ਿਆਲ ਕੀਤਾ ?—ਇਕ ਆਦਮੀ ਉਬਾਸੀ ਲੈਣ ਲੱਗੇ, ਦੂਜੇ ਲੋਕ ਉਬਾਸੀਆਂ ਲੈਣ ਲੱਗਦੇ ਹਨ, ਨੀਂਦ ਫੜਦੀ ਹੈ। ਇਕ ਆਦਮੀ ਖੰਘ ਦੇਵੇ, ਦੂਜੇ ਆਦਮੀਆਂ ਦੇ ਗਲਿਆਂ ਵਿਚ ਖੁਜਾਹਟ ਸ਼ੁਰੂ ਹੋ ਜਾਂਦੀ ਹੈ। ਇਕ ਆਦਮੀ ਪੇਸ਼ਾਬ ਚਲਾ ਜਾਏ, ਬਾਕੀ ਵੀ ਟੁਰੇ।

ਆਦਮੀ ਵਿਚ ਸੰਕ੍ਰਾਂਮਕ ਘਟਨਾ ਘਟਦੀਆਂ ਹਨ। ਤੁਹਾਡੇ ਵਿਚੋਂ ਇਕ ਇਕਤਾਰੇ ਨੂੰ ਸੁਣ ਲਵੇ ਅਤੇ ਬਾਹਰ ਆ ਜਾਏ, ਦੂਜੇ ਵੀ ਸੁਨਣ ਲੱਗਣਗੇ। ਤੁਹਾਨੂੰ ਬਾਹਰ ਆਉਂਦਾ ਵੇਖ ਕੇ ਉਨ੍ਹਾਂ ਲਈ ਵੀ ਇਕ ਰਾਹ ਖੁੱਲ੍ਹਦਾ ਹੈ, ਕੌਣ ਜਾਣੇ! ਹੋਰ ਜੇਕਰ ਤੁਹਾਡੇ ਜੀਵਨ 'ਚ ਆਨੰਦ ਦੀ ਘਟਨਾ ਘਟੀ ਹੋਵੇ, ਅੰਮ੍ਰਿਤ ਦਾ ਮੀਂਹ ਵਰ੍ਹਿਆ ਹੋਵੇ, ਤਾਂ ਲੋਕ ਕਿੰਨੇ ਹੀ ਸੁੱਤੇ ਹੋਣ, ਇੰਨੇ ਨਹੀਂ ਸੁੱਤੇ ਹਨ ਕਿ ਜਦ ਕਿਸੇ ਨੂੰ ਆਨੰਦ ਘਟੇ ਤਾਂ ਉਨ੍ਹਾਂ ਨੂੰ ਵਿਖਾਈ ਨਾ ਪਵੇ, ਕੋਈ ਨੱਚਣ ਲੱਗੇ ਤਾਂ ਉਨ੍ਹਾਂ ਨੂੰ ਉਸ ਦੇ ਘੁੰਗਰੂ ਸੁਣਾਈ ਨਾ ਪੈਣ। ਜਦ ਕਿਸੇ ਦੇ ਕੰਠ ਤੋਂ ਗੀਤ ਉੱਠੇ ਤਾਂ ਉਨ੍ਹਾਂ ਦੀ ਨੀਂਦ ਵਿਚ ਵੀ ਕੁਝ ਸਵਰ ਲਹਿਰੀਆਂ ਪਹੁੰਚ ਜਾਂਦੀਆਂ ਹਨ।

ਨਾ, ਮੈਂ ਤਾਂ ਆਪਣਾ ਇਕਤਾਰਾ ਵਜਾਈ ਜਾਵਾਂਗਾ ਅਤੇ ਉਨ੍ਹਾਂ ਥੋੜ੍ਹੇ ਜਿਹੇ ਲੋਕਾਂ ਲਈ ਹੀ ਕੋਸ਼ਿਸ਼ ਹੈ। ਜੋ ਜਾਗਣ ਵਿਚ ਉਤਸੁਕ ਹਨ। ਭੀੜ ਲਈ ਮੇਰੀ ਕੋਈ ਉਤਸੁਕਤਾ ਨਹੀਂ ਹੈ।

ਚੌਥਾ ਸਵਾਲ—ਕਹਾਵਤ ਹੈ ਕਿ ਮਾਤਾ-ਪਿਤਾ, ਗੁਰੂ ਅਤੇ ਭਗਵਾਨ ਕੋਲੋਂ ਮੰਗਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਇਸ ਵਿਚ ਕੋਈ ਗੁਨਾਹ ਹੈ। ਕੀ ਇਹ ਕਹਾਵਤ ਸਹੀ ਹੈ?

ਇਸ ਕਹਾਵਤ ਵਿਚ ਦੋ ਸ਼ਬਦ ਹਨ—ਸੰਕੋਚ ਅਤੇ ਮੰਗ। ਜੇਕਰ ਤੁਸੀਂ ਸੰਕੋਚ ਉੱਤੇ ਜ਼ੋਰ ਦਿੱਤਾ ਤਾਂ ਕਹਾਵਤ ਸਹੀ ਹੈ, ਜੇਕਰ ਮੰਗ ਉੱਤੇ ਜ਼ੋਰ ਦਿੱਤਾ ਤਾਂ ਕਹਾਵਤ ਗ਼ਲਤ ਹੈ।

ਮੈਂ ਫਿਰ ਤੋਂ ਪੜ੍ਹਦਾ ਹਾਂ, ਕਹਾਵਤ ਹੈ—ਮਾਤਾ-ਪਿਤਾ, ਗੁਰੂ ਅਤੇ ਭਗਵਾਨ ਤੋਂ ਮੰਗਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ। ਜ਼ੋਰ ਸੰਕੋਚ ਉੱਤੇ ਹੈ ਕਹਾਵਤ ਦਾ, ਕਿਉਂਕਿ ਸੰਕੋਚ ਹੰਕਾਰ ਦਾ ਹਿੱਸਾ ਹੈ। ਤੁਸੀਂ ਸੰਕੋਚ ਹੀ ਤਦ ਕਰਦੇ ਹੋ ਜਦ ਤੁਹਾਨੂੰ ਲੱਗਦਾ ਹੈ ਕਿ ਇਹ ਤਾਂ ਮੰਗਣ ਵਿਚ ਆਪਣੇ ਹੰਕਾਰ ਨੂੰ ਸੱਟ ਵੱਜੇਗੀ। ਕੋਈ ਕੀ ਕਹੇਗਾ ? ਮੰਗਣਾ ਠੀਕ ਨਹੀਂ ਹੈ। ਮੰਗਣਾ ਤਾਂ ਚਾਹੁੰਦੇ ਹੋ, ਲੇਕਿਨ ਮੰਗਣ ਵਾਲੇ ਨਹੀਂ ਬਣਨਾ ਚਾਹੁੰਦੇ ਹੋ। ਮਿਲ ਜਾਏ, ਇਹ ਤਾਂ ਚਾਹੁੰਦੇ ਹੋ, ਲੇਕਿਨ ਕਿਸੇ ਨੂੰ ਕੰਨੋਂ-ਕੰਨ ਖ਼ਬਰ ਨਾ ਹੋਵੇ ਕਿ ਮੈਂ ਮੰਗਿਆ। ਕਿਉਂਕਿ ਮੰਗਣ ਵਿਚ ਤਾਂ ਭਿਖਾਰੀ ਹੋ ਜਾਂਦਾ ਹੈ ਆਦਮੀ ਅਤੇ ਭਿਖਾਰੀ ਦੇ ਹੰਕਾਰ ਨੂੰ ਸੱਟ ਵੱਜਦੀ ਹੈ। ਇਸ ਸੱਟ ਨੂੰ ਜਗਾਉਣ ਲਈ ਹੀ ਤਾਂ ਬੁੱਧ ਨੇ ਆਪਣੇ ਸੰਨਿਆਸੀਆਂ ਨੂੰ ਭਿਖਾਰੀ ਬਣਾ ਦਿੱਤਾ ਕਿਹਾ—ਭਿਕਸ਼ੂ ! ਤੁਸੀਂ ਭਿਕਸ਼ੂ ਹੋਏ, ਮੰਗੋ ! ਜੋ ਦੇਵੇ ਉਸ ਨੂੰ ਆਸ਼ੀਰਵਾਦ ਦੇਣਾ, ਜਿਹੜਾ ਨਾ ਦੇਵੇ ਉਸ ਨੂੰ ਵੀ ਆਸ਼ੀਰਵਾਦ ਦੇਣਾ, ਕਿਉਂਕਿ ਜੋ ਦੇਵੇ ਜੇਕਰ ਉਸੇ ਨੂੰ ਤੁਸੀਂ ਆਸ਼ੀਰਵਾਦ ਦੇ ਸਕੇ, ਅਤੇ ਜਿਹੜਾ ਨਾ ਦੇਵੇ, ਉਸ ਨੂੰ ਸਰਾਪ ਦਿਓ ਤਾਂ ਇਹ ਭਿਖਾਰੀ ਦੇ ਪਿੱਛੇ ਹੰਕਾਰ ਖਲੋਤਾ ਹੈ।

ਸੰਕੋਚ ਨਾ ਕਰਨਾ ਮੰਗਣ ਵਿਚ, ਇਹ ਜ਼ੋਰ ਹੈ ਕਹਾਵਤ ਦਾ। ਮਾਤਾ-ਪਿਤਾ, ਗੁਰੂ ਅਤੇ ਭਗਵਾਨ ਦੇ ਸਾਹਮਣੇ ਕੀ ਸੰਕੋਚ, ਕੀ ਹੰਕਾਰ ? ਜੇਕਰ ਤੁਹਾਡਾ ਮਾਤਾ-ਪਿਤਾ, ਗੁਰੂ ਅਤੇ ਭਗਵਾਨ ਦੇ ਸਾਹਮਣੇ ਵੀ ਹੰਕਾਰ ਹੈ ਤਾਂ ਫਿਰ ਤੁਸੀਂ ਕਿੱਥੇ ਹੰਕਾਰ ਛੱਡੋਗੇ ? ਫਿਰ ਤਾਂ ਸੰਸਾਰ ਵਿਚ ਕੋਈ ਸ਼ਰਣ ਨਹੀਂ ਰਹੀ। ਉੱਥੇ ਤੁਸੀਂ ਸੰਕੋਚ ਨਾ ਕਰਨਾ ਇਹ ਜ਼ੋਰ ਹੈ ਕਹਾਵਤ ਦਾ। ਬਿਨਾਂ ਸੰਕੋਚ ਕੀਤੇ ਖੜੇ ਹੋ ਜਾਣਾ।

ਹੋਰ, ਬਹੁਤ ਮਜ਼ੇ ਦੀ ਗੱਲ ਇਹ ਹੈ ਕਿ ਜੇਕਰ ਤੁਸੀਂ ਬਿਨਾਂ ਸੰਕੋਚ ਖੜੇ ਹੋ ਜਾਓ ਤਾਂ ਮੰਗਣ ਦੀ ਲੋੜ ਹੀ ਨਹੀਂ ਰਹਿ ਜਾਂਦੀ, ਬਿਨ-ਮੰਗੇ ਮਿਲ ਜਾਂਦਾ ਹੈ। ਕਿਉਂਕਿ ਜਿਸ ਦੇ ਮਨ 'ਚ ਸੰਕੋਚ ਨਾ ਰਿਹਾ, ਹੰਕਾਰ ਨਾ ਰਿਹਾ, ਉਹ ਮਿਲਣੇ ਦੇ ਲਾਇਕ ਹੋ ਗਿਆ, ਉਹ ਪਾਤਰ ਹੋ ਗਿਆ।

ਉਸ ਦਾ ਹਿਰਦਾ ਹੀ ਕਹਿ ਦਿੰਦਾ ਹੈ। ਪ੍ਰਾਣ ਤੋਂ ਪ੍ਰਾਣ ਕਹਿ ਦਿੰਦੇ ਹਨ। ਕੁਝ ਸ਼ਬਦਾਂ ਦੀ ਜ਼ਰੂਰਤ ਨਹੀਂ ਰਹਿ ਜਾਂਦੀ। ਮੰਗਣਾ ਇਸ ਲਈ ਪੈਂਦਾ ਹੈ ਕਿ

ਅੰਦਰ ਸੰਕੋਚ ਹੈ। ਮੰਗੋ ਨਾ ਤਾਂ ਵੀ ਤੁਹਾਡੀ ਮੰਗ ਵਿਖਾਈ ਪੈਂਦੀ ਰਹਿੰਦੀ ਹੈ। ਤੁਸੀਂ ਚਾਹੁੰਦੇ ਹੋ ਕੋਈ ਦੇ ਦੇਵੇ ਅਤੇ ਮੰਗਣ ਦਾ ਕਸ਼ਟ ਵੀ ਨਾ ਚੁੱਕਣਾ ਪਵੇ।

ਕਹਾਵਤ ਇਹ ਕਹਿ ਰਹੀ ਹੈ ਘੱਟੋ-ਘੱਟ ਮਾਂ-ਪਿਓ, ਗੁਰੂ, ਭਗਵਾਨ, ਮਾਤਾ-ਪਿਤਾ ਜਿਨ੍ਹਾਂ ਨੇ ਤੁਹਾਨੂੰ ਜਨਮ ਦਿੱਤਾ—ਗੁਰੂ ਜਿਸ ਤੋਂ ਤੁਹਾਡਾ ਦੂਜਾ ਜਨਮ ਹੋਏਗਾ—ਪਰਮਾਤਮਾ ਜੋ ਕਿ ਤੁਹਾਡਾ ਹੀ ਅੰਦਰੂਨੀ ਸਵਰੂਪ ਹੈ—ਜੇਕਰ ਇਨ੍ਹਾਂ ਤੋਂ ਵੀ ਤੁਸੀਂ ਸੰਕੋਚ ਕਰਦੇ ਹੋ, ਫ਼ਾਸਲਾ ਰੱਖਦੇ ਹੋ, ਤਾਂ ਫਿਰ ਤੁਸੀਂ ਕਿੱਥੇ ਸ਼ਰਣ ਪਾਉਗੇ ? ਇਨ੍ਹਾਂ ਦੇ ਸਾਹਮਣੇ ਤਾਂ ਸਾਰੇ ਸੰਕੋਚ ਛੱਡ ਦੇਣਾ। ਇਨ੍ਹਾਂ ਦੇ ਸਾਹਮਣੇ ਨੰਗੇ ਹੋ ਜਾਣਾ—ਇਹ ਅਰਥ ਹੈ ਕਹਾਵਤ ਦਾ। ਇਨ੍ਹਾਂ ਦੇ ਸਾਹਮਣੇ ਕੀ ਲੁਕਾਉਣਾ ਹੈ ? ਨੰਗੇ ਤੁਸੀਂ ਪੈਦਾ ਹੋਏ ਸੀ। ਉਹ ਭਲੀ-ਚੰਗੀ ਤਰ੍ਹਾਂ ਤੁਹਾਨੂੰ ਜਾਣਦੇ ਹਨ।

ਗੁਰੂ ਤੋਂ ਕੀ ਲੁਕਾਉਣਾ ਹੈ ? ਜੇਕਰ ਗੁਰੂ ਕੋਲੋਂ ਲੁਕਾਇਆ ਤਾਂ ਫਿਰ ਬਦਲਾਓ ਕਿਸ ਦੇ ਰਾਹੀਂ ਹੋਏਗਾ ? ਜੋ ਤੁਸੀਂ ਲੁਕਾਉਗੇ, ਉਹ ਬੱਚ ਜਾਏਗਾ, ਰੂਪਾਂਤਰਿਤ ਨਹੀਂ ਹੋਏਗਾ। ਗੁਰੂ ਦੇ ਸਾਹਮਣੇ ਤਾਂ ਪੂਰਾ ਖੁੱਲ੍ਹ ਜਾਣਾ ਹੈ। ਸਾਰੇ ਕੱਪੜੇ ਉਤਾਰ ਦੇਣੇ ਹਨ। ਕੁਝ ਵੀ ਬਚਾਉਣਾ ਨਹੀਂ ਹੈ. ਅੰਦਰ। ਕੁਝ ਵੀ ਲੁਕਾਉਣਾ ਨਹੀਂ ਹੈ ਅੰਦਰ। ਚੇਤਨ-ਅਚੇਤਨ ਸਾਰੀਆਂ ਪਰਤਾਂ ਸਾਹਮਣੇ ਕਰ ਦੇਣੀਆਂ ਹਨ ਕਿ ਹੁਣ ਜੋ ਤੇਰੀ ਮਰਜ਼ੀ, ਹੁਣ ਜੋ ਤੂੰ ਚਾਹੇਂ ਕਰ।

ਹੋਰ ਪਰਮਾਤਮਾ ਤੋਂ ਕੀ ਲੁਕਾਉਣਾ ? ਲੁਕਾਉਣ ਨਾਲ ਵੀ ਕੀ ਪਰਮਾਤਮਾ ਤੋਂ ਲੁਕੇਗਾ ?

ਸੰਕੋਚ ਨਾ ਕਰਨਾ। ਇਸ ਦਾ ਇਹ ਅਰਥ ਨਹੀਂ ਹੈ ਕਿ ਨਿਸਸੰਕੋਚ ਮੰਗਣਾ। ਜੇਕਰ ਇਸ ਨੂੰ ਤੁਸੀਂ ਸਮਝੋ ਤਾਂ ਇਸ ਦਾ ਅਰਥ ਹੈ ਕਿ ਜਿਸ ਨੇ ਸੰਕੋਚ ਛੱਡ ਦਿੱਤਾ, ਉਸ ਨੂੰ ਬਿਨ-ਮੰਗੇ ਮਿਲ ਜਾਂਦਾ, ਮੰਗਣ ਦੀ ਜ਼ਰੂਰਤ ਨਹੀਂ ਹੁੰਦੀ। ਜਿਸ ਦਾ ਹੰਕਾਰ ਚਲਾ ਗਿਆ, ਉਸ ਨੂੰ ਕੀ ਕਮੀ ਰਹਿ ਜਾਏਗੀ ?

ਹੰਕਾਰ ਹੀ ਕਮੀ ਹੈ। ਹੰਕਾਰ ਦੇ ਕਾਰਨ ਹੀ ਤੁਸੀਂ ਛੋਟੇ ਹੋ, ਸੀਮਿਤ ਹੋ। ਹੰਕਾਰ ਗਿਆ ਕਿ ਤੁਸੀਂ ਅਸੀਮ ਹੋਏ। ਘੜਾ ਟੁੱਟ ਗਿਆ, ਤਾਂ ਘੜੇ ਦੇ ਅੰਦਰਲਾ ਆਕਾਸ਼ ਬਾਹਰ ਦੇ ਆਕਾਸ਼ ਨਾਲ ਇਕ ਹੋ ਗਿਆ। ਹੰਕਾਰ ਦੀ ਮਿੱਟੀ ਡਿੱਗ ਪਈ, ਤਾਂ ਤੁਸੀਂ ਅਸੀਮ ਦੇ ਨਾਲ ਇਕ ਹੋ ਗਏ। ਮੰਗਣ ਲਈ ਕੁਝ ਬੱਚਦਾ ਨਹੀਂ। ਨਿਸਸੰਕੋਚ ਮਨ ਨੂੰ ਮਿਲ ਜਾਂਦਾ ਹੈ, ਮੰਗਣਾ ਨਹੀਂ ਪੈਂਦਾ। ਸੰਕੋਚੀ ਮਨ ਮੰਗਦਾ ਵੀ ਹੈ, ਮੰਗਣਾ ਨਹੀਂ ਵੀ ਚਾਹੁੰਦਾ ਅਤੇ ਕਦੇ ਪਾਉਂਦਾ ਵੀ ਨਹੀਂ।

ਪੰਜਵਾਂ ਸਵਾਲ—ਕਲ੍ਹ ਤੁਸੀਂ ਆਖਿਆ ਕਿ ਧਾਰਮਿਕ ਕ੍ਰਾਂਤੀ ਦੀ ਸ਼ੁਰੂਆਤ ਇਸ ਬੋਧ ਨਾਲ ਹੁੰਦੀ ਹੈ ਕਿ ਜੋ ਕੁਝ ਵੀ ਮੈਂ ਹਾਂ, ਉਸ ਲਈ ਮੈਂ

ਹੀ ਪੂਰੀ ਤਰ੍ਹਾਂ ਜ਼ਿੰਮੇਵਾਰ ਹਾਂ। ਫਿਰ ਦੂਜੀ ਥਾਂ ਆਪ ਆਖਦੇ ਹੋ ਕਿ ਜੀਵਨ ਦਾ ਸਤਯ ਹੈ ਪਰਸਪਰ-ਤੰਤਰਤਾ (ਇੰਟਰਡਿਪੈਨਡੈਂਸੀ) ਕਿਰਪਾ ਕਰ ਕੇ ਦੱਸੋ ਕਿ ਉਪਰਲੇ ਦੋ ਉਲਟ ਵਿਖਾਈ ਪੈਣ ਵਾਲੇ ਬੋਧ-ਵਚਨਾਂ ਵਿਚ ਕੀ ਅੰਦਰ ਸੰਬੰਧ ਹਨ ?

ਉਹ ਵਿਪਰੀਤ ਨਹੀਂ ਹਨ। ਜੋ ਵੀ ਹੈ, ਉਸ ਲਈ ਮੈਂ ਹੀ ਪੂਰੀ ਤਰ੍ਹਾਂ ਜ਼ਿੰਮੇਵਾਰ ਹਾਂ—ਇਹ ਧਾਰਮਿਕ ਕ੍ਰਾਂਤੀ ਦੀ ਸ਼ੁਰੂਆਤ ਹੈ, ਪਹਿਲਾ ਚਰਣ ਹੈ।

ਸਾਧਾਰਣਤ:—ਅਧਾਰਮਿਕ ਆਦਮੀ ਦੀ ਇਹ ਧਾਰਣਾ ਹੁੰਦੀ ਹੈ ਕਿ ਜੋ ਵੀ ਮੈਂ ਹਾਂ, ਉਸ ਲਈ ਸਾਰੀ ਦੁਨੀਆਂ ਜ਼ਿੰਮੇਵਾਰ ਹੈ, ਮੈਨੂੰ ਛੱਡ ਕੇ। ਸਮਾਜ, ਵਿਵਸਥਾ (ਪ੍ਰਬੰਧ) ਰਾਜ, ਮਾਤਾ-ਪਿਤਾ, ਪਰਿਵਾਰ, ਪਰੰਪਰਾ, ਧਰਮ, ਭੂਗੋਲ, ਇਤਿਹਾਸ ਸਭ ਜ਼ਿੰਮੇਵਾਰ ਹਨ, ਸਿਰਫ਼ ਮੈਨੂੰ ਛੱਡ ਕੇ। ਮੈਂ ਇਕ ਸ਼ੋਸ਼ਿਤ (ਬਰਬਾਦ ਕੀਤਾ ਗਿਆ) ਸਮਕਾਕਿਤ ਪਰਤੰਤਰ ਵਿਅਕਤੀ ਹਾਂ। ਸਾਰੇ ਲੋਕਾਂ ਨੇ ਮੇਰੀ ਹਾਲਤ ਅਜਿਹੀ ਬਣਾ ਦਿੱਤੀ ਹੈ। ਜੇਕਰ ਗਰੀਬ ਹਾਂ ਤਾਂ ਲੋਕਾਂ ਨੇ ਮੈਨੂੰ ਚੂਸ ਲਿਆ ਹੈ। ਜੇਕਰ ਪੜ੍ਹਿਆ-ਲਿਖਿਆ ਨਹੀਂ ਹਾਂ, ਬੁੱਧੀਮਾਨ ਨਹੀਂ ਹਾਂ ਤਾਂ ਮੈਨੂੰ ਬੁੱਧੀ ਦੇ ਮੌਕੇ ਨਹੀਂ ਦਿੱਤੇ ਗਏ। ਜੇਕਰ ਸੁੰਦਰ ਨਹੀਂ ਹਾਂ ਤਾਂ ਮਾਂ ਪਿਓ ਸੁੰਦਰ ਨਹੀਂ ਸਨ, ਇਸ ਲਈ ਸੋਹਣਾ ਨਹੀਂ ਹਾਂ। ਜੇਕਰ ਅਸਵਸਥ ਹਾਂ ਤਾਂ ਸਮਾਜ ਦਰਿਦ੍ਰ ਹੈ, ਦੀਨ ਹੈ, ਇਸ ਲਈ ਅਸਵਸਥ ਹਾਂ।

ਦੂਜੇ ਲੋਕ ਜ਼ਿੰਮੇਵਾਰ ਹਨ, ਮੈਨੂੰ ਛੱਡ ਕੇ—ਇਹ ਅਧਾਰਮਿਕ ਆਦਮੀ ਦੀ ਭਾਵ ਦਸ਼ਾ ਹੈ। ਇਸ ਲਈ ਅਧਾਰਮਿਕ ਆਦਮੀ ਕਹਿੰਦਾ ਹੈ, ਪਹਿਲਾਂ ਸਭ ਨੂੰ ਬਦਲਾਂਗੇ, ਤਦ ਹੀ ਮੇਰੀ ਬਦਲਾਹਟ ਹੋ ਸਕਦੀ ਹੈ। ਇਤਿਹਾਸ, ਭੂਗੋਲ, ਸਮਾਜ, ਸਭ ਬਦਲ ਜਾਣ, ਤਦ ਹੀ ਮੈਂ ਬਦਲਾਂਗਾ, ਕਿਉਂਕਿ ਮੈਂ ਇਨ੍ਹਾਂ 'ਤੇ ਨਿਰਭਰ ਹਾਂ।

ਧਾਰਮਿਕ ਵਿਅਕਤੀ ਦੀ ਸ਼ੁਰੂਆਤ ਹੈ ਕਿ ਜੋ ਵੀ ਮੈਂ ਹਾਂ, ਉਸ ਲਈ ਮੈਂ ਪੂਰੀ ਤਰ੍ਹਾਂ ਜ਼ਿੰਮੇਵਾਰ ਹਾਂ। ਇਹ ਸ਼ੁਰੂਆਤ ਹੈ, ਧਿਆਨ ਰੱਖਣਾ। ਇਸ ਤੋਂ ਬਿਨਾਂ ਧਾਰਮਿਕ ਵਿਅਕਤੀ ਦੀ ਯਾਤ੍ਰਾ ਸ਼ੁਰੂ ਨਹੀਂ ਹੁੰਦੀ, ਕਿਉਂਕਿ ਮੈਂ ਜੇਕਰ ਜ਼ਿੰਮੇਵਾਰ ਨਹੀਂ ਹਾਂ ਤਾਂ ਬਦਲਣਾ ਕਿਵੇਂ ਹੈ, ਬਦਲਣਾ ਕਿਸ ਨੂੰ ? ਜੇਕਰ ਮੈਂ ਹੀ ਜ਼ਿੰਮੇਵਾਰ ਹਾਂ ਮੇਰੇ ਦੁੱਖਾਂ ਲਈ, ਜੇਕਰ ਮੈਂ ਹੀ ਇਹ ਬੀ ਬੀਜੇ ਹਨ, ਮੈਂ ਹੀ ਫ਼ਸਲ ਵੱਢਦਾ ਹਾਂ, ਤਾਂ ਹੁਣ ਮੈਂ ਅੱਗੇ ਬੀਜਣ ਵਿਚ ਬਦਲਾਹਟ ਕਰ ਸਕਦਾ ਹਾਂ। ਚਾਹਾਂ ਤਾ ਨਾ ਬੀਜਾਂ ਬੀ। ਅਤੇ ਹੁਣ ਤਕ ਜੇਕਰ ਜ਼ਹਿਰ ਦੇ ਬੀ ਬੀਜੇ ਸੀ ਤਾਂ ਹੁਣ ਅੰਮ੍ਰਿਤ ਦੇ ਬੀ ਬੀਜ ਸਕਦਾ ਹਾਂ। ਫ਼ਸਲ ਤਾਂ ਮੈਨੂੰ ਵੱਢਣੀ ਪੈਂਦੀ

ਹੈ, ਬੀ ਵੀ ਮੈਂ ਬੀਜਦਾ ਹਾਂ। ਸੋ ਹੁਣ ਮੇਰੇ ਹੱਥ 'ਚ ਹੈ। ਜੋ ਮੈਨੂੰ ਹੋਣਾ ਹੈ ਮੈਂ ਹੋ ਸਕਦਾ ਹਾਂ। ਮੇਰਾ ਨਸੀਬ ਮੈਂ ਹਾਂ।

ਇਹ ਧਾਰਮਿਕ ਵਿਅਕਤੀ ਦੀ ਸ਼ੁਰੂਆਤ ਹੈ। ਲੇਕਿਨ ਮੈਂ ਕਹਿੰਦਾ ਹਾਂ ਸ਼ੁਰੂ ਸ਼ੁਰੂਆਤ ਹੈ, ਅੰਤ ਨਹੀਂ ਹੈ।

ਫਿਰ ਮੈਂ ਬਹੁਤ ਵਾਰੀ ਕਿਹਾ ਹੈ ਕਿ ਜੀਵਨ ਦਾ ਪਰਮ ਸਤਯ ਹੈ, ਪਰਸਪਰ-ਤੰਤਰਤਾ, ਇੰਟਰਡਿਪੈਂਡੈਂਸ। ਇਹ ਧਾਰਮਿਕ ਵਿਅਕਤੀ ਦੀ ਪੂਰਣ ਅਨੁਭੂਤੀ (ਤਜਰਬਾ) ਹੈ। ਅਧਾਰਮਿਕ ਵਿਅਕਤੀ ਮੰਨਦਾ ਹੈ ਕਿ ਸਭ ਜ਼ਿੰਮੇਵਾਰ ਹਨ, ਮੈਂ ਜ਼ਿੰਮੇਵਾਰ ਨਹੀਂ। ਧਾਰਮਿਕ ਵਿਅਕਤੀ ਸ਼ੁਰੂ ਵਿਚ ਮੰਨਦਾ ਹੈ ਕਿ ਮੈਂ ਜ਼ਿੰਮੇਵਾਰ ਹਾਂ, ਕੋਈ ਜ਼ਿੰਮੇਵਾਰ ਨਹੀਂ, ਅੰਤ ਵਿਚ ਪਾਉਂਦਾ ਹੈ ਕਿ ਨਾ ਮੈਂ ਹਾਂ ਨਾ ਕੋਈ ਦੂਜਾ ਹੈ। ਜੀਵਨ ਪਰਸਪਰ-ਤੰਤਰਤਾ ਹੈ, ਇਹ ਤਾਂ ਹੰਕਾਰ ਦੇ ਮਿਟਣ 'ਤੇ ਪਾਉਂਦਾ ਹੈ।

ਹੰਕਾਰ ਦੀਆਂ ਦੋ ਦ੍ਰਿਸ਼ਟੀਆਂ (ਵੇਖਣ ਦੇ ਢੰਗ) ਹੋ ਸਕਦੀਆਂ ਹਨ। ਦੂਜੇ ਜ਼ਿੰਮੇਵਾਰ ਹਨ—ਹੰਕਾਰ ਨੂੰ ਬਚਾ ਲਿਆ। ਮੈਂ ਜ਼ਿੰਮੇਵਾਰ ਹਾਂ—ਹੰਕਾਰ ਉੱਤੇ ਪੂਰਾ ਦੋਸ਼ ਥੋਪਿਆ। ਪਹਿਲਾ ਵਿਅਕਤੀ ਅਧਾਰਮਿਕ ਰਹੇਗਾ, ਦੂਜਾ ਵਿਅਕਤੀ ਧਾਰਮਿਕ ਹੋ ਜਾਏਗਾ। ਅਤੇ ਇਕ ਤੀਜੀ ਘੜੀ ਹੈ—ਹੰਕਾਰ ਤੋਂ ਪਾਰ, ਜਿੱਥੇ ਮੈਂ ਬਿਲਕੁਲ ਮਿਟ ਜਾਂਦਾ ਹੈ, ਸਿਰਫ਼ ਚੈਤਨਯ ਬਚਦਾ ਹੈ। ਉਥੇ ਵਿਖਾਈ ਪੈਂਦਾ ਹੈ—ਇਹ ਪਰਸਪਰ-ਤੰਤਰਤਾ ਹੈ। ਇੱਥੇ ਦੋ ਹੈ ਹੀ ਨਹੀਂ, ਇੱਥੇ ਇਕ ਹੀ ਤੰਤਰ ਹੈ। ਉਸੇ ਨੂੰ ਤਾਂ ਅਸੀਂ ਪਰਮਾਤਮਾ ਕਿਹਾ ਹੈ, ਬ੍ਰਹਮ ਕਿਹਾ, ਅਦਵੈਤ ਕਿਹਾ। ਦੋ ਨਹੀਂ ਹਨ, ਇਕ ਹੀ ਅਸਤਿੱਤਵ ਹੈ ਅਤੇ ਇੱਥੇ ਦਰੱਖ਼ਤ ਨੂੰ ਹਿਲਾਓ ਆਕਾਸ਼ ਦੇ ਤਾਰੇ ਹਿੱਲਦੇ ਹਨ। ਸਭ ਜੁੜਿਆ ਹੈ। ਪੱਥਰ ਸੁੱਟੋ ਝੀਲ ਵਿਚ ਜ਼ਰਾ ਕੁ ਜਿੰਨੀ ਥਾਂ ਵਿਚ ਡਿੱਗਦਾ ਹੈ ਪਰ ਲਹਿਰ ਉੱਠਦੀ ਹੈ ਅਨੰਤ ਤਕ ਚਲੀ ਜਾਂਦੀ ਹੈ। ਦੂਰ-ਦੂਰ ਦੇ ਕੰਢੇ ਵੀ ਉਸ ਲਹਿਰ ਤੋਂ ਨਾਵਾਕਿਫ਼ ਨਹੀਂ ਰਹਿਣਗੇ। ਉਹ ਲਹਿਰ ਜਾ ਕੇ ਅਨੰਤ ਕਾਲ ਵਿਚ ਅਨੰਤ ਦੂਰੀਆਂ ਦੇ ਕੰਢਿਆਂ ਨੂੰ ਛੂਹੇਗੀ।

ਜੋ ਮੈਂ ਤੁਹਾਡੇ ਨਾਲ ਬੋਲ ਰਿਹਾ ਹਾਂ, ਉਹ ਤੁਹਾਡੇ ਨਾਲ ਹੀ ਬੋਲਿਆ ਗਿਆ ਹੈ, ਅਜਿਹਾ ਨਹੀਂ ਜਿਹੜਾ ਸ਼ਬਦ ਅੱਜ ਪੈਦਾ ਹੋਇਆ, ਉਹ ਹੁਣ ਕਦੇ ਮਿਟੇਗਾ ਨਹੀਂ, ਹੁਣ ਉਹ ਟੁਰਦਾ ਰਹੇਗਾ, ਉਸ ਦੀ ਤਰੰਗ ਚੱਲਦੀ ਰਹੇਗੀ, ਦੂਰ ਦੇ ਤਾਰਿਆਂ ਨਾਲ ਅਨੰਤ ਕਾਲ ਤਕ ਟਕਰਾਉਂਦੀ ਰਹੇਗੀ। ਕੁਝ ਵੀ ਮਿਟਦਾ ਨਹੀਂ ਹੈ। ਸਭ ਸ਼ਾਸ਼ਵਤ ਹੈ (ਸਦਾ ਰਹਿਣ ਵਾਲਾ) ਅਤੇ ਸਭ ਇਕ ਹੈ।

ਇਹ ਅੰਤਮ ਅਨੁਭੂਤੀ ਹੈ। ਇਹ ਅਨੁਭੂਤੀ ਉਸੇ ਨੂੰ ਹੋਏਗੀ ਜਿਹੜਾ ਇਹ ਮੰਨ ਕੇ ਟੁਰੇਗਾ ਕਿ ਮੈਂ ਜ਼ਿੰਮੇਵਾਰ ਹਾਂ। ਮੈਂ ਜ਼ਿੰਮੇਵਾਰ ਹਾਂ ਇਹ ਪਹਿਲੀ ਧਾਰਣਾ

ਹੈ। ਇਹ ਬੁਨਿਆਦੀ ਧਾਰਣਾ ਹੈ। ਇਹ ਸਿੱਧ ਦੀ ਅਵਸਥਾ ਨਹੀਂ ਸਾਧਕ ਦੀ ਸ਼ੁਰੂਆਤ ਹੈ। ਸਿੱਧ ਤਾਂ ਕਹਿੰਦਾ ਹੈ, ਇਕ ਹੀ ਹੈ—ਕੌਣ ਜ਼ਿੰਮੇਵਾਰ, ਕੌਣ ਗ਼ੈਰ-ਜ਼ਿੰਮੇਵਾਰ, ਦੋ ਨਹੀਂ ਹੈ, ਅਦਵੈਤ ਹੈ।

ਛੇਵਾਂ ਸਵਾਲ—ਜੀਸਸ ਕਹਿੰਦੇ ਹਨ—ਪ੍ਰੇਮ ਪਰਮਾਤਮਾ ਹੈ। ਫ਼ਰੀਦ ਗਾਉਂਦੇ ਹਨ—ਅਕੱਥ ਕਹਾਣੀ ਪ੍ਰੇਮ ਦੀ ਅਤੇ ਤੁਸੀਂ ਕਹਿੰਦੇ ਹੋ—ਪ੍ਰੇਮ ਹੈ ਆਨੰਦ, ਪ੍ਰੇਮ ਹੈ ਮੁਕਤੀ, ਪ੍ਰੇਮ ਹੈ ਸਮਾਧੀ ਦੀ ਸੁਵਾਸ।

ਫਿਰ ਕੀ ਕਾਰਨ ਹੈ ਕਿ ਮੀਰਾ ਗਾਉਂਦੀ ਹੈ—ਜੋ ਮੈਂ ਐਸਾ ਜਾਨਤੀ ਪ੍ਰੇਮ ਕਿਯੇ ਦੁਖ ਹੋਇ। ਜਗਤ ਢੰਡੋਰਾ ਪੀਟਤੀ, ਪ੍ਰੇਮ ਨ ਕੀਜੈ ਕੋਇ।

ਇਕ ਪਹਿਲੂ (ਪਾਸਾ) ਫ਼ਰੀਦ ਕਹਿ ਰਹੇ ਹਨ, ਦੂਜਾ ਪਹਿਲੂ ਮੀਰਾ ਕਹਿ ਰਹੀ ਹੈ ਅਤੇ ਦੋਵੇਂ ਹੀ ਪ੍ਰੇਮ ਦੀ ਤਾਰੀਫ਼ ਦੇ ਗੀਤ ਗਾ ਰਹੇ ਹਨ।

ਮੀਰਾ ਕਹਿੰਦੀ ਹੈ—ਜੋ ਮੈਂ ਐਸਾ ਜਾਨਤੀ ਪ੍ਰੇਮ ਕਿਯੇ ਦੁਖ ਹੋਇ। ਇਹ ਵਿਰਹ ਦੀ ਅਵਸਥਾ ਹੈ। ਪ੍ਰੇਮ ਜਦ ਹੁੰਦਾ ਹੈ ਤਾਂ ਪਹਿਲੀ ਅਵਸਥਾ ਤਾਂ ਵਿਰਹ ਹੈ। ਜਿਸ ਦਾ ਪ੍ਰੇਮ ਹੁੰਦਾ ਹੈ, ਉਸੇ ਨੂੰ ਵਿਰਹ (ਵਿਜੋਗ) ਹੁੰਦਾ ਹੈ। ਜਿਸ ਕੋਲ ਪਿਆਰ ਹੀ ਨਾ ਹੋਵੇ ਉਸ ਦਾ ਤਾਂ ਵਿਰਹ ਨਹੀਂ ਹੋਏਗਾ।

ਤੁਸੀਂ ਵੀ ਜੇਕਰ ਕਦੇ ਪ੍ਰੇਮ ਨਹੀਂ ਕੀਤਾ ਤਾਂ ਵਿਰਹ ਦੀ ਪੀੜ ਤੁਸੀਂ ਨਹੀਂ ਜਾਣੋਗੇ। ਵਿਰਹ ਦੀ ਪੀੜ ਦਾ ਸੌਭਾਗਯ ਤਾਂ ਉਸੇ ਨੂੰ ਮਿਲਦਾ ਹੈ ਜਿਸ ਨੇ ਪ੍ਰੇਮ ਕੀਤਾ। ਮੈਂ ਕਹਿੰਦਾ ਹਾਂ—ਸੌਭਾਗਯ, ਕਿਉਂਕਿ ਉਸੇ ਪੀੜ ਦੇ ਪਿੱਛੇ ਫਿਰ ਮਿਲਣ ਦਾ ਆਨੰਦ ਲੁਕਿਆ ਹੈ। ਮੀਰਾ ਵਿਰਹ ਦੀ ਘੜੀ ਵਿਚ ਕਹਿ ਰਹੀ ਹੈ—ਜੋ ਮੈਂ ਐਸਾ ਜਾਨਤੀ ਪ੍ਰੇਮ ਕਿਯੇ ਦੁਖ ਹੋਇ। ਜਗਤ ਢੰਡੋਰਾ ਪੀਟਤੀ, ਪ੍ਰੇਮ ਨ ਕੀਜੈ ਕੋਇ। ਪਰ ਇਹ ਤਾਂ ਪਹਿਲਾਂ ਪਤਾ ਨਹੀਂ ਸੀ, ਸੋ ਪ੍ਰੇਮ ਕਰ ਬੈਠੇ, ਹੁਣ ਪਰਤਣ ਦਾ ਤਾਂ ਕੋਈ ਉਪਾਇ ਨਹੀਂ।

ਪ੍ਰੇਮ ਤੋਂ ਕਦੇ ਕੋਈ ਪਰਤ ਨਹੀਂ ਸਕਦਾ। ਉਸ ਤੋਂ ਪਿੱਛੇ ਜਾਣ ਦਾ ਉਪਾਇ ਨਹੀਂ ਹੈ। ਜੇਕਰ ਬਚਣਾ ਹੋਵੇ ਤਾਂ ਪਹਿਲਾਂ ਹੀ ਬਚਣਾ। ਉਤਰਨਾ ਹੀ ਨਾ ਉਸ ਨਦੀ ਵਿਚ, ਨਹੀਂ ਤਾਂ ਉਹ ਰੋੜ੍ਹ ਕੇ ਲੈ ਜਾਏਗੀ। ਅਤੇ ਬਹੁਤ ਪੀੜ ਹੈ ਕਿਉਂਕਿ ਜਿੰਨਾ ਪ੍ਰੇਮ ਵਧਦਾ ਹੈ, ਓਨਾ ਪਿਆਰਾ ਦੂਰ ਮਾਲੂਮ ਹੁੰਦਾ ਹੈ। ਜਿੰਨਾ ਪ੍ਰੇਮ ਵਧਦਾ ਹੈ ਓਨਾ ਇਕ-ਇਕ ਛਣ ਉਡੀਕ ਕਰਨੀ ਔਖੀ ਹੁੰਦੀ ਜਾਂਦੀ ਹੈ। ਜਿੰਨਾ ਪ੍ਰੇਮ ਵਧਦਾ ਹੈ, ਓਨੀ ਹੀ ਅਭੀਪਸ਼ਾ ਦੀ ਅੱਗ ਬਲਦੀ ਹੈ—ਓਨਾ ਹੀ ਪਰਮਾਤਮਾ ਹੁਣ ਮਿਲੇ, ਹੁਣ ਮਿਲੇ, ਹੁਣ ਮਿਲੇ, ਚੈਨ ਗੁਆਚ ਜਾਂਦਾ ਹੈ।

ਜੋ ਮੈਂ ਐਸਾ ਜਾਨਤੀ ਪ੍ਰੇਮ ਕਿਯੇ ਦੁਖ ਹੋਇ। ਜਗਤ ਢੰਡੋਰਾ ਪੀਟਤੀ, ਪ੍ਰੇਮ ਨ ਕੀਜੈ ਕੋਇ।

ਇਹ ਪਹਿਲੀ ਦਸ਼ਾ ਹੈ ਵਿਰਹ ਦੀ, ਯਾਤ੍ਰਾ ਦਾ ਪ੍ਰਾਰੰਭ। ਫਿਰ ਫ਼ਰੀਦ ਕਹਿੰਦੇ ਹਨ—ਅਕੱਥ ਕਥਾ ਪ੍ਰੇਮ ਦੀ। ਫਿਰ ਨਾਨਕ, ਕਬੀਰ, ਦਾਦੂ ਜਿਨ੍ਹਾਂ ਨੇ ਵੀ ਪ੍ਰੇਮ ਜਾਣਿਆ ਹੈ, ਉਹ ਸਾਰੇ ਇਹ ਹੀ ਕਹਿੰਦੇ ਹਨ—

ਢਾਈ ਅੱਖਰ ਪ੍ਰੇਮ ਦੇ, ਪੜ੍ਹੇ ਸੋ ਪੰਡਿਤ ਹੋਇ। ਜਿਸ ਨੇ ਪੜ੍ਹ ਲਏ ਢਾਈ ਅੱਖਰ ਪ੍ਰੇਮ ਦੇ, ਉਹ ਗਿਆਨ ਨੂੰ ਪ੍ਰਾਪਤ ਹੋ ਗਿਆ। ਪਰ ਇਹ ਮਿਲਣ ਦੀ ਗੱਲ ਹੈ! ਵਿਰਹ ਦੀ ਰਾਤ ਜਾ ਚੁੱਕੀ, ਮਿਲਣ ਦੀ ਸਵੇਰ ਹੋ ਗਈ।

ਅਤੇ ਮੀਰਾ ਜੋ ਕਹਿ ਰਹੀ ਹੈ ਧਿਆਨ ਵਿਚ ਰੱਖਣਾ ਇਹ ਕੋਈ ਸ਼ਿਕਾਇਤ ਨਹੀਂ ਹੈ। ਇਹ ਕੋਈ ਪ੍ਰੇਮ ਦੇ ਵਿਰੋਧ ਵਿਚ ਕਹੀ ਗਈ ਗੱਲ ਨਹੀਂ ਹੈ। ਇਹ ਤਾਂ ਗਹਿਰੇ ਪ੍ਰੇਮ ਵਿਚ ਕਹੀ ਗਈ ਗੱਲ ਹੈ। ਇਹ ਤਾਂ ਪ੍ਰੇਮੀ ਪਰਮਾਤਮਾ ਨਾਲ ਲੜ ਰਿਹਾ ਹੈ। ਉਹ ਤੁਹਾਨੂੰ ਨਹੀਂ ਕਹਿ ਰਹੀ ਹੈ ਇਹ ਗੱਲ, ਉਹ ਆਪਣੇ ਪ੍ਰਭੂ ਨੂੰ ਕਹਿ ਰਹੀ ਹੈ ਕਿ ਜੇ ਮੈਂ ਅਜਿਹਾ ਜਾਣਦੀ ਕਿ ਤੂੰ ਇਸ ਤਰ੍ਹਾਂ ਦਾ ਦਗ਼ੇਬਾਜ਼ ਕਿ ਤੂੰ ਇਸ ਤਰ੍ਹਾਂ ਦਾ ਧੋਖੇਬਾਜ਼ ਕਿ ਇੰਨੀ ਦੇਰ ਲਾ ਦੇਵੇਂਗਾ ਕਿ ਇਸ ਤਰ੍ਹਾਂ ਤੜਫਾਏਂਗਾ ਕਿ ਜਿਵੇਂ ਮੱਛੀ ਤੜਫਦੀ ਹੈ ਪਾਣੀ ਤੋਂ ਬਾਹਰ ਅਤੇ ਤੂੰ ਦੂਰ ਹਟਦਾ ਚਲਾ ਜਾਏਂਗਾ। ਅਤੇ ਜਿੰਨਾ ਮੈਂ ਆਉਂਦੀ ਹਾਂ ਕੋਲ, ਓਨਾ ਹੀ ਪਾਉਂਦੀ ਹਾਂ ਕਿ ਤੂੰ ਦੂਰ!

ਜੇ ਮੈਂ ਅਜਿਹਾ ਜਾਣਦੀ, ਇਹ ਇਕ ਪ੍ਰੇਮਿਕਾ ਦੀ ਸ਼ਿਕਾਇਤ ਹੈ ਪ੍ਰੇਮੀ ਨਾਲ। ਇਹ ਸੰਸਾਰ ਨੂੰ ਨਹੀਂ ਕਹਿ ਰਹੀ ਹੈ ਉਹ—

ਜੋ ਮੈਂ ਐਸਾ ਜਾਨਤੀ ਪ੍ਰੇਮ ਕਿਯੇ ਦੁਖ ਹੋਇ।
ਜਗਤ ਢੰਡੋਰਾ ਪੀਟਤੀ, ਪ੍ਰੇਮ ਨ ਕੀਜੈ ਕੋਇ।

ਤਾਂ ਮੈਂ ਸਭ ਨੂੰ ਸਮਝਾ ਆਉਂਦੀ। ਮੈਂ ਸਾਰਿਆਂ ਨੂੰ ਕਹਿੰਦੀ ਕਿ ਬਚੋ, ਸਾਵਧਾਨ ਰਹੋ ਇਸ ਛਲੀਏ ਤੋਂ। ਇਸ ਤੋਂ ਦੂਰ ਰਹਿਣਾ। ਇਹ ਧੋਖੇਬਾਜ਼ ਹੈ। ਇਹ ਬੁਲਾਉਂਦਾ ਹੈ ਕੋਲ ਅਤੇ ਦੂਰ ਹਟਦਾ ਚਲਾ ਜਾਂਦਾ ਹੈ। ਇਹ ਤੜਫਾਉਂਦਾ ਹੈ, ਜਿਵੇਂ ਤੜਫਾਉਣ ਵਿਚ ਇਸ ਨੂੰ ਕੋਈ ਸੁੱਖ ਮਿਲਦਾ ਹੋਵੇ।

ਇਹ ਸ਼ਿਕਾਇਤ ਹੈ ਪਰਮਾਤਮਾ ਨਾਲ ਪ੍ਰੇਮੀ ਦੀ, ਪਰ ਬਹੁਤ ਪ੍ਰੇਮ-ਪੂਰਣ ਹੈ। ਇਹ ਝਗੜਾ ਹੈ ਪ੍ਰੇਮੀ ਦਾ ਪ੍ਰੇਮੀ ਦੇ ਨਾਲ। ਇਹ ਕੋਈ ਖੰਡਣ ਨਹੀਂ ਹੈ ਪ੍ਰੇਮ ਦਾ। ਉਹ ਪ੍ਰੇਮ ਦਾ ਹੀ ਗੀਤ ਗਾ ਰਹੀ ਹੈ। ਲੇਕਿਨ ਵਿਰਹ ਦੇ ਛਣ ਹਨ। ਵਿਜੋਗ ਦੀਆਂ ਘੜੀਆਂ ਵਿਚ ਪ੍ਰੇਮੀ ਸਦਾ ਅਜਿਹਾ ਪਾਉਂਦਾ ਹੈ, ਇਸ ਤੋਂ ਤਾਂ ਚੰਗਾ ਹੁੰਦਾ ਪਿਆਰ ਹੀ ਨਾ ਕਰਦੇ। ਇਸ ਤੋਂ ਚੰਗਾ ਹੁੰਦਾ ਕਿ ਪ੍ਰੇਮ ਦਾ ਸਾਨੂੰ ਪਤਾ ਹੀ ਨਾ ਹੁੰਦਾ। ਇਸ ਤੋਂ ਚੰਗਾ ਹੁੰਦਾ ਕਿ ਇਸ ਪ੍ਰੇਮੀ ਦੀਆਂ ਉਂਗਲੀਆਂ ਕਦੇ ਸਾਡੇ ਹਿਰਦੇ ਦੀ ਵੀਣਾ ਨੂੰ ਨਾ ਛੇੜਦੀਆਂ। ਅਸੀਂ ਇਵੇਂ

ਹੀ ਰੇਗਿਸਤਾਨ ਦੇ ਵਾਂਗ ਮਰ ਜਾਂਦੇ, ਉਹ ਅੱਛਾ ਸੀ। ਇਹ ਪਿਆਰ ਦਾ ਬੀ ਫੁੱਟਿਆ ਹੀ ਨਾ ਹੁੰਦਾ ਤਾਂ ਚੰਗਾ ਸੀ। ਇਹ ਤਾਂ ਬਹੁਤ ਪੀੜਾ ਹੋ ਗਈ।

ਲੇਕਿਨ ਜਿੰਨੀ ਬਹੁਤੀ ਪੀੜ ਹੈ, ਓਨਾ ਹੀ ਬਹੁਤਾ ਆਨੰਦ ਹੈ ਪਿੱਛੇ। ਇਹ ਵਿਰਹ ਦੀ ਪੀੜ ਪ੍ਰਸਵ (ਜੱਚਗੀ ਦੀ ਪੀੜ) ਦੀ ਪੀੜਾ ਹੈ ਉਹ ਤਾਂ ਜਦ ਬੱਚਾ ਪੈਦਾ ਹੁੰਦਾ ਹੈ ਕਿਸੇ ਇਸਤ੍ਰੀ ਨੂੰ ਅਤੇ ਕੋਈ ਇਸਤ੍ਰੀ ਮਾਂ ਬਣਦੀ ਹੈ, ਤਦ ਬਹੁਤ ਬਾਰ ਉਸ ਦੇ ਮਨ 'ਚ ਆਉਂਦਾ ਹੈ, ਜਦ ਬੱਚਾ ਪੈਦਾ ਹੁੰਦਾ ਹੈ ਕਿ ਇਹ ਤਾਂ ਅੱਛਾ ਹੋਇਆ ਹੁੰਦਾ ਜੇਕਰ ਮੈਨੂੰ ਪਹਿਲਾਂ ਹੀ ਪਤਾ ਹੁੰਦਾ ਕਿ ਇਨੀ ਪੀੜਾ ਹੋਣੀ ਸੀ, ਤਾਂ ਇਹ ਜਨਮ ਦੇਣ ਦਾ ਉਪੱਦਰ ਹੱਥ 'ਚ ਹੀ ਨਾ ਲੈਂਦੇ। ਨੌਂ ਮਹੀਨਿਆਂ ਤਕ ਬੱਚੇ ਨੂੰ ਗਰਭ ਵਿਚ ਢੋਣਾ, ਫਿਰ ਪੀੜਾ ਉਸ ਦੇ ਜਨਮ ਦੀ— ਜਿਵੇਂ ਮੌਤ ਆਉਂਦੀ ਹੋਵੇ, ਜਿਵੇਂ ਮਰਨੇ ਨੂੰ ਹੋ ਜਾਂਦੀ ਹੋਵੇ।

ਕਦੇ ਪ੍ਰਸਵ ਪੀੜਾ ਵਿਚ ਕਿਸੇ ਇਸਤ੍ਰੀ ਨੂੰ ਵੇਖਿਆ?—ਜਿਵੇਂ ਪ੍ਰਾਣਾਂ ਦੀ ਗਹਿਰਾਈ ਤੋਂ ਰੁਦਨ ਉੱਠਦਾ ਹੈ! ਪੂਰਾ ਤਨ, ਪ੍ਰਾਣ ਕੰਬ ਜਾਂਦਾ ਹੈ! ਉਸ ਵੇਲੇ ਉਸ ਦੇ ਮਨ 'ਚ ਨਾ ਹੁੰਦਾ ਹੋਏਗਾ ਕਿ ਚੰਗਾ ਹੁੰਦਾ ਜੇਕਰ ਇਸ ਉਪੱਦਰ ਵਿਚ ਹੀ ਨਾ ਪਏ ਹੁੰਦੇ, ਲੇਕਿਨ ਫਿਰ ਬੱਚੇ ਦਾ ਜਨਮ ਹੋ ਗਿਆ। ਫਿਰ ਇਸਤ੍ਰੀ ਦੇ ਚਿਹਰੇ ਉੱਤੇ ਆਈ ਆਨੰਦ ਦੀ ਆਭਾ ਵੇਖੀ ਹੈ! ਫਿਰ ਉਹ ਜਿਸ ਸ਼ਾਂਤੀ ਅਤੇ ਪ੍ਰੇਮ ਅਤੇ ਲਗਨ ਨਾਲ ਬੱਚੇ ਵੱਲ ਵੇਖਦੀ ਹੈ! ਬੱਚੇ ਦਾ ਹੀ ਥੋੜ੍ਹੇ ਜਨਮ ਹੁੰਦਾ ਹੈ, ਉਸੀ ਦਿਨ ਮਾਂ ਦਾ ਵੀ ਜਨਮ ਹੁੰਦਾ ਹੈ, ਉਸ ਤੋਂ ਪਹਿਲਾਂ ਉਹ ਮਾਂ ਨਹੀਂ ਸੀ, ਉਸ ਤੋਂ ਪਹਿਲਾਂ ਉਹ ਇਕ ਸਾਧਾਰਣ ਇਸਤ੍ਰੀ ਸੀ, ਹੁਣ ਮਾਂ ਹੈ। ਮਾਂ ਦੀ ਗੱਲ ਹੀ ਹੋਰ ਹੈ, ਮਾਂ ਦਾ ਅਰਥ ਹੈ, ਹੁਣ ਉਹ ਸੁਜਣਦਾਤੀ ਹੈ, ਹੁਣ ਉਸ ਨੇ ਜਨਮ ਦਿੱਤਾ ਜੀਵਨ ਨੂੰ। ਹੁਣ ਉਹ ਅਜਿਹੀ ਸੀਪ ਹੈ ਜਿਸ ਵਿਚ ਮੋਤੀ ਪਲਿਆ। ਹੁਣ ਉਹ ਸਾਧਾਰਣ ਦੇਹ ਨਹੀਂ ਹੈ, ਉਹ ਪਰਮਾਤਮਾ ਦਾ ਘਰ ਬਣੀ ਹੈ, ਉਹ ਪਰਮਾਤਮਾ ਦਾ ਮਾਧਿਅਮ ਬਣੀ ਹੈ।

ਇਸਤ੍ਰੀ ਆਪਣੀ ਪਰਮ ਸੁੰਦਰਤਾ ਨੂੰ ਉਪਲਬਧ ਹੁੰਦੀ ਹੈ ਮਾਂ ਬਣ ਕੇ। ਪਰ ਪ੍ਰਸਵ ਦੀ ਪੀੜਾ ਬਹੁਤ ਹੈ। ਵਿਰਹ ਦੀ ਵੀ ਬਹੁਤ ਪੀੜਾ ਹੈ। ਉਸੇ ਵਿਰਹ ਦੀ ਪੀੜ 'ਚੋਂ ਲੰਘ ਕੇ, ਨਿੱਖਰ ਕੇ, ਅੱਗ 'ਚੋਂ ਛਣ ਕੇ ਵਿਅਕਤੀ ਕੁੰਦਨ ਬਣਦਾ ਹੈ, ਸੋਨਾ ਬਣਦਾ ਹੈ। ਫਿਰ ਮਿਲਣ ਦਾ ਮਹਾਂ-ਸੁੱਖ ਹੈ।

ਮੀਰਾ ਕਹਿ ਰਹੀ ਹੈ ਪ੍ਰਾਰੰਭ ਦੀ ਗੱਲ। ਫਰੀਦ ਕਹਿ ਰਹੇ ਹਨ ਅੰਤ ਦੀ ਗੱਲ। ਉਨ੍ਹਾਂ ਦੋਹਾਂ ਵਿਚ ਕੋਈ ਵਿਰੋਧ ਨਹੀਂ ਹੈ, ਉਹ ਦੋਵੇਂ ਇਕ ਹੀ ਮੰਜ਼ਿਲ ਦੇ ਦੋ ਕਿਨਾਰੇ ਹਨ।

ਆਖ਼ਰੀ ਸਵਾਲ—ਪੱਛਮ ਵਿਚ ਅਜੇ ਧਰਮ ਲਈ ਗਹਿਰੀ ਪਿਆਸ ਪੈਦਾ ਹੋ ਰਹੀ ਹੈ। ਉਸ ਦੇ ਟੁਰਦੇ ਦੇਸ਼-ਦੇਸ਼ ਤੋਂ ਹਜ਼ਾਰਾਂ ਦੀ ਸੰਖਿਆ ਵਿਚ ਧਰਮ-ਪਿਆਸੂ ਭਾਰਤ ਆ ਰਹੇ ਹਨ, ਵਿਸ਼ੇਸ਼ ਕਰ ਤੁਹਾਡੇ ਕੋਲ ਪੁੱਜ ਰਹੇ ਹਨ। ਪਰ ਸ਼ਾਸਕੀਏ ਨੀਅਮ-ਨਿਸ਼ੇਧ ਦੇ ਕਾਰਨ ਇਨ੍ਹਾਂ ਪੱਛਮੀ ਸਾਧਕਾਂ ਨੂੰ ਅਨੇਕ ਔਖਿਆਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ ਆਰਥਕ ਦ੍ਰਿਸ਼ਟੀ ਨਾਲ ਭਾਰਤ ਦੇ ਪ੍ਰਯਟਨ-ਵਿਅਵਸਾਏ (ਟੂਰਿਸਟ ਡਿਪਾਰਟਮੈਂਟ) ਨੂੰ ਉਨ੍ਹਾਂ ਤੋਂ ਲਾਭ ਹੀ ਲਾਭ ਹੈ। ਇਸ ਦਿਸ਼ਾ ਵਿਚ ਵੀ ਤੁਸੀਂ ਸ਼ਾਸਨ ਅਤੇ ਆਸ਼ਰਮ ਦੇ ਵਿਚਕਾਰ ਕਿਸੇ ਸਹਿਯੋਗ ਦਾ ਸੁਝਾਵ ਦੇਣ ਦੀ ਕਿਰਪਾ ਕਰੋਗੇ ?

ਮੇਰੇ ਅਤੇ ਰਾਜ ਦੇ ਵਿਚਾਲੇ ਤਾਂ ਕੋਈ ਸਮਝੌਤਾ ਹੋ ਨਹੀਂ ਸਕਦਾ, ਆਸ਼ਰਮ ਅਤੇ ਰਾਜਯ ਦੇ ਵਿਚਕਾਰ ਸ਼ਾਇਦ ਸਮਝੌਤਾ ਹੋ ਜਾਏ। ਆਸ਼ਰਮ ਇਕ ਸੰਸਥਾ ਹੈ। ਸ਼ਾਸਨ ਵੀ ਇਕ ਸੰਸਥਾ ਹੈ। ਕੋਈ ਸਮਝੌਤਾ ਹੋ ਸਕਦਾ ਹੈ। ਮੇਰੇ ਅਤੇ ਸ਼ਾਸਨ ਦੇ ਵਿਚਾਲੇ ਕੋਈ ਸਮਝੌਤਾ ਨਹੀਂ ਹੋ ਸਕਦਾ। ਮੇਰੇ ਅਤੇ ਮੇਰੇ ਆਸ਼ਰਮ ਦੇ ਵਿਚਕਾਰ ਹੀ ਸਮਝੌਤਾ ਬੜਾ ਮੁਸ਼ਕਿਲ ਹੈ।

ਮੇਰਾ ਢੰਗ ਮੂਲਤਃ—ਸੰਸਥਾ ਵਿਰੋਧੀ ਹੈ। ਜੇਕਰ ਆਸ਼ਰਮ ਵੀ ਚੱਲਦਾ ਹੈ ਤਾਂ ਮਜਬੂਰੀ ਹੈ। ਉਹ ਨਿੱਕੀ ਤੋਂ ਨਿੱਕੀ ਬੁਰਾਈ ਹੈ, ਅਤੇ ਹੈ ਤਾਂ ਬੁਰਾਈ ਹੀ। ਹੈ ਤਾਂ ਸੰਸਥਾ ਦਾ ਹੀ ਪ੍ਰਬੰਧ! ਪ੍ਰਬੰਧ ਵਿਚ ਮੇਰੀ ਰੁਚੀ ਨਹੀਂ ਹੈ ਲੇਕਿਨ ਅਪ੍ਰਬੰਧ ਦੇ ਲਾਇਕ ਤੁਹਾਡੀ ਯੋਗਤਾ ਨਹੀਂ ਹੈ। ਇਸ ਲਈ ਮਜਬੂਰੀ ਹੈ। ਵਿਚਕਾਰ ਦਾ ਰਾਹ ਲੱਭਣਾ ਪੈਂਦਾ ਹੈ।

ਰਹੀਆਂ ਪੱਛਮ ਤੋਂ ਆਉਣ ਵਾਲੇ ਸਾਧਕਾਂ ਦੀਆਂ ਔਖਿਆਈਆਂ ਅਤੇ ਉਨ੍ਹਾਂ ਦੀ ਗੱਲ, ਉਸ ਨੂੰ ਉਹ ਪ੍ਰਸਵ ਪੀੜਾ ਸਮਝਣ! ਸਮਝੌਤਾ ਮੈਂ ਰਾਜਯ ਨਾਲ ਕੋਈ ਕਰਾਂਗਾ ਨਹੀਂ। ਹੋ ਸਕਦਾ ਹੈ ਬੜੀ ਆਸਾਨੀ ਨਾਲ। ਅੜਚਨ ਕੁਝ ਵੀ ਨਹੀਂ ਹੈ। ਲੇਕਿਨ ਮੇਰੇ ਵਿਚ ਅੜਚਨ ਹੈ। ਮੇਰੇ ਹੋਣ ਵਿਚ ਰੁਕਾਵਟ ਹੈ। ਸਤਯ ਸਾਈਂ ਬਾਬਾ ਦਾ ਹੋ ਸਕਦਾ ਹੈ, ਮੁਕਤਾ ਨੰਦ ਦਾ ਹੋ ਸਕਦਾ ਹੈ, ਤਾਂ ਮੇਰਾ ਕਿਉਂ ਨਹੀਂ ਹੋ ਸਕਦਾ ? ਨਾ ਹੋਣ ਦੀ ਅਚੜਨ ਹੈ। ਨਾ ਤਾਂ ਮੈਂ ਕਿਸੇ ਚੀਫ਼ ਮਨਿਸਟਰ ਨੂੰ ਬੁਲਾਉਂਦਾ, ਨਾ ਕਿਸੇ ਪ੍ਰਧਾਨ ਮੰਤਰੀ ਨੂੰ, ਨਾ ਰਾਸ਼ਟਰਪਤੀ ਨੂੰ—ਸ਼ਿਲਾਨਿਯਾਸ (ਪੱਥਰ ਰੱਖਣਾ) ਕਰੋ, ਆਸ਼ਰਮ ਦਾ ਉਦਘਾਟਨ ਕਰੋ। ਇਸ ਆਸ਼ਰਮ ਵਿਚ ਉਨ੍ਹਾਂ ਦਾ ਆਨਾ ਜਾਣਾ ਨਹੀਂ ਹੈ। ਅਤੇ ਉਨ੍ਹਾਂ ਦੇ ਆਉਣ-ਜਾਣ ਦਾ ਇਕ ਹੀ ਉਪਾਇ ਹੈ—ਸ਼ਿਲਾਨਿਯਾਸ ਕਰਵਾਓ, ਪੱਥਰ ਰਖਵਾਓ, ਪੱਥਰ ਉਖੜਵਾਓ, ਕੁਝ ਕਰਵਾਓ, ਉਨ੍ਹਾਂ ਨੂੰ ਸਨਮਾਨ ਦਿਓ! ਅਤੇ ਜੋ ਮੈਂ ਕਹਿੰਦਾ ਹਾਂ, ਉਸ ਹਿਸਾਬ ਨਾਲ ਉਹ ਸਾਰੇ ਪਾਗਲ ਹਨ, ਵਿਛਿਪਤ ਹਨ, ਉਨ੍ਹਾਂ ਤੋਂ

ਪੱਥਰ ਮੈਂ ਰੱਖਵਾ ਨਹੀਂ ਸਕਦਾ। ਤੁਹਾਡੇ ਕੋਲੋਂ ਰਖਵਾ ਲਵਾਂਗਾ, ਉਨ੍ਹਾਂ ਤੋਂ ਨਹੀਂ ਰਖਵਾ ਸਕਦਾ। ਮੇਰੇ ਮਨ 'ਚ ਉਨ੍ਹਾਂ ਦਾ ਕੋਈ ਸਨਮਾਨ ਨਹੀਂ ਹੈ। ਸਭਾਵਤ ਹੈ—ਉਨ੍ਹਾਂ ਨਾਲ ਮੇਰਾ ਕੋਈ ਤਾਲਮੇਲ ਨਹੀਂ ਬੈਠ ਸਕਦਾ। ਲਗਾਤਾਰ ਮੈਂ ਉਨ੍ਹਾਂ ਦੇ ਪਾਗ਼ਲਪਨ ਦੀ ਘੋਸ਼ਣਾ ਕਰਦਾ ਹਾਂ, ਉਹ ਸਾਰੀਆਂ ਖ਼ਬਰਾਂ ਉਨ੍ਹਾਂ ਤਕ ਪੁੱਜਦੀਆਂ ਹਨ। ਉਹ ਸਭ ਹਿਸਾਬ ਰੱਖਦੇ ਹਨ। ਉਨ੍ਹਾਂ ਦੀ ਨਾਰਾਜ਼ਗੀ ਵੀ ਸੁਭਾਵਿਕ ਹੈ। ਜੇਕਰ ਉਹ ਨਹੀਂ ਕੱਢ ਪਾਂਦੇ ਇਹ ਵੀ ਉਨ੍ਹਾਂ ਦੀ ਸੱਜਣਤਾ ਹੈ ਨਹੀਂ ਤਾਂ ਉਹ ਆਪਣੀ ਨਾਰਾਜ਼ਗੀ ਖ਼ੂਬ ਕੱਢ ਸਕਦੇ ਹਨ। ਮੇਰੇ ਉੱਤੇ ਨਹੀਂ ਕੱਢ ਪਾਉਂਦੇ ਤਾਂ ਸੰਨਿਆਸੀਆਂ ਉੱਤੇ ਕੱਢ ਦਿੰਦੇ ਹਨ, ਉਨ੍ਹਾਂ ਨੂੰ ਆਸਾਨੀ ਨਾਲ ਫਸਾ ਲੈਂਦੇ ਹਨ।

ਲੇਕਿਨ ਸੰਨਿਆਸੀਆਂ ਨੂੰ ਆਪਣੀ ਅਸੁਵਿਧਾ ਨੂੰ ਆਪਣੀ ਸਾਧਨਾ ਦਾ ਹਿੱਸਾ ਮੰਨਣਾ ਚਾਹੀਦਾ, ਬਜਾਏ ਇਸ ਦੇ ਕਿ ਉਹ ਰਾਜਯ ਨਾਲ ਕੋਈ ਸਮਝੌਤਾ ਕਰਨ, ਕਿਉਂਕਿ ਉਸ ਸਮਝੌਤੇ ਵਿਚ ਤਾਂ ਗੱਲ ਹੀ ਮਰ ਜਾਏਗੀ। ਉਸ ਸਮਝੌਤੇ ਵਿਚ ਤਾਂ ਫਿਰ ਤੁਹਾਨੂੰ ਇਥੇ ਆਉਣ ਦਾ ਕੋਈ ਕਾਰਨ ਹੀ ਨਹੀਂ ਰਹਿ ਜਾਏਗਾ। ਉਸ ਸਮਝੌਤੇ ਵਿਚ ਤਾਂ ਮੈਂ ਹੀ ਨਹੀਂ ਬਚਾਂਗਾ। ਮੇਰੇ ਹੋਣ ਦੀ ਜੋ ਵਿਸ਼ੇਸ਼ਤਾ ਹੈ ਉਹ ਹੀ ਸਮਾਪਤ ਹੋ ਜਾਏਗੀ, ਫਿਰ ਤੁਸੀਂ ਮੁਕਤਾਨੰਦ ਦੇ ਕੋਲ ਗਏ ਕਿ ਮੇਰੇ ਕੋਲ ਆਏ, ਬਰਾਬਰ ਹੋਏਗਾ। ਫਿਰ ਕੋਈ ਭੇਦ ਨਾ ਰਿਹਾ। ਫਿਰ ਜਿਸ ਤਰ੍ਹਾਂ ਹੋਰ ਆਸ਼ਰਮ ਹਨ, ਉਹੋ ਜਿਹਾ ਹੀ ਇਹ ਵੀ ਇਕ ਆਸ਼ਰਮ ਹੋਏਗਾ।

ਇਹ ਆਸ਼ਰਮ ਨਿਰਾਲਾ ਹੈ। ਇਹ ਰਾਜਨੀਤੀ ਦੇ ਧੂੰਏਂ ਤੋਂ ਬਿਲਕੁਲ ਪਾਰ ਹੈ। ਇਸ ਲਈ ਅੜਚਨ ਤਾਂ ਝੱਲਣੀ ਪਏਗੀ, ਕਿਉਂਕਿ ਰਾਜਯ ਸੁਵਿਧਾ ਨਹੀਂ ਦੇਵੇਗੀਂ, ਰਾਜਯ ਅਸੁਵਿਧਾ ਦੇਵੇਗਾ। ਮੇਰੇ ਕੋਲ ਜੋ ਆਉਣਗੇ, ਉਨ੍ਹਾਂ ਉੱਤੇ ਸਭ ਤਰ੍ਹਾਂ ਦੀਆ ਰੁਕਾਵਟਾਂ ਪਾਈਆਂ ਜਾਣਗੀਆਂ। ਉਨ੍ਹਾਂ ਨੂੰ ਆਉਣ ਨਾ ਦਿੱਤਾ ਜਾਏ, ਇਸ ਦੀ ਕੋਸ਼ਿਸ਼ ਕੀਤੀ ਜਾਏਗੀ। ਮੇਰੀ ਗੱਲ ਉਨ੍ਹਾਂ ਤਕ ਨਾ ਪਹੁੰਚੇ, ਇਸ ਦੀ ਕੋਸ਼ਿਸ਼ ਕੀਤੀ ਜਾਏਗੀ। ਲੇਕਿਨ ਇਹ ਸੁਭਾਵਿਕ ਹੈ ਇਸ ਵਿਚ ਕੁਝ ਅਸਚਰਜ ਕਰਨ ਦੀ ਗੱਲ ਨਹੀਂ ਹੈ।

ਮੈਨੂੰ ਪੁੱਛਦੇ ਹੋ ਤਾਂ ਮੈਂ ਇਹ ਹੀ ਕਹਾਂਗਾ ਕਿ ਜੋ ਵੀ ਅਸੁਵਿਧਾ ਹੋਵੇ, ਉਸ ਨੂੰ ਸਹਾਰ ਲੈਣਾ। ਸਮਝੌਤੇ ਦੀ ਗੱਲ ਨਾ ਚੁੱਕਣਾ। ਉਸ ਨੂੰ ਸਹਿ ਲੈਣ ਨਾਲ ਤੁਹਾਨੂੰ ਲਾਭ ਹੋਵੇਗਾ। ਸਹੂਲੀਅਤ ਨਾਲ ਕਦੇ ਕੋਈ ਉਪਰ ਉਠਿਆ ਹੈ? ਪੀੜਾ ਨੂੰ ਸਵੀਕਾਰ ਕਰ ਲੈਣਾ। ਮੰਨ ਲੈਣਾ ਕਿ ਉਹ ਮੇਰੇ ਕੋਲ ਆਉਣ ਦਾ ਸੌਦਾ ਹੈ। ਓਨਾ ਤਾਂ ਚੁਕਾਉਣਾ ਪਏਗਾ, ਤਾਂ ਮੇਰੇ ਕੋਲ ਆ ਸਕਦੇ ਹੋ।

ਰੋਜ਼-ਰੋਜ਼ ਕਠਿਨਾਈ ਵਧਦੀ ਜਾਏਗੀ, ਜਿਵੇਂ-ਜਿਵੇਂ ਮੇਰੀ ਖ਼ਬਰ ਪੁੱਜੇਗੀ ਲੋਕਾਂ ਤਕ, ਉਵੇਂ-ਉਵੇਂ ਕਠਿਨਾਈ ਵਧਦੀ ਜਾਏਗੀ। ਕਿਉਂਕਿ ਸੰਤਾਂ ਵਿਚ ਤਥਾ-ਕਥਤਿ ਸੰਤਾਂ ਵਿਚ ਅਤੇ ਰਾਜਨੀਤਕਾਂ ਵਿਚ ਇਕ ਤਰ੍ਹਾਂ ਦੀ ਸਾਂਝੇਦਾਰੀ ਹੈ। ਸੰਤ ਉਨ੍ਹਾਂ ਦੀ ਪ੍ਰਸੰਸਾ (ਵਾਹ-ਵਾਹ) ਕਰਦੇ ਹਨ ਕਿ ਤੁਸੀਂ ਮਹਾਨ ਨੇਤਾ ਹੋ, ਮਹਾਨ ਨੇਤਾ ਉਨ੍ਹਾਂ ਦੀ ਵਾਹ-ਵਾਹ ਕਰਦੇ ਹਨ ਕਿ ਤੁਸੀਂ ਮਹਾਨ ਸੰਤ ਹੋ। ਅਜਿਹਾ ਲੈਣ-ਦੇਣ ਹੈ। ਮੈਂ ਉਨ੍ਹਾਂ ਦੀ ਵਾਹ-ਵਾਹ ਨਹੀਂ ਕਰ ਸਕਦਾ, ਕਿਉਂਕਿ ਉਹ ਝੂਠ ਹੋਏਗੀ। ਹੋਰ ਝੂਠ ਜੇਕਰ ਮੈਂ ਕਿਹਾ ਅਤੇ ਤੁਹਾਡੀ ਲਈ ਸੁਵਿਧਾ ਬਣਾ ਦਿੱਤੀ ਤਾਂ ਤੁਸੀਂ ਮੇਰੇ ਕੋਲ ਵੀ ਆ ਕੇ ਕੀ ਕਰੋਗੇ ? ਇਕ ਝੂਠੇ ਆਦਮੀ ਦੇ ਕੋਲ ਆਉਣ ਦਾ ਕੋਈ ਅਰਥ ਨਹੀਂ ਰਹਿ ਜਾਏਗਾ। ਮੈਨੂੰ ਤੁਸੀਂ ਸੱਚਾ ਰਹਿਣ ਦਿਓ। ਚਾਹੇ ਉਸਦੇ ਕਾਰਨ ਤੁਹਾਨੂੰ ਸਹੂਲੀਅਤ ਨਾ ਹੋਵੇ, ਉਸਨੂੰ ਝੱਲ ਲੈਣਾ। ਤੁਹਾਡੀ ਅਸੁਵਿਧਾ ਅਤੇ ਮੇਰੀ ਸਚਾਈ ਦਾ ਹੀ ਤਾਲਮੇਲ ਰਹੇ। ਤੁਸੀਂ ਆਪਣੀ ਸਹੂਲੀਅਤ ਲਈ ਮੈਨੂੰ ਭੁੱਲ ਕੇ ਵੀ ਨਹੀਂ ਕਹਿਣਾ ਕਿ ਮੈਂ ਕੁਝ ਪ੍ਰਬੰਧ ਕਰਾਂ—ਤਾਂ ਹੀ ਮੈਂ ਤੁਹਾਡੇ ਵਿਕਾਸ ਵਿਚ ਤੁਹਾਡੇ ਲਈ ਸਹਿਯੋਗੀ (ਸਹਾਇਕ) ਹੋ ਸਕਦਾ ਹਾਂ। ਇਸ ਤੋਂ ਇਲਾਵਾ ਕੋਈ ਉਪਾਇ ਨਹੀਂ ਹੈ।

ਅੱਜ ਏਨਾ ਹੀ।

ਸਤਵਾਂ ਪ੍ਰਵਚਨ

ਸਤਵਾਂ ਪ੍ਰਵਚਨ

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥
ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥

ਜੀਵਨ ਤੁਹਾਡਾ ਇਕ ਪੁਨਰੁਕਤੀ (ਰਿਪੀਟੀਸ਼ਨ) ਹੈ—ਇਕ ਅੰਨ੍ਹੀ ਪੁਨਰੁਕਤੀ, ਉੱਠਦੇ ਹੋ, ਚੱਲਦੇ ਹੋ, ਕੰਮ-ਕਾਜ ਕਰਦੇ ਹੋ, ਪਰ ਕਿੱਥੇ ਹੋ, ਕੀ ਕਰ ਰਹੇ—ਇਸ ਦਾ ਕੋਈ ਵੀ ਹੋਸ਼ ਨਹੀਂ। ਕੌਣ ਹੋ—ਇਸ ਦਾ ਵੀ ਕੋਈ ਪਤਾ ਨਹੀਂ। ਕਿਉਂ ਹੈ ਤੁਹਾਡਾ ਹੋਣਾ ਇੱਥੇ—ਇਸ ਦਾ ਕੋਈ ਜਵਾਬ ਨਹੀਂ। ਫਿਰ ਦਿਨ ਆਉਂਦੇ ਹਨ, ਰਾਤਾਂ ਆਉਂਦੀਆਂ ਹਨ, ਸਮਾਂ ਬੀਤਾ ਚਲਾ ਜਾਂਦਾ ਹੈ—ਅਤੇ ਜੀਵਨ ਇਸੇ ਤਰ੍ਹਾਂ ਹੀ ਉੱਜੜ ਜਾਦਾ ਹੈ, ਬਿਨਾਂ ਕਿਸੀ ਫੁੱਲਾਂ ਨੂੰ ਉਪਲਬਧ ਹੋਏ। ਜਮੀਵਨ ਵਿਚ ਹੱਥ ਕੁਝ ਵੀ ਨਹੀਂ ਲੱਗ ਪਾਂਦਾ, ਜਿਸ ਨੂੰ ਤੁਸੀਂ ਸੰਪਦਾ ਕਹਿ ਸਕੋ, ਜਿਸ ਨੂੰ ਤੁਸੀਂ ਕਹਿ ਸਕੋ ਕਿ ਆਉਣਾ ਵਿਅਰਥ ਨਾ ਹੋਇਆ।

ਖ਼ਾਲੀ ਹੱਥ ਆਦਮੀ ਪੈਦਾ ਹੁੰਦਾ ਹੈ ਅਤੇ ਖ਼ਾਲੀ ਹੱਥ ਹੀ ਮਰ ਜਾਂਦਾ ਹੈ। ਲੇਕਿਨ ਕੁਝ ਹੈ ਜੋ ਖ਼ਾਲੀ ਹੱਥ ਪੈਦਾ ਹੁੰਦੇ ਹਨ, ਅਤੇ ਭਰੇ ਹੱਥ ਮਰਦੇ ਹਨ। ਕਬੀਰ, ਨਾਨਕ, ਫ਼ਰੀਦ, ਅਜਿਹੇ ਕੁਝ ਲੋਕ ਹਨ ਜਿਹੜੇ ਆਏ ਤਾਂ ਤੁਹਾਡੇ ਹੀ ਵਾਂਗ ਸਨ, ਆਉਣ ਵੇਲੇ ਕੋਈ ਭੇਦ ਨਹੀਂ ਸੀ, ਤੁਹਾਡੇ ਹੱਥ ਜਿਵੇਂ ਖ਼ਾਲੀ ਸਨ, ਉਨ੍ਹਾਂ ਦੇ ਵੀ ਹੱਥ ਖ਼ਾਲੀ ਸਨ—ਲੇਕਿਨ ਜਾਣ ਵੇਲੇ ਤੁਸੀਂ ਭਿਖਾਰੀ ਦੇ ਵਾਂਗ ਜਾਓਗੇ, ਉਹ ਸਮਰਾਟ ਦੀ ਤਰ੍ਹਾਂ ਗਏ। ਉਨ੍ਹਾਂ ਨੇ ਜੀਵਨ ਦਾ ਕੋਈ ਉਪਯੋਗ ਕਰ ਲਿਆ। ਜੀਵਨ ਬੀਤ ਹੀ ਨਾ ਗਿਆ, ਇਵੇਂ ਹੀ ਨਹੀਂ ਬੀਤ ਗਿਆ, ਇਵੇਂ ਹੀ ਨਹੀਂ ਚਲਾ ਗਿਆ—ਉਨ੍ਹਾਂ ਨੇ ਜੀਵਨ ਦੀ ਧਾਰਾ ਦਾ ਨਿਯੋਜਨ (ਠੀਕ ਤਰ੍ਹਾਂ ਚੱਲਣਾ) ਕਰ ਲਿਆ, ਜੀਵਨ ਦੀ ਊਰਜਾ ਦਾ ਸੁਜਨਾਤਮਕ ਉਪਯੋਗ ਕਰ ਲਿਆ।

ਜੀਵਨ ਦੋ ਢੰਗਾਂ ਦੇ ਹੋ ਸਕਦੇ ਹਨ। ਇਕ ਤਾਂ ਇਸੇ ਤਰ੍ਹਾਂ ਹੀ ਵਗਦਾ ਚਲਾ ਜਾਏ, ਨਤੀਜਾ ਕੁਝ ਵੀ ਨਾ ਹੋਵੇ, ਅੰਤ ਕੋਈ ਨਾ ਮਿਲੇ, ਪਹੁੰਚਣਾ ਕਿਤੇ ਨਾ ਹੋਵੇ, ਕੋਈ ਮੰਜ਼ਿਲ ਕੋਲ ਨਾ ਆਏ। ਹੋਰ ਇਕ ਜੀਵਨ, ਪ੍ਰਤਿਪਲ ਮਾਲਾ ਦੇ ਖਿੰਡੇ ਹੋਏ ਫੁੱਲਾਂ ਦੇ ਵਾਂਗ ਨਾ ਹੋਵੇ, ਸਗੋਂ ਕਿਸੇ ਮੰਜ਼ਿਲ ਕਿਸੇ ਡੂੰਘੇ ਮਤਲਬ ਕਿਸੀ ਗਹਿਰੀ ਪ੍ਰਾਰਥਨਾ ਦੇ ਧਾਗੇ ਵਿਚ ਪਰੋਇਆ ਹੋਇਆ ਹੋਵੇ। ਇਵੇਂ ਤਾਂ ਫੁੱਲਾਂ ਦਾ ਢੇਰ ਵੀ ਲੱਗਦਾ ਹੈ, ਉਨ੍ਹਾਂ ਹੀ ਫੁੱਲਾਂ ਦੀ ਮਾਲਾ ਵੀ ਬਣ ਜਾਂਦੀ ਹੈ।

ਬਹੁਤੇ ਲੋਕਾਂ ਦਾ ਜੀਵਨ ਸਮੇਂ ਦਾ ਇਕ ਢੇਰ ਹੈ। ਉਸ ਵਿਚ ਕੋਈ ਮੇਲ ਨਹੀਂ ਹੈ। ਉਸ ਵਿਚ ਕੋਈ ਰੇਖਾਬੱਧ (ਲਕੀਰਾਂ 'ਚ ਬੱਝਿਆ) ਵਿਕਾਸ (ਵਾਧਾ) ਨਹੀਂ ਹੈ। ਉਸ ਵਿਚ ਕੋਈ ਪੌੜੀ ਨਹੀਂ ਹੈ।

ਕੁਝ ਲੋਕਾਂ ਦਾ ਜੀਵਨ ਧਾਗੇ ਵਿਚ ਪਰੋਏ ਹੋਏ ਫੁੱਲਾਂ ਦੇ ਵਾਂਗ ਹੈ—ਹਰ ਇਕ ਫੁੱਲ ਇਕ ਪੌੜੀ ਹੈ, ਅਤੇ ਹਰ ਫੁੱਲ ਇਕ ਨਵਾਂ ਦੁਆਰ ਹੈ, ਅਤੇ ਜੀਵਨ ਇਕ ਲੜੀ ਹੈ—ਕਿਤੇ ਪੁੱਜਦਾ ਹੋਇਆ ਮਾਲੂਮ ਹੁੰਦਾ ਹੈ, ਕਿਤੇ ਪੁੱਜ ਜਾਂਦਾ ਹੈ।

ਸਮੇਂ ਦੇ ਰਹਿੰਦੇ ਜਾਗ ਜਾਓ ਤਾਂ ਠੀਕ। ਕਿਉਂਕਿ ਜੋ ਸਮਾਂ ਹੱਥਾਂ 'ਚੋਂ ਚਲਾ ਗਿਆ, ਉਸ ਨੂੰ ਵਾਪਸ ਨਹੀਂ ਪਰਤਾਇਆ ਜਾ ਸਕਦਾ। ਜੋ ਛਣ ਬੀਤ ਗਏ, ਉਹ ਬੀਤ ਗਏ, ਉਨ੍ਹਾਂ ਨੂੰ ਫਿਰ ਤੋਂ ਜੀਊਣ ਦੀ ਕੋਈ ਸੁਵਿਧਾ ਨਹੀਂ ਹੈ। ਸਮਾਂ ਕੋਈ ਅਜਿਹੀ ਸੰਪਤੀ ਨਹੀਂ ਹੈ ਜਿਸ ਨੂੰ ਤੁਸੀਂ ਗੁਆ ਕੇ ਫਿਰ ਪਾ ਸਕੋਗੇ। ਇਸ ਸੰਸਾਰ ਵਿਚ ਸਭ ਚੀਜ਼ਾਂ ਗੁਆ ਕੇ ਫਿਰ ਪਾਈਆਂ ਜਾ ਸਕਦੀਆਂ ਹਨ। ਸਮਾਂ ਨਹੀਂ ਪਾਇਆ ਜਾ ਸਕਦਾ। ਇਸ ਲਈ ਸਮਾਂ ਇਸ ਸੰਸਾਰ ਵਿਚ ਸਭ ਤੋਂ ਜ਼ਿਆਦਾ ਬਹੁਤ ਕੀਮਤੀ ਹੈ—ਗਿਆ ਤਾਂ ਗਿਆ। ਅਤੇ ਉਸੇ ਦੇ ਸੰਬੰਧ ਵਿਚ ਅਸੀਂ ਸਭ ਤੋਂ ਜ਼ਿਆਦਾ ਲਾਪਰਵਾਹ ਹਾਂ। ਲਾਪਰਵਾਹ ਹੀ ਨਹੀਂ ਹਾਂ, ਲੋਕ ਬੈਠ ਕੇ ਤਾਸ਼ ਖੇਡ ਰਹੇ ਹਨ, ਸ਼ਰਾਬ ਪੀ ਰਹੇ ਹਨ। ਪੁੱਛੋ, ਕੀ ਕਰ ਰਹੇ ਹੋ, ਉਹ ਕਹਿੰਦੇ ਹਨ, ਵਕਤ ਕੱਟ ਰਹੇ ਹਾਂ, ਵਕਤ ਕੱਟਿਆਂ ਨਹੀਂ ਕੱਟਦਾ।

ਸਮਾਂ ਤੁਹਾਨੂੰ ਕੱਟ ਰਿਹਾ ਹੈ, ਪਾਗ਼ਲੋ! ਤੁਸੀਂ ਸਮੇਂ ਨੂੰ ਨਹੀਂ ਕੱਟ ਸਕੋਗੇ। ਸਮੇਂ ਨੂੰ ਤੁਸੀਂ ਕੀ ਕੱਟੋਗੇ ? ਤੁਸੀਂ ਸਮੇਂ ਨੂੰ ਕਿਵੇਂ ਕੱਟੋਗੇ ? ਸਮੇਂ ਉੱਤੇ ਤਾਂ ਤੁਹਾਡੀ ਕੋਈ ਪਕੜ ਹੀ ਨਹੀਂ ਹੈ। ਸਮਾਂ ਤੁਹਾਨੂੰ ਕੱਟ ਰਿਹਾ ਹੈ, ਤੁਸੀਂ ਸੋਚਦੇ ਹੋ, ਤੁਸੀਂ ਸਮੇਂ ਨੂੰ ਕੱਟ ਰਹੇ ਹੋ। ਅਖ਼ੀਰ ਵਿਚ ਪਾਉਗੇ, ਸਮਾਂ ਤਾਂ ਨਹੀਂ ਕੱਟਿਆ ਗਿਆ, ਤੁਸੀਂ ਹੀ ਕੱਟ ਗਏ। ਅਖ਼ੀਰ 'ਚ ਪਾਉਗੇ, ਸਮਾਂ ਤਾਂ ਨਹੀਂ ਮਰਿਆ, ਤੁਸੀਂ ਮਰ ਗਏ।

ਧਿਆਨ ਰੱਖਣਾ, ਸਮਾਂ ਨਹੀਂ ਬੀਤ ਰਿਹਾ ਹੈ, ਤੁਸੀਂ ਹੀ ਬੀਤ ਰਹੇ ਹੋ। ਸਮਾਂ ਨਹੀਂ ਜਾ ਰਿਹਾ ਹੈ, ਤੁਸੀਂ ਹੀ ਬਹੀ ਜਾ ਰਹੇ ਹੋ। ਸਮਾਂ ਤਾਂ ਇਕ ਅਰਥ ਵਿਚ ਉਥੇ ਦਾ ਉਥੇ ਹੀ ਹੈ, ਲੇਕਿਨ ਤੁਸੀਂ ਆਉਂਦੇ ਹੋ, ਚਲੇ ਜਾਂਦੇ ਹੋ, ਤੁਹਾਡੀ ਸਵੇਰ ਹੁੰਦੀ ਹੈ, ਤੁਹਾਡੀ ਸ਼ਾਮ ਹੁੰਦੀ ਹੈ, ਤੁਹਾਡਾ ਜਨਮ ਹੁੰਦਾ ਹੈ, ਤੁਹਾਡੀ ਹੀ ਮੌਤ ਹੁੰਦੀ ਹੈ।

ਇਸ ਨੂੰ ਠੀਕ ਤਰ੍ਹਾਂ ਸਮਝ ਲੈਣਾ। ਸਮੇਂ ਨੂੰ ਕੱਟਣਾ ਆਪਣੇ ਨੂੰ ਹੀ ਕੱਟਣਾ ਹੈ ਅਤੇ ਸਮੇਂ ਦਾ ਸਮੱਯਕ (ਪੂਰਾ) ਉਪਯੋਗ ਕਰ ਲੈਣਾ ਆਪਣੇ ਆਪ ਨੂੰ ਜਨਮ ਦੇਣ ਦਾ ਇੰਤਜ਼ਾਮ ਕਰ ਲੈਣਾ ਹੈ। ਸ੍ਵੈ ਨੂੰ ਜਨਮਾਉਣਾ ਹੋਏਗਾ ਤਾਂ ਹੀ ਤੁਹਾਡਾ

ਨਵਾਂ ਰੂਪ, ਤੁਹਾਡਾ ਪਰਮਾਤਮ ਰੂਪ, ਤੁਹਾਡਾ ਭਗਵਤ ਰੂਪ ਪਰਗਟ ਹੋਏਗਾ। ਉਹ ਸਮੇਂ ਤੋਂ ਪਾਰ ਹੈ। ਤੁਹਾਡਾ ਅਸਲੀ ਸਰੂਪ ਸਮੇਂ ਦੇ ਪਾਰ ਹੈ। ਸਮਾਂ ਤਾਂ ਸਿਰਫ਼ ਇਕ ਸਥਿਤੀ ਹੈ ਜਿਸ ਵਿਚ ਸਮਿਆਤੀਤ (ਸਮੇਂ ਤੋਂ ਬਾਹਰ ਜੋ) ਨੂੰ ਜਾਨਣਾ ਹੈ। ਸਮਾਂ ਤਾਂ ਇਕ ਪਰਿਸਥਿਤੀ (ਅਸਲੀ ਹਾਲਤ ਸਰਕੰਮਸਟੈਂਸੇਜ) ਹੈ। ਜਿਸ ਵਿਚ ਆਪਣੇ ਅੰਦਰ ਕਾਲਾਤੀਤ (ਕਾਲ ਤੋਂ ਪਾਰ ਹੋਣਾ) ਨੂੰ ਪਛਾਨਣਾ ਹੈ।

ਭਾਰਤ ਵਿਚ ਸਮੇਂ ਅਤੇ ਮੌਤ ਲਈ ਅਸੀਂ ਇਕ ਹੀ ਸ਼ਬਦ ਦੀ ਵਰਤੋਂ ਕੀਤੀ ਹੈ, ਉਹ ਹੈ ਕਾਲ। ਜੇਕਰ ਤੁਸੀਂ ਠੀਕ ਤਰ੍ਹਾਂ ਪਛਾਣੋ ਤਾਂ ਸਮਾਂ ਤੁਹਾਡੀ ਮੌਤ ਹੈ। ਜੇਕਰ ਤੁਸੀਂ ਠੀਕ ਤਰ੍ਹਾਂ ਨਾ ਪਛਾਣੋ ਤਾਂ ਸਮੇਂ ਨੂੰ ਤੁਸੀਂ ਆਪਣੀ ਜ਼ਿੰਦਗੀ ਸਮਝਦੇ ਹੋ। ਜੇਕਰ ਤੁਸੀਂ ਠੀਕ ਤਰ੍ਹਾਂ ਪਛਾਣ ਲਓ ਤਾਂ ਸਮਾਂ ਮੌਤ ਹੋ ਜਾਂਦੀ ਹੈ, ਅਤੇ ਤੁਸੀਂ ਉਸ ਜੀਵਨ ਦੀ ਖੋਜ ਵਿਚ ਲੱਗ ਜਾਂਦੇ ਹੋ ਜੋ ਕਾਲਾਤੀਤ ਹੈ ਕਿਉਂਕਿ ਉਸ ਨੂੰ ਪਾਏ ਬਿਨਾਂ ਤਾਂ ਕੁਝ ਵੀ ਪਾਇਆ, ਪਾਇਆ ਸਿੱਧ ਨਹੀਂ ਹੋਏਗਾ।

ਲੇਕਿਨ ਜਿਸ ਤਰ੍ਹਾਂ ਦੀ ਸਾਧਾਰਣ ਆਦਮੀ ਦੀ ਕਥਾ ਹੈ—ਸਾਧਾਰਣ ਆਦਮੀ ਦੀ ਕਥਾ ਯਾਨੀ ਤੁਹਾਡੀ ਕਥਾ, ਸੁੱਤੇ ਹੋਏ ਆਦਮੀ ਦੀ ਕਥਾ—ਉਹ ਹੀ ਕਰੀ ਚਲਾ ਜਾਂਦਾ ਹੈ ਜੋ ਉਸ ਨੇ ਕੱਲ੍ਹ ਵੀ ਕੀਤਾ ਸੀ, ਪਰਸੋਂ ਵੀ ਕੀਤਾ ਸੀ। ਪਰਸੋਂ ਕੀ ਕੁਝ ਪਾਇਆ ਨਹੀਂ ਸੀ। ਕੱਲ੍ਹ ਵੀ ਕੁਝ ਪਾਇਆ ਨਹੀਂ ਸੀ। ਅੱਜ ਵੀ ਤੁਸੀਂ ਉਹ ਹੀ ਕਰ ਰਹੇ ਹੋ, ਪਰਸੋਂ ਵੀ ਆਸ ਬੰਨ੍ਹੀ ਸੀ ਕੁਝ ਮਿਲੇਗਾ, ਕੱਲ੍ਹ ਵੀ ਆਸ ਬੰਨ੍ਹੀ ਸੀ, ਅੱਜ ਵੀ ਆਸ ਬੰਨ੍ਹ ਰਹੇ ਹੋ। ਆਸ ਹੀ ਬੰਨ੍ਹਦੇ ਚਲੇ ਜਾਂਦੇ ਹੋ। ਕਦੇ ਸੋਚਦੇ ਵੀ ਨਹੀਂ ਕਿ ਇਹ ਆਸ ਕਿੰਨੀ ਪੁਰਾਣੀ ਹੈ, ਹਰ ਬਾਰ ਅਸਫ਼ਲ ਹੋਈ। ਫਿਰ-ਫਿਰ ਤੋਂ ਬੰਨ੍ਹਣ ਲੱਗਦੇ ਹੋ। ਉਸੇ ਆਸ ਦੇ ਸਹਾਰੇ ਤੁਸੀਂ ਗ਼ਲਤ ਬਣੇ ਰਹਿੰਦੇ ਹੋ। ਤੁਸੀਂ ਕੱਦ ਨਿਰਾਸ਼ ਹੋਵੋਗੇ ? ਕਦ ਤੁਹਾਡੇ ਜੀਵਨ ਵਿਚ ਹਤਾਸ਼ਾ (ਜਿਸ ਦੀ ਆਸ ਮਿਟ ਗਈ ਹੋਵੇ) ਆਏਗੀ ? ਕਦ ਤੁਸੀਂ ਸਮਝੋਗੇ ਕਿ ਇਹ ਦੌੜ ਹੀ ਵਿਅਰਥ ਹੈ, ਕਿਸੇ ਹੋਰ ਪੱਖ ਨੂੰ ਲੱਭਣਾ ਹੈ, ਇਹ ਪੂਰੇ ਦਾ ਪੂਰਾ ਸਿਲਸਿਲਾ ਹੀ ਗ਼ਲਤ ਹੈ। ਅਜਿਹਾ ਨਹੀਂ ਹੈ ਕਿ ਇਸ ਸਿਲਸਿਲੇ ਨੂੰ ਥੋੜ੍ਹਾ ਠੀਕ-ਠਾਕ ਜਮਾ ਲੈਣਾ ਹੈ। ਇਹੋ-ਜਿਹਾ ਵੀ ਨਹੀਂ ਹੈ ਕਿ ਇਸ ਨੂੰ ਥੋੜ੍ਹਾ ਰੰਗ-ਰੋਗਨ ਕਰ ਕੇ ਸੁੰਦਰ ਬਣਾ ਲੈਣਾ ਹੈ, ਕੁਝ ਸਜਾਵਟ ਕਰ ਲੈਣੀ ਹੈ। ਨਹੀਂ, ਇਹ ਪੂਰਾ ਸਿਲਸਿਲਾ ਹੀ ਗ਼ਲਤ ਹੈ।

ਇਕ ਹੋਰ ਵੀ ਜੀਵਨ ਦਾ ਢੰਗ ਹੈ। ਉਹ ਹੈ ਸਮੇਂ ਦੇ ਅੰਦਰ ਕਾਲਾਤੀਤ ਨੂੰ ਜੀਊਣ ਦਾ ਢੰਗ, ਛਣਭੰਗੁਰ ਦੇ ਅੰਦਰ ਸ਼ਾਸ਼ਵਤ (ਸਦਾ ਰਹਿਣ ਵਾਲਾ)

ਨੂੰ ਜੀਉਣ ਦਾ ਢੰਗ। ਰਹੋ ਛਣਭੰਗੁਰ (ਪਲ 'ਚ ਮੁੱਕ ਜਾਣ ਵਾਲਾ) ਵਿਚ, ਲੇਕਿਨ ਤੁਹਾਡੇ ਪੈਰ ਸ਼ਾਸ਼ਵਤ ਵਿਚ ਜੰਮ ਜਾਣ। ਰਹੋ ਸਮੇਂ ਦੀ ਧਾਰ ਵਿਚ ਲੇਕਿਨ ਤੁਹਾਡੇ ਪ੍ਰਾਣਾਂ ਦੀ ਗਹਿਨਤਾ ਅਨੰਤ ਨਾਲ ਜੁੜ ਜਾਏ। ਰਹੋ ਬਾਜ਼ਾਰ ਵਿਚ, ਪਰ ਤੁਹਾਡੀ ਡੂੰਘਾਈ ਵਿਚ ਬਾਜ਼ਾਰ ਨਾ ਹੋਵੇ। ਸ਼ੂਦਰ ਚੌਹੀਂ ਪਾਸੀਂ ਘੇਰੀ ਰਹੇ, ਕੋਈ ਚਿੰਤਾ ਨਹੀਂ, ਤੁਹਾਡੇ ਅੰਦਰ ਵਿਰਾਟ ਦਾ ਸੰਬੰਧ, ਵਿਰਾਟ ਨਾਲ ਮਿਲਾਪ ਹੋ ਜਾਏ।

ਫ਼ਰੀਦ ਦੇ ਇਹ ਵਚਨ ਉਸੇ ਪਾਸੇ ਇਸ਼ਾਰੇ ਹਨ।

'ਫਰੀਦਾ ਜਿਨ੍ ਲੋਇਣ ਜਗੁ ਮੋਹਿਆ'—ਫ਼ਰੀਦਾ ਮੈਂ ਉਨ੍ਹਾਂ ਅੱਖੀਆਂ ਨੂੰ ਵੇਖਿਆ ਹੈ, ਜਿਨ੍ਹਾਂ ਨੇ ਦੁਨੀਆਂ ਨੂੰ ਮੋਹ ਲਿਆ ਸੀ, ਜੋ ਕੱਜਲ ਦੀ ਰੇਖ ਵੀ ਸਹਿਣ ਨਹੀਂ ਕਰ ਪਾਉਂਦੀਆਂ ਸਨ। ਇੰਨੀਆਂ ਕੋਮਲ ਸਨ। ਹੁਣ ਚਿੜੀਆਂ ਉਨ੍ਹਾਂ ਵਿਚ ਆਪਣੇ ਆਂਡੇ ਰੱਖ ਰਹੀਆਂ ਹਨ। ਮੈਂ ਉਨ੍ਹਾਂ ਅੱਖੀਆਂ ਨੂੰ ਵੇਖਿਆ ਹੈ ਜੋ ਬਹੁਤ ਕੋਮਲ ਸਨ, ਜਿਨ੍ਹਾਂ ਕੋਲੋਂ ਕਮਲ ਸ਼ਰਮਾਉਂਦੇ ਸਨ, ਕੱਜਲ ਦੀ ਰੇਖ ਜਿਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦੀ ਸੀ। ਕੱਜਲ ਦੀ ਰੇਖ ਵੀ ਜਿਨ੍ਹਾਂ ਲਈ ਬੋਝ ਰੂਪ ਸੀ, ਕੱਜਲ ਦੀ ਰੇਖ ਵੀ ਜਿਨ੍ਹਾਂ ਨੂੰ ਕੰਡੇ ਵਾਂਗ ਚੁੱਭਦੀ—ਮੈਂ ਉਨ੍ਹਾਂ ਅੱਖਾਂ ਨੂੰ ਵੇਖਿਆ ਹੈ। ਅਤੇ ਹੁਣ, ਉਨ੍ਹਾਂ ਹੀ ਅੱਖਾਂ ਵਿਚ ਪੰਛੀਆਂ ਨੇ ਆਪਣੇ ਘੌਂਸਲੇ ਬਣਾ ਲਏ ਹਨ।

ਚੁਵਾਂਗਤਸੂ ਲੰਘਦਾ ਹੈ ਇਕ ਮਰਘਟ ਵਿਚੋਂ। ਇਕ ਖੋਪੜੀ ਪਈ ਹੈ। ਪੈਰ ਟਕਰਾ ਜਾਂਦਾ ਹੈ। ਸ਼ਾਮ ਹੋ ਗਈ ਹੈ ਅਤੇ ਹਨੇਰਾ ਘਿਰ ਗਿਆ ਹੈ। ਉਹ ਉਸ ਖੋਪੜੀ ਨੂੰ ਚੁੱਕ ਕੇ ਘਰ ਲੈ ਆਉਂਦਾ ਹੈ। ਉਸ ਦੇ ਸ਼ਿਸ਼ ਕਹਿੰਦੇ ਹਨ—ਇਸ ਖੋਪੜੀ ਦਾ ਕੀ ਕਰੋਗੇ? ਇਸ ਨੂੰ ਕਿਸ ਲਈ ਲਿਆਏ ਹੋ?

ਚੁਵਾਂਗਤਸੂ ਕਹਿੰਦਾ ਹੈ ਕਿ ਰਾਹ ਉੱਤੇ ਟੁਰਦਾ ਸੀ, ਹਨੇਰੇ ਵਿਚ ਪੈਰ ਲੱਗ ਗਿਆ ਇਸ ਸਿਰ ਨੂੰ ਅਤੇ ਧਿਆਨ ਰੱਖਣਾ, ਉਹ ਮਰਘਟ ਕੁਝ ਛੋਟੇ ਲੋਕਾਂ ਦਾ ਮਰਘਟ ਨਹੀਂ ਸੀ, ਵੱਡੇ ਲੋਕਾਂ ਦਾ ਮਰਘਟ ਸੀ, ਸਮਰਾਟ ਉਥੇ ਦਫ਼ਨਾਏ ਗਏ ਹਨ। ਪ੍ਰਧਾਨ ਮੰਤਰੀ ਉਥੇ ਦਫ਼ਨਾਏ ਗਏ ਹਨ। ਇਹ ਖੋਪੜੀ ਕੋਈ ਸਾਧਾਰਣ ਖੋਪੜੀ ਨਹੀਂ ਹੈ ਅਤੇ ਭੁੱਲੇ-ਚੁੱਕੇ ਮੇਰਾ ਪੈਰ ਲੱਗ ਗਿਆ ਹੈ।

ਸ਼ਿਸ਼ ਹੱਸਣ ਲੱਗੇ। ਉਨ੍ਹਾਂ ਨੇ ਕਿਹਾ—ਤੁਸੀਂ ਪਾਗ਼ਲ ਤਾਂ ਨਹੀਂ ਹੋ ਗਏ ਹੋ? ਹੁਣ ਇਹ ਚਾਹੇ ਸਮਰਾਟ ਦੀ ਖੋਪੜੀ ਹੋਵੇ ਤੇ ਭਾਵੇਂ ਪ੍ਰਧਾਨ ਮੰਤਰੀ ਦੀ, ਇਸ ਨਾਲ ਕੀ ਫ਼ਰਕ ਪੈਂਦਾ ਹੈ? ਹੁਣ ਤਾਂ ਇਹ ਧੂੜ ਵਿਚ ਮਿਲੇਗੀ, ਹੁਣ ਤਾਂ ਇਹ ਭਿਖਾਰੀਆਂ ਦੇ ਪੈਰਾਂ ਦੀ ਠੋਕਰ ਖਾਏਗੀ। ਹੁਣ ਤਾਂ ਇਹ ਕੁਝ ਵੀ ਨਹੀਂ ਕਰ ਸਕੇਗੀ। ਸੁੱਟੋ ਇਸ ਨੂੰ। ਇਸ ਕੂੜੇ-ਕਰਕਟ ਨੂੰ ਨਾ ਲਿਆਓ।

ਚੁਵਾਂਗਤਸੂ ਨੇ ਕਿਹਾ—ਮੈਂ ਇਸ ਨੂੰ ਸੰਭਾਲ ਕੇ ਰੱਖਾਂਗਾ। ਇਸ ਲਈ ਸੰਭਾਲ ਕੇ ਰੱਖਾਂਗਾ ਤਾਂਕਿ ਮੈਨੂੰ ਚੇਤਾ ਆਉਂਦਾ ਰਹੇ ਕਿ ਅੱਜ ਨਹੀਂ ਕੱਲ੍ਹ, ਚੁਵਾਂਗਤਸੂ, ਤੇਰੀ ਖੋਪੜੀ ਵੀ ਇਸੇ ਤਰ੍ਹਾਂ ਕਿਤੇ ਪਈ ਹੋਵੇਗੀ। ਲੋਕ ਪੈਰਾਂ ਦੀ ਠੋਕਰ ਮਾਰਨਗੇ। ਤੂੰ ਉਨ੍ਹਾਂ ਨੂੰ ਕੁਝ ਵੀ ਕਹਿ ਨਹੀਂ ਸਕੇਂਗਾ। ਅਤੇ ਜਦ ਇਹ ਹੋਣਾ ਹੀ ਹੈ ਤਾਂ ਇਕ ਅਰਥ ਵਿਚ ਹੋ ਹੀ ਗਿਆ।

ਤਾਂ ਉਹ ਆਪਣੇ ਕੋਲ ਹੀ ਖੋਪੜੀ ਨੂੰ ਜੀਵਨ ਭਰ ਰੱਖੀ ਰਿਹਾ। ਜੇਕਰ ਕੋਈ ਉਸ ਨੂੰ ਗਾਲ੍ਹ ਕੱਢ ਜਾਂਦਾ ਤਾਂ ਉਹ ਖੋਪੜੀ ਵੱਲ ਵੇਖ ਕੇ ਹੱਸਣ ਲੱਗਦਾ। ਜੇਕਰ ਕੋਈ ਉਸ ਦਾ ਅਪਮਾਨ ਕਰਦਾ ਅਤੇ ਕੋਈ ਉਸ ਦੇ ਉਪਰ ਪੱਥਰ ਸੁੱਟ ਦਿੰਦਾ ਤਾਂ ਉਹ ਖੋਪਰੀ ਵੱਲ ਵੇਖਦਾ, ਪੱਥਰ ਮਾਰਨ ਵਾਲੇ ਵੱਲ ਨਹੀਂ। ਇਕ ਵਾਰੀ ਤਾਂ ਇਕ ਆਦਮੀ ਨੇ ਪੱਥਰ ਮਾਰਿਆ ਉਸ ਨੂੰ—ਕਿਉਂਕਿ ਉਹ ਆਦਮੀ ਪੁਰਾਣੇ ਢੰਗ ਦਾ ਧਾਰਮਿਕ ਆਦਮੀ ਸੀ, ਉਹ ਸਮਝਦਾ ਸੀ, ਚੁਵਾਂਗਤਸੂ ਧਰਮ ਦਾ ਵਿਰੋਧ ਕਰ ਰਿਹਾ ਹੈ। ਉਹ ਸਮਝਦਾ ਸੀ ਚੁਵਾਂਗਸਤੂ ਜੋ ਗੱਲਾਂ ਕਰ ਰਿਹਾ ਹੈ, ਇਹ ਤਾਂ ਲੋਕਾਂ ਦੇ ਜੀਵਨ 'ਚੋਂ ਧਰਮ ਨੂੰ ਨਸ਼ਟ ਕਰ ਦੇਣਗੀਆਂ। ਉਸ ਨੇ ਬਹੁਤ ਕ੍ਰੋਧ ਨਾਲ ਪੱਥਰ ਸੁੱਟਿਆ ਸੀ। ਚੁਵਾਂਗਤਸੂ ਨੇ ਉਸ ਦੇ ਵੱਲ ਵੇਖਿਆ ਵੀ ਨਹੀਂ, ਖੋਪੜੀ ਵੱਲ ਵੇਖਿਆ ਅਤੇ ਕਿਹਾ—ਧੰਨਵਾਦ ਤੇਰਾ! ਤੇਰੇ ਹੁੰਦੇ ਮੈਨੂੰ ਕੋਈ ਚੰਚਲ ਨਹੀਂ ਕਰ ਸਕਦਾ।

ਉਹ ਆਦਮੀ ਵੀ ਚੌਂਕਿਆ। ਉਸ ਨੇ ਪੁੱਛਿਆ—ਕੀ ਕਹਿੰਦੇ ਹੋ ? ਕਿਸ ਨਾਲ ਗੱਲ ਕਰਦੇ ਹੋ ? ਹੋਸ਼ ਵਿਚ ਹੋ ?

ਚੁਵਾਂਗਤਸੂ ਨੇ ਕਿਹਾ—ਹੋਸ਼ ਵਿਚ ਹਾਂ, ਇਸੇ ਲਈ ਇਸ ਖੋਪੜੀ ਨਾਲ ਗੱਲ ਕਰਦਾ ਹਾਂ। ਜੇਕਰ ਬੇਹੋਸ਼ ਹੁੰਦਾ ਤਾਂ ਤੈਨੂੰ ਮਜ਼ਾ ਚਖਾ ਦਿੰਦਾ। ਅਜੇ ਜੀਉਂਦਾ ਹਾਂ। ਅਜੇ ਪੱਥਰ ਦਾ ਜਵਾਬ ਪੱਥਰ ਨਾਲ ਦੇ ਸਕਦਾ ਸੀ। ਇਸ ਖੋਪੜੀ ਦੀ ਵਜ੍ਹਾ ਨਾਲ ਹੁਣ ਅਜਿਹੀ ਨਾ-ਸਮਝੀ ਨਹੀਂ ਹੁੰਦੀ। ਅੱਜ ਨਹੀਂ ਕਲ੍ਹ ਇਹ ਮੇਰੀ ਖੋਪੜੀ ਪਈ ਹੀ ਰਹੇਗੀ। ਭਿਖਾਰੀ ਇਸ ਉੱਤੇ ਟੁਰਨਗੇ, ਠੋਕਰ ਮਾਰਨਗੇ, ਤਦ ਮੈਂ ਕੁਝ ਵੀ ਨਹੀਂ ਕਰ ਸਕਾਂਗਾ। ਜਦ ਕਲ੍ਹ ਕੁਝ ਨਹੀਂ ਕਰ ਸਕਾਂਗਾ ਤਾਂ ਅੱਜ ਕਰਨ ਦੀ ਝੰਜਟ ਕੌਣ ਕਰੇ ? ਗੱਲ ਸਮਾਪਤ ਹੋ ਗਈ । ਮੈਂ ਜੀਉਂਦੇ ਜੀ ਮਰ ਗਿਆ ਹਾਂ।

'ਫਰੀਦਾ ਜਿਨ੍ ਲੋਇਣ ਜਗੁ ਮੋਹਿਆ'—ਫ਼ਰੀਦ, ਜਿਨ੍ਹਾਂ ਅੱਖਾਂ ਨੇ ਜਗਤ ਨੂੰ ਮੋਹ ਲਿਆ ਸੀ, 'ਸੇ ਲੋਇਣ ਮੈ ਡਿਠੁ'—ਮੈਂ ਉਨ੍ਹਾਂ ਅੱਖਾਂ ਨੂੰ ਵੇਖਿਆ ਹੈ। ਉਨ੍ਹਾਂ ਅੱਖੀਆਂ ਨਾਲ ਮੇਰੀ ਪਛਾਣ ਰਹੀ ਹੈ।

'ਕਜਲ ਰੇਖ ਨ ਸਹਦਿਆ'—ਕੱਜਲ ਦੀ ਪਤਲੀ ਰੇਖਾ ਵੀ ਜਿਨ੍ਹਾਂ ਅੱਖਾਂ ਲਈ ਬੋਝਲ ਹੋ ਜਾਂਦੀ ਸੀ, 'ਸੇ ਪੰਖੀ ਸੂਇ ਬਹਿਠੁ'—ਹੁਣ ਉਨ੍ਹਾਂ ਵਿਚ ਪੰਛੀ ਬੈਠੇ ਹਨ, ਘੌਂਸਲੇ ਬਣਾਏ ਹੋਏ ਹਨ।

ਬਹੁਤ ਪੁਰਾਣੀ ਬੋਧ ਕਥਾ ਹੈ। ਇਕ ਬੋਧ ਭਿਕਸ਼ੂ ਪਿੰਡ ਵਿਚੋਂ ਲੰਘਦਾ ਹੈ।

ਅਕਸਰ ਅਜਿਹਾ ਹੋ ਜਾਂਦਾ ਹੈ ਕਿ ਸੰਨਿਆਸ ਇਕ ਤਰ੍ਹਾਂ ਦੀ ਸੁੰਦਰਤਾ ਦੇ ਦਿੰਦਾ ਹੈ ਜੋ ਇਸ ਜਗਤ ਦਾ ਨਹੀਂ ਹੈ। ਸੰਨਿਆਸ ਇਕ ਤਰ੍ਹਾਂ ਦੀ ਗਰਿਮਾ ਦੇ ਦਿੰਦਾ ਹੈ ਜੋ ਇਸ ਧਰਤੀ 'ਤੇ ਅਜਨਬੀ ਹੈ। ਸੰਨਿਆਸ ਪੈਰਾਂ ਨੂੰ ਇਕ ਚਾਲ ਦੇ ਦਿੰਦਾ ਹੈ, ਇਕ ਮਸਤੀ ਦੇ ਦਿੰਦਾ ਹੈ, ਜੋ ਸਾਧਾਰਣ ਸੰਸਾਰਿਕ ਵਿਚ ਵਿਖਾਈ ਨਹੀਂ ਪੈ ਸਕਦੀ। ਸੰਸਰਿਕ ਤਾਂ ਬੱਝਿਆ ਹੈ ਜ਼ੰਜੀਰਾਂ ਨਾਲ ਸੰਨਿਆਸੀ ਦੇ ਜੀਵਨ ਵਿਚ ਇਕ ਮੁਕਤੀ ਦੀ ਸੁਵਾਸ (ਸੁਗੰਧ) ਉੱਠਦੀ ਹੈ।

ਇਕ ਸੰਨਿਆਸੀ ਲੰਘ ਰਿਹਾ ਸੀ ਰਾਹ ਤੋਂ—ਆਪਣੀ ਮਸਤੀ ਵਿਚ ਮਸਤ ਆਪਣਾ ਗੀਤ ਗੁਣਗੁਣਾਉਂਦਾ ਹੋਇਆ ਇਕ ਬੋਧ ਭਿਕਸ਼ੂ। ਇਕ ਵੈਸ਼ਿਆ ਨੇ ਉਸ ਨੂੰ ਵੇਖਿਆ। ਉਸ ਨੇ ਬਹੁਤ ਸੋਹਣੇ ਲੋਕ ਵੇਖੇ ਸਨ। ਸਮਰਾਟ ਉਸ ਦੇ ਦਰ ਉੱਤੇ ਲਾਈਨ ਬਣਾ ਕੇ ਖਲੋਤੇ ਰਹਿੰਦੇ ਸਨ। ਵੱਡੇ-ਵੱਡੇ ਧਨਪਤੀਆਂ ਨੂੰ ਮੁਸ਼ਕਿਲ ਨਾਲ ਉਸ ਦੇ ਦੁਆਰ ਉੱਤੇ ਪ੍ਰਵੇਸ਼ ਮਿਲਦਾ ਸੀ। ਉਹ ਉਸ ਜ਼ਮਾਨੇ ਦੀ ਸਭ ਤੋਂ ਜ਼ਿਆਦਾ ਜਾਣੀ-ਮਾਣੀ ਵੈਸ਼ਿਆ ਸੀ। ਉਸ ਦੀ ਮਸ਼ਹੂਰੀ ਦੂਰ-ਦੂਰ ਤਕ ਸੀ। ਉਸ ਦੀ ਸੁੰਦਰਤਾ ਦੇ ਲੋਕ ਗੀਤ ਗਾਉਂਦੇ ਸਨ, ਉਸ ਦੇ ਦਰਸ਼ਨ ਨੂੰ ਤਰਸਦੇ ਸਨ। ਲੇਕਿਨ ਉਹ ਵੈਸ਼ਿਆ ਇਸ ਸੰਨਿਆਸੀ ਉੱਤੇ ਮੋਹਿਤ ਹੋ ਗਈ। ਉਸ ਦੇ ਮਨ ਨੂੰ ਕਦੇ ਕਿਸੇ ਨੇ ਮੋਹਿਆ ਨਹੀਂ ਸੀ। ਸੰਬੰਧ ਸਨ, ਉਹ ਧਨ ਦੇ ਸਨ। ਨਾਤਾ ਸੀ, ਉਹ ਆਮਦਨੀ ਦਾ ਜ਼ਰੀਆ ਸੀ। ਪਹਿਲੀ ਵਾਰੀ ਪ੍ਰੇਮ ਉਸ ਦੇ ਹਿਰਦੇ ਵਿਚ ਉਠਿਆ। ਉਹ ਭੱਜੀ ਅਤੇ ਉਸ ਨੇ ਉਸ ਭਿਕਸ਼ੂ ਦਾ ਹੱਥ ਫੜ ਲਿਆ ਅਤੇ ਉਸ ਨੇ ਕਿਹਾ ਕਿ ਆਓ ਮੇਰੇ ਘਰ। ਅੱਜ ਮੇਰੇ ਘਰ ਮਹਿਮਾਨ ਹੋ ਜਾਓ।

ਭਿਕਸ਼ੂ ਨੇ ਕਿਹਾ—ਆਊਂਗਾ ਜ਼ਰੂਰ, ਜਦ ਜ਼ਰੂਰਤ ਹੋਏਗੀ, ਤਦ ਆਵਾਂਗਾ ਅਜੇ ਮੇਰੀ ਜ਼ਰੂਰਤ ਵੀ ਕੀ ਹੈ? ਅਜੇ ਤੂੰ ਜਵਾਨ ਹੈਂ। ਅਜੇ ਬਹੁਤ ਤੇਰੇ ਪ੍ਰੇਮੀ ਹਨ। ਤੇਰੇ ਜੱਸ ਗਾਣ ਮੈਂ ਵੀ ਸੁਣੇ ਹਨ। ਤੇਰੀ ਖ਼ੂਬਸੂਰਤੀ ਦੀ ਤਾਰੀਫ਼ ਮੇਰੇ ਤਕ ਵੀ ਪੁੱਜੀ ਹੈ। ਧੰਨਵਾਦ ਕਿ ਤੂੰ ਅੱਜ ਮੈਨੂੰ ਰਾਹ ਵਿਚ ਰੋਕਿਆ ਅਤੇ ਘਰ ਆਉਣ ਦਾ ਸੱਦਾ ਦਿੱਤਾ। ਅਜੇ ਤਾਂ ਮੈਂ ਕਿਸੇ ਯਾਤ੍ਰਾ 'ਤੇ ਹਾਂ। ਅਜੇ ਤਾਂ ਕਿਤੇ ਮੈਨੂੰ ਪੁੱਜਣਾ ਹੈ। ਲੇਕਿਨ ਜਿਸ ਦਿਨ ਵੀ ਜ਼ਰੂਰਤ ਹੋਏਗੀ, ਤੂੰ ਭਰੋਸਾ ਰੱਖੀਂ, ਮੈਂ ਆ ਜਾਵਾਂਗਾ।

ਵੈਸ਼ਿਆ ਨੂੰ ਬਹੁਤ ਪੀੜਾ ਹੋਈ। ਇਹ ਸੱਟ ਡੂੰਘੀ ਸੀ, ਇਹ ਅਪਮਾਨ-ਜਨਕ ਸੀ। ਇਸ ਤੋਂ ਪਹਿਲਾਂ ਕਦੇ ਕਿਸੇ ਨੂੰ ਉਸ ਨੇ ਸੱਦਾ ਨਹੀਂ ਦਿੱਤਾ ਸੀ। ਪਹਿਲਾ ਹੀ ਸੱਦਾ ਅਸਫ਼ਲ ਹੋਇਆ ਸੀ। ਉਸ ਨੂੰ ਪਤਾ ਸੀ ਬਹੁਤ ਲੋਕਾਂ ਨੂੰ ਦਰਵਾਜ਼ੇ ਤੋਂ ਵਾਪਸ ਮੋੜ ਦੇਣ ਦਾ, ਉਸ ਨੂੰ ਇਹ ਪਤਾ ਹੀ ਨਹੀਂ ਸੀ ਕਿ ਕੋਈ ਉਸ ਨੂੰ ਵੀ ਦਰਵਾਜ਼ੇ ਤੋਂ ਵਾਪਸ ਪਰਤਾ ਸਕਦਾ ਹੈ।

ਗੱਲ ਆਈ-ਗਈ ਹੋ ਗਈ। ਜ਼ਖ਼ਮ ਦੀ ਤਰ੍ਹਾਂ ਉਸ ਦੇ ਮਨ 'ਚ ਉਹ ਗੱਲ ਚੁੱਭਦੀ ਤਾਂ ਰਹੀ। ਸੁਫ਼ਨਿਆਂ ਵਿਚ ਵੀ ਉਹ ਭਿਖਾਰੀ ਆਉਂਦਾ ਰਿਹਾ ਜਦ ਕਦੇ ਸੁਵਿਧਾ ਮਿਲਦੀ, ਇਕ ਛਣ ਲਈ ਵੀ ਉਸ ਭਿਕਸ਼ੂ ਦੀ ਯਾਦ ਉਸ ਨੂੰ ਫੜ ਲੈਂਦੀ। ਉਹ ਇਕ ਕੰਡੇ ਦੀ ਤਰ੍ਹਾਂ ਇਕ ਮਿੱਠੀ ਚੋਭ ਦੇ ਵਾਂਗ ਅੰਦਰ ਚੁੱਭਦੀ ਰਹਿੰਦੀ। ਇਸੇ ਤਰ੍ਹਾਂ ਬਹੁਤ ਸਾਲ ਬੀਤ ਗਏ ਅਤੇ ਜਿਹੜੀ ਘੜੀ ਆਉਣੀ ਸੀ, ਜਿਹੜੀ ਆਉਂਦੀ ਹੀ ਹੈ ਸਦਾ, ਉਹ ਆ ਗਈ।

ਉਸ ਨੂੰ ਕੋੜ੍ਹ ਹੋ ਗਿਆ। ਉਸ ਦੀ ਦੇਹ ਗਲਣ ਲੱਗੀ। ਪਿੰਡ ਦੇ ਲੋਕਾਂ ਨੇ ਉਸ ਨੂੰ ਬਾਹਰ ਕੱਢ ਦਿੱਤਾ। ਉਹ ਆਖ਼ਰੀ ਘੜੀ ਹੋ ਗਈ ਹੁਣ ਉਸ ਨੂੰ ਪਿੰਡ ਵਿਚ ਰੱਖਿਆ ਨਹੀਂ ਜਾ ਸਕਦਾ।

ਮੱਸਿਆ ਦੀ ਹਨ੍ਹੇਰੀ ਰਾਤ ਹੈ। ਉਹ ਪਿੰਡ ਤੋਂ ਬਾਹਰ ਮਰ ਰਹੀ ਹੈ ਪਿਆਸ ਨਾਲ। ਤਪਦੀ ਹੋਈ ਗਰਮੀਆਂ ਦੀ ਰਾਤ ਹੈ। ਚੌਹੀਂ ਪਾਸੀਂ ਹਨੇਰਾ ਹੈ। ਉਹ ਪਾਣੀ ਲਈ ਪੁਕਾਰਦੀ ਹੈ, ਪਰ ਕੋਈ ਪਾਣੀ ਦੇਣ ਵਾਲਾ ਨਹੀਂ ਹੈ। ਕੌਣ ਉਸ ਨੂੰ ਅੱਜ ਪਾਣੀ ਦੇਵੇਗਾ ? ਜਿਹੜੀ ਸਦਾ ਅੰਮ੍ਰਿਤ-ਪਾਤਰਾਂ ਵਿਚ ਪਾਣੀ ਪੀਂਦੀ ਰਹਿੰਦੀ ਸੀ, ਸਵਰਣ ਪਾਤਰਾਂ ਨਾਲ ਘਿਰੀ ਰਹਿੰਦੀ ਸੀ—ਅੱਜ ਕੋਈ ਮਿੱਟੀ ਦੇ ਕਸੋਰੇ ਵਿਚ ਵੀ ਪਾਣੀ ਦੇਣ ਲਈ ਨਹੀਂ ਹੈ। ਅੱਜ ਉਸ ਦੇ ਕੋਲ ਕੋਈ ਆਉਣ ਨੂੰ ਤਿਆਰ ਨਹੀਂ ਹੈ। ਉਸ ਦੀ ਦੇਹ 'ਚੋਂ ਦੁਰਗੰਧ ਆਉਂਦੀ ਹੈ। ਤਦ ਹੀ ਅਚਾਨਕ ਉਸ ਨੇ ਵੇਖਿਆ ਕਿਸੇ ਦਾ ਹੱਥ ਉਸ ਦੇ ਮੱਥੇ ਉੱਤੇ ਆਇਆ। ਕੋਈ ਪਾਣੀ ਦਾ ਪਿਆਲਾ ਭਰ ਕੇ ਲੈ ਆਇਆ ਹੈ। ਉਸ ਨੇ ਪਾਣੀ ਪੀਤਾ। ਉਸ ਨੇ ਪੁੱਛਿਆ ਹਨੇਰੇ ਵਿਚ— ਤੁਸੀਂ ਕੌਣ ਹੋ ?

ਉਸ ਭਿਕਸ਼ੂ ਨੇ ਕਿਹਾ—ਮੈਂ ਆ ਗਿਆ ਹਾਂ। ਤੀਹ ਸਾਲ ਪਹਿਲਾਂ ਤੂੰ ਮੈਨੂੰ ਸੱਦਿਆ ਸੀ। ਲੇਕਿਨ ਤਦ ਮੇਰੀ ਕੋਈ ਲੋੜ ਨਹੀਂ ਸੀ, ਤਦ ਤੇਰੇ ਕੋਲ ਚਾਹੁਣ ਵਾਲੇ ਬਹੁਤ ਸਨ। ਤਦ ਮੈਂ ਵੀ ਹਜ਼ਾਰ ਚਾਹੁਣ ਵਾਲਿਆਂ ਵਿਚੋਂ ਇਕ ਹੁੰਦਾ। ਮੇਰੇ ਬਿਨਾਂ ਵੀ ਤੇਰਾ ਕੰਮ ਚੱਲ ਰਿਹਾ ਸੀ। ਅੱਜ ਤੈਨੂੰ ਚਾਹੁਣ ਵਾਲਾ ਕੋਈ ਵੀ ਨਹੀਂ ਹੈ। ਅੱਜ ਕੇਵਲ ਮੈਂ ਹੀ ਤੈਨੂੰ ਪਛਾਣ ਸਕਦਾ ਹਾਂ! ਤੇਰੀ ਚਮੜੀ ਦੀ ਦੇਹ ਤੋਂ ਮੈਨੂੰ ਕੁਝ ਲੈਣਾ-ਦੇਣਾ ਨਹੀਂ ਹੈ। ਤੇਰੀ ਹੱਡੀ, ਮਾਸ-ਮੱਜਾ ਨਾਲ

ਮੇਰਾ ਕੋਈ ਰਿਸ਼ਤਾ ਨਹੀਂ ਹੈ। ਮੈਂ ਤੈਨੂੰ ਪਛਾਣਦਾ ਹਾਂ, ਮੈਂ ਤੇਰੀ ਆਤਮਾ ਨੂੰ ਪਛਾਣਦਾ ਹਾਂ। ਤੇਰੇ ਪ੍ਰੇਮ ਦਾ ਨਿਵੇਦਨ ਮੇਰੇ ਕੋਲ ਹੈ।

ਕਹਿੰਦੇ ਹਨ, ਉਹ ਵੇਸ਼ਿਆ ਉਸ ਰਾਤ ਜਿਸ ਆਨੰਦ ਅਤੇ ਸ਼ਾਂਤੀ ਨਾਲ ਮੌਤ ਨੂੰ ਉਪਲਬਧ ਹੋਈ, ਓਹੋ ਜਿਹਾ ਕਦੇ ਹੀ ਕਿਸੇ ਨੂੰ ਸੌਭਾਗਯ ਮਿਲਦਾ ਹੈ। ਕਹਿੰਦੇ ਹਨ ਉਹ ਮੁਕਤ ਹੋ ਗਈ। ਉਹ ਦੋਬਾਰਾ ਸੰਸਾਰ ਵਿਚ ਸਰੀਰ ਲੈ ਕੇ ਨਹੀਂ ਆਈ। ਇਸ ਘਟਨਾ ਨੇ ਉਸ ਦੇ ਜੀਵਨ ਵਿਚ ਇਕ ਕ੍ਰਾਂਤੀ ਉਪਸਥਿੱਤ ਕਰ ਦਿੱਤੀ।

ਰਵਿੰਦਰ ਨਾਥ ਨੇ ਇਸ ਉੱਤੇ ਇਕ ਬਹੁਤ ਅਨੋਖੀ ਕਵਿਤਾ ਲਿਖੀ ਹੈ। ਉਨ੍ਹਾਂ ਦੀਆਂ ਸਾਰੀਆ ਕਵਿਤਾਵਾਂ ਅਨੋਖੀਆਂ ਹਨ, ਪਰ ਇਸ ਕਵਿਤਾ ਵਰਗੀ ਕੋਈ ਅਦਭੁੱਤ ਨਹੀਂ ਹੈ।

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥

ਮੈਂ ਉਨ੍ਹਾਂ ਅੱਖਾਂ ਨੂੰ ਭਲੀ-ਭਾਂਤ ਜਾਣਦਾ ਹਾਂ, ਵੇਖਿਆ ਹੈ ਮੈਂ ਉਨ੍ਹਾਂ ਅੱਖਾਂ ਨੂੰ, ਜਿਨ੍ਹਾਂ ਨੇ ਜਗਤ ਨੂੰ ਮੋਹ ਲਿਆ ਸੀ। ਉਹ ਦਿਨ ਮੈਨੂੰ ਭੁੱਲੇ ਨਹੀਂ। ਉਹ ਸੁਖਦ-ਸਮ੍ਰਤੀਆਂ ਮੈਨੂੰ ਯਾਦ ਹਨ। ਕੱਜਲ ਦੀ ਰੇਖਾ ਵੀ ਬੋਝਲ ਸੀ, ਚੁੱਭਦੀ ਸੀ। ਹੁਣ ਉਨ੍ਹਾਂ ਵਿਚ ਚਿੜੀਆਂ ਨੇ ਆਪਣੇ ਘੌਂਸਲੇ ਬਣਾ ਲਏ ਹਨ, ਚਿੜੀਆਂ ਬੈਠੀਆਂ ਹਨ, ਆਪਣੇ ਆਂਡੇ ਰੱਖ ਰਹੀਆਂ ਹਨ। ਹੁਣ ਉਹ ਅੱਖਾਂ ਸਿਰਫ਼ ਖੱਡੇ ਰਹਿ ਗਈਆਂ ਹਨ ਹੱਡੀਆਂ ਦੇ। ਖ਼ੂਬਸੂਰਤੀ ਜਾ ਚੁੱਕੀ, ਕੋਮਲਤਾ ਜਾ ਚੁੱਕੀ।

ਸਾਰਿਆਂ ਦੇ ਜੀਵਨ ਵਿਚ ਇਹ ਘੜੀ ਆਉਂਦੀ ਹੈ। ਸੌਭਾਗਯਸ਼ਾਲੀ ਹਨ ਉਹ ਜਿਹੜੇ ਆਉਣ ਤੋਂ ਪਹਿਲਾਂ ਸਜਗ ਹੋ ਜਾਂਦੇ ਹਨ ਅਤੇ ਤਿਆਰੀ ਕਰ ਲੈਂਦੇ ਹਨ। ਅਭਾਗੇ ਹਨ ਉਹ ਜੋ ਇਸ ਖ਼ਿਆਲ ਵਿਚ ਡੁੱਬੇ ਰਹਿੰਦੇ ਹਨ ਕਿ ਅਜਿਹਾ ਵਾਪਰਦਾ ਹੋਇਗਾ ਦੂਜਿਆਂ ਨੂੰ, ਸਾਨੂੰ ਥੋੜ੍ਹੇ ਹੀ ਵਾਪਰਿਆ ਹੈ। ਦੂਜਿਆਂ ਦੀਆਂ ਕੋਮਲ ਅੱਖਾਂ ਬਰਬਾਦ ਹੋ ਜਾਂਦੀਆਂ ਹੋਣਗੀਆਂ, ਹੱਡੀਆਂ ਦੇ ਖੱਡੇ ਰਹਿ ਜਾਂਦੇ ਹੋਣਗੇ, ਇਹ ਸਾਡੀਆਂ ਅੱਖਾਂ ਦੇ ਨਾਲ ਥੋੜ੍ਹੇ ਹੋਣ ਵਾਲਾ ਹੈ, ਅਸੀਂ ਅਪਵਾਦ ਹਾਂ।

ਜਿਸ ਨੇ ਇਸ਼ ਜਗਤ ਵਿਚ ਆਪਣੇ ਨੂੰ ਅਪਵਾਦ (ਅਨੋਖੇ) ਸਮਝਿਆ ਉਹ ਅਭਾਗਾ ਹੈ। ਜਗਤ ਵਿਚ ਕੋਈ ਵੀ ਅਪਵਾਦ ਨਹੀਂ ਹੈ। ਅਤੇ ਮਨੁੱਖ ਦਾ ਅਗਿਆਨ ਆਪਣੇ ਆਪ ਨੂੰ ਅਪਵਾਦ ਮੰਨ ਕੇ ਹੀ ਬੇਹੋਸ਼ ਬਦੇ ਰਹਿਣ ਵਿਚ ਸਫ਼ਲ ਹੁੰਦਾ ਹੈ।

ਤੁਸੀਂ ਧਿਆਨ ਰੱਖਣਾ, ਕਦੇ ਭੁੱਲ ਕੇ ਆਪਣੇ ਨੂੰ ਅਪਵਾਦ ਨਾ ਮੰਨਣਾ। ਜਦ ਸੜਕ ਉੱਤੇ ਕਿਸੇ ਨੂੰ ਭੀਖ ਮੰਗਦੇ ਹੋਏ ਵੇਖੋ, ਤਦ ਇਸ ਦੀ ਸੰਭਾਵਨਾ

ਨੂੰ ਇਨਕਾਰ ਨਾ ਕਰਨਾ ਕਿ ਕਲ੍ਹ ਤੁਸੀਂ ਵੀ ਭੀਖ ਮੰਗ ਸਕਦੇ ਹੋ। ਇਹ ਨਾ ਸੋਚਣਾ ਕਿ ਤੁਸੀਂ ਅਪਵਾਦ ਹੋ, ਇਹ ਅਭਾਗਾ ਹੈ। ਅਤੇ ਜਦ ਤੁਸੀਂ ਅੰਨ੍ਹੇ ਨੂੰ ਰਾਹ ਵਿਚ ਟਕਰਾਉਂਦੇ ਵੇਖੋ ਤਾਂ ਇਹ ਨਾ ਸੋਚਦਾ ਕਿ ਤੁਸੀਂ ਸੌਭਾਗਯਸ਼ਾਲੀ ਹੋ, ਇਹ ਅਭਾਗਾ ਹੈ। ਕਲ੍ਹ ਤੁਸੀਂ ਵੀ ਅੰਨ੍ਹੇ ਹੋ ਸਕਦੇ ਹੋ। ਜਿੱਥੇ ਅੱਖਾਂ ਹਨ, ਉਥੇ ਅੰਨ੍ਹਾਪਨ ਵੀ ਹੋ ਸਕਦਾ ਹੈ। ਜਿਥੇ ਸੰਪਦਾ ਹੈ, ਉਥੇ ਭਿੱਖਮੰਗਾਪਨ ਵੀ ਹੋ ਸਕਦਾ ਹੈ। ਜਿੱਥੇ ਜੀਵਨ ਹੈ, ਉਥੇ ਮੌਤ ਵੀ ਹੋਏਗੀ। ਹੁਣੇ ਦੀਵਾ ਬਲਦਾ ਹੈ, ਇਸ ਨਾਲ ਜ਼ਰੂਰਤ ਤੋਂ ਜ਼ਿਆਦਾ ਹੰਕਾਰ ਨਾਲ ਨਾ ਭਰ ਜਾਣਾ, ਕਿਉਂਕਿ ਸਾਰੇ ਦੀਵੇ ਬੁਝਦੇ ਹਨ। ਸਭ ਤਰ੍ਹਾਂ ਦੇ ਤੇਲ ਮੁੱਕ ਜਾਦੇ ਹਨ। ਜੀਵਨ ਦਾ ਤੇਲ ਵੀ ਮੁੱਕ ਜਾਂਦਾ ਹੈ।

ਜਦ ਰਾਹ ਤੋਂ ਤੁਸੀਂ ਇਕ ਮੁਰਦੇ ਨੂੰ ਨਿਕਲਦੇ ਵੇਖੋ ਤਾਂ ਗ਼ੌਰ ਨਾਲ ਵੇਖਣਾ, ਇਹ ਅਰਥੀ ਤੁਹਾਡੀ ਵੀ ਹੈ। ਠੀਕ ਇਸੇ ਤਰ੍ਹਾਂ ਹੀ ਅਰਥੀ ਵਿਚ ਬੱਝੇ ਕਲ੍ਹ ਤੁਸੀਂ ਵੀ ਨਿਕਲੋਗੇ। ਤਦ ਤੁਸੀਂ ਦੇਖਣ ਲਈ ਦੂਰ ਖੜੇ ਨਹੀਂ ਬਚੋਗੇ। ਤਦ ਕੁਝ ਕਰਨ ਦਾ ਉਪਾਇ ਨਹੀਂ ਰਹੇਗਾ। ਅਜੇ ਅਰਥੀ ਸਿਕੇ ਹੋਰ ਦੀ ਜਾਂਦੀ ਹੈ, ਤੁਸੀਂ ਵੇਖ ਸਕਦੇ ਹੋ, ਦ੍ਰਿਸ਼ਟਾ ਬਣ ਸਕਦੇ ਹੋ। ਅਜੇ ਵਕਤ ਹੈ। ਅਜੇ ਤੁਸੀਂ ਜਾਗ ਸਕਦੇ ਹੋ।

ਲੇਕਿਨ ਆਦਮੀ ਦੇ ਜੀਵਨ ਦੀ ਵੱਡੀ ਤੋਂ ਵੱਡੀ ਅੰਧਕਾਰ ਨੂੰ ਸੰਭਾਲਣ ਵਾਲੀ ਪ੍ਰਕਿਰਿਆ (ਪ੍ਰੋਸੈੱਸ) ਹੈ, ਉਹ ਹੈ ਸ੍ਵੈਂ ਨੂੰ ਅਪਵਾਦ (ਵੱਖਰਾ) ਮੰਨਣਾ। ਤੁਸੀਂ ਕਹਿੰਦੇ ਹੋ—ਇਹ ਮੇਰੇ ਲਈ ਥੋੜ੍ਹੇ ਹੀ ਹੈ। ਅਜਿਹਾ ਦੂਜਿਆਂ ਦੇ ਨਾਲ ਹੁੰਦਾ ਹੈ। ਸਦਾ ਕੋਈ ਹੋਰ ਮਰਦਾ ਹੈ। ਮੈਂ ਤਾਂ ਸਦਾ ਜ਼ਿੰਦਾ ਹਾਂ। ਮੈਂ ਤਾਂ ਸਦਾ ਦੂਜਿਆਂ ਨੂੰ ਮਰਦੇ ਵੇਖਿਆ ਹੈ, ਮੈਂ ਤਾਂ ਆਪਣੇ ਆਪ ਨੂੰ ਕਦੇ ਮਰਦੇ ਵੇਖਿਆ ਨਹੀਂ। ਕੋਈ ਦੂਜਾ ਭੀਖ ਮੰਗਦਾ ਹੈ। ਕੋਈ ਅੰਨ੍ਹਾਂ ਹੋ ਜਾਂਦਾ ਹੈ। ਕੋਈ ਬੁੱਢਾ ਹੋ ਜਾਂਦਾ ਹੈ। ਕੋਈ ਜ਼ਰਾ-ਜ਼ੀਰਣ (ਟੁੱਟਿਆ-ਖੁੱਸਿਆ, ਖੰਡਰ) ਹੈ। ਮੈਂ ਤਾਂ ਸਦਾ ਠੀਕ ਹਾਂ।

ਇਸੇ ਅਪਵਾਦ ਦੇ ਅੰਦਰ ਲੁਕਦਾ ਹੈ ਅਗਿਆਨ। ਜਗਤ ਵਿਚ ਕੋਈ ਵੀ ਅਪਵਾਦ ਨਹੀਂ ਹੈ। ਜਿਸ ਨੇ ਅਜਿਹਾ ਜਾਣ ਲਿਆ, ਉਸ ਦੇ ਜੀਵਨ ਵਿਚੋਂ ਬੇਹੋਸ਼ੀ ਟੁੱਟ ਹੀ ਜਾਏਗੀ। ਜੋ ਕਿਸੇ ਨੂੰ ਵੀ ਵਾਪਰਿਆ ਹੈ ਉਹ ਤੁਹਾਨੂੰ ਵੀ ਵਾਪਰ ਸਕਦਾ ਹੈ। ਠੀਕ ਤਰ੍ਹਾਂ ਸਮਝੋ ਤਾਂ ਜੋ ਕਿਸੇ ਨੂੰ ਵੀ ਵਾਪਰ ਰਿਹਾ ਹੈ, ਉਹ ਤੁਹਾਨੂੰ ਹੀ ਵਾਪਰ ਰਿਹਾ ਹੈ—ਜ਼ਰਾ ਕੁ ਦੂਰ, ਥੋੜ੍ਹੇ ਦਿਨਾਂ ਵਿਚ ਕੋਲ ਆ ਜਾਏਗਾ। ਮਨੁੱਖ ਮਾਤਰ ਨੂੰ ਜੋ ਵਾਪਰ ਸਕਦਾ ਹੈ, ਉਹ ਤੁਹਾਡੀ ਵੀ ਸੰਭਾਵਨਾ

ਹੈ। ਤੁਸੀਂ ਮਨੁੱਖ ਹੋ, ਸੋ ਜੋ-ਜੋ ਮਨੁੱਖ ਦੇ ਜੀਵਨ ਵਿਚ ਹੋ ਸਕਦਾ ਹੈ, ਉਹ ਸਭ ਤੁਹਾਡੇ ਜੀਵਨ ਵਿਚ ਹੋ ਸਕਦਾ ਹੈ।

ਹੋਰ ਸਾਰੀਆਂ ਗੱਲਾਂ ਵਿਚ ਥੋੜ੍ਹੇ ਬਹੁਤੇ ਹੇਰ-ਫੇਰ ਵੀ ਹੋ ਜਾਣ, ਲੇਕਿਨ ਮੌਤ ਦੇ ਸਬੰਧ ਵਿਚ ਤਾਂ ਕੋਈ ਹੇਰ-ਫੇਰ ਨਹੀਂ ਹੋਏਗਾ। ਮੌਤ ਤਾਂ ਇਕ-ਮਾਤਰ ਅਟੱਲ ਘਟਨਾ ਹੈ। ਹੋ ਸਕਦਾ ਹੈ ਤੁਸੀਂ ਅੰਨ੍ਹੇ ਨਾ ਹੋਵੋ, ਹੋ ਸਕਦਾ ਹੈ ਤੁਸੀਂ ਬੋਲੇ ਨਾ ਹੋਵੋ, ਹੋ ਸਕਦਾ ਹੈ ਤੁਹਾਡਾ ਸਰੀਰ ਗਲੇ ਨਾ—ਲੇਕਿਨ ਮੌਤ ਤਾਂ ਹੋਏਗੀ। ਸਰੀਰ ਅੰਨ੍ਹਾ ਨਾ ਹੋਵੇ ਕਿ ਨਾ ਹੋਵੇ ਇਸ ਨਾਲ ਕੀ ਫ਼ਰਕ ਪੈਂਦਾ ਹੈ? ਅੰਤ ਅਟੱਲ ਹੈ। ਜਿਹੜਾ ਅੰਤ ਨੂੰ ਧਿਆਨ ਵਿਚ ਰੱਖ ਕੇ ਜੀਉਂਦਾ ਹੈ, ਜਿਹੜਾ ਮੌਤ ਵੱਲ ਬੋਧ ਪੂਰਵਕ ਜੀਉਂਦਾ ਹੈ, ਉਸ ਦਾ ਜੀਵਨ ਬਦਲ ਜਾਂਦਾ ਹੈ। ਜਿਹੜਾ ਮੌਤ ਨੂੰ ਭੁੱਲ ਕੇ ਜੀਉਂਦਾ ਹੈ, ਉਹ ਬੇਹੋਸ਼ੀ ਵਿਚ ਜੀਉਂਦਾ ਹੈ।

ਮੌਤ ਲਈ ਜਾਗ ਜਾਣਾ ਜੀਵਨ ਨੂੰ ਬਦਲਣ ਦੀ ਕੀਮਿਆ ਹੈ।

ਫਰੀਦਾ ਜਿਨ੍ ਲੋਇਣ ਜਗੁ ਮੋਹਿਆ—ਜਿਨ੍ਹਾਂ ਅੱਖਾਂ ਨੇ ਸਾਰੇ ਸੰਸਾਰ ਨੂੰ ਸਮੋਹਿਤ ਕਰ ਲਿਆ ਸੀ, ਸੇ ਲੋਇਣ ਮੈ ਡਿਠੁ।

ਵੇਖੀਆਂ ਹਨ ਮੈਂ ਉਹ ਅੱਖਾਂ, ਮੈਂ ਅਨਜਾਣ ਨਹੀਂ ਹਾਂ। ਸੰਸਾਰ ਨਾਲ ਭਲੀ-ਭਾਂਤਿ ਵਾਕਿਫ਼ ਹਾਂ। ਸੁੰਦਰਤਾ ਨੂੰ ਪਰਖਿਆ ਹੈ, ਜਾਣਿਆ ਹੈ।

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥

ਹੁਣ ਪੰਛੀ ਉਨ੍ਹਾਂ ਵਿਚ ਘੌਂਸਲੇ ਬਣਾਉਂਦੇ ਹਨ, ਆਂਡੇ ਰੱਖ ਰਹੇ ਹਨ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨਾ ਕੋਇ॥

ਫ਼ਰੀਦਾ, ਮਤ ਖ਼ਾਕ ਦੀ ਨਿੰਦਾ ਕਰ। ਧੂੜ ਦੀ ਵੀ ਨਿੰਦਾ ਨਾ ਕਰ। ਖ਼ਾਕ ਦੇ ਬਰਾਬਰ ਕੋਈ ਚੀਜ਼ ਨਹੀਂ। ਖਾਕੂ ਜੇਡੁ ਨ ਕੋਇ।

ਜੀਉਂਦੇ ਜੀ ਸਾਡੇ ਪੈਰਾਂ ਦੇ ਹੇਠ ਹੈ ਉਹ, ਅਤੇ ਮਰ ਜਾਣ ਪਿੱਛੋਂ ਸਾਡੇ ਉਪਰ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨਾ ਕੋਇ॥

ਮਤ ਨਿੰਦਾ ਕਰ ਖਾਕ ਦੀ ਵੀ, ਰਾਖ ਦੀ ਵੀ, ਧੂੜ ਦੀ ਵੀ।

ਧੂੜ ਬਹੁਤ ਅਨੂਠੀ ਹੈ—ਜਦ ਤੁਸੀਂ ਜੀਉਂਦੇ ਹੋ ਤਾਂ ਤੁਹਾਡੇ ਪੈਰਾਂ ਦੇ ਹੇਠ, ਜਦ ਤੁਸੀਂ ਮਰ ਜਾਂਦੇ ਹੋ, ਤਦ ਤੁਹਾਡੇ ਉਪਰ ਛਾ ਜਾਂਦੀ ਹੈ। ਜੀਵਨ ਭਰ ਤੁਹਾਡੀ ਸੇਜ ਅਤੇ ਜੀਵਨ ਦੇ ਬਾਅਦ ਤੁਹਾਡੀ ਚਾਦਰ।

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

ਅਤੇ ਤੁਸੀਂ ਵੀ ਮਿੱਟੀ ਤੋਂ ਜ਼ਿਆਦਾ ਨਹੀਂ ਹੋ। ਤੁਸੀਂ ਵੀ ਖ਼ਾਕ ਦੇ ਹੀ ਖੇਲ ਹੋ। ਮਿੱਟੀ ਹੀ ਹੈ ਆਦਮੀ। ਮਿੱਟੀ ਦਾ ਹੀ ਜੋੜ ਹੈ, ਕਲ੍ਹ ਮਿੱਟੀ ਵਿਚ

ਹੀ ਡਿੱਗ ਜਾਏਗਾ। ਮਿੱਟੀ ਤੋਂ ਹੀ ਉੱਠਦਾ ਹੈ, ਮਿਟੀ ਵਿਚ ਹੀ ਗੁੰਮ ਹੋ ਜਾਣਾ ਹੈ। ਵਿਚਕਾਰ ਥੋੜ੍ਹੀਆਂ ਜਿਹੀਆਂ ਘੜੀਆਂ ਦਾ ਰਾਗ-ਰੰਗ ਹੈ। ਜਿਵੇਂ ਕੋਈ ਪੰਛੀ ਤੁਹਾਡੇ ਕਮਰੇ ਵਿਚ ਆ ਵੜੇ, ਝਰੋਖੇ ਤੋਂ ਫੜਫੜਾਏ, ਪਲ ਭਰ ਲਈ ਅਤੇ ਦੂਜੀ ਖਿੜਕੀ ਤੋਂ ਬਾਹਰ ਹੋ ਜਾਏ—ਇਸੇ ਤਰ੍ਹਾਂ ਹੀ ਖ਼ਾਕ ਵਿਚ ਜੀਵਨ ਦਾ ਆਉਣਾ ਹੈ, ਘੜੀ ਪਲ ਲਈ ਫੜਫੜਾਉਣਾ ਹੈ ਅਤੇ ਦੂਜੀ ਖਿੜਕੀ ਤੋਂ ਬਾਹਰ ਹੋ ਜਾਣਾ ਹੈ।

ਥੋੜ੍ਹੀ ਦੇਰ ਲਈ ਤੁਹਾਡੀ ਆਤਮਾ ਦੇ ਸੰਗ-ਸਾਥ ਨਾਲ ਖ਼ਾਕ ਵੀ ਜੀਵਿਤ ਹੋ ਉੱਠਦੀ ਹੈ। ਉਹ ਜੀਵਨ ਉਧਾਰ ਹੈ ਇਸ ਨੂੰ ਮੈਂ ਫਿਰ ਤੋਂ ਦੋਹਰਾ ਦਿਆਂ। ਕਿਉਂਕਿ ਇਹ ਸਤਯ ਬਹੁਤੇ ਡੂੰਘਾਈ 'ਚ ਸਾਂਭ ਕੇ ਰੱਖ ਲੈਣਾ ਜ਼ਰੂਰੀ ਹੈ। ਸਰੀਰ ਤੁਹਾਡਾ ਜੀਵਨ ਨਹੀਂ ਹੈ, ਤੁਹਾਡੇ ਕਾਰਨ ਸਰੀਰ ਵਿਚ ਜੀਵਨ ਹੈ। ਉਹ ਝਲਕ ਹੈ ਤੁਹਾਡੀ। ਜਿਵੇਂ ਕੋਈ ਦੀਵਾ ਜਗਿਆ ਹੈ ਅਤੇ ਕੋਲ ਇਕ ਸ਼ੀਸ਼ਾ ਰੱਖਿਆ ਹੋਵੇ ਤੇ ਸ਼ੀਸ਼ੇ ਵਿਚੋਂ ਵੀ ਦੀਵੇ ਦੀ ਜੋਤ ਵਿਖਾਈ ਪੈਣ ਲੱਗੇ। ਸੀਸ਼ੇ ਵਿਚ ਵੀ ਦੀਵੇ ਦੀ ਜੋਤ ਝਲਕੇ ਅਤੇ ਸ਼ੀਸ਼ੇ ਵਿਚੋਂ ਵੀ ਪ੍ਰਕਾਸ਼ ਦਾ ਦੋਹੀਂ ਪਾਸੀਂ ਫੈਲਾਓ ਹੋਵੇ—ਠੀਕ ਇਸੇ ਤਰ੍ਹਾਂ ਹੀ ਤੁਹਾਡੇ ਅੰਦਰ ਜੀਵਨ ਦਾ ਇਕ ਸੂਤਰ ਉਤਰਿਆ ਹੈ, ਇਕ ਪੰਛੀ ਆਤਮਾ ਦਾ! ਉਸ ਦੇ ਸੰਗ-ਸਾਥ ਨਾਲ ਉਸ ਦੀ ਨਿਕਟਤਾ ਵਿਚ ਮਿੱਟੀ ਵੀ ਤੁਹਾਡੀ ਦੇਹ ਦੀ ਜੀਵਿਤ ਮਾਲੂਮ ਹੁੰਦੀ ਹੈ। ਸਰੀਰ ਦੇ ਦਰਪਣ ਵਿਚ ਉਸ ਦੀ ਜੋਤ ਝਲਕਦੀ ਹੈ। ਇਹ ਘੜੀ ਪਲ ਦੀ ਖਿਡਾਰ ਹੈ। ਇਸ ਵਿਚ ਤੁਸੀਂ ਜੇਕਰ ਸਰੀਰ ਨੂੰ ਜੀ ਜੀਵਨ ਮੰਨ ਲਿਆ ਤਾਂ ਤੁਸੀਂ ਭਟਕ ਜਾਉਗੇ ਅਤੇ ਜੇਕਰ ਤੁਸੀਂ ਪਛਾਣ ਲਿਆ ਕਿ ਜੀਵਨ ਦਾ ਮੂਲ-ਸਰੋਤ ਕਿਥੇ ਹੈ, ਤਾਂ ਤੁਸੀਂ ਸਰੀਰ ਦੀ ਵਰਤੋਂ ਕਰ ਲਉਗੇ। ਸਰੀਰ ਦੇ ਤੁਸੀਂ ਮਾਲਿਕ ਰਹੋਗੇ। ਸਰੀਰ ਤੁਹਾਡਾ ਮਾਲਿਕ ਨਹੀਂ ਹੋ ਪਾਏਗਾ।

ਫਰੀਦਾ ਖਾਕੁ ਨ ਨਿੰਦੀਐ—ਫ਼ਰੀਦ ਕਹਿੰਦਾ ਹੈ ਨਿੰਦਾ ਨਾ ਕਰੋ ਸਰੀਰ ਦੀ। ਸਾਰੇ ਗਿਆਨੀਆਂ ਨੇ ਇਹ ਕਿਹਾ ਹੈ ਅਤੇ ਜਿਨ੍ਹਾਂ ਨੇ ਇਸ ਤੋਂ ਵਿਪਰੀਤ ਕਿਹਾ ਹੋਵੇ, ਉਹ ਗਿਆਨੀ ਨਹੀਂ ਹਨ। ਸਰੀਰ ਦੀ ਨਿੰਦਾ ਕਰਨ ਵਾਲੇ ਲੋਕ ਗਿਆਨੀ ਨਹੀਂ ਹਨ, ਕਿਉਂ ? ਕਿਉਂਕਿ ਸਰੀਰ ਦੀ ਨਿੰਦਾ ਦਾ ਮਤਲਬ ਹੀ ਇਹ ਹੈ ਕਿ ਤੁਸੀਂ ਸਰੀਰ ਤੋਂ ਅਜੇ ਮੁਕਤ ਨਹੀਂ ਹੋ ਪਾਏ। ਨਿੰਦਾ ਅਸੀਂ ਉਸੇ ਦੀ ਕਰਦੇ ਹਾਂ ਜਿਸ ਤੋਂ ਅਸੀਂ ਭੈ-ਭੀਤ ਹੁੰਦੇ ਹਾਂ। ਨਿੰਦਾ ਅਸੀਂ ਉਸੇ ਦੀ ਕਰਦੇ ਹਾਂ ਜਿਸ ਨਾਲ ਅਸੀਂ ਜਕੜੇ ਹੁੰਦੇ ਹਾਂ ਅਤੇ ਛੁੱਟ ਨਹੀਂ ਪਾਂਦੇ। ਨਿੰਦਾ ਅਸੀਂ ਉਸੇ ਦੀ ਕਰਦੇ ਹਾਂ, ਜੋ ਸਾਨੂੰ ਬਲਵਾਨ ਮਾਲੂਮ ਹੁੰਦਾ ਹੈ, ਸ਼ਕਤੀਸ਼ਾਲੀ ਮਾਲੂਮ ਹੁੰਦਾ ਹੈ ਅਤੇ ਸਾਡੇ ਉੱਤੇ ਕਬਜ਼ਾ ਕੀਤਾ ਹੁੰਦਾ ਹੈ। ਨਿੰਦਾ ਅਸੀਂ ਉਸੇ ਦੀ

ਕਰਦੇ ਹਾਂ ਜਿਸ ਕੋਲੋਂ ਅਸੀਂ ਹਾਰ-ਹਾਰ ਜਾਂਦੇ ਹਾਂ। ਨਿੰਦਾ ਅਸੀਂ ਉਸੇ ਦੀ ਕਰਦੇ ਹਾਂ, ਜਿਸ ਨੂੰ ਅਸੀਂ ਸਮਝ ਨਹੀਂ ਪਾਉਂਦੇ। ਜੋ ਬੇ-ਬੂਝ ਹੈ ਅਤੇ ਜਿਸ ਦੇ ਨਾਲ ਸਾਡੀਆਂ ਹਜ਼ਾਰ ਹਾਰ ਜਾਣ ਦੀਆਂ ਕਥਾਵਾਂ ਲਿਖੀਆਂ ਹਨ। ਨਿੰਦਾ ਹਾਰੇ ਹੋਏ ਆਦਮੀ ਦਾ ਕ੍ਰੋਧ ਹੈ।

ਸੋ ਜਿਨ੍ਹਾਂ ਨੇ ਸਰੀਰ ਦੀ ਨਿੰਦਾ ਕੀਤੀ ਹੈ, ਸਮਝ ਲੈਣਾ ਕਿ ਉਹ ਸਰੀਰ ਤੋਂ ਡਰੇ ਹੋਏ ਹਨ। ਸਰੀਰ ਦੀ ਵਾਸਨਾ ਤੋਂ ਭੈ-ਭੀਤ ਹਨ, ਸਰੀਰ ਦੀ ਕਾਮਨਾ ਤੋਂ, ਸਰੀਰ ਦੀ ਤ੍ਰਿਸ਼ਨਾ ਤੋਂ, ਉਨ੍ਹਾਂ ਦੇ ਹੱਥ-ਪੈਰ ਕੰਬ ਰਹੇ ਹਨ, ਉਨ੍ਹਾਂ ਦੇ ਪ੍ਰਾਣ ਡਾਵਾਂ-ਡੋਲ ਹਨ। ਉਹ ਜਾਣਦੇ ਹਨ ਕਿ ਸਰੀਰ ਨੇ ਜੇਕਰ ਪੁਕਾਰ ਦਿੱਤੀ ਤਾਂ ਉਹ ਉਸ ਦੇ ਪਿੱਛੇ ਚੱਲ ਕੇ ਰਹਿਣਗੇ। ਆਤਮਾ ਦੀ ਆਵਾਜ਼ ਉਨ੍ਹਾਂ ਨੂੰ ਸੁਣਾਈ ਨਹੀਂ ਪੈਂਦੀ। ਜੇਕਰ ਕਿਸੇ ਤਰ੍ਹਾਂ ਉਨ੍ਹਾਂ ਨੇ ਆਪਣੇ ਆਪ ਨੂੰ ਸਰੀਰ ਵੱਲੋਂ ਰੋਕ ਵੀ ਰੱਖਿਆ ਹੈ ਤਾਂ ਉਹ ਰੋਕਣਾ ਜ਼ਬਰਦਸਤੀ ਦਾ ਹੈ, ਗਿਆਨ ਦਾ ਨਹੀਂ ਹੈ। ਉਹ ਰੋਕਣਾ ਕਿਸੇ ਸਮਝ ਤੋਂ ਪੈਦਾ ਨਹੀਂ ਹੋਇਆ ਹੈ। ਉਹ ਰੋਕਣਾ ਕਿਸੇ ਲੋਭ ਤੋਂ ਪੈਦਾ ਹੋਇਆ ਹੈ। ਉਹ ਲਗਾਤਾਰ ਦੇਹ ਦੀ ਨਿੰਦਾ ਕਰਨਗੇ। ਉਹ ਦੇਹ ਨੂੰ ਗਾਲ੍ਹੀਆਂ ਕੱਢਣਗੇ। ਉਹ ਸਰੀਰ ਨਾਲ ਦੁਸ਼ਮਣੀ ਸਿਖਾਉਣਗੇ। ਉਹ ਤੁਹਾਨੂੰ ਕਹਿਣਗੇ—ਲੜੋ ਸਰੀਰ ਨਾਲ, ਹਾਰ ਨਾ ਜਾਣਾ।

ਦੇਹ ਨਾਲ ਲੜਨਾ ਪਾਗ਼ਲਪਨ ਹੈ। ਸਰੀਰ ਤਾਂ ਮਿੱਟੀ ਹੈ। ਇਹ ਤਾਂ ਇਵੇਂ ਹੀ ਹੈ ਜਿਵੇਂ ਸ਼ੀਸ਼ੇ ਵਿਚ ਝਲਕਦੀ ਹੋਈ ਜੋਤ ਨਾਲ ਕੋਈ ਲੜੇ। ਨਿਰਾ ਪਾਗ਼ਲਪਨ ਹੈ। ਉੱਥੇ ਕੁਝ ਹੈ ਹੀ ਨਹੀਂ ਲੜਨ ਲਈ। ਸਰੀਰ ਨੇ ਕਦੇ ਤੁਹਾਨੂੰ ਭਰਮਾਇਆ ਨਹੀਂ ਹੈ, ਭਟਕਾਇਆ ਨਹੀਂ ਹੈ। ਜੇਕਰ ਤੁਸੀਂ ਭਟਕੇ ਹੋ, ਭਰਮਾਏ ਗਏ ਹੋ ਤਾਂ ਆਪਣੀ ਹੀ ਬੇਹੋਸ਼ੀ ਦੇ ਕਾਰਨ ਕਿ ਤੁਸੀਂ ਸਰੀਰ ਨੂੰ ਸਭ ਕੁਝ ਸਮਝ ਲਿਆ। ਇਸ ਵਿਚ ਸਰੀਰ ਦਾ ਕੋਈ ਕਸੂਰ ਨਹੀਂ ਹੈ, ਤੁਹਾਡੀ ਹੀ ਭੁੱਲ ਹੈ।

ਗਿਆਨੀਆਂ ਨੇ ਪਰਮ ਗਿਆਨੀਆਂ ਨੇ ਸਰੀਰ ਦੀ ਨਿੰਦਾ ਨਹੀਂ ਕੀਤੀ, ਸਗੋਂ ਉਨ੍ਹਾਂ ਨੇ ਤਾਂ ਸਰੀਰ ਦੀ ਤਾਰੀਫ਼ ਕੀਤੀ ਹੈ। ਉਨ੍ਹਾਂ ਨੇ ਤਾਂ ਸਰੀਰ ਨੂੰ ਮੰਦਿਰ ਕਿਹਾ ਹੈ। ਉਨ੍ਹਾਂ ਨੇ ਤਾਂ ਕਿਹਾ ਹੈ, ਸਰੀਰ ਨਿਰਾਲਾ ਹੈ, ਬਹੁਤ ਰਹੱਸਯਪੂਰਣ ਹੈ। ਮਿੱਟੀ ਹੈ, ਫਿਰ ਵੀ ਸੱਤਰ ਸਾਲਾਂ ਤਕ ਜੀਵਨ ਦੀ ਲੀਲ੍ਹਾ ਦੀ ਖੇਡ ਚੱਲਦੀ ਹੈ। ਨਾ ਕੁਝ ਹੈ, ਖ਼ਾਕ ਹੈ, ਫਿਰ ਵੀ ਬਹੁਤ ਫੁੱਲ ਖਿੜਦੇ ਹਨ।

ਫਰੀਦਾ ਖਾਕੁ ਨ ਨਿੰਦੀਐ—ਮਿੱਟੀ ਦੀ ਨਿੰਦਾ ਨਾ ਕਰੋ। ਨਾ ਕਰਨਾ। ਮਿੱਟੀ ਦੇ ਬਰਾਬਰ ਹੋਰ ਕੀ ਹੈ? ਖਾਕੂ ਜੇਡੁ ਨ ਕੋਇ॥

ਜੀਉਂਦੇ ਜੀ ਸਾਡੇ ਪੈਰਾਂ ਦੇ ਹੇਠ, ਮਰਨ ਤੋਂ ਪਿੱਛੋਂ ਸਾਡੀ ਛਾਤੀ ਦੇ ਉੱਤੇ। ਅਤੇ ਦੋਹਾਂ ਦੇ ਵਿਚਕਾਰ ਤੁਸੀਂ ਜੋ ਬਚੋਗੇ, ਉਹ ਵੀ ਤਾਂ ਖ਼ਾਕ ਹੈ, ਹੇਠਾਂ ਵੀ

ਖ਼ਾਕ, ਉਪਰ ਵੀ ਖ਼ਾਕ, ਵਿਚਕਾਰ ਵੀ ਖ਼ਾਕ। ਉਹ ਪੰਛੀ ਜੋ ਆਤਮਾ ਦਾ ਹੈ, ਉਹ ਤਾਂ ਉੱਡ ਚੁੱਕਾ ਹੋਏਗਾ।

ਸਰੀਰ ਘਰ ਹੈ। ਥੋੜ੍ਹੀ ਦੇਰ ਦਾ ਵਿਸ਼ਰਾਮ ਹੈ ਉਥੇ। ਰਾਤ ਭਰ ਲਈ ਰੁੱਕ ਰਹੇ ਹਾਂ। ਸਵੇਰੇ ਕੁੱਕੜ ਬਾਂਗ ਦੇਵੇਗਾ ਅਤੇ ਟੁਰ ਪਵਾਂਗੇ। ਜਿਸ ਨੇ ਸਰੀਰ ਨੂੰ ਵਿਸ਼ਰਾਮ ਤੋਂ ਜ਼ਿਆਦਾ ਸਮਝਿਆ, ਉਹ ਭੁੱਲਿਆ। ਜਿਸ ਨੇ ਸਰੀਰ ਨੂੰ ਰਾਤ ਦਾ ਵਿਸ਼ਰਾਮ ਸਮਝਿਆ, ਇਕ ਸਰਾਂ ਮੰਨਿਆ, ਉਸ ਦੇ ਜੀਵਨ ਤੋਂ ਪ੍ਰਕਾਸ਼ ਜ਼ਿਆਦਾ ਦੂਰ ਨਹੀਂ ਹੈ।

ਇਬਰਾਹੀਮ ਦੀ ਕਥਾ ਹੈ, ਮੈਨੂੰ ਬਹੁਤ ਪ੍ਰੀਤੀਕਰ ਹੈ! ਉਹ ਬੈਠਾ ਹੈ ਆਪਣੇ ਸਿੰਘਾਸਣ ਉੱਤੇ ਅਤੇ ਇਕ ਆਦਮੀ ਦਰਵਾਜ਼ੇ ਉੱਤੇ ਆ ਕੇ ਝਗੜਾ ਕਰਨ ਲੱਗਦਾ ਹੈ। ਇਕ ਫ਼ਕੀਰ, ਉਸ ਨੂੰ ਆਵਾਜ਼ ਸੁਣਾਈ ਵੀ ਪੈਣ ਲੱਗੀ। ਉਹ ਫ਼ਕੀਰ ਇਹ ਕਹਿ ਰਿਹਾ ਹੈ—ਰਸਤਾ ਦਿਓ ਮੈਨੂੰ। ਤੁਸੀਂ ਰੋਕਣ ਵਾਲੇ ਕੌਣ ਹੋ ?

ਉਹ ਪਹਿਰੇਦਾਰ ਨਾਲ ਝੰਜਟ ਕਰ ਰਿਹਾ ਹੈ।

'ਮੈਂ ਰੁਕ ਕੇ ਰਹਾਂਗਾ। ਇਸ ਸਰਾਂ ਵਿਚ ਮੈਂ ਅੱਜ ਰਾਤ ਵਿਸ਼ਰਾਮ ਕਰਾਂਗਾ।' ਪਹਿਰੇਦਾਰ ਨੇ ਉਸ ਨੂੰ ਕਿਹਾ ਕਿ ਤੂੰ ਪਾਗ਼ਲ ਹੈਂ, ਨਾ-ਸਮਝ ਹੈਂ, ਅਜਨਬੀ ਹੈਂ। ਇਹ ਮਹਿਲ ਹੈ ਸਮਰਾਟ ਦਾ, ਨਿਵਾਸ-ਗ੍ਰਹਿ ਹੈ, ਕੋਈ ਸਰਾਂ ਨਹੀਂ ਹੈ, ਸਰਾਂ ਵੀ ਹੈ, ਤੁਸੀਂ ਬਸਤੀ ਵਿਚ ਜਾ ਕੇ ਲੱਭ ਲਓ।

ਪਰ ਉਹ ਜ਼ਿੱਦ ਕਰੀ ਬੈਠਾ ਹੈ। ਆਖ਼ਰ ਸਮਰਾਟ ਨੂੰ ਵੀ ਉਤਸੁਕਤਾ ਹੋਈ ਕਿ ਇਹ ਆਦਮੀ ਹੈ ਕੌਣ, ਜਿਹੜਾ ਸੁਣਦਾ ਹੀ ਨਹੀਂ ਹੈ ਅਤੇ ਕਹੀ ਹੀ ਚਲਿਆ ਜਾਂਦਾ ਹੈ, ਅਤੇ ਉਸ ਦੀ ਆਵਾਜ਼ ਵਿਚ ਵੀ ਬਹੁਤ ਮਿਠਾਸ ਹੈ, ਉਸ ਦੀ ਆਵਾਜ਼ ਵਿਚ ਕੋਈ ਇਕ ਡੂੰਘਾ ਖਿਚਾਓ ਹੈ। ਸਮਰਾਟ ਨੇ ਕਿਹਾ, ਇਸ ਆਦਮੀ ਨੂੰ ਅੰਦਰ ਆਉਣ ਦਿਓ।

ਉਹ ਆਦਮੀ ਅੰਦਰ ਆਇਆ। ਉਸ ਦੀ ਚਾਲ 'ਚ ਵੀ ਬਹੁਤ ਖ਼ੂਬੀ ਸੀ। ਉਸ ਦੀ ਸ਼ਾਨ ਹੋਰ ਹੈ। ਫ਼ਕੀਰ ਦੀ ਸ਼ਾਨ। ਨਿਰ-ਹੰਕਾਰੀ ਦੀ ਸ਼ਾਨ। ਸੁਸ਼ੀਲ ਦੀ ਸ਼ਾਨ! ਉਹ ਆ ਕੇ ਖੜਾ ਹੋ ਗਿਆ। ਸਮਰਾਟ ਵੀ ਫਿੱਕਾ ਲੱਗਿਆ ਉਸ ਦੇ ਸਾਹਮਣੇ, ਬੈਠਾ ਸੀ ਸਿੰਘਾਸਣ ਉੱਤੇ! ਉਸ ਨੇ ਕਿਹਾ, ਤੂੰ ਕਿਉਂ ਜ਼ਿੱਦ ਕਰ ਰਿਹਾ ਹੈਂ ? ਕੀ ਮਾਮਲਾ ਹੈ ? ਇਹ ਮਹਿਲ ਹੈ, ਮੇਰਾ ਨਿਵਾਸ ਸਥਾਨ ਹੈ। ਤੈਨੂੰ ਸੁਣਾਈ ਨਹੀਂ ਦਿੰਦਾ ਹੈ ? ਪਹਿਰੇਦਾਰ ਕਹੀ ਜਾ ਰਿਹਾ ਹੈ.....।

ਉਸ ਫ਼ਕੀਰ ਨੇ ਸਮਰਾਟ ਨੂੰ ਗੌਰ ਨਾਲ ਵੇਖਿਆ! ਉਸ ਦੀਆਂ ਅੱਖਾਂ ਸਮਰਾਟ ਨੂੰ ਆਰ-ਪਾਰ ਵਿੰਨ੍ਹ ਗਈਆਂ। ਉਸ ਨੇ ਕਿਹਾ ਕਿ ਇਸ ਤੋਂ ਪਹਿਲਾਂ

ਵੀ ਮੈਂ ਆਇਆ ਸੀ, ਤਦ ਮੈਂ ਇਸੇ ਸਿੰਘਾਸਣ 'ਤੇ ਕਿਸੇ ਹੋਰ ਨੂੰ ਬੈਠੇ ਵੇਖਿਆ ਸੀ।

ਸਮਰਾਟ ਨੇ ਕਿਹਾ—ਤੇਰਾ ਕਹਿਣਾ ਠੀਕ ਹੈ। ਉਹ ਮੇਰੇ ਪਿਤਾ ਸਨ। ਉਨ੍ਹਾਂ ਦਾ ਸਵਰਗਵਾਸ ਹੋ ਗਿਆ।

ਫ਼ਕੀਰ ਨੇ ਕਿਹਾ, ਮੈਂ ਉਸ ਤੋਂ ਵੀ ਪਹਿਲਾਂ ਆਇਆ ਸੀ, ਤਦ ਮੈਂ ਕਿਸੇ ਹੋਰ ਨੂੰ ਹੀ ਬੈਠਿਆਂ ਵੇਖਿਆ ਸੀ।

ਸਮਰਾਟ ਨੇ ਕਿਹਾ—ਉਹ ਵੀ ਠੀਕ ਹੈ। ਤੂੰ ਆਦਮੀ ਪਾਗ਼ਲ ਨਹੀਂ ਹੈਂ। ਉਹ ਮੇਰੇ ਪਿਤਾ ਦੇ ਪਿਤਾ ਸਨ। ਉਹ ਜਾ ਚੁੱਕੇ।

ਉਹ ਫ਼ਕੀਰ ਹੱਸਣ ਲੱਗਾ ਅਤੇ ਉਸ ਨੇ ਕਿਹਾ—ਜਦ ਮੈਂ ਦੁਬਾਰਾ ਆਵਾਂਗਾ, ਤੈਨੂੰ ਪੱਕਾ ਹੈ ਕਿ ਤੂੰ ਮੈਨੂੰ ਇਥੇ ਹੀ ਬੈਠਾ ਮਿਲੇਂਗਾ? ਤੇਰਾ ਪੁੱਤਰ ਤਾਂ ਨਹੀਂ ਮਿਲੇਗਾ ਜੋ ਕਹੇਗਾ ਕਿ ਉਹ ਮੇਰੇ ਪਿਤਾ ਜੀ ਸਨ? ਇਸ ਲਈ ਤਾਂ ਮੈਂ ਇਸ ਨੂੰ ਸਰਾਂ ਆਖਦਾ ਹਾਂ। ਤਿੰਨ ਬਾਰ ਆਇਆ, ਵੱਖਰੇ-ਵੱਖਰੇ ਲੋਕਾਂ ਨੂੰ ਠਹਿਰੇ ਪਾਇਆ। ਇਸ ਨੂੰ ਮੈਂ ਨਿਵਾਸ ਕਿਵੇਂ ਕਹਾਂ?

ਕਹਿੰਦੇ ਹਨ, ਇਬਰਾਹੀਮ ਦੇ ਜੀਵਨ ਵਿਚ ਜਿਵੇਂ ਬਿਜਲੀ ਕੌਂਧ ਗਈ, ਕਿਸੇ ਨੇ ਝੰਜੋੜ ਕੇ ਜਗਾ ਦਿੱਤਾ। ਉਹ ਉੱਠ ਕੇ ਖੜਾ ਹੋ ਗਿਆ। ਉਸ ਨੇ ਕਿਹਾ ਤੁਹਾਡੀ ਗੱਲ ਠੀਕ ਹੈ। ਤੁਸੀਂ ਰੁਕੋ। ਮੈਂ ਜਾਂਦਾ ਹਾਂ।

ਇਬਰਾਹੀਮ ਨੇ ਘਰ ਛੱਡ ਦਿੱਤਾ। ਇਬਰਾਹੀਮ ਫ਼ਕੀਰ ਹੋ ਗਿਆ। ਲੋਕ ਉਸ ਨੂੰ ਪੁੱਛਦੇ ਕਿ ਕੀ ਹੋ ਗਿਆ ਹੈ? ਉਸ ਨੇ ਕਿਹਾ—ਕੁਝ ਹੋਇਆ ਨਹੀਂ, ਸਮਝ ਆ ਗਈ। ਗੱਲ ਤਾਂ ਠੀਕ ਹੀ ਹੈ, ਜਿਥੇ ਦੋ ਦਿਨ ਰੁਕਦੇ ਹਾਂ ਅਤੇ ਹਟ ਜਾਣਾ ਪੈਂਦਾ ਹੈ, ਉਸ ਨੂੰ ਕੀ ਘਰ ਮੰਨਣਾ!

ਉਹ ਬਸਤੀ ਉਸ ਨੇ ਛੱਡ ਦਿੱਤੀ, ਉਹ ਮਰਘਟ ਵਿਚ ਰਹਿਣ ਲੱਗਾ। ਲੋਕ ਕਹਿੰਦੇ ਨਾ ਰਹੋ ਘਰ ਵਿਚ, ਘੱਟੋ-ਘੱਟ ਬਸਤੀ ਵਿਚ ਤਾਂ ਰਹੋ। ਉਹ ਕਹਿੰਦਾ—ਬਸਤੀ ਵਿਚ ਹੀ ਰਹਿ ਰਹੇ ਹਾਂ, ਕਿਉਂਕਿ ਇਥੇ ਜੋ ਵੱਸਿਆ ਹੈ, ਕਦੇ ਨਹੀਂ ਉੱਜੜਦਾ। ਅਤੇ ਤੁਸੀਂ ਜਿਸ ਨੂੰ ਬਸਤੀ ਕਹਿੰਦੇ ਹੋ, ਉਹ ਸ਼ਮਸ਼ਾਨ ਹੈ, ਮਰਨ ਵਾਲਿਆਂ ਦੀ ਭੀੜ ਲੱਗੀ ਹੋਈ ਹੈ। ਉਥੇ ਸਾਰਿਆਂ ਦਾ ਮੌਕਾ ਆਉਣ ਵਾਲਾ ਹੈ। ਸਭ ਆਪਣੀ-ਆਪਣੀ ਉਡੀਕ ਕਰ ਰਹੇ ਹਨ। ਉਹ ਤਾਂ ਮਰਨ ਵਾਲਿਆਂ ਦੀ ਕਤਾਰ ਹੈ, ਕਿਊ ਹੈ। ਲੋਕ ਮਰ ਰਹੇ ਹਨ। ਤੁਸੀਂ ਜਿਸ ਨੂੰ ਬਸਤੀ ਕਹਿੰਦੇ ਹੋ, ਉਹ ਮਰਘਟ ਹੈ, ਅਤੇ ਇਥੇ ਮੈਂ ਬਸਤੀ ਪਾਈ। ਆਪਣੀ-ਆਪਣੀ ਕਬਰ ਵਿਚ ਲੋਕ ਸੁੱਤੇ ਹਨ, ਕਦੇ ਕੋਈ ਹਟਦਾ ਨਹੀਂ। ਸਭ ਵੱਸੇ ਹਨ। ਹੁਣ ਇਨ੍ਹਾਂ ਨੂੰ ਕੋਈ ਉਜਾੜ ਨਹੀਂ ਸਕੇਗਾ। ਉਥੇ ਤਾਂ ਹਰ ਰੋਜ਼ ਉੱਜੜਨਾ ਹੁੰਦਾ

ਰਹੇਗਾ। ਕੋਈ ਮਰੇਗਾ, ਕੋਈ ਆਏਗਾ, ਕੋਈ ਜਾਏਗਾ—ਉਸ ਨੂੰ ਕੀ ਤੁਸੀਂ ਬਸਤੀ ਕਹਿੰਦੇ ਹੋ?

ਫਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ ਨਾ ਕੋਇ॥

ਮਿੱਟੀ ਦੀ ਨਿੰਦਾ ਨਾ ਕਰੀਂ ਫ਼ਰੀਦ, ਮਿੱਟੀ ਵਰਗਾ ਹੋਰ ਕੁਝ ਵੀ ਨਹੀਂ ਹੈ।

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

ਜੀਉਂਦੇ-ਜੀ ਪੈਰਾਂ ਹੇਠਾਂ, ਮਰਨ ਤੋਂ ਬਾਅਦ ਸਿਰ ਦੇ ਉਪਰ। ਇਹ ਹੀ ਹੈ ਬਿਛਾਉਣਾ, ਇਹ ਹੀ ਹੈ ਓਢਣਾ। ਇਸੇ 'ਚੋਂ ਉੱਠਣਾ, ਇਸੇ ਵਿਚ ਗੁਆਚ ਜਾਣਾ। ਇਸ ਦੀ ਨਿੰਦਾ ਨਾ ਕਰੀਂ। ਇਸ ਨੂੰ ਪਛਾਣ।

ਅਤੇ ਇਹ ਤੁਸੀਂ ਸਮਝ ਲਓ, ਜਿਸ ਦੀ ਤੁਸੀਂ ਨਿੰਦਾ ਕਰੋਗੇ, ਉਸ ਨੂੰ ਤੁਸੀਂ ਪਛਾਣ ਨਹੀਂ ਪਾਉਗੇ। ਨਿੰਦਾ ਦਾ ਧੂੰਆਂ ਹੀ ਅੱਖਾਂ ਨੂੰ ਅੰਨ੍ਹਿਆਂ ਕਰ ਦਿੰਦਾ ਹੈ। ਨਿੰਦਾ ਦਾ ਭਾਵ ਹੀ ਸਮਝ ਨੂੰ ਧੁੰਦਲਾ ਕਰ ਜਾਂਦਾ ਹੈ।

ਤੁਸੀਂ ਕਦੇ ਦੁਸ਼ਮਣ ਨੂੰ ਗ਼ੌਰ ਨਾਲ ਵੇਖਿਆ? ਦੁਸ਼ਮਣ ਨੂੰ ਗ਼ੌਰ ਨਾਲ ਵੇਖਣ ਦਾ ਮਨ ਹੀ ਨਹੀਂ ਹੁੰਦਾ। ਤੁਸੀਂ ਕਦੇ ਦੁਸ਼ਮਣ ਦੀਆ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ? ਨਹੀਂ, ਅੱਖ 'ਚ ਅੱਖ ਤਾਂ ਲੋਕ ਪ੍ਰੇਮੀਆਂ ਦੀ ਪਾਉਂਦੇ ਹਨ। ਦੁਸ਼ਮਣ ਤੋਂ ਤਾਂ ਤੁਸੀਂ ਬਚ ਕੇ ਨਿਕਲ ਜਾਣਾ ਚਾਹੁੰਦੇ ਹੋ, ਉਹ ਵਿਖਾਈ ਹੀ ਨਾ ਪਏ। ਤੁਸੀਂ ਅੱਖ ਬਚਾ ਲੈਂਦੇ ਹੋ। ਜਿਸ ਰਾਹ ਤੋਂ ਦੁਸ਼ਮਣ ਨਿਕਲਦਾ ਹੋਵੇ, ਤੁਸੀਂ ਉਸ ਰਾਹ ਤੋਂ ਪਰਤ ਆਉਂਦੇ ਹੋ। ਤੁਸੀਂ ਉਸ ਦੀ ਗੰਧ ਵੀ ਨਹੀਂ ਪੁੱਜਣ ਦੇਣਾ ਚਾਹੁੰਦੇ ਆਪਣੀ ਨੱਕ ਤਕ। ਤੁਸੀਂ ਉਸ ਦੀ ਛਾਂ ਵੀ ਨਹੀਂ ਛੂਹਣਾ ਚਾਹੁੰਦੇ।

ਇਹ ਹੀ ਅੰਦਰ ਦੀ ਵੀ ਦਸ਼ਾ ਹੈ; ਜਿਸ ਦੀ ਵੀ ਤੁਸੀਂ ਨਿੰਦਾ ਕੀਤੀ ਅਤੇ ਜਿਸ ਨੂੰ ਤੁਸੀਂ ਦੁਸ਼ਮਣ ਸਮਝਿਆ, ਤੁਹਾਡੀ ਪਿੱਠ ਹੋ ਜਾਏਗੀ ਉਸ ਦੇ ਵੱਲ। ਅਤੇ ਜਦ ਸਮਝਣਾ ਹੋਵੇ ਤਾਂ ਸਨਮੁਖ ਹੋਣਾ ਜ਼ਰੂਰੀ ਹੈ। ਪਿੱਠ ਕਰ ਲਓਗੇ, ਬੇਮੁੱਖ ਹੋ ਜਾਓਗੇ—ਸਮਝੋਗੇ ਕੀ ਖ਼ਾਕ?

ਜਿਸ ਚੀਜ਼ ਨੂੰ ਵੀ ਸਮਝਣਾ ਹੋਵੇ, ਨਿੰਦਾ ਨਾ ਕਰਨਾ। ਨਿੰਦਾ ਕਰਨ ਨਾਲ ਨਾਸਮਝੀ ਦੀਆਂ ਜੜ੍ਹਾਂ ਡੂੰਘੀਆਂ ਹੋ ਜਾਂਦੀਆਂ ਹਨ, ਟੁੱਟਦੀਆਂ ਨਹੀਂ।

ਮਨੁੱਖ ਜਾਤੀ ਨੇ ਕਾਮਵਾਸਨਾ ਦੀ ਨਿੰਦਾ ਕੀਤੀ ਹੈ ਅਤੇ ਕਾਮਵਾਸਨਾ ਨੇ ਮਨੁੱਖ ਨੂੰ ਫੜ ਲਿਆ ਗਰਦਨੋਂ। ਮਨੁੱਖ ਨੂੰ ਕਾਮਵਾਸਨਾ ਦੀ ਕੋਈ ਸਮਝ ਨਹੀਂ ਹੈ। ਨਿੰਦਾ ਹੈ। ਨਿੰਦਾ ਦੇ ਕਾਰਨ ਹੀ ਸਮਝ ਨਹੀਂ ਹੈ। ਜਦ ਸਮਝ ਨਹੀਂ ਹੈ ਤਾ ਕਾਮਵਾਸਨਾ ਹੋਰ ਜ਼ੋਰ ਨਾਲ ਫੜਦੀ ਹੈ, ਤਾਂ ਮਨ ਵਿਚ ਹੋਰ ਨਿੰਦਾ ਦਾ ਸੁਰ ਉੱਠਦਾ ਹੈ, ਨਿੰਦਾ ਦਾ ਸਵਰ ਵਧਦਾ ਹੈ, ਸਮਝ ਘੱਟ ਹੁੰਦੀ ਚਲੀ ਜਾਂਦੀ ਹੈ।

ਲੋਕ ਨੂੰ ਆਦਮੀ ਨੇ ਫੜਿਆ, ਨਿੰਦਾ ਦੇ ਕਾਰਨ। ਅਤੇ ਨਿੰਦਾ ਦੇ ਕਾਰਨ ਲੋਭ ਨੇ ਆਦਮੀ ਨੂੰ ਫੜਿਆ ਹੋਇਆ ਹੈ। ਕ੍ਰੋਧ ਨੇ ਆਦਮੀ ਨੂੰ ਫੜਿਆ ਹੋਇਆ ਹੈ। ਨਿੰਦਾ ਦੇ ਕਾਰਨ।

ਇਹ ਗੱਲ ਬਹੁਤ ਹੀ ਜ਼ਿਆਦਾ ਬੁਨਿਆਦੀ ਹੈ: ਜੀਵਨ ਵਿਚ ਮੁਕਤੀ ਆਉਂਦੀ ਹੈ ਸਮਝ ਨਾਲ। ਸਮਝ ਆਉਂਦੀ ਹੈ ਵਸਤੂਆਂ ਦੇ ਸ਼ਾਕਸ਼ਾਤਕਾਰ ਨਾਲ। ਨਿੰਦਿਆ ਭਰੀ ਅੱਖ ਨਹੀਂ ਚਾਹੀਦੀ। ਬੁਰਾ-ਭਲਾ ਨਹੀਂ ਕਹਿਣਾ। ਚੀਜ਼ਾਂ ਨੂੰ ਵੇਖਣਾ ਜਿਹੋ ਜਿਹਾ ਉਨ੍ਹਾਂ ਦਾ ਸੁਭਾਵ ਹੈ, ਉਨ੍ਹਾਂ ਦੇ ਵਸਤੂ ਰੂਪ ਵਿਚ ਉਨ੍ਹਾਂ ਨੂੰ ਪਛਾਣਨਾ। ਜੇਕਰ ਤੁਸੀਂ ਉਨ੍ਹਾ ਨੂੰ ਠੀਕ ਤਰ੍ਹਾਂ ਪਛਾਣ ਲਿਆ, ਉਸੇ ਪਛਾਣ ਨਾਲ ਤੁਹਾਨੂੰ ਖੰਭ ਲੱਗ ਜਾਣਗੇ, ਮੁਕਤੀ ਦੇ।

ਮਹਾਂਵੀਰ ਦਾ ਬਹੁਤ ਪ੍ਰਸਿੱਧ ਵਚਨ ਹੈ। ਕਿਸੇ ਨੇ ਪੁੱਛਿਆ ਕਿ ਅਸੀਂ ਕੀ ਸਮਝੀਏ, ਕੀ ਹੈ ਧਰਮ ਜਿਸ ਦੀ ਤੁਸੀਂ ਸਦਾ ਚਰਚਾ ਕਰਦੇ ਹੋ? ਤਾਂ ਮਹਾਂਵੀਰ ਨੇ ਕਿਹਾ: ਬਤੱਥ਼ ਸਹਾਓ ਧੰਮ। ਵਸਤੂ ਦ ਸੁਭਾਵ ਸਮਝ ਲੈਣਾ ਧਰਮ ਹੈ। ਉਹ ਆਦਮੀ ਕੁਝ ਸਮਝਿਆ ਨਹੀਂ ਕਿ ਵਸਤੂ ਦਾ ਸੁਭਾਵ ਸਮਝ ਲੈਣਾ ਧਰਮ ਹੈ। ਤਾਂ ਮਹਾਂਵੀਰ ਨੇ ਕਿਹਾ, ਜਿਸ ਦਾ ਤੁਸੀਂ ਸੁਭਾਵ ਸਮਝ ਲਓ, ਉਸੇ ਤੋਂ ਮੁਕਤ ਹੋ ਜਾਂਦੇ ਹੋ।

ਧਰਮ ਮੋਖਸ਼ ਹੈ। ਸਮਝਦੇ ਜਾਓ। ਕਾਮ ਵਾਸਨਾ ਸਮਝ ਲਈ—ਡਿਗ ਪਈ। ਕ੍ਰੋਧ ਸਮਝ ਲਿਆ—ਡਿੱਗ ਪਿਆ। ਸਰੀਰ ਨੂੰ ਸਮਝ ਲਿਆ, ਸਰੀਰ ਦੇ ਅੰਦਰ ਰਹਿੰਦੇ ਹੋਏ ਬਾਹਰ ਹੋ ਗਏ। ਸਰੀਰ ਵਿਚ ਹੁੰਦੇ ਹੋਏ ਪਾਰ ਹੋ ਗਏ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

ਨਾ ਨਿੰਦਾ ਕਰ ਸਰੀਰ ਦੀ। ਨਾ ਨਿੰਦਾ ਕਰ ਮਿੱਟੀ ਦੀ। ਨਾ ਨਿੰਦਾ ਕਰ ਸੁਆਹ ਦੀ। ਉਸ ਦੇ ਬਰਾਬਰ ਹੋਰ ਕੁਝ ਵੀ ਨਹੀਂ ਹੈ। ਉਹ ਹੀ ਤੇਰੀ ਚਾਦਰ, ਉਹ ਹੀ ਤੇਰਾ ਬਿਛਾਉਣਾ।

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤਾ ਕੂੜਾ ਨੇਹੁ॥

ਫ਼ਰੀਦ ਜੀ ਕਹਿੰਦੇ ਹਨ ਜਿੱਥੇ ਲੋਭ ਹੈ, ਉਥੇ ਪ੍ਰੇਮ ਕਿਥੇ ਹੋਵੇਗਾ? ਲੋਭ ਹੋਏਗਾ ਤਾਂ ਪ੍ਰੇਮ ਉਥੇ ਝੂਠਾ ਹੋਏਗਾ। ਟੁੱਟੇ ਛੱਪਰ ਦੇ ਹੇਠਾਂ ਮੀਂਹ ਵਿਚ ਤੂੰ ਆਖ਼ਰ ਕਿੰਨੇ ਦਿਨ ਗੁਜ਼ਾਰੇਂਗਾ?

ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥

ਇਹ ਬਚਨ ਬਹੁਤ ਵਿਗਿਆਨਿਕ ਹੈ। ਇਸ ਦਾ ਠੀਕ ਤਰ੍ਹਾਂ ਵਿਸ਼ਲੇਸ਼ਣ (ਅਨੇਲੈਸਿਸ) ਕਰੀਏ।

ਫ਼ਰੀਦ ਕਹਿੰਦੇ ਹਨ—ਜਿੱਥੇ ਲੋਭ ਹੈ, ਉਥੇ ਪ੍ਰੇਮ ਕਿੱਥੋਂ ਹੋਵੇਗਾ ? ਤੁਸੀਂ ਜੇਕਰ ਪਰਮਾਤਮਾ ਦੇ ਦੁਆਰ ਉੱਤੇ ਵੀ ਗਏ ਹੋ ਤਾਂ ਲੋਭ ਦੇ ਕਾਰਨ ਗਏ ਹੋ, ਹਾਲਾਂਕਿ ਤੁਸੀਂ ਪ੍ਰੇਮ ਦੇ ਗੀਤ ਗਾਉਂਦੇ ਗਏ ਹੋ। ਤੁਹਾਡੇ ਗੀਤ ਝੂਠੇ ਹੋ ਗਏ, ਕਿਉਂਕਿ ਜਿੱਥੇ ਲੋਭ ਹੈ, ਉੱਥੇ ਪ੍ਰੇਮ ਹੁੰਦਾ ਹੀ ਨਹੀਂ। ਤੁਸੀਂ ਜੇਕਰ ਪਤਨੀ ਨੂੰ, ਪਤੀ ਨੂੰ, ਪੁੱਤਰ ਨੂੰ, ਭਰਾ ਨੂੰ ਪ੍ਰੇਮ ਕੀਤਾ ਹੈ ਤਾਂ ਲੋਭ ਦੇ ਕਾਰਨ ਕੀਤਾ ਹੈ। ਕੋਈ ਇੱਛਾ ਹੈ। ਕੋਈ ਦੂਰ ਦੀ ਆਸ ਹੈ ਜੋ ਪੂਰੀ ਹੋਣ ਦੀ ਉਮੀਦ ਹੈ। ਕੋਈ ਮੰਗ ਹੈ। ਤੁਹਾਡੀ ਕੋਈ ਵਾਸਨਾ ਹੈ। ਤੁਸੀਂ ਕੁਝ ਪਾਉਣਾ ਚਾਹੁੰਦੇ ਹੋ। ਬੱਸ ਲੋਭ ਆਇਆ, ਪ੍ਰੇਮ ਅਸੰਭਵ ਹੋ ਗਿਆ। ਕਿਉਂਕਿ ਲੋਭ ਅਤੇ ਪ੍ਰੇਮ ਦੀ ਯਾਤ੍ਰਾ ਵਿਪਰੀਤ (ਉਲਟ) ਹੈ। ਲੋਭ ਮੰਗਦਾ ਹੈ, ਪ੍ਰੇਮ ਦਿੰਦਾ ਹੈ। ਲੋਭ ਖੋਂਹਦਾ ਹੈ, ਪ੍ਰੇਮ ਵੰਡਦਾ ਹੈ। ਲੋਭ ਕਬਜ਼ਾ ਕਰਦਾ ਹੈ, ਪ੍ਰੇਮ ਸਮਰਪਣ ਕਰਦਾ ਹੈ। ਲੋਭ ਮਾਲਕੀਅਤ ਚਾਹੁੰਦਾ ਹੈ—ਪ੍ਰੇਮ ਮਾਲਕੀਅਤ ਦਿੰਦਾ ਹੈ। ਲੋਭ ਝੁਕਾਉਂਦਾ ਹੈ, ਪ੍ਰੇਮ ਝੁਕਦਾ ਹੈ। ਲੋਭ ਦੂਜੇ ਨੂੰ ਤੋੜਦਾ ਹੈ, ਮਿਟਾਉਂਦਾ ਹੈ, ਪ੍ਰੇਮ ਦੂਜੇ ਨੂੰ ਬਣਾਉਂਦਾ ਹੈ, ਸੰਵਾਰਦਾ ਹੈ। ਲੋਭ ਆਪਣੇ ਲਈ ਦੂਜਿਆਂ ਨੂੰ ਮਿਟਾਉਣ ਲਈ ਤਿਆਰ ਹੁੰਦਾ ਹੈ, ਪ੍ਰੇਮ ਦੂਜੇ ਲਈ ਆਪਣੇ ਨੂੰ ਮਿਟਾਉਣ ਲਈ ਤਿਆਰ ਹੁੰਦਾ ਹੈ। ਉਨ੍ਹਾਂ ਦੋਹਾਂ ਦੀਆਂ ਯਾਤ੍ਰਾਵਾਂ ਬਹੁਤ ਭਿੰਨ ਹਨ। ਉਹ ਉਲਟ ਸੁਭਾਵ ਵਾਲੀਆਂ ਹਨ।

ਜਦ ਤਕ ਲੋਭ ਹੈ, ਫ਼ਰੀਦ ਕਹਿੰਦੇ ਹਨ, ਉੱਥੇ ਪ੍ਰੇਮ ਨਹੀਂ ਹੋ ਸਕੇਗਾ। ਪ੍ਰੇਮ ਦੀ ਸੰਭਾਵਨਾ ਹੀ ਤਦੋਂ ਹੈ ਜਦ ਲੋਭ ਡਿੱਗ ਜਾਏ। ਜਿਸ ਨੇ ਲੋਭ ਨੂੰ ਪਛਾਣ ਲਿਆ ਅਤੇ ਲੋਭ ਨੂੰ ਡਿਗਾ ਦਿੱਤਾ, ਉਸ ਦੇ ਜੀਵਨ ਵਿਚ ਪ੍ਰੇਮ ਦਾ ਪ੍ਰਕਾਸ਼ ਹੁੰਦਾ ਹੈ। ਪ੍ਰੇਮ ਲੋਭ ਦਾ ਅਭਾਵ ਹੈ। ਇਸ ਲਈ ਤੁਸੀਂ ਲੋਭੀ ਆਦਮੀ ਨੂੰ ਕਦੇ ਪ੍ਰੇਮ ਪੂਰਣ ਨਹੀਂ ਪਾਉਗੇ। ਕੰਜੂਸ ਨੂੰ ਕਦੇ ਪ੍ਰੇਮ ਪੂਰਣ ਨਹੀਂ ਪਾਉਗੇ ਜਿਸ ਦੀ ਧਨ ਉੱਤੇ ਪਕੜ ਹੈ, ਉਸ ਨੂੰ ਤੁਸੀਂ ਪ੍ਰੇਮ ਪੂਰਣ ਪਾਉਗੇ ? ਅਸੰਭਵ ! ਜਿਸ ਦੀ ਔਹ ਦੀ ਇੱਛਾ ਹੈ, ਉਸ ਨੂੰ ਤੁਸੀਂ ਪ੍ਰੇਮ ਪੂਰਣ ਪਾਉਗੇ ? ਕੋਈ ਉਪਾਇ ਨਹੀਂ, ਮਹੱਤਵਕਾਂਕਸ਼ੀ ਪ੍ਰੇਮ ਕਰ ਹੀ ਨਹੀਂ ਸਕਦਾ। ਉਹ ਕਹਿੰਦਾ ਹੈ, ਪਹਿਲਾਂ ਮਹੱਤਵਕਾਂਕਸ਼ਾ ਪੂਰੀ ਹੋ ਜਾਏ, ਫਿਰ ਦੇਖ ਲਵਾਂਗੇ, ਇਹ ਪ੍ਰੇਮ ਵਗੈਰਾ ਅਜੇ ਰੁਕ ਸਕਦਾ ਹੈ, ਅਜੇ ਕੋਈ ਕਾਹਲੀ ਨਹੀਂ ਹੈ। ਦੁਨੀਆਂ ਵਿਚ ਹੋਰ ਵੀ ਬਹੁਤ ਕੰਮ ਹਨ। ਇਹ ਪ੍ਰੇਮ ਤਾਂ ਅਜਿਹਾ ਹੈ, ਵੇਖ ਲਵਾਂਗੇ, ਨਿਪਟ ਲਵਾਂਗੇ ਅਖ਼ੀਰ ਵਿਚ। ਜ਼ਿਆਦਾ ਤੋਂ ਜ਼ਿਆਦਾ ਇਕ ਮਨੋਰੰਜਨ ਹੋਏਗਾ। ਲੇਕਿਨ ਬਹੁਤ ਉੱਚੀਆਂ ਇੱਛਾਵਾਂ ਹਨ, ਉਹ ਪਹਿਲਾਂ ਪੂਰੀਆਂ ਕਰਨੀਆਂ ਹਨ, ਉਹ ਪੂਰੀਆਂ ਹੋ ਜਾਣ, ਫਿਰ ਪ੍ਰੇਮ ਕਰ ਲਵਾਂਗੇ।

ਸਿਕੰਦਰ ਪ੍ਰੇਮ ਨਹੀਂ ਕਰ ਸਕਦਾ, ਪਹਿਲਾਂ ਦੁਨੀਆਂ ਜਿੱਤਣੀ ਹੈ, ਜਿੱਤ ਲਵੇਗਾ ਤਦ.....। ਨੈਪੋਲੀਅਨ ਪ੍ਰੇਮ ਨਹੀਂ ਕਰ ਸਕਦਾ, ਹਾਲਾਂਕਿ ਨੈਪੋਲੀਅਨ ਬਹੁਤ ਪ੍ਰੇਮ ਪਾਤੀਆਂ ਲਿਖਦਾ ਹੈ। ਉਸ ਨੇ ਬਹੁਤ ਸੋਹਣੇ ਪ੍ਰੇਮ-ਪੱਤਰ ਲਿਖੇ ਹਨ। ਉਸ ਨੇ ਆਪਣੀ ਪਤਨੀ ਜੋਸੇਫਾਇਨ ਨੂੰ ਜਿਸ ਤਰ੍ਹਾਂ ਦੇ ਪ੍ਰੇਮ-ਪੱਤਰ ਲਿਖੇ ਹਨ, ਸ਼ਾਇਦ ਹੀ ਕਿਸੇ ਪਤੀ ਨੇ ਕਦੇ ਲਿਖੇ ਹੋਣ। ਲੇਕਿਨ ਉਹ ਸਭ ਝੂਠੇ ਹਨ। ਜੋਸੇਫਾਇਨ ਉਨ੍ਹਾ ਦੇ ਧੋਖੇ ਵਿਚ ਨਹੀਂ ਆਈ। ਰੋਜ਼ ਯੁੱਧ ਦੇ ਮੈਦਾਨ 'ਚੋਂ ਭਾਵੇਂ ਅੱਧੀ ਰਾਤ ਨੂੰ ਵਕਤ ਮਿਲੇ, ਉਹ ਰੋਜ਼ ਖ਼ਤ ਲਿਖਦਾ ਹੈ ਜੋਸੇਫਾਇਨ ਨੂੰ। ਉਸ ਵਿਚ ਕਦੇ ਭੁੱਲ-ਚੁੱਕ ਨਹੀਂ ਹੁੰਦੀ, ਉਹ ਨੇਮ ਨਾਲ ਲਿਖਦਾ ਹੈ। ਰੋਜ਼ ਨਗਰ ਜਿੱਤਦਾ ਹੈ ਨਵੇਂ ਅਤੇ ਜੋਸੇਫਾਇਨ ਦੇ ਪੈਰਾਂ 'ਚ ਚੜ੍ਹਾ ਦਿੰਦਾ ਹੈ। ਖ਼ਤਾਂ ਵਿਚ ਲਿਖ ਦਿੰਦਾ, ਅੱਜ ਇਹ ਨਗਰ ਜਿੱਤਿਆ, ਤੇਰੇ ਪੈਰਾਂ ਵਿਚ ਸਮਰਪਿਤ। ਲੇਕਿਨ ਜੋਸੇਫਾਇਨ ਨੂੰ ਇਨ੍ਹਾਂ ਨਾਲ ਧੋਖਾ ਨਹੀਂ ਹੋਇਆ। ਉਹ ਕਿਸੇ ਹੋਰ ਦੇ ਪ੍ਰੇਮ ਵਿਚ ਪੈ ਗਈ—ਇਕ ਸਾਧਾਰਣ ਸਿਪਾਹੀ ਦੇ ਪ੍ਰੇਮ ਵਿਚ ਪੈ ਗਈ। ਜਦ ਨੈਪੋਲੀਅਨ ਵਾਪਸ ਪਰਤਿਆ ਤਾਂ ਉਸ ਨੂੰ ਭਰੋਸਾ ਨਾ ਆਇਆ ਕਿ ਜਿਸ ਇਸਤ੍ਰੀ ਲਈ ਮੈਂ ਸਾਰੀ ਦੁਨੀਆਂ ਜਿੱਤ ਕੇ ਉਸ ਦੇ ਚਰਨਾਂ 'ਚ ਚੜ੍ਹਾਉਣ ਦੀ ਕੋਸ਼ਿਸ਼ ਕੀਤੀ, ਉਹ ਕਿਸੇ ਸਾਧਾਰਣ ਸਿਪਾਹੀ ਨੂੰ ਪ੍ਰੇਮ ਕਰ ਸਕਦੀ ਹੈ! ਉਸ ਨੇ ਜੋਸੇਫਾਇਨ ਨੂੰ ਪੁੱਛਿਆ। ਜੋਸੇਫਾਇਨ ਨੇ ਕਿਹਾ, ਤੇਰੇ ਪ੍ਰੇਮ-ਪੱਤਰ ਤਾਂ ਸੁੰਦਰ ਹਨ—ਲੇਕਿਨ ਲੋਭੀ ਮਹੱਤਵਕਾਂਕਸ਼ੀ ਪ੍ਰੇਮ ਨਹੀਂ ਕਰ ਸਕਦਾ। ਉਹ ਸਭ ਗੱਲ-ਬਾਤ ਹੈ। ਮਜ਼ਾ ਤਾਂ ਤੈਨੂੰ ਨਗਰ ਜਿੱਤਣ ਦਾ ਸੀ, ਮੈਂ ਤਾਂ ਬਹਾਨਾ ਹਾਂ। ਮੈਂ ਨਾ ਵੀ ਹੁੰਦੀ ਤਾਂ ਵੀ ਤੂੰ ਨਗਰ ਜਿੱਤਦਾ। ਇਹ ਤਾਂ ਕਹਿਣ ਦਾ ਢੰਗ ਹੈ, ਇਕ ਸ਼ੈਲੀ ਹੈ—ਤੇਰੇ ਚਰਨਾਂ ਵਿਚ! ਜਿੱਤ ਤਾਂ ਤੂੰ ਰਿਹਾ ਹੈਂ। ਤੂੰ ਸੰਸਾਰ ਨੂੰ ਜਿੱਤਣ ਲਈ ਮੈਨੂੰ ਛੱਡ ਕੇ ਚਲਾ ਗਿਆ। ਤੂੰ ਮੈਨੂੰ ਪਾਉਣ ਲਈ ਸੰਸਾਰ ਨੂੰ ਛੱਡ ਕੇ ਨਹੀਂ ਆ ਸਕਿਆ। ਤੂੰ ਕਹਿੰਦਾ ਰਿਹਾ, ਆਵਾਂਗਾ, ਆਵਾਂਗਾ ਅਜੇ ਥੋੜ੍ਹੀ ਜਿੱਤ ਹੋਰ ਬਾਕੀ ਹੈ। ਇਹ ਇਕ ਦੇਸ਼ ਹੋਰ ਹੜੱਪ ਲਵਾਂ ਤਦ ਆਉਂਦਾ ਹਾਂ। ਲੇਕਿਨ ਜੇਕਰ ਤੂੰ ਮੈਨੂੰ ਪ੍ਰੇਮ ਕੀਤਾ ਹੁੰਦਾ ਤਾਂ ਤੂੰ ਕਹਿੰਦਾ ਸਾਰੀ ਦੁਨੀਆਂ ਵਿਅਰਥ ਹੈ, ਤੂੰ ਮੇਰੇ ਕੋਲ ਹੁੰਦਾ, ਤੂੰ ਮੈਨੂੰ ਪ੍ਰੇਮ ਦਿੱਤਾ ਹੁੰਦਾ।

ਲੋਭ ਪ੍ਰੇਮ ਕਰ ਹੀ ਨਹੀਂ ਸਕਦਾ। ਲੋਭ ਦਿਖਾਵਾ ਬਹੁਤ ਕਰਦਾ ਹੈ। ਪਤੀ ਹੀਰੇ-ਜਵਾਹਰਾਤ ਲੈ ਆਉਂਦਾ ਹੈ ਪਤਨੀ ਲਈ। ਉਹ ਕਹਿੰਦਾ ਹੈ, ਵੇਖ ਕਿੰਨਾ ਪ੍ਰੇਮ ਕਰਦਾ ਹਾਂ! ਇੰਨੇ ਹੀਰੇ-ਜਵਾਹਰਾਤ ਲਿਆਇਆ ਹਾਂ ਤੇਰੇ ਲਈ, ਹੋਰ ਪ੍ਰੇਮ ਕੀ ਹੈ?

ਲੇਕਿਨ ਹੀਰੇ-ਜਵਾਹਰਾਤ ਪੱਥਰ ਹਨ। ਹਿਰਦੇ ਦਾ ਇਕ ਕਣ ਵੀ ਸਾਰੇ ਹੀਰੇ-ਜਵਾਹਰਾਤਾਂ ਤੋਂ ਜ਼ਿਆਦਾ ਕੀਮਤੀ ਹੈ। ਉਸ ਦਾ ਤਾਂ ਪਤਨੀ ਨੂੰ ਕਿਤੇ ਪਤਾ ਨਹੀਂ ਚੱਲਦਾ। ਉਹ ਵੱਡੇ ਮਹਿਲ ਖੜੇ ਕਰ ਦਿੰਦਾ ਹੈ—ਪਰ ਉਸ ਨੂੰ ਪ੍ਰੇਮ ਦਾ ਕੋਈ ਪਤਾ ਨਹੀਂ ਚੱਲਦਾ.....।

ਇਹ ਮਹਿਲ, ਇਹ ਹੀਰੇ-ਜਵਾਹਰਾਤ, ਇਹ ਪਤਨੀ—ਇਹ ਸਭ ਮਹੱਤਵਕਾਂਕਸ਼ਾ ਦੀ ਦੌੜ ਹੈ। ਪਤਨੀ ਵੀ ਇਕ ਸਜਾਵਟ ਹੈ ਮਹਿਲ ਵਿਚ। ਪਤਨੀ ਨੂੰ ਕਹਿੰਦਾ ਹੈ ਮਹਿਲ ਤੇਰੇ ਲਈ ਬਣਾਇਆ ਹੈ, ਜੇਕਰ ਮਹਿਲ ਨਾਲ ਗੱਲਬਾਤ ਹੋ ਸਕਦੀ ਹੋਵੇ ਤਾਂ ਉਹ ਕਹਿੰਦਾ, ਪਤਨੀ ਤੇਰੇ ਲਈ ਲਿਆਇਆ ਹਾਂ। ਹੋਰ ਜੇਕਰ ਉਸ ਦੇ ਦਿਲ ਨੂੰ ਸਮਝੋ ਤਾਂ ਮਹਿਲ ਵੀ ਆਪਣੇ ਹੰਕਾਰ ਨੂੰ ਵਧਾਉਣ ਲਈ ਹੈ, ਪਤਨੀ ਵੀ ਆਪਣੇ ਹੰਕਾਰ ਨੂੰ ਵਧਾਉਣ ਲਈ ਹੈ। ਇਹ ਸਭ ਖੇਡ ਹੈ।

ਮਹੱਤਵਕਾਂਕਸ਼ੀ ਦਾ ਅਰਥ ਹੈ—ਹੰਕਾਰੀ, ਜੋ ਕਹਿੰਦਾ ਹੈ, ਮੈਂ ਬਹੁਤ ਵੱਡਾ ਹੋ ਜਾਵਾਂ, ਤਦ ਹੀ ਮੈਨੂੰ ਤ੍ਰਿਪਤੀ ਮਿਲ ਸਕਦੀ ਹੈ। ਪ੍ਰੇਮ ਦਾ ਅਰਥ ਹੈ! ਝੁਕਣ ਲਈ ਰਾਜ਼ੀ, ਮੈਂ ਇੰਨਾ ਨਿੱਕਾ ਹੋ ਜਾਵਾਂ ਕਿ ਮੇਰਾ ਪਤਾ ਹੀ ਨਾ ਚੱਲੇ। ਜਦ ਤੁਸੀਂ ਨਾ ਕੁਝ ਹੋ ਜਾਂਦੇ ਹੋ ਤਦ ਪ੍ਰੇਮ ਦੀ ਤੁਹਾਡੇ ਉੱਤੇ ਬਾਰਸ਼ ਹੁੰਦੀ ਹੈ। ਜਿੰਨੇ ਜ਼ਿਆਦਾ ਹੁੰਦੇ ਜਾਂਦੇ ਹੋ, ਘਣੇ ਹੁੰਦੇ ਜਾਂਦੇ ਹੋ, ਜਿੰਨਾ ਮਜ਼ਬੂਤ ਪੱਥਰ ਦੇ ਵਾਂਗ ਤੁਹਾਡਾ ਹੰਕਾਰ ਹੁੰਦਾ ਹੈ—ਮੀਂਹ ਤਾਂ ਤਦ ਵੀ ਪੈਂਦਾ ਰਹਿੰਦਾ ਹੈ, ਪਰ ਵਗ ਜਾਂਦਾ ਹੈ। ਤੁਸੀਂ ਸੁੱਕੇ ਦੇ ਸੁੱਕੇ ਰਹਿ ਜਾਂਦੇ ਹੋ।

ਫ਼ਰੀਦ ਕਹਿੰਦੇ ਹਨ—ਜਿੱਥੇ ਲੋਭ ਹੈ ਉਥੇ ਪ੍ਰੇਮ ਕਿੱਥੋਂ ਹੋਏਗਾ ? ਸਾਧਾਰਣ ਜੀਵਨ ਵਿਚ ਵੀ ਇਹ ਸੱਚ ਹੈ। ਅਤੇ ਧਾਰਮਿਕ ਜੀਵਨ ਵਿਚ ਤਾਂ ਹੋਰ ਗਹਿਰਾਈ ਨਾਲ ਸੱਚ ਹੈ। ਕਦੇ ਮੰਦਿਰ ਲੋਭ ਦੇ ਕਾਰਨ ਨਾ ਜਾਣਾ। ਜੇਕਰ ਲੋਭ ਲਈ ਹੀ ਜਾਣਾ ਤਾਂ ਬਾਜ਼ਾਰ ਜਾਣਾ, ਮੰਦਿਰ ਜਾਣ ਦੀ ਕੀ ਜ਼ਰੂਰਤ ਹੈ ? ਪਰ ਤੁਸੀਂ ਬਾਜ਼ਾਰ ਵਿਚ ਹੀ ਮੰਦਿਰ ਬਣਾ ਰੱਖੇ ਹਨ। ਤੁਹਾਡੇ ਮੰਦਿਰ ਤੁਹਾਡੇ ਬਾਜ਼ਾਰ ਦਾ ਹੀ ਫੈਲਾਓ ਹਨ। ਦੁਕਾਨ ਉੱਤੇ ਵੀ ਤੁਸੀਂ ਲੋਭ ਦੇ ਕਾਰਨ ਜਾਂਦੇ ਹੋ ਅਤੇ ਮੰਦਿਰ ਵੀ ਤੁਸੀਂ ਲੋਭ ਦੇ ਹੀ ਕਾਰਨ ਜਾਂਦੇ ਹੋ। ਸੋ ਮੰਦਿਰ ਤੁਹਾਡੀ ਦੁਕਾਨ ਦਾ ਹੀ ਇਕ ਹਿੱਸਾ ਹਨ। ਹੋਰ ਜੇਕਰ ਤੁਹਾਨੂੰ ਕਿਹਾ ਜਾਏ, ਚੁਣ ਲਓ, ਭੂਚਾਲ ਆ ਰਿਹਾ ਹੈ, ਦੁਕਾਨ ਬਚਾਉਗੇ ਕਿ ਮੰਦਿਰ ? ਤੁਸੀਂ ਕਹੋਗੇ ਕਿ ਦੁਕਾਨ ਬਚਾਵਾਂਗੇ। ਤੁਹਾਨੂੰ ਆਖਿਆ ਜਾਏ, ਚੁਣ ਲਓ ਦੋਹਾਂ ਵਿਚੋਂ ਇਕ ਤਾਂ ਤੁਸੀਂ ਕਹੋਗੇ, ਮੰਦਿਰ ਤਾਂ ਸਾਡੀ ਦੁਕਾਨ ਦਾ ਹੀ ਇਕ ਦਫ਼ਤਰ ਹੈ, ਇਕ ਦੁਕਾਨ

ਦਾ ਹਿੱਸਾ ਹੈ। ਉਹ ਸਾਡੇ ਬੈਂਕ ਦਾ ਹੀ ਇਕ ਇਕ ਕੋਣਾ ਹੈ—ਉਸ ਨੂੰ ਕੀ ਬਚਾਉਣ ਦਾ ਸਵਾਲ ਹੈ? ਬੈਂਕ ਨੂੰ ਹੀ ਤੁਸੀਂ ਬਚਾਉਗੇ।

ਤੁਹਾਡੇ ਘਰ 'ਚ ਅੱਗ ਲੱਗ ਜਾਏ ਤਾਂ ਤੁਸੀਂ ਸ਼ੰਕਰ ਜੀ ਦੀ ਪਿੰਡੀ ਨੂੰ ਬਚਾ ਕੇ ਬਾਹਰ ਭੱਜੋਗੇ ਕਿ ਤਿਜੋਰੀ ਨੂੰ ਬਚਾ ਕੇ ਬਾਹਰ ਭੱਜੋਗੇ? ਸ਼ੰਕਰ ਜੀ ਦੀ ਕੌਣ ਫ਼ਿਕਰ ਕਰੇਗਾ? ਦੂਜਾ ਬਾਜ਼ਾਰੋਂ ਖ਼ਰੀਦ ਲਵਾਂਗੇ ਅਤੇ ਪਿੰਡੀ ਹੀ ਹੈ, ਉਸ ਦਾ ਲੈਣਾ-ਦੇਣਾ ਕੀ ਹੈ? ਤਿਜੋਰੀ ਤੁਸੀਂ ਬਚਾਉਗੇ।

ਤੁਸੀਂ ਥੋੜ੍ਹਾ ਸੋਚਣਾ ਆਪਣੇ ਸੰਬੰਧ ਵਿਚ। ਜੇਕਰ ਤੁਹਾਨੂੰ ਲੱਗੇ ਕਿ ਮੰਦਿਰ ਤੁਹਾਡੇ ਲੋਭ ਦਾ ਹੀ ਵਿਸਤਾਰ ਹੈ ਤਾਂ ਮੰਦਿਰ ਨਾਲ ਹੁਣ ਤਕ ਤੁਹਾਡਾ ਕੋਈ ਸੰਬੰਧ ਹੀ ਨਹੀਂ ਹੋਇਆ, ਤੁਹਾਡੀ ਮੰਦਿਰ ਵਲ ਅੱਖ ਹੀ ਨਹੀਂ ਉੱਠੀ।

ਲੋਭ ਦਾ ਪ੍ਰੇਮ ਨਾਲ ਕੋਈ ਸੰਬੰਧ ਨਹੀਂ ਹੈ। ਜਿੱਥੇ ਲੋਭ ਨਹੀਂ ਹੈ, ਉੱਥੇ ਹੀ ਪ੍ਰੇਮ ਦਾ ਪ੍ਰਕਾਸ਼ ਹੈ। ਪ੍ਰੇਮ ਅਲੋਭੀ ਚਿੱਤ-ਦਸ਼ਾ ਹੈ। ਕੁਝ ਪਾਉਣ ਦੀ ਇੱਛਾ ਨਹੀਂ ਹੈ। ਜੋ ਮਿਲਿਆ ਹੈ ਉਸ ਦਾ ਅਹੋ-ਭਾਵ ਹੈ।

ਇਹ ਹੀ ਕਾਮ ਅਤੇ ਪ੍ਰੇਮ ਦਾ ਫ਼ਰਕ ਹੈ। ਕਾਮ ਵਿਚ ਲੋਭ ਹੈ। ਕਾਮ ਚਾਹੁੰਦਾ ਹੈ ਕੁਝ ਮਿਲ ਜਾਏ। ਵਾਸਨਾ ਹੈ। ਕਾਮ ਕਹਿੰਦਾ ਹੈ, ਅਜੇ ਜਿੰਨਾ ਹਾਂ ਓਨਾ ਕਾਫ਼ੀ ਨਹੀਂ ਹਾਂ, ਅਜੇ ਥੋੜ੍ਹਾ ਹੋਰ ਮਿਲਣਾ ਚਾਹੀਦਾ। ਪ੍ਰੇਮ ਕਹਿੰਦਾ ਹੈ ਜਿੰਨਾ ਹਾਂ ਜ਼ਰੂਰਤ ਤੋਂ ਜ਼ਿਆਦਾ ਹਾਂ, ਥੋੜ੍ਹਾ ਵੰਡਾਂ, ਥੋੜ੍ਹਾ ਹਲਕਾ ਹੋ ਜਾਵਾਂ। ਪ੍ਰੇਮ ਤਾਂ ਇਵੇਂ ਹੈ ਜਿਵੇਂ ਖਿੜਿਆ ਹੋਇਆ ਫੁੱਲ, ਸੁਗੰਧ ਨੂੰ ਬਿਖੇਰ ਦਿੰਦਾ ਹੈ, ਜਗਦਾ ਹੋਇਆ ਦੀਵਾ ਹੈ, ਰੌਸ਼ਨੀ ਨੂੰ ਬਿਖੇਰ ਦਿੰਦਾ ਹੈ—ਸਵੇਰੇ ਦਾ ਗੀਤ ਗਾਉਂਦਾ ਪੰਛੀ ਹੈ, ਵੰਡਦਾ ਹੈ, ਅਕਾਰਨ ਵੰਡਦਾ ਹੈ, ਕਿਉਂਕਿ ਕਾਰਨ ਆਇਆ ਕਿ ਲੋਭ ਆਇਆ।

ਤੁਸੀਂ ਕਦੇ ਮੰਦਿਰ ਗਏ ਹੋ?—ਅਕਾਰਨ, ਸਹਿਜ, ਆਨੰਦ ਭਾਵ ਨਾਲ, ਕੁਝ ਮੰਗਣ ਨਹੀਂ, ਸਿਰਫ਼ ਪਰਮਤਾਮਾ ਨੂੰ ਧੰਨਵਾਦ ਦੇਣ ਕਿ ਤੂੰ ਬਹੁਤ-ਬਹੁਤ ਪਾਤ੍ਰਤਾ (ਯੋਗਯਤਾ—ਅਧਿਕਾਰ) ਨਾਲੋਂ ਬਹੁਤ ਜ਼ਿਆਦਾ ਦਿੱਤਾ ਹੈ! ਕਦੇ ਐਵੇਂ ਵੀ ਗਏ ਹੋ ਮੰਦਿਰ ਵਿਚ ਚੁੱਪ-ਚਾਪ ਬੈਠਣ ਲਈ?—ਨਾ ਕੁਝ ਮੰਗਣ ਨੂੰ ਸੀ, ਨਾ ਕੁਝ ਕਹਿਣ ਨੂੰ ਸੀ। ਦੋ ਘੜੀਆਂ ਬਿਤਾਉਣ ਉਸ ਦੀ ਨੇੜਤਾ ਚਿ ਕੋਈ ਲੈਣ-ਦੇਣ ਦਾ ਸੰਬੰਧ ਨਹੀਂ। ਤਦ ਤੁਹਾਨੂੰ ਪਹਿਲੀ ਵਾਰੀ ਪ੍ਰਾਰਥਨਾ ਦਾ, ਪ੍ਰੇਮ ਦਾ ਥੋੜ੍ਹਾ ਜਿਹਾ ਸੁਆਦ ਅਨੁਭਵ ਵਿਚ ਆਏਗਾ ਅਤੇ ਤਦ ਤੁਹਾਨੂੰ ਕੋਈ ਫ਼ਰਕ ਨਹੀਂ ਪਏਗਾ—ਮਸਜਿਦ ਵਿਚ ਚਲੇ ਜਾਉਗੇ ਤਾਂ ਵੀ, ਮੰਦਿਰ ਗਏ ਤਾਂ ਵੀ, ਗੁਰਦੁਆਰੇ ਗਏ ਤਾਂ ਵੀ—ਕੋਈ ਫ਼ਰਕ ਨਹੀਂ ਪਏਗਾ।

ਤੁਸੀਂ ਮੰਦਿਰ ਹੀ ਜਾਂਦੇ ਹੋ, ਮਸਜਿਦ ਨਹੀਂ ਜਾਂਦੇ, ਕਿਉਂਕਿ ਉਹ ਵੀ ਲੋਭ ਦਾ ਹੀ ਹਿੱਸਾ ਹੈ। ਤੁਸੀਂ ਸੋਚਦੇ ਹੋ, ਹਿੰਦੂ ਹੋ, ਹਿੰਦੂ ਭਗਵਾਨ ਤੋਂ ਹੀ ਕੁਝ ਮਿਲ ਸਕਦਾ ਹੈ, ਇਹ ਮੁਸਲਮਾਨਾਂ ਦਾ ਅੱਲ੍ਹਾ ਹੈ, ਤੁਹਾਡੀ ਕੀ ਖ਼ਾਕ ਫ਼ਿਕਰ ਕਰੇਗਾ! ਤੁਹਾਡੇ ਲਈ ਉਹ ਦਰਵਾਜ਼ਾ ਬੰਦ ਹੈ। ਤੁਸੀਂ ਜੈਨ ਹੋ ਤਾਂ ਤੁਸੀਂ ਹਿੰਦੂ ਮੰਦਿਰ 'ਚ ਜਾਣਾ ਨਹੀਂ ਚਾਹੋਗੇ। ਕੀ ਫ਼ਾਇਦਾ ਹੈ! ਆਪਣੇ ਭਗਵਾਨ ਦੇ ਕੋਲ ਜਾਓ। ਜਿਸ ਨਾਲ ਰਿਸ਼ਤਾ-ਨਾਤਾ ਹੈ, ਉਸ ਕੋਲੋਂ ਕੁਝ ਮਿਲਣ ਦੀ ਉਮੀਦ ਹੈ। ਲੋਭ ਦੇ ਕਾਰਨ ਹੀ ਤੁਹਾਡੇ ਮੰਦਿਰਾਂ ਦੇ ਵਿਭਾਜਨ (ਹਿੱਸੇ-ਵੰਡ) ਹਨ। ਆਪਣੇ ਦੇ ਕੋਲ ਜਾਓ, ਪਰਾਏ ਤੋਂ ਕੀ ਮਿਲੇਗਾ? ਉਵੇਂ ਹੀ ਜਿਵੇਂ ਬੱਚਾ ਭੁਪੱਖਾ ਹੋਵੇ ਤਾਂ ਆਪਣੀ ਮਾਂ ਦੇ ਕੋਲ ਭੱਜੇਗਾ ਹਰ ਕਿਸੇ ਦੀ ਮਾਂ ਦੇ ਕੋਲ ਥੋੜ੍ਹੇ ਹੀ ਭੱਜ ਕੇ ਜਾਏਗਾ, ਕਿਉਂਕਿ ਬੱਚਾ ਵੀ ਜਾਣਦਾ ਹੈ ਕਿ ਆਪਣੀ ਮਾਂ ਦੇ ਕੋਲ ਜਾਏਗਾ ਤਾਂ ਦੁੱਧ ਮਿਲੇਗਾ, ਦੂਜੇ ਦੀ ਮਾਂ ਦੇ ਕੋਲ ਜਾਏਗਾ ਤਾਂ ਦੁਤਕਾਰਿਆ ਜਾਏਗਾ। ਬੱਚਾ ਵੀ ਲੋਭ ਦੇ ਕਾਰਨ ਮਾਂ ਕੇ ਦੇ ਕੋਲ ਜਾ ਰਿਹਾ ਹੈ।

ਤੁਸੀਂ ਹਿੰਦੂ ਹੋ ਤਾਂ ਮੰਦਿਰ ਜਾਂਦੇ ਹੋ, ਮੁਸਲਮਾਨ ਹੋ ਤਾਂ ਮਸਜਿਦ ਜਾਂਦੇ ਹੋ—ਪਰ ਲੋਭ ਦੇ ਕਾਰਨ ਇਹ ਭੇਦ ਹਨ। ਜੇਕਰ ਤੁਸੀਂ ਸਿਰਫ਼ ਪਰਮਾਤਮਾ ਦੇ ਕੋਲ ਹੋਣ ਗਏ ਹੋ, ਕੁਝ ਮੰਗਣ ਨਹੀਂ, ਸਿਰਫ਼ ਧੰਨਵਾਦ ਦੇਣ ਗਏ ਹੋ—ਤਾਂ ਕੀ ਫ਼ਰਕ ਪੈਂਦਾ ਹੈ ਹਿੰਦੂ ਦਾ ਪਰਮਾਤਮਾ ਕਿ ਮੁਸਲਮਾਨ ਦਾ ਪਰਮਾਤਮਾ? ਤਦ ਪਰਮਾਤਮਾ ਇਕ ਹੈ।

ਪ੍ਰੇਮ ਲਈ ਪਰਮਾਤਮਾ ਇਕ ਹੈ, ਲੋਭ ਲਈ ਪਰਮਾਤਮਾ ਅਨੇਕ ਹਨ। ਕਿਉਂਕਿ ਲੋਭ ਨੂੰ ਤਾਂ ਹਿਸਾਬ ਲਗਾਉਣਾ ਹੈ, ਕਿਸ ਕੋਲੋਂ ਮਿਲ ਸਕੇਗਾ—ਸੋ ਨਾਤੇ ਰਿਸ਼ਤੇਦਾਰੀ ਜੋੜਨੀ ਹੈ। ਪ੍ਰੇਮ ਨੂੰ ਕੁਝ ਮਤਲਬ ਨਹੀਂ ਹੈ, ਧੰਨਵਾਦ ਦੇਣਾ ਹੈ—ਕਿਤਿਓਂ ਦੇ ਦਿਆਂਗੇ।

ਬਹੁਤ ਅਜੀਬ ਮਨੋਦਿਸ਼ਾਵਾਂ ਹਨ, ਉਨ੍ਹਾਂ ਦਾ ਸਾਨੂੰ ਪਤਾ ਵੀ ਨਹੀਂ ਹੁੰਦਾ।

ਇਕ ਮੁਸਲਮਾਨ ਮਿੱਤਰ ਮੈਨੂੰ ਮਿਲਣ ਆਉਂਦੇ ਸੀ। ਦੂਜਿਆਂ ਨੂੰ ਨਮਸਕਾਰ ਕਰਦੇ ਵੇਖਦੇ ਤਾਂ ਉਹ ਵੀ ਨਮਸਕਾਰ ਕਰਦੇ। ਲੇਕਿਨ ਮੈਂ ਥੋੜ੍ਹਾ ਹੈਰਾਨ ਹੋਇਆ ਕਿ ਮੈਨੂੰ ਸਦਾ ਅਜਿਹਾ ਲੱਗਦਾ ਕਿ ਉਹ ਨਮਸਕਾਰ ਮੇਰੇ ਵੱਲ ਨਹੀਂ ਕਰ ਰਹੇ ਹਨ। ਉਨ੍ਹਾਂ ਦਾ ਰੁਖ ਠੀਕ ਮੇਰੇ ਵੱਲ ਨਹੀਂ ਹੁੰਦਾ। ਤਾਂ ਮੈਂ ਉਨ੍ਹਾਂ ਨੂੰ ਇਕ ਦਿਨ ਪੁੱਛਿਆ ਕਿ ਤੁਸੀਂ ਝੁਕਦੇ ਤਾਂ ਜ਼ਰੂਰ ਹੋ, ਸਿਰ ਵੀ ਝੁਕਾਉਂਦੇ ਹੋ, ਲੇਕਿਨ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਮੇਰੀ ਵੱਲ ਨਹੀਂ ਝੁਕਦਾ ਸਿਰ, ਕੁਝ ਦਿਸ਼ਾ ਵੱਖਰੀ ਹੀ ਹੁੰਦੀ ਹੈ। ਉਨ੍ਹਾਂ ਨੇ ਕਿਹਾ—ਮੈਂ ਮੁਲਸਮਾਨ ਹਾਂ, ਕਾਬੇ ਵੱਲ ਸਿਰ ਝੁਕਾਉਂਦਾ ਹਾਂ।

ਉਹ ਮੇਰੇ ਕੋਲ ਵੀ ਆਏ ਹਨ, ਪਰ ਫਿਰ ਵੀ ਮੇਰੇ ਕੋਲ ਨਹੀਂ ਆ ਸਕਦੇ। ਜੇਕਰ ਮੈਂ ਵੀ ਕਾਬੇ ਦੀ ਦਿਸ਼ਾ ਵਿਚ ਪੈ ਜਾਵਾਂ ਤਾਂ ਮਜਬੂਰੀ—ਤਾਂ ਉਨ੍ਹਾਂ ਦਾ ਸਿਰ ਝੁਕ ਸਕਦਾ ਹੈ। ਜੇਕਰ ਮੈਂ ਕਾਬੇ ਦੀ ਦਿਸ਼ਾ ਵੱਲ ਨਹੀਂ ਪੈ ਰਿਹਾ ਤਾਂ ਕਠਿਨਾਈ ਹੈ। ਉਹ ਤਾਂ ਸਿਰਫ਼ ਕਾਬੇ ਵੱਲ ਝੁਕ ਸਕਦੇ ਹਨ।

ਲੋਭ ਦੇ ਕਾਰਨ ਪਰਮਾਤਮਾ ਦੀ ਵੀ ਦਿਸ਼ਾ ਹੋ ਜਾਂਦੀ ਹੈ, ਸੀਮਾ ਹੋ ਜਾਂਦੀ ਹੈ, ਰੰਗ, ਢੰਗ, ਰੂਪ, ਆਕਾਰ ਹੋ ਜਾਂਦਾ ਹੈ, ਨਾਮ, ਵਿਸ਼ੇਸ਼ਣ ਹੋ ਜਾਂਦਾ ਹੈ, ਪਤਾ ਠਿਕਾਣਾ ਹੋ ਜਾਂਦਾ ਹੈ।

ਪ੍ਰੇਮ ਲਈ ਕੋਈ ਸੀਮਾ ਨਹੀਂ ਹੈ। ਪ੍ਰੇਮ ਝੁਕਣਾ ਜਾਣਦਾ ਹੈ, ਦਿਸ਼ਾ ਨਹੀਂ ਜਾਣਦਾ। ਪ੍ਰਾਰਥਨਾ ਧੰਨਵਾਦ ਜਾਣਦੀ ਹੈ, ਰੂਪ-ਆਕਾਰ ਨਹੀਂ ਜਾਣਦੀ ਹੈ, ਨਿਰਾਕਾਰ ਜਾਣਦੀ ਹੈ।

ਫ਼ਰੀਦ ਕਹਿੰਦੇ ਹਨ—ਜਿੱਥੇ ਲੋਭ ਹੈ ਉੱਥੇ ਪ੍ਰੇਮ ਕਿੱਥੇ ? ਲੋਭ ਹੋਏਗਾ ਤਾਂ ਪ੍ਰੇਮ ਉੱਥੇ ਝੂਠਾ ਹੋਏਗਾ। ਦੋ ਵਿਚੋਂ ਇਕ ਹੀ ਸੱਚਾ ਹੋ ਸਕਦਾ ਹੈ, ਦੋਵੇਂ ਇਕੱਠੇ ਸੱਚ ਨਹੀਂ ਹੋ ਸਕਦੇ।

ਟੁੱਟੇ ਛੱਪਰ ਦੇ ਹੇਠਾਂ ਮੀਂਹ ਵਿਚ ਤੂੰ ਆਖ਼ਰ ਕਿੰਨੇ ਦਿਨ ਗੁਜ਼ਾਰੇਂਗਾ ? ਅਤੇ ਇਹ ਲੋਭ ਦੇ ਛੱਪਰ ਦੇ ਹੇਠਾਂ ਬੈਠਾ ਹੈ ਅਤੇ ਰੋ ਰਿਹਾ ਹੈ ਤੇ ਪ੍ਰੇਸ਼ਾਨ ਹੋ ਰਿਹਾ ਹੈ। ਟੁੱਟੇ ਛੱਪਰ ਦੇ ਹੇਠਾਂ ਮੀਂਹ ਵਿਚ ਆਖ਼ਰ ਤੂੰ ਕਿੰਨੇ ਦਿਨ ਲੰਘਾਏਂਗਾ ? ਹੁਣ ਜਾਗ। ਹੁਣ ਛੱਪਰ ਨੂੰ ਠੀਕ ਹੀ ਕਰ ਲੈ। ਇਹ ਲੋਭ ਦੇ ਛੇਦ ਸਮਾਪਤ ਕਰ। ਹੁਣ ਪ੍ਰੇਮ ਦੇ ਛੱਪਰ ਹੇਠਾਂ ਹੋ ਜਾ। ਪ੍ਰੇਮ ਦਾ ਛੱਪਰ ਹੀ ਛੱਪਰ ਹੈ, ਉਹ ਹੀ ਸ਼ਰਨ ਹੈ। ਉਸ ਦੇ ਹੇਠਾਂ ਹੀ ਛਾਂ ਹੈ ਅਤੇ ਸੁਰੱਖਿਆ ਹੈ।

ਇਸ ਨੂੰ ਥੋੜ੍ਹਾ ਸਮਝੋ। ਜਦ ਵੀ ਤੁਹਾਡੇ ਜੀਵਨ ਵਿਚ ਪ੍ਰੇਮ ਹੁੰਦਾ ਹੈ, ਇਕ ਸੁਰੱਖਿਆ ਦਾ ਭਾਵ ਹੁੰਦਾ ਹੈ। ਜਦ ਵੀ ਤੁਹਾਡੇ ਜੀਵਨ ਵਿਚ ਪ੍ਰੇਮ ਨਹੀਂ ਹੁੰਦਾ, ਇਕ ਅਸੁਰੱਖਿਆ ਦੀ ਬੇਚੈਨੀ ਹੁੰਦੀ ਹੈ। ਇਨਸਿਕਿਉਰਿਟੀ, ਅਸੁਰੱਖਿਆ ਦਾ ਅਨੁਭਵ ਹੀ ਤਦ ਹੁੰਦਾ ਹੈ ਜਦ ਤੁਸੀਂ ਪ੍ਰੇਮ ਵਿਚ ਨਹੀਂ ਹੁੰਦੇ। ਜਦ ਤੁਸੀਂ ਪ੍ਰੇਮ ਵਿਚ ਹੁੰਦੇ ਹੋ, ਤਦ ਜਿਵੇਂ ਪਰਮਾਤਮਾ ਦਾ ਹੱਥ ਤੁਹਾਡੇ ਉੱਪਰ ਹੁੰਦਾ ਹੈ। ਸਾਧਾਰਣ ਜੀਵਨ ਦਾ ਪ੍ਰੇਮ ਵੀ ਇਕ ਇਸਤ੍ਰੀ ਦਾ ਪ੍ਰੇਮ, ਇਕ ਪੁਰਸ਼ ਦਾ ਪ੍ਰੇਮ, ਇਮ ਮਿੱਤਰ ਦਾ ਪ੍ਰੇਮ—ਉਹ ਵੀ ਤੁਹਾਨੂੰ ਹਿਫ਼ਾਜ਼ਤੀ ਕਰ ਦਿੰਦਾ ਹੈ। ਪ੍ਰੇਮ ਇੰਨਾ ਵੱਡਾ ਵਰਦਾਨ ਹੈ ਕਿ ਉਸ ਦੇ ਹੇਠਾਂ ਤੁਸੀਂ ਪਾਉਂਦੇ ਹੋ ਕਿ ਹੁਣ ਕੋਈ ਮੌਤ ਨਹੀਂ ਹੈ। ਤੁਸੀਂ ਮਰਨ ਲਈ ਵੀ ਰਾਜ਼ੀ ਹੋ ਸਕਦੇ ਹੋ—ਜਾਣਦੇ ਹੋਏ ਕਿ ਹੁਣ ਕੋਈ ਮੌਤ ਨਹੀਂ ਹੈ। ਤੁਸੀਂ ਖ਼ਤਰੇ ਵਿਚ ਜਾ ਸਕਦੇ ਹੋ, ਅੱਗ ਵਿਚ ਉੱਤਰ ਸਕਦੇ ਹੋ—ਜਾਣਦੇ ਹੋਏ ਕਿ ਹੁਣ ਤੁਹਾਨੂੰ ਕੋਈ ਸਾੜ ਨਹੀਂ ਸਕਦਾ। ਪ੍ਰੇਮ ਤੁਹਾਨੂੰ

ਅੰਮ੍ਰਿਤ ਦਾ ਬੋਧ ਦਿੰਦਾ ਹੈ। ਉਹ ਸੁਰੱਖਿਆ ਹੈ। ਹੋਰ ਜਿਸ ਆਦਮੀ ਦੇ ਜੀਵਨ ਵਿਚ ਪ੍ਰੇਮ ਨਹੀਂ ਹੋਏਗਾ, ਉਹ ਸਦਾ ਸੁਰੱਖਿਆ-ਰਹਿਤ ਅਤੇ ਘਬਰਾਇਆ ਹੋਇਆ ਅਤੇ ਡਰਿਆ ਹੋਇਆ, ਬੇਚੈਨ ਤੇ ਸਦਾ ਭੈ-ਭੀਤ! ਉਸ ਨੂੰ ਸਭ ਪਾਸੇ ਖ਼ਤਰਾ ਹੈ, ਕਿਉਂਕਿ ਉਸ ਨੂੰ ਸਿਵਾਇ ਮੌਤ ਦੇ ਹੋਰ ਕੁਝ ਵੀ ਵਿਖਾਈ ਨਹੀਂ ਦਿੰਦਾ, ਅੰਮ੍ਰਿਤ ਦੀ ਕਿਤੇ ਕੋਈ ਕਿਰਣ ਵਿਖਾਈ ਨਹੀਂ ਪੈਂਦੀ।

ਟੁੱਟੇ ਹੋਏ ਛੱਪਰ ਦੇ ਹੇਠਾਂ ਮੀਂਹ ਵਿਚ ਤੂੰ ਆਖ਼ਰ ਕਿੰਨੇ ਦਿਨ ਲੰਘਾਏਂਗਾ?

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਫ਼ਰੀਦ ਕਹਿੰਦੇ ਹਨ, ਡਾਲ੍ਹੀਆਂ ਅਤੇ ਕੰਡਿਆਂ ਨੂੰ ਭੰਨਦਾ ਹੋਇਆ ਤੂੰ ਇਕ ਜੰਗਲ ਤੋਂ ਦੂਜੇ ਜੰਗਲ ਵਿਚ ਭਟਕਦਾ ਫਿਰਦਾ ਹੈਂ। ਰੱਬ ਤਾਂ ਤੇਰੇ ਦਿਲ ਵਿਚ ਵੱਸ ਰਿਹਾ ਹੈ। ਪਰਮਾਤਮਾ ਤਾਂ ਤੇਰੇ ਅੰਦਰ ਹੈ। ਫਿਰ ਜੰਗਲ ਵਿਚ ਉਸ ਨੂੰ ਕਿਉਂ ਲੱਭ ਰਿਹਾ ਹੈਂ?

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

ਜਿਸ ਨੂੰ ਤੂੰ ਲੱਭ ਰਿਹਾ ਹੈਂ ਉਹ ਤੇਰੇ ਅੰਦਰ ਹੈ। ਸ਼ਾਖ਼ਾਵਾਂ ਨੂੰ ਵੱਢਦਾ ਹੈਂ, ਕੰਡਿਆਂ ਵਿਚ ਭਟਕਦਾ ਹੈਂ, ਟਿੱਬੇ-ਟੋਇਆਂ ਵਿਚ ਭਟਕਦਾ ਹੈਂ, ਦੁੱਖ ਉਠਾਉਂਦਾ ਹੈਂ ਗ਼ਲਤ ਥਾਂ ਲੱਭ ਰਿਹਾ ਹੈਂ।

ਲੋਭ ਭਟਕਾਉਂਦਾ ਹੈ, ਪ੍ਰੇਮ ਪਹੁੰਚਾਉਂਦਾ ਹੈ। ਲੋਭ ਭਟਕਾਉਂਦਾ ਹੈ, ਕਿਉਂਕਿ ਲੋਭ ਦੂਜੇ ਉੱਤੇ ਨਜ਼ਰ ਹੈ। ਲੋਭ ਦੂਰ ਦਾ ਸੁਫ਼ਲਾ ਹੈ, ਮ੍ਰਿਗਤ੍ਰਿਸ਼ਨਾ ਹੈ। ਦੂਰ ਵਿਖਾਈ ਪੈਂਦੀ ਹੈ ਮੰਜ਼ਿਲ। ਲੋਭ ਭਟਕਾਉਂਦਾ ਹੈ, ਪ੍ਰੇਮ ਪਹੁਜ਼ਚਾਉਂਦਾ ਹੈ। ਕਿਉਂਕਿ ਪ੍ਰੇਮ ਅੱਖ ਬੰਦ ਹੋ ਜਾਦਾ ਹੈ। ਪ੍ਰੇਮ ਵਿਚ ਆਦਮੀ ਆਪਣੇ ਅੰਦਰ ਡੁੱਬ ਜਾਂਦਾ ਹੈ। ਜਦ ਦੋ ਪ੍ਰੇਮੀ ਗਹਿਰਾਈ ਵਿਚ ਮਿਲਦੇ ਹਨ ਤਾਂ ਇਕ ਦੂਜੇ ਵਿਚ ਥੋੜ੍ਹੇ ਹੀ ਡੁਬਦੇ ਹਨ, ਉਹ ਤਾਂ ਆਪਣੇ-ਆਪਣੇ ਵਿਚ ਡੁੱਬ ਜਾਂਦੇ ਹਨ। ਇਸੇ ਨੂੰ ਉਹ ਇਕ ਦੂਜੇ ਵਿਚ ਡੁੱਬਣਾ ਕਹਿੰਦੇ ਹਨ। ਦੋ ਪ੍ਰੇਮੀ ਜਦ ਕੋਲ-ਕੋਲ ਹੁੰਦੇ ਹਨ, ਤਾਂ ਇਕ ਦੂਜੇ ਦੇ ਕਾਰਨ ਇੰਨੇ ਸੁਰੱਖਿਅਤ ਹੋ ਜਾਂਦੇ ਹਨ, ਇਕ ਦੂਜੇ ਉੱਤੇ ਛਾਂ ਬਣ ਜਾਂਦੇ ਹਨ, ਇਕ ਦੂਜੇ ਨੂੰ ਢੱਕ ਲੈਂਦੇ ਹਨ—ਆਪਣੇ ਅਹੋਭਾਵ—ਆਨੰਦਭਾਵ ਵਿਚ, ਇਕ ਦੂਜੇ ਦੀ ਮੰਗਲਕਾਮਨਾ ਵਿਚ ਭਰੇ ਹੋਏ, ਉਨ੍ਹਾਂ ਲਈ ਮੌਤ ਵਿਸਰਜਿਤ (ਮੁੱਕ ਜਾਣਾ) ਹੋ ਜਾਂਦੀ ਹੈ। ਉਸ ਸ਼ਾਂਤ ਮੌਨ ਛਣ ਵਿਚ ਆਪਣੇ-ਆਪਣੇ ਵਿਚ ਡੁੱਬ ਜਾਂਦੇ ਹਨ।

ਪ੍ਰੇਮ ਅੰਦਰ ਜੋ ਲੁਕਿਆ ਹੈ ਉਸ ਦਾ ਅਨੁਭਵ ਦਿੰਦਾ ਹੈ। ਲੋਭ ਬਾਹਰ ਦੁੜਾਉਂਦਾ ਹੈ, ਲੋਭ ਦੌੜ ਹੈ। ਪ੍ਰੇਮ ਵਿਸ਼ਰਾਮ ਹੈ।

ਡਾਲ੍ਹੀਆਂ ਅਤੇ ਕੰਡਿਆਂ ਨੂੰ ਭੰਨਦਾ ਹੋਇਆ ਫ਼ਰੀਦ ਤੂੰ ਇਕ ਜੰਗਲ ਤੋਂ ਦੂਜੇ ਜੰਗਲ ਵਿਚ ਕਿਉਂ ਭਟਕਦਾ ਫਿਰਦਾ ਹੈ? ਰੱਬ ਤਾਂ ਤੇਰੇ ਹਿਰਦੇ ਵਿਚ ਵੱਸ ਰਿਹਾ ਹੈ, ਫਿਰ ਜੰਗਲ ਵਿਚ ਉਸ ਨੂੰ ਕਿਉਂ ਲੱਭ ਰਿਹਾ ਹੈਂ?

ਅਤੇ ਕਿੰਨਿਆਂ ਦਿਨਾਂ ਤੋਂ ਢੂੰਡ ਰਹੇ ਹੋ ਤੁਸੀਂ! ਇਹ ਕੋਈ ਕਥਾ ਨਵੀਂ ਹੈ? ਕਿੰਨਿਆਂ ਜਨਮਾਂ ਤੋਂ ਭਟਕ ਰਹੇ ਹੋ! ਕਿੰਨੇ ਕੰਡੇ ਚੁਭ ਗਏ ਹਨ। ਜ਼ਖ਼ਮ ਹੀ ਜ਼ਖ਼ਮ ਹੋ ਗਏ। ਤਨ-ਪ੍ਰਾਦ ਸਭ ਚੀਥੜਿਆਂ ਵਰਗੇ ਹੋ ਗਏ ਹਨ। ਲੇਕਿਨ ਤੁਸੀਂ ਪਾਗ਼ਲਾਂ ਦੇ ਵਾਂਗ ਭਟਕਦੇ ਹੋ। ਇਕ ਜੰਗਲ ਵਿਚ ਨਹੀਂ ਪਾਉਂਦੇ ਤਾਂ ਦੂਜੇ ਜੰਗਲ ਵਿਚ ਭਟਕਦੇ ਹੋ। ਦੂਜੇ ਜੰਗਲ ਵਿਚ ਨਹੀਂ ਪਾਉਂਦੇ ਤਾਂ ਤੀਜੇ ਜੰਗਲ ਵਿਚ ਭਟਕਦੇ ਹੋ। ਇਕ ਲੋਭ ਵਿਚ ਨਹੀਂ ਮਿਲਦਾ ਤਾਂ ਦੂਜਾ ਲੋਭ। ਇਕ ਅਹੁਦੇ 'ਤੇ ਨਹੀਂ ਮਿਲਦਾ ਤਾਂ ਦੂਜੇ ਅਹੁਦੇ ਦੀ ਇੱਛਾ। ਇਥੇ ਨਹੀਂ ਮਿਲਦਾ ਤਾਂ ਉਥੇ। ਭੱਜ ਰਹੇ ਹੋ! ਅਤੇ ਇਕ ਥਾਂ ਅਜਿਹੀ ਜਿਥੇ ਤੁਸੀਂ ਕਦੇ ਨਹੀਂ ਲੱਭਿਆ, ਕਿ ਤੁਸੀਂ ਬੈਠ ਗਏ ਹੁੰਦੇ, ਅੱਖਾਂ ਬੰਦ ਕੀਤੀਆਂ ਹੁੰਦੀਆਂ, ਥਿਰ ਹੋਏ ਹੁੰਦੇ; ਜੀਵਨ ਦੀ ਚੇਤਨਾ ਨੂੰ ਸ਼ਾਂਤ ਵਿਸ਼ਰਾਮ ਵਿਚ ਉਤਾਰਿਆ ਹੁੰਦਾ ਅਤੇ ਆਪਣੇ ਅੰਦਰ ਝਾਕਿਆ ਹੁੰਦਾ।

ਲੱਭਣ ਵਾਲੇ 'ਚ ਲੁਕਿਆ ਹੈ ਉਹ, ਜਿਸ ਦੀ ਖੋਜ ਚੱਲ ਰਹੀ ਹੈ। ਇਸ ਲਈ ਬਾਹਰ ਤੁਸੀਂ ਉਸ ਨੂੰ ਨਹੀਂ ਪਾ ਸਕੋਗੇ।

ਫ਼ਰੀਦ ਕਹਿੰਦੇ ਹਨ, ਇਨ੍ਹਾਂ ਪਤਲੀਆਂ ਜੰਘਾਂ ਅਤੇ ਪਿੰਡਲੀਆਂ ਨਾਲ ਮੈਂ ਕਿੰਨੇ ਹੀ ਮੈਦਾਨਾਂ ਅਤੇ ਪਹਾੜਾਂ ਨੂੰ ਪਾਰ ਕੀਤਾ, ਲੇਕਿਨ ਅੱਜ ਫ਼ਰੀਦ ਲਈ ਆਪਣਾ ਕੂੰਜਾ ਚੁੱਕਣਾ ਵੀ ਸੈਂਕੜੇ ਮੀਲਾਂ ਦੀ ਮੰਜ਼ਿਲ ਤੈਅ ਕਰਨਾ ਹੋ ਗਿਆ ਹੈ।

ਫ਼ਰੀਦ ਕਹਿੰਦਾ ਹੈ, ਇਨ੍ਹਾਂ ਪਤਲੀਆਂ ਜੰਘਾਂ ਅਤੇ ਪਿੰਡਲੀਆਂ ਨੂੰ ਵੇਖਦਾ ਹਾਂ ਤਾਂ ਭਰੋਸਾ ਨਹੀਂ ਆਉਂਦਾ ਕਿ ਮੈਂ ਕਿੰਨੇ ਜੰਗਲ-ਪਹਾੜ ਪਾਰ ਕੀਤੇ। ਆਪਣੇ ਵੱਲ ਵੇਖਦਾ ਹਾਂ ਤਾਂ ਭਰੋਸਾ ਨਹੀਂ ਆਉਂਦਾ, ਕਿ ਕਿੰਨੇ ਜਨਮਾਂ ਤੋਂ ਯਾਤ੍ਰਾ ਚੱਲ ਰਹੀ ਹੈ। ਇੰਨਾ ਕਮਜ਼ੋਰ ਹਾਂ, ਇੰਨੀ ਲੰਮੀ ਯਾਤ੍ਰਾ ਚੱਲ ਰਹੀ ਹੈ, ਫਿਰ ਵੀ ਥੱਕਿਆ ਨਹੀਂ ਮਾਲੂਮ ਹੁੰਦਾ। ਫਿਰ ਵੀ ਜਾਗਿਆ ਨਹੀਂ।

ਤੁਸੀਂ ਜੇਕਰ ਆ-ਣੇ ਵੱਲ ਵੇਖੋਗੇ ਤਾਂ ਤੁਹਾਨੂੰ ਹਿੰਦੂਆਂ ਦੀ ਇਸ ਧਾਰਣਾ ਉੱਤੇ ਵਿਸ਼ਵਾਸ ਹੀ ਨਹੀਂ ਆਇਗਾ ਕਿ ਅਨੰਤ ਜਨਮ ਹੋਏ ਹਨ। ਤੁਸੀਂ ਕਹੋਗੇ, ਕਦੋਂ ਦੇ ਥੱਕ ਗਏ ਹੁੰਦੇ, ਕਦੋਂ ਦੇ ਡਿੱਗ ਪਏ ਹੁੰਦੇ; ਕਦੋਂ ਦਾ ਹੋਸ਼ ਆ ਗਿਆ ਹੁੰਦਾ। ਨਹੀਂ ਆਇਆ ਹੈ।

ਵਾਸਨਾ ਦੁਸ਼ਪੂਰ (ਜੋ ਸਹਿਜੇ ਪੂਰਾ ਨਾ ਹੋ ਸਕੇ) ਹੈ। ਵਾਸਨਾ ਦੀ ਕਲਾ ਇਹ ਹੀ ਹੈ, ਉਸ ਦਾ ਜਾਦੂ ਇਹ ਹੀ ਹੈ ਕਿ ਇਕ ਵਾਸਨਾ ਛਹਿੰਦੀ ਨਹੀਂ ਕਿ ਦੂਜੀ ਵਾਸਨਾ ਸ਼ੁਰੂ ਹੋ ਜਾਂਦੀ ਹੈ। ਇਕ ਵਾਸਨਾ ਪੂਰੀ ਵੀ ਨਹੀਂ ਹੋ ਪਾਂਦੀ ਕਿ ਦੂਜੀ ਵਾਸਨਾ ਦੇ ਸੁਫ਼ਨੇ ਉੱਠਣੇ ਸ਼ੁਰੂ ਹੋ ਜਾਂਦੇ ਹਨ। ਉਹ ਤੁਹਾਨੂੰ ਕਦੇ ਮੌਕਾ ਨਹੀਂ ਦਿੰਦੀ, ਵਿਸ਼ਰਾਮ ਦਾ ਕਿ ਤੁਸੀਂ ਸੋਚ ਲਵੋ, ਵੇਖ ਲਓ, ਰੁਕ ਕੇ ਕਿ ਕੁਝ ਵੀ ਨਹੀਂ ਮਿਲਿਆ, ਕਿ ਹੁਣ ਬੰਦ ਕਰ ਦੇਈਏ ਇਹ ਯਾਤ੍ਰਾ। ਇੰਨਾ ਸਮਾਂ ਨਹੀਂ ਦਿੰਦੀ ਵਾਸਨਾ। ਵਾਸਨਾ ਦੌੜਾਈ ਰੱਖਦੀ ਹੈ। ਇਕ ਥਾਂ ਤੋਂ ਦੂਜੀ ਥਾਂ ਅੱਖਾਂ ਭਟਕਦੀਆਂ ਰਹਿੰਦੀਆਂ ਹਨ। ਅਤੇ ਅੱਖਾਂ ਦੇ ਅੰਦਰ ਲੁਕਿਆ ਹੈ ਉਹ ਜਿਸ ਦੀ ਤਲਾਸ਼ ਚੱਲ ਰਹੀ ਹੈ। ਮੰਜ਼ਿਲ ਤੁਸੀਂ ਹੋ ਅਤੇ ਤੁਸੀਂ ਨਾਸਮਝੀ ਨਾਲ ਖੋਜੀ ਬਣ ਗਏ ਹੋ। ਅੰਦਰ ਜਾਣ ਦੀ ਗੱਲ ਹੀ ਭੁੱਲ ਗਈ ਹੈ; ਬਾਹਰ ਜਾਣਾ ਹੀ ਯਾਦ ਰਿਹਾ ਹੈ।

ਇਨ੍ਹਾਂ ਪਤਲੀਆਂ ਜੰਘਾਂ ਅਤੇ ਪਿੰਡਲੀਆਂ ਨਾਲ ਮੈਂ ਕਿੰਨੇ ਮੈਦਾਨ ਅਤੇ ਪਹਾੜਾਂ ਨੂੰ ਪਾਰ ਕੀਤਾ; ਪਰ ਅੱਜ ਫ਼ਰੀਦ ਲਈ ਆਪਣਾ ਕੁੱਜਾ ਚੁੱਕਣਾ ਵੀ ਜਿਵੇਂ ਕੋਹਾਂ ਦੀ ਮੰਜ਼ਿਲ ਤੈਅ ਕਰਨਾ ਹੋ ਗਿਆ ਹੋਵੇ।

ਲੇਕਿਨ ਹੁਣ ਆਸ ਨਸ਼ਟ ਹੋ ਗਈ ਹੈ।

ਇਸ ਸੰਸਾਰ ਵਿਚ ਕੁਝ ਵੀ ਸਾਰ ਨਹੀਂ ਹੈ, ਇਹ ਪੂਰੀ ਦੌੜ ਵਿਅਰਥ ਮਾਲੂਮ ਹੁੰਦੀ ਹੈ। ਚਿਤ ਉਦਾਸ ਹੈ। ਇਸੇ ਨੂੰ ਵੈਰਾਗ ਕਿਹਾ ਹੈ।

ਸੰਸਾਰ ਤੋਂ ਹੋਵੇ ਵੈਰਾਗ ਤਾਂ ਹੀ ਪਰਮਾਤਮਾ ਨਾਲ ਰਾਗ ਪੈਦਾ ਹੁੰਦਾ ਹੈ। ਬਾਹਰੋਂ ਹੋਵੇ ਵੈਰਾਗ ਤਾਂ ਅੰਦਰਲੀ ਧੁੰਨ ਸੁਣਾਈ ਦਿੰਦੀ ਹੈ। ਬਾਜ਼ਾਰ ਵੱਲੋਂ ਮਨ ਉੱਠੇ ਤਾਂ ਘਰ ਆਉਣਾ ਹੁੰਦਾ ਹੈ। ਦੂਜੇ ਨਾਲੋਂ ਵਾਸਨਾ ਟੁੱਟੇ ਤਾਂ ਆਤਮਾ ਨਾਲ ਨਾਤਾ ਜੁੜਦਾ ਹੈ। ਅੱਖਾਂ ਬਾਹਰਲੇ ਨਜ਼ਾਰੇ ਵੇਖਣ ਤੋਂ ਥੱਕ ਜਾਣ ਤਾਂ ਬੰਦ ਹੁੰਦੀਆਂ ਹਨ ਅਤੇ ਅੰਦਰਲੇ ਦਰਸ਼ਨ ਸ਼ੁਰੂ ਹੁੰਦੇ ਹਨ।

ਅੱਜ ਆਪਣਾ ਕੁੱਜਾ ਚੁੱਕਣਾ ਵੀ ਮੁਸ਼ਕਿਲ ਹੋ ਗਿਆ: ਸੈਂਕੜੇ ਕੋਹਾਂ ਦੀ ਮੰਜ਼ਿਲ ਤੈਅ ਕਰਨਾ ਮਾਲੂਮ ਹੁੰਦਾ ਹੈ। ਹੁਣ ਟੁਰਨ ਦੀ ਕੋਈ ਇੱਛਾ ਨਹੀਂ ਰਹੀ।

ਇਸੇ ਅਵਸਥਾ ਵਿਚ ਬੁੱਧ ਬੋਧੀ-ਬ੍ਰਿਛ ਦੇ ਹੇਠਾਂ ਬੈਠ ਗਏ ਹਨ। ਚੱਲਣ ਦੀ ਕੋਈ ਇੱਛਾ ਨਹੀਂ ਰਹੀ। ਚੱਲ-ਚੱਲ ਕੇ ਵੇਖ ਲਿਆ, ਵਿਅਰਥ ਪਾਇਆ। ਸਭ ਦਿਸ਼ਾਵਾਂ ਲੱਭ ਲਈਆਂ, ਕਿਤੇ ਵੀ ਕੋਈ ਸਾਰ ਨਹੀਂ ਮਿਲਿਆ।

ਦਸ ਦਿਸ਼ਾਵਾਂ ਹਨ, ਸਭ ਵਿਚ ਨੱਠ-ਭੱਜ ਲਿਆ; ਹੁਣ ਗਿਆਰ੍ਹਵੀਂ ਦਿਸ਼ਾ ਸ਼ੁਰੂ ਹੁੰਦੀ ਹੈ। ਮਨੁੱਖ ਅੱਖਾਂ ਬੰਦ ਕਰ ਲੈਂਦਾ ਹੈ। ਸਰੀਰ ਸ਼ੂਨਯ ਹੋ ਜਾਂਦਾ ਹੈ।

ਹੁਣ ਅੰਦਰ ਉਤਰਦਾ ਹੈ—ਆਪਣੇ ਹੀ ਖ਼ੂਹ ਵਿਚ; ਆਪਣੀ ਹੀ ਚੇਤਨਾ ਦੀ ਅਤਲ (ਜਿਸ ਦਾ ਤਲਾ ਨਾ ਹੋਵੇ) ਗਹਿਰਾਈ ਵਿਚ।

ਫ਼ਰੀਦ ਕਹਿੰਦੇ ਹਨ, ਰਾਤਾਂ ਲੰਮੀਆਂ ਹੋ ਗਈਆਂ ਹਨ। ਪੱਸਲੀਆਂ ਵਿਚ ਹੂਕ (ਆਵਾਜ਼) ਉੱਠ ਰਹੀ ਹੈ। ਦਰਦ ਨਾਲ ਕਰਵਟਾਂ ਬਦਲਣੀਆਂ ਪੈ ਰਹੀਆਂ ਹਨ। ਧਿੱਕਾਰ ਹੈ ਉਨ੍ਹਾਂ ਦਾ ਜੀਉਣਾ ਜੋ ਪਰਾਈ ਆਸ ਵਿਚ ਜੀ ਰਹੇ ਹਨ।

ਫ਼ਰੀਦ ਕਹਿੰਦੇ ਹਨ, ਮੈਂ ਥੱਕ ਗਿਆ, ਟੁੱਟ ਗਿਆ। ਰਾਤਾਂ ਲੰਮੀਆਂ ਹੋ ਗਈਆਂ ਹਨ। ਹਨੇਰਾ ਹੁਣ ਕੱਟਿਆਂ ਨਹੀਂ ਕੱਟਦਾ ਮਾਲੂਮ ਹੁੰਦਾ ਹੈ, ਇਕ-ਇਕ ਪਲ ਔਖਾ ਹੈ।

ਕਦੇ ਤੁਸੀਂ ਖ਼ਿਆਲ ਕੀਤਾ—ਸਮੇਂ ਦੀ ਸਾਪੇਕਸ਼ਤਾ ਦਾ, ਰਿਲੇਟਿਵਿਟੀ ਦਾ? ਜੇਕਰ ਤੁਸੀਂ ਖ਼ੁਸ਼ ਹੋ ਤਾਂ ਵਕਤ ਛੇਤੀ ਲੰਘ ਜਾਂਦਾ ਹੈ। ਜੇਕਰ ਤੁਸੀਂ ਉਦਾਸ ਹੋ, ਸਮਾਂ ਲੰਮਾ ਹੋ ਜਾਂਦਾ ਹੈ। ਸਮਾਂ ਘੜੀ ਵਿਚ ਥੋੜ੍ਹੇ ਹੀ ਚੱਲਦਾ ਹੈ; ਸਮਾਂ ਤੁਹਾਡੇ ਮਨ ਵਿਚ ਚੱਲਦਾ ਹੈ।

ਆਈਨਸਟੀਨ ਨੇ ਜਦ ਪਹਿਲੀ ਵਾਰੀ ਸਾਪੇਕਸ਼ਤਾ (ਰਿਲੇਟਿਵਿਟੀ) ਦੇ ਸਿਧਾਂਤ ਨੂੰ ਲੈ ਕੇ ਵਿਗਿਆਨ ਦੇ ਜਗਤ ਵਿਚ ਪ੍ਰਵੇਸ਼ ਕੀਤਾ ਤਾਂ ਉਸ ਕੋਲੋਂ ਥਾਂ-ਥਾਂ ਸਵਾਲ ਪੁੱਛੇ ਜਾਂਦੇ ਸਨ, ਸਾਪੇਕਸ਼ਤਾ, ਰਿਲੇਟਿਵੀਟੀ ਕੀ ਹੈ? ਹੁਣ ਉਹ ਇੰਨਾ ਔਖਾ ਸਿਧਾਂਤ (ਅਸੂਲ) ਹੈ ਕਿ ਕਹਿੰਦੇ ਹਨ ਬਾਰ੍ਹਾਂ ਆਦਮੀ ਧਰਤੀ 'ਤੇ ਸਨ ਜਿਹੜੇ ਉਸ ਸਿਧਾਂਤ ਨੂੰ ਸਮਝਦੇ ਸਨ। ਇਸ ਲਈ ਆਮ ਆਦਮੀ ਨੂੰ ਸਮਝਾਣਾ ਨਾਮੁਮਕਿਨ। ਨਿਸ਼ਚਿਤ ਹੀ ਜਟਿਲ ਹੈ। ਅਤੇ ਜਟਿਲ ਹੀ ਨਹੀਂ ਹੈ, ਕਰੀਬ-ਕਰੀਬ ਅਸੰਭਵ ਹੈ। ਕਿਉਂਕਿ ਉਸ ਦੇ ਅੰਦਰ ਅਜਿਹੇ ਵਿਰੋਧਾਭਾਸ ਹਨ ਕਿ ਉਨ੍ਹਾਂ ਵਿਰੋਧਾਭਾਸਾਂ ਨੂੰ ਪਕੜਣ ਲਈ ਬੜੀ ਧਾਰਮਿਕ ਰਹੱਸਵਾਦੀ ਬੁੱਧੀ ਚਾਹੀਦੀ ਹੈ, ਵੱਡੀ ਕਾਵਯ ਦੀ ਉੱਚੀ ਉਡਾਰੀ ਚਾਹੀਦੀ ਹੈ! ਜੇਕਰ ਤੁਹਾਡਾ ਤਰਕ ਮਜ਼ਬੂਤ ਹੈ ਤਾਂ ਤੁਸੀਂ ਨਹੀਂ ਸਮਝ ਪਾਉਗੇ।

ਜਿਸ ਤਰ੍ਹਾਂ ਉਦਾਹਰਣ ਲਈ, ਆਈਨਸਟੀਨ ਨੇ ਕਿਹਾ ਕਿ ਸਮਾਂ ਕੋਈ ਥਿਰ ਵਸਤੂ ਨਹੀਂ ਹੈ ਅਤੇ ਸਮਾਂ ਸਾਰਿਆਂ ਲਈ ਇਕੋ ਜਿਹਾ ਨਹੀਂ ਹੈ। ਹਰ ਇਕ ਵਿਅਕਤੀ ਦਾ ਸਮਾਂ ਵੱਖਰਾ-ਵੱਖਰਾ ਹੈ। ਕਿਉਂਕਿ ਸਮਾਂ ਤੁਹਾਡੇ ਮਨ ਦੀ ਅਵਸਥਾ 'ਤੇ ਨਿਰਭਰ (ਡਿਪੈਂਡ) ਹੈ। ਅਸੀਂ ਤਾਂ ਜਾਣਦੇ ਹਾਂ ਕਿ ਅਜੇ ਸਾਢੇ ਨੌਂ ਵਜੇ ਹਨ, ਤਾਂ ਸਭ ਲਈ ਸਾਢੇ ਨੌਂ ਵਜ ਗਏ ਹਨ। ਆਈਨਸਟੀਨ ਕਹਿੰਦਾ ਹੈ, ਨਹੀਂ।

ਇਥੇ ਵੀ ਜੋ ਮੇਰੀ ਗੱਲ ਨੂੰ ਸਮਝ ਰਹੇ ਹਨ, ਜਿਨ੍ਹਾਂ ਨੂੰ ਮੇਰੀ ਗੱਲ ਨਾਲ ਧੁੰਨ ਬੱਝ ਗਈ ਹੈ, ਜਿਨ੍ਹਾਂ ਨੂੰ ਮੇਰਾ ਗੀਤ ਪਕੜ ਵਿਚ ਆ ਰਿਹਾ ਹੈ, ਜੋ ਮੇਰੇ

ਨਾਲ ਵੱਗ ਰਹੇ ਹਨ—ਉਨ੍ਹਾਂ ਲਈ ਵਕਤ ਛੇਤੀ ਬੀਤ ਜਾਏਗਾ। ਡੇਢ ਘੰਟਾ ਕਿੱਥੇ ਚਲੇ ਗਏ, ਉਨ੍ਹਾਂ ਨੂੰ ਪਤਾ ਵੀ ਨਹੀਂ ਚੱਲੇਗਾ। ਲੇਕਿਨ ਕੋਈ ਆ ਗਿਆ ਹੈ, ਪੁਲਿਸ ਦਾ ਜਾਸੂਸ ਸਮਝੋ, ਉਹ ਵੀ ਬੈਠਾ ਹੈ, ਉਸ ਨੂੰ ਵੀ ਮੈਂ ਵੇਖ ਰਿਹਾ ਹਾਂ, ਉਹ ਬਹੁਤ ਬੇਚੈਨ ਹੈ। ਉਸ ਦੀ ਕੁਝ ਪਕੜ ਵਿਚ ਨਹੀਂ ਆ ਰਿਹਾ ਹੈ। ਉਸ ਦੀ ਕੁਝ ਸਮਝ ਵਿਚ ਨਹੀਂ ਆ ਰਿਹਾ ਹੈ। ਉਸ ਦੀ ਘਬਰਾਹਟ ਹੈ ਕਿ ਕਦ ਖ਼ਤਮ ਹੋਵੇ ਕਿ ਉਹ ਭੱਜੇ ਇਥੋਂ! ਇਹ ਉਸ ਦੀ ਬੁੱਧੀ ਤੋਂ ਪਾਰ ਹੈ। ਉਸ ਨੂੰ ਡੇਢ ਘੰਟਾ ਡੇਢ ਸਾਲ ਵਰਗਾ ਲੱਗੇਗਾ। ਤੁਹਾਨੂੰ ਡੇਢ ਘੰਟਾ ਡੇਢ ਛਣ ਜਿਹਾ ਲੱਗੇਗਾ, ਆਇਆ, ਗਿਆ ਹਵਾ ਦਾ ਇਕ ਬੁੱਲ੍ਹਾ! ਤੁਸੀਂ ਮਸਤੀ ਵਿਚ ਨੱਚ ਵੀ ਨਹੀਂ ਪਾਏ ਕਿ ਬੁੱਲ੍ਹਾ ਜਾ ਚੁਕਾ।

ਸੋ ਆਈਨਸਟੀਨ ਲੋਕਾਂ ਨੂੰ ਸਮਝਾਉਂਦਾ ਕਿ ਇਸ ਤਰ੍ਹਾਂ ਸਮਝੋ, ਤੁਸੀਂ ਆਪਣੀ ਪ੍ਰੇਮਿਕਾ ਦੇ ਕੋਲ ਬੈਠੇ ਹੋ ਤਾਂ ਘੜੀ ਭਰ, ਛਣ ਭਰ ਵਿਚ ਬੀਤ ਜਾਂਦੀ ਹੈ। ਅਤੇ ਤੁਹਾਨੂੰ ਇਕ ਤਪਦੇ ਹੋਏ ਤਵੇ ਉਤੇ ਬਿਠਾ ਦਿੱਤਾ ਗਿਆ ਹੋਵੇ ਤਾਂ ਛਣ ਭਰ ਘੰਟਿਆਂ ਵਰਗਾ ਲੰਮਾ ਮਲੂਮ ਹੁੰਦਾ ਹੈ। ਤੁਹਾਡੇ ਅੰਦਰ ਸਮਾਂ ਸਾਪੇਕਸ਼ ਹੈ ਰਿਲੇਟਿਵ ਹੈ। ਤੁਹਾਡੀ ਮਨੋਦਸ਼ਾ ਉੱਤੇ ਨਿਰਭਰ ਹੈ। ਘਰ 'ਚ ਪ੍ਰਾਹੁਣਾ ਆਇਆ ਹੈ, ਬਹੁਤ ਦਿਨਾਂ ਦੀ ਉਡੀਕ ਸੀ। ਰਾਤ ਜਾਗਦੇ ਗੱਲਬਾਤ ਕਰਦੇ ਬੀਤ ਜਾਂਦੀ ਹੈ, ਪਤਾ ਨਹੀਂ ਚੱਲਦਾ। ਫਿਰ ਘਰ ਵਿਚ ਕੋਈ ਮਰ ਰਿਹਾ ਹੈ, ਕੋਈ ਬੁੱਢਾ ਵਿਦਾ ਹੋ ਰਿਹਾ ਹੈ। ਡਾਕਟਰ ਕਹਿੰਦੇ ਹਨ, ਬਚੇਗਾ ਨਹੀਂ, ਸਵੇਰ ਹੁੰਦੇ-ਹੁੰਦੇ ਵਿਦਾ ਹੋ ਜਾਏਗਾ। ਰਾਤ ਭਰ ਤੁਸੀਂ ਜਾਗੇ, ਬੈਠੇ ਰਹੇ ਹੋ! ਰਾਤ ਬਹੁਤ ਲੰਮੀ ਮਾਲੂਮ ਹੁੰਦੀ ਹੈ, ਕੱਟਦੀ ਹੀ ਨਹੀਂ। ਅਜਿਹਾ ਲੱਗਦਾ ਹੈ ਕੱਟੇਗੀ ਵੀ ਹੁਣ ਕਿ ਨਹੀਂ ਕੱਟੇਗੀ! ਇਹ ਰਾਤ ਪੂਰੀ ਹੋਏਗੀ, ਸਵੇਰ ਹੋਏਗੀ ਜਾਂ ਨਹੀਂ ਹੋਏਗੀ!

ਜਦ ਤਕ ਜੀਵਨ ਵਿਚ ਵਾਸ਼ਨਾ ਹੁੰਦੀ ਹੈ ਤਦ ਤਕ ਸਮਾਂ ਭੱਜਦਾ ਮਾਲੂਮ ਹੁੰਦਾ ਹੈ, ਸਮਾਂ ਘੱਟ ਮਾਲੂਮ ਹੁੰਦਾ ਹੈ। ਮਹੱਤਵਕਾਂਕਸ਼ੀ ਲਈ ਸਮਾਂ ਸਦਾ ਘੱਟ ਹੈ। ਉਹ ਭੱਜ ਰਿਹਾ ਹੈ। ਉਹ ਰਫ਼ਤਾਰ ਵਧਾਉਂਦਾ ਜਾਂਦਾ ਹੈ ਆਪਣੀ। ਇਸ ਲਈ ਦੁਨੀਆਂ 'ਚ ਜਿੰਨੀ ਮਹੱਤਵਕਾਂਕਸ਼ਾ ਵਧਦੀ ਹੈ, ਓਨੀ ਹੀ ਰਫ਼ਤਾਰ ਵੱਧਦੀ ਹੈ, ਕਿਉਂਕਿ ਸਮੇਂ ਨੂੰ ਵਧਾਉਣ ਦਾ ਹੋਰ ਤਾਂ ਕੋਈ ਉਪਾਇ ਨਹੀਂ ਹੈ, ਰਫ਼ਤਾਰ ਵਧਾ ਦਿਉ। ਤਾਂ ਜੇਕਰ ਨਿਊਯਾਰਕ ਪੁੱਜਣ ਵਿਚ ਬੰਬਈ ਤੋਂ ਚਾਰ ਦਿਨ ਲੱਗਦੇ ਸੀ ਤਾਂ ਦੋ ਦਿਨ ਲੱਗਣ, ਇਕ ਦਿਨ ਲੱਗੇ, ਘੰਟਾ ਭਰ ਲੱਗੇ, ਮਿੰਟ ਲੱਗੇ, ਸਕਿੰਟ ਲੱਗੇ, ਓਨਾ ਵਕਤ ਬਚ ਗਿਆ। ਹੌਲੀ-ਹੌਲੀ ਆਦਮੀ ਦੀ ਕੋਸ਼ਿਸ਼ ਇਹ ਹੈ ਕਿ ਰਫ਼ਤਾਰ ਇੰਨੀ ਤੇਜ਼ ਹੋ ਜਾਏ ਕਿ ਸਮਾਂ ਬੀਤੇ ਹੀ ਨਾ, ਇਹ ਸਾਰੀ

ਕੋਸ਼ਿਸ਼ ਇਸ ਗੱਲ ਦੀ ਹੈ ਕਿ ਬਹੁਤ ਮਹੱਤਵਕਾਂਕਸ਼ਾਵਾਂ ਹਨ, ਉਨ੍ਹਾਂ ਨੂੰ ਪੂਰਾ ਕਰਨਾ ਹੈ। ਸਮਾਂ ਤਾਂ ਸੀਮਿਤ ਹੈ। ਉਹ ਹੀ ਸੱਤਰ-ਅੱਸੀ ਸਾਲ ਜੀਊਣਾ ਹੈ, ਉਸੇ ਵਿਚ ਸਭ ਕਰ ਲੈਣਾ ਹੈ। ਬਹੁਤ ਮਹੱਤਵਕਾਂਕਸ਼ਾਵਾਂ ਹਨ ਤਾਂ ਸਮਾਂ ਬਹੁਤ ਛੇਤੀ ਭੱਜਦਾ ਮਾਲੂਮ ਹੁੰਦਾ ਹੈ।

ਲੇਕਿਨ ਜਿਸ ਵਿਅਕਤੀ ਦੇ ਜੀਵਨ ਦੀਆਂ ਮਹੱਤਵਕਾਂਕਸ਼ਾਵਾਂ ਉੱਜੜ ਗਈਆਂ, ਜਿਸ ਨੂੰ ਵਿਖਾਈ ਪੈ ਗਿਆ ਕਿ ਦੂਰ ਦੇ ਢੋਲ ਸੁਹਾਵਣੇ ਹਨ। ਕੋਲ ਆਉਣ 'ਤੇ ਵਿਅਰਥ ਹੋ ਜਾਂਦੇ ਹਨ, ਇੰਦਰ ਧਨੁਸ਼ ਹਨ, ਦਿਸਦੇ ਹਨ, ਕੋਲ ਜਾਓ ਕੁਝ ਮਿਲਦਾ ਨਹੀਂ, ਮੁੱਠ ਬੰਨ੍ਹੋ, ਹੱਥ 'ਚ ਕੁਝ ਆਉਂਦਾ ਨਹੀਂ, ਇਨ੍ਹਾਂ ਨੂੰ ਘਰ ਬੰਨ੍ਹ ਕੇ ਨਹੀਂ ਲਿਆਇਆ ਜਾ ਸਕਦਾ, ਇਹ ਸਿਰਫ਼ ਵਿਖਾਈ ਪੈਂਦੇ ਹਨ, ਸੁਫ਼ਨੇ ਹਨ—ਉਸ ਲਈ ਸਮਾਂ ਬਹੁਤ ਧੀਮੀ ਗਤੀ ਲੈ ਲੈਂਦਾ ਹੈ।

ਫ਼ਰੀਦ ਕਹਿੰਦੇ ਹਨ, ਰਾਤਾਂ ਲੰਮੀਆਂ ਹੋ ਗਈਆਂ ਹਨ। ਹੁਣ ਕੋਈ ਮਹੱਤਵਕਾਂਕਸ਼ਾ ਨਹੀਂ ਹੈ। ਕਿਤੇ ਜਾਣ ਲਈ, ਕਿਤੇ ਪੁੱਜਣ ਲਈ ਨਹੀਂ ਹੈ। ਕੁਝ ਪਾਉਣ ਲਈ ਨਹੀਂ ਹੈ। ਹੁਣ ਰਾਤ ਬਹੁਤ ਲੰਮੀ ਮਾਲੂਮ ਹੁੰਦੀ ਹੈ।

ਪੱਸਲੀਆਂ ਵਿਚ ਹੂਕ ਉੱਠ ਰਹੀ ਹੈ ਅਤੇ ਹੁਣ ਤਕ ਜੋ ਭੱਜਦੇ ਰਹੇ ਸੀ ਨਸ਼ੇ ਵਿਚ ਵਾਸਨਾ ਦੇ ਕਿ ਕਦੇ ਧਿਆਨ ਹੀ ਨਾ ਦਿੱਤਾ ਸੀ ਕਿ ਸਰੀਰ ਕਿੰਨਾ ਥੱਕ ਗਿਆ ਹੈ, ਹੁਣ ਪਤਾ ਚੱਲ ਰਿਹਾ ਹੈ—ਹੱਡੀ- ਹੱਡੀ ਰੋ ਰਹੀ ਹੈ। ਰੋਮ-ਰੋਮ ਦਰਦ ਅਤੇ ਪੀੜਾ ਨਾਲ ਭਰਿਆ ਹੈ। ਪੱਸਲੀਆਂ ਵਿਚ ਹੂਕ ਉੱਠ ਰਹੀ ਹੈ। ਦਰਦ ਨਾਲ ਕਰਵਟਾਂ ਬਦਲਣੀਆਂ ਪੈ ਰਹੀਆਂ ਹਨ। ਇਕ ਪਾਸੇ ਪਏ ਰਹਿਣਾ ਮੁਸ਼ਕਿਲ ਹੋ ਰਿਹਾ ਹੈ।

ਧਿੱਕਾਰ ਹੈ ਉਨ੍ਹਾਂ ਦੇ ਜੀਊਣ ਦਾ ਜਿਹੜੇ ਪਰਾਈ ਆਸ ਵਿਚ ਜੀ ਰਹੇ ਹਨ। ਹੋਰ ਫ਼ਰੀਦ ਕਹਿੰਦਾ ਹੈ, ਸਾਡੀ ਇਹ ਜੋ ਦਸ਼ਾ ਹੈ, ਇਹ ਜੋ ਹਤਾਸ਼ਾ ਦੀ, ਇਹ ਫਿਰ ਵੀ ਤੇਰੇ ਤੋਂ ਬੇਹਤਰ ਹੈ। ਕਿਉਂਕਿ ਤੁਸੀਂ ਅਜੇ ਵੀ ਉਸ ਆਸ ਵਿਚ ਜੀ ਰਹੇ ਹੋ ਜਿਹੜੀ ਕਦੇ ਵੀ ਪੂਰੀ ਨਹੀਂ ਹੋਏਗੀ। ਸਾਡੀ ਉਹ ਆਸ ਟੁੱਟ ਗਈ। ਕਿਉਂਕਿ ਅਸੀਂ ਜਾਣ ਲਿਆ, ਉਹ ਕਦੇ ਪੂਰੀ ਹੋ ਨਹੀਂ ਸਕਦੀ। ਮੰਨਿਆ ਕਿ ਰਾਤ ਹਨੇਰੀ ਲੱਗ ਰਹੀ ਹੈ ਅਤੇ ਹੱਡੀਆਂ ਵਿਚ ਦਰਦ ਹੈ ਅਤੇ ਬੜੀ ਡੂੰਘੀ ਵਿਅਥਾ (ਦਰਦ ਭਰੀ ਕਥਾਂ) ਹੈ, ਥਕਾਨ ਹੈ ਜਨਮਾਂ-ਜਨਮਾਂ ਦੀ, ਪਰ ਫਿਰ ਵੀ ਅਸੀਂ ਸੌਭਾਗਸ਼ਾਲੀ ਹਾਂ। ਅਭਾਗੇ ਹਨ ਉਹ ਜਿਹੜੇ ਅਜੇ ਵੀ ਉਸੇ ਦੌੜ ਵਿਚ ਚੱਲ ਰਹੇ ਹਨ, ਸੁਫ਼ਨਿਆਂ ਦੇ ਪਿੱਛੇ ਭੱਜੇ ਜਾ ਰਹੇ ਹਨ। ਇਕ ਦਿਨ ਉਹ ਵੀ ਡਿੱਗਣਗੇ। ਰਾਤ ਤਦ ਉਨ੍ਹਾਂ ਨੂੰ ਲੰਮੀ ਮਾਲੂਮ ਪਏਗੀ। ਹੱਡੀਆਂ ਰੋਣਗੀਆਂ। ਰੋਮ-ਰੋਮ ਪੀੜਤ ਹੋਏਗਾ। ਕਰਵਟਾਂ ਬਦਲਣਗੇ।

ਆਸ ਜਦ ਟੁੱਟਦੀ ਹੈ ਤਾਂ ਤੁਸੀਂ ਹੀ ਟੁੱਟ ਜਾਂਦੇ ਹੋ—ਕਿਉਂਕਿ ਤੁਸੀਂ ਹੀ ਹੁਣ ਤਕ ਆਸ ਨੂੰ ਹੀ ਸਹਾਰਾ—ਸਹਾਰਾ ਮੰਨ ਕੇ ਜੀਵੇ ਸੀ। ਆਸ ਦੀ ਧਰਤੀ ਹਟ ਜਾਂਦੀ ਹੈ, ਪੈਰਾਂ ਦੇ ਹੇਠ ਕੋਈ ਧਰਤੀ ਨਹੀਂ ਰਹਿ ਜਾਂਦੀ। ਇਸ ਲਈ ਤਾਂ ਤੁਸੀਂ ਇਕ ਆਸ ਮਿਟੇ, ਉਸ ਦੇ ਪਹਿਲਾਂ ਹੀ ਦੂਜੀ ਆਸ ਜਗਾ ਲੈਂਦੇ ਹੋ। ਕੁਝ ਸਹਾਰਾ ਚਾਹੀਦਾ ਜੀਊਣ ਲਈ।

ਡੁੱਬਦਾ ਤਿਨਕੇ ਨੂੰ ਵੀ ਫੜ ਲੈਂਦਾ ਹੈ, ਬੇੜੀ ਦੀ ਕਲਪਨਾ ਕਰ ਲੈਂਦਾ ਹੈ, ਸੁਫ਼ਨੇ ਵੇਖਣ ਲੱਗਦਾ ਹੈ, ਕਿ ਬੇੜੀ ਵਿਚ ਬੈਠਾ ਹੈ, ਬਚ ਜਾਏਗਾ। ਸਾਰੀਆਂ ਬੇੜੀਆਂ ਕਾਗਜ਼ਾਂ ਦੀਆਂ ਹਨ। ਕਾਮਨਾਂ ਦੀ ਬੇੜੀ ਹੀ ਕਾਗਜ਼ ਦੀ ਬੇੜੀ ਹੈ।

ਫ਼ਰੀਦ ਕਹਿੰਦਾ ਹੈ, ਅਭਾਗੇ ਹਨ ਉਹ ਲੋਕ ਜਿਹੜੇ ਅਜੇ ਵੀ ਆਸ ਵਿਚ ਭੱਜਦੇ ਚਲੇ ਜਾ ਰਹੇ ਹਨ। ਉਨ੍ਹਾਂ ਤੋਂ ਤਾਂ ਸਾਡੀ ਦਸ਼ਾ ਬੇਹਤਰ ਹੈ। ਘੱਟ-ਘੱਟ ਇਕ ਗੱਲ ਤਾਂ ਵਾਪਰ ਗਈ—ਆਸ ਟੁੱਟ ਗਈ। ਬਾਹਰਲੀ ਦੌੜ ਬੰਦ ਹੋ ਗਈ। ਦੂਜੀ ਘਟਨਾ ਲਈ ਅਸੀਂ ਤਿਆਰ ਹੋ ਗਏ। ਦੂਜੀ ਘਟਨਾ ਦੇ ਦੁਆਰ ਉੱਤੇ ਅਸੀਂ ਖਲੋ ਗਏ।

ਪਹਿਲਾਂ ਵੈਰਾਗ ਸੰਸਾਰ ਤੋਂ ਵਿਅਰਥ ਨਾਲੋਂ, ਆਸਾਰ ਨਾਲੋਂ। ਥੋੜ੍ਹੀ ਦੇਰ ਲਈ ਜੋ ਸੰਕ੍ਰਮਣ (ਇਕ ਅਵਸਥਾ ਤੋਂ ਦੂਜੀ 'ਚ ਹੌਲੀ-ਹੌਲੀ ਪਹੁੰਚਣਾ) ਦਾ ਕਾਲ ਹੁੰਦਾ ਹੈ ਉਸ ਦੀ ਗੱਲ ਕਰ ਰਹੇ ਹਨ ਫ਼ਰੀਦ। ਜਦ ਸੰਸਾਰ ਤੋਂ ਵੈਰਾਗ ਹੋ ਜਾਂਦਾ ਹੈ ਅਤੇ ਪਰਮਾਤਮਾ ਨਾਲ ਰਾਗ ਅਜੇ ਜਾਗਿਆ ਨਹੀਂ ਹੁੰਦਾ, ਰਾਤ ਤਾਂ ਚਲੀ ਗਈ, ਸੂਰਜ ਵੀ ਚੜ੍ਹਿਆ ਨਹੀਂ ਹੈ—ਉਹ ਜਿਹੜਾ ਪਹੁ-ਫੁੱਟਣ ਦਾ ਛਣ ਹੈ, ਉਹ ਛਣ ਬਹੁਤ ਮੁਸ਼ਕਿਲ ਦਾ ਹੈ। ਜੋ ਸੀ ਉਹ ਗੁਆਚ ਗਿਆ ਅਤੇ ਜੋ ਮਿਲਣਾ ਹੈ ਉਹ ਅਜੇ ਮਿਲਿਆ ਨਹੀਂ—ਉਹ ਵਿਚਕਾਰਲੀ ਘੜੀ ਹੈ, ਸੰਕ੍ਰਮਣ ਦੀ ਵੇਲਾ ਹੈ।

ਰਾਤਾਂ ਲੰਮੀਆਂ ਹੋ ਗਈਆਂ ਹਨ। ਪੱਸਲੀਆਂ ਵਿਚ ਹੂਕ ਉੱਠ ਰਹੀ ਹੈ। ਦਰਦ ਨਾਲ ਕਰਵਟਾਂ ਬਦਲਣੀਆਂ ਪੈ ਰਹੀਆਂ ਹਨ।

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥
ਧਿਗੁ ਤਿਨ੍ਾ ਦਾ ਜੀਵਿਆ ਜਿਨਾ ਵਿਡਾਣੀ ਆਸ॥

ਲੇਕਿਨ ਇਕ ਗੱਲ ਸਾਫ਼ ਹੈ ਕਿ ਗ਼ਲਤ ਤਾਂ ਗ਼ਲਤ ਵਿਖਾਈ ਪੈ ਗਿਆ, ਹੁਣ ਬਹੁਤੀ ਦੇਰ ਨਹੀਂ ਹੈ ਕਿ ਠੀਕ, ਠੀਕ ਦੀ ਤਰ੍ਹਾਂ ਵਿਖਾਈ ਪੈ ਜਾਏ। ਅਸਤਯ ਨੂੰ ਜਿਸ ਨੇ ਅਸਤਯ ਦੇ ਵਾਂਗ ਜਾਣ ਲਿਆ, ਉਸ ਦੇ ਹੱਥ ਵਿਚ ਤਾਂ ਕੁਝ ਨਹੀਂ ਆਉਂਦਾ। ਛੁੱਟ ਹੀ ਜਾਂਦਾ ਹੈ ਕੂੜ, ਕਿਉਂਕਿ ਜੋ ਅਸਤਯ ਸੀ, ਉਹ ਛੁੱਟ

ਗਿਆ। ਲੇਕਿਨ ਉਸ ਦੇ ਹੱਥ ਖ਼ਾਲੀ ਹੋ ਗਏ—ਸਤਯ ਦੇ ਉਤਰਨ ਲਈ ਥਾਂ ਹੋ ਗਈ।

ਅਸਤਯ ਨੂੰ ਅਸਤਯ ਦੇ ਵਾਂਗ ਜਾਣ ਲੈਣਾ, ਸਤਯ ਨੂੰ ਸਤਯ ਦੀ ਤਰ੍ਹਾਂ ਜਾਣ ਲੈਣ ਦਾ ਪਹਿਲਾ ਕਦਮ ਹੈ, ਜ਼ਰੂਰੀ ਕਦਮ ਹੈ। ਝੂਠ ਨੂੰ ਝੂਠ ਦੀ ਤਰ੍ਹਾਂ ਪਛਾਣ ਲੈਣਾ, ਸੱਚ ਨੂੰ ਸੱਚ ਦੇ ਵਾਂਗ ਪਛਾਣਨ ਦੀ ਤਿਆਰੀ ਹੈ। ਪਰ ਇਕ ਸੰਕ੍ਰਮਣ (ਗਮਨ) ਦਾ ਕਾਲ ਹੈ ਅਤੇ ਉਹ ਹੀ ਕਾਲ ਸਭ ਤੋਂ ਵੱਧ ਦੁੱਖ ਦਾ ਕਾਲ ਹੈ। ਹੀਰੇ-ਜਵਾਹਰਾਤ ਨਹੀਂ ਸਨ, ਹੱਥਾਂ ਵਿਚ ਰੋੜੇ-ਪੱਥਰ ਸਨ, ਲੇਕਿਨ ਮਨ ਰੱਖਿਆ ਸੀ ਹੀਰੇ-ਜਵਾਹਰਾਤ ਹਨ! ਚਿੱਤ ਤਾਂ ਪ੍ਰਸੰਨ ਸੀ। ਖ਼ੁਸ਼ੀ ਸੀ। ਝੂਠੀ ਸੀ ਖ਼ੁਸ਼ੀ। ਕਿਸੇ ਨਾ ਕਿਸੇ ਦਿਨ ਟੁੱਟਦੀ।

ਫ਼ਰੀਦ ਠੀਕ ਕਹਿੰਦੇ ਹਨ, ਅਭਾਗੇ ਹਨ ਉਹ, ਹਾਲਾਂਕਿ ਉਹ ਖ਼ੁਸ਼ ਹਨ, ਪ੍ਰਸੰਨ ਹਨ ਉਨ੍ਹਾਂ ਦੇ ਕੋਲ ਹੀਰੇ-ਜਵਾਹਰਾਤ ਹਨ।

ਮੈਂ ਇਕ ਕਹਾਣੀ ਸੁਣੀ ਹੈ। ਦੋ ਫ਼ਕੀਰ ਇਕ ਜੰਗਲ ਵਿਚੋਂ ਲੰਘਦੇ ਹਨ, ਉਹ ਜੋ ਬੁੱਢਾ ਹੈ, ਜੋ ਗੁਰੂ ਹੈ, ਉਸ ਨੇ ਇਕ ਝੋਲੀ ਟੰਗੀ ਹੋਈ ਹੈ। ਉਹ ਬਾਰ-ਬਾਰ ਆਪਣੀ ਝੋਲੀ 'ਚ ਹੱਥ ਪਾ ਕੇ ਕੁਝ ਵੇਖਦਾ ਹੈ, ਸ਼ਿਸ਼ ਥੋੜ੍ਹਾ ਹੈਰਾਨ ਹੈ ਕਿ ਕੀ ਮਾਮਲਾ ਹੈ। ਨਾ ਕੇਵਲ ਉਹ ਝੋਲੀ ਵਿਚ ਹੱਥ ਪਾ-ਪਾ ਕੇ ਵੇਖਦਾ ਹੈ, ਸਗੋਂ ਬੜੀ ਤੇਜ਼ੀ ਨਾਲ ਟੁਰ ਰਿਹਾ ਹੈ। ਇਸ ਤਰ੍ਹਾਂ ਉਸ ਨੇ ਕਦੇ ਉਸ ਨੂੰ ਟੁਰਦਿਆਂ ਵੇਖਿਆ ਨਹੀਂ। ਬੁੱਢਾ ਆਦਮੀ! ਉਹ ਕਹਿੰਦਾ ਵੀ ਹੈ ਕਿ ਇੰਨੀ ਕਾਹਲੀ ਕੀ ਹੈ? ਉਹ (ਬੁੱਢਾ) ਕਹਿੰਦਾ ਹੈ, ਤੈਨੂੰ ਪਤਾ ਨਹੀਂ! ਫਿਰ ਉਹ ਕਈ ਵਾਰੀ ਪੁੱਛਦਾ ਹੈ ਕਿ ਅਸੀਂ ਕਿਤੇ ਰਾਹੋਂ ਭਟਕ ਤਾਂ ਨਹੀਂ ਗਏ? ਪਿੰਡ ਵਿਖਾਈ ਨਹੀਂ ਪੈਂਦਾ, ਸ਼ਾਮ ਹੋਣ ਦੇ ਨੇੜੇ ਆ ਰਹੀ ਹੈ। ਕੋਈ ਖ਼ਬਰ ਨਹੀਂ ਲੱਗਦੀ ਪਿੰਡ ਦੀ। ਕਿਤੇ ਅਸੀਂ ਰਸਤਾ ਜੰਗਲ ਵਿਚ ਭਟਕ ਤਾਂ ਨਹੀਂ ਗਏ?

ਉਹ ਜੁਆਨ ਬਹੁਤ ਪ੍ਰੇਸ਼ਾਨ ਹੈ। ਉਹ ਕਹਿੰਦਾ ਹੈ—ਤੁਹਾਨੂੰ ਮੈਂ ਕਦੇ ਚਿੰਤਤ ਨਹੀਂ ਵੇਖਿਆ ਕੀ ਜੰਗਲ ਤੇ ਕੀ ਪਿੰਡ—ਫ਼ਕੀਰ ਲਈ ਕੀ ਫ਼ਰਕ ਪੈਂਦਾ ਹੈ! ਲੇਕਿਨ ਅੱਜ ਕੁਝ ਗੱਲ ਵੱਖਰੀ ਹੈ।

ਆਖ਼ਰਕਾਰ—ਉਹ ਇਕ ਖੂਹ ਉੱਤੇ ਰੁਕੇ—ਸੂਰਜ ਢਲ ਗਿਆ ਹੈ। ਪਾਣੀ ਪੀਣ ਲਈ, ਸਦਾ ਬੁੱਢਾ ਆਪਣਾ ਝੋਲੇ ਨੂੰ ਉਤਾਰ ਕੇ ਰੱਖ ਦਿੰਦਾ ਸੀ, ਪਾਣੀ ਪੀ ਲੈਂਦਾ ਸੀ, ਹੱਥ-ਮੂੰਹ ਧੋ ਲੈਂਦਾ ਸੀ, ਅੱਜ ਉਸ ਨੇ ਝੋਲਾ ਯੁਵਕ ਨੂੰ ਦਿੱਤਾ ਅਤੇ ਕਿਹਾ ਸੰਭਾਲ ਕੇ ਰੱਖ।

ਯੁਵਕ ਨੇ ਕਿਹਾ, ਜ਼ਰੂਰ ਝੋਲੇ ਵਿਚ ਹੀ ਕੋਈ ਉਪੱਦਰ ਹੈ। ਉਸ ਨੇ ਝੋਲੇ ਵਿਚ ਹੱਥ ਪਾਇਆ, ਵੇਖਿਆ ਕਿ ਇਕ ਸੋਨੇ ਦੀ ਇੱਟ ਹੈ। ਤਾਂ ਉਹ ਸਮਝ

ਗਿਆ ਕਿ ਅੱਜ ਬੁੱਢੇ ਨੂੰ ਪ੍ਰੇਸ਼ਾਨੀ ਕੀ ਹੈ। ਉਸ ਨੇ ਸੋਨੇ ਦੀ ਇੱਟ ਤਾਂ ਕੱਢ ਕੇ ਪਾ ਦਿੱਤੀ ਖੂਹ ਵਿਚ ਅਤੇ ਹੋਰ ਇਕ ਪੱਥਰ ਉਸੇ ਵਜ਼ਨ ਦਾ ਚੁੱਕ ਕੇ ਰੱਖ ਦਿੱਤਾ ਅੰਦਰ। ਜਦ ਬੁੱਢਾ ਹੱਥ-ਮੂੰਹ ਧੋ ਕੇ ਤਿਆਰ ਹੋ ਗਿਆ, ਉਸ ਨੇ ਛੇਤੀ ਦੇਣੀ ਝੋਲਾ ਲਿਆ, ਟਟੋਲ ਕੇ ਝੋਲੇ ਦੇ ਉਪਰੋਂ ਹੀ ਵੇਖਿਆ ਕਿ ਇੱਟ ਹੈ ਜਾਂ ਨਹੀਂ ਹੈ। ਮੋਢੇ 'ਤੇ ਟੰਗ ਲਿਆ ਅਤੇ ਦੋਵੇਂ ਟੁਰ ਪਏ।

ਫਿਰ ਉਹ ਪੁੱਛਣ ਲੱਗਾ ਕਿ ਰਾਤ ਉਤਰਦੀ ਆ ਰਹੀ ਹੈ, ਪਿੰਡ ਦਾ ਪਤਾ ਨਹੀਂ ਚੱਲਦਾ, ਦੀਵੇ ਤਕ ਵਿਖਾਈ ਨਹੀਂ ਪੈਂਦੇ, ਕਿਤੇ ਨੇੜੇ ਪਿੰਡ ਹੈ ਜਾਂ ਨਹੀਂ ? ਦੋ-ਤਿੰਨ ਮੀਲ ਟੁਰ ਲੈਣ ਤੋਂ ਬਾਅਦ ਯੁਵਕ ਹੱਸਣ ਲੱਗਾ। ਉਸ ਬੁੱਢੇ ਨੇ ਕਿਹਾ, ਤੂੰ ਹੱਸ ਕਿਉਂ ਰਿਹਾ ਹੈਂ ? ਮਾਮਲਾ ਕੀ ਹੈ ?

ਉਸ ਨੇ ਕਿਹਾ—ਹੁਣ ਤੁਸੀਂ ਬਿਲਕੁਲ ਫ਼ਿਕਰ ਨਾ ਕਰੋ, ਪਿੰਡ ਪੁੱਜੇ ਕਿ ਨਾ ਪੁੱਜੇ, ਕੋਈ ਡਰ ਹੀ ਨਹੀਂ ਹੈ।

ਉਸ ਨੇ ਕਿਹਾ ਕੀ ਮਤਲਬ ਤੇਰਾ ?

ਉਸ ਨੇ ਫਿਰ ਇੱਟ ਟਟੋਲ ਕੇ ਵੇਖੀ, ਇੱਟ ਸੀ। ਉਸ ਨੇ ਕਿਹਾ, ਕੀ ਮਤਲਬ ਹੈ ਤੇਰਾ ?

ਉਸ ਨੇ ਕਿਹਾ ਕਿ ਹੁਣ ਜਿਸ ਨੂੰ ਤੁਸੀਂ ਟਟੋਲ ਕੇ ਦੇਖ ਰਹੇ ਹੋ, ਉਸ ਵਿਚ ਕੋਈ ਡਰ ਨਹੀਂ ਹੈ। ਤਦ ਉਸ ਨੇ ਘਬਰਾ ਕੇ ਇੱਟ ਬਾਹਰ ਕੱਢ ਕੇ ਵੇਖੀ, ਉਹ ਪੱਥਰ ਹੈ। ਲੇਕਿਨ ਤਿੰਨ-ਚਾਰ ਮੀਲ, ਉਹ ਇਸ ਪੱਥਰ ਨੂੰ ਹੀ ਸੋਨੇ ਦੀ ਇੱਟ ਸਮਝਦਾ ਰਿਹਾ ਤੇ ਪ੍ਰੇਸ਼ਾਨ ਰਿਹਾ। ਤਦ ਉਹ ਵੀ ਹੱਸਣ ਲੱਗਾ। ਉਸ ਨੇ ਉਹ ਇੱਟ ਕੰਢੇ 'ਤੇ ਸੁੱਟ ਦਿੱਤੀ। ਉਸ ਨੇ ਕਿਹਾ—ਹੁਣ ਫ਼ਿਕਰ ਛੱਡ, ਇਸੇ ਦਰੱਖ਼ਤ ਦੇ ਹੇਠਾਂ ਰਾਤ ਵਿਸ਼ਰਾਮ ਕਰੀਏ। ਹੁਣ ਕੋਈ ਝੰਜਟ ਹੀ ਨਹੀਂ ਰਹੀ।

ਤੁਸੀਂ ਜਿਸ ਇੱਟ ਨੂੰ ਲੈ ਕੇ ਟੁਰ ਰਹੇ ਹੋ ਝੋਲੇ ਵਿਚ, ਉਹ ਫ਼ਰੀਦ ਨੂੰ ਵਿਖਾਈ ਪੈਂਦੀ ਹੈ ਕਿ ਤੁਸੀਂ ਅਭਾਗੇ ਹੋ, ਪੱਥਰ ਦੀ ਇੱਟ ਢੋ ਰਹੇ ਹੋ। ਪਰ ਤੁਸੀਂ ਸੋਨੇ ਦੀ ਸਮਝੀ ਹੈ। ਤੁਸੀਂ ਖ਼ੁਸ਼ ਹੋ। ਤੁਸੀਂ ਬਹੁਤ ਡੁੱਬੇ ਹੋਏ ਹੋ ਉਸ ਨੂੰ ਬਚਾਉਣ ਵਿਚ। ਫ਼ਰੀਦ ਪਛਾਣ ਗਿਆ ਕਿ ਇੱਟ ਪੱਥਰ ਦੀ ਹੈ। ਉਸ ਨੇ ਪੱਥਰ ਦੀ ਇੱਟ ਤਾਂ ਭੁੰਜੇ ਸੁੱਟ ਦਿੱਤੀ ਹੈ, ਪਰ ਸੋਨੇ ਦੀ ਇੱਟ ਅਜੇ ਨਹੀਂ ਮਿਲੀ। ਇਸ ਲਈ ਉਹ ਕਹਿੰਦਾ ਹੈ, ਰਾਤਾਂ ਬਹੁਤ ਲੰਮੀਆਂ ਹੋ ਗਈਆਂ ਹਨ। ਹੱਡੀ-ਹੱਡੀ ਵਿਚ ਦਰਦ ਉੱਠ ਰਿਹਾ ਹੈ। ਜਨਮਾਂ-ਜਨਮਾਂ ਦੀ ਪੀੜ ਹੈ ਟੁਰਨ ਦੀ। ਝੋਲੇ ਨੂੰ ਟੰਗਿਆਂ-ਟੰਗਿਆਂ ਮੋਢਾ ਵੀ ਥੱਕ ਗਿਆ ਹੈ ਅਤੇ ਅੱਜ ਸਭ ਵਿਅਰਥ ਹੋ ਗਿਆ ਅਚਾਨਕ। ਇਕ ਸੰਕ੍ਰਮਣ (ਗਮਨ) ਦੀ ਵੇਲਾ ਆ ਗਈ ਹੈ। ਇਕ ਜੀਵਨ ਸਮਾਪਤ ਹੋਇਆ, ਦੂਜਾ ਅਜੇ ਸ਼ੁਰੂ ਨਹੀਂ ਹੋਇਆ—ਵਿਚਕਾਰਲੀ ਘੜੀ

ਹੈ। ਇਹ ਵਿਚਕਾਰਲੀ ਘੜੀ ਦਾ ਨਾਂ ਵੈਰਾਗ ਹੈ ਅਤੇ ਜੋ ਵੈਰਾਗ ਦੇ ਦਰ ਤੋਂ ਲੰਘ ਗਿਆ, ਉਹ ਹੀ ਪਰਮਤਾਮਾ ਦੇ ਰਾਗ ਨੂੰ ਉਪਲਬਧ ਹੁੰਦਾ ਹੈ। ਉਸ ਰਾਗ ਦਾ ਨਾਉਂ ਪ੍ਰੇਮ ਹੈ। ਵੈਰਾਗ ਤੋਂ ਜਿਹੜਾ ਡਰ ਗਿਆ, ਉਹ ਕਦੇ ਪਰਮਾਤਮਾ ਦੇ ਰਾਗ ਨੂੰ ਉਪਲਬਧ ਨਹੀਂ ਹੋ ਸਕੇਗਾ।

ਸੰਸਾਰ ਤੋਂ ਛੁਟਕਾਰਾ ਉਸ ਦੇ ਵੱਲ ਅੱਖਾਂ ਨੂੰ ਚੁੱਕਣਾ ਹੈ, ਇਥੇ ਹੱਥ ਖ਼ਾਲੀ ਹੁੰਦੇ ਹਨ ਤਾਂ ਉਥੇ ਹੱਥ ਭਰਨੇ ਸ਼ੁਰੂ ਹੋ ਜਾਂਦੇ ਹਨ। ਜਿਹੜਾ ਇਧਰ ਸੰਸਾਰ ਦੇ ਵੱਲ ਬੇਮੁੱਖ ਹੁੰਦਾ ਹੈ, ਉਹ ਉਧਰ ਪਰਮਾਤਮਾ ਦੇ ਵੱਲ ਸਨਮੁੱਖ ਹੋ ਜਾਂਦਾ ਹੈ।

ਪਰਮਾਤਮਾ ਦਾ ਮੰਦਿਰ ਬਾਜ਼ਾਰ ਵਿਚ ਨਹੀਂ ਹੈ ਅਤੇ ਪਰਮਾਤਮਾ ਦੇ ਮੰਦਿਰ ਨੂੰ ਤੁਸੀਂ ਭੁੱਲ ਕੇ ਵੀ ਬਾਜ਼ਾਰ ਦਾ ਹਿੱਸਾ ਨਾ ਬਣਾ ਲੈਣਾ। ਇਹ ਤਾਂ ਹੋ ਸਕਦਾ ਹੈ ਮੰਦਿਰ ਵਿਚ ਹੀ ਸਾਰਾ ਬਾਜ਼ਾਰ ਹੋਵੇ—ਲੇਕਿਨ ਪਰਮਾਤਮਾ ਦਾ ਮੰਦਿਰ ਬਾਜ਼ਾਰ ਵਿਚ ਨਹੀਂ ਹੋ ਸਕਦਾ। ਇਹ ਤਾਂ ਹੋ ਸਕਦਾ ਹੈ ਕਿ ਤੁਹਾਡੀ ਦੁਕਾਨ ਵੀ ਮੰਦਿਰ ਦਾ ਹਿੱਸਾ ਹੋ ਜਾਏ, ਲੇਕਿਨ ਇਹ ਕਦੇ ਨਹੀਂ ਹੋ ਸਕਦਾ ਕਿ ਉਸ ਦਾ ਮੰਦਿਰ ਤੁਹਾਡੀ ਦੁਕਾਨ ਦਾ ਹਿੱਸਾ ਹੋ ਜਾਏ। ਇਸ ਬੁਝਾਰਤ ਨੂੰ ਤੁਸੀਂ ਚੰਗੀ ਤਰ੍ਹਾਂ ਸਮਝ ਲੈਣਾ। ਇਹ ਤਾਂ ਹੋ ਸਕਦਾ ਹੈ ਕਿ ਦੁਕਾਨ ਉੱਤੇ ਬੈਠੇ-ਬੈਠੇ ਵੀ ਤੁਹਾਡੇ ਲਈ ਪ੍ਰਾਰਥਨਾ ਅਤੇ ਪੂਜਾ ਦਾ ਪ੍ਰਕਾਸ਼ ਹੋ ਜਾਏ। ਗ੍ਰਾਹਕ ਵਿਚ ਹੀ ਤੁਹਾਨੂੰ ਰਾਮ ਵਿਖਾਈ ਪੈਣ ਲੱਗੇ। ਦੁਕਾਨ ਹੀ ਤੁਹਾਡੀ ਤਪੱਸਿਆ ਹੋ ਜਾਏ। ਇਹ ਹੋ ਸਕਦਾ ਹੈ। ਲੇਕਿਨ ਮੰਦਿਰ ਦੁਕਾਨ ਨਹੀਂ ਹੋ ਸਕਦਾ।

ਲੇਕਿਨ ਹੁਣ ਤਕ ਤੁਹਾਡੀ ਕੋਸ਼ਿਸ਼ ਇਹ ਹੀ ਰਹੀ ਹੈ ਕਿ ਮੰਦਿਰ ਦੁਕਾਨ ਹੋ ਜਾਏ। ਤੁਸੀਂ ਪਰਮਾਤਮਾ ਨੂੰ ਵੀ ਸੰਸਾਰ ਦਾ ਅੰਗ ਬਣਾ ਲੈਣਾ ਚਾਹਿਆ। ਇਸ ਲਈ ਤੁਸੀਂ ਵਾਂਝੇ ਹੋ। ਇਸ ਤੋਂ ਜਾਗੋ।

ਸੰਸਾਰ ਨੂੰ ਅੱਖ ਭਰ ਕੇ ਵੇਖ ਲਓ। ਠੀਕ ਤਰ੍ਹਾਂ ਵੇਖਦੇ ਹੀ ਤੁਸੀਂ ਪਛਾਣ ਲਉਗੇ ਕਿ ਉਥੇ ਕੁਝ ਵੀ ਨਹੀਂ ਹੈ। ਅਤੇ ਜਿਸ ਦਿਨ ਤੁਹਾਨੂੰ ਦਿੱਸ ਜਾਏ ਕਿ ਸੰਸਾਰ 'ਚ ਕੁਝ ਨਹੀਂ ਹੈ, ਉਸੇ ਦਿਨ ਤੁਹਾਨੂੰ ਪਹਿਲੀ ਵਾਰੀ ਸਮਝ ਆਏਗੀ ਕਿ ਪਰਮਾਤਮਾ ਵਿਚ ਕੁਝ ਹੈ।

ਲੋਕ ਮੇਰੇ ਕੋਲ ਆਉਂਦੇ ਹਨ। ਉਹ ਕਹਿੰਦੇ ਹਨ ਪਰਮਾਤਮਾ ਕਿੱਥੇ ਹੈ? ਮੈਂ ਉਨ੍ਹਾਂ ਨੂੰ ਕਹਿੰਦਾ ਹਾਂ, ਜਦ ਤਕ ਸੰਸਾਰ ਹੈ ਤਦ ਤਕ ਪਰਮਾਤਮਾ ਕਿਤੇ ਵੀ ਨਹੀਂ ਹੈ। ਤੁਸੀਂ ਦੋਹਾਂ ਨੂੰ ਇਕੱਠਾ ਨਹੀਂ ਦੇਖ ਪਾਉਗੇ। ਜਦ ਤਕ ਸੰਸਾਰ ਦਿੱਸਦਾ ਹੈ ਤੁਹਾਡੀਆਂ ਅੱਖਾਂ ਵਿਚ ਤਕ ਤਦ ਪਰਮਾਤਮਾ ਨਹੀਂ ਦਿੱਸੇਗਾ। ਜਦ ਸੰਸਾਰ ਤੁਹਾਡੀਆਂ ਅੱਖਾਂ ਅੱਗੋਂ ਹਟ ਜਾਏਗਾ, ਤਦ ਜੋ ਵਿਖਾਈ ਪੈਂਦਾ ਹੈ, ਉਹ ਹੀ ਪਰਮਾਤਮਾ ਹੈ।

ਅੱਖ ਉੱਤੇ ਇਕ ਧੁੰਦ ਹੈ—ਸੰਸਾਰ ਦੇ ਰਾਗ ਦੀ, ਲੋਭ ਦੀ। ਉਸ ਧੁੰਦ ਨੂੰ ਕੱਟਣਾ ਹੈ। ਇਕ ਜਾਲੀ ਹੈ। ਉਸ ਜਾਲੀ ਨੂੰ ਕੱਟਣਾ ਹੈ ਅਤੇ ਉਸ ਦੇ ਅੰਦਰ ਪ੍ਰੇਮ ਦਾ ਪ੍ਰਕਾਸ਼ ਸੰਭਾਵਿਤ (ਲੁਕਿਆ ਹੋਇਆ) ਹੈ।

ਫ਼ਰੀਦ ਕਹਿੰਦੇ ਹਨ—ਉਹ ਅਭਾਗੇ ਹਨ, ਜਿਹੜੇ ਵਿਅਰਥ ਦੀ ਆਸ ਵਿਚ ਜੀ ਰਹੇ ਹਨ। ਮੇਰੀ ਆਸ ਟੁੱਟ ਗਈ। ਮੈਂ ਨਿਰਾਸ਼ ਹਾਂ! ਰਾਤ ਲੰਮੀ ਹੈ, ਹਨੇਰੀ ਹੈ, ਫਿਰ ਵੀ ਡਰ ਨਹੀਂ ਹੈ—ਕਿਉਂਕਿ ਹਨੇਰੀ ਰਾਤ ਤੋਂ ਪਿੱਛੋਂ ਸਵੇਰੇ ਦਾ ਆਗਮਨ ਹੈ।

ਅੱਜ ਏਨਾ ਹੀ।

ਅੱਠਵਾਂ ਪ੍ਰਵਚਨ

ਸਵਾਲ-ਸਾਰ

1. ਪ੍ਰੇਮ ਅਤੇ ਮੌਤ ਦਾ ਅੰਤਰ-ਸੰਬੰਧ ਕੀ ?
2. ਅਕੱਥ ਕਹਾਣੀ ਪ੍ਰੇਮ ਕੀ—ਉਸ ਦਾ ਅੰਤ ਹੁੰਦਾ ਹੋਇਆ ਕਿਉਂ ਨਹੀਂ ਦਿੱਸਦਾ ?
3. ਪ੍ਰੇਮ, ਕਾਲ ਅਤੇ ਧਿਆਨ ਸਾਡੇ ਲਈ ਇੰਨੇ ਬੇ-ਬੂਝ ਕਿਉਂ ?
4. ਜੀਵਨ ਪ੍ਰਯੋਜਨ ਰਹਿਤ ਹੈ ਤਾਂ ਖ਼ਾਲੀ ਹੱਥ ਜਾਈਏ ਜਾਂ ਭਰੇ ਹੱਥ, ਕੀ ਅੰਤਰ ਹੈ ?
5. ਸਾਰੇ ਸਿਆਣਿਆਂ ਦਾ ਪ੍ਰੇਮ ਉੱਤੇ ਹੀ ਜ਼ੋਰ ਕਿਉਂ ?
6. ਦਰਸ਼ਨ ਦੇ ਵੇਲੇ ਕਪਕਪੀ ਅਤੇ ਭੈਅ ਦੀ ਸਥਿਤੀ ਦਾ ਰਾਜ਼ ?
7. ਨਕਲੀ ਪ੍ਰੇਮ ਦਾ ਗੋਰਖਧੰਦਾ ਬੰਦ ਕਿਉਂ ਨਹੀਂ ਹੁੰਦਾ ?
8. ਓਸ਼ੋ ਰਾਜਨੀਤੀ ਦੇ ਵਿਪੱਖ ਵਿਚ ਕਿਉਂ ? ਕੀ ਅਰਾਜਕਵਾਦੀ ਹਨ ? ਕ੍ਰਾਂਤੀ ਦੇ ਆਗੂਆ ਕਿਉਂ ਨਹੀਂ ਬਣਦੇ ?

ਪਹਿਲਾ ਸਵਾਲ—ਤੁਸੀਂ ਜਦ ਵੀ ਪ੍ਰੇਮ ਉੱਤੇ ਚਰਚਾ ਕਰਦੇ ਹੋ ਤਦ ਜ਼ਰੂਰੀ ਮੌਤ ਨੂੰ ਕਿਉਂ ਜੋੜ ਲੈਂਦੇ ਹੋ?

ਕਿਉਂਕਿ ਮੌਤ ਪ੍ਰੇਮ ਦਾ ਸਵਰੂਪ ਹੈ, ਕਿਉਂਕਿ ਪ੍ਰੇਮ ਮਹਾਂਮ੍ਰਿਤਯੂ ਹੈ। ਜਿਸ ਨੇ ਮੌਤ ਨੂੰ ਨਹੀਂ ਸਮਝਿਆ, ਉਹ ਪ੍ਰੇਮ ਨੂੰ ਵੀ ਸਮਝ ਨਹੀਂ ਪਾਏਗਾ। ਜਿਸ ਨੇ ਪ੍ਰੇਮ ਨੂੰ ਨਹੀਂ ਸਮਝਿਆ, ਉਹ ਮੌਤ ਤੋਂ ਸਦਾ ਲਈ ਨਾਵਾਕਿਫ਼ ਰਹਿ ਜਾਏਗਾ। ਮੌਤ ਹੈ ਸ੍ਵੈ ਇੱਛਾ ਨਾਲ ਮਰਨ ਦੀ ਗੱਲ ਤਾਂ ਹੀ ਸਮਝੀ ਜਾ ਸਕਦੀ ਹੈ। ਆਪਣੀ ਇੱਛਾ ਨਾਲ ਤਾਂ ਕੋਈ ਪ੍ਰੇਮ ਵਿਚ ਹੀ ਮਰਦਾ ਹੈ। ਮੌਤ ਵਿਚ ਆਪਣੀ ਮਰਜ਼ੀ ਨਾਲ ਮਰਨਾ ਤਾਂ ਬਹੁਤ ਔਖਾ ਹੁੰਦਾ ਹੈ। ਜਿਸ ਨੇ ਪ੍ਰੇਮ ਵਿਚ ਮਰਨਾ ਸਿੱਖਿਆ, ਮਿਟਣਾ ਸਿੱਖਿਆ, ਜਿਸ ਨੇ ਮਿਟ ਜਾਣ ਦਾ ਮਜ਼ਾ ਲੈ ਲਿਆ, ਜਿਸ ਨੂੰ ਮਿਟਣੇ ਦਾ ਸਵਾਦ ਆ ਗਿਆ—ਉਹ ਸ਼ਾਇਦ ਮੌਤ ਵਿਚ ਵੀ ਮਿਟਣੇ ਨੂੰ ਆਪਣੀ ਮਰਜ਼ੀ ਨਾਲ ਰਾਜ਼ੀ ਹੋ ਜਾਏ।

ਸੋ ਪ੍ਰੇਮ ਪਾਠਸ਼ਾਲਾ ਹੈ, ਉਸ ਪਾਠਸ਼ਾਲਾ ਵਿਚ ਮਿਟਣਾ ਸਿੱਖਣਾ ਹੈ। ਮਿਟੇ ਬਿਨਾਂ ਕੋਈ ਪ੍ਰੇਮ ਨੂੰ ਉਪਲਬਧ ਨਹੀਂ ਹੁੰਦਾ। ਤੁਸੀਂ ਜਦ ਤਕ ਹੋ ਤਦ ਤਕ ਪ੍ਰੇਮ ਨਹੀਂ ਹੋ ਸਕੇਗਾ। ਤੁਹਾਡਾ ਸਿੰਘਾਸਣ ਜਦ ਖ਼ਾਲੀ ਹੋ ਜਾਂਦਾ ਹੈ ਤਾਂ ਤਦ ਹੀ ਪ੍ਰੇਮ ਦਾ ਸਮਰਾਟ ਉਤਰਦਾ ਹੈ। ਇਸ ਲਈ ਮਿਟਣ ਦੀ ਤਿਆਰੀ ਹਰ ਹਾਲਤ ਵਿਚ ਜ਼ਰੂਰੀ ਹੈ। ਉਸ ਨਾਲ ਹੀ ਤੁਸੀਂ ਪ੍ਰੇਮ ਨੂੰ ਜਾਣੋਗੇ। ਉਸੇ ਨਾਲ ਤੁਸੀਂ ਮੌਤ ਨੂੰ ਜਾਣੋਗੇ, ਉਸੇ ਨਾਲ ਤੁਸੀਂ ਪ੍ਰਾਰਥਨਾ ਨੂੰ ਜਾਣੋਗੇ, ਉਸੇ ਨਾਲ ਤੁਸੀਂ ਪਰਮਾਤਮਾ ਨੂੰ ਜਾਣੋਗੇ।

ਪ੍ਰੇਮ ਕੁੰਜੀ ਹੈ। ਅਤੇ ਉਸ ਇਕ ਕੁੰਜੀ ਨਾਲ ਸਾਰੇ ਜੰਦਰੇ ਖੁੱਲ੍ਹ ਜਾਂਦੇ ਹਨ। ਇਸ ਲਈ ਤਾਂ ਫ਼ਰੀਦ ਕਹਿੰਦੇ ਹਨ, ਅਕਥ ਕਹਾਣੀ ਪ੍ਰੇਮ ਦੀ। ਦਰਵਾਜ਼ੇ ਬਹੁਤ ਹੋਣਗੇ, ਤਾਲੇ ਬਹੁਤ ਹੋਣਗੇ, ਲੇਕਿਨ ਸਭ ਤਾਲਿਆਂ ਦੇ ਅੰਦਰ ਚਾਬੀ ਇਕ ਹੀ ਕੰਮ ਕਰ ਜਾਂਦੀ ਹੈ, ਉਹ ਪ੍ਰੇਮ ਦੀ ਹੈ।

ਇਸ ਲਈ ਜ਼ਰੂਰ ਹੀ ਪ੍ਰੇਮ ਦੇ ਨਾਲ ਮੌਤ ਦੀ ਚਰਚਾ ਕਰਨੀ ਹੀ ਪਏਗੀ। ਜਿਸ ਨੇ ਪ੍ਰੇਮ ਦੀ ਚਰਚਾ ਕੀਤੀ ਅਤੇ ਮੌਤ ਨੂੰ ਪਿੱਛੇ ਕੀਤਾ, ਉਸ ਦੀ ਪ੍ਰੇਮ ਦੀ ਚਰਚਾ ਵਿਅਰਥ ਹੈ, ਅਧੂਰੀ ਹੈ, ਉਸ ਵਿਚ ਕੋਈ ਗਹਿਰਾਈ ਨਹੀਂ ਹੈ।

ਉਹ ਜ਼ਿਆਦਾ ਤੋਂ ਜ਼ਿਆਦਾ ਆਦਮੀ ਦੀ ਵਾਸਨਾ ਦੀ ਗੱਲ ਕਰ ਲਵੇਗਾ, ਕਾਮਨਾ ਦੀ ਗੱਲ ਕਰ ਲਏਗਾ, ਪਰ ਪ੍ਰੇਮ ਦੀ ਡੂੰਘਾਈ ਛੂਹੀ ਵੀ ਨਹੀਂ ਜਾ ਸਕੇਗੀ।

ਤੁਹਾਨੂੰ ਵਿਰੋਧਾਭਾਸ ਲੱਗਦਾ ਹੈ, ਕਿਉਂਕਿ ਤੁਸੀਂ ਤਾਂ ਸੋਚਦੇ ਹੋ—ਪ੍ਰੇਮ ਯਾਨੀ ਜੀਵਨ। ਅਤੇ ਮੈਂ ਤੁਹਾਨੂੰ ਆਖਦਾ ਹਾਂ ਪ੍ਰੇਮ ਯਾਨੀ ਮੌਤ। ਤੁਹਾਨੂੰ ਵਿਰੋਧਾਭਾਸ ਲੱਗਦਾ ਹੈ, ਕਿਉਂਕਿ ਨਾ ਤਾਂ ਤੁਸੀਂ ਜੀਵਨ ਨੂੰ ਜਾਣਦੇ ਹੋ, ਨਾ ਤੁਸੀਂ ਮੌਤ ਨੂੰ। ਜੀਵਨ ਦੀ ਗਹਨਤਮ ਗਹਿਰਾਈ ਮੌਤ ਵਿਚ ਹੈ। ਜੀਵਨ ਨੂੰ ਵੀ ਜਾਨਣਾ ਹੋਵੇ ਤਾਂ ਵੀ ਡੁੱਬਣਾ ਪਏਗਾ। ਜਿਵੇਂ ਬੂੰਦ ਸਾਗਰ ਵਿਚ ਗੁਆਚ ਜਾਂਦੀ ਹੈ, ਇਸ ਤਰ੍ਹਾਂ ਤੁਹਾਨੂੰ ਜੀਵਨ ਦੇ ਮਹਾਂਸਾਗਰ ਵਿਚ ਗੁਆਚ ਜਾਣਾ ਪਏਗਾ।

ਜੀਸਸ ਦੇ ਜੀਵਨ ਦੀ ਕਥਾ ਦਾ ਇਹ ਹੀ ਸਾਰ ਹੈ। ਇਧਰ ਸੂਲੀ ਲੱਗੀ, ਉਧਰ ਪੁਨਰਜੀਵਿਤ ਹੋਏ। ਇਸਾਈਅਤ ਭੁੱਲ ਗਈ ਇਸ ਗੱਲ ਨੂੰ, ਠੀਕ ਤਰ੍ਹਾਂ ਸਮਝ ਨਹੀਂ ਪਾਈ, ਕਿਉਂਕਿ ਪ੍ਰੇਮ ਅਤੇ ਮੌਤ ਨੂੰ ਜੋੜਨਾ ਇਸਾਈਅਤ ਨੂੰ ਵੀ ਮੁਸ਼ਕਿਲ ਹੋਇਆ। ਜੀਸਸ ਨੂੰ ਮੰਨਣ ਵਾਲੇ, ਜੀਸਸ ਦੇ ਸੂਲੀ ਚੜ੍ਹਦੇ ਵਕਤ ਸੋਚਦੇ ਸੀ, ਜੀਸਸ ਮਰਨਗੇ ਨਹੀਂ। ਕੋਈ ਚਮਤਕਾਰ ਹੋਏਗਾ। ਮੌਤ ਕੋਲੋਂ ਬਚਾ ਲਏ ਜਾਣਗੇ। ਕਿਉਂਕਿ ਉਹ ਵੀ ਮੌਤ ਕੋਲੋਂ ਡਰੇ ਸੀ। ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਪ੍ਰੇਮ ਦੀ ਆਖ਼ਰੀ ਗਹਿਰਾਈ ਮੌਤ ਹੈ, ਕ੍ਰਾਸ ਹੈ, ਸੂਲੀ ਹੈ ਅਤੇ ਜਦ ਜੀਸਸ ਮਰ ਗਏ ਸੂਲੀ ਉੱਤੇ ਤਾਂ ਮਿੱਤਰ ਅਤੇ ਪੈਰੋਕਾਰ ਵਿਦਾ ਹੋ ਗਏ—ਉਦਾਸ ਥੱਕੇ ਹਾਰੇ। ਕੋਈ ਚਮਤਕਾਰ ਨਾ ਵਾਪਰਿਆ ਅਤੇ ਜਦ ਤਿੰਨਾਂ ਦਿਨਾਂ ਬਾਅਦ ਕਥਾ, ਕਹਿੰਦੀ ਹੈ, ਜੀਸਸ ਵੇਖੇ ਗਏ ਜੀਉਂਦੇ ਤਾਂ ਪਿੱਛੇ ਟੁਰਨ ਵਾਲੇ ਭਰੋਸਾ ਨਾ ਕਰ ਸਕੇ, ਕਿਉਂਕਿ ਇਹ ਹੋ ਹੀ ਕਿਵੇਂ ਸਕਦਾ ਹੈ? ਜਿਹੜਾ ਮਰ ਗਿਆ ਸੂਲੀ ਉੱਤੇ ਉਹ ਦੋਬਾਰਾ ਜੀਵਿਤ ਕਿਵੇਂ? ਨਾਮੁਮਕਿਨ! ਫਿਰ ਚੂਕ ਗਏ।

ਪ੍ਰੇਮ ਦੀ ਡੂੰਘਾਈ ਮੌਤ ਹੈ ਅਤੇ ਮੌਤ ਤੋਂ ਫਿਰ ਪੁਨਰਜੀਵਨ ਹੈ, ਨਵਾਂ ਜੀਵਨ ਹੈ।

ਇਹ ਜੀਸਸ ਦੀ ਪੂਰੀ ਕਥਾ ਇੰਨੀ ਹੀ ਹੈ। ਅਜਿਹਾ ਕਦੇ ਹੋਇਆ ਜਾਂ ਨਹੀਂ, ਇਹ ਗੱਲ ਮਹੱਤਵਪੂਰਣ ਨਹੀਂ ਹੈ। ਕੋਈ ਸੂਲੀ ਉੱਤੇ ਲਟਕਿਆ, ਫਿਰ ਟੁਰਿਆ ਜੀਵਨ ਉੱਤੇ, ਇਹ ਗੱਲ ਮਹੱਤਵਪੂਰਣ ਨਹੀਂ ਹੈ। ਇਹ ਤਾਂ ਇਕ ਬੋਧ-ਕਥਾ ਹੈ। ਸੂਲੀ ਦੇ ਬਾਅਦ ਮਹਾਂਜੀਵਨ ਹੈ ਅਤੇ ਇਸ ਕਥਾ ਵਿਚ ਇਕ ਗੱਲ ਸਮਝ ਲੈਣ ਵਰਗੀ ਹੈ। ਉਨ੍ਹਾਂ ਦੇ ਜੋ ਖ਼ਾਸ-ਖ਼ਾਸ ਸ਼ਿਸ਼ ਹਨ—ਲਯੂਕ,

ਮਾਰਕ, ਥਾਮਸ—ਉਹ ਕੋਈ ਪਛਾਣ ਨਾ ਸਕੇ। ਉਨ੍ਹਾਂ ਨੂੰ ਪਛਾਣਿਆ, ਉਨ੍ਹਾਂ ਨੂੰ ਇਕ ਪ੍ਰੇਮ ਕਰਨ ਵਾਲੀ ਸ਼ਿਸ਼ਿਆ ਨੇ। ਉਹ ਸ਼ਿਸ਼ਿਆ ਵੀ ਅਸਾਧਾਰਣ ਸੀ। ਉਹ ਇਕ ਵੈਸ਼ਿਆ ਸੀ—ਮੇਰੀ ਮਰਾਦਲਿਨ। ਇਸਾਈਅਤ ਉਸ ਨੂੰ ਝੁਠਲਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ, ਇਸ ਗੱਲ ਨੂੰ ਛੁਪਾਉਂਦੀ ਹੈ, ਕਿਉਂਕਿ ਇਹ ਗੱਲ ਜਚਦੀ ਨਹੀਂ। ਵੱਡੇ-ਵੱਡੇ ਅਨੁਯਾਈ, ਸੰਤ ਜਿਨ੍ਹਾਂ ਨੂੰ ਇਸਾਈਅਤ ਕਹਿੰਦੀ ਹੈ, ਉਹ ਨਾ ਪਛਾਣ ਸਕੇ—ਅਤੇ ਪਛਾਣਿਆ ਇਕ ਵੈਸ਼ਿਆ ਨੇ।

ਇਹ ਗੱਲ ਵੀ ਮੈਂ ਮੰਨਦਾ ਹਾਂ, ਕਾਰਗਰ ਹੈ, ਅਰਥਪੂਰਣ ਹੈ। ਪ੍ਰੇਮ ਹੀ ਪਛਾਣੇਗਾ। ਵੈਸ਼ਿਆ ਦਾ ਪ੍ਰੇਮ ਵੀ ਪਛਾਣ ਲੈਂਦਾ ਹੈ। ਸੰਤ ਦਾ ਪਾਂਡਿਤਯ ਵੀ ਨਹੀਂ ਪਛਾਣ ਪਾਂਦਾ। ਪ੍ਰੇਮ ਦੀ ਅਜਿਹੀ ਮਹਿਮਾ ਹੈ। ਵੈਸ਼ਿਆ ਦਾ ਪ੍ਰੇਮ ਵੀ ਪਛਾਣ ਲਏਗਾ। ਵੈਸ਼ਿਆ ਦੇ ਪ੍ਰੇਮ ਵਿਚ ਕਿੰਨੀ ਹੀ ਅਪਵਿੱਤਰਤਾ ਹੋਵੇ ਤਾ ਵੀ ਪ੍ਰੇਮ ਦੀ ਇਕ ਕਿਰਣ ਤਾਂ ਮੌਜੂਦ ਹੈ। ਅਤੇ ਸੰਤ ਦੇ ਤਥਾ-ਕਥਿਤ ਪੰਡਤਾਈ ਵਿਚ ਕਿੰਨੀਆਂ ਹੀ ਪਵਿੱਤਰਤਾ ਦੀਆਂ ਧਾਰਨਾਵਾਂ ਹੋਣ, ਪਵਿੱਤਰਤਾ ਦੀ ਇਕ ਵੀ ਜੀਵਿਤ ਕਿਰਣ ਨਹੀਂ ਹੈ।

ਮਸਤਕ ਨਾ ਪਛਾਣ ਸਕਿਆ, ਹਿਰਦੇ ਨੇ ਪਛਾਣ ਲਿਆ। ਆਦਮੀ ਨਾ ਪਛਾਣ ਸਕੇ, ਇਸਤ੍ਰੀ ਨੇ ਪਛਾਣ ਲਿਆ। ਇਹ ਗੱਲ ਸੋਚਣ ਵਾਲੀ ਹੈ। ਸੋਚ-ਵਿਚਾਰ ਕੰਮ ਨਾ ਆਇਆ। ਦਿਲ ਦੀਆਂ ਅੰਨ੍ਹੀਆਂ ਅੱਖਾਂ ਕੰਮ ਆ ਗਈਆਂ।

ਪ੍ਰੇਮ ਦੀ ਕਹਾਣੀ ਬਹੁਤ ਮਹੱਤਵਪੂਰਣ ਹੈ। ਪਰ ਮੌਤ ਨੂੰ ਸਮਝੋਗੇ ਤਾਂ ਹੀ ਸਮਝ ਆਏਗੀ। ਅਤੇ ਜੋ ਪ੍ਰੇਮ ਵਿਚ ਮਰਨ ਨੂੰ ਰਾਜ਼ੀ ਹੈ। ਉਹ ਪਰਮਾਤਮਾ ਹਜ਼ਾਰ ਰੂਪਾਂ ਵਿਚ ਜ਼ਿੰਦਾ ਕਰ ਦਿੰਦਾ ਹੈ।

ਦੂਜਾ ਸਵਾਲ—ਜੋ ਵੀ ਅਸਤਿੱਤਵਗਤ ਹੈ—ਪ੍ਰੇਮ, ਕਾਲ, ਧਿਆਨ ਇਹ ਸਭ ਬੇਬੂਝ ਕਿਉਂ ਹਨ ਸਾਡੇ ਲਈ ?

ਅਸਤਿੱਤਵ (ਹੋਂਦ—ਮੌਜੂਦਗੀ) ਰਾਜ਼ ਹੈ। ਬੇਬੂਝ ਹੋਣਾ ਉਸ ਦਾ ਸੁਭਾਵ ਹੈ। ਬੇਬੂਝ ਹੋਣਾ ਕੋਈ ਘਟਨਾ ਨਹੀਂ ਹੈ, ਕੋਈ ਉਲਝਣ ਨਹੀਂ ਹੈ, ਜਿਸ ਨੂੰ ਤੁਸੀਂ ਸੁਲਝਾ ਸਕੋਗੇ। ਬੇਬੂਝ ਹੋਣਾ ਅਸਤਿੱਤਵ ਦਾ ਸੁਭਾਵ ਹੈ।

ਇਸ ਭੇਦ ਨੂੰ ਠੀਕ ਤਰ੍ਹਾਂ ਸਮਝ ਲਓ।

ਇਹ ਕੱਪੜੇ ਮੈਂ ਪਾ ਰੱਖੇ ਹਨ—ਇਹ ਮੇਰਾ ਸੁਭਾਵ ਨਹੀਂ ਹੈ। ਮੈਂ ਦੂਜੇ ਕੱਪੜੇ ਪਾ ਸਕਦਾ ਹਾਂ। ਮੈਂ ਨਗਨ ਹੋ ਸਕਦਾ ਹਾਂ। ਮੈਂ ਕੱਪੜਿਆਂ ਦਾ ਤਿਆਗ ਵੀ ਕਰ ਸਕਦਾ ਹਾਂ। ਇਹ ਉਪਰਲੀ ਘਟਨਾ ਹੈ। ਸੰਯੋਗ ਹੈ, ਸੁਭਾਵ ਨਹੀਂ

ਹੈ। ਪਾਏ ਹੋਏ ਹਨ ਤਾਂ ਠੀਕ, ਉਤਾਰ ਦਿਆਂ ਤਾਂ ਕੋਈ ਕੱਪੜੇ ਜ਼ਬਰਦਸਤੀ ਨਹੀਂ ਕਰ ਸਕਣਗੇ ਕਿ ਅਸੀਂ ਉਤਰਦੇ ਨਹੀਂ।

ਲੇਕਿਨ ਫਿਰ ਮੇਰੀ ਚਮੜੀ ਹੈ, ਚਮੜੀ ਦਾ ਉਤਰਨਾ ਬਹੁਤ ਔਖਾ ਹੋਏਗਾ., ਹਾਲਾਂਕਿ ਉਤਾਰੀ ਜਾ ਸਕਦੀ ਹੈ। ਸੰਯੋਗ ਉਹ ਵੀ ਹੈ—ਥੋੜ੍ਹਾ ਗਹਿਰਾ ਸੰਯੋਗ ਹੈ। ਲੇਕਿਨ ਫਿਰ ਵੀ ਸੰਯੋਗ ਹੈ। ਚਮੜੀ ਵੀ ਖਿੱਚੀ ਜਾ ਸਕਦੀ ਹੈ, ਉਤਾਰੀ ਜਾ ਸਕਦੀ ਹੈ। ਫਿਰ ਉਸ ਦੇ ਅੰਦਰ ਮੈਂ ਹਾਂ। ਉਸ ਮੈਂ ਨੂੰ ਤਾਂ ਮੇਰੇ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਕੋਈ ਉਪਾਇ ਨਹੀਂ ਹੈ। ਕੋਈ ਪਲਾਸਟਿਕ ਸਰਜਰੀ ਕੰਮ ਨਹੀਂ ਆਏਗੀ। ਉਹ ਮੇਰਾ ਸੁਭਾਵ ਹੈ।

ਜੋ ਵੀ ਮੇਰੇ ਤੋਂ ਵੱਖ ਕੀਤਾ ਜਾ ਸਕੇ, ਉਹ ਮੇਰਾ ਸੁਭਾਵ ਨਹੀਂ ਹੈ, ਸੰਯੋਗ ਹੈ। ਕੋਈ ਸੰਯੋਗ ਬਹੁਤ ਗਹਿਰਾ ਹੋਏਗਾ, ਕੋਈ ਬਹੁਤ ਗਹਿਰਾ ਨਹੀਂ ਹੋਏਗਾ। ਪਰ ਸਭ ਸੰਯੋਗ ਤੋੜੇ ਜਾ ਸਕਦੇ ਹਨ। ਨਦੀ-ਨਾਵ ਸੰਯੋਗ ਅਸੀਂ ਕਹਿੰਦੇ ਹਾਂ। ਕੋਈ ਜ਼ਰੂਰੀ ਨਹੀਂ ਕਿ ਨਦੀ-ਨਾਵ ਵਿਚ ਰਹੇ, ਅਜਿਹਾ ਵੀ ਜ਼ਰੂਰੀ ਨਹੀਂ ਕਿ ਨਾਵ ਵਿਚ ਨਦੀ ਰਹੇ ਹੀ ਜਾਂ ਨਾਵ ਨਦੀ ਵਿਚ ਰਹੇ। ਕੋਈ ਜ਼ਰੂਰਤ ਨਹੀਂ ਹੈ। ਬੇੜੀ ਨੂੰ ਤੁਸੀਂ ਨਦੀ ਵਿਚੋਂ ਕੱਢ ਲਓ ਤਾਂ ਕੋਈ ਅੜਚਨ ਨਹੀਂ ਹੈ, ਨਦੀ ਬਿਨਾਂ ਬੇੜੀ ਤੋਂ ਵੀ ਹੋ ਸਕਦੀ ਹੈ। ਬੇੜੀ ਬਿਨਾਂ ਨਦੀ ਦੇ ਹੋ ਸਕਦੀ ਹੈ। ਸੰਯੋਗ ਉਪਰੀ ਹਨ। ਪਰ ਕੁਝ ਨਦੀ ਦਾ ਸੁਭਾਵ ਹੈ—ਜਿਵੇਂ ਵਗਣਾ। ਨਦੀ ਵਿਚ ਬਹਾਵ ਨਾ ਹੋਵੇ ਤਾਂ ਤਲਾਬ ਹੋ ਜਾਏਗੀ, ਨਦੀ ਨਹੀਂ ਰਹੇਗੀ, ਫਿਰ ਸੜੇਗੀ। ਜਿਸ ਨਦੀ ਵਿਚ ਬਹਾਵ ਨਾ ਰਿਹਾ, ਉਹ ਸਾਗਰ ਵੱਲ ਜਾਣਾ ਬੰਦ ਹੋ ਗਈ। ਉਹ ਉਸ ਦਾ ਸੁਭਾਵ ਸੀ। ਉਸ ਦੇ ਬਿਨਾਂ ਉਹ ਨਦੀ ਹੀ ਨਾ ਰਹੀ। ਫਿਰ ਤੁਹਾਨੂੰ ਉਸ ਨੂੰ ਕੁਝ ਹੋਰ ਨਾਮ ਦੇਣਾ ਪਏਗਾ—ਸਰੋਵਰ ਕਹੋ, ਕੁਝ ਹੋਰ ਕਹੋ, ਨਦੀ ਨਹੀਂ ਕਹਿ ਸਕੋਗੇ। ਉਸ ਦਾ ਬਹਾਵ ਗੁਆਚ ਗਿਆ।

ਫਿਰ ਪਾਣੀ ਹੈ ਨਦੀ ਦਾ। ਜਲ ਹੀ ਗੁਆਚ ਜਾਏ ਤਾਂ ਭਾਸ਼ਾ ਵਿਚ ਸਾਨੂੰ ਇਸ ਤਰ੍ਹਾਂ ਦੇ ਪ੍ਰਯੋਗ ਕਰਨੇ ਪੈਂਦੇ ਹਨ—ਅਸੀਂ ਕਹਿੰਦੇ ਹਾਂ, ਸੁੱਕੀ ਨਦੀ। ਇਹ ਬਿਲਕੁਲ ਪਾਗਲਪਨ ਦੀ ਗੱਲ ਹੈ। ਸੁੱਕੀ ਕਦੇ ਕੋਈ ਨਦੀ ਹੋ ਸਕਦੀ ਹੈ? ਸੁੱਕੀ ਨਦੀ ਤਾਂ ਕੇਵਲ ਨਦੀ ਦੇ ਨਾ ਹੋਣ ਦਾ ਨਾਮਰੂਪ ਹੈ। ਕਦੇ ਨਦੀ ਇਥੇ ਵਗਦੀ ਸੀ, ਹੁਣ ਸਿਰਫ਼ ਸੁੱਕਾ ਪਾਟ ਰਹਿ ਗਿਆ ਹੈ। ਕਦੇ ਨਾ ਕਹੋ ਕਿ ਇਹ ਨਦੀ ਹੈ। ਇੰਨਾ ਹੀ ਕਹੋ ਕਿ ਕਦੇ ਇਥੇ ਨਦੀ ਵਗਦੀ ਸੀ। ਹੁਣ ਤਾਂ ਨਦੀ ਦਾ ਬਿਲਕੁਲ ਅਭਾਵ ਹੈ, ਇਸ ਨੂੰ ਤੁਸੀਂ ਸੁੱਕੀ ਨਦੀ ਕਹਿੰਦੇ ਹੋ। ਇਹ ਭਾਸ਼ਾ

ਦੀ ਗ਼ਲਤ ਵਰਤੋਂ ਹੈ। ਕਿਉਂਕਿ ਨਦੀ ਅਤੇ ਗਿੱਲੀ ਨਾ ਹੋਵੇ ਤਾਂ ਨਦੀ ਕਿੱਥੇ ? ਨਦੀ ਸੁੱਕੀ ਕਿਵੇਂ ਹੋ ਸਕਦੀ ਹੈ ? ਉਸ ਦਾ ਕੋਈ ਉਪਾਇ ਨਹੀਂ ਹੈ।

ਅਸਤਿੱਤਵ ਦਾ ਸੁਭਾਵ ਹੈ ਬੇਬੂਝਤਾ, ਰਹੱਸਯ। ਕੋਈ ਵੀ ਉਪਾਇ ਨਹੀਂ ਹੈ ਕਿ ਅਸੀਂ ਉਸ ਨੂੰ ਉਤਾਰ ਕੇ ਵੱਖ ਕਰ ਦੇਈਏ। ਸਾਇੰਸ ਕਿੰਨੀ ਕੋਸ਼ਿਸ਼ ਕਰਦੀ ਹੈ—ਇਹ ਹੀ ਕੋਸ਼ਿਸ ਹੈ ਕਿ ਕਿਸੇ ਤਰ੍ਹਾਂ ਬੇਬੂਝਪਨ ਮਿਟ ਜਾਏ, ਕਿਸੇ ਤਰ੍ਹਾਂ ਗੱਲ ਸਮਝ 'ਚ ਆ ਜਾਏ, ਵਿਆਖਿਆ ਹੋ ਜਾਏ, ਕੋਈ ਅਸੂਲ ਬਣ ਜਾਏ, ਜਿਹੜਾ ਜੀਵਨ ਨੂੰ ਸੁਲਝਾ ਦੇਵੇ। ਲੇਕਿਨ ਵਿਗਿਆਨ ਨੇ ਜਿੰਨੇ ਵੀ ਉਪਾਇ ਕੀਤੇ ਹਨ ਓਨੀ ਹੀ ਮੁਸੀਬਤ ਵਧੀ ਹੈ। ਚੀਜ਼ਾਂ ਸੁਲਝੀਆਂ ਨਹੀਂ ਹਨ ਹੋਰ ਉਲਝ ਗਈਆਂ। ਜਿੰਨਾ ਵਿਗਿਆਨ ਡੂੰਘਾ ਗਿਆ ਹੈ ਓਨਾ ਹੀ ਉਸ ਨੇ ਪਾਇਆ ਕਿ ਹੋਰ ਡੂੰਘਾਈਆਂ ਖੁੱਲ੍ਹ ਗਈਆਂ। ਇਕ ਰਹੱਸਯ ਨੂੰ ਲੱਗਦਾ ਸੀ ਸੁਲਝਾ ਰਹੇ ਹਾਂ, ਦਸ ਨਵੇਂ ਰਾਜ਼ ਉਲਝ ਗਏ।

ਬਹੁਤ ਵੱਡੇ ਵਿਗਿਆਨਕ ਏਡਿੰਗਟਨ ਨੇ ਲਿਖਿਆ ਹੈ ਕਿ ਸੌ ਸਾਲ ਪਹਿਲਾਂ ਵਿਗਿਆਨਿਕ ਸੋਚਦੇ ਸਨ, ਅਸੀਂ ਬਿਲਕੁਲ ਹੁਣ ਦਰਵਾਜ਼ੇ ਦੇ ਨੇੜੇ ਹਾਂ, ਰਹੱਸਯ ਦਾ ਦੁਆਰ ਆਇਆ ਕਿ ਆਇਆ, ਹੁਣੇ ਖੁੱਲ੍ਹਿਆ, ਹੁਣੇ ਖੁੱਲ੍ਹਿਆ, ਜ਼ਰਾ ਸਮੇਂ ਦੀ ਦੇਰ ਹੈ, ਥੋੜ੍ਹੇ ਪ੍ਰਯੋਗ ਹੋਰ, ਥੋੜ੍ਹੀ ਕੋਸ਼ਿਸ਼ ਹੋਰ। ਬਹੁਤ ਤਸੱਲੀਬਖ਼ਸ਼ ਸਨ। ਲੇਕਿਨ ਇਸ ਸਦੀ ਦੇ ਪ੍ਰਾਰੰਭ ਵਿਚ ਉਮੀਦਾਂ, ਤਸੱਲੀਆਂ, ਡਗਮਗਾ ਗਈਆਂ। ਦਰਵਾਜ਼ੇ 'ਤੇ ਆ ਵੀ ਗਏ, ਦਰਵਾਜ਼ਾ ਖੁੱਲ੍ਹ ਵੀ ਗਿਆ—ਪਤਾ ਚੱਲਿਆ, ਹੋਰ ਨਵੇਂ ਦਰਵਾਜ਼ੇ ਹਨ। ਜਿਵੇਂ ਪਿਆਜ਼ ਨੂੰ ਛਿੱਲੋ, ਇਕ ਪਰਤ ਨਿਕਲੀ ਅਤੇ ਦੂਜੀ ਪਰਤ ਆ ਗਈ। ਪਿਆਜ਼ ਤਾਂ ਕਦੇ ਛਿੱਲਿਆ ਵੀ ਜਾਏਗਾ ਪੂਰਾ ਅਤੇ ਹੱਥ ਵਿਚ ਕੁਝ ਵੀ ਨਹੀਂ ਬਚੇਗਾ। ਪਰ ਜੀਵਨ ਦਾ ਢੰਗ ਅਜਿਹਾ ਹੈ, ਅਸਤਿੱਤਵ ਦਾ ਢੰਗ ਅਜਿਹਾ ਹੈ—ਪਰਤ-ਦਰ-ਪਰਤ ਹੈ। ਕਦੇ ਛਿੱਲ ਨਹੀਂ ਪਾਏਗਾ। ਤੁਸੀਂ ਉਘਾੜਦੇ ਜਾਓਗੇ, ਉਘੜਨ ਲਈ ਬਾਕੀ ਰਹੇਗਾ।

ਤੁਸੀਂ ਮਹਾਂਭਾਰਤ ਦੀ ਕਥਾ ਸੁਣੀ ਹੈ, ਉਹ ਕਥਾ ਮਹਾਂਭਾਰਤ ਦੀ ਨਹੀਂ ਹੈ, ਵਿਗਿਆਨ ਅਤੇ ਅਸਤਿੱਤਵ ਦੀ ਹੈ। ਦ੍ਰੋਪਦੀ ਦਾ ਵਸਤ੍ਰ ਉਘਾੜਿਆ ਗਿਆ ਹੈ, ਉਹ ਵਧਦਾ ਚਲਾ ਜਾਂਦਾ ਹੈ। ਉਹ ਜਿਹੜੇ ਕੱਪੜੇ ਉਤਾਰ ਰਹੇ ਸਨ, ਦ੍ਰੋਪਦੀ ਨੂੰ ਨੰਗਾ ਕਰਨ ਲਈ ਉਤਾਵਲੇ ਹੋਏ ਸਨ। ਵਿਗਿਆਨ ਕੁਦਰਤ ਨੂੰ ਨੰਗਾ ਕਰਨ ਲਈ ਉਤਾਵਲਾ ਹੋਇਆ ਹੈ—ਜਾਣ ਲੈਣਾ ਹੈ ਪੂਰਾ।

ਕਥਾ ਹੈ ਕ੍ਰਿਸ਼ਨ ਕੱਪੜੇ ਨੂੰ ਵਧਾਉਂਦੇ ਚਲੇ ਗਏ। ਇਹ ਤਾਂ ਕਥਾ ਹੈ। ਕੋਈ ਇਵੇਂ ਕ੍ਰਿਸ਼ਨ ਬੈਠੇ ਨਹੀਂ। ਦ੍ਰੋਪਦੀਆਂ ਨਿਸ਼ਚਿਤ ਨਾ ਰਹਿਣ। ਕੱਪੜੇ ਖੋਹੇ

ਜਾਣ ਤਾਂ ਕੁਝ ਕਰਨ, ਕੋਈ ਕ੍ਰਿਸ਼ਨ ਬੈਠੇ ਨਹੀਂ ਕਿਤੇ ਕਿ ਵਸਤ੍ਰ ਨੂੰ ਵਧਾ ਦੇਣਗੇ।

ਨਹੀਂ, ਲੇਕਿਨ ਕਹਾਣੀ ਬਹੁਤ ਮਹੱਤਵਪੂਰਣ ਹੈ। ਉਸ ਨੂੰ ਸੱਚੀ ਨਾ ਸਮਝਣਾ, ਉਸ ਨੂੰ ਪ੍ਰਤੀਕ ਸਮਝਣਾ। ਉਹ ਇਹ ਹੈ ਕਿ ਪਰਮਾਤਮਾ ਦਾ ਢੰਗ ਅਜਿਹਾ ਹੈ, ਉਸ ਦਾ ਹੋਣਾ ਅਜਿਹਾ ਹੈ, ਸੁਭਾਵ ਇਸੇ ਤਰ੍ਹਾਂ ਹੈ—ਤੁਸੀਂ ਉਘਾੜੋ, ਉਹ ਢੱਕਦਾ ਹੀ ਚਲਾ ਜਾਂਦਾ ਹੈ। ਤੁਸੀਂ ਜਿੰਨਾ ਉਘਾੜਦੇ ਹੋ, ਤੁਸੀਂ ਓਨਾ ਹੀ ਥੱਕਦੇ ਹੋ।

ਏਡਿੰਗਟਨ ਨੇ ਲਿਖਿਆ ਹੈ ਕਿ ਅਸੀਂ ਸੋਚਦੇ ਸੀ ਪਹਿਲੇ ਕਿ ਪਦਾਰਥ ਸਮਝ ਲਿਆ ਗਿਆ, ਪਦਾਰਥ ਦਾ ਸਰੂਪ ਸਮਝ ਲਿਆ ਗਿਆ। ਅਸੀਂ ਸੋਚਦੇ ਸਾਂ, ਸੰਸਾਰ ਯੰਤ੍ਰਵਤ ਹੈ, ਲੇਕਿਨ ਹੁਣ, ਹੁਣ ਹਾਲਤ ਉਲਟੀ ਹੋ ਗਈ ਹੈ। ਪਦਾਰਥ ਤਾਂ ਬਿਲਕੁਲ ਗੁਆਚ ਗਿਆ। ਵਿਗਿਆਨਿਕ ਕਹਿੰਦੇ ਹਨ, ਪਦਾਰਥ ਜਿਹੀ ਤਾਂ ਕੋਈ ਚੀਜ਼ ਹੀ ਨਹੀਂ ਹੈ। ਅਤੇ ਕੁਦਰਤ ਦਾ ਸੁਭਾਵ ਵਿਚਾਰ ਦੇ ਵਾਂਗ ਮਾਲੂਮ ਹੋਣ ਲੱਗਾ, ਵਸਤੂ ਵਰਗਾ ਨਹੀਂ। ਹੋਰ ਵੀ ਰਹੱਸਯ ਵੱਧ ਗਿਆ।

ਆਈਨਸਟੀਨ ਨੇ ਮਰਨ ਵੇਲੇ ਕਿਹਾ ਹੈ ਕਿ ਜਦ ਮੈਂ ਸ਼ੁਰੂ ਕੀਤੀ ਸੀ ਯਾਤ੍ਰਾ ਖੋਜ ਦੀ, ਵਿਗਿਆਨ ਦੀ, ਤਾਂ ਮੈਂ ਸੋਚਦਾ ਸੀ ਕੁਝ ਹੱਥ ਲੱਗ ਜਾਏਗਾ। ਕੁਝ ਹੱਥ ਨਹੀਂ ਲੱਗਿਆ। ਇੰਨਾ ਹੀ ਜਾਣ ਪਾਇਆ ਹਾਂ ਕਿ ਜਾਨਣਾ ਨਾਮੁਮਕਿਨ ਹੈ। ਇੰਨਾ ਹੀ ਜਾਣ ਪਾਇਆ ਹਾਂ ਕਿ ਜੀਵਨ ਦੇ ਰਾਜ਼ ਨੂੰ ਕਦੇ ਪੂਰਾ ਖੋਲ੍ਹਿਆ ਨਹੀਂ ਜਾ ਸਕੇਗਾ।

ਆਈਨਸਟੀਨ, ਏਡਿੰਗਟਨ, ਪਲਾਂਕ, ਵੱਡੇ ਵਿਗਿਆਨਿਕ ਅੰਤਿਮ ਦਿਨਾਂ ਵਿਚ ਕਵਿਤਾ ਦੀ ਭਾਸ਼ਾ ਬੋਲਣ ਲੱਗੇ, ਧਰਮ ਦੀ ਭਾਸ਼ਾ ਬੋਲਣ ਲੱਗੇ। ਜੋ ਵਿਗਿਆਨਿਕ ਧਰਮ ਦੀ ਭਾਸ਼ਾ ਤਕ ਨਾ ਪੁੱਜ ਸਕੇ, ਸਮਝਣਾ ਕਿ ਮਿਡਿਆਕਰ ਹੈ, ਥੋੜ੍ਹਾ ਮਾਧਿਅਮ ਬੁੱਧੀ ਦਾ ਹੈ, ਬਹੁਤਾ ਗਹਿਰਾ ਨਹੀਂ ਜਾ ਸਕਿਆ। ਜਿਹੜੇ ਵੀ ਗਹਿਰਾਈ ਵਿਚ ਗਏ ਹਨ, ਉਨ੍ਹਾਂ ਨੂੰ ਤਾਂ ਥਾਹ ਮਿਲੀ ਹੀ ਨਹੀਂ। ਉਨ੍ਹਾਂ ਨੇ ਤਾਂ ਕਿਹਾ, ਅਥਾਹ ਹੈ। ਹਾਂ, ਜਿਹੜੇ ਕੰਢੇ ਉੱਤੇ ਹੀ ਬੈਠੇ ਰਹੇ, ਉਹ ਕਹਿੰਦੇ ਹਨ, ਥਾਹ ਹੈ। ਜਿਹੜੇ ਗਏ ਡੂੰਘਾਈ ਵਿਚ ਉਨ੍ਹਾਂ ਨੇ ਥਾਹ ਨਹੀਂ ਪਾਈ। ਜੋ ਜਿੰਨਾ ਡੂੰਘਾਈ ਵਿਚ ਗਿਆ, ਓਨਾ ਹੀ ਅਥਾਹ ਪਾਇਆ।

ਇਸ ਲਈ ਤਾਂ ਫ਼ਰੀਦ ਕਹਿੰਦੇ ਹਨ—ਅਕਥ ਕਹਾਣੀ ਪ੍ਰੇਮ ਦੀ। ਕਹਿੰਦਾ ਹਾਂ ਪਰ ਕਹੀ ਨਹੀਂ ਜਾ ਸਕੇਗੀ। ਥਾਹ ਲੈਂਦਾ ਹਾਂ ਪਰ ਅਥਾਹ ਹੈ। ਕੋਸ਼ਿਸ਼ ਕਰਾਂਗਾ, ਜਾਣਦਾ ਹਾਂ, ਇਹ ਹੋਏਗਾ ਨਹੀਂ।

ਅਸਤਿੱਤਵ ਦਾ ਸੁਭਾਵ ਹੈ ਰਹੱਸਯ।

ਅਸਤਿੱਤਵ ਕੋਈ ਸਮੱਸਿਆ (ਪਰਾਬਲਮ—ਅੜਚਨ) ਨਹੀਂ ਹੈ, ਜਿਸ ਨੂੰ ਹੱਲ ਕਰਨਾ ਹੈ, ਜਿਸ ਨੂੰ ਤੁਸੀਂ ਹੱਲ ਕਰ ਸਕਦੇ ਹੋ। ਅਸਤਿੱਤਵ ਇਕ ਰਹੱਸਯ ਹੈ—ਤੁਸੀਂ ਜੀਓ ਤਾਂ ਜੀ ਸਕਦੇ ਹੋ, ਨੱਚਣਾ ਚਾਹੋ ਤਾਂ ਨੱਚ ਸਕਦੇ ਹੋ, ਅਸਤਿੱਤਵ ਨੂੰ—ਗਾਉਣਾ ਚਾਹੋ, ਗਾ ਸਕਦੇ ਹੋ—ਹੱਲ ਕਰਨੇ ਭਰ ਦੀ ਕੋਸ਼ਿਸ਼ ਨਾ ਕਰਨਾ। ਉਹ ਭਰਮ ਵਾਲੀ ਕੋਸ਼ਿਸ਼ ਹੈ।

ਅਤੇ ਹੋਣਾ ਵੀ ਇਹ ਹੀ ਚਾਹੀਦਾ ਹੈ ਕਿ ਉਹ ਕੋਸ਼ਿਸ਼ ਭ੍ਰਾਂਤ (ਭਰਮ) ਹੋਵੇ। ਕਿਉਂਕਿ ਤੁਸੀਂ ਅਸਤਿੱਤਵ ਦੇ ਅੰਗ ਹੋ—ਅੰਗ, ਪੂਰਣ ਨੂੰ ਕਿਵੇਂ ਜਾਣ ਸਕੇਗਾ ? ਬੂੰਦ ਸਾਗਰ ਨੂੰ ਕਿਵੇਂ ਜਾਣ ਸਕੇਗੀ ? ਤੁਸੀਂ ਅੰਸ਼ ਹੋ, ਅੰਸ ਅੰਸ਼ੀ ਨੂੰ ਕਿਵੇਂ ਜਾਣ ਸਕੇਗਾ ? ਅਸਤਿੱਤਵ ਤੁਹਾਡੇ ਤੋਂ ਪਹਿਲਾਂ ਹੈ, ਤੁਹਾਡੇ ਤੋਂ ਪਿੱਛੇ ਵੀ ਰਹੇਗਾ। ਤੁਸੀਂ ਅਸਤਿੱਤਵ ਦੀ ਇਕ ਲਹਿਰ ਹੋ—ਆਏ ਅਤੇ ਗਏ। ਤੁਸੀਂ ਨਹੀਂ ਸੀ ਤਦ ਵੀ ਅਸਤਿੱਤਵ ਸੀ, ਤੁਸੀਂ ਨਹੀਂ ਹੋਵੋਗੇ ਤਦ ਵੀ ਅਸਤਿੱਤਵ ਹੋਏਗਾ। ਤੁਸੀਂ ਕਿਵੇਂ ਇਸ ਅਨੰਦ ਨੂੰ ਜਾਣ ਸਕੋਗੇ ?

ਤੁਸੀਂ ਤਾਂ ਜਾਗਰਣ ਦੀ ਇਕ ਨਿੱਕੀ ਜਿਹੀ ਘਟਨਾ ਹੋ। ਜ਼ਰਾ-ਕੁ ਜਿੰਨੀ ਚੇਤਨਾ ਉੱਠੀ ਹੈ, ਜ਼ਰਾ ਕੁ ਹੋਸ਼ ਆਇਆ ਹੈ। ਇਕ ਕਿਰਣ ਉਤਰੀ ਹੈ। ਇਸ ਕਿਰਣ ਦੇ ਸਹਾਰੇ ਤੁਸੀਂ ਉਸ ਵਿਰਾਟ ਨੂੰ ਕਿਵੇਂ ਜਾਣ ਸਕੋਗੇ ? ਅਸੰਭਵ ਹੈ। ਅਤੇ ਜੇਕਰ ਇਹ ਹੰਕਾਰ ਤੁਹਾਡੇ ਮਨ 'ਚ ਆ ਜਾਏ ਕਿ ਇਸ ਨੂੰ ਜਾਣ ਕੇ ਰਹਾਂਗੇ ਤਾਂ ਤੁਹਾਨੂੰ ਇਕ ਮੌਕਾ ਮਿਲਿਆ ਸੀ ਆਨੰਦ ਦਾ, ਉਹ ਵੀ ਤੁਸੀਂ ਗੁਆ ਦਿਉਗੇ।

ਗਿਆਨ ਨਾ ਲੱਭਣਾ, ਆਨੰਦ ਲੱਭਣਾ। ਇਹ ਹੀ ਫ਼ਰਕ ਧਰਮ ਅਤੇ ਵਿਗਿਆਨ ਦਾ ਹੈ। ਵਿਗਿਆਨ ਕਹਿੰਦਾ ਹੈ, ਗਿਆਨ ਲੱਭਾਂਗੇ, ਧਰਮ ਕਹਿੰਦਾ ਹੈ, ਆਨੰਦ ਲੱਭਾਂਗੇ। ਵਿਗਿਆਨ ਕਹਿੰਦਾ ਹੈ, ਉਸ ਆਨੰਦ ਦਾ ਅਰਥ ਹੀ ਕੀ, ਜਿਸ ਦਾ ਸਾਨੂੰ ਗਿਆਨ ਨਾ ਹੋਵੇ ?

ਸੁਕਰਾਤ ਨੇ ਸਿਲਸਿਲਾ ਸ਼ੁਰੂ ਕੀਤਾ ਪੱਛਮ ਵਿਚ ਵਿਗਿਆਨ ਦਾ। ਸੁਕਰਾਤ ਨੇ ਕਿਹਾ ਹੈ, ਬਗ਼ੈਰ ਜਾਂਚ-ਪੜਤਾਲ ਜੀਵਨ ਜੀਊਣ ਦੇ ਯੋਗਯ ਨਹੀਂ ਹੈ। "ਅਨਏਗਜ਼ਾਮਿੰਡ ਲਾਈਫ਼ ਇਜ਼ ਨਾਟ ਵਰਥ ਲਿਵਿੰਗ।" ਇਸ ਤੋਂ ਸ਼ੁਰੂਆਤ ਹੋਈ ਵਿਗਿਆਨ ਦੀ। ਇਹ ਬੀਂ ਹੈ। ਜੀਵਨ ਨੂੰ ਜਦ ਤਕ ਠੀਕ ਤਰ੍ਹਾਂ ਨਾ ਸਮਝ ਲਿਆ ਜਾਏ, ਵਿਆਖਿਆ ਨਾ ਹੋ ਜਾਏ, ਉਸ ਦੀ ਜਾਂਚ-ਪੜਤਾਲ ਨਾ ਹੋ ਜਾਏ—ਤਦ ਤਕ ਜੀਊਣ ਵਿਚ ਕੀ ਸਾਰ ਹੈ ?

ਧਰਮ ਕਹਿੰਦਾ ਹੈ, ਗਿਆਨ ਦਾ ਕੀ ਕਰੋਗੇ, ਜੇਕਰ ਉਸ ਨਾਲ ਆਨੰਦ ਪ੍ਰਾਪਤ ਨਾ ਹੋਵੇ ? ਗਿਆਨ ਦਾ ਢੇਰ ਲਾ ਲਉਗੇ। ਗਿਆਨ ਦੇ ਪਹਾੜ ਵੀ ਇਕੱਠੇ ਹੋ ਜਾਣ ਤਾਂ ਵੀ ਆਨੰਦ ਦੀ ਇਕ ਬੂੰਦ ਵੀ ਤਾਂ ਉਸ ਵਿਚੋਂ ਨਹੀਂ ਨਿੱਚੜ ਸਕਦੀ। ਗਿਆਨ ਦਾ ਕਰੋਗੇ ਕੀ ? ਗਿਆਨ ਕਾਹਦੇ ਲਈ ? ਜੇਕਰ ਤੁਸੀਂ ਗ਼ੌਰ ਕਰੋਗੇ ਤਾਂ ਗਿਆਨ ਦਾ ਖੋਜੀ ਵੀ ਕਹੇਗਾ ਕਿ ਗਿਆਨ ਪਾ ਕੇ ਮੈਂ ਆਨੰਦਿਤ ਹੋਵਾਂਗਾ। ਤਾਂ ਧਰਮ ਕਹਿੰਦਾ ਹੈ, ਜਦ ਆਨੰਦਿਤ ਹੀ ਹੋਣਾ ਹੈ ਤਾਂ ਇੰਨੇ ਸੋਚ-ਵਿਚਾਰ ਦੀ ਕੀ ਜ਼ਰੂਰਤ ਹੈ ? ਅਤੇ ਗਿਆਨ ਕਦੇ ਕਿਸੇ ਨੂੰ ਹੋਇਆ ਨਹੀਂ। ਹਾਂ, ਜੋ ਆਨੰਦ ਨੂੰ ਉਪਲਬਧ ਹੋ ਗਏ ਹਨ, ਉਨ੍ਹਾਂ ਦਾ ਅਗਿਆਨ ਮਿਟ ਗਿਆ ਹੈ। ਗਿਆਨ ਕਦੇ ਕਿਸੇ ਨੂੰ ਹੋਇਆ ਨਹੀਂ। ਜਿਹੜੇ ਆਨੰਦ ਨੂੰ ਪ੍ਰਾਪਤ ਹੋ ਗਏ ਹਨ ਉਨ੍ਹਾਂ ਦਾ ਅਗਿਆਨ ਮਿਟ ਗਿਆ ਹੈ। ਉਨ੍ਹਾਂ ਦੇ ਅੰਦਰੋਂ ਇਹ ਭਾਵ ਹੀ ਮਿਟ ਗਿਆ ਕਿ ਕੁਝ ਜਾਨਣਾ ਹੈ, ਸਾਰੇ ਸਵਾਲ ਮਿਟ ਗਏ। ਜਵਾਬ ਮਿਲ ਗਏ ਹਨ, ਇਹ ਮੈਂ ਨਹੀਂ ਕਹਿ ਰਿਹਾ ਹਾਂ। ਸਾਰੇ ਸਵਾਲ ਡਿੱਗ ਪਏ ਹਨ। ਉਹ ਬਿਨਾਂ ਸਵਾਲਾਂ ਤੋਂ ਹੋ ਗਏ ਹਨ ਅਤੇ ਜਿੱਥੇ ਸਵਾਲ ਡਿੱਗ ਪਏ, ਜਿੱਥੇ ਕੁਝ ਖੋਜਣ ਦੀ ਗੱਲ ਨਹੀਂ ਰਹੀ, ਉਥੇ ਜੀਵਨ ਦੀ ਪੁਲਕ ਜੀਵਨ ਦਾ ਅਹੋਭਾਵ ਉੱਠਦਾ ਹੈ।

ਜਦ ਤਕ ਤੁਸੀਂ ਭੱਜਦੇ ਹੋ, ਲੱਭਦੇ ਹੋ, ਤਕ ਤਕ ਨੱਚਣ ਦੀ ਫ਼ੁਰਸਤ ਕਿੱਥੇ ? ਜਦ ਕੋਈ ਦੌੜ ਨਹੀਂ ਰਹਿ ਜਾਂਦੀ, ਕੋਈ ਖਜ ਨਹੀਂ ਰਹਿ ਜਾਂਦੀ, ਕਿਤੇ ਜਾਣ ਦਾ ਕੋਈ ਸਵਾਲ ਨਹੀਂ ਰਹਿ ਜਾਂਦਾ, ਤੁਸੀਂ ਜਿੱਥੇ ਹੋ, ਉਥੇ ਹੀ ਮੰਜ਼ਿਲ ਹੁੰਦੀ ਹੈ—ਤਦ ਤੁਸੀਂ ਨੱਚਦੇ ਹੋ। ਨੱਚਣ ਵਾਲਾ ਪੈਰ ਯਾਤ੍ਰਾ 'ਤੇ ਜਾਣ ਵਾਲੇ ਪੈਰ ਨਾਲੋਂ ਬਿਲਕੁਲ ਵੱਖਰਾ ਹੈ। ਨੱਚਣ ਵਾਲਾ ਪੈਰ ਕਿਤੇ ਵੀ ਨਹੀਂ ਜਾ ਰਿਹਾ ਹੈ। ਉਸ ਦੀ ਗਤਿ ਤਾਂ ਹੋ ਰਹੀ ਹੈ, ਲੇਕਿਨ ਕੋਈ ਮੰਜ਼ਿਲ ਨਹੀਂ ਹੈ। ਤੁਸੀਂ ਜੇਕਰ ਨੱਚਣ ਵਾਲੇ ਪੈਰ ਦੀ ਵਿਗਿਆਨਿਕ ਜਾਂਚ ਕਰੋਗੇ ਤਾਂ ਉਸ ਵਿਚ ਅਤੇ ਦੁਕਾਨ ਵੱਲ ਜਾਣ ਵਾਲੇ ਪੈਰ ਦੀ ਜਾਂਚ ਵਿਚ ਕੋਈ ਫ਼ਰਕ ਨਾ ਪਾਉਗੇ। ਕਿਉਂਕਿ ਦੋਹਾਂ ਵਿਚ ਮਸੱਲਜ਼ ਦੀ ਗਤਿ ਹੋਵੇਗੀ, ਖ਼ੂਨ ਵਗੇਗਾ, ਊਰਜਾ ਖ਼ਰਚ ਹੋਵੇਗੀ, ਵਿਦੁੱਤ ਪ੍ਰਵਾਹਿਤ ਹੋਏਗੀ, ਖ਼ਰਚ ਹੋਏਗੀ। ਜੇਕਰ ਤੁਸੀਂ ਭੌਤਿਕਵਾਦੀ ਦੀ ਤਰ੍ਹਾਂ ਦੁਕਾਨ ਵੱਲ ਜਾਣ ਵਾਲੇ ਪੈਰ ਦੀ ਅਤੇ ਮੰਦਿਰ ਦੇ ਦੁਆਰ ਉੱਤੇ ਨੱਚਣ ਵਾਲੇ ਪੈਰ ਦੀ ਜਾਂਚ ਕੀਤੀ, ਤਾਂ ਦੋਹਾਂ ਵਿਚ ਤੁਹਾਨੂੰ ਕੋਈ ਫ਼ਰਕ ਨਹੀਂ ਮਿਲੇਗਾ। ਪਰ ਮੈਂ ਤੁਹਾਨੂੰ ਆਖਦਾ ਹਾਂ ਅਤੇ ਤੁਸੀਂ ਵੀ ਸਮਝੋਗੇ ਕਿ ਫ਼ਰਕ ਹੈ। ਮੰਦਿਰ ਦੇ ਦੁਆਰ ਉੱਤੇ ਨੱਚਣ ਵਾਲਾ ਪੈਰ ਕਿਤੇ ਵੀ ਨਹੀਂ ਜਾ ਰਿਹਾ, ਸਿਰਫ਼ ਅਹੋਭਾਵ ਪ੍ਰਗਟ ਕਰ ਰਿਹਾ ਹੈ ਕਿ ਮੈਂ ਹਾਂ—ਧੰਨਭਾਗ ਮੇਰੇ ਕਿ ਅੱਜ

ਸੁਵਾਸ ਹੈ ਅਤੇ ਮੈਂ ਗੀਤ ਗਾ ਸਕਦਾ ਹਾਂ, ਕਿ ਅੱਜ ਪੈਰ ਜੁਆਨ ਹਨ ਅਤੇ ਮੈਂ ਨੱਚ ਸਕਦਾ ਹਾਂ।

ਕੋਈ ਮੰਜ਼ਿਲ ਨਹੀਂ ਹੈ। ਧਾਰਮਿਕ ਵਿਅਕਤੀ ਲਈ ਯਾਤ੍ਰਾ ਹੀ ਮੰਜ਼ਿਲ ਹੈ। ਤੀਰਥ ਯਾਤ੍ਰਾ ਹੈ। ਕਿਤੇ ਪੁੱਜਣਾ ਨਹੀਂ ਹੈ। ਪੁੱਜੇ ਤਾਂ ਹੋਏ ਹੀ ਹਾਂ ਪਹਿਲਾਂ ਤੋਂ ਹੀ। ਉਸ ਪਰਮਾਤਮਾ ਵਿਚ ਵਿਰਾਜਮਾਨ ਹੀ ਹਾਂ ਪਹਿਲਾਂ ਤੋਂ। ਉਸ ਤੋਂ ਬਾਹਰ ਕਦੇ ਜਾਣਾ ਹੋਇਆ ਨਹੀਂ। ਘਰ ਪਰਤ ਕੇ ਆਉਣਾ ਨਹੀਂ ਹੈ। ਘਰ ਤੋਂ ਬਾਹਰ ਕਦੇ ਗਏ ਨਹੀਂ। ਕਿਉਂਕਿ ਘਰ ਤੋਂ ਇਲਾਵਾ ਹੋਰ ਕੁਝ ਹੈ ਹੀ ਨਹੀਂ।

ਅਜਿਹੇ ਆਨੰਦ ਦੇ ਅਹੋਭਾਵ ਵਿਚ ਜੋ ਡੁੱਬ ਜਾਂਦਾ ਹੈ, ਉਸ ਦਾ ਅਗਿਆਨ ਢਹਿ ਪੈਂਦਾ ਹੈ! ਅਗਿਆਨ ਦੇ ਢਹਿ ਜਾਣ ਨੂੰ ਅਸੀਂ ਪਰਮ ਗਿਆਨ ਕਿਹਾ ਹੈ। ਗਿਆਨ ਦੀ ਖੋਜ ਤਾਂ ਵਿਰਾਟ ਅਸਤਿੱਤਵ ਦੀ ਟੇਬਲ ਉੱਤੇ ਜੋ ਭੋਜਨ ਚੱਲ ਰਿਹਾ ਹੈ, ਨਾਚ ਅਹੋਭਾਵ ਚੱਲ ਰਿਹਾ ਹੈ, ਉਸ ਦੇ ਟੇਬਲ ਤੋਂ ਡਿੱਗ ਪਏ ਰੁੱਖੇ-ਸੁੱਕੇ ਟੁਕੜੇ ਹਨ, ਉਨ੍ਹਾਂ ਨੂੰ ਕੋਈ ਜੋੜ ਲਵੇ, ਇਕੱਠਾ ਕਰ ਲਵੇ—ਉਸ ਨੂੰ ਤੁਸੀਂ ਜੀਵਨ ਨਾ ਸਮਝਣਾ।

ਗਿਆਨ ਕੂੜਾ ਹੈ। ਉਸ ਗਿਆਨ ਨੂੰ ਮੈਂ ਕੂੜਾ ਕਹਿੰਦਾ ਹਾਂ ਜਿਸ ਨਾਲ ਅਗਿਆਨ ਮਿਟ ਨਾ ਜਾਂਦਾ ਹੋਵੇ। ਹਰ ਅਜਿਹਾ ਕੋਈ ਗਿਆਨ ਨਹੀਂ ਹੈ ਜਿਸ ਨਾਲ ਅਗਿਆਨ ਮਿਟਦਾ ਹੋਵੇ। ਅਗਿਆਨ ਤਾਂ ਆਪਣੀ ਥਾਂ ਬਣਿਆ ਰਹਿੰਦਾ ਹੈ, ਗਿਆਨ ਦਾ ਕੂੜਾ ਇਕੱਠਾ ਹੁੰਦਾ ਜਾਂਦਾ ਹੈ। ਤੁਸੀਂ ਕਿੰਨਾ ਹੀ ਜਾਣ ਲਵੋ, ਜਦ ਤਕ ਤੁਹਾਡੇ ਜੀਵਨ ਵਿਚ ਪੁਲਕ ਨਹੀਂ ਆਏਗੀ ਆਨੰਦ ਦੀ, ਤਦ ਤਕ ਤੁਹਾਡੇ ਜਾਨਣ ਦਾ ਕੀ ਸਾਰ ਹੈ?

ਧਰਮ ਕਹਿੰਦਾ ਹੈ ਨੱਚੋ। ਵਿਗਿਆਨ ਕਹਿੰਦਾ ਹੈ, ਗਿਆਨ ਮਿਲੇਗਾ ਤਾਂ ਅਸੀਂ ਆਨੰਦਿਤ ਹੋਵਾਂਗੇ। ਧਰਮ ਕਹਿੰਦਾ ਹੈ ਆਨੰਦਿਤ ਹੁੰਦੇ ਹੀ ਗਿਆਨ ਮਿਲ ਜਾਂਦਾ ਹੈ। ਇਸ ਲਈ ਅਸੀਂ ਪਰਮਾਤਮਾ ਦੀ ਆਖ਼ਰੀ ਵਿਆਖਿਆ ਵਿਚ ਆਨੰਦ ਸ਼ਬਦ ਨੂੰ ਰੱਖਿਆ ਹੈ—ਸੱਚਦਾਨੰਦ। ਉਹ ਆਖ਼ਰੀ ਹੈ। ਆਨੰਦ ਦੇ ਪਾਰ ਫਿਰ ਕੁਝ ਵੀ ਨਹੀਂ ਹੈ। ਉਹੁ ਆਖ਼ਰੀ ਆਕਾਸ਼ ਹੈ, ਆਖ਼ਰੀ ਮੰਜ਼ਿਲ ਹੈ, ਆਖ਼ਰੀ ਅਰਥ ਅਤੇ ਮਤਲਬ ਤੇ ਨਿਯਤਿ ਹੈ!

ਅਸਤਿੱਤਵ ਦਾ ਬੇ-ਬੂਝ ਹੋਣਾ ਸੁਭਾਵਿਕ ਹੈ।

ਇਸ ਲਈ ਸੰਤ ਪੁਰਸ਼ ਬੇ-ਬੂਝ ਮਾਲੂਮ ਹੁੰਦੇ ਹਨ, ਕਿਉਂਕਿ ਉਨ੍ਹਾਂ ਰਾਹੀਂ ਅਸਤਿੱਤਵ ਬੋਲਦਾ ਹੈ। ਉਨ੍ਹਾਂ ਦੀ ਵਾਣੀ ਅਟਪਟੀ ਮਾਲੂਮ ਹੁੰਦੀ ਹੈ। ਉਨ੍ਹਾਂ

ਦੀ ਵਾਣੀ ਵਿਚ ਅਤਰਕ ਕੁਝ ਲੁਕਿਆ ਹੋਇਆ ਮਾਲੂਮ ਪੈਂਦਾ ਹੈ। ਭਾਰਤ ਵਿਚ ਤਾਂ ਸਾਧੂਆਂ ਦੀ ਵਾਣੀ ਨੂੰ ਅਸੀਂ ਵੱਖਰਾ ਹੀ ਨਾਮ ਦੇ ਰੱਖਿਆ ਹੈ! ਸਧੁੱਕੜੀ। ਉਹ ਕੋਈ ਸਾਧਾਰਣ ਭਾਸ਼ਾ ਨਹੀਂ ਹੈ, ਸਧੁੱਕੜੀ ਹੈ। ਉਸ ਦਾ ਕੁਝ ਪੱਕਾ ਨਹੀਂ ਹੈ ਕਿ ਉਹ ਕੀ ਕਹਿ ਰਹੇ ਹਨ ਅਤੇ ਕੀ ਕਹਿਣਾ ਚਾਹ ਰਹੇ ਹਨ। ਅਤੇ ਕੀ ਕਹਿ ਗਏ ਹਨ।

ਕਬੀਰ ਦੇ ਵਚਨਾਂ ਨੂੰ ਅਸੀਂ ਉਲਟ ਬਾਂਸੀ ਕਿਹਾ ਹੈ। ਉਹ ਸਿੱਧੇ-ਸਿੱਧੇ ਵਚਨ ਨਹੀਂ ਹਨ, ਉਲਟੇ ਮਾਲੂਮ ਹੁੰਦੇ ਹਨ।

ਕਬੀਰ ਕਹਿੰਦੇ ਹਨ—ਏਕ ਅਚੰਭਾ ਮੈਨੇ ਦੇਖਾ ਨਦੀਆ ਲਾਗੀ ਆਗ।

ਮੈਂ ਇਕ ਅਚੰਭਾ ਵੇਖਿਆ ਹੈ ਕਿ ਨਦੀ ਵਿਚ ਅੱਗ ਲੱਗੀ ਹੈ।

ਕੀ ਮਤਲਬ ਹੋਏਗਾ ? ਇਹ ਗੱਲ ਤਾਂ ਬਹੁਤ ਬੇ-ਬੂਝ ਹੈ। ਪਰ ਸੰਤਾਂ 'ਚੋਂ ਅਸਤਿੱਤਵ ਬੋਲਦਾ ਹੈ। ਗੱਲ ਬੇ-ਬੂਝ ਹੋ ਜਾਂਦੀ ਹੈ।

ਕਬੀਰ ਠੀਕ ਕਹਿ ਰਹੇ ਹਨ। ਕਬੀਰ ਇਹ ਕਹਿ ਰਹੇ ਹਨ, ਜੋ ਕਦੇ ਨਹੀਂ ਹੋ ਸਕਦਾ, ਉਹ ਹੁੰਦਿਆਂ ਵੇਖ ਰਿਹਾ ਹਾਂ। ਤੁਸੀਂ ਪਰਮਾਤਮਾ ਨੂੰ ਪਾਏ ਹੋਏ ਹੋ ਅਤੇ ਖੋਜ ਰਹੇ ਹੋ—ਨਦੀਆ ਲਾਗੀ ਆਗ—ਤੁਸੀਂ ਆਨੰਦ ਦੇ ਘਰ ਵਿਚ ਬੈਠੇ ਹੋ ਅਤੇ ਰੋ ਰਹੇ ਹੋ, ਜ਼ਾਰ-ਜ਼ਾਰ ਅੱਥਰੂ ਡਿੱਗ ਰਹੇ ਹਨ—ਨਦੀਆ ਲਾਗੀ ਆਗ! ਇਕ ਅਚੰਭਾ ਮੈਂ ਵੇਖਿਆ ਕਿ ਪਰਮਾਤਮਾ ਪਰਮਾਤਮਾ ਦੀ ਹੀ ਖੋਜ ਉੱਤੇ ਨਿਕਲਿਆ ਹੈ—ਨਦੀਆ ਲਾਗੀ ਆਗ! ਏਕ ਅਚੰਭਾ ਮੈਨੇ ਦੇਖਾ ਤੁਸੀਂ ਕਦੇ ਨਹੀਂ ਮਰੋਗੇ ਅਤੇ ਮੌਤ ਕੋਲੋਂ ਕੰਬ ਰਹੇ ਹੋ—ਨਦੀਆ ਲਾਗੀ ਆਗ!

ਪਰ ਸੰਤ ਦੀ ਵਾਣੀ ਬੇ-ਬੂਝ ਹੈ। ਉਸ ਨੂੰ ਉਪਰੋਂ ਵੇਖੋ ਤਾਂ ਉਲਟ ਬਾਂਸੀ ਹੈ। ਜੇਕਰ ਜੀਵਨ ਨੂੰ ਸਮਝੋ ਤਾਂ ਉਸ ਦੀ ਉਲਟ ਬਾਂਸੀ ਝਟਪਟ ਸਿੱਧੀ ਹੋ ਜਾਂਦੀ ਹੈ।

ਇਹ ਹੀ ਹੋਇਆ ਹੈ। ਤੁਸੀਂ ਹੋ ਅਚੰਭੇ। ਮੈਂ ਵੀ ਤੁਹਾਨੂੰ ਵੇਖਦਾ ਹਾਂ, ਤਾਂ ਕਬੀਰ ਸਹੀ ਮਾਲੂਮ ਹੁੰਦੇ ਹਨ।

ਕਿਸ ਨੂੰ ਲੱਭ ਰਹੇ ਹੋ ? ਜਿਸ ਨੂੰ ਤੁਸੀਂ ਲੱਭਣ ਨਿਕਲੇ ਹੋ, ਉਸ ਨੂੰ ਕਦੇ ਗੁਆਇਆ ਸੀ ਕਿ ਟੁਰ ਪਏ ਲੱਭਣ ? ਕਿਸ ਵੱਲ ਹੱਥ ਜੋੜ ਕੇ ਆਕਾਸ਼ ਵਿਚ ਤੁਸੀਂ ਪ੍ਰਾਰਥਨਾ ਕਰਦੇ ਹੋ ? ਇਹ ਪ੍ਰਾਰਥਨਾ ਕਰਨ ਵਾਲੇ ਨੂੰ ਤਾਂ ਜ਼ਰਾ ਗੌਰ ਨਾਲ ਵੇਖ ਲਵੋ, ਕਿਤੇ ਇਹ ਹੀ ਤਾਂ ਨਹੀਂ ਜਿਸ ਦੀ ਤੁਸੀਂ ਪ੍ਰਾਰਥਨਾ ਕਰ ਰਹੇ ਹੋ ? ਕਿੱਥੇ ਜਾ ਰਹੇ ਹੋ ? ਕਿਹੜੀ ਦਿਸ਼ਾ ਵਿਚ ? ਕਿਸ ਲਈ ? ਕਿਤੇ ਅਜਿਹਾ ਨਾ ਹੋਵੇ ਕਿ ਜਿਸ ਨੂੰ ਤੁਸੀਂ ਲੱਭਦੇ ਹੋ, ਉਹ ਤੁਹਾਡੇ ਅੰਦਰ ਬੈਠਾ ਹੋਵੇ।

ਫ਼ਰੀਦ ਨੇ ਕਿਹਾ ਹੈ, ਉਹ ਰੱਬ ਉਹ ਪਰਮਾਤਮਾ ਤੇਰੇ ਅੰਦਰ ਹੈ। ਤੂੰ ਕਿੱਥੇ ਜੰਗਲ-ਜੰਗਲ ਭਟਕਦਾ ਹੈਂ ? ਤੂੰ ਕਿਸ ਨੂੰ ਲੱਭਦਾ ਹੈਂ ? ਖੋਜ ਹੀ ਵਿਅਰਥ ਹੈ। ਖੋਜ ਕਰਨ ਵਾਲੇ ਵਿਚ, ਜਿਸ ਦੀ ਖੋਜ ਚਲ ਰਹੀ ਹੈ, ਉਹ ਲੁੱਕਿਆ ਬੈਠਾ ਹੈ। ਜਿਵੇਂ ਬੀਂ ਵਿਚ ਬ੍ਰਿਛ ਹੈ, ਇਸ ਤਰ੍ਹਾਂ ਵਿਅਕਤੀ ਵਿਚ ਪਰਮਾਤਮਾ ਹੈ। ਤਦ ਕਬੀਰ ਸਹੀ ਲੱਗਦੇ ਹਨ—ਨਦੀਆ ਲਾਗੀ ਆਗ। ਅਤੇ ਇਸ ਲਈ ਤਾਂ ਤੁਸੀਂ ਕਿੰਨਾ ਹੀ ਲੱਭੋ ਪਾ ਨਹੀਂ ਸਕੋਗੇ। ਪਾਉਣ ਦਾ ਸੰਬੰਧ ਤੁਹਾਡੀ ਖੋਜ ਨਾਲ ਨਹੀਂ ਹੈ। ਪਾਉਣ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਪਹਿਲਾਂ ਤੁਸੀਂ ਠੀਕ ਤਰ੍ਹਾਂ ਪਤਾ ਤਾਂ ਕਰ ਲਓ, ਕਦੋ ਗੁਆਇਆ ਸੀ ?

ਕਈ ਵਾਰੀ ਅਜਿਹਾ ਹੋ ਜਾਂਦਾ ਹੈ, ਖ਼ਾਸ ਕਰ ਜਿਹੜੇ ਲੋਕ ਐਨਕ ਲਗਾਉਂਦੇ ਹਨ, ਉਨ੍ਹਾਂ ਨੂੰ ਹੋ ਜਾਂਦਾ ਹੈ ਕਿ ਚਸ਼ਮਾ ਲੱਗਿਆ ਹੈ ਤੇ ਉਹ ਭੁੱਲ ਜਾਂਦੇ ਹਨ ਅਤੇ ਟੇਬਲ 'ਤੇ ਇਧਰ-ਉਧਰ ਐਨਕ ਵੇਖਣ ਲੱਗਦੇ ਹਨ। ਤਦ ਅਚਾਨਕ ਉਨ੍ਹਾਂ ਨੂੰ ਖ਼ਿਆਲ ਆਉਂਦਾ ਹੈ ਕਿ ਐਨਕ ਤਾਂ ਨੱਕ ਉੱਤੇ ਹੈ। ਬੱਸ ਅਜਿਹਾ ਕੁਝ ਹੋਇਆ ਹੈ—ਨਦੀਆ ਲਾਗੀ ਆਗ!

ਤੁਹਾਡੇ ਨਾਲ ਕਈ ਵਾਰੀ ਅਜਿਹਾ ਹੋਇਆ ਹੋਏਗਾ। ਕਲਮ ਕੰਨ ਉੱਤੇ ਠੂਸ ਲਈ ਹੈ—ਅਤੇ ਸਭ ਪਾਸੇ ਲੱਭਦੇ ਫਿਰਦੇ ਹਨ, ਕੋਈ ਨਿੱਕਾ ਬੱਚਾ ਹੱਸਣ ਲੱਗਦਾ ਹੈ। ਉਹ ਕਹਿੰਦਾ ਹੈ, ਕਲਮ ਕੰਨ ਉੱਤੇ ਲੱਗੀ ਹੈ। ਤਦ ਤੁਹਾਨੂੰ ਯਾਦ ਆਉਂਦਾ ਹੈ।

ਪਰਮਾਤਮਾ ਗੁਆਇਆ ਨਹੀਂ ਹੈ, ਸਿਰਫ਼ ਵਿਸਮਰਣ ਹੋਇਆ ਹੈ ਅਤੇ ਵਿਸਮਰਣ ਹੋਇਆ ਹੈ, ਅਜਿਹਾ ਕਹਿਣਾ ਵੀ ਸ਼ਾਇਦ ਠੀਕ ਨਹੀਂ ਹੈ, ਤੁਸੀਂ ਕਿਸੇ ਹੋਰ ਗੋਰਖਧੰਦੇ ਵਿਚ ਰੁੱਝ ਗਏ ਹੋ, ਇਸ ਲਈ ਉਸ ਦੀ ਸੋਝੀ ਭੁੱਲ ਗਈ ਹੈ, ਬਸ। ਤੁਹਾਡਾ ਮਨ ਇੰਨਾ ਉਲਝ ਗਿਆ ਹੈ ਕਿਸੇ ਧੰਦੇ ਵਿਚ ਕਿ ਤੁਸੀਂ ਭੁੱਲ ਹੀ ਗਏ ਕਿ ਐਨਕ ਅੱਖਾਂ ਉੱਤੇ ਲੱਗੀ ਹੈ। ਚੇਤਾ ਹੀ ਨਾ ਰਿਹਾ।

ਬਹੁਤ ਵਾਰੀ ਅਜਿਹਾ ਹੁੰਦਾ ਹੈ। ਜਦ ਤੁਸੀਂ ਬਹੁਤ ਕਾਹਲੀ ਵਿਚ ਹੁੰਦੇ ਹੋ, ਤਦ ਦੇਰ ਹੋਣ ਲੱਗਦੀ ਹੈ। ਟ੍ਰੇਨ ਫੜਨੀ ਹੈ। ਕੁੰਜੀ ਨਹੀਂ ਲੱਗਦੀ ਜੰਦਰੇ ਵਿਚ। ਰੋਜ਼ ਲੱਗ ਜਾਂਦੀ ਸੀ, ਅੱਜ ਨਹੀਂ ਲੱਗਦੀ। ਅੱਜ ਤੁਸੀਂ ਕੰਬ ਰਹੇ ਹੋ। ਅੱਜ ਤੁਸੀਂ ਨੱਸੇ ਹੋਏ ਹੋ। ਅਸਲ ਵਿਚ ਤੁਸੀਂ ਇੱਥੇ ਹੋ ਹੀ ਨਹੀਂ। ਤੁਸੀਂ ਅੱਧੇ ਸਟੇਸ਼ਨ ਦੇ ਵੱਲ ਜਾ ਚੁੱਕੇ ਹੋ। ਬਟਨ ਲਾਉਂਦੇ ਹੋ, ਹੇਠਲਾ ਬਟਨ ਉਪਰ ਲੱਗ ਜਾਂਦਾ ਹੈ। ਕਦੇ ਅਜਿਹਾ ਨਹੀਂ ਹੁੰਦਾ ਸੀ। ਅਤੇ ਅੱਜ ਦੇਰ ਵਿਚ ਹੋਰ ਦੇਰ ਹੋਈ ਚਲੀ ਜਾਂਦੀ ਹੈ। ਤੁਸੀਂ ਇਥੇ ਹੋ ਨਹੀਂ। ਤੁਹਾਡਾ ਮਨ ਕਿਤੇ ਹੋਰ ਵਿਅਸਥ ਹੋ ਗਿਆ ਹੈ।

ਪਰਮਾਤਮਾ ਨੂੰ ਕਦੇ ਕਿਸੇ ਨੇ ਗੁਆਇਆ ਨਹੀਂ ਹੈ, ਕਿਸੇ ਗੋਰਖਧੰਦੇ ਵਿਚ ਰੁਝਾਨ ਹੋ ਗਈ ਹੈ। ਧਨ ਹੈ, ਪਦ ਹੈ, ਪ੍ਰਤਿਸ਼ਠਾ (ਮਾਣ-ਸਤਿਕਾਰ) ਹੈ, ਇਸ ਦੀ ਦੌੜ ਇੰਨੀ ਹੋ ਗਈ ਹੈ ਕਿ ਤੁਹਾਨੂੰ ਚੈਨ ਨਹੀਂ ਕਿ ਤੁਸੀਂ ਥੋੜ੍ਹੀ ਦੇਰ ਬੈਠ ਕੇ ਦੇਖ ਪਾਓ ਕਿ ਤੁਹਾਡੀ ਅੰਦਰੂਨੀ ਸੰਪਦਾ ਕੀ ਹੈ।

ਅਸਤਿੱਤਵ ਬੇ-ਬੂਝ ਹੈ। ਉਸੇ ਦੇ ਕਾਰਨ ਸੰਤਾਂ ਦੇ ਬਚਨ ਬੇ-ਬੂਝ ਮਾਲੂਮ ਹੁੰਦੇ ਹਨ ਅਤੇ ਜਿੱਥੇ ਤੁਹਾਨੂੰ ਬੇ-ਬੂਝ ਬਚਨ ਸੁਣਾਈ ਪੈ ਜਾਣ, ਉਸ ਥਾਂ ਨੂੰ ਸ਼ਰਨ ਮੰਨ ਲੈਣਾ। ਉਸ ਥਾਂ ਤੋਂ ਭੱਜ ਨਾ ਜਾਣਾ। ਤੁਹਾਡਾ ਤਰਕ ਤਾਂ ਕਹੇਗਾ ਕਿ ਇਹ ਗੱਲ ਤਾਂ ਕੁਝ ਸਮਝ ਵਿਚ ਆਉਂਦੀ ਨਹੀਂ। ਜਿਹੜੀ ਗੱਲ ਤੁਹਾਡੀ ਸਮਝ ਵਿਚ ਆ ਜਾਂਦੀ ਹੈ, ਉਹ ਤੁਹਾਨੂੰ ਉਠਾ ਨਹੀਂ ਸਕੇਗੀ। ਜਿਹੜੀ ਤੁਹਾਡੀ ਸਮਝ 'ਚ ਆ ਗਈ, ਉਹ ਤੁਹਾਡੀ ਸਮਝ ਤੋਂ ਨੀਵੀਂ ਹੈ। ਜਿਹੜੀ ਤੁਹਾਡੇ ਸਿਰ ਦੇ ਉਪਰੋਂ ਨਿਕਲ ਜਾਏ, ਸਮਝ 'ਚ ਨਾ ਆਏ—ਉਹ ਹੀ ਸਮਝਣਾ ਕਿ ਪੌੜੀ ਹੈ, ਕੁਝ ਉਪਰ ਉੱਠਣ ਦੀ ਸੰਭਾਵਨਾ ਹੈ।

ਪੰਡਿਤਾਂ ਦੀਆਂ ਗੱਲਾਂ ਬਿਲਕੁਲ ਸਮਝ ਵਿਚ ਆ ਜਾਂਦੀਆਂ ਹਨ। ਸੰਤਾਂ ਦੀਆਂ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ। ਪੰਡਿਤਾਂ ਕੋਲੋਂ ਤੁਹਾਨੂੰ ਕੁਝ ਵੀ ਨਹੀਂ ਮਿਲੇਗਾ। ਉਨ੍ਹਾਂ ਕੋਲੋਂ ਤੁਸੀਂ ਕੁਝ ਵੀ ਨਾ ਪਾ ਸਕੋਗੇ।

ਮੈਂ ਸੁਣਿਆ ਹੈ, ਇੰਗਲੈਂਡ ਦੀ ਲਾਰਡਸ ਸਭਾ ਦਾ ਅਧਿਅਕਸ਼ (ਸਭਾਪਤੀ) ਕਿਸੇ ਪਿੰਡ ਦੀ ਯਾਤ੍ਰਾ 'ਤੇ ਗਿਆ ਸੀ, ਰਸਤਾ ਭਟਕ ਗਿਆ। ਕੋਈ ਨੇੜੇ ਵਿਖਾਈ ਨਹੀਂ ਦਿੰਦਾ ਸੀ ਤਾਂ ਉਸ ਨੇ ਗੱਡੀ ਰੋਕ ਦਿੱਤੀ। ਇਕ ਕਿਸਾਨ ਟੁਰਿਆ ਆ ਰਿਹਾ ਸੀ ਜੰਗਲ ਵਿਚੋਂ ਘਾਹ ਦੀ ਪੰਡ ਲਈ। ਉਸ ਨੇ ਉਸ ਕੋਲੋਂ ਪੁੱਛਿਆ ਕਿ ਭਾਈ ਤੂੰ ਮੈਨੂੰ ਦੱਸ ਸਦਕਾ ਹੈਂ ਕਿ ਮੈਂ ਕਿੱਥੇ ਹਾਂ ? ਸਿੱਧਾ ਸਵਾਲ ਹੈ। ਉਹ ਇਹ ਪੁੱਛ ਰਿਹਾ ਹੈ ਕਿ ਮੈਂ ਕਿਸ ਥਾਂ 'ਤੇ ਹਾਂ, ਕਿਹੜਾ ਪਿੰਡ ਹੈ ? ਉਸ ਕਿਸਾਨ ਨੇ ਹੇਠਾਂ ਤੋਂ ਉਪਰ ਤਕ ਵੇਖਿਆ। ਉਸ ਨੇ ਕਿਹਾ, ਬਿਲਕੁਲ, ਤੁਸੀਂ ਕਾਰ ਵਿਚ ਬੈਠੇ ਹੋਏ ਹੋ।

ਉਸ ਲਾਰਡਸ ਸਭਾ ਦੇ ਪ੍ਰਧਾਨ ਨੇ ਆਪਣੇ ਸੰਸਮਰਣਾਂ ਵਿਚ ਲਿਖਿਆ ਹੈ ਕਿ ਉਸ ਦਾ ਜਵਾਬ ਬਿਲਕੁਲ ਪਾਰਲਿਆਮੈਨਟੇਰਿਅਨ ਸੀ। ਉਸ ਨੇ ਜਵਾਬ ਵੀ ਦਿੱਤਾ ਅਤੇ ਤੁਸੀਂ ਜੋ ਜਾਣਦੇ ਸੀ ਪਹਿਲਾਂ ਉਸ ਤੋਂ ਰੱਤੀ ਭਰ ਜਾਨਣ ਵਿਚ ਬੜ੍ਹੋਤੀ ਨਾ ਹੋਈ। ਜਵਾਬ ਤਾਂ ਬਿਲਕੁਲ ਠੀਕ ਦਿੱਤਾ। ਇਸੇ ਤਰ੍ਹਾਂ ਤਾਂ ਮੰਤ੍ਰੀਗਣ ਜਵਾਬ ਦਿੰਦੇ ਹਨ ਰਾਜ ਸਭਾਵਾਂ ਵਿਚ, ਪਾਰਲੀਆਮੈਂਟ ਵਿਚ। ਜਵਾਬ ਤਾਂ ਬਿਲਕੁਲ ਦਿੰਦੇ ਮਾਲੂਮ ਹੁੰਦੇ ਹਨ, ਲੇਕਿਨ ਜਵਾਬ ਤੋਂ ਕੁਝ ਮਿਲਦਾ ਨਹੀਂ। ਤੁਸੀਂ ਜਿੰਨਾ ਜਾਣਦੇ ਹੋ, ਉਸ ਵਿਚ ਰੱਤੀ ਭਰ ਜੁੜਦਾ ਨਹੀਂ ਹੈ। ਤੁਸੀਂ

ਓਨਾ ਪਹਿਲਾਂ ਹੀ ਜਾਣਦੇ ਸੀ ਕਿ ਤੁਸੀਂ ਕਾਰ ਵਿਚ ਬੈਠੇ ਹੋ। ਉਸ ਕਿਸਾਨ ਨੇ ਜਵਾਬ ਦਿੱਤਾ। ਉਹ ਬਿਲਕੁਲ ਧਾਰਾ-ਸਭਾ ਦਾ ਜਵਾਬ ਸੀ।

ਪੰਡਿਤ ਜੋ ਤੁਹਾਨੂੰ ਜਵਾਬ ਦਿੰਦੇ ਹਨ, ਉਹ ਸਾਰੇ ਧਾਰਾ-ਸਭਾ ਦੇ ਉੱਤਰ ਹਨ, ਉਨ੍ਹਾਂ ਤੋਂ ਤੁਹਾਨੂੰ ਕੁਝ ਮਿਲਦਾ ਨਹੀਂ। ਤੁਸੀਂ ਜਾਣਦੇ ਹੀ ਸੀ ਉਹ ਹੀ ਤੁਹਾਨੂੰ ਕਹਿ ਦਿੰਦੇ ਹਨ, ਸ਼ਾਇਦ ਥੋੜ੍ਹੇ ਚੰਗੇ ਢੰਗ ਨਾਲ ਕਹਿ ਦਿੰਦੇ ਹੋਣਗੇ, ਲੱਫ਼ਾਜ਼ੀ (ਸ਼ਬਦਾਂ ਦੀ ਹੇਰਾ-ਫੇਰੀ) ਵਿਚ ਕੁਸ਼ਲ ਹੋਣਗੇ। ਜੋ ਤੁਸੀਂ ਹਿੰਦੀ ਵਿਚ ਸਮਝਦੇ, ਉਹ ਸੰਸਕ੍ਰਿਤ ਵਿਚ ਦੋਹਰਾ ਦਿੰਦੇ ਹੋਣਗੇ। ਜੋ ਤੁਸੀਂ ਹਿੰਦੀ ਵਿਚ ਸਮਝਦੇ, ਉਹ ਫ਼ਾਰਸੀ ਵਿਚ ਦੋਹਰਾ ਦਿੰਦੇ ਹੋਣਗੇ। ਜੋ ਤੁਸੀਂ ਆਪਣੀ ਆਮ ਭਾਸ਼ਾ ਵਿਚ ਕਹਿੰਦੇ, ਉਹ ਸ਼ਾਸਤ੍ਰ ਦੀ ਭਾਸ਼ਾ ਵਿਚ ਕਹਿ ਦਿੰਦੇ ਹੋਣਗੇ। ਹੋਰ ਤੁਹਾਡੇ ਜੀਵਨ ਵਿਚ ਕੁਝ ਵੀ ਜੁੜਦਾ ਨਹੀਂ।

ਸੰਤ ਤੁਹਾਡੇ ਜੀਵਨ ਨੂੰ ਅਸਤ-ਵਿਅਸਤ (ਉਲਟਾ-ਸੁਲਟਾ) ਕਰ ਦਿੰਦਾ ਹੈ। ਉਹ ਤੁਹਾਡੇ ਜੀਵਨ ਵਿਚ ਕੋਈ ਕ੍ਰਾਂਤੀ ਦੀ ਘੜੀ ਲੈ ਆਉਂਦਾ ਹੈ। ਜੇਕਰ ਸੰਤ ਦੇ ਵਚਨ ਨੂੰ ਤੁਸੀਂ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਉਸੇ ਕੋਸ਼ਿਸ਼ ਵਿਚ ਤੁਸੀਂ ਪੌੜੀਆਂ ਚੜ੍ਹਨ ਲੱਗੋਗੇ। ਜਿੱਥੇ ਤੁਸੀਂ ਬੇ-ਬੂਝ ਨੂੰ ਪਾਓ ਉੱਥੇ ਰੁੱਕ ਜਾਣਾ, ਕਾਹਲੀ ਨਾ ਕਰਨਾ। ਸ਼ਾਇਦ ਉਥੋਂ ਕੋਈ ਰਸਤਾ ਅਸਤਿੱਤਵ ਲਈ ਖੁੱਲ੍ਹਦਾ ਹੋਵੇ।

ਤੀਜਾ ਸਵਾਲ—ਅਕੱਥ ਕਹਣੀ ਪ੍ਰੇਮ ਦੀ—ਕਬੀਰ, ਨਾਨਕ, ਦਾਦੂ, ਫ਼ਰੀਦ ਮੀਰਾ, ਚੈਤਨਯ, ਤੁਸੀਂ ਆਖਦੇ ਹੋ, ਕਹਿੰਦੇ ਹੀ ਚਲੇ ਜਾਂਦੇ ਹੋ। ਕਹਾਣੀ ਅੱਗੇ ਵੱਧੀ ਜਾਂਦੀ ਹੈ। ਉਸ ਦਾ ਅੰਤ ਆਉਂਦਾ ਹੋਇਆ ਮਾਲੂਮ ਨਹੀਂ ਹੁੰਦਾ। ਕੀ ਕੋਈ ਅੰਤ ਹੈ ਜਾਂ ਨਹੀਂ ?

ਪ੍ਰੇਮ ਦਾ ਪ੍ਰਾਰੰਭ ਹੈ, ਅੰਤ ਨਹੀਂ।

ਇਸ ਨੂੰ ਥੋੜ੍ਹਾ ਸਮਝਣਾ ਪਏਗਾ।

ਪ੍ਰੇਮ ਦਾ ਪ੍ਰਾਰੰਭ (ਸ਼ੁਰੂਆਤ) ਹੈ, ਅੰਤ ਨਹੀਂ ਹੈ। ਨਫ਼ਰਤ ਦਾ ਅੰਤ ਹੈ, ਸ਼ੁਰੂਆਤ ਨਹੀਂ ਹੈ। ਤੁਸੀਂ ਨਫ਼ਰਤ ਦੀ ਸ਼ੁਰੂਆਤ ਕਦੋਂ ਕੀਤੀ, ਤੁਹਾਨੂੰ ਕੁਝ ਪਤਾ ਹੈ ? ਤੁਸੀਂ ਦੱਸ ਸਕੋਗੇ, ਫਲਾਂ ਦਿਨ ਫਲਾਂ ਤਾਰੀਖ਼ ਕੈਲੇਂਡਰ ਵਿਚ ਉਸ ਦਿਨ ਨਫ਼ਰਤ ਸ਼ੁਰੂ ਹੋਈ ? ਨਫ਼ਰਤ ਤੁਸੀਂ ਲੈ ਕੇ ਹੀ ਆਏ ਹੋਵੋ ਜਿਵੇਂ। ਉਸ ਦੀ ਕੋਈ ਸ਼ੁਰੂਆਤ ਨਹੀਂ, ਅੰਤ ਹੈ, ਕਿਉਂਕਿ ਜਿਸ ਦਿਨ ਪ੍ਰੇਮ ਦਾ ਜਨਮ ਹੋਏਗਾ, ਉਸੇ ਦਿਨ ਨਫ਼ਰਤ ਦਾ ਅੰਤ ਹੋ ਜਾਏਗਾ। ਪ੍ਰੇਮ ਦਾ ਪ੍ਰਾਰੰਭ ਹੋਏਗਾ, ਅੰਤ ਨਹੀਂ ਹੋਏਗਾ।

ਪੁਰਾਣੇ ਗਿਆਨੀਆਂ ਨੇ ਜਿਹੜੇ ਸ਼ਬਦ ਪ੍ਰਯੋਗ ਕੀਤੇ ਹਨ, ਉਹ ਬਹੁਤ ਸਹੀ ਹਨ। ਮਹਾਂਵੀਰ ਨੇ ਕਿਹਾ—ਸੰਸਾਰ ਦਾ ਕੋਈ ਪ੍ਰਾਰੰਭ ਨਹੀਂ ਹੈ, ਅੰਤ ਹੈ। ਮੋਕਸ਼ ਦਾ ਪ੍ਰਾਰੰਭ ਹੈ, ਅੰਤ ਨਹੀਂ। ਸਹੀ ਕਹੀ ਹੈ ਗੱਲ। ਮੋਕਸ਼ ਦਾ ਵੀ ਅੰਤ ਹੋ ਜਾਏ ਤਾਂ ਉਹ ਮੋਕਸ਼ ਕੀ ਹੋਏਗਾ? ਸੰਸਾਰ ਦਾ ਅੰਤ ਹੈ, ਪਰ ਪ੍ਰਾਰੰਭ ਨਹੀਂ ਹੈ। ਕਦ ਸੰਸਾਰ ਸ਼ੁਰੂ ਹੋਇਆ ਦੱਸ ਸਕੋਗੇ? ਪੁੱਛੋ ਮਹਾਂਵੀਰ ਤੋਂ—ਬੁੱਧ ਕੋਲੋਂ ਕਦ ਸੰਸਾਰ ਸ਼ੁਰੂ ਹੋਇਆ, ਉਹ ਕਹਿਣਗੇ—ਕਦੇ ਸ਼ੁਰੂ ਨਹੀਂ ਹੋਇਆ, ਬੱਸ ਹੈ। ਪਰ ਇੰਨਾ ਉਹ ਕਹਿ ਸਕਦੇ ਹਨ ਕਿ ਇਕ ਘੜੀ ਆਈ ਜਦ ਅੰਤ ਹੋਇਆ। ਚਾਲ੍ਹੀਆਂ ਸਾਲਾਂ ਦੇ ਸਨ ਬੁੱਧ, ਤਦ ਇਕ ਰਾਤ ਅੰਤ ਹੋ ਗਿਆ ਸੰਸਾਰ ਦਾ, ਮੋਕਸ਼ ਸ਼ੁਰੂ ਹੋਇਆ। ਹੁਣ ਤੁਸੀਂ ਪੁੱਛੋ ਕਿ ਮੋਕਸ਼ ਦਾ ਅੰਤ ਹੋਏਗਾ ਕਦੇ? ਕਦੇ ਨਹੀਂ ਹੋਏਗਾ।

ਜੀਵਨ ਵਿਚ ਜੋ ਪਾਪ ਹੈ, ਉਸ ਦਾ ਪ੍ਰਾਰੰਭ ਨਹੀਂ ਹੁੰਦਾ, ਅੰਤ ਹੁੰਦਾ ਹੈ। ਅਤੇ ਜੀਵਨ ਵਿਚ ਜੋ ਪੁੰਨ ਹੈ, ਉਸ ਦਾ ਪ੍ਰਾਰੰਭ ਹੁੰਦਾ ਹੈ, ਅਤੇ ਅੰਤ ਨਹੀਂ ਹੁੰਦਾ।

ਅਕੱਥ ਕਹਾਣੀ ਪ੍ਰੇਮ ਦੀ! ਉਹ ਸ਼ੁਰੂ ਤਾਂ ਹੁੰਦੀ ਹੈ। ਇਕ ਦਿਨ ਵੀਣਾ ਦੇ ਤਾਰ ਵੱਜਣੇ ਸ਼ੁਰੂ ਹੁੰਦੇ ਹਨ, ਉਸ ਤੋਂ ਪਹਿਲਾਂ ਭਣਕ ਵੀ ਨਹੀਂ ਸੀ। ਫਿਰ ਵੀਣਾ ਵੱਜਦੀ ਹੀ ਚਲੀ ਜਾਂਦੀ ਹੈ। ਸਭ ਸਮਾਪਤ ਹੋ ਜਾਂਦਾ ਹੈ, ਪਰ ਵੀਣਾ ਦੇ ਸੁਰ ਗੂੰਜਦੇ ਹੀ ਰਹਿੰਦੇ ਹਨ। ਉਹ ਗੂੰਜ ਅਨੰਦ ਦੀ ਹੈ ਸ਼ਾਸ਼ਵਤ (ਸਦਾ ਰਹਿਣ ਵਾਲਾ) ਦੀ ਹੈ। ਉਹ ਗੂੰਜ ਸਮੇਂ ਦਾ ਹਿੱਸਾ ਨਹੀਂ ਹੈ, ਸਮੇਂ ਦੇ ਪਾਰ ਹੈ।

ਸੋ ਇਕ ਦਿਨ ਤੁਸੀਂ ਜਾਗਦੇ ਜ਼ਰੂਰ ਹੋ, ਲੇਕਿਨ ਫਿਰ ਤੁਸੀਂ ਕਦੇ ਸੌਂਦੇ ਨਹੀਂ। ਜਿਹੜਾ ਪ੍ਰੇਮ ਵਿਚ ਜਾਗ ਗਿਆ, ਜਾਗ ਗਿਆ। ਇਸ ਲਈ ਤਾਂ ਅਸੀਂ ਪ੍ਰੇਮ ਨੂੰ ਸ਼ਾਸ਼ਵਤ (ਸਦਾ ਰਹਿਣ ਵਾਲਾ) ਕਿਹਾ ਹੈ ਅਤੇ ਜਦ ਤਕ ਪ੍ਰੇਮ ਸ਼ਾਸ਼ਵਤ ਨਾ ਹੋਵੇ ਤਦ ਤਕ ਪ੍ਰੇਮ ਦਾ ਧੋਖਾ ਰਿਹਾ ਹੋਏਗਾ। ਜਿਹੜਾ ਪਿਆਰ ਪੈਦਾ ਹੋਵੇ ਅਤੇ ਸਮਾਪਤ ਹੋ ਜਾਏ, ਉਸ ਨੂੰ ਤੁਸੀਂ ਕੁਝ ਹੋਰ ਕਹਿਣਾ ਕਿਰਪਾ ਕਰ ਕੇ ਪ੍ਰੇਮ ਨਾ ਕਹਿਣਾ। ਹੋਰ ਕੋਈ ਨਾਂ ਲੱਭ ਲੈਣਾ, ਲੇਕਿਨ ਪ੍ਰੇਮ ਨਾ ਕਹਿਣਾ, ਕਿਉਂਕਿ ਪ੍ਰੇਮ ਦੀ ਪਰਿਭਾਸ਼ਾ ਇਹ ਹੀ ਹੈ ਕਿ ਜੋ ਸ਼ੁਰੂ ਹੋਵੇ ਅਤੇ ਸਮਾਪਤ ਨਾ ਹੋਵੇ। ਪ੍ਰੇਮ ਇੰਨਾ ਵਿਰਾਟ ਹੈ ਕਿ ਤੁਸੀਂ ਹੀ ਉਸ ਵਿਚ ਸਮਾਪਤ ਹੋ ਜਾਂਦੇ ਹੋ, ਤੁਸੀਂ ਉਸ ਨੂੰ ਕਿਵੇਂ ਸਮਾਪਤ ਕਰ ਪਾਉਗੇ।

ਇਕ ਕਹਾਣੀ ਮੈਨੂੰ ਸਦਾ ਪ੍ਰੀਤੀਕਰ ਰਹੀ ਹੈ। ਰਾਮ ਕ੍ਰਿਸ਼ਨ ਕਹਿੰਦੇ ਸਨ, ਮੇਲਾ ਭਰਿਆ ਸੀ ਸਮੁੰਦਰ ਦੇ ਕੰਢੇ 'ਤੇ। ਬਹੁਤ ਵਿਵਾਦ (ਜਿਰਹ) ਚੱਲ ਰਿਹਾ

ਸੀ ਕਿ ਸਮੁੰਦਰ ਅਥਾਹ ਹੈ ਜਾਂ ਨਹੀਂ। ਭੀੜ ਇਕੱਠੀ ਹੋ ਗਈ। ਵੱਡੇ ਪੰਡਿਤ ਸ਼ਾਸਤ੍ਰ ਖੋਲ੍ਹ ਕੇ ਬੈਠੇ ਸਨ। ਬੜੀ ਉਤੇਜਨਾ (ਉਤਸ਼ਾਹ) ਫੈਲ ਗਈ ਸੀ ਕਿ ਕੌਣ ਜਿੱਤਦਾ, ਕੌਣ ਹਾਰਦਾ! ਬੈਠੇ ਸਭੇ ਕੰਢੇ ਉੱਤੇ ਸਨ। ਸਾਗਰ ਵਿਚ ਕੋਈ ਉਤਰ ਨਹੀਂ ਰਿਹਾ ਸੀ। ਬੈਠ ਕੇ ਹੀ ਚਰਚਾ ਹੋ ਰਹੀ ਸੀ। ਸ਼ਬਦਾਂ ਦੀ ਮਾਰ ਚੱਲ ਰਹੀ ਸੀ। ਬਾਲ ਦੀ ਖੱਲ ਖਿੱਚੀ ਜਾ ਰਹੀ ਸੀ। ਕੋਈ ਕਹਿੰਦਾ ਸੀ, ਅਥਾਹ ਹੈ, ਕਿਉਂਕਿ ਹੁਣ ਤਕ ਕਿਸੇ ਨੇ ਵੀ ਨਹੀਂ ਕਿਹਾ ਕਿ ਕਿੰਨੀ ਥਾਹ ਹੈ। ਜੇਕਰ ਥਾਹ ਹੁੰਦੀ ਤਾਂ ਕੋਈ ਨਾਪ ਲੈਂਦਾ। ਦੂਜੇ ਕਹਿ ਰਹੇ ਸਨ—ਚੂੰਕਿ ਹੁਣ ਤਕ ਨਾਪਿਆ ਨਹੀਂ ਗਿਆ, ਤੁਸੀਂ ਕਿਵੇ ਕਹਿ ਸਕਦੇ ਹੋ ਕਿ ਅਥਾਹ ਹੈ? ਨਾਪ ਹੋ ਜਾਏ ਅਤੇ ਪਤਾ ਚਲ ਜਾਏ ਕਿ ਨਾਪ ਨਹੀਂ ਹੋ ਸਕਦਾ ਤਾਂ ਹੀ ਅਥਾਹ ਕਹਿਣਾ।

ਹੁਣ ਇਸ ਵਿਚ ਬਹੁਤ ਜਟਿਲਤਾ ਸੀ। ਨਾਪ ਹੁਣ ਤਕ ਹੋਇਆ ਨਹੀਂ ਹੈ, ਸੋ ਥਾਹ ਤਾਂ ਕਹਿ ਹੀ ਨਹੀਂ ਸਕਦੇ, ਅਥਾਹ ਵੀ ਨਹੀਂ ਕਹਿ ਸਕਦੇ। ਪਰ ਕਿਸੇ ਨੂੰ ਇਹ ਖ਼ਿਆਲ ਨਹੀਂ ਆ ਰਿਹਾ ਸੀ ਕਿ ਉਤਰੀਏ ਅਤੇ ਕੁੱਦ ਜਾਈਏ। ਕਹਿੰਦੇ ਹਨ ਨਮਕ ਦੇ ਦੋ ਪੁੱਤਲੇ ਵੀ ਉਸ ਭੀੜ ਵਿਚ ਖਲੋਤੇ ਸਨ। ਉਨ੍ਹਾਂ ਨੂੰ ਜੋਸ਼ ਆ ਗਿਆ। ਉਨ੍ਹਾਂ ਨੇ ਕਿਹਾ—ਰੁਕੋ ਜੀ! ਜਿਰਹ ਨਾਲ ਕੀ ਹੋਏਗਾ? ਅਸੀਂ ਪਤਾ ਕਰ ਕੇ ਆਉਂਦੇ ਹਾਂ।

ਉਹ ਦੋਵੇਂ ਕੁੱਦ ਗਏ। ਉਹ ਜਿਵੇਂ-ਜਿਵੇਂ ਹੇਠਾਂ ਜਾਣ ਲੱਗੇ, ਉਵੇਂ-ਉਵੇਂ ਬਹੁਤ ਹੈਰਾਨ ਹੋਣ ਲੱਗੇ ਕਿ ਸਾਗਰ ਦੀ ਗਹਿਰਾਈ ਦਾ ਤਾਂ ਅੰਤ ਨਹੀਂ ਹੁੰਦਾ, ਖ਼ੁਦ ਪਿਘਲਦੇ ਜਾ ਰਹੇ ਹਨ। ਨਮਕ ਦੇ ਪੁਤਲੇ ਸਨ। ਕਹਿੰਦੇ ਹਨ, ਉਹ ਪੁੱਜ ਵੀ ਗਏ ਬਹੁਤ ਡੂੰਘਾਈ ਵਿਚ, ਪਰ ਜਦੋਂ ਪਰਤਣੇ ਦਾ ਖ਼ਿਆਲ ਆਇਆ ਤਾਂ ਉਹ ਸੀ ਹੀ ਨਹੀਂ, ਉਹ ਤਾਂ ਜਾ ਚੁੱਕੇ ਸੀ। ਨਮਕ ਨਮਕ ਵਿਚ ਘੁਲ ਚੁੱਕਿਆ ਸੀ, ਸਾਗਰ ਦਾ ਹਿੱਸਾ ਹੋ ਚੁੱਕਿਆ ਸੀ।

ਇਸ ਤਰ੍ਹਾਂ ਕਈ ਦਿਨਾਂ ਤਕ ਲੋਕ ਘਾਟ 'ਤੇ ਉਡੀਕ ਕਰਦੇ ਰਹੇ ਤੇ ਫਿਰ ਉਨ੍ਹਾਂ ਨੇ ਕਿਹਾ ਕਿ ਫ਼ਜ਼ੂਲ ਹੈ ਮਿਹਨਤ ਹੁਣ ਹੋਰ ਰੁਕੇ ਰਹਿਣਾ। ਸ਼ਾਸਤ੍ਰ ਦਾ ਅਰਥ ਫਿਰ ਤੋਂ ਸ਼ੁਰੂ ਕੀਤਾ ਜਾਏ। ਇਹ ਮਿਹਨਤ ਬੇਕਾਰ ਗਈ। ਇਹ ਸਮਾਂ ਇਵੇਂ ਹੀ ਗਿਆ। ਇਸ ਵਿਚਾਲੇ ਤਾਂ ਅਸੀਂ ਸ਼ਾਸਤ੍ਰ ਨਾਲ ਹੀ ਫ਼ੈਸਲਾ ਕਰ ਲੈਂਦੇ।

ਫਿਰ ਵਿਵਾਦ ਸ਼ੁਰੂ ਹੋ ਗਿਆ। ਅਤੇ ਉਹ ਜਿਹੜੇ ਡੁੱਬ ਗਏ ਗਹਿਰਾਈ ਵਿਚ, ਉਹ ਕਦੇ ਮੁੜੇ ਨਹੀਂ ਕਹਿਣ, ਥਾਹ ਹੈ ਜਾਂ ਨਹੀਂ।

ਕਹਾਣੀ ਅਜੇ ਵੀ ਉਥੇ ਹੀ ਉਲਝੀ ਹੈ—ਥਾਹ ਹੈ ਜਾਂ ਨਹੀਂ ਹੈ ? ਜਿਰਹ ਘਾਟ ਉੱਤੇ ਹੁਣ ਵੀ ਚੱਲ ਰਹੀ ਹੈ। ਪੰਡਿਤ ਹੁਣ ਵੀ ਆਪਣੀਆਂ-ਆਪਣੀਆਂ ਗੱਲਾਂ ਕਰ ਰਹੇ ਹਨ।

ਇਹ ਜਿਹੜੇ ਦੋ ਨਮਕ ਦੇ ਪੁਤਲੇ ਸਨ, ਇਹ ਸੰਤਾਂ ਦੇ ਪ੍ਰਤੀਕ ਹਨ। ਇਹ ਸੰਤਤਵ ਦੇ ਪ੍ਰਤੀਕ ਹਨ। ਜਿਵੇਂ ਸਾਗਰ ਵਿਚ ਨਮਕ ਦਾ ਪੁਤਲਾ ਘੁਲ ਜਾਂਦਾ ਹੈ, ਇਸੇ ਤਰ੍ਹਾਂ ਹੀ ਅਸੀਂ ਪਰਮਾਤਮਾ ਵਿਚ ਘੁਲ ਮਿਲ ਜਾਂਦੇ ਹਾਂ। ਉਸ ਦੇ ਪ੍ਰੇਮ ਵਿਚ ਘੁਲ ਜਾਂਦੇ ਜਾਂ। ਦੋ ਕਿਉਂ ਚੁਣੇ ਪ੍ਰਤੀਕ ? ਕਿਉਂਕਿ ਜਦ ਤਕ ਅਸੀਂ ਘੁਲੇ ਨਹੀਂ ਤਦ ਤਕ ਅਸੀਂ ਦੋ ਮਾਲੂਮ ਹੁੰਦੇ ਹਾਂ। ਘੁਲ ਗਏ ਤਾਂ ਦੋ ਵੀ ਨਹੀਂ ਰਹਿ ਜਾਂਦੇ, ਇਕ ਵੀ ਨਹੀਂ ਰਹਿ ਜਾਂਦਾ—ਅਦਵੈਤ ਰਹਿ ਜਾਂਦਾ ਹੈ। ਫਿਰ ਪਰਤ ਕੇ ਕਹੇ ਕੌਣ ? ਦੱਸੇ ਕੌਣ ?

ਥੋੜ੍ਹੀ ਦੇਰ ਰਾਹ 'ਚ ਬੈਠੇ ਹੋਏ, ਕੰਢੇ ਉੱਤੇ ਬੈਠੇ ਹੋਏ ਪੰਡਿਤ ਉਡੀਕ ਕਰਦੇ ਹਨ—ਫਿਰ ਉਹ ਕਹਿੰਦੇ ਹਨ ਇਹ ਵੀ ਗਏ, ਕੋਈ ਪਰਤ ਕੇ ਦੱਸਦਾ ਨਹੀਂ, ਅਸੀਂ ਆਪਣਾ ਸ਼ਾਸਤ੍ਰਾਰਥ ਫਿਰ ਸ਼ੁਰੂ ਕਰੀਏ। ਉਹ ਫਿਰ ਵਿਚਾਰ ਵਿਚ ਲੀਨ ਹੋ ਜਾਂਦੇ ਹਨ।

ਨਿਰਵਿਚਾਰ ਵਿਚ ਜਾਣਿਆ ਜਾਂਦਾ ਹੈ। ਵਿਚਾਰ ਵਿਚ ਸਿਰਫ਼ ਜਿਰਹ ਹੈ। ਸ਼ੂਨਯ ਵਿਚ ਪਛਾਣ ਹੈ। ਸ਼ਬਦ ਵਿਚ ਸਿਰਫ਼ ਸਿਰ ਭੰਨਣਾ ਹੈ। ਪਰ ਜੋ ਸ਼ੂਨਯ (ਖ਼ਾਲੀਪਨ) ਵਿਚ ਉਤਰਦਾ ਹੈ। ਉਹ ਪ੍ਰੇਮ ਨੂੰ ਸਮਾਪਤ ਨਹੀਂ ਕਰ ਪਾਉਂਦਾ, ਸ੍ਵੈ ਸਮਾਪਤ ਹੋ ਜਾਂਦਾ ਹੈ। ਇਸ ਲਈ—ਅਕਥ ਕਹਾਣੀ ਪ੍ਰੇਮ ਦੀ!

ਚੌਥਾ ਸਵਾਲ—ਇਸ ਪ੍ਰਵਚਨ ਮਾਲਾ ਦੇ ਪ੍ਰਾਰੰਭ ਵਿਚ ਤੁਸੀਂ ਕਿਹਾ, ਪ੍ਰੇਮ ਅਤੇ ਧਿਆਨ ਦੋ ਮਾਰਗ ਹਨ। ਪਰ ਅਕਥ ਕਹਾਣੀ ਪ੍ਰੇਮ ਦੀ ਭਾਂਤਿ ਅਕਥ ਕਹਾਣੀ ਧਿਆਨ ਦੀ ਕਿਉਂ ਨਹੀਂ ਕਹੀ ਜਾਂਦੀ ?

ਕਹਾਣੀ ਲਈ ਘੱਟੋ-ਘੱਟ ਦੋ ਦੀ ਜ਼ਰੂਰਤ ਹੈ। ਸੋ ਪ੍ਰੇਮ ਦੀ ਤਾਂ ਕਹਾਣੀ ਹੋ ਸਕਦੀ ਹੈ, ਧਿਆਨ ਦੀ ਨਹੀਂ ਹੋ ਸਕਦੀ। ਧਿਆਨ ਤਾਂ ਇਕ ਦਾ ਹੀ ਇਕ ਵਿਚ ਪ੍ਰਵੇਸ਼ ਹੈ, ਕਹਾਣੀ ਦੇ ਲਾਇਕ ਥਾਂ ਨਹੀਂ ਹੈ। ਘੱਟ ਤੋਂ ਘੱਟ ਕਹਾਣੀ ਲਈ ਦੋ ਤਾਂ ਚਾਹੀਦੇ ਹੀ ਹਨ, ਤਾਂ ਕੁਝ ਕਹਾਣੀ ਬਣੇ। ਤਿੰਨ ਹੋਣ ਤਾਂ ਹੋਰ ਵੀ ਚੰਗੀ ਬਣ ਜਾਂਦੀ ਹੈ, ਟ੍ਰਾਯਏਂਗਲ ਬਣ ਜਾਂਦਾ ਹੈ ਅਤੇ ਜ਼ਿਆਦਾ ਹੋਣ ਤਾਂ ਕਹਾਣੀ ਹੋਰ ਵਧਦੀ ਚਲੀ ਜਾਂਦੀ ਹੈ।

ਧਿਆਲ ਵਿਚ ਤਾਂ ਇਕੱਲਾ ਇਕ ਹੀ ਆਦਮੀ ਬਚਦਾ ਹੈ।

ਤੁਸ ਥੋੜ੍ਹਾ ਸੋਚੋ ਕਿ ਇਕ ਆਦਮੀ ਜਨਮੇ ਅਤੇ ਇਕ ਧਿਆਨ ਵਿਚ ਡੁੱਬ ਜਾਏ, ਸੌ ਸਾਲ ਜੀਵੇ ਅਤੇ ਧਿਆਨ 'ਚ ਰਹੇ—ਤੁਸੀਂ ਉਸ ਦੀ ਕੁਝ ਕਹਾਣੀ

ਕਹਿ ਸਕੋਗੇ ? ਉਸ ਦੇ ਜੀਵਨ ਵਿਚ ਕੁਝ ਵਾਪਰਿਆ ਹੀ ਨਹੀਂ। ਨਾ ਲੜਿਆ, ਨਾ ਝਗੜਿਆ, ਨਾ ਅਦਾਲਤ ਗਿਆ, ਨਾ ਪ੍ਰੇਮ ਕੀਤਾ, ਨਾ ਬੱਚੇ ਪੈਦਾ ਕੀਤੇ, ਨਾ ਇਲੈਕਸ਼ਨ ਲੜਿਆ, ਨਾ ਨੇਤਾ ਬਣਿਆ, ਨਾ ਕੁਝ ਕੀਤਾ—ਕੁਝ ਵੀ ਨਹੀਂ ਕੀਤਾ। ਅਸਲੀਅਤ ਇਹ ਤੁਸੀਂ ਉਸ ਆਦਮੀ ਨੂੰ ਪਛਾਣ ਹੀ ਨਾ ਸਕੋਗੇ ਕਿ ਉਹ ਕੌਣ ਹੈ, ਉਸ ਦਾ ਨਾਮ ਧਾਮ ਕੀ ਹੈ, ਕਿਉਂਕਿ ਧਿਆਨੀ ਦਾ ਕੋਈ ਨਾਮ-ਧਾਮ ਹੈ, ਕੋਈ ਪਤਾ ਠਿਕਾਣਾ ਹੈ ? ਲੋਕ ਉਸ ਨੂੰ ਭੁੱਲ ਜਾਣਗੇ ਕਿ ਉਹ ਹੈ ਵੀ। ਕਿਸੇ ਨੂੰ ਉਸ ਦਾ ਪਤਾ ਵੀ ਨਹੀਂ ਰਹੇਗਾ। ਉਹ ਕਦ ਆਇਆ ਤੇ ਕਦ ਗਿਆ, ਲਹਿਰ ਦੇ ਵਾਂਗ, ਹਵਾ ਦੀ ਲਹਿਰ ਦੀ ਤਰ੍ਹਾਂ ਚਲਾ ਜਾਏਗਾ। ਅੰਦਰ ਪਿੱਛੇ ਕੋਈ ਰੇਖਾ ਵੀ ਨਹੀਂ ਛੁੱਟੇਗੀ, ਕੋਈ ਚਰਨ-ਚਿੰਨ੍ਹ ਵੀ ਨਹੀਂ ਛੁੱਟਣਗੇ—ਕਹਾਣੀ ਕੀ ਹੋਏਗੀ ?

ਕਹਾਵਤ ਹੈ ਫ਼ਰਾਂਸ ਵਿਚ ਕਿ ਕਹਾਣੀ ਬੁਰੇ ਆਦਮੀ ਦੀ ਹੁੰਦੀ ਹੈ, ਭਲੇ ਆਦਮੀ ਦੀ ਨਹੀਂ, ਅਤੇ ਇਹ ਗੱਲ ਸੱਚ ਹੈ। ਭਲੇ ਆਦਮੀ ਵਿਚ ਕਹਾਣੀ ਹੀ ਕੀ ਹੈ ? ਨਾ ਚੋਰੀ ਕੀਤੀ, ਨਾ ਜੂਆ ਖੇਡਿਆ, ਨਾ ਸ਼ਰਾਬ ਪੀਤੀ, ਨਾ ਹੱਤਿਆ ਕੀਤੀ, ਨਾ ਕੁੱਟਿਆ, ਨਾ ਕੁੱਟ ਖਾਧੀ—ਭਲੇ ਆਦਮੀ ਦੀ ਕਹਾਣੀ ਲਿਖਣ ਲਈ ਕੁਝ ਨਹੀਂ, ਕਾਗ਼ਜ਼ ਕੋਰਾ ਹੈ।

ਸੂਫ਼ੀਆਂ ਦੀ ਇਕ ਕਿਤਾਬ ਹੈ। ਉਸ ਕਿਤਾਬ ਦਾ ਨਾਉਂ ਹੈ—ਦਿ ਬੁੱਕ ਆਫ਼ ਦਿ ਬੁਕਸ। ਉਸ ਵਿਚ ਕੁਝ ਵੀ ਲਿਖਿਆ ਹੋਇਆ ਨਹੀਂ ਹੈ। ਉਹ ਕੋਰੀ ਹੈ। ਉਸ ਕਿਤਾਬ ਦੀ ਤਾਂ ਕਹਾਣੀ ਹੈ ਲੇਕਿਨ ਕਿਤਾਬ ਵਿਚ ਕੋਈ ਕਹਾਣੀ ਨਹੀਂ ਹੈ। ਕਿਤਾਬ ਕਿਸ ਨੇ ਬਣਾਈ, ਕਿਸ ਸਮਰਾਟ ਦੇ ਮਹਿਲਾਂ ਵਿਚ ਰਹੀ, ਕਿਹੜੀਆਂ ਤਿਜੋਰੀਆਂ ਵਿਚ ਸਾਂਭੀ ਗਈ—ਇਸ ਦੀ ਤਾਂ ਕਹਾਣੀ ਹੈ, ਲੇਕਿਨ ਕਿਤਾਬ ਦੇ ਅੰਦਰ ਕੋਈ ਕਹਾਣੀ ਨਹੀਂ ਹੈ। ਕਿਤਾਬ ਕੋਰੀ ਹੈ, ਬਿਲਕੁਲ ਖ਼ਾਲੀ ਹੈ।

ਉਹ ਭਲੇ ਆਦਮੀ ਦੀ, ਧਿਆਨਸਥ ਆਦਮੀ ਦੀ ਗੱਲ ਹੈ।

ਪ੍ਰੇਮ ਦੀ ਕਹਾਣੀ ਹੋ ਸਕਦੀ ਹੈ। ਮੀਰਾ ਨੱਚੇਗੀ, ਰੋਏਗੀ— ਵਿਰਹ ਵਿਚ, ਪੀੜਾ ਵਿਚ, ਆਨੰਦ ਵਿਚ, ਪਰਮਾਤਮਾ ਅੱਗੇ ਬੇਨਤੀ ਕਰੇਗੀ, ਕੁਝ ਕਹੇਗੀ, ਕੁਝ ਸੁਣੇਗੀ, ਕੁਝ ਸਮਝੇਗੀ, ਕੁਝ ਸਮਝਾਏਗੀ—ਖੇਡ ਚੱਲੇਗੀ, ਇਕ ਲੀਲ੍ਹਾ ਹੋਏਗੀ। ਬੁੱਧ ਦੇ ਕੋਲ ਕੋਈ ਵੀ ਖੇਡ ਨਹੀਂ ਹੋਏਗੀ। ਕਿਸ ਨੂੰ ਕਹਿਣਾ ਹੈ ? ਨਾ ਕੋਈ ਪਰਮਾਤਮਾ ਹੈ, ਨਾ ਕੋਈ ਭਗਤ ਹੈ, ਨਾ ਕੋਈ ਭਗਵਾਨ ਹੈ—ਇਕ ਹੀ ਬਚਿਆ। ਰੇਗਿਸਤਾਨ ਵਰਗਾ ਸੰਨਾਟਾ ਹੈ—ਕੋਈ ਦਰਖ਼ਤ ਨਹੀਂ

ਉੱਗਦੇ—ਕੋਈ ਫੁੱਲ ਨਹੀਂ ਖਿੜਦੇ, ਕੋਈ ਪੰਛੀ ਗੀਤ ਨਹੀਂ ਗਾਉਂਦੇ। ਰੇਗਿਸਤਾਨ ਦੀ ਕੀ ਕਹਾਣੀ ਹੈ? ਮਾਰੂਸਥੱਲ ਕਹਿ ਦਿੱਤਾ, ਕਹਾਣੀ ਪੂਰੀ ਹੋ ਗਈ।

ਬਹੁਤ ਵੱਡਾ ਜ਼ੇਨ ਫ਼ਕੀਰ ਹੋਇਆ—ਰਿੰਝਾਈ। ਕਿਸੇ ਨੇ ਪੁੱਛਿਆ ਕਿ ਮੈਂ ਜ਼ਰ ਕਾਹਲੀ ਵਿਚ ਹਾਂ, ਇਕ ਸ਼ਬਦ ਵਿਚ ਦੱਸ ਜਾਓ—ਕੀ ਕਰਨ ਯੋਗਯ ਹੈ? ਤਾਂ ਉਹ ਚੁੱਪ ਬੈਠਾ ਰਿਹਾ। ਉਸ ਆਦਮੀ ਨੇ ਕਿਹਾ, ਛੇਤੀ ਕਰੋ, ਚੁੱਪ ਕਿਉਂ ਬੈਠੇ ਹੋ?

ਉਸ ਨੇ ਕਿਹਾ, ਕਹਿ ਦਿੱਤਾ ਜੋ ਕਹਿਣਾ ਸੀ। ਕਿਉਂਕਿ ਜੋ ਕਹਿਣਾ ਸੀ, ਉਹ ਚੁੱਪੀ ਹੈ। ਬੋਲਣ ਨਾਲ ਖ਼ਰਾਬ ਹੋ ਜਾਏਗੀ। ਸਮਝ ਗਏ ਤਾਂ ਸਮਝ ਗਏ। ਨਹੀਂ ਸਮਝੇ ਤਾਂ ਹੋਰ ਕਿਤੇ ਸਮਝ ਲੈਣਾ।

ਉਸ ਆਦਮੀ ਨੇ ਕਿਹਾ ਕਿ ਲੁਭਾਉਂਦੇ ਹੋ ਤੁਸੀਂ। ਤੁਹਾਨੂੰ ਵੇਖ ਕੇ ਰੁਕਣ ਦਾ ਮਨ ਹੁੰਦਾ ਹੈ, ਪਰ ਮੈਂ ਛੇਤੀ ਵਿਚ ਹਾਂ। ਅਤੇ ਇੰਨੀ ਕੁ ਗੱਲ ਹੋਰ ਅਟਕਾਏਗੀ। ਮੈਂ ਹੋਰ ਚਿੰਤਤ ਰਹਾਂਗਾ ਕਿ ਪਤਾ ਨਹੀਂ, ਕੀ ਮਤਲਬ ਸੀ! ਤੁਸੀਂ ਥੋੜ੍ਹੇ ਵਿਚ ਇਕ ਸ਼ਬਦ ਹੀ ਬੋਲ ਦਿਓ।

ਤਾਂ ਰਿੰਝਾਈ ਨੇ ਕਿਹਾ—ਧਿਆਨ।

ਉਸ ਆਦਮੀ ਨੇ ਕਿਹਾ, ਚਲੋ ਕੁਝ ਤਾਂ ਤੁਸੀਂ ਬੋਲੇ, ਪਰ ਇੰਨੇ ਨਾਲ ਕੁਝ ਸਾਫ਼ ਨਹੀਂ ਹੁੰਦਾ। ਧਿਆਨ ਯਾਨੀ ਕੀ? ਰਿੰਝਾਈ ਨੇ ਕਿਹਾ, ਧਿਆਨ ਯਾਨੀ ਧਿਆਨ। ਉਸ ਆਦਮੀ ਨੇ ਕਿਹਾ—ਹੁਣ ਬੁਝਾਰਤਾਂ ਨਾ ਬੁਝਾਓ। ਬੁਝਾਰਤਾਂ 'ਚ ਨਾ ਉਲਝਾਓ। ਮੈਨੂੰ ਕਿਤੇ ਜਾਣਾ ਹੈ, ਛੇਤੀ ਵਿਚ ਹਾਂ ਅਤੇ ਤੁਸੀਂ ਉਲਝਾਈ ਚਲੇ ਜਾਂਦੇ ਹੋ? ਧਿਆਨ ਯਾਨੀ ਧਿਆਨ—ਇਸ ਦਾ ਕੀ ਮਤਲਬ?

ਰਿੰਝਾਈ ਨੇ ਕਿਹਾ—ਹੁਣ ਤੂੰ ਕਿੰਨਾ ਹੀ ਪੁੱਛ, ਧਿਆਨ ਯਾਨੀ ਧਿਆਨ ਹੋਰ ਧਿਆਨ ਯਾਨੀ ਧਿਆਨ—ਇਸੇ ਤਰ੍ਹਾਂ ਮੈਂ ਦੁਹਰਾਉਂਦਾ ਚਲਾ ਜਾਵਾਂਗਾ, ਕਿਉਂਕਿ ਧਿਆਨ ਯਾਨੀ ਧਿਆਨ ਹੋਰ ਕੁਝ ਹੈ ਨਹੀਂ। ਹੁਣ ਕਰੋ ਅਤੇ ਜਾਣੋ।

ਹੁਣ ਤੁਸੀਂ ਰਿੰਝਾਈ ਦੇ ਉਪਰ ਕੁਝ ਸ਼ਾਸਤ੍ਰ ਬਣਾਉਣਾ ਚਾਹੋ ਤਾਂ ਕੀ ਬਣਾਉਗੇ? ਖ਼ਾਕ! ਗੀਤਾ ਲਿਖਣਾ ਚਾਹੋ ਰਿੰਝਾਈ ਦੇ ਉਪਰ, ਕੀ ਲਿਖੋਗੇ? ਧਿਆਨ ਯਾਨੀ ਧਿਆਨ—ਗੀਤਾ ਸਮਾਪਤ।

ਇਕ ਪੋਸਟ ਕਾਰਡ ਵੀ ਬਹੁਤ ਵੱਡਾ ਹੋ ਜਾਏਗਾ ਅਤੇ ਇਹ ਵੀ ਰਿੰਝਾਈ ਨੂੰ ਪਸੰਦ ਨਹੀਂ ਆਏਗਾ, ਇੰਨਾ ਲਿਖਣਾ ਕਿ ਧਿਆਨ ਯਾਨੀ ਧਿਆਨ, ਇਹ

ਵੀ ਮਜਬੂਰੀ ਵਿਚ, ਇਹ ਆਦਮੀ ਜ਼ਿੱਦੀ ਸੀ, ਇਸ ਲਈ ਕਿਹਾ। ਨਹੀਂ ਤਾਂ ਉਹ ਚੁੱਪ ਹੀ ਸਨ। ਖ਼ਾਲੀ ਪੋਸਟ ਕਾਰਡ ਭੇਜ ਦਿੰਦੇ।

ਧਿਆਨ ਦੀ ਕੋਈ ਕਹਾਣੀ ਨਹੀਂ ਹੈ। ਪ੍ਰੇਮ ਦੀ ਕਹਾਣੀ ਹੈ। ਅਤੇ ਇਸੇ ਲਈ ਤਾਂ ਮੈਂ ਕਹਿੰਦਾ ਹਾਂ, ਪ੍ਰੇਮ ਦਾ ਇਕ ਰਸ ਹੈ। ਧਿਆਨ ਨਾਲ ਤੁਹਾਡਾ ਸੰਬੰਧ ਜ਼ਰਾ ਮੁਸ਼ਕਿਲ ਹੈ, ਕਿਉਂਕਿ ਕਹਾਣੀ ਵਿਚ ਅਜੇ ਤੁਹਾਡਾ ਰਸ ਹੈ। ਅਜੇ ਤੁਸੀਂ ਕਹਾਣੀ ਸੁਣਨਾ ਚਾਹੋਗੇ—ਨਾ ਸਹੀ ਸੰਸਾਰ ਦੀ, ਪਰਮਾਤਮਾ ਦੀ, ਨਾ ਸਹੀ ਇਸ ਲੋਕ ਦੀ, ਉਸ ਲੋਕ ਦੀ। ਅਜੇ ਤੁਸੀਂ ਗੀਤ ਗਾਉਣਾ ਚਾਹੋਗੇ—ਨਾ ਸਹੀ ਇਥੇ ਦੇ। ਭਗਵਤ ਗੀਤਾ ਹੀ ਸਹੀ, ਪਰ ਗੀਤ.....। ਅਜੇ ਤੁਸੀਂ ਨਾਚ ਵੇਖਣਾ ਚਾਹੋਗੇ—ਨਾ ਸਹੀ ਸੰਸਾਰ ਦਾ ਨਾਚ, ਮੀਰਾ ਦਾ।

ਤੁਹਾਡੇ ਲਈ ਪ੍ਰੇਮ ਨੇੜੇ ਹੋਏਗਾ। ਉਸ ਨਾਲ ਤੁਹਾਡੇ ਕੁਝ ਤਾਰ ਜੁੜ ਜਾਣਗੇ। ਪ੍ਰੇਮ ਵੀ ਆਖ਼ਰ ਵਿਚ ਧਿਆਨ ਉੱਤੇ ਪਹੁੰਚਾ ਦਿੰਦਾ ਹੈ, ਪਰ ਆਖ਼ਰ ਵਿਚ। ਧਿਆਨ ਸਿੱਧੀ ਛਲਾਂਗ ਹੈ। ਪ੍ਰੇਮ ਤਾਂ ਕਤੀਬੱਧ ਉਪਾਇ ਹੈ। ਧਿਆਨ ਛਲਾਂਗ ਹੈ। ਧਿਆਨ ਬਹੁਤ ਹਿੰਮਤ ਮੰਗਦਾ ਹੈ—ਹਨੇਰੇ ਵਿਚ ਕੁੱਦ ਜਾਣਾ ਦਾ। ਪ੍ਰੇਮ ਹੌਲੀ-ਹੌਲੀ ਫੁਸਲਾਉਂਦਾ ਹੈ, ਆ ਜਾਓ। ਆਸ਼ਵਾਸਨ (ਤਸੱਲੀ) ਦਿੰਦਾ ਹੈ, ਘਬਰਾਓ ਨਾ, ਨਾਲ ਹਾਂ ਮੈਂ। ਪ੍ਰੇਮ ਸੁਗਮ (ਸੌਖਾ) ਹੈ। ਧਿਆਨ ਦੁਰਗਮ (ਔਖਾ) ਹੈ।

ਧਿਆਨ ਦੀ ਕੋਈ ਕਹਾਣੀ ਨਹੀਂ ਹੈ—ਨਾ ਕੱਥ ਨਾ ਅਕੱਥ, ਕੋਈ ਕਹਾਣੀ ਨਹੀਂ ਹੈ।

***ਪੰਜਵਾਂ ਸਵਾਲ*—ਤੁਸੀਂ ਆਖਿਆ, ਪ੍ਰੇਮ ਪਦ-ਯਾਤ੍ਰਾ ਹੈ—ਅਤੇ ਧਿਆਨ ਜਿਵੇਂ ਹਵਾਈ ਜਹਾਜ਼ ਦੀ ਯਾਤ੍ਰਾ! ਫਿਰ ਸਭ ਸਿਆਣੇ ਅਤੇ ਤੁਸੀਂ ਵੀ ਪ੍ਰੇਮ ਉੱਤੇ ਹੀ ਜ਼ੋਰ ਦਿੰਦੇ ਹੋ। ਕੀ ਸਭ ਸਿਆਣੇ ਲੰਮੀ ਯਾਤ੍ਰਾ ਦੇ ਪੱਖ ਵਿਚ ਸਨ?**

ਨਾ, ਮੇਰਾ ਵੱਸ ਚਲੇ ਤਾਂ ਮੈਂ ਤਾਂ ਯਾਤ੍ਰਾ ਦੇ ਬਿਲਕੁਲ ਹੱਕ ਵਿਚ ਨਹੀਂ ਹਾਂ। ਮੈਂ ਤਾਂ ਤੁਹਾਨੂੰ ਇਹ ਹੀ ਆਖਦਾ ਹਾਂ ਕਿ ਯਾਤ੍ਰਾ ਕਰਨੀ ਹੀ ਨਹੀਂ, ਤੁਸੀਂ ਉਹ ਹੀ ਹੋ, ਪਰ ਤੁਸੀਂ ਨਹੀਂ ਸੁਣਦੇ। ਤੁਸੀਂ ਕਹਿੰਦੇ ਹੋ ਕਿ ਠੀਕ ਹੈ, ਪਰ ਥੋੜ੍ਹਾ ਕੁਝ ਤਾਂ ਦੱਸ ਦਿਓ—ਕਿਵੇਂ ਟੁਰੀਏ? ਕੁਝ ਅਡੰਬਰ ਚਾਹੀਦਾ। ਕੋਈ ਸਹਾਰਾ ਚਾਹੀਦਾ। ਇਸ ਤਰ੍ਹਾਂ ਇਕ ਦਮ ਪਹੁੰਚਾ ਦੇਣ ਨਾਲ ਤਾਂ ਜਚਦੀ ਨਹੀਂ ਗੱਲ।

ਤੁਸੀਂ ਭਰੋਸਾ ਹੀ ਨਹੀਂ ਕਰਦੇ ਕਿ ਤੁਸੀਂ ਅਤੇ ਇਸੇ ਵੇਲੇ ਪਰਮਾਤਮਾ ਹੋ ਸਕਦੇ ਹੋ। ਤੁਸੀਂ ਆਪਣੀ ਇੰਨੀ ਨਿੰਦਾ ਕੀਤੀ ਹੈ ਇੰਨੇ ਕਾਲਾਂ ਤਕ, ਤੁਸੀਂ

ਆਪਣੇ ਆਪ ਦਾ ਇੰਨਾ ਅਪਮਾਨ ਕੀਤਾ ਹੈ ਅਨੰਤ ਜਨਮਾਂ ਵਿਚ! ਤੁਸੀਂ ਮਹਾਂਨਿੰਦਕ ਹੋ ਆਪਣੇ। ਤੁਸੀਂ ਕਦੇ ਆਪਣੇ ਨੂੰ ਸਵੀਕਾਰ ਨਹੀਂ ਕੀਤਾ। ਤੁਸੀਂ ਸਦਾ ਆਪਣੇ ਆਪ ਨੂੰ ਚੰਗਾ ਬਣਾਉਣ ਦੀ ਕੋਸ਼ਿਸ਼ ਵਿਚ ਰਹੇ ਹੋ, ਅਤੇ ਜਾਣਿਆ ਤੁਸੀਂ ਸਦਾ ਹੈ ਕਿ ਤੁਸੀਂ ਬੁਰੇ ਹੋ। ਜਾਣਿਆ ਤੁਸੀਂ ਕਿ ਤੁਸੀਂ ਪਾਪੀ ਹੋ, ਅਤੇ ਪੁੰਨ-ਆਤਮਾ ਹੋਣ ਦੀ ਤੁਸੀਂ ਕੋਸ਼ਿਸ਼ ਕੀਤੀ ਹੈ। ਮੈਂ ਅੱਜ ਅਚਾਨਕ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਪਾਪੀ ਨਹੀਂ ਹੋ। ਤੁਸੀਂ ਚਾਹੋ ਤਦ ਵੀ ਤੁਸੀਂ ਪਾਪੀ ਨਹੀਂ ਹੋ ਸਕਦੇ ਹੋ। ਪਾਪ ਤੁਹਾਡਾ ਭਰਮ ਹੈ ਅਤੇ ਪੁੰਨ ਤੁਹਾਡਾ ਸੁਭਾਵ। ਤੁਸੀਂ ਸੁਣ ਲੈਂਦੇ ਹੋ ਪਰ ਗੱਲ ਜਚਦੀ ਨਹੀਂ। ਤੁਹਾਡੀ ਆਦਤ ਦੇ ਉਲਟ ਹੈ! ਤੁਸੀਂ ਸਭ ਸੁਣ-ਸੁਣਾ ਕੇ ਫਿਰ ਕਹਿੰਦੇ ਹੋ—ਠੀਕ ਕਹਿੰਦੇ ਹੋ ਤੁਸੀਂ, ਕੁਝ ਆਤਮ ਸੁਧਾਰ ਦਾ ਮਾਰਗ ਦੱਸੋ।

ਮੇਰੇ ਕੋਲ ਰੋਜ਼ ਲੋਕ ਆਉਂਦੇ ਹਨ, ਉਨ੍ਹਾਂ ਨੂੰ ਮੈਂ ਕਹਿੰਦਾ ਹਾਂ, ਕੁਝ ਕਰਨਾ ਨਹੀਂ ਹੈ—ਤੁਸੀਂ ਜਿਸ ਤਰ੍ਹਾਂ ਦੇ ਹੋ ਪਰਮ ਸੁੰਦਰ ਹੋ। ਉਹ ਇਧਰ ਉਧਰ ਵੇਖਦੇ ਹਨ। ਉਹ ਕਹਿੰਦੇ ਹਨ—ਮੰਨ ਨਹੀਂ ਸਕਦੇ। ਚਾਹੇ ਮੇਰੀ ਗੱਲ ਸੁਣ ਕੇ ਚੁੱਪ ਭਾਵੇਂ ਹੋ ਜਾਣ, ਲੇਕਿਨ ਰਾਜ਼ੀ ਥੋੜ੍ਹੇ ਹੁੰਦੇ ਹਨ। ਕਿਵੇਂ ਮੰਨ ਸਕਦੇ ਹਨ ਕਿ ਮੈਂ ਜਿਹੋ-ਜਿਹਾ ਹਾਂ, ਪਰਮ ਸੁੰਦਰ ਹਾਂ ? ਮੈਂ ਆਪਣੀ ਸ਼ਕਲ ਵੇਖੀ ਹੈ ਸ਼ੀਸ਼ੇ ਵਿਚ। ਮੈਂ ਆਪਣਾ ਸਲੂਕ ਵੇਖਿਆ ਹੈ।

ਹੋਰ ਪੰਡਿਤਾਂ ਨੇ ਤੁਹਾਨੂੰ ਇੰਨਾ ਜ਼ਿਆਦਾ ਨਿੰਦਿਤ ਕੀਤਾ ਹੈ ਕਿ ਉਨ੍ਹਾਂ ਦੇ ਸ਼ਬਦ ਤੁਹਾਡੇ ਅੰਦਰ ਗੂੰਜਦੇ ਰਹਿੰਦੇ ਹਨ ਕਿ ਤੁਸੀਂ ਪਾਪੀ ਹੋ, ਮਹਾਂ ਪਾਪੀ। ਤੁਸੀਂ ਅਤੇ ਪਰਮਾਤਮਾ ? ਪਰਮਾਤਮਾ ਬਹੁਤ ਦੂਰ ਹੈ। ਹਜ਼ਾਰਾਂ ਸਾਲਾਂ ਦੀ ਯਾਤ੍ਰਾ ਹੈ, ਤਦ ਤੁਸੀਂ ਕਿਤੇ ਪੁੱਜ ਪਾਉਗੇ। ਇੰਚ-ਇੰਚ ਬਦਲਣਾ ਹੈ। ਤਪੱਸਿਆ ਕਰਨੀ ਹੈ।

ਮੈਂ ਤੁਹਾਨੂੰ ਆਖਦਾ ਹਾਂ, ਤੁਸੀਂ ਹੁਣੇ ਵੀ ਉਹ ਹੀ ਹੋ, ਇਸੇ ਘੜੀ। ਇਕ ਪਲ ਵੀ ਗੁਆਉਣ ਦੀ ਲੋੜ ਨਹੀਂ ਹੈ।

ਲੇਕਿਨ ਉਸ ਨਾਲ ਤੁਸੀਂ ਰਾਜ਼ੀ ਨਹੀਂ ਹੁੰਦੇ। ਉਹ ਧਿਆਨ ਦਾ ਰਾਹ ਹੈ। ਉਹ ਝਟਪਟ ਜਗਾ ਦਿੰਦਾ ਹੈ। ਪਰ ਉਸ ਵਿਚ ਇੰਨੀ ਛੇਤੀ ਹੁੰਦੀ ਹੈ ਕਿ ਤੁਸੀਂ ਭਰੋਸਾ ਹੀ ਨਹੀਂ ਕਰ ਸਕਦੇ ਕਿ ਇੰਨੀ ਛੇਤੀ ਵੀ ਹੋ ਸਕਦੀ ਹੈ। ਤੁਸੀਂ ਤਾਂ ਹੌਲੀ-ਹੌਲੀ ਕਰ ਕੇ ਵੀ ਨਾ ਪਾਇਆ, ਇੰਨੀ ਛੇਤੀ ਕਿਵੇਂ ਪਾਉਗੇ ? ਤੁਸੀਂ ਤਾਂ ਜਨਮ-ਜਨਮ ਵੀ ਚੱਲ ਕੇ ਨਹੀਂ ਪੁੱਜੇ ਹੋ, ਅਤੇ ਮੈਂ ਕਹਿੰਦਾ ਹਾਂ ਬਿਨਾਂ ਟੁਰੇ ਹੀ ਪੁੱਜ ਜਾਉਗੇ—ਤੁਹਾਡੇ ਤਰਕ ਨੂੰ ਗੱਲ ਜਚਦੀ ਨਹੀਂ, ਤੁਹਾਡੇ ਹਿਸਾਬ

ਵਿਚ ਬੈਠਦੀ ਨਹੀਂ। ਤੁਸੀਂ ਕਹਿੰਦੇ ਹੋ, ਹੋ ਗਿਆ ਹੋਏਗਾ ਤੁਹਾਨੂੰ, ਕੋਈ ਪ੍ਰਭੂ ਕਿਰਪਾ ਨਾਲ, ਕਿਨ੍ਹਾਂ ਪੁੰਨ ਦੇ ਫਲਾਂ ਨਾਲ, ਜਾਂ ਕਿਸੇ ਪਿਛਲੇ ਦਰਵਾਜ਼ੇ ਤੋਂ ਤੁਸੀਂ ਅੰਦਰ ਵੜ ਗਏ ਹੋਵੋਗੇ, ਇਹ ਸਾਡੇ ਲਈ ਨਹੀਂ ਹੈ।

ਤੁਸੀਂ ਬੁੱਧ ਨੂੰ ਕਹਿੰਦੇ ਹੋ—ਤੁਸੀਂ ਅਵਤਾਰ ਹੋ, ਤੁਹਾਡੀ ਗੱਲ ਹੋਰ, ਅਸੀਂ ਸਾਧਾਰਣ ਜਨ ਹਾਂ।

ਕ੍ਰਿਸ਼ਨ ਨੂੰ ਤੁਸੀਂ ਕਹਿੰਦੇ ਹੋ—ਤੁਸੀਂ ਤਾਂ ਉਸੇ ਦੇ ਰੂਪ ਹੋ, ਤੁਹਾਨੂੰ ਹੋ ਗਿਆ ਹੋਏਗਾ। ਤੁਸੀਂ ਪਰਮਾਤਮਾ ਨਾਲ ਜ਼ਰਾ ਨੇੜੇ ਤੋਂ ਰਿਸ਼ਤੇ-ਨਾਤੇ ਨਾਲ ਬੱਝੇ ਹੋ, ਸਗੇ-ਸੰਬੰਧੀ ਹੋ, ਭਾਈ-ਭਤੀਜੇ ਹੋ—ਤੁਹਾਨੂੰ ਹੋ ਗਿਆ ਹੋਵੇਗਾ।

ਜੀਸਸ ਨੂੰ ਤੁਸੀਂ ਕਹਿੰਦੇ ਹੋ—ਤੁਸੀਂ ਉਸ ਦੇ ਇਕਲੌਤੇ ਪੁੱਤਰ ਹੋ—ਲੇਕਿਨ ਅਸੀਂ ਪਾਪੀ ਹਾਂ। ਸਾਨੂੰ ਹੋਣਾ ਤਾਂ ਚਾਹੀਦਾ ਨਰਕ ਵਿਚ, ਅਸੀਂ ਇਸ ਧਰਤੀ 'ਤੇ ਕਿਵੇਂ ਹਾਂ ਇਸ ਉੱਤੇ ਹੀ ਭਰੋਸਾ ਨਹੀਂ ਆਉਂਦਾ ਅਤੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਸਵਰਗ ਵਿਚ ਇਸੇ ਵੇਲੇ ਪ੍ਰਵੇਸ਼ ਦੇ ਅਧਿਕਾਰੀ ਹੋ।

ਇਹ ਤੁਹਾਡਾ ਮਨ ਹਿੰਮਤ ਨਹੀਂ ਕਰ ਪਾਉਂਦਾ। ਤੁਸੀਂ ਡਰਦੇ ਹੋ। ਤੁਸੀਂ ਭੈ-ਭੀਤ ਹੋ। ਇਸ ਕਰਕੇ ਅੜਚਨ ਹੈ! ਮੈਂ ਤਾਂ ਚਾਹੁੰਦਾ ਹਾਂ ਤੁਸੀਂ ਹੁਣੇ ਬਿਨਾਂ ਟੁਰੇ ਪੁੱਜ ਜਾਓ ਅਤੇ ਮੈਂ ਤੁਹਾਨੂੰ ਆਖਦਾ ਹਾਂ, ਤੁਸੀਂ ਪੁੱਜੇ ਹੀ ਹੋਏ ਹੋ—ਇਸ ਗੱਲ ਦਾ ਖ਼ਾਲੀ ਹੋਸ਼ ਚਾਹੀਦਾ। ਤੁਸੀਂ ਉਥੇ ਹੀ ਸੁੱਤੇ ਪਏ ਹੋ ਜਿਥੇ ਪਰਮਾਤਮਾ ਹੈ, ਸਿਰਫ਼ ਅੱਖ ਖੋਲ੍ਹਣੀ ਹੈ ਅਤੇ ਉੱਠ ਕੇ ਬੈਠ ਜਾਣਾ ਹੈ। ਜ਼ਰਾ ਚਾਹ ਪੀਓ ਅਤੇ ਚੌਹੀਂ ਪਾਸੀਂ ਵੇਖੋ ਅੱਖਾਂ ਖੋਲ੍ਹ ਕੇ ਥੋੜ੍ਹਾ ਮੂੰਹ ਧੋ ਸੁੱਟੋ। ਇਕ ਪਲ ਲਈ ਵੀ ਤੁਸੀਂ ਹੋਰ ਕਿਤੇ ਗਏ ਨਹੀਂ। ਉਹ ਜਿਹੜੇ ਤੁਸੀਂ ਪਾਪ ਕੀਤੇ, ਪੁੰਨ ਕੀਤੇ-ਸਭ ਸੁਫ਼ਨਾ ਸੀ। ਉਹ ਜੋ ਤੁਸੀਂ ਬਹੁਤ ਵਾਰੀ ਮਰੇ ਅਤੇ ਜਨਮੇ, ਸਭ ਸੁਫ਼ਨਾ ਸੀ। ਤੁਸੀਂ ਕਿਤੇ ਮਰ ਸਕਦੇ ਹੋ? ਤੁਸੀਂ ਜਨਮ ਸਕਦੇ ਹੋ? ਤੁਹਾਡਾ ਨਾ ਕੋਈ ਜਨਮ ਹੈ, ਨਾ ਕੋਈ ਅੰਤ ਹੈ। ਤੁਸੀਂ ਸਦਾ ਰਹਿਣ ਵਾਲੇ ਹੋ।

ਪਰ ਇਹ ਗੱਲ ਤਾਂ ਤੁਹਾਨੂੰ ਜਚਦੀ ਨਹੀਂ। ਤੁਸੀਂ ਕਹੋਗੇ, ਹੋਏਗੀ ਕਦੇ ਜਨਮਾਂ-ਜਨਮਾਂ ਤੋਂ ਬਾਅਦ ਸਾਨੂੰ ਵੀ ਹੋਏਗੀ, ਤਦ ਸ਼ਾਇਦ ਸਮਝ ਵਿਚ ਆਏਗੀ।

ਇਸ ਲਈ ਸਿਆਣਿਆਂ ਦੀ ਵੀ ਮਜਬੂਰੀ ਹੈ। ਉਹ ਤੁਹਾਨੂੰ ਆਖਦੇ ਹਨ, ਠੀਕ ਹੈ, ਤੁਹਾਨੂੰ ਲੰਮਾ ਰਸਤਾ ਚਾਹੀਦਾ ਹੈ, ਲੰਮਾ ਰਸਤਾ ਦੱਸ ਦਿੰਦੇ ਹਾਂ। ਲੰਮੇ ਰਾਹ ਉੱਤੇ ਤੁਹਾਨੂੰ ਆਸਾਨੀ ਮਾਲੂਮ ਹੁੰਦੀ ਹੈ। ਤੁਸੀਂ ਕਹਿੰਦੇ ਹੋ—ਇਹ

ਅਸੀਂ ਸੰਭਾਲ ਲਵਾਂਗੇ। ਇਕ-ਇਕ ਪੌੜੀ ਚੜ੍ਹਨਾ ਹੈ। ਇੰਨੀ ਹੀ ਸਾਡੇ ਪੈਰਾਂ 'ਚ ਤਾਕਤ ਹੈ, ਅਸੀਂ ਹੌਲੀ-ਹੌਲੀ ਟੁਰ ਲਵਾਂਗੇ।

ਗਿਆਨੀ ਤਾਂ ਇਹ ਚਾਹੁਣਗੇ ਕਿ ਤੁਸੀਂ ਹੁਣੇ ਹੋ ਜਾਓ ਉਥੇ। ਤੁਸੀਂ ਰਾਜ਼ੀ ਨਹੀਂ ਹੋ। ਤਾਂ ਫਿਰ ਕੀ ਕੀਤਾ ਜਾਏ ? ਤਾਂ ਥੋੜ੍ਹਾ ਚੱਕਰ ਲਗਾ ਕੇ ਆਓ।

ਪ੍ਰੇਮ ਥੋੜ੍ਹਾ ਲੰਮਾ ਰਾਹ ਹੈ, ਪਰਮਾਤਮਾ ਤੋਂ ਹੋ ਕੇ ਆਪਣੇ ਉੱਤੇ ਹੀ ਪਰਤਦਾ ਹੈ, ਜਾਂਦਾ ਕਿਤੇ ਨਹੀਂ। ਆਪਣਾ ਹੀ ਕੰਨ ਫੜਨਾ ਹੈ, ਹੱਥ ਘੁਮਾ ਕੇ ਫੜਨਾ ਹੈ—ਸਿਰ ਦੇ ਪਿੱਛੋਂ ਦੀ ਫੜਨਾ ਹੈ।

ਧਿਆਨ ਸਿੱਧਾ ਹੈ, ਇਕ ਦਮ ਸਿੱਧਾ ਹੈ, ਇੰਨਾ ਸਿੱਧਾ ਹੈ ਕਿ ਛਣ ਭਰ ਲਈ ਵੀ ਮੁਲਤਵੀ ਕਰਨ ਦੀ ਕੋਈ ਜ਼ਰੂਰਤ ਨਹੀਂ! ਇਸ ਲਈ ਪ੍ਰੇਮ.....। ਪ੍ਰੇਮ ਦੇ ਹੋਰ ਵੀ ਕਾਰਨ ਹਨ, ਤੁਹਾਡੀ ਤਿਆਰੀ ਉਸ ਲਈ ਆਸਾਨੀ ਨਾਲ ਹੋ ਸਕੇਗੀ।

ਜੇਕਰ ਆਪਣੇ ਵੱਲ ਵੇਖਾਂ ਤਾਂ ਲੱਗਦਾ ਹੈ ਕਿਉਂ ਵਿਅਰਥ ਤੁਹਾਡਾ ਸਮਾਂ ਖ਼ਰਾਬ ਹੋਵੇ, ਧਿਆਨ! ਤੁਹਾਡੇ ਵੱਲ ਤਾਂ ਸੋਚਦਾ ਹਾਂ ਤਾਂ ਧਿਆਨ ਨੂੰ ਸਮਝਾਵਾਂਗਾ ਮੇਰਾ ਵਕਤ ਜ਼ਾਇਆ ਹੋਏਗਾ, ਪ੍ਰੇਮ। ਹੁਣ ਤੁਸੀਂ ਸਮਝ ਸਕਦੇ ਹੋ। ਜੇਕਰ ਮੇਰੀ ਸੁਣੋ ਤਾਂ ਧਿਆਨ, ਪਰ ਜੇਕਰ ਤੁਹਾਡੇ ਵੱਲ ਵੇਖਦਾ ਹਾਂ ਤਾਂ ਮੈਨੂੰ ਵੀ ਲੱਗਦਾ ਹੈ—ਪ੍ਰੇਮ। ਧਿਆਨ ਤੁਹਾਡੀ ਪਕੜ ਵਿਚ ਨਹੀਂ ਆਏਗਾ। ਧਿਆਨ ਅਖ਼ੀਰ ਵਿਚ ਘਟੇਗਾ ਤੁਹਾਨੂੰ। ਤਦ ਤੁਸੀਂ ਵੀ ਹੱਸੋਗੇ ਕਿ ਚੰਗਾ ਪਾਗਲਪਨ ਹੋਇਆ, ਇਹ ਤਾਂ ਬਿਨਾਂ ਟੁਰੇ ਵੀ ਪੁੱਜ ਜਾਂਦੇ। ਲੇਕਿਨ ਬਿਨਾਂ ਟੁਰੇ ਇਹ ਸਮਝ ਨਹੀਂ ਆਉਂਦੀ। ਤੁਹਾਨੂੰ ਥੋੜ੍ਹਾ ਭੱਜਣਾ ਪਏਗਾ, ਤੁਹਾਨੂੰ ਥੋੜ੍ਹਾ ਭਟਕਣਾ ਪਏਗਾ, ਤੁਹਾਨੂੰ ਜ਼ਰਾ ਦੂਜੇ ਦਰਵਾਜ਼ਿਆਂ 'ਤੇ ਵੀ ਦਸਤਕ ਦੇਣੀ ਪਏਗੀ, ਤਦੇ ਤੁਸੀਂ ਆਪਣੇ ਘਰ ਪੁੱਜੋਗੇ। ਤੁਹਾਨੂੰ ਥੋੜ੍ਹਾ ਪਰਦੇਸ ਵਿਚ ਘੁਮਣਾ ਪਏਗਾ, ਤਦੇ ਤੁਸੀਂ ਆਪਣੇ ਦੇਸ਼ ਨੂੰ ਪਛਾਣੋਗੇ।

ਜੋ ਜਗਤ ਦੇ ਬਹੁਤ ਪ੍ਰਸਿੱਧ ਯਾਤ੍ਰੀ ਹੋਏ ਹਨ, ਉਨ੍ਹਾਂ ਸਾਰਿਆਂ ਦਾ ਇਹ ਕਹਿਣਾ ਹੈ ਕਿ ਜਦ ਤਕ ਕੋਈ ਵਿਅਕਤੀ ਦੂਜੇ ਦੇਸ਼ ਵਿਚ ਨਹੀਂ ਭਟਕਦਾ ਤਕ ਤਕ ਆਪਣੇ ਦੇਸ਼ ਦਾ ਸੁੱਖ ਅਤੇ ਸ਼ਾਂਤੀ ਅਨੁਭਵ ਨਹੀਂ ਹੁੰਦੀ। ਜਦ ਤੁਸੀਂ ਦੂਜੇ ਦੇਸ਼ਾਂ ਵਿਚ ਭਟਕ ਲੈਂਦੇ ਹੋ, ਅਤੇ ਪਰਤ ਕੇ ਥੱਕੇ-ਮਾਂਦੇ ਘਰ ਆਉਂਦੇ ਹੋ, ਤਦ ਆਪਣਾ ਝੌਂਪੜਾ ਵੀ ਮਹਿਲ ਵਰਗਾ ਮਾਲੂਮ ਹੁੰਦਾ ਹੈ। ਰੁੱਖੀ-ਸੁੱਕੀ ਰੋਟੀ ਵੀ ਬਹੁਤ ਸੁਖਦ ਮਾਲੂਮ ਹੁੰਦੀ ਹੈ।

ਉਹ ਜਿਹੜੀ ਲੰਮੀ ਯਾਤ੍ਰਾ ਹੈ ਉਹ ਤੁਹਾਨੂੰ ਇੰਨਾ ਵਿਖਾ ਦਿੰਦੀ ਹੈ ਕਿ ਆਪਣੇ ਘਰ ਤੋਂ ਜ਼ਿਆਦਾ ਕਿਤੇ ਵੀ ਵਿਸ਼ਰਾਮ ਨਹੀਂ ਹੈ। ਪਰਾਏ ਮਹਿਲ ਵੀ

ਪਰਾਏ ਮਹਿਲ ਹਨ। ਵੱਡੀਆਂ ਰਾਜਧਾਨੀਆਂ ਵੀ ਸਿਰਫ਼ ਸ਼ੋਰ-ਸ਼ਰਾਬਾ, ਉਪੱਦਰ ਹਨ। ਸ਼ਾਂਤੀ ਤਾਂ ਆਪਣੇ ਘਰ 'ਚ ਹੈ। ਜਿੱਥੇ ਆਪਣੇਪਨ ਦਾ ਚੌਹੀਂ ਪਾਸੀਂ ਫੈਲਾਵ ਹੈ। ਉਥੇ ਹੀ ਵਿਸ਼ਰਾਮ ਹੈ।

ਲੇਕਿਨ ਇਹ ਜਾਨਣ ਲਈ ਭਟਕਣਾ ਜ਼ਰੂਰੀ ਹੈ। ਇਹ ਤੁਸੀਂ ਆਪਣੇ ਘਰ 'ਚ ਬੈਠੇ-ਬੈਠੇ ਨਹੀਂ ਜਾਣ ਸਕੋਗੇ। ਘਰ 'ਚ ਬੈਠੇ-ਬੈਠੇ ਬਹੁਤ ਬੇਚੈਨੀ ਹੁੰਦੀ ਹੈ ਕਿ ਜੀਵਨ ਵਿਅਰਥ ਜਾ ਰਿਹਾ ਹੈ, ਇਥੇ ਹੀ ਬੈਠੇ ਹਾਂ, ਊਂਘ ਰਹੇ ਹਾਂ, ਪਰੇਸ਼ਾਨ ਹੋ ਰਹੇ ਹਾਂ, ਸਾਰੀ ਦੁਨੀਆਂ ਮਜ਼ੇ ਕਰ ਰਹੀ ਹੈ, ਲੋਕ ਜਾ ਰਹੇ ਹਨ—ਕੋਈ ਕਿਤੇ, ਕੋਈ ਕਿਤੇ, ਕੋਈ ਹਿਮਾਲਿਆ ਜਾ ਰਿਹਾ ਹੈ, ਕੋਈ ਸਵਿਟਜ਼ਰਲੈਂਡ ਜਾ ਰਿਹਾ ਹੈ, ਕੋਈ ਚੀਨ ਜਾ ਰਿਹਾ ਹੈ। ਸਾਰੀ ਦੁਨੀਆਂ ਯਾਤ੍ਰਾ ਕਰ ਰਹੀ ਹੈ, ਅਸੀਂ ਹੀ ਇਥੇ ਬੈਠੇ ਹਾਂ—ਦੀਨ-ਹੀਣ, ਇਸੇ ਘਰ ਵਿਚ ਬੱਝੇ, ਇਸੇ ਖੰਭੇ ਨਾਲ ਬੱਝੇ ਜੀਊਂਦੇ ਰਹੇ, ਇਸੇ ਵਿਚ ਮਰ ਜਾਵਾਂਗੇ।

ਤਦ ਤੁਹਾਨੂੰ ਬਹੁਤ ਬੇਚੈਨੀ ਹੁੰਦੀ ਹੈ।

ਭਟਕਣਾ ਜ਼ਰੂਰੀ ਹੈ ਘਰ ਪੁੱਜਣ ਲਈ। ਪ੍ਰੇਮ ਜ਼ਰੂਰੀ ਹੈ ਧਿਆਨ ਤਕ ਆਉਣ ਲਈ ਅਤੇ ਪ੍ਰੇਮ ਦੀ ਭਾਸ਼ਾ ਤੁਹਾਡੀ ਸਮਝ ਵਿਚ ਆ ਜਾਂਦੀ ਹੈ, ਕਿਉਂਕਿ ਤੁਹਾਡੇ ਸੰਸਾਰ ਦੀ ਭਾਸ਼ਾ ਦੇ ਨਾਲ ਥੋੜ੍ਹਾ ਜੋੜ ਹੈ।

ਤੁਸੀਂ ਪਤਨੀ ਨੂੰ ਪ੍ਰੇਮ ਕੀਤਾ ਹੈ। ਨਾ ਕੀਤਾ ਹੋਏਗਾ ਬਹੁਤ ਗਹਿਰਾ, ਫਿਰ ਵੀ ਕੀਤਾ ਹੈ। ਨਾ ਪਾਈ ਹੋਏਗੀ ਪੂਰੀ-ਪੂਰੀ ਇਕਾਤਮਤਾ, ਫਿਰ ਵੀ ਕਿਨ੍ਹਾਂ ਘੜੀਆਂ ਵਿਚ, ਕਦੇ-ਕਦੇ ਪਲ ਭਰ ਲਈ ਹੀ ਸਹੀ, ਦੋਵੇਂ ਹਿਰਦੇ ਇਕੱਠੇ ਧੜਕੇ ਹਨ, ਦੋਵੇਂ ਸੁਵਾਸ ਇਕੱਠੇ ਚੱਲੇ ਹਨ। ਛਣ ਕੁ ਲਈ ਆਭਾਸ (ਝਲਕ) ਹੀ ਸਹੀ ਹੋਇਆ ਹੋਵੇ, ਇਕ ਹੋਣ ਦਾ ਆਭਾਸ ਹੋਇਆ ਹੈ। ਉਸ ਦੀ ਭਾਸ਼ਾ ਤੁਹਾਨੂੰ ਸਮਝ ਵਿਚ ਆਉਂਦੀ ਹੈ।

ਤੁਸੀਂ ਆਪਣੇ ਬੱਚੇ ਨੂੰ ਪ੍ਰੇਮ ਕੀਤਾ ਹੈ, ਉਸ ਦੀਆਂ ਅੱਖਾਂ ਵਿਚ ਝਾਂਕਿਆ ਹੈ। ਤੁਸੀਂ ਆਪਣੇ ਮਿੱਤਰ ਨੂੰ ਪ੍ਰੇਮ ਕੀਤਾ। ਕਦੇ ਕਿਸੇ ਜੋਸ਼ ਦੇ ਪਲ ਵਿਚ ਤੁਸੀਂ ਆਪਣੇ ਮਿੱਤਰ ਲਈ ਮਰਨੇ ਨੂੰ ਵੀ ਰਾਜ਼ੀ ਹੋ ਗਏ ਹੋ। ਮਰੇ ਨਹੀਂ ਸਮਝ ਆ ਗਈ, ਸੋਚ-ਵਿਚਾਰ ਆ ਗਿਆ, ਹਿਸਾਬ ਲਾ ਲਿਆ! ਬਾਕੀ ਕਦੇ ਕਿਸੇ ਛਣ ਵਿਚ, ਜੋਸ਼ ਅਤੇ ਉਤਸ਼ਾਹ ਵਿਚ, ਤੁਸੀਂ ਕਰਨ ਦੀ ਵੀ ਹਿੰਮਤ, ਘੱਟੋ-ਘੱਟ ਕਲਪਨਾ ਤਾਂ ਕੀਤੀ ਹੈ। ਉਸ ਨਾਲ ਤੁਹਾਨੂੰ ਥੋੜ੍ਹੀ ਪ੍ਰੇਮ ਦੀ ਭਾਸ਼ਾ ਸਮਝ ਵਿਚ ਆ ਜਾਂਦੀ ਹੈ।

ਕਬੀਰ, ਨਾਨਕ, ਮੀਰਾ, ਫ਼ਰੀਦ, ਚੈਤਨਯ ਤੁਹਾਨੂੰ ਕੋਲ ਖਲੋਤੇ ਮਾਲੂਮ ਪੈਂਦੇ ਹਨ। ਬੁੱਧ ਅਤੇ ਤੁਹਾਡੇ ਵਿਚਕਾਰ ਅਨੰਦ ਆਕਾਸ਼ ਦਾ ਫ਼ਾਸਲਾ ਲੱਗਦਾ

ਹੈ। ਉਹ ਕਿਸੇ ਹੋਰ ਲੋਕ ਦੀ ਭਾਸ਼ਾ ਬੋਲ ਰਹੇ ਹਨ, ਜਿਸ ਦਾ ਅਨੁਵਾਦ ਵੀ ਮੁਸ਼ਕਿਲ ਹੈ, ਜਿਹੜਾ ਤੁਹਾਡੇ ਤਕ ਆਉਂਦੇ-ਆਉਂਦੇ, ਵਿਕ੍ਰਤ (ਖ਼ਰਾਬ) ਹੀ ਹੋ ਜਾਂਦਾ ਹੈ। ਤੁਸੀਂ ਜਦ ਸਮਝੋ, ਸਮਝੋ ਤਦ ਤਕ ਗੱਲ ਹੀ ਵਿਗੜ ਜਾਂਦੀ ਹੈ। ਜੋ ਬੁੱਧ ਕਹਿੰਦੇ ਹਨ, ਉਹ ਸੁਣਨ ਵਿਚ ਨਹੀਂ ਆਉਂਦਾ, ਜੋ ਤੁਸੀਂ ਸੁਣਦੇ ਹੋ ਉਹ ਬੁੱਧ ਨੇ ਕਿਹਾ ਨਹੀਂ ਹੈ।

ਪ੍ਰੇਮ ਸੰਸਾਰ ਨੂੰ ਸਵੀਕਾਰ ਕਰ ਕੇ, ਸੰਸਾਰ ਦੀ ਭਾਸ਼ਾ ਨੂੰ ਸਵੀਕਾਰ ਕਰ ਕੇ ਹੌਲੀ-ਹੌਲੀ ਪਰਿਸ਼ੁਧਿ (ਪਵਿੱਤਰਤਾ) ਦੇ ਵੱਲ ਲੈ ਜਾਦਾ ਹੈ। ਪੌੜੀ-ਪੌੜੀ ਚੜ੍ਹਨਾ ਉਹ ਯਾਤ੍ਰਾ ਹੈ। ਧਿਆਨ ਛਲਾਂਗ ਹੈ—ਸਹਿਸਾ ਹੋਣ ਵਾਲੀ। ਇਕ ਛਣ ਵਿਚ ਛਣਾਤੀਤ।

ਸਿਆਣੇ ਤੁਹਾਡੇ ਵੱਲ ਵੇਖਦੇ ਹਨ ਤਾਂ ਕਹਿੰਦੇ ਹਨ—ਪ੍ਰੇਮ। ਆਪਣੇ ਵੱਲ ਵੇਖਦੇ ਹਨ ਤਾਂ ਕਹਿੰਦੇ ਹਨ ਧਿਆਨ। ਜੇਕਰ ਤੁਸੀਂ ਸਿਆਣਿਆਂ ਦੀ ਮੰਨੋ ਤਾਂ ਧਿਆਨ, ਜੇਕਰ ਤੁਸੀਂ ਨਾ ਮੰਨ ਸਕੋ ਤਾਂ ਸਮਝੌਤਾ ਹੈ—ਪ੍ਰੇਮ। ਉਸ ਨਾਲ ਚੱਲੋ। ਤੁਹਾਡੇ ਲਈ ਆਸਾਨ ਹੋਏਗਾ ਪ੍ਰੇਮ। ਅਤੇ ਕੁਝ ਜਲਦੀ ਵੀ ਅਜਿਹੀ ਨਹੀਂ ਹੈ ਕਿ ਹੁਣੇ ਹੋ ਹੀ ਜਾਏ, ਕਲ੍ਹ ਵੀ ਹੋਏਗਾ ਤਾਂ ਕੀ ਹਰਜ ਹੈ। ਇਸ ਅਨੰਤਕਾਲ ਵਿਚ ਦਿਨ ਦੋ ਦਿਨ ਦੀ ਦੇਰ-ਅਬੇਰ ਦਾ ਕੋਈ ਅੰਤਰ ਨਹੀਂ।

ਛੇਵਾਂ ਸਵਾਲ—ਤੁਹਾਨੂੰ ਇੰਨਾ ਸੁਣਨ ਦੇ ਬਾਵਜੂਦ ਨਕਲੀ ਪ੍ਰੇਮ ਦਾ ਗੋਰਖ-ਧੰਦਾ ਠੱਪ ਕਿਉਂ ਨਹੀਂ ਹੁੰਦਾ ਹੈ?

ਅਜੇ ਸੁਣਿਆ ਨਹੀਂ। ਅਜੇ ਸੁਣਨ ਦੀ ਸਿਰਫ਼ ਸ਼ੁਰੂਆਤ ਹੈ। ਕੰਨਾਂ ਨੇ ਸੁਣਿਆ ਹੋਏਗਾ, ਤੁਸੀਂ ਨਹੀਂ ਸੁਣਿਆ। ਕੰਨਾਂ ਦੇ ਸੁਣ ਲੈਣ ਨਾਲ ਕੀ ਹੋਏਗਾ? ਕੰਨਾਂ ਦੀ ਕੋਈ ਸਮੱਸਿਆ (ਪ੍ਰਾਬਲਮ) ਥੋੜ੍ਹੇ ਹੈ। ਕੰਨਾਂ ਦੀ ਸਮੱਸਿਆ ਹੁੰਦੀ ਤਾਂ ਹੱਲ ਹੋ ਜਾਂਦੀ। ਸਮੱਸਿਆ ਹਿਰਦੇ ਦੀ ਹੈ, ਹਿਰਦੇ ਸੁਣੇਗਾ ਤਦੇ ਹੱਲ ਹੋਏਗੀ।

ਇੰਨਾ ਸੁਣਨ ਦਾ ਤਾਂ ਸਵਾਲ ਹੀ ਹੈ। ਇਕ ਸ਼ਬਦ ਵੀ ਤੁਸੀਂ ਸੁਣ ਲਿਆ ਹੁੰਦਾ, ਇਕ ਇਸ਼ਾਰਾ ਵੀ ਸੁਣ ਲਿਆ ਹੁੰਦਾ, ਤਾਂ ਵੀ ਗੱਲ ਹੋ ਗਈ ਹੁੰਦੀ, ਕਿਉਂਕਿ ਮੈਂ ਉਹ ਹੀ ਕਹਿ ਰਿਹਾ ਹਾਂ ਬਹੁਤ-ਬਹੁਤ ਰੂਪਾਂ ਵਿਚ। ਮੈਂ ਕੋਈ ਵੀਣਾ ਨਹੀਂ ਵਜਾ ਰਿਹਾ ਹਾਂ, ਇਕਤਾਰਾ ਹੈ, ਇਕ ਹੀ ਤਾਰ ਹੈ, ਉਸੇ ਨੂੰ ਛੇੜੀ ਚਲਾ ਜਾ ਰਿਹਾ ਹਾਂ। ਥੋੜ੍ਹੇ ਢੰਗ ਬਦਲਦਾ ਹਾਂ ਕਿ ਤੁਸੀਂ ਊਬ ਨਾ ਜਾਓ, ਕਿਤੇ ਤੁਹਾਡਾ ਰਸ ਹੀ ਨਾ ਗੁਆਚ ਜਾਏ। ਨਹੀਂ ਤਾਂ ਮੈਨੂੰ ਜੋ ਵਜਾਉਣਾ ਹੈ, ਜੋ ਗਾਉਣਾ ਹੈ, ਉਹ ਤਾਂ ਇਕ ਹੀ ਗੱਲ ਹੈ। ਧਿਆਨ ਯਾਨੀ ਧਿਆਨ। ਪ੍ਰੇਮ ਯਾਨੀ ਪ੍ਰੇਮ। ਬਹੁਤ ਰੂਪਾਂ ਵਿਚ ਉਸ ਦੀ ਪ੍ਰਤਿਮਾ ਤੁਹਾਡੇ ਲਈ ਸਜਾਉਂਦਾ ਹਾਂ ਕਿ ਕਿਸੇ

ਦਿਨ ਸ਼ਾਇਦ ਤੁਸੀਂ ਸੁਣ ਲਉਗੇ, ਕਿਸੇ ਦਿਨ ਜਾਗੋਗੇ ਅਤੇ ਦੇਖ ਲਉਗੇ, ਕਿਸੇ ਸੌਭਾਗਯ ਦੇ ਛਣ ਵਿਚ ਮੇਰਾ ਅਤੇ ਤੁਹਾਡਾ ਸ਼ਾਇਦ ਮਿਲਣ ਹੋ ਜਾਏ।

ਪਰ ਅਜਿਹਾ ਨਾ ਸੋਚੋ ਕਿ ਤੁਹਾਨੂੰ ਇੰਨਾ ਸੁਣਨ ਦੇ ਬਾਵਜੂਦ.....। ਅਜੇ ਸੁਣਿਆ ਹੀ ਨਹੀਂ ਹੈ, ਕਿਉਂਕਿ ਸੁਣਦੇ ਹੀ ਘਟਨਾ ਹੋ ਜਾਏਗੀ।

ਇਹ ਤਾਂ ਅਜਿਹਾ ਹੀ ਹੋਇਆ ਹੈ ਕਿ ਤੁਸੀਂ ਕਹੋ, ਅੱਗ ਵਿਚ ਇੰਨਾ ਹੱਥ ਪਾਉਣ ਦੇ ਬਾਵਜੂਦ ਮੈਂ ਸੜਦੀ ਕਿਉਂ ਨਹੀਂ, ਸੜਦਾ ਕਿਉਂ ਨਹੀਂ ? ਸੋ ਪਾਇਆ ਹੀ ਨਹੀਂ ਹੋਏਗਾ ਹੱਥ। ਹੱਥ ਪਾ ਦਿਓ ਤਾਂ ਫਿਰ ਸੜੋਗੇ ਨਹੀਂ ? ਸੜੋਗੇ ਹੀ। ਕੋਈ ਉਪਾਇ ਨਹੀਂ ਹੈ ਬਚਣ ਦਾ। ਹੱਥ ਨਹੀਂ ਪਾਇਆ ਹੋਏਗਾ। ਦੂਰ ਹੀ ਦੂਰ ਹੱਥ ਨੂੰ ਰੱਖਿਆ ਹੋਏਗਾ ਜਾਂ ਸੁਫ਼ਨੇ ਦੀ ਕਿਸੇ ਅੱਗ ਵਿਚ ਹੱਥ ਪਾਇਆ ਹੋਏਗਾ ਜਾਂ ਹੱਥ ਹੀ ਨਹੀਂ ਪਾਇਆ ਹੋਏਗਾ।

ਇਹ ਹੀ ਦੋ ਸੰਭਾਵਨਾਵਾਂ ਹਨ। ਜਾਂ ਮੈਂ ਜੋ ਕਹਿੰਦਾ ਹਾਂ, ਉਹ ਅੱਗ ਹੀ ਨਹੀਂ ਹੋਏਗੀ, ਤਾ ਤੁਹਾਡਾ ਹੱਥ ਨਹੀਂ ਸੜਦਾ ਜਾਂ ਫਿਰ ਤੁਸੀਂ ਹੱਥ ਹੀ ਨਹੀਂ ਪਾਇਆ ਹੋਏਗਾ। ਮੈਂ ਤੁਹਾਨੂੰ ਆਖਦਾ ਹਾਂ, ਅੱਗ ਝੂਠੀ ਨਹੀਂ ਹੋ ਸਕਦੀ ਕਿਉਂਕਿ ਉਸ ਵਿਚ ਮੈਂ ਸੜ ਗਿਆ। ਕੋਈ ਕਾਰਨ ਨਹੀਂ ਕਿ ਤੁਸੀਂ ਕਿਉਂ ਨਾ ਸੜ ਜਾਓ।

ਤੁਸੀਂ ਦੂਰ-ਦੂਰ ਤੋਂ ਖੇਡ ਵਿਚ ਲੱਗੇ ਹੋ, ਸੁਣਦੇ ਤੁਸੀਂ ਹੋ, ਸੁਣਦੇ ਕਿੱਥੇ ਹੋ ? ਸੁਣਦੇ ਮਾਲੂਮ ਹੁੰਦੇ ਹੋ, ਸੁਣਦੇ ਕਿੱਥੇ ਹੋ ? ਸੁਣਦੇ ਹੋ, ਅਜਿਹਾ ਮੰਨ ਲੈਂਦੇ ਹੋ, ਸੁਣਦੇ ਕਿੱਥੇ ਹੋ ?

ਸਤਵਾਂ ਸਵਾਲ—ਦਰਸ਼ਨ ਲਈ ਜਾਂਦੇ ਹੋਏ ਤੇਤੀ ਨੰਬਰ ਦੇ ਫਾਟਕ ਉੱਤੇ ਹੀ ਮੈਨੂੰ ਕੰਬਣੀ ਸ਼ੁਰੂ ਹੋਣ ਲੱਗਦੀ ਹੈ, ਜਦ ਕਿ ਕੁਝ ਹੋਰ ਮਿੱਤਰ ਡਟ ਕੇ ਜਾਂਦੇ ਹਨ ਅਤੇ ਗੱਲਬਾਤ ਕਰਦੇ ਹਨ। ਸਿਰਫ਼ ਮੈਨੂੰ ਹੀ ਅਜਿਹਾ ਭੈਅ ਕਿਉਂ ਹੁੰਦਾ ਹੈ ?

ਉਹ ਜਿਹੜੇ ਡਟ ਕੇ ਗੱਲਬਾਤ ਕਰਦੇ ਹਨ, ਉਹ ਵੀ ਭੈ-ਭੀਤ ਹਨ। ਭੈਅ ਦੇ ਦੋ ਰੂਪ ਹਨ। ਜਾਂ ਤਾਂ ਕੰਬਣੀ ਛਿੜਦੀ ਹੈ ਜਾਂ ਆਦਮੀ ਡਟ ਕੇ ਖੜਾ ਹੋ ਜਾਂਦਾ ਹੈ। ਇਹ ਦੋਵੇਂ ਹੀ ਭੈਅ ਦੇ ਰੂਪ ਹਨ।

ਕਾਇਰਤਾ ਅਤੇ ਬਹਾਦਰੀ ਭੈਅ ਦੇ ਦੋ ਸਿੱਕੇ ਹਨ, ਉਨ੍ਹਾਂ ਵਿਚ ਕੋਈ ਵੱਡਾ ਫ਼ਰਕ ਨਹੀਂ ਹੈ। ਬਹਾਦਰ ਤੋਂ ਬਹਾਦਰ ਵੀ ਅੰਦਰ ਕਾਇਰ ਹੁੰਦਾ ਹੈ। ਅਤੇ ਕਾਇਰ ਤੋਂ ਕਾਇਰ ਵੀ ਅੰਦਰ ਬਹਾਦਰ ਹੁੰਦਾ ਹੈ। ਉਹ ਇਕ ਹੀ ਸਿੱਕੇ ਦੇ ਦੋ ਪਾਸੇ ਹਨ।

ਆਮ ਸੁਭਾਵਿਕ ਜੋ ਗੱਲ ਹੈ, ਉਹ ਨਾ ਤਾਂ ਕੰਬਣੀ ਛਿੜਦੀ ਹੈ ਨਾ ਡੱਟ ਕੇ ਤੁਸੀਂ ਖੜੇ ਹੁੰਦੇ ਹੋ। ਡੱਟ ਕੇ ਕਿਸ ਕੇ ਖ਼ਿਲਾਫ਼ ਖਲੋਣਾ ਹੈ ? ਡੱਟ ਕੇ ਆਪਣੀ

ਹੀ ਕਪਕਪੀ ਦੇ ਖ਼ਿਲਾਫ਼ ਖੜੇ ਹੋ ਰਹੇ ਹੋ। ਭੈਅ ਕੀ ਹੈ ? ਡਟਣਾ ਕਿਸ ਦੇ ਖ਼ਿਲਾਫ਼ ਹੈ ? ਭੈਅ ਇਹ ਹੈ ਕਿ ਤੁਸੀਂ ਮੇਰੇ ਸਾਹਮਣੇ ਆਉਗੇ ਤਾਂ ਤੁਸੀਂ ਆਪਣੀ ਜੋ ਤਸਵੀਰ ਬਣਾ ਰੱਖੀ ਹੈ, ਉਹ ਖੰਡਿਤ ਹੋਏਗੀ। ਮੇਰਾ ਦਰਪਣ (ਸ਼ੀਸ਼ਾ) ਤੁਹਾਨੂੰ ਤੁਹਾਡੀ ਅਸਲੀਅਤ ਵਿਖਾਏਗਾ। ਇਸ ਤੋਂ ਤੁਸੀਂ ਭੈ-ਭੀਤ ਹੋ।

ਇਹ ਇਕ ਢੰਗ ਹੈ।

ਦੂਜੇ ਜਿਹੜੇ ਆਕੜ ਕੇ ਆਉਂਦੇ ਹਨ, ਦਰਪਣ ਦੇ ਸਾਹਮਣੇ ਖੜੇ ਹੋ ਜਾਂਦੇ ਹਨ ਕਿ ਆਕੜੇ ਰਹਾਂਗੇ, ਜ਼ਰਾ ਵੀ ਢਿੱਲੇ ਨਹੀਂ ਹੋਣਗੇ, ਦਰਪਨ ਨੂੰ ਮੌਕਾ ਹੀ ਨਹੀਂ ਦੇਣਗੇ ਕਿ ਉਹ ਅਸਲੀਅਤ ਦੱਸ ਸਕੇ। ਸਾਡਾ ਆਕੜਿਆਪਨ ਹੀ ਦਰਪਨ ਵਿਚ ਝਲਕੇਗਾ, ਸਾਡੀ ਅਸਲੀਅਤ ਨਹੀਂ ਵਿਖਾਈ ਪਏਗੀ। ਦੋਨਾਂ ਤਰ੍ਹਾਂ ਦੇ ਲੋਕਾਂ ਨੂੰ ਮੈਂ ਜਾਣਦਾ ਹਾਂ। ਕੁਝ ਹਨ ਜਿਹੜੇ ਆ ਕੇ ਬਹੁਤ ਗੱਲਬਾਤ ਕਰਨ ਲੱਗਦੇ ਹਨ, ਉਹ ਇੰਨੀਆਂ ਗੱਲਾਂ ਕਰਨ ਲੱਗਦੇ ਹਨ ਕਿ ਮੈਂ ਵੇਖਦਾ ਹਾਂ, ਗੱਲਾਂ-ਬਾਤਾਂ ਕਰ ਕਰ ਕੇ ਉਹ ਮੈਨੂੰ ਟਾਲ ਰਹੇ ਹਨ। ਉਹ ਮੈਨੂੰ ਸੁਣਨ ਲਈ ਨਹੀਂ ਆਏ ਹਨ। ਉਹ ਘਬਰਾਏ ਹਨ ਕਿ ਉਹ ਜੇਕਰ ਚੁੱਪ ਹੋਏ ਅਤੇ ਮੈਂ ਕੁਝ ਬੋਲਿਆ ਤਾਂ ਮੁਸੀਬਤ ਹੋਏਗੀ। ਸੋ ਉਹ ਕਹੀ ਹੀ ਚਲੇ ਜਾਂਦੇ ਹਨ। ਉਹ ਮੇਰੇ ਵੱਲ ਤੱਕਦੇ ਹੀ ਨਹੀਂ। ਉਹ ਹੇਠਾਂ ਤੱਕਦੇ ਹਨ। ਉਹ ਆਖੀ ਹੀ ਚਲੇ ਜਾਂਦੇ ਹਨ। ਪਤਾ ਨਹੀਂ, ਜ਼ਰੂਰੀ, ਗ਼ੈਰ-ਜ਼ਰੂਰੀ ਗੱਲਾਂ ਬਹੁਤ ਲੰਮੀਆਂ ਕਰ ਕੇ ਕਹਿੰਦੇ ਹਨ, ਜਿਨ੍ਹਾਂ ਦਾ ਕੋਈ ਸਾਰ ਨਹੀਂ ਹੈ, ਜਿਨ੍ਹਾਂ ਨੂੰ ਮੇਰੇ ਕੋਲ ਲਿਆਉਣ ਦਾ ਕੋਈ ਮਤਲਬ ਨਹੀਂ ਹੈ। ਉਹ ਆਪਣੇ ਚੌਹੀਂ ਪਾਸੀਂ ਇਕ ਸੁਰੱਖਿਆ ਦਾ ਉਪਾਇ ਕਰਦੇ ਹਨ। ਸ਼ਬਦਾਂ ਨੂੰ ਖੜਾ ਕਰ ਕੇ ਕਿ ਮੇਰਾ ਕੋਈ ਸ਼ਬਦ ਉਨ੍ਹਾਂ ਦੇ ਅੰਦਰ ਪ੍ਰਵੇਸ਼ ਨਾ ਕਰ ਜਾਏ। ਉਹ ਤੁਹਾਨੂੰ ਲੱਗਣਗੇ ਕਿ ਬਿਲਕੁਲ ਡਟ ਕੇ ਗੱਲ ਕਰ ਰਹੇ ਹਨ।

ਦੂਜੇ ਹਨ, ਜਿਹੜੇ ਕੰਬਦੇ ਹਨ, ਡਰਦੇ ਹਨ। ਉਹ ਬੋਲ ਹੀ ਨਹੀਂ ਪਾਉਂਦੇ। ਉਨ੍ਹਾਂ ਕੋਲੋਂ ਮੈਂ ਪੁੱਛਦਾ ਹਾਂ—ਕਿਵੇਂ ਆਏ, ਕੀ ਕਹਿਣਾ ਹੈ, ਕੀ ਹੈ ਮਨ ਦੀ ਪੀੜ ? ਉਹ ਕਹਿੰਦੇ ਹਨ, ਕੁਝ ਵੀ ਕਹਿਣਾ ਨਹੀਂ ਹੈ। ਉਹ ਵੀ ਕੰਬ ਰਹੇ ਹਨ। ਦੋਵੇਂ ਹੀ ਡਰੇ ਹੋਏ ਹਨ। ਇਕ ਤੀਜਾ ਆਮ ਸਰਲ ਸੁਭਾਵਿਕ ਵਿਅਕਤਿੱਤਵ ਹੈ, ਸੰਤੁਲਿਤ—ਜੋ ਕਹਿਣਾ ਹੈ ਕਹਿ ਦਿੰਦਾ ਹੈ—ਜੋ ਸੁਣਨਾ ਹੈ ਸੁਣ ਲੈਂਦਾ ਹੈ, ਜੋ ਦੇਖਣਾ ਹੈ ਦੇਖ ਲੈਂਦਾ ਹੈ, ਜੋ ਸੱਚਾਈ ਹੈ ਉਸ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ।

ਨਾ, ਤੁਹਾਨੂੰ ਮੈਂ ਨਹੀਂ ਕਹਿੰਦਾ ਕਿ ਤੁਸੀਂ ਡਟ ਕੇ ਆਣ ਲੱਗੋ। ਜੇਕਰ ਕਾਂਬਾ ਛਿੜਦਾ ਹੈ ਉਹ ਵੀ ਗ਼ਲਤ ਹੈ। ਡਟ ਕੇ ਆਏ ਉਹ ਵੀ ਗ਼ਲਤ। ਡੱਟ

ਕੇ ਆਉਣ ਦਾ ਮਤਲਬ ਹੈ ਕਿ ਕੰਬਣੀ ਨਾ ਛਿੜ ਪਏ। ਆਕੜੇ ਰਹਾਂਗੇ। ਦੋਵੇਂ ਹੀ ਗ਼ਲਤ ਹਨ।

ਸੰਤੁਲਣ ਚਾਹੀਦਾ।

ਮੇਰੇ ਕੋਲੋਂ ਡਰ ਕੀ ? ਮੈਂ ਤੁਹਾਡੇ ਕੋਲੋਂ ਖੋਹ ਕੀ ਲਵਾਂਗਾ ? ਤੁਹਾਡੇ ਕੋਲ ਹੈ ਕੀ ਜਿਸ ਨੂੰ ਮੈਂ ਖੋਹ ਲਵਾਂਗਾ। ਤੁਸੀਂ ਮੇਰੇ ਕੋਲੋਂ ਕੁਝ ਲੈ ਕੇ ਹੀ ਜਾ ਸਕਦੇ ਹੋ, ਦੇਣ ਲਈ ਤੁਹਾਡੇ ਕੋਲ ਕੁਝ ਵੀ ਨਹੀਂ ਹੈ। ਤੁਹਾਡੇ ਤੋਂ ਮੈਂ ਖੋਹ ਕੀ ਲਵਾਂਗਾ ? ਜ਼ਿਆਦਾ ਤੋਂ ਜ਼ਿਆਦਾ ਤੁਹਾਡਾ ਭਿੱਖਮੰਗਾਪਨ ਖੋਹ ਸਕਦਾ ਹਾਂ। ਤੁਹਾਡੇ ਤੋਂ ਮੈਂ ਛੁਡਾ ਕੀ ਲਵਾਂਗਾ ? ਤੁਹਾਡੇ ਕੋਲ ਕਾਸ਼ ਕੁਝ ਹੁੰਦਾ ! ਕੁਝ ਵੀ ਨਹੀਂ ਹੈ।

ਤੁਹਾਡੀ ਦਸ਼ਾ ਉਹੋ ਜਿਹੀ ਹੈ ਜਿਵੇਂ ਭਿਖਾਰੀ ਰਾਤ ਭਰ ਜਾਗ ਕੇ ਬੈਠਾ ਰਹਿੰਦਾ ਹੈ ਕਿ ਕੋਈ ਚੋਰੀ ਨਾ ਕਰ ਲਵੇ। ਕੁਝ ਹੈ ਹੀ ਨਹੀਂ। ਇਕ ਭਿਕਸ਼ਾਪਾਤਰ (ਮੰਗਣ ਵਾਲਾ) ਕਟੋਰਾ ਹੈ।

ਜਾਂ ਮੈਂ ਸੁਣਿਆ ਹੈ—ਤੁਸੀਂ ਵੀ ਕਹਾਵਤ ਸੁਣੀ ਹੋਵੇਗੀ—ਕਿ ਨੰਗਾ ਨਹਾਉਂਦਾ ਨਹੀਂ, ਕਿਉਂਕਿ ਉਹ ਡਰਦਾ ਹੈ ਕਿ ਨਿਚੋੜੇਗਾ ਕੀ ? ਕੱਪੜੇ ਕਿੱਥੇ ਸੁਕਾਏਗਾ ? ਕੱਪੜੇ ਹੈ ਹੀ ਨਹੀਂ। ਇਸ਼ਨਾਨ ਨਹੀਂ ਕਰਦਾ।

ਤੁਹਾਡੇ ਕੋਲ ਹੈ ਕੀ ? ਤੁਸੀਂ ਭੈ-ਭੀਤ ਕਿਉਂ ਹੋ ? ਤੁਸੀਂ ਜੇਕਰ ਗ਼ੌਰ ਨਾਲ ਵੇਖੋ ਕਿ ਤੁਹਾਡੇ ਕੋਲ ਕੁਝ ਵੀ ਨਹੀਂ ਹੈ, ਸਾਰਾ ਭੈਅ ਚਲਾ ਗਿਆ। ਭੈਅ ਨੂੰ ਗੁਆਉਣ ਦਾ ਭੈਅ ਹੈ। ਪਰ ਤੁਸੀਂ ਕੁਝ ਮੰਨ ਰੱਖਿਆ ਹੈ ਕਿ ਤੁਸੀਂ ਕੁਝ ਹੋ, ਇਸ ਲਈ ਡਰ ਹੈ। ਉਸ ਮਾਨਯਤਾ ਨੂੰ ਗ਼ੌਰ ਨਾਲ ਵੇਖੋ। ਕੀ ਹੋ ਤੁਸੀਂ ? ਤੁਹਾਡੇ ਵੇਖਣ ਵਿਚ ਹੀ ਤੁਹਾਡੀ ਮਾਨਯਤਾ ਤਿਰੋਭੂਤ (ਖ਼ਤਮ) ਹੋ ਜਾਏਗੀ। ਤਦ ਤੁਸੀਂ ਸਹਿਜ ਭਾਵ ਨਾਲ ਮੇਰੇ ਕੋਲ ਆ ਸਕੋਗੇ।

ਨਾ ਤਾਂ ਡਟ ਕੇ ਆਓ। ਕਿਉਂਕਿ ਡਟ ਕੇ ਤੁਸੀਂ ਕੀ ਕਰੋਗੇ ? ਕੀ ਫ਼ਾਇਦਾ ਹੈ ? ਜੇਕਰ ਤੁਸੀਂ ਮੇਰੇ ਨਾਲ ਲੜ ਰਹੇ ਹੋ, ਆਪਣਾ ਵਕਤ ਗੁਆ ਰਹੇ ਹੋ। ਉਸੇ ਸਮੇਂ ਵਿਚ ਤੁਸੀਂ ਜਾਗ ਸਕਦੇ ਸੀ, ਉਹ ਤੁਸੀਂ ਲੜਨ ਵਿਚ ਗੁਆਇਆ। ਜੇਕਰ ਤੁਸੀਂ ਭੈ-ਭੀਤ ਹੋ ਤਾਂ ਆਪਣੀ ਸੁਰੱਖਿਆ ਵਿਚ ਲੱਗੇ ਹੋ। ਉਹ ਵੀ ਤੁਸੀਂ ਵਿਅਰਥ ਗੁਆਇਆ।

ਥੋੜ੍ਹੀ ਦੇਰ ਮੈਂ ਤੁਹਾਡੇ ਨਾਲ ਹਾਂ ਉਸ ਦਾ ਤੁਸੀਂ ਉਪਯੋਗ ਕਰ ਲਓ, ਪਿੱਛੋਂ ਪਛਤਾਵਾਂ ਬਹੁਤ ਹੋਏਗਾ। ਪਰ ਪਿੱਛੋਂ ਪਛਤਾਉਣ ਨਾਲ ਕੁਝ ਵੀ ਨਹੀਂ ਹੁੰਦਾ। ਪਾਛੇ ਪਛਤਾਏ ਹੋਤ ਕਾ, ਜਬ ਚਿੜੀਆਂ ਚੁੱਗ ਗਈਂ ਖੇਤ।

ਮੈਂ ਸਦਾ ਤੁਹਾਡੇ ਕੋਲ ਨਹੀਂ ਰਹਾਂਗਾ, ਤੁਸੀਂ ਸਦਾ ਆਪਣੇ ਕੋਲ ਰਹੋਗੇ। ਫਿਰ ਪਿੱਛੋਂ ਘਬਰਾ ਲੈਣਾ, ਡਟ ਲੈਣਾ, ਆਕੜ ਲੈਣਾ, ਕੰਬਣੀ ਛਿੜਾ ਲੈਣਾ। ਜੋ ਮਰਜ਼ੀ ਹੋਵੇ ਕਰ ਲੈਣਾ। ਥੋੜ੍ਹੀ ਦੇਰ ਮੈਂ ਤੁਹਾਡੇ ਕੋਲ ਹਾਂ। ਉਸ ਦੀ ਵਰਤੋਂ ਕਰ ਲਵੋ। ਇਹ ਦਰਪਣ ਟੁੱਟ ਜਾਏਗਾ, ਫਿਰ ਤੁਸੀਂ ਆਪਣਾ ਚਿਹਰਾ ਇਸ ਵਿਚ ਨਹੀਂ ਵੇਖ ਸਕੋਗੇ। ਹਾਲਾਂਕਿ ਮੈਂ ਜਾਣਦਾ ਹਾਂ ਕਿ ਫਿਰ ਤੁਸੀਂ ਟੁੱਟੇ ਹੋਏ ਸ਼ੀਸ਼ੇ ਦੇ ਚੌਖਟੇ ਨੂੰ ਰੱਖ ਕੇ ਪੂਜਾ ਕਰੋਗੇ। ਉਸ ਵਿਚ ਕੁਝ ਵੀ ਵਿਖਾਈ ਨਹੀਂ ਪਏਗਾ। ਲੇਕਿਨ ਤਦ ਤੁਸੀਂ ਬਿਲਕੁਲ ਨਿਸਚਿੰਤ ਆਉਗੇ।

ਮੈਂ ਵੇਖਿਆ ਹੈ ਲੋਕਾਂ ਨੂੰ ਮੰਦਿਰ ਵਿਚ ਜਿਸ ਨਿਸਚਿੰਤ ਭਾਵ ਨਾਲ ਜਾਂਦੇ ਹਨ, ਉਸ ਨਿਸਚਿੰਤ ਭਾਵ ਨਾਲ ਉਨ੍ਹਾਂ ਨੂੰ ਬੁੱਧ ਦੇ ਕੋਲ ਜਾਂਦਿਆਂ ਨਹੀਂ ਵੇਖਿਆ ਹੈ। ਮੰਦਿਰ ਦੀ ਪ੍ਰਤਿਮਾ ਤੋਂ ਡਰ ਕੀ ਹੈ? ਨਾ ਕੰਬਣੀ ਛਿੜਦੀ, ਨਾ ਡੱਟ ਕੇ ਜਾਂਦੇ। ਮੰਦਿਰ ਵਿਚ ਪ੍ਰਤਿਮਾ ਹੈ ਹੀ ਨਹੀਂ, ਚੌਖਟ ਬਚਿਆ ਹੈ, ਦਰਪਣ ਤਾਂ ਕਦੇ ਦਾ ਜਾ ਚੁੱਕਿਆ।

ਇਸ ਤੋਂ ਪਹਿਲਾਂ ਕਿ ਉਹੋ ਜਿਹੀ ਘੜੀ ਆਏ, ਉਪਯੋਗ ਕਰ ਲਓ। ਆਪਣੇ ਆਪ ਨੂੰ ਦੇਖਣ ਦਾ ਮੌਕਾ ਮਿਲਿਆ ਹੈ, ਉਸ ਨੂੰ ਗੁਆਓ ਨਾ—ਨਾ ਘਬਰਾਉਣ ਵਿਚ, ਨਾ ਆਕੜ ਵਿਚ। ਸਰਲ ਸਾਮਾਨਯ ਬਣੋ। ਸਹਿਜ ਬਣੋ।

ਅੱਠਵਾਂ ਸਵਾਲ—ਤੁਸੀਂ ਪੂਰਵ (ਪਹਿਲਾਂ) ਵਿਚ ਕਿਹਾ ਹੈ, ਜੀਵਨ ਪ੍ਰਯੋਜਨ-ਰਹਿਤ ਹੈ। ਫਿਰ ਖ਼ਾਲੀ ਹੱਥ ਜਾਈਏ ਜਾਂ ਭਰੇ ਹੱਥ, ਇਸ ਨਾਲ ਕੀ ਫ਼ਰਕ ਪੈਂਦਾ ਹੈ?

ਇਹ ਹੀ ਸਮਝ ਵਿਚ ਆ ਜਾਏ ਤਾਂ ਹੱਥ ਭਰ ਗਏ। ਇਹ ਹੀ ਸਮਝ ਵਿਚ ਆ ਜਾਏ ਕਿ ਖ਼ਾਲੀ ਹੱਥ ਜਾਈਏ ਕਿ ਭਰੇ ਹੱਥ, ਕੋਈ ਫ਼ਰਕ ਨਹੀਂ ਪੈਂਦਾ—ਹੱਥ ਭਰ ਗਏ। ਇਸ ਨੂੰ ਹੀ ਮੈਂ ਹੱਥ ਭਰਨਾ ਕਹਿੰਦਾ ਹਾਂ। ਇਹ ਹੀ ਸਮਝ ਵਿਚ ਨਾ ਆਏ ਅਤੇ ਕੋਸ਼ਿਸ਼ ਚੱਲਦੀ ਰਹੇ ਕਿ ਹੱਥ ਭਰੇ ਜਾਵਾਂਗਾ—ਤੁਸੀਂ ਹੱਥ ਖ਼ਾਲੀ ਜਾਉਗੇ। ਸਫ਼ਲਤਾ ਅਤੇ ਅਸਫ਼ਲਤਾ ਇਕ ਬਰਾਬਰ ਵਿਖਾਈ ਪੈਣ ਲੱਗ ਜਾਣ—ਤੁਸੀਂ ਸਫ਼ਲ ਹੋ ਗਏ, ਸਫ਼ਲ ਹੀ ਨਹੀਂ ਸੁਫਲ (ਕਾਮਯਾਬ ਹੀ ਨਹੀਂ ਪੂਰਣ ਕਾਮਯਾਬ) ਵੀ ਹੋ ਗਏ। ਜਿੱਤ ਅਤੇ ਹਾਰ ਬਰਾਬਰ ਹੋ ਜਾਏ—ਜਿੱਤ ਗਏ ਤੁਸੀਂ ਹੁਣ ਤੁਹਾਨੂੰ ਕੋਈ ਨਹੀਂ ਹਰਾ ਸਕੇਗਾ। ਇਹ ਹੀ ਜਿੱਤ ਹੈ।

ਪ੍ਰਯੋਜਨ (ਮਤਲਬ) ਨਿਸ਼ ਪ੍ਰਯੋਜਨ ਤੱਕੜੀ ਉੱਤੇ ਬਰਾਬਰ ਤੁਲ ਜਾਣ—ਤਾਂ ਤੁਸੀਂ ਜੀਵਨ ਦਾ ਅਰਥ ਪਾ ਲਿਆ। ਕੁਝ ਹੋਰ ਬਹੁਤਾ ਪਾਉਣ ਲਈ ਨਹੀਂ ਹੈ। ਲੇਕਿਨ ਇਸ ਤੋਂ ਬਹੁਤਾ ਹੋਰ ਪਾਉਣ ਨੂੰ ਹੋ ਵੀ ਕੀ ਸਕਦਾ

ਹੈ? ਇਸ ਘੜੀ ਵਿਚ ਹੀ ਤਾਂ ਤੁਹਾਡੇ ਜੀਵਨ ਦਾ ਕਮਲ ਖਿੜ ਜਾਂਦਾ ਹੈ—ਜਦ ਨਾ ਕੋਈ ਮਤਲਬ ਹੈ, ਨਾ ਕੋਈ ਮਤਲਬ ਨਹੀਂ ਹੈ—ਨਾ ਕੋਈ ਸਾਰ ਹੈ, ਨਾ ਕੁਝ ਆਸਾਰ ਹੈ। ਜੀਵਨ ਨੂੰ ਤੁਸੀਂ ਬਗ਼ੈਰ ਦਵਿੰਧ (ਬਖੇੜਾ—ਦੁਵਿਧਾ) ਦੇ ਸਵੀਕਾਰ ਕਰ ਲਿਆ। ਹਾਰ ਨਾ ਜਿੱਤ, ਸਫ਼ਲਤਾ ਨਾ ਅਸਫ਼ਲਤਾ, ਹਨੇਰਾ ਨਾ ਪ੍ਰਕਾਸ਼, ਜੀਵਨ ਨਾ ਮੌਤ—ਤੁਸੀਂ ਉਪੱਦਰ ਛੱਡ ਦਿੱਤਾ, ਜੀਵਨ ਨੂੰ ਤੁਸੀਂ ਜਿਸ ਤਰ੍ਹਾਂ ਦਾ ਹੈ ਸਵੀਕਾਰ ਕਰ ਲਿਆ, ਗਹਿਰੇ ਭਾਵ ਨਾਲ ਉਥੇ ਹੀ ਤੁਹਾਡੇ ਜੀਵਨ ਦਾ ਕਮਲ ਖਿੜ ਜਾਂਦਾ ਹੈ। ਹੱਥ ਤੁਹਾਡੇ ਭਰ ਗਏ। ਦੁਨੀਆਂ ਤੁਹਾਡੇ ਹੱਥ ਭਲੇ ਹੀ ਖ਼ਾਲੀ ਵੇਖੇ। ਦੁਨੀਆਂ ਤੋਂ ਕੀ ਲੈਣਾ-ਦੇਣਾ ਹੈ? ਤੁਸੀਂ ਜਾਣੋਗੇ ਕਿ ਤੁਹਾਡੇ ਹੱਥ ਭਰੇ ਹਨ। ਤੁਸੀਂ ਨੱਚਦੇ ਜਾਉਗੇ। ਤੁਸੀਂ ਰੋਂਦੇ ਨਾ ਜਾਉਗੇ। ਤੁਹਾਡੇ ਅੱਥਰੂ ਵੀ ਡਿੱਗਣਗੇ ਤਾਂ ਉਨ੍ਹਾਂ ਅੱਥਰੂਆਂ ਵਿਚ ਗੀਤ ਹੋਣਗੇ, ਆਨੰਦ ਦਾ ਅਹੋਭਾਵ ਹੋਏਗਾ, ਤੁਸੀਂ ਮਰੋਗੇ ਵੀ ਤਾਂ ਤੁਸੀਂ ਇਕ ਸੁਗੰਧ ਛੱਡ ਜਾਉਗੇ। ਜਿਵੇਂ ਫੁੱਲ ਡਿੱਗ ਪੈਂਦਾ ਹੈ ਧਰਤੀ 'ਤੇ ਅਤੇ ਸੁਗੰਧ ਆਕਾਸ਼ ਵਿਚ ਉੱਡ ਜਾਂਦੀ ਹੈ। ਤੁਹਾਡੀ ਮੌਤ ਵੀ ਇਕ ਪਰਮ ਉਤਸਵ (ਜਸ਼ਨ) ਦੀ ਘੜੀ ਹੋਏਗੀ।

ਹੱਥ ਭਰ ਗਏ।

ਇਹ ਹੀ ਮੇਰਾ ਅਰਥ ਹੈ।

ਆਖ਼ਰੀ ਸਵਾਲ—ਕੀ ਦੱਸਣ ਦੀ ਕਿਰਪਾ ਕਰੋਗੇ ਕਿ—

ਇਕ—ਰਾਜਨੀਤੀ ਦੇ ਤੁਸੀਂ ਇੰਨੇ ਵਿਪੱਕਸ਼ ਵਿਚ ਕਿਉਂ ਹੋ?

ਜ਼ਹਿਰ ਦੇ ਮੈਂ ਵਿਪੱਕਸ਼ ਵਿਚ ਕਿਉਂ ਹਾਂ—ਅਜਿਹਾ ਕਿਉਂ ਨਹੀਂ ਪੁੱਛਦੇ? ਰਾਜਨੀਤੀ ਜ਼ਹਿਰ ਹੈ। ਉਸ ਨਾਲ ਜੀਵਨ ਦਾ ਕੋਈ ਲੈਣਾ-ਦੇਣਾ ਨਹੀਂ। ਉਹ ਸ਼ਮਸ਼ਾਨ ਹੈ—ਰਾਜਨੀਤੀ ਦਾ ਅਰਥ ਕੀ ਹੈ?

ਰਾਜਨੀਤੀ ਦਾ ਅਰਥ ਹੈ ਦੂਜੇ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼। ਰਾਜਨੀਤੀ ਦਾ ਅਰਥ ਹੈ ਦੂਜੇ ਦੇ ਮਾਲਿਕ ਹੋ ਜਾਣ ਦਾ ਖ਼ਵਾਬ ਅਤੇ ਜਦ ਵੀ ਕੋਈ ਵਿਅਕਤੀ ਦੂਜੇ ਦਾ ਮਾਲਿਕ ਹੋਣਾ ਚਾਹੁੰਦਾ ਹੈ, ਤਦ ਉਹ ਪਰਮਾਤਮਾ ਵਿਰੋਧੀ ਹੈ, ਕਿਉਂਕਿ ਹਰ ਇਕ ਵਿਅਕਤੀ ਦੇ ਅੰਦਰ ਪਰਮਾਤਮਾ ਹੈ—ਓਨਾ ਹੀ ਪਰਮਾਤਮਾ ਜਿੰਨਾ ਤੁਹਾਡੇ ਅੰਦਰ। ਤੁਸੀਂ ਹੋ ਕੌਣ ਕਿਸੇ ਹੋਰ ਦੇ ਮਾਲਿਕ ਹੋ ਜਾਣ ਵਾਲੇ? ਤੁਸੀਂ ਆਪਣੇ ਮਾਲਿਕ ਹੋ ਜਾਓ—ਇੰਨਾ ਹੀ ਕਾਫ਼ੀ ਹੈ।

ਰਾਜਨੀਤੀ ਦਾ ਅਰਥ ਹੈ ਦੂਜੇ ਉੱਤੇ ਮਾਲਕੀਅਤ। ਧਰਮ ਦਾ ਅਰਥ ਹੈ ਆਪਣੇ ਉੱਤੇ ਮਾਲਕੀਅਤ।

ਮੈਂ ਰਾਜਨੀਤੀ ਦੇ ਵਿਪੱਕਸ਼ ਵਿਚ ਨਹੀਂ ਹਾਂ, ਧਰਮ ਦੇ ਪੱਖ ਵਿਚ ਹਾਂ। ਧਰਮ ਦੇ ਪੱਖ ਵਿਚ ਹੋਣ ਦੇ ਕਾਰਨ ਜ਼ਰੂਰ ਹੀ ਰਾਜਨੀਤੀ ਦਾ ਵਿਪੱਕਸ਼ ਪੈਂਦਾ

ਹੋ ਜਾਂਦਾ ਹੈ। ਉਸ ਤੋਂ ਮੈਨੂੰ ਕੁਝ ਲੈਣਾ-ਦੇਣਾ ਨਹੀਂ ਹੈ। ਰਾਜਨੀਤੀ ਇੰਨੀ ਵਿਅਰਥ ਹੈ ਕਿ ਵਿਪੱਕਸ਼ ਵਿਚ ਹੋਣ ਤਕ ਦੀ ਮੈਨੂੰ ਸੁਵਿਧਾ ਨਹੀਂ ਹੈ। ਰੋੜੇ-ਪੱਥਰਾਂ ਦੇ ਖ਼ਿਲਾਫ਼ ਵੀ ਕੀ ਬੋਲਣਾ! ਹੀਰੇ ਜਵਾਹਰਾਤਾਂ ਦੇ ਪੱਖ ਵਿਚ ਬੋਲਦਾ ਹਾਂ। ਅਤੇ ਜੇਕਰ ਕਦੇ ਰੋੜੇ-ਪੱਥਰਾਂ ਦੇ ਖ਼ਿਲਾਫ਼ ਬੋਲਣਾ ਪੈਂਦਾ ਹੈ ਤਾਂ ਇਸ ਲਈ ਕਿ ਤੁਸੀਂ ਕੰਕੜ-ਪੱਥਰਾਂ ਨੂੰ ਹੀਰੇ ਸਮਝ ਰੱਖਿਆ ਹੈ।

ਜਦ ਮੈਂ ਰਾਜਨੀਤੀ ਦੇ ਵਿਰੋਧ ਵਿਚ ਬੋਲਦਾ ਹਾਂ, ਤਾਂ ਰਾਜਨੀਤਕਾਂ ਦੇ ਵਿਰੋਧ ਵਿਚ ਨਹੀਂ ਬੋਲ ਰਹਾ ਹਾਂ। ਉਹ ਤਾਂ ਦਇਆ ਦੇ ਪਾਤਰ ਹਨ। ਉਨ੍ਹਾਂ ਦੇ ਵਿਰੋਧ ਵਿਚ ਕੀ ਬੋਲਣਾ? ਉਹ ਤਾਂ ਉਵੇਂ ਹੀ ਦੁੱਖ ਦੇ ਮਾਰੇ ਹਨ। ਉਨ੍ਹਾਂ ਦੇ ਖ਼ਿਲਾਫ਼ ਕੀ ਬੋਲਣਾ ਹੈ?

ਜਦ ਮੈਂ ਰਾਜਨੀਤਕਾਂ ਦੇ ਖ਼ਿਲਾਫ਼ ਬੋਲਦਾ ਹਾਂ ਤਾਂ ਤੁਹਾਡੇ ਅੰਦਰ ਲੁਕੇ ਰਾਜਨੀਤਕ ਦੇ ਖ਼ਿਲਾਫ਼ ਬੋਲ ਰਿਹਾ ਹਾਂ। ਮੈਨੂੰ ਤੁਹਾਡੇ ਨਾਲ ਮਤਲਬ ਹੈ।

ਹਰ ਵਿਅਕਤੀ ਦੇ ਅੰਦਰ ਰਾਜਨੀਤਕ ਲੁਕਿਆ ਹੈ—ਛੋਟਾ ਹੋਵੇ, ਵੱਡਾ ਹੋਵੇ। ਸਿਕੰਦਰ ਨਿੱਕੇ ਹੋਣ, ਵੱਡੇ ਹੋਣ, ਇਸ ਨਾਲ ਕੀ ਫ਼ਰਕ ਪੈਂਦਾ ਹੈ? ਜ਼ਹਿਰ ਤੁਸੀਂ ਬਾਲਟੀ ਭਰ ਕੇ ਪੀ ਜਾਓ ਕਿ ਚੁਲ਼ੀ ਭਰ ਪੀਓ—ਇਸ ਨਾਲ ਕੀ ਫ਼ਰਕ ਪੈਂਦਾ ਹੈ—ਜ਼ਹਿਰ ਮਾਰੇਗਾ।

ਤੁਸੀਂ ਕਦੇ ਖ਼ਿਆਲ ਕੀਤਾ?—ਤੁਸੀਂ ਪਤੀ ਹੋ, ਪਤਨੀ ਨਾਲ ਤੁਹਾਡਾ ਸੰਬੰਧ ਰਾਜਨੀਤੀ ਦਾ ਹੈ ਜਾਂ ਧਰਮ ਦਾ, ਤੁਸੀਂ ਪਾਓਗੇ ਕਿ ਸੌ ਵਿਚੋਂ ਨੜਿੰਨਵੇਂ ਮੌਕਿਆਂ ਉੱਤੇ ਸੰਬੰਧ ਰਾਜਨੀਤੀ ਦਾ ਹੈ, ਧਰਮ ਦਾ ਨਹੀਂ। ਤੁਸੀਂ ਕਹੋਗੇ ਕਿ ਪਤੀ ਅਤੇ ਪਤਨੀ ਦੇ ਵਿਚਕਾਰ ਕੀ ਰਾਜਨੀਤੀ ਦਾ ਸਵਾਲ ਹੈ? ਤੁਹਾਡੇ ਬੱਚੇ ਨਾਲ ਤੁਹਾਡਾ ਸੰਬੰਧ ਧਰਮ ਦਾ ਹੈ ਜਾਂ ਰਾਜਨੀਤੀ ਦਾ? ਤੁਸੀਂ ਪਿਓ ਵਾਲੀ ਆਕੜ ਨਾਲ ਬੋਲਦੇ ਹੋ ਜਾਂ ਪਰਮਾਤਮਾ ਦੀ ਸੁਜਨ ਦੀ ਪ੍ਰਕਿਰਿਆ ਵਿਚ ਇਕ ਵਿਨਮ੍ਰ ਹਿੱਸੇਦਾਰ ਹੋਏ, ਇਸ ਤਰ੍ਹਾਂ ਬੋਲਦੇ ਹੋ ਪੁੱਤਰ ਨਾਲ? ਤੁਸੀਂ ਪੁੱਤਰ ਵੱਲ ਇਸ ਤਰ੍ਹਾਂ ਵੇਖਦੇ ਹੋ ਕਿ ਪਰਮਾਤਮਾ ਤੁਹਾਡੇ ਮਾਧਿਅਮ ਨਾਲ ਸੰਸਾਰ ਵਿਚ ਆਇਆ ਜਾਂ ਤੁਸੀਂ ਇਸ ਭਾਂਤਿ ਵੇਖਦੇ ਹੋ ਕਿ ਤੈਨੂੰ ਮੈਂ ਪੈਦਾ ਕੀਤਾ ਹੈ—ਜੋ ਮੈਂ ਕਹਾਂ ਉਹ ਕਰ, ਮੈਂ ਜਾਣਦਾ ਹਾਂ ਤੂੰ ਅਗਿਆਨੀ ਹੈਂ! ਤੁਸੀਂ ਪੁੱਤਰ ਨੂੰ ਨਿਯੰਤ੍ਰਿਤ (ਨਿਯਮ 'ਚ ਬੱਝਿਆ ਹੋਇਆ) ਕਰਨ ਦੀ ਕੋਸ਼ਿਸ ਕਰਦੇ ਹੋ ਜਾਂ ਸਹਾਰਾ ਦਿੰਦੇ ਹੋ? ਤੁਸੀਂ ਪੁੱਤਰ ਨੂੰ ਸਦਾ ਲਈ ਬੰਨ੍ਹ ਲੈਣਾ ਚਾਹੁੰਦੇ ਹੋ, ਪੰਗੂ ਬਣਾਉਣਾ ਚਾਹੁੰਦੇ ਹੋ ਜਾਂ ਚਾਹੁੰਦੇ ਹੋ ਉਸ ਨੂੰ ਮੁਕਤ ਆਕਾਸ਼ ਮਿਲੇ?—ਚਾਹੇ ਉਹ ਮੁਕਤ ਆਕਾਸ਼ ਤੁਹਾਡੇ ਵਿਪਰੀਤ ਹੀ ਕਿਉਂ ਨਾ ਹੋਵੇ?

ਤੁਸੀਂ ਪਤਨੀ ਨੂੰ ਪ੍ਰੇਮ ਕਰਦੇ ਹੋ ਜਾਂ ਪ੍ਰੇਮ ਕੇਵਲ ਫ਼ਾਂਸੀ ਲਾਉਣ ਦਾ ਉਪਾਇ ਹੈ। ਜਾਂ ਪ੍ਰੇਮ ਕੇਵਲ ਬਹਾਨਾ ਹੈ, ਰਾਜਨੀਤਕ ਚਾਲ ਹੈ ?

ਜਦ ਮੈਂ ਰਾਜਨੀਤਕ ਦੇ ਖ਼ਿਲਾਫ਼ ਬੋਲਦਾ ਹਾਂ ਤਾਂ ਦਿੱਲੀ ਵਿਚ ਬੈਠੇ ਰਾਜਨੀਤਕਾਂ ਤੋਂ ਮੈਨੂੰ ਕੀ ਲੈਣਾ-ਦੇਣਾ ਹੈ ? ਮੈਂ ਤੁਹਾਡੇ ਅੰਦਰ ਬੈਠੇ ਰਾਜਨੀਤਕਾਂ ਦੇ ਖ਼ਿਲਾਫ਼ ਬੋਲ ਰਿਹਾ ਹਾਂ। ਓਨਾ ਹੀ ਤੁਸੀਂ ਧਿਆਨ ਨਾਲ ਸਮਝਣਾ। ਅਤੇ ਉਹ ਵੀ ਇਸ ਲਈ ਬੋਲ ਰਿਹਾ ਹਾਂ ਉਸ ਦੇ ਖ਼ਿਲਾਫ਼ ਕਿ ਜੇਕਰ ਤੁਸੀਂ ਉਸੇ 'ਚ ਉਲਝੇ ਰਹੇ ਤਾਂ ਤੁਸੀਂ ਕਦੇ ਧਾਰਮਿਕ ਨਹੀਂ ਹੋ ਸਕੋਗੇ।

ਧਰਮ ਦਾ ਅਰਥ ਹੈ ਆਪਣਾ ਮਾਲਿਕ ਹੋਣਾ। ਧਰਮ ਦਾ ਅਰਥ ਹੈ, ਨਾ ਤਾਂ ਕਿਸੇ ਨੂੰ ਆਪਣਾ ਮਾਲਿਕ ਹੋਣ ਦੇਣਾ ਤੇ ਨਾ ਕਿਸੇ ਦੇ ਮਾਲਿਕ ਹੋਣ ਦੀ ਕੋਸ਼ਿਸ਼ ਕਰਨਾ। ਧਰਮ ਪਰਮ ਸੁਤੰਤਰਤਾ ਦੀ ਕੋਸ਼ਿਸ਼ ਹੈ ਅਤੇ ਰਾਜਨੀਤੀ ?—ਦੂਜੇ ਨੂੰ ਗ਼ੁਲਾਮ ਕਰਨ ਦਾ ਉਪਾਇ ਹੈ। ਜਿੰਨੇ ਬਹੁਤੇ ਲੋਕ ਤੁਹਾਡੇ ਗ਼ੁਲਾਮ ਹੋ ਜਾਣ, ਰਾਜਨੀਤੀ ਵਾਲਾ ਮਨ ਓਨਾ ਜ਼ਿਆਦਾ ਖ਼ੁਸ਼ ਹੁੰਦਾ ਹੈ। ਜੇਕਰ ਤੁਸੀਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਹੋ ਜਾਂ ਮਹਾਰਾਸ਼ਟਰ ਦੇ ਉੱਤੇ ਤੁਹਾਡਾ ਕਬਜ਼ਾ ਹੈ। ਜੇਕਰ ਤੁਸੀਂ ਭਾਰਤ ਦੇ ਪ੍ਰਧਾਨ ਮੰਤਰੀ ਹੋ ਜਾਓ ਤਾਂ ਕਬਜ਼ਾ ਹੋਰ ਜ਼ਿਆਦਾ ਵੱਡਾ ਹੋ ਜਾਂਦਾ ਹੈ।

ਆਦਮੀ ਕਬਜ਼ੇ ਦੀ ਕੋਸ਼ਿਸ਼ ਵਿਚ ਲੱਗਿਆ ਹੈ—ਕਬਜ਼ਾ ਵਧਦਾ ਜਾਏ! ਕਰੋੜਾਂ-ਕਰੋੜਾਂ ਲੋਕ ਮੁੱਠ ਵਿਚ ਹੋ ਜਾਣ! ਇਹ ਬਹੁਤ ਪੀੜਤ ਆਦਮੀ ਦੀ ਮਨੋਦਸ਼ਾ ਹੈ। ਇਹ ਪਗਲਾਏ ਹੋਏ ਚਿੱਤ ਦੀ ਦਸ਼ਾ ਹੈ। ਇਸ ਨੂੰ ਮੈਂ ਪਾਗ਼ਲਪਨ ਕਹਿੰਦਾ ਹਾਂ।

ਤੁਸੀਂ ਆਪਣੀ ਹੀ ਮੁੱਠ ਵਿਚ ਨਹੀਂ ਹੋ, ਤੁਸੀਂ ਕਿਸ ਨੂੰ ਮੁੱਠ ਵਿਚ ਕਰਨ ਤੁਰੇ ਹੋ ? ਸੱਚ ਤਾਂ ਇਹ ਹੈ ਕਿ ਤੁਸੀਂ ਜਿੰਨਾ ਹੀ ਆਪਣੇ ਨੂੰ ਘੱਟ ਮੁੱਠ ਵਿਚ ਪਾਉਂਦੇ ਹੋ ਓਨੀ ਹੀ ਕਮੀ ਪੂਰਤੀ ਕਰਦੇ ਹੋ ਦੂਜੇ ਲੋਕਾਂ ਨੂੰ ਮੁੱਠ ਵਿਚ ਕਰ ਕੇ। ਇਸ ਨਾਲ ਇਕ ਵਹਿਮ ਪੈਦਾ ਹੁੰਦਾ ਹੈ ਕਿ ਅਸੀਂ ਤਾਕਤਵਰ ਹਾਂ।

ਇਕ ਹੀ ਸ਼ਕਤੀ ਹੈ, ਅਤੇ ਉਹ ਸ੍ਵੈਂ ਦੇ ਮਾਲਿਕ ਹੋ ਜਾਣ ਦੀ ਹੈ, ਬਾਕੀ ਸਾਰੇ ਅਸ਼ਕਤੀ ਨੂੰ ਲੁਕਾਉਣ ਦੇ ਉਪਾਇ ਹਨ।

ਤੁਸੀਂ ਪੁੱਛਦੇ ਹੋ, ਰਾਜਨੀਤੀ ਦੇ ਮੈਂ ਇੰਨਾ ਵਿਪੱਕਸ਼ ਵਿਚ ਕਿਉਂ ਹਾਂ ? ਵਿਪੱਕਸ਼ ਵਿਚ ਰਾਜਨੀਤੀ ਦੇ ਨਹੀਂ ਹਾਂ, ਧਰਮ ਦੇ ਪੱਕਸ਼ ਵਿਚ ਹਾਂ।

ਦੂਜਾ—ਕੀ ਤੁਸੀਂ ਅਰਾਜਕਵਾਦੀ (ਰਾਜ-ਹੀਣਤਾ ਦੀ ਬਹਿਸ ਕਰਨ ਵਾਲਾ) ਹੋ, ਅਨਾਰਕਿੱਸਟ ਹੋ ?

ਵਾਦੀ ਮੈਂ ਬਿਲਕੁਲ ਨਹੀਂ ਹਾਂ। ਕਿਸੇ ਵਾਦ ਵਿਚ ਮੇਰੀ ਉਤਸੁਕਤਾ ਨਹੀਂ ਹੈ, ਅਰਾਜਕਵਾਦ ਵਿਚ ਵੀ ਨਹੀਂ।

ਲੇਕਿਨ ਇੰਨਾ ਜ਼ਰੂਰ ਮੈਂ ਜਾਣਦਾ ਹਾਂ ਕਿ ਦੁਨੀਆਂ ਵਿਚ ਰਾਜ ਜਿੰਨਾ ਘੱਟ ਹੋਵੇ ਓਨਾ ਹੀ ਅੱਛਾ ਹੋਏਗਾ। ਰਾਜ ਬਿਲਕੁਲ ਮਿਟ ਜਾਏਗਾ—ਅਜਿਹਾ ਮੈਂ ਨਹੀਂ ਸੋਚਦਾ। ਬਿਲਕੁਲ ਮਿਟਣਾ ਨਾਮੁਮਕਿਨ ਹੈ, ਕਿਉਂਕਿ ਜਿੱਥੇ ਇਕ ਤੋਂ ਜ਼ਿਆਦਾ ਲੋਕ ਹਨ, ਉੱਥੇ ਉਨ੍ਹਾਂ ਦੇ ਸੰਬੰਧਾਂ ਨੂੰ ਤੈਅ ਕਰਨ ਲਈ ਮਾਧਿਅਮ ਚਾਹੀਦਾ ਹੋਏਗਾ। ਵਿਵਸਥਾ (ਪ੍ਰਬੰਧ) ਚਾਹੀਦੀ ਹੀ ਹੋਵੇਗੀ।

ਸੋ ਮੈਂ ਕੋਈ ਕ੍ਰਿਕੋਪਾਟਕਿਨ ਵਰਗਾ ਅਰਾਜਕਵਾਦੀ ਨਹੀਂ ਹਾਂ। ਮੇਰੀ ਕੋਈ ਮਾਨਤਾ ਨਹੀਂ ਹੈ ਕਿ ਰਾਜ ਮਿਟ ਜਾਣਾ ਚਾਹੀਦਾ। ਮੇਰੀ ਇੰਨੀ ਹੀ ਦ੍ਰਿਸ਼ਟੀ ਹੈ ਕਿ ਰਾਜ ਘੱਟ ਤੋਂ ਘੱਟ ਹੋਣਾ ਚਾਹੀਦਾ। ਰਾਜ ਇਸੇ ਤਰ੍ਹਾਂ ਹੀ ਹੋਣਾ ਚਾਹੀਦਾ, ਜਿਵੇਂ ਪੋਸਟ ਆਫ਼ਿਸ ਹੈ, ਰੇਲਵੇ ਹੈ। ਜ਼ਰੂਰਤ ਹੈ, ਰੇਲਵੇ ਦੀ ਵਿਵਸਥਾ ਕਰਨੀ ਪਏਗੀ। ਜੇਕਰ ਰੇਲਵੇ ਦਾ ਕੋਈ ਪ੍ਰਬੰਧ ਨਾ ਹੋਵੇ ਤਾ ਅਸੰਭਵ ਹੈ ਕਿ ਬੰਬਈ ਤੋਂ ਪੂਨਾ ਟ੍ਰੇਨ ਕਿਵੇਂ ਆਏਗੀ ਕਿ ਇਹ ਚਿੱਠੀ ਤੁਸੀਂ ਪਾਈ ਪੋਸਟ ਆਫ਼ਿਸ ਵਿਚ ਉਹ ਪੁੱਜੇਗੀ ਕਿਤੇ ਕਿ ਨਹੀਂ ਪੁੱਜੇਗੀ। ਪ੍ਰਬੰਧ ਕਰਨਾ ਚਾਹੀਦੈ।

ਰਾਜਯ ਪ੍ਰਬੰਧ ਕਰਤਾ ਹੋਣਾ ਚਾਹੀਦਾ, ਨਿਯਮ ਬਣਾਉਣ ਵਾਲਾ ਨਹੀਂ। ਰਾਜਯ ਦਾ ਉਪਾਇ-ਉਪਯੋਗਿਤਾ, ਵਿਯਵਸਥਾ ਆਧਾਰਿਤ (ਪ੍ਰਬੰਧ ਉੱਤੇ ਮੁਨੱਸਰ) ਹੋਣੀ ਚਾਹੀਦੀ ਹੈ। ਲੋਕਾਂ ਦੇ ਜੀਵਨ ਵਿਚ ਕਿੰਨੀ ਸੁਵਿਧਾ ਆ ਸਕੇ, ਉਸ ਲਈ ਰਾਜਯ ਨੂੰ ਫ਼ਿਕਰ ਕਰਨੀ ਚਾਹੀਦੀ ਹੈ। ਰਾਜਯ ਨੂੰ ਵਿਘਨ ਨਹੀਂ ਪਾਉਣੇ ਚਾਹੀਦੇ ਲੋਕਾਂ ਦੇ ਜੀਵਨ ਵਿਚ। ਰੁਕਾਵਟਾਂ ਤਦ ਪਾਉਣੀਆਂ ਚਾਹੀਦੀਆਂ ਜਦ ਕੋਈ ਵਿਅਕਤੀ ਕਿਸੇ ਦੂਜੇ ਦੇ ਜੀਵਨ ਵਿਚ ਵਿਘਨ ਪਾ ਰਿਹਾ ਹੋਵੇ, ਨਹੀਂ ਤਾਂ ਨਹੀਂ।

ਮੇਰੀ ਰਾਜਯ ਦੀ ਧਾਰਨਾ ਦਾ ਅਰਥ ਹੀ ਇਹ ਹੈ ਕਿ ਰਾਰਯ ਬਹੁਤ ਗੌਣ (ਸਾਧਾਰਣ) ਹੋਣਾ ਚਾਹੀਦਾ। ਜਿਵੇਂ ਕਿ ਤੁਹਾਡੇ ਘਰ ਵਿਚ ਰਸੋਈਆ ਹੈ ਤਾਂ ਰਸੋਈਏ ਦੀ ਤੁਸੀਂ ਪੂਜਾ ਕਰਦੇ ਹੋ ਕਿ ਫੁੱਲ ਮਾਲਾ ਪੁਆਉਂਦੇ ਹੋ ? ਚੰਗਾ ਖਾਣਾ ਬਣਾਉਂਦਾ ਹੈ ਤਾਂ ਤੁਸੀਂ ਉਸ ਦੀ ਤਾਰੀਫ਼ ਕਰਦੇ ਹੋ, ਬੁਰਾ ਖਾਣਾ ਬਣਾਉਂਦਾ ਹੈ ਤਾਂ ਤੁਸੀਂ ਕਹਿੰਦੇ ਹੋ ਇਹ ਗ਼ਲਤ ਹੈ ਤੇਰਾ ਕੰਮ, ਠੀਕ ਸੁਧਾਰ ਕਰ। ਤੁਹਾਡੇ ਖਾਦਯ ਮੰਤ੍ਰੀ ਦੀ ਹੈਸੀਅਤ ਵੀ ਰਾਸ਼ਟ੍ਰ ਦੇ ਰਸੋਈਏ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਇਸ ਤੋਂ ਜ਼ਿਆਦਾ ਕੀ ਮਤਲਬ ਹੈ ? ਵੱਡੇ ਰਸੋਈਏ ਹੋ.....।

ਤੁਸੀਂ ਘਰ ਉੱਤੇ ਇਕ ਪਹਿਰੇਦਾਰ ਲਗਾ ਰੱਖਿਆ ਹੈ, ਉਹ ਉਸ ਦਾ ਕੰਮ ਹੈ, ਓਹ ਓਨਾ ਕੰਮ ਕਰਦਾ ਹੈ। ਰਾਜਯ ਦਾ ਪ੍ਰਬੰਧ ਪਹਿਰਦੇਾਰੀ ਜਿੰਨਾ ਹੀ ਹੋਣਾ

ਚਾਹੀਦਾ, ਲੇਕਿਨ ਰਾਜ ਨੇਤਾਵਾਂ ਨੂੰ ਸਿਰ 'ਤੇ ਚੁੱਕ ਕੇ ਟੁਰਨ ਦਾ ਕੋਈ ਕਾਰਨ ਨਹੀਂ ਹੈ। ਪਾਗਲਪਨ ਹੈ।

ਰਾਜਨੀਤੀ ਇੰਨੀ ਪ੍ਰਮੁੱਖ ਨਹੀਂ ਹੋਣੀ ਚਾਹੀਦੀ। ਜੀਵਨ ਵਿਚ ਬਹੁਤ ਕੀਮਤੀ ਚੀਜ਼ਾਂ ਹਨ ਜਿਹੜੀਆਂ ਪ੍ਰਮੁੱਖ ਹੋਣੀਆਂ ਚਾਹੀਦੀਆਂ। ਰਾਜਨੇਤਾ ਨੂੰ ਤੁਸੀਂ ਸਿਰ 'ਤੇ ਚੁੱਕ ਕੇ ਟੁਰੋਗੇ, ਉਸ ਨਾਲ ਰਾਜਨੇਤਾ ਤਾਂ ਉੱਚਾ ਨਹੀਂ ਹੋਏਗਾ ਤੁਸੀਂ ਨੀਵੇਂ ਹੋਵੋਗੇ। ਰਾਜਨੇਤਾ ਦੇ ਤਾਂ ਉੱਚੇ ਹੋਣ ਦਾ ਕੋਈ ਉਪਾਇ ਨਹੀਂ ਹੈ। ਉਹ ਤਾਂ ਖ਼ੁਦ ਪਾਗ਼ਲ ਹੈ। ਅਤੇ ਜਿਹੜੇ ਉਸ ਦੀ ਅਰਥੀ ਨੂੰ ਢੋ ਰਹੇ ਹਨ, ਉਹ ਵੀ ਪਾਗ਼ਲ ਹਨ। ਲੇਕਿਨ ਜੇਕਰ ਤੁਸੀਂ ਕਿਸੇ ਫ਼ਕੀਰ ਨੂੰ ਮੋਢੇ 'ਤੇ ਚੁੱਕ ਕੇ ਟੁਰੇ ਤਾਂ ਤੁਸੀਂ ਉੱਚੇ ਹੋ ਜਾਉਗੇ। ਉਸ ਨਾਲ ਫ਼ਕੀਰ ਉੱਚਾ ਨਹੀਂ ਹੋਵੇਗਾ, ਉਹ ਤਾਂ ਉੱਚਾ ਹੈ ਹੀ। ਪਰ ਤੁਸੀਂ ਉੱਚੇ ਹੋ ਜਾਉਗੇ। ਉਹ ਚਰਨ ਤੁਹਾਡੇ ਲਈ ਪਾਰਸ ਸਿੱਧ ਹੋਣਗੇ, ਤੁਸੀਂ ਲੋਹੇ ਤੋਂ ਸੋਨਾ ਹੋ ਜਾਉਗੇ।

ਤੁਸੀਂ ਜੇਕਰ ਸੰਗੀਤ ਨੂੰ ਉੱਪਰ ਚੁੱਕਿਆ ਤਾਂ ਤੁਹਾਡੇ ਹਿਰਦੇ ਵਿਚ ਉਚਾਈਆਂ ਦੀਆਂ ਲਹਿਰਾਂ ਉਠਣਗੀਆਂ। ਤੁਸੀਂ ਜੇਕਰ ਰਾਜਨੀਤੀ ਨੂੰ ਉਪਰ ਚੁੱਕਿਆ ਤਾਂ ਤੁਸੀਂ ਗੰਦੇ ਹੋ ਜਾਉਗੇ। ਤੁਸੀਂ ਜੇਕਰ ਗੀਤਕਾਰ ਨੂੰ ਉਪਰ ਚੁੱਕਿਆ, ਸੰਗੀਤਕਾਰ ਨੂੰ ਉਪਰ ਚੁੱਕਿਆ, ਕਵੀ ਨੂੰ ਉਪਰ ਚੁੱਗਿਆ, ਚਿਤ੍ਰਕਾਰ ਨੂੰ ਪੂਜਿਆ ਤਾਂ ਤੁਹਾਡੇ ਜੀਵਨ ਵਿਚ ਸੁਗੰਧ ਦੇ ਹਜ਼ਾਰ-ਹਜ਼ਾਰ ਰਸਤੇ ਖੁੱਲ੍ਹ ਜਾਣਗੇ, ਤੁਹਾਡੇ ਜੀਵਨ ਵਿਚ ਇਕ ਸਜਾਵਟ ਆ ਜਾਏਗੀ। ਤੁਸੀਂ ਜੇਕਰ ਰਾਜਨੇਤਾ ਨੂੰ ਉਪਰ ਚੁੱਕਿਆ ਤਾਂ ਸਿਵਾਏ ਯੁਧ, ਹਿੰਸਾ, ਇਸ ਤੋਂ ਇਲਾਵਾ ਤੁਸੀਂ ਕੁਝ ਵੀ ਨਹੀਂ ਪਾਉਗੇ।

ਪੂਰੀ ਮਨੁੱਖ ਜਾਤੀ ਦਾ ਇਤਿਹਾਸ ਹਿੰਸਾ ਅਤੇ ਯੁੱਧਾਂ ਦਾ ਇਤਿਹਾਸ ਹੈ। ਉਹ ਰਾਜਨੇਤਾ ਨੂੰ ਸਿਰ 'ਤੇ ਚੁੱਕ ਕੇ ਟੁਰਨ ਦੇ ਕਾਰਨ ਹੈ। ਮੈਂ ਅਰਾਜਕਵਾਦੀ ਨਹੀਂ ਹਾਂ। ਲੇਕਿਨ ਰਾਜ ਜ਼ਰੂਰਤ ਤੋਂ ਜ਼ਿਆਦਾ ਹੱਦਕਾਰ ਹੋ ਗਿਆ ਹੈ, ਓਨੇ ਅਧਿਕਾਰ ਦੀ ਲੋੜ ਨਹੀਂ ਹੈ। ਵਿਅਕਤੀ ਪਰਮ ਕੀਮਤੀ ਹੈ। ਰਾਜ ਵਿਅਕਤੀ ਦਾ ਸੇਵਕ ਹੈ, ਮਾਲਿਕ ਨਹੀਂ। ਬੱਸ ਸੇਵਕ ਦੀ ਹੈਸੀਅਤ ਨਾਲ ਕੰਮ ਕਰੇ, ਠੀਕ ਹੈ। ਇਸ ਤੋਂ ਜ਼ਿਆਦਾ ਉਸ ਦੀ ਕੀਮਤ ਨਹੀਂ ਹੋਣੀ ਚਾਹੀਦੀ।

ਅਖ਼ਬਾਰ ਰਾਜਨੀਤੀ ਨਾਲ ਹੀ ਨਹੀਂ ਭਰੇ ਹੋਣੇ ਚਾਹੀਦੇ। ਆਖ਼ਰੀ ਸਫ਼ੇ 'ਤੇ ਉਨ੍ਹਾਂ ਦੀ ਥਾਂ ਹੋਣੀ ਚਾਹੀਦੀ। ਪਰ ਉਹ ਪਹਿਲੇ ਸਫ਼ੇ ਨੂੰ ਘੇਰੀ ਬੈਠੇ ਹਨ। ਸਾਰੀਆਂ ਸੁਰਖ਼ੀਆਂ ਅਖ਼ਬਾਰ ਦੀਆਂ ਰਾਜਨੀਤਕਾਂ ਦੇ ਨਾਵਾਂ ਨਾਲ ਘਿਰੀਆਂ ਹਨ। ਇਸ ਨਾਲ ਜੇਕਰ ਜੀਵਨ ਬਰਬਾਦ ਹੋਵੇ, ਤਬਾਹੀ ਵੱਲ ਉਨਮੁੱਖ ਹੋਵੇ, ਤਾਂ ਸੁਭਾਵਿਕ ਹੈ।

ਅਖ਼ਬਾਰ ਦੀਆਂ ਸੁਰਖ਼ੀਆਂ ਤਾਂ ਕਿਨ੍ਹਾਂ ਹੋਰ ਹੀ ਸੁੰਦਰ ਚੀਜ਼ਾਂ ਨਾਲ ਭਰਨੀਆਂ ਚਾਹੀਦੀਆਂ। ਥੋੜ੍ਹਾ ਸੁੰਦਰਤਾ ਦਾ ਬੋਧ ਹੋਣਾ ਚਾਹੀਦਾ। ਰਾਜਨੀਤਕਾਂ ਦੀਆਂ ਤਸਵੀਰਾਂ ਦੀ ਬਜਾਏ ਤਾਂ ਕਿਸੇ ਬਗ਼ੀਚੇ ਵਿਚ ਗੁਲਾਬ ਦੇ ਸੋਹਣੇ ਫੁੱਲ ਖਿੜੇ ਹੋਣ, ਉਨ੍ਹਾਂ ਦੇ ਚਿਤ੍ਰ ਵੀ ਜ਼ਿਆਦਾ ਲਾਭਕਾਰੀ ਹੋਣਗੇ। ਕਿਸੇ ਦੇ ਬਗ਼ੀਚੇ ਦੀ ਹਰਿਆਲੀ ਹੋਵੇ ਉਸ ਦੇ ਚਿਤ੍ਰ ਜ਼ਿਆਦਾ ਉਪਯੋਗੀ ਹੋਣਗੇ। ਕਿਸੇ ਨੇ ਮਧੁਰ ਗੀਤ ਗਾਇਆ ਹੋਵੇ, ਉਸ ਦੇ ਮਧੁਰ ਗੀਤ ਦਾ ਮਿੱਠਾਪਨ ਕੰਮ ਦਾ ਹੋਏਗਾ।

ਰਾਜਨੀਤਕਾਂ ਦੀ ਬਕਵਾਸ ਇਕ ਦੂਜੇ ਲਈ ਗਾਲੀ-ਗਲੋਚ ਦੁਰਦਸ਼ਾ, ਕਿੱਚੜ ਉਛਾਲਣਾ—ਉਹ ਹੀ ਤੁਹਾਡਾ ਭੋਜਨ ਹੋ ਗਿਆ ਹੈ। ਸਵੇਰੇ ਉੱਠ ਕੇ ਤੁਸੀਂ ਗੀਤਾ ਨਹੀਂ ਪੜ੍ਹਦੇ, ਕੁਰਾਨ ਨਹੀਂ ਪੜ੍ਹਦੇ, ਅਖ਼ਬਾਰ ਪੜ੍ਹਦੇ ਹੋ। ਅਭਾਗੇ ਦਿਨ ਹਨ। ਇਸ ਨਾਲੋਂ ਤਾਂ ਚੰਗਾ ਸੀ, ਤੁਸੀਂ ਕੁਰਾਨ ਹੀ ਪੜ੍ਹਦੇ, ਗੀਤਾ ਹੀ ਪੜ੍ਹਦੇ। ਘੱਟੋ-ਘੱਟ ਕੁਰਾਨ ਦੀ ਆਇਤ ਦਾ ਤਰਨੁੱਮ ਤੁਹਾਨੂੰ ਘੇਰ ਲੈਂਦਾ। ਘੱਟੋ-ਘੱਟ ਗੀਤਾ ਦਾ ਸ਼ਾਇਦ ਕੋਈ ਦੂਰ ਦਾ ਭੁੱਲਿਆ ਭਟਕਿਆ ਸੁਰ ਤੁਹਾਡੇ ਹਿਰਦੇ ਵਿਚ ਘੋਂਸਲਾ ਬਣਾ ਲੈਂਦਾ।

ਤੁਸੀਂ ਸਵੇਰੇ ਉੱਠੇ ਨਹੀਂ ਕਿ ਅਖ਼ਬਾਰ ਪੜ੍ਹਦੇ ਹੋ। ਅੱਖਾਂ ਖੁੱਲ੍ਹਦੀਆਂ ਹਨ ਕਿ ਅਖ਼ਬਾਰ ਟਟੋਲਦੇ ਹੋ। ਅਖ਼ਬਾਰ ਤੁਹਾਡੀ ਗੀਤਾ ਹੈ। ਰਾਜਨੀਤਿਕ ਪਾਗ਼ਲ ਵਿਅਕਤੀ ਤੁਹਾਡੇ ਮਾਣਯੋਗ ਹਨ, ਤੁਹਾਡੇ ਆਦਰਸ਼ ਹਨ।

ਮੈਂ ਅਰਾਜਕਵਾਦੀ ਨਹੀਂ ਹਾਂ। ਲੇਕਿਨ ਰਾਜਯ ਦੀ ਸ਼ਕਤੀ ਸਿਲਸਿਲੇਵਾਰ ਥੋੜ੍ਹੀ-ਥੋੜ੍ਹੀ ਕਰ ਕੇ ਘੱਟ ਹੁੰਦੀ ਚਲੀ ਜਾਏ.....।

ਇਸ ਨੂੰ ਤਾਂ ਇਕ ਸੁਫ਼ਨਾ ਮੰਨਣਾ ਚਾਹੀਦਾ ਕਿ ਇਹੋ ਜਿਹਾ ਕਦੇ ਹੋਏਗਾ ਕਿ ਰਾਜ ਦੀ ਬਿਲਕੁਲ ਜ਼ਰੂਰਤ ਨਹੀਂ ਰਹਿ ਜਾਏਗੀ। ਮੁਸ਼ਕਿਲ ਹੈ। ਥੋੜ੍ਹੀ-ਬਹੁਤ ਜ਼ਰੂਰਤ ਰਹੇਗੀ। ਥੋੜ੍ਹੀ-ਬਹੁਤ ਤਾਂ ਜ਼ਹਿਰ ਦੀ ਵੀ ਜ਼ਰੂਰਤ ਹੁੰਦੀ ਹੈ, ਕਦੇ-ਕਦੇ ਦਵਾਈਆਂ ਦੇ ਵੀ ਕੰਮ ਆਉਂਦੀ ਹੈ। ਥੋੜ੍ਹੀ-ਬਹੁਤ ਜ਼ਹਿਰ ਦੀ ਵੀ ਲੋੜ ਹੁੰਦੀ ਹੈ—ਕਦੇ-ਕਦੇ ਕਿਸੇ ਨੂੰ ਬੇਹੋਸ਼ ਵੀ ਕਰਨਾ ਪੈਂਦਾ ਹੈ—ਸਰਜਰੀ ਲਈ, ਆਪਰੇਸ਼ਨ ਲਈ। ਓਨੀ ਹੀ ਜ਼ਰੂਰਤ ਰਾਜਯ ਦੀ ਹੋਣੀ ਚਾਹੀਦੀ ਜਿੰਨੀ ਜ਼ਹਿਰ ਦੀ ਹੈ। ਬਸ ਉਸ ਤੋਂ ਜ਼ਿਆਦਾ ਜ਼ਰੂਰਤ ਨਹੀਂ ਹੋਣੀ ਚਾਹੀਦੀ।

ਰਾਜਯ ਦਾ ਮੁੱਖ ਕੰਮ ਇੰਨਾ ਹੀ ਹੋਣਾ ਚਾਹੀਦਾ ਕਿ ਉਹ ਇਕ ਵਿਅਕਤੀ ਨੂੰ ਦੂਜੇ ਵਿਅਕਤੀ ਦੇ ਜੀਵਨ ਵਿਚ ਦਖ਼ਲ ਨਾ ਦੇਣ ਦੇਵੇ। ਅਜੇ ਹਾਲਤ ਉਲਟੀ ਹੈ, ਅਜੇ ਇਕ ਵਿਅਕਤੀ ਨੂੰ ਤਾਂ ਰੋਕਦਾ ਹੀ ਨਹੀਂ ਦੂਜੇ ਦੇ ਜੀਵਨ ਵਿਚ ਦਖ਼ਲ ਦੇਣ ਤੇ ਖ਼ੁਦ ਹੀ ਦਖ਼ਲ ਦਿੰਦਾ ਹੈ।

ਵਿਅਕਤੀ ਦੀ ਸੁਤੰਤਰਤਾ ਉੱਚੀ ਕੀਮਤ ਵਾਲੀ ਹੈ। ਰਾਜਯ ਰਾਜਨੀਤੀ, ਰਾਜਨੇਤਾ ਸੇਵਕ ਤੋਂ ਬਹੁਤੇ ਨਹੀਂ ਹੋਣੇ ਚਾਹੀਦੇ। ਕਹਿੰਦੇ ਤਾਂ ਉਹ ਵੀ ਇਹ ਹੀ ਹਨ ਕਿ ਅਸੀਂ ਸੇਵਕ ਹਾਂ। ਪਰ ਉਹ ਇਹ ਕਹਿੰਦੇ ਹਨ ਜਦ ਉਨ੍ਹਾਂ ਇਲੈਕਸ਼ਨ ਵਿਚ ਖੜੇ ਹੋਣਾ ਹੁੰਦਾ ਹੈ। ਇਲੈਕਸ਼ਨ ਤੋਂ ਬਾਅਦ ਫਿਰ ਤੁਹਾਨੂੰ ਕਹਿਣਾ ਪੈਂਦਾ ਹੈ, ਹਜ਼ੂਰ ਅਸੀਂ ਤੁਹਾਡੇ ਸੇਵਕ ਹਾਂ! ਫਿਰ ਉਹ ਦਰਬਾਰ ਵਿਚ ਬੈਠਦੇ ਹਨ ਦਰਬਾਰ ਸਜਾ ਕੇ। ਫਿਰ ਤੁਹਾਨੂੰ ਕਹਿਣਾ ਪੈਂਦਾ ਹੈ ਕਿ ਅਸੀਂ ਤੁਹਾਡੇ ਸੇਵਕ ਹਾਂ, ਚੇਤੇ ਰੱਖਣਾ, ਸੇਵਕ ਨੂੰ ਭੁੱਲ ਨਾ ਜਾਣਾ। ਇਹ ਹੀ ਉਨ੍ਹਾਂ ਨੇ ਆਖਿਆ ਸੀ, ਜਦ ਉਹ ਤਾਕਤ ਵਿਚ ਨਹੀਂ ਸਨ।

ਸੋ, ਸੇਵਾ ਜਿਵੇਂ ਮਾਧਿਅਮ ਹੈ, ਸੱਤਾ ਵਿਚ ਪੁੱਜਣ ਦਾ। ਜਿਵੇਂ ਕੋਈ ਕਿਸੇ ਦੇ ਪੈਰ ਦਬਾਉਣਾ ਸ਼ੁਰੂ ਕਰੇ ਅਤੇ ਫਿਰ ਹੌਲੀ-ਹੌਲੀ ਪੁੱਜ ਕੇ ਗਰਦਨ ਨੂੰ ਫੜ ਲਵੇ, ਸ਼ੁਰੂ ਮਾਲਿਸ਼ ਤੋਂ ਕੀਤਾ ਸੀ ਕਿ ਪੈਰ ਦੱਬ ਰਹੇ ਹਾਂ—ਫਿਰ ਜਦ ਗਰਦਨ ਫੜ ਲਈ, ਤਦ ਤੁਹਾਨੂੰ ਹੋਸ਼ ਆਇਆ ਕਿ ਇਹ ਤਾਂ ਬਹੁਤ ਮੁਸ਼ਕਿਲ ਹੋ ਗਈ ਹੈ, ਛੁਡਾਉਣਾ ਮੁਸ਼ਕਿਲ ਹੈ। ਜਦ ਕੋਈ ਪੈਰ ਫੜੇ ਤਦੋਂ ਹੀ ਜ਼ੋਰਾ ਗ਼ੌਰ ਨਾਲ ਵੇਖਣਾ ਕਿ ਹੱਥ ਗਰਦਨ ਵੱਲ ਤਾਂ ਨਹੀਂ ਜਾ ਰਹੇ ਹਨ।

ਲੇਕਿਨ ਸਾਰੇ ਸੱਤਾਧਾਰੀ ਸੇਵਾ ਦਾ ਬਹਾਨਾ ਕਰਦੇ ਹਨ, ਸੱਤਾ ਦੀ ਇੱਛਾ ਹੈ।

ਸੱਤਾ (ਤਾਕਤ) ਉਨ੍ਹਾਂ ਦੇ ਹੱਥ ਵਿਚ ਹੋਣੀ ਚਾਹੀਦੀ ਹੈ ਜਿਨ੍ਹਾਂ ਦੀ ਸੱਤਾ ਦੀ ਇੱਛਾ ਨਾ ਹੋਵੇ। ਪਰ ਇਹ ਤਾਂ ਅਸੰਭਵ ਹੈ। ਇਸ ਲਈ ਇਹ ਹੀ ਹੋ ਸਕਦਾ ਹੈ ਕਿ ਸੱਤਾ ਘੱਟ ਤੋਂ ਘੱਟ ਰਹਿ ਜਾਏ, ਇੰਨੀ ਘੱਟ ਰਹਿ ਜਾਏ ਕਿ ਕੋਈ ਨੁਕਸਾਨ ਨਾ ਪਹੁੰਚਾ ਸਕੇ।

ਰਾਜਯ ਘੱਟ ਤੋਂ ਘੱਟ ਹੋਵੇ। ਉਹ ਹੀ ਰਾਜਯ ਉੱਤਮ ਹੈ।

ਤੀਜਾ—ਸਮਾਜ ਅਤੇ ਰਾਜਯ ਤੋਂ ਤੁਸੀਂ ਆਪਣੇ ਆਪ ਨੂੰ ਅਲੱਗ-ਥਲੱਗ (ਵੱਖਰਾ) ਕਿਉਂ ਕਰ ਲਿਆ ਹੈ?

ਕਰ ਲਿਆ ਹੈ—ਅਜਿਹਾ ਨਹੀਂ ਹੈ। ਤੁਸੀਂ ਵੀ ਜਦ ਜਾਗੋਗੇ ਤਾਂ ਇਸੇ ਤਰ੍ਹਾਂ ਹੀ ਅਲੱਗ-ਥਲੱਗ ਹੋ ਜਾਉਗੇ। ਕਰ ਲਿਆ ਹੈ—ਅਜਿਹਾ ਨਹੀਂ—ਅਜਿਹਾ ਹੋ ਗਿਆ ਹੈ।

ਇਸੇ ਤਰ੍ਹਾਂ ਹੀ ਸਮਝੋ ਕਿ ਤੁਸੀਂ ਸੁੱਤੇ ਹੋ ਅਤੇ ਜਾਗ ਪਓ—ਤਦ ਕੀ ਮੈਂ ਤੁਹਾਨੂੰ ਪੁੱਛਾਂਗਾ ਕਿ ਤੁਸੀਂ ਆਪਣੇ ਆਪ ਨੂੰ ਸੁਫ਼ਨਿਆਂ ਦੇ ਰਾਜ ਤੋਂ, ਸੁਫ਼ਨਿਆਂ ਦੀ ਭੀੜ ਤੋਂ ਇੰਨਾ ਵੱਖਰਾ-ਵੱਖਰਾ ਕਿਉਂ ਕਰ ਲਿਆ? ਤੁਸੀਂ ਕਹੋਗੇ ਵੱਖਰਾ-ਵੱਖਰਾ ਕੀਤਾ ਨਹੀਂ, ਨੀਂਦਰ ਖੁੱਲ੍ਹ ਗਈ, ਸੁਫ਼ਨੇ ਗੁੰਮ ਹੋ ਗਏ।

ਜਾਗਦੇ ਹੀ ਸਮਾਜ ਅਤੇ ਰਾਜਯ ਸੁਫ਼ਨੇ ਹੋ ਜਾਂਦੇ ਹਨ, ਸਤਯ ਤਾਂ ਸਿਰਫ਼ ਇਕ ਪਰਮਾਤਮਾ ਹੀ ਰਹਿ ਜਾਂਦਾ ਹੈ। ਬਾਕੀ ਸਾਰੇ ਖੇਡ-ਖਿਡੌਣੇ ਹੋ ਜਾਂਦੇ ਹਨ। ਕੋਈ ਵੱਖਰਾ ਨਹੀਂ ਕਰਦਾ, ਆਪਣੇ ਆਪ ਨੂੰ ਵੱਖਰਾ ਪਾਉਂਦਾ ਹੈ।

ਚੌਥਾ—ਸੰਨਿਆਸ ਅਤੇ ਰਾਜਨੀਤੀ ਦਾ ਕੀ ਸੰਬੰਧ ਹੋਵੇ ?

ਸੰਬੰਧ ਹੋ ਹੀ ਨਹੀਂ ਸਕਦਾ। ਜਿਸ ਦੇ ਅੰਦਰੋਂ ਰਾਜਨੀਤੀ ਮਰ ਗਈ, ਉਸ ਦੇ ਅੰਦਰ ਹੀ ਤਾਂ ਸੰਨਿਆਸ ਫਲਦਾ ਹੈ। ਸੰਬੰਧ ਤਾਂ ਹੋ ਹੀ ਨਹੀਂ ਸਕਦਾ। ਰਾਜਨੀਤੀ ਦੀ ਸੁਆਹ ਉੱਤੇ ਹੀ ਤਾਂ ਸੰਨਿਆਸ ਦਾ ਅੰਕੁਰ ਫੁੱਟਦਾ ਹੈ। ਸੋ ਸੰਨਿਆਸ ਦਾ ਤਾਂ ਅਰਥ ਹੀ ਇਹ ਹੁੰਦਾ ਹੈ ਕਿ ਤੁਹਾਡੇ ਅੰਦਰ ਹੁਣ ਕੋਈ ਰਾਜਨੀਤੀ ਨਾ ਰਹੀ।

ਤੁਸੀਂ ਆਪਣੇ ਸੰਨਿਆਸੀਆਂ ਤੋਂ ਕੀ ਉਮੀਦ ਰੱਖਦੇ ਹੋ ?

ਮੈਂ ਕੋਈ ਉਮੀਦ ਕਿਸੇ ਕੋਲੋਂ ਨਹੀਂ ਰੱਖਦਾ ਅਤੇ ਨਾ ਚਾਹੁੰਦਾ ਹਾਂ ਕਿ ਮੇਰੇ ਕੋਲੋਂ ਕੋਈ ਉਮੀਦ ਰੱਖੇ। ਕਿਉਂਕਿ ਉਮੀਦ ਇਕ ਦੂਜੇ ਨੂੰ ਗ਼ੁਲਾਮ ਬਣਾਉਣ ਦੀ ਤਰਕੀਬ ਹੈ, ਢੰਗ ਹੈ। ਨਹੀਂ, ਮੇਰੀ ਤੁਹਾਡੇ ਤੋਂ ਕੋਈ ਮੰਗ ਨਹੀਂ ਹੈ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਇਸ ਤਰ੍ਹਾਂ ਕਰੋ ਕਿ ਉਸ ਤਰ੍ਹਾਂ ਕਰੋ। ਮੈਂ, ਤੁਸੀਂ ਕੀ ਕਰੋ, ਇਹ ਕਹਿ ਹੀ ਨਹੀਂ ਰਿਹਾ ਹਾਂ। ਮੈਂ ਤਾਂ ਤੁਹਾਨੂੰ ਇੰਨੇ ਹੀ ਇਸ਼ਾਰੇ ਦੇ ਰਿਹਾ ਹਾਂ ਕਿ ਜੇਕਰ ਤੁਸੀਂ ਸੁੱਤੇ ਹੋ ਤਾਂ ਰਾਜਨੀਤੀ ਵਿਚ ਰਹੋਗੇ, ਤੇ ਜੇਕਰ ਜਾਗ ਪਏ ਤਾਂ ਧਰਮ ਵਿਚ ਆ ਜਾਉਗੇ। ਜੇਕਰ ਜਾਗ ਗਏ ਤਾਂ ਤੁਹਾਡੇ ਅੰਦਰ ਜੋ ਦੂਜੇ ਦੀ ਮਾਲਕੀਅਤ ਦਾ ਪਾਗ਼ਲਪਨ ਹੈ, ਉਹ ਗੁੰਮ ਹੋ ਜਾਏਗਾ, ਅਤੇ ਆਪਣੀ ਹੀ ਮਾਲਕੀਅਤ ਦਾ ਆਨੰਦ ਉਸ ਦੀ ਥਾਂ ਕਾਇਮ ਹੋ ਜਾਏਗਾ। ਤਦ ਤੁਸੀਂ ਦੂਜੇ ਦੇ ਸਿਰ ਉੱਤੇ ਨਹੀਂ ਬੈਠਣਾ ਚਾਹੋਗੇ, ਕਿਉਂਕਿ ਤੁਸੀਂ ਪਾਉਗੇ, ਤੁਹਾਡੇ ਅੰਦਰਲਾ ਸਿੰਘਾਸਣ ਪਰਮ ਸਿੰਘਾਸਣ ਹੈ, ਪਰਮ ਪਦ ਹੈ—ਇਸ ਤੋਂ ਉਪਰ ਕੋਈ ਪਦ ਨਹੀਂ, ਨਾ ਕੋਈ ਰਾਸ਼ਟਰਪਤੀ, ਨਾ ਕੋਈ ਪ੍ਰਧਾਨ ਮੰਤਰੀ।

ਮੇਰੀ ਤੁਹਾਡੇ ਤੋਂ ਕੋਈ ਅਪੇਕਸ਼ਾ ਨਹੀਂ ਹੈ। ਸਿਰਫ਼ ਨਿਰਦੇਸ਼ ਹੈ ਕਿ ਜੇਕਰ ਤੁਹਾਡੇ ਮਨ 'ਚ ਅਜੇ ਵੀ ਰਾਜਨੀਤੀ ਹੋਵੇ ਤਾਂ ਧਿਆਨ ਰੱਖਣਾ ਕਿ ਤੁਸੀਂ ਸੰਨਿਆਸੀ ਨਹੀਂ ਹੋ। ਇਹ ਸਿੱਧੀ ਵਿਗਿਆਨਿਕ ਪਰਿਭਾਸ਼ਾ ਕਰ ਰਿਹਾ ਹਾਂ। ਤੁਹਾਨੂੰ ਆਖ ਨਹੀਂ ਰਿਹਾ ਹਾਂ ਕਿ ਰਾਜਨੀਤੀ ਨਾਲ ਸੰਬੰਧ ਨਾ ਰੱਖੋ, ਇੰਨਾ ਹੀ ਕਹਿ ਰਿਹਾ ਹਾਂ ਕਿ ਰਾਜਨੀਤੀ ਜ਼ਹਿਰ ਹੈ—ਜੇਕਰ ਮਰਨਾ ਹੀ ਹੋਵੇ, ਆਤਮ-ਹੱਤਿਆ ਹੀ ਕਰਨੀ ਹੋਵੇ, ਡਟ ਕੇ ਪੀ ਲਓ, ਭਰ ਪੇਟ ਪੀ ਲਓ। ਜੇਕਰ ਨਹੀਂ ਮਰਨਾ ਹੋਵੇ ਤਾਂ ਇਸ ਤੋਂ ਜ਼ਰਾ ਸਾਵਧਾਨ ਰਹਿਣਾ। ਹਾਲਾਂਕਿ ਜ਼ਹਿਰ

ਦੇ ਦੁਕਾਨਦਾਰਾਂ ਨੇ ਜ਼ਹਿਰ ਉੱਤੇ ਅੰਮ੍ਰਿਤ ਦੇ ਲੇਬਲ ਲਗਾ ਰੱਖੇ ਹਨ। ਲੇਬਲ ਉੱਤੇ ਨਾ ਜਾਣਾ। ਡੱਬੇ ਦੇ ਉੱਤੇ ਕੀ ਲਿਖਿਆ ਹੈ—ਇਸ ਦੀ ਬਹੁਤ ਫ਼ਿਕਰ ਨਾ ਕਰਨਾ, ਡੱਬੇ ਦੇ ਅੰਦਰ ਕੀ ਹੈ—ਇਸ ਦੀ ਚੰਗੀ ਤਰ੍ਹਾਂ ਜਾਂਚ ਕਰ ਲੈਣਾ।

ਤੁਹਾਡੇ ਸੰਨਿਆਸੀ ਰਾਜਨੀਤਕ ਅੰਦੋਲਨਾਂ ਵਿਚ ਸ਼ਾਮਿਲ ਹੋਣ ਜਾਂ ਨਾ ਹੋਣ ?

ਜੇਕਰ ਉਨ੍ਹਾਂ ਦੇ ਅੰਦਰ ਅਜੇ ਰਾਜਨੀਤੀ ਦੇ ਅੰਦੋਲਨ ਵਿਚ ਸ਼ਾਮਿਲ ਹੋਣ ਦੀ ਇੱਛਾ ਬਚੀ ਹੋਈ ਹੈ, ਤਾਂ ਉਹ ਸੰਨਿਆਸੀ ਨਹੀਂ ਹਨ—ਘੱਟ ਤੋਂ ਘੱਟ ਮੇਰੇ ਸੰਨਿਆਸੀ ਤਾਂ ਨਹੀਂ ਹਨ। ਕਿਸੇ ਹੋਰ ਦੇ ਹੋਣਗੇ।

ਪੰਜਵਾਂ—ਕੀ ਸੰਨਿਆਸ ਇਕ ਕਿਸਮ ਦਾ ਪਲਾਯਣ (ਫ਼ਰਾਰ ਹੋਣਾ) ਨਹੀਂ ਹੈ ?

ਇਕ ਅਰਥ ਵਿਚ ਕਹਿ ਸਕਦੇ ਹੋ, ਹੈ। ਜਿਵੇਂ ਘਰ ਵਿਚ ਅੱਗ ਲੱਗ ਜਾਏ, ਤੁਸੀਂ ਭੱਜ ਕੇ ਬਾਹਰ ਆ ਜਾਓ—ਭੀੜ ਕਹਿ ਸਕਦੀ ਹੈ: ਤੁਸੀਂ ਪਲਾਯਣਵਾਦੀ ਹੋ, ਏਸਕੇਪਿਸਟ ਹੋ; ਘਰੋਂ ਭੱਜ ਕੇ ਬਾਹਰ ਨਿਕਲੇ ? ਜਦ ਘਰ 'ਚ ਅੱਗ ਨਹੀਂ ਲੱਗੀ ਹੋਈ ਸੀ ਤਾ ਬੜੇ ਮਜ਼ੇ ਨਾਲ ਰਹੇ; ਹੁਣ ਜਦ ਅੱਗ ਲੱਗੀ ਮੁਸੀਬਤ ਦੀ ਘੜੀ ਆਈ ਘਰ ਉੱਤੇ ਤਾਂ ਤੁਸੀਂ ਨਿਕਲ ਕੇ ਬਾਹਰ ਆ ਗਏ ? ਜਾਓ ਅੰਦਰ! ਕਾਇਰ ਹੋ।

ਤਾਂ ਤੁਸੀਂ ਕੀ ਕਹੋਗੇ ? ਤੁਸੀਂ ਕਹੋਗੇ: ਪਾਗ਼ਲ ਨਹੀਂ ਹਾਂ। ਜਦ ਘਰ 'ਚ ਅੱਗ ਲੱਗੀ ਹੋਵੇ ਤਾਂ ਭੱਜਣਾ ਹੀ ਉਪਾਇ ਹੈ।

ਕੋਈ ਖੱਡ 'ਚ ਡਿੱਗ ਪਵੇ ਤੇ ਨਿਕਲਣ ਦੀ ਕੋਸ਼ਿਸ਼ ਕਰੇ, ਕੀ ਤੁਸੀਂ ਉਸ ਨੂੰ ਕਹੋਗੇ ਪਲਾਯਨਵਾਦੀ ਹੋ, ਖੱਡੇ ਵਿਚੋਂ ਨੱਠਣ ਦੀ ਕੋਸ਼ਿਸ਼ ਕਰ ਰਹੇ ਹੋ ? ਕੋਈ ਬੀਮਾਰ ਹੋ ਜਾਏ ਅਤੇ ਇਲਾਜ ਦੀ ਕੋਸ਼ਿਸ਼ ਕਰੇ, ਤੁਸੀਂ ਉਸ ਨੂੰ ਕਹੋਗੇ: ਕਾਇਰ, ਹੁਣ ਕੀਮਾਰੀ 'ਚੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈਂ ? ਰਹੋ ਇਥੇ ਹੀ! ਹਿੰਮਤਵਾਰ ਹੋ; ਡਟੇ ਰਹੋ। ਕਿੱਥੇ ਜਾਣਾ ਹੈ ?

ਸੰਸਾਰ ਖੱਡਾ ਹੈ, ਬੀਮਾਰੀ ਹੈ। ਸੰਸਾਰ ਅੱਗ ਲੱਗਿਆ ਘਰ ਹੈ। ਜਿਨ੍ਹਾਂ ਨੂੰ ਥੋੜ੍ਹਾ ਬੋਧ ਹੈ ਉਹ ਬਾਹਰ ਨਿਕਲਣਗੇ। ਉਹ ਅਸਲ ਵਿਚ ਘਰ ਛੱਡ ਕੇ ਨਹੀਂ ਭੱਜ ਰਹੇ ਹਨ। ਘਰ ਰਹਿਣ ਦੇ ਲਾਇਕ ਹੀ ਨਹੀਂ ਸੀ। ਹੁਣ ਤਕ ਕਿਵੇਂ ਰਹੇ—ਇਹ ਹੀ ਸਵਾਲ ਹੈ। ਹੁਣ ਤਕ ਕਿਉਂ ਨਾ ਵਿਖਾਈ ਪਈਆਂ ਇਹ ਲਪਟਾਂ ? ਜਦ ਵਿਖਾਈ ਪੈ ਗਈਆਂ ਤਦ ਹੀ ਸਵੇਰਾ ਹੈ। ਇਸ ਲਈ ਬਾਹਰ ਆ ਰਹੇ ਹਾਂ।

ਇਕ ਅਰਥ ਵਿਚ ਤੁਸੀਂ ਕਹਿ ਸਕਦੇ ਹੋ ਸੰਨਿਆਸ ਪਲਾਯਨ ਹੈ। ਇਕ ਅਰਥ ਵਿਚ ਤੁਸੀਂ ਕਹਿ ਸਕਦੇ ਹੋ ਸੰਨਿਆਸ ਜਾਗਰਣ ਹੈ। ਮੈਂ ਤਾਂ ਉਸ ਨੂੰ ਜਾਗਰਣ ਹੀ ਕਹਿੰਦਾ ਹਾਂ। ਘਰ ਦੇ ਅੰਦਰ ਅੱਗ ਲੱਗੀ ਹੋਵੇ ਤਾਂ ਉਹ ਹੀ ਆਦਮੀ ਘਰ ਦੇ ਅੰਦਰ ਰਹਿ ਸਕਦਾ ਹੈ, ਜਿਹੜਾ ਸੁੱਤਾ ਹੋਵੇ ਜਾਂ ਸ਼ਰਾਬ ਪੀ ਕੇ ਪਿਆ ਹੋਵੇ। ਜਾਗਿਆ ਹੋਇਆ ਆਦਮੀ ਤਾਂ ਬਾਹਰ ਆ ਜਾਏਗਾ। ਨਾ ਕੇਵਲ ਜਾਗਿਆ ਹੋਇਆ ਆਦਮੀ ਖ਼ੁਦ ਬਾਹਰ ਆਏਗਾ, ਸੁੱਤੇ ਪਏ ਨੂੰ ਜਗਾਉਣ ਦੀ ਕੋਸ਼ਿਸ਼ ਕਰੇਗਾ ਕਿ ਭਾਈ ਜਾਗੋ! ਸ਼ਰਾਬੀ ਦੇ ਮੂੰਹ 'ਤੇ ਪਾਣੀ ਛਿੜਕੇਗਾ, ਘਸੀਟੇਗਾ ਕਿ ਨਿਕਲ ਆਓ ਤੁਸੀਂ ਵੀ। ਹਾਲਾਂਕਿ ਸ਼ਰਾਬੀ ਕਹੇਗਾ : ਕੀ ਰੌਲਾ ਪਾ ਰੱਖਿਆ ਹੈ ? ਸ਼ਾਂਤੀ ਨਾਲ ਸੌਣ ਦਿਓ। ਕੀ ਸਵੇਰੇ-ਸਵੇਰੇ ਜਗਾ ਰਹੇ ਹੋ ? ਕਿੱਥੇ ਅੱਗ ਲੱਗੀ ਹੈ ? ਕਿਤੇ ਕੋਈ ਅੱਗ ਨਹੀਂ ਲੱਗੀ ਹੈ। ਕੋਈ ਸੁਫ਼ਨਾ ਵੇਖਿਆ ਹੋਏਗਾ। ਫਿਰ ਵੀ ਜੋ ਜਾਗਿਆ ਹੈ ਉਸ ਦੇ ਜਾਗਰਣ ਦੇ ਕਾਰਨ ਹੀ, ਉਸ ਉੱਤੇ ਇਕ ਜ਼ਿੰਮੇਵਾਰੀ ਆ ਗਈ—ਉਹ ਜ਼ਿੰਮੇਦਾਰੀ ਹੈ ਕਿ ਜੋ ਸੁੱਤੇ ਹਨ ਆਲੇ-ਦੁਆਲੇ, ਉਨ੍ਹਾਂ ਨੂੰ ਹਿਲਾ-ਜੁਲਾ ਕੇ ਜਗਾ ਦੇਵੇ। ਇਸ ਲਈ ਬੁੱਧ-ਪੁਰਸ਼ ਇੰਨੀ ਕੋਸ਼ਿਸ਼ ਕਰਦੇ ਹਨ ਕਿ ਤੁਸੀਂ ਜਾਗੋ, ਕਿਉਂਕਿ ਤੁਸੀਂ ਜਿੱਥੇ ਹੋ, ਉੱਥੇ ਲਪਟਾਂ ਹਨ। ਲੇਕਿਨ ਤੁਸੀਂ ਕਹਿੰਦੇ ਹੋ, ਇਹ ਤਾਂ ਪਲਾਯਨ ਹੈ। ਅਤੇ ਤੁਹਾਡੀ ਭੀੜ ਬਹੁਤੀ ਹੈ। ਜਾਗਦਾ ਇਕ ਹੈ। ਹਜ਼ਾਰ ਸੁੱਤੇ ਹਨ ਘਰ ਵਿਚ। ਉਹ ਹਜ਼ਾਰ ਆਪਣੀ ਨੀਂਦ ਵਿਚ ਹੀ ਬੜਬੜਾਉਂਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਹੀ ਠੀਕ ਹਾਂ—ਸਾਡੀ ਭੀੜ ਜੋ ਕਹਿ ਰਹੀ ਹੈ ਉਹ ਠੀਕ ਹੈ ਕਿ ਇਕ ਆਦਮੀ ਜੋ ਕਹਿ ਰਿਹਾ ਹੈ ਉਹ ਠੀਕ ਹੈ ? ਇਹ ਤਾਂ ਡਿਕਟੇਟਰਸ਼ਿਪ ਹੋ ਗਈ, ਤਾਨਾਸ਼ਾਹੀ ਹੋ ਗਈ। ਇਕ ਆਦਮੀ ਕਹਿ ਰਿਹਾ ਹੈ ਘਰ 'ਚ ਅੱਗ ਲੱਗੀ ਹੈ ਅਤੇ ਹਜ਼ਾਰ ਆਦਮੀ ਕਹਿ ਰਹੇ ਹਨ, ਮੱਤ ਦੇ ਰਹੇ ਹਨ ਕਿ ਨਹੀਂ ਲੱਗੀ, ਅਸੀਂ ਸੁੱਤੇ ਪਏ ਹਾਂ ਮਜ਼ੇ ਨਾਲ ਗੜਬੜ ਨਾ ਕਰੋ, ਅਤੇ ਉਹ ਗੜਬੜ ਕਰੀ ਚਲਿਆ ਜਾ ਰਿਹਾ ਹੈ।

ਲੇਕਿਨ ਸੰਤ ਦੀ ਆਪਣੀ ਮਜਬੂਰੀ ਹੈ। ਤੁਸੀਂ ਚਾਹੇ ਹਜ਼ਾਰ ਹੋ, ਚਾਹੇ ਲੱਖ ਹੋ—ਇਸ ਨਾਲ ਸਹੀ ਨਹੀਂ ਹੁੰਦੇ। ਜਾਗ ਕੇ ਵੇਖਿਆ ਗਿਆ ਜੋ ਹੈ ਉਹ ਹੀ ਸਤਯ ਹੈ। ਇਹ ਕੋਈ ਲੋਕਤੰਤਰ ਨਹੀਂ ਹੈ ਸਤਯ ਦਾ ਕਿ ਉੱਥੇ ਵੋਟ ਨਾਲ ਤੈਅ ਹੁੰਦਾ ਹੈ, ਕੌਣ ਸਤਯ ਹੈ। ਹੱਥ ਅਤੇ ਸਿਰ ਨਹੀਂ ਗਿਣਨੇ ਹਨ, ਇੱਥੇ ਆਤਮਾਵਾਂ ਗਿਣੀਆਂ ਜਾਂਦੀਆਂ ਹਨ। ਇੱਥੇ ਅੰਦਰਲਾ ਗਿਆਨ ਗਿਣਿਆ ਜਾਂਦਾ ਹੈ। ਇਕ ਵੀ ਸਤਯ ਹੋ ਸਕਦਾ ਹੈ, ਕਰੋੜ ਗ਼ਲਤ ਹੋ ਸਕਦੇ ਹਨ। ਸਵਾਲ ਕਰੋੜ ਦਾ ਅਤੇ ਇਕ ਦਾ ਨਹੀਂ ਹੈ—ਸਵਾਲ ਜਾਗੇ ਹੋਣ ਦਾ ਹੈ।

ਅਤੇ ਛੇਵਾਂ! ਤੁਸੀਂ ਕ੍ਰਾਂਤੀ ਦੇ ਆਗੂ ਬਣੋ, ਅਜਿਹੀ ਹਜ਼ਾਰਾਂ ਦੀ ਇੱਛਾ ਸੀ, ਲੇਕਿਨ ਤੁਸੀਂ ਕਿਉਂ ਉਨ੍ਹਾਂ ਦੀਆਂ ਇੱਛਾਵਾਂ ਨੂੰ ਠੁਕਰਾ ਦਿੱਤਾ?

ਜਿਵੇਂ ਮੈਂ ਕਿਹਾ, ਨਾ ਤਾਂ ਮੈਂ ਇੱਥੇ ਕਿਸੇ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਹਾਂ, ਨਾ ਕੋਈ ਹੋਰ ਮੇਰੀ ਇੱਛਾ ਪੂਰੀ ਕਰਨ ਨੂੰ ਹੈ। ਮੈਂ ਸ੍ਵੈਂ ਹੋਣ ਨੂੰ ਹਾਂ ਇੱਥੇ, ਤੁਸੀਂ ਸ੍ਵੈਂ ਹੋਣ ਨੂੰ ਹੋ ਇੱਥੇ। ਦੂਜੇ ਉੱਤੇ ਇੱਛਾਵਾਂ ਥੋਪਣਾ ਉਚਿਤ ਨਹੀਂ ਹੈ।

ਜੇਕਰ ਹਜ਼ਾਰਾਂ ਦੀ ਇੱਛਾ ਸੀ ਕਿ ਮੈਂ ਕ੍ਰਾਂਤੀ ਦਾ ਆਗੂ ਬਣਾਂ ਤਾਂ ਉਹ ਸੁੱਤੇ ਹੋਏ ਲੋਕਾਂ ਦੀਆਂ ਇੱਛਾਵਾਂ ਸਨ। ਉਨ੍ਹਾਂ ਦੀਆਂ ਇੱਛਾਵਾਂ ਦੀ ਕੋਈ ਕੀਮਤ ਨਹੀਂ ਹੈ। ਕਿਉਂਕਿ ਕ੍ਰਾਂਤੀ ਯਾਨੀ ਕੀ? ਘਰ 'ਚ ਅੱਗ ਲੱਗੀ ਹੈ ਤੁਸੀਂ ਫ਼ਰਨੀਚਰ ਬਦਲ ਰਹੇ ਹੋ। ਟੇਬਲ ਇੱਥੋਂ ਹਟਾ ਕੇ ਕੁਰਸੀ ਰੱਖ ਰਹੇ ਹੋ, ਬਿਸਤਰੇ ਦੀ ਥਾਂ ਬਦਲ ਰਹੇ ਹੋ, ਰੰਗ ਰੋਗਨ ਪੋਤ ਰਹੇ ਹੋ। ਚਿੱਤਰ ਫੋਟੋ ਲਟਕਾ ਰਹੇ ਹੋ! ਘਰ 'ਚ ਅੱਗ ਲੱਗੀ ਹੈ, ਤੁਸੀਂ ਕ੍ਰਾਂਤੀ ਕਰ ਰਹੇ ਹੋ! ਸਾਰੀ ਕ੍ਰਾਂਤੀ ਫ਼ਰਨੀਚਰ ਦੀ ਬਦਲਾਹਟ ਹੈ। ਕ੍ਰਾਂਤੀ ਮਾਤਰ ਅੱਜ ਤਕ ਲੋਕਾਂ ਨੇ ਜਿਸ ਨੂੰ ਕਿਹਾ ਹੈ, ਉਹ ਕੋਈ ਕ੍ਰਾਂਤੀ ਨਹੀਂ ਹੈ। ਕ੍ਰਾਂਤੀ ਤਾਂ ਸਿਰਫ਼ ਇਕ ਹੈ—ਉਹ ਹੈ ਜੀਵਨ 'ਚ ਲੱਗੀ ਅੱਗ ਨੂੰ ਵੇਖ ਲੈਣਾ ਅਤੇ ਕਿਸੇ ਨਵੇਂ ਜੀਵਨ ਵਿਚ ਉੱਠ ਜਾਣਾ, ਇਸ ਘਰ ਨੂੰ ਛੱਡ ਦੇਣਾ ਅਤੇ ਕਿਸੇ ਨਵੇਂ ਘਰ ਨੂੰ ਬਣਾ ਲੈਣਾ। ਬਾਕੀ ਸਭ ਕ੍ਰਾਂਤੀਆਂ ਤਾਂ ਇਸੇ ਘਰ ਦੇ ਅੰਦਰ ਬਦਲਾਹਟ ਹਨ। ਇਸ ਕੰਧ ਵਿਚ ਥੋੜ੍ਹੀ ਜਿਹੀ ਲਿੱਪਾ-ਪੋਤੀ ਕਰ ਕੇ ਰੰਗ-ਰੋਗਨ ਕਰ ਦਿੱਤਾ—ਇਸ ਨਾਲ ਲਪਟ ਥੋੜ੍ਹੇ ਹੀ ਮਿਟੇਗੀ। ਇਸ ਨਾਲ ਬਾਹਰ ਜੋ ਅੱਗ ਲੱਗੀ ਹੈ, ਲੱਗੀ ਹੀ ਰਹੇਗੀ।

ਕੀ ਹੋਇਆ? ਰੂਸ ਵਿਚ ਕ੍ਰਾਂਤੀ ਹੋਈ ਉੱਨੀ ਸੌ ਸਤਾਰਾਂ ਵਿਚ ਕੀ ਹੋਇਆ? ਜਿਹੜੇ ਮਾਲਿਕ ਸਨ ਉਹ ਉਤਾਰ ਦਿੱਤੇ ਗਏ, ਜਿਨ੍ਹਾਂ ਨੇ ਉਤਾਰਿਆ ਉਹ ਮਾਲਿਕ ਹੋ ਗਏ, ਮਾਲਕੀਅਤ ਜਾਰੀ ਰਹੀ। ਫ਼ਰਨੀਚਰ ਬਦਲ ਗਿਆ—ਕੁਰਸੀ ਹੇਠਾਂ ਸੀ ਉਹ ਉਪਰ ਆ ਗਈ, ਜਿਹੜੀ ਉਪਰ ਸੀ ਉਹ ਹੇਠਾਂ ਆ ਗਈ। ਉਹ ਹੀ ਉਪੱਦਰ ਜਾਰੀ ਰਿਹਾ, ਕੋਈ ਫ਼ਰਕ ਨਾ ਪਿਆ। ਅਮੀਰ, ਅਮੀਰ ਨਾ ਰਿਹਾ, ਗਰੀਬ ਗਰੀਬ ਨਾ ਰਿਹਾ, ਲੇਕਿਨ ਹੁਣ ਇਕ ਨਵਾਂ ਵਰਗ ਪੈਦਾ ਹੋ ਗਿਆ—ਸੱਤਾਧਾਰੀਆਂ ਦਾ ਅਤੇ ਗ਼ੈਰ-ਸੱਤਾਧਾਰੀਆਂ ਦਾ। ਸਾਧਾਰਣ ਜਨਤਾ ਅਤੇ ਕਮਿਊਨਿਸਟ ਪਾਰਟੀ—ਹੁਣ ਇਹ ਦੋ ਵਰਗ ਪੈਦਾ ਹੋ ਗਏ।

ਵਰਗ ਜਾਰੀ ਰਿਹਾ, ਨਾਂ ਬਦਲ ਗਏ। ਪਹਿਲਾਂ ਕੋਈ ਦੂਜੇ ਲੋਕ ਸ਼ੋਸ਼ਣ (ਬਰਬਾਦ) ਕਰਦੇ ਸਨ, ਹੁਣ ਕੋਈ ਦੂਜੇ ਲੋਕ ਬਰਬਾਦੀ ਕਰਦੇ ਹਨ—ਸ਼ੋਸ਼ਣ ਜਾਰੀ ਰਿਹਾ, ਸੱਤਾ ਜਾਰੀ ਹੈ—ਪਰਤੰਤਰਤਾ ਜਾਰੀ ਹੈ।

ਦੁਨੀਆਂ ਦੀਆਂ ਸਾਰੀਆਂ ਕ੍ਰਾਂਤੀਆਂ ਮਿੱਟੀ ਹੋ ਗਈਆਂ ਹਨ।

ਨਹੀਂ, ਮੈਂ ਤੁਹਾਡੇ ਕਿਸੇ ਮੂੜ੍ਹਤਾ ਦਾ ਆਗੂ ਨਹੀਂ ਹੋਣਾ ਚਾਹੁੰਦਾ। ਮੈਨੂੰ ਕੋਈ ਉਤਸੁਕਤਾ ਨਹੀਂ ਹੈ ਤੁਹਾਡੇ ਫ਼ਰਨੀਚਰ ਬਦਲਣ ਵਿਚ।

ਹੋਰ ਵੱਡਾ ਮਜ਼ਾ ਹੈ! ਰਾਜਨੀਤੀ ਇਕ ਵੱਡਾ ਜਾਲ ਹੈ। ਇੰਗਲੈਂਡ ਵਿਚ ਦੋ ਪਾਰਟੀਆਂ ਹਨ। ਇੰਗਲੈਂਡ ਬਹੁਤ ਕੁਸ਼ਲ ਮੁਲਕ ਹੈ—ਹੋਣਾ ਵੀ ਚਾਹੀਦਾ, ਰਾਜਨੀਤੀ ਦਾ ਉਸ ਦਾ ਅਨੁਭਵ ਬਹੁਤ ਪੁਰਾਣਾ ਹੈ। ਬਹੁਤ ਹੋਸ਼ਿਆਰ ਲੋਕ ਹਨ! ਇਕ ਪਾਰਟੀ ਸੱਤਾ ਵਿਚ ਹੁੰਦੀ ਹੈ, ਦੂਜੀ ਉਸ ਦੀ ਨਿੰਦਾ ਕਰਦੀ ਹੈ। ਹਾਲਾਂਕਿ ਕਿਸੇ ਦੀ ਵੀ ਸੱਤਾ ਸੁੰਦਰ ਨਹੀਂ ਹੈ। ਲੇਕਿਨ ਜਨਤਾ ਨੂੰ ਇਕ ਭਰਮ ਬਣਿਆ ਰਹਿੰਦਾ ਹੈ। ਇਕ ਪਾਰਟੀ ਸੱਤਾ ਵਿਚ ਹੈ, ਦੂਜੀ ਪਾਰਟੀ ਨਿੰਦਾ ਕਰਦੀ ਹੈ ਮੁਲਕ ਵਿਚ ਭੁੱਲਾਂ-ਚੁੱਕਾਂ ਦੱਸਦੀ ਹੈ। ਦਸ ਸਾਲ ਇਕ ਪਾਰਟੀ ਸੱਤਾ ਵਿਚ ਰਹਿੰਦੀ ਹੈ, ਤਦ ਤਕ ਉਸ ਦਾ ਮਾਣ-ਸਨਮਾਨ ਡਿੱਗਦਾ ਜਾਂਦਾ ਹੈ, ਕਿਉਂਕ ਉਹ ਕੁਝ ਕਰ ਤਾਂ ਪਾਂਦੀ ਨਹੀਂ। ਕੋਈ ਕੁਝ ਨਹੀਂ ਕਰ ਪਾਉਂਦਾ। ਮੁਲਕ ਦੀ ਮੁਸੀਬਤ ਬਣੀ ਰਹਿੰਦੀ ਹੈ, ਵੱਧਦੀ ਜਾਂਦੀ ਹੈ। ਮੁਲਕ ਕ੍ਰੋਧ ਵਿਚ ਭਰਦਾ ਜਾਂਦਾ ਹੈ। ਜੋ ਸੱਤਾ ਵਿਚ ਨਹੀਂ ਹਨ, ਲੋਕ ਉਨ੍ਹਾਂ ਦੇ ਪ੍ਰੇਮ ਵਿਚ ਪੈਣ ਲੱਗਦੇ ਹਨ ਕਿ ਇਹ ਠੀਕ ਲੱਗਦੇ ਹਨ ਅਤੇ ਜਨਤਾ ਦੀ ਸਿਮ੍ਰਤੀ ਬਹੁਤ ਕਮਜ਼ੋਰ ਹੈ। ਦਸ ਸਾਲ ਬਾਅਦ ਉਹ ਪਹਿਲੀ ਪਾਰਟੀ ਨੂੰ ਹੇਠਾਂ ਉਤਾਰ ਦਿੰਦੇ ਹਨ, ਇਸ ਪਾਰਟੀ ਨੂੰ ਉਪਰ ਬਿਠਾ ਦਿੰਦੇ ਹਨ। ਦੂਜੀ ਉੱਤਰੀ ਹੋਈ ਪਾਰਟੀ ਉਸੀ ਕੰਮ ਵਿਚ ਲੱਗ ਜਾਂਦੀ ਹੈ—ਉਨ੍ਹਾਂ ਦੀ ਨਿੰਦਾ ਵਿਚ। ਇਨ੍ਹਾਂ ਤੋਂ ਵੀ ਕੁਝ ਹੁੰਦਾ ਨਹੀਂ। ਲੇਕਿਨ ਦਸਾਂ ਸਾਲਾਂ ਵਿਚ ਜਨਤਾ ਫਿਰ ਭੁੱਲ ਜਾਂਦੀ ਹੈ। ਉਹ ਜਿਹੜੇ ਸੱਤਾ ਵਿਚ ਹੁੰਦੇ ਹਨ, ਉਨ੍ਹਾਂ ਦੀ ਭੁੱਲ ਵਿਖਾਈ ਦਿੰਦੀ ਹੈ। ਜਿਹੜੇ ਸੱਤਾ ਵਿਚ ਨਹੀਂ ਹੁੰਦੇ, ਉਨ੍ਹਾਂ ਦੀ ਭੁੱਲ ਤਾਂ ਵਿਖਾਈ ਕਿਵੇਂ ਪਵੇਗੀ—ਕਿਉਂਕਿ ਭੁੱਲ ਤਾਂ ਉਹ ਕੋਈ ਕਰਦੇ ਨਹੀਂ। ਉਹ ਕੁਝ ਕਰਦੇ ਹੀ ਨਹੀਂ, ਉਹ ਸਿਰਫ਼ ਨਿੰਦਾ ਕਰਦੇ ਹਨ। ਦਸਾਂ ਸਾਲਾਂ ਵਿਚ ਫਿਰ ਜਨਤਾ ਉਨ੍ਹਾਂ ਦੇ ਪ੍ਰੇਮ ਵਿਚ ਪੈ ਜਾਂਦੀ ਹੈ, ਉਨ੍ਹਾਂ ਨੂੰ ਸੱਤਾ ਵਿਚ ਬਿਠਾ ਦਿੰਦੀ ਹੈ, ਸੱਤਾ ਵਾਲਿਆਂ ਨੂੰ ਹੇਠਾਂ ਬੁਲਾ ਲੈਂਦੀ ਹੈ।

ਜਿਨ੍ਹਾਂ ਨੂੰ ਤੁਸੀਂ ਵਿਰੋਧੀ ਪਾਰਟੀਆਂ ਕਹਿੰਦੇ ਹੋ, ਉਹ ਸਭ ਆਪਸੀ ਛੜਯੰਤ੍ਰ (ਜਾਲ) ਹਨ। ਉਹ ਇਕ ਦੂਜੇ ਦੇ ਸਹਾਰੇ ਹਨ। ਉਹ ਵਿਰੋਧੀ ਵਗ਼ੈਰਾ ਨਹੀਂ ਹਨ। ਭਾਵੇਂ ਉਹ ਇਕ-ਦੂਜੇ ਨੂੰ ਜੇਲ੍ਹ ਵਿਚ ਪਾਉਣ, ਭਾਵੇਂ ਉਨ੍ਹਾਂ ਨੂੰ ਵੀ ਪਤਾ ਨਾ ਹੋਵੇ ਪਰ ਉਹ ਵਿਰੋਧੀ ਵਗ਼ੈਰਾ ਨਹੀਂ ਹਨ। ਉਹ ਸਭ ਇਕ ਦੂਜੇ ਦੀ ਸਾਜ਼ਿਸ਼ ਹੈ। ਉਹ ਪੂਰੀ ਖੇਡ ਹੈ।

ਜਦ ਇਕ ਸੱਤਾ ਵਿਚ ਹੁੰਦਾ ਹੈ ਤਦ ਜਨਤਾ ਨੂੰ ਇਹ ਪਤਾ ਨਹੀਂ ਚੱਲ ਪਾਉਂਦਾ ਕਿ ਭੁੱਲ ਦਰਅਸਲ—ਸੱਤਾ ਵਿਚ ਇਕ ਪਾਰਟੀ ਦੀ ਹੋ ਰਹੀ ਹੈ ਜਾਂ ਭੁੱਲ ਅਜਿਹੀ ਹੈ ਜਿਹੜੀ ਕਿ ਸਾਡੀ ਜੀਵਨ ਚੇਤਨਾ ਦੀ ਹੈ। ਦੁੱਖ ਇਸ ਲਈ ਹੈ ਕਿ ਸਾਡੀ ਜੀਵਨ ਚੇਤਨਾ ਸੁੱਤੀ ਹੈ। ਜੀਵਨ ਵਿਚ ਇੰਨੀ ਪੀੜਾ ਇਸ ਲਈ ਹੈ ਕਿ ਅਸੀਂ ਬੇਹੋਸ਼ ਹਾਂ। ਇਹ ਨਹੀਂ ਵਿਖਾਈ ਪੈਂਦਾ। ਇਹ ਵਿਖਾਈ ਪੈਂਦਾ ਹੈ ਕਿ ਇਹ ਲੋਕ ਹਟ ਜਾਣ। ਦੂਜੀ ਪਾਰਟੀ ਸੁਫ਼ਨੇ ਵਿਖਾ ਰਹੀ ਹੈ, ਝੰਡੇ ਚੁੱਕ ਰਹੀ ਹੈ। ਉਹ ਕਹਿੰਦੀ ਹੈ, ਅਸੀਂ ਸਭ ਠੀਕ ਕਰ ਦਿਆਂਗੇ। ਉਹ ਵਿਸ਼ਵਾਸ ਦਿਲਾ ਰਹੀ ਹੈ। ਉਸ ਉੱਤੇ ਭਰੋਸਾ ਆ ਜਾਂਦਾ ਹੈ। ਆ ਦਾ ਭਰੋਸਾ ਬਾ ਉੱਤੇ ਚਲਾ ਜਾਂਦਾ ਹੈ। ਫਿਰ ਬਾ ਤੋਂ ਭਰੋਸਾ ਆ 'ਤੇ ਚਲਾ ਜਾਂਦਾ ਹੈ। ਕਦੇ ਆਪਣੀ ਯਾਦ ਹੀ ਨਹੀਂ ਆ ਪਾਉਂਦੀ ਕਿ ਇਹ ਭੁੱਲ ਕਿਤੇ ਸਾਡੀ ਹੈ। ਇਸ ਤਰ੍ਹਾਂ ਜੀਵਨ ਸਦੀਆਂ ਤਕ ਚੱਲਦਾ ਰਿਹਾ ਹੈ।

ਵਿਰੋਧੀ ਆਪਸ ਵਿਚ ਇਸ ਤਰ੍ਹਾਂ ਲੜਦੇ ਹਨ ਕਿ ਤੁਹਾਨੂੰ ਲੱਗਦਾ ਹੈ ਕਿ ਇਹ ਤਾਂ ਬਿਲਕੁਲ ਇਕ-ਦੂਜੇ ਦੇ ਉਲਟ ਹਨ। ਅਤੇ ਜੇਕਰ ਇਨ੍ਹਾਂ ਨੂੰ ਅਸੀਂ ਤਾਕਤ ਵਿਚ ਪਹੁੰਚਾ ਦਿਆਂਗੇ ਤਾਂ ਸਭ ਠੀਕ ਹੋ ਜਾਏਗਾ। ਕਦੇ ਠੀਕ ਕੁਝ ਨਹੀਂ ਹੁੰਦਾ।

ਕ੍ਰਾਂਤੀਆਂ ਸਭ ਅਸਫ਼ਲ ਹੋ ਗਈਆਂ। ਇਕ ਹੀ ਕ੍ਰਾਂਤੀ ਕਦੇ ਅਸਫ਼ਲ ਨਹੀਂ ਹੋਈ, ਉਹ ਵਿਅਕਤੀ ਦੀ ਕ੍ਰਾਂਤੀ ਹੈ। ਕੋਈ ਨੀਂਦ ਤੋਂ ਜਾਗਦਾ ਹੈ—ਬੁੱਧ ਹੋ ਜਾਂਦਾ ਹੈ, ਕ੍ਰਿਸ਼ਨ ਹੋ ਜਾਂਦਾ ਹੈ, ਫ਼ਰੀਦ ਹੋ ਜਾਂਦਾ ਹੈ, ਮੁਹੰਮਦ, ਨਾਨਕ ਬਸ ਉਹ ਹੀ ਇਕ ਮਾਤਰ ਕ੍ਰਾਂਤੀ ਹੈ।

ਸੋ, ਤੁਹਾਡੀਆਂ ਉਮੀਦਾਂ ਲਈ ਮੈਂ ਤੁਹਾਡਾ ਆਗੂ ਨਹੀਂ ਹੋ ਸਕਦਾ। ਮੇਰੀ ਦ੍ਰਿਸ਼ਟੀ ਨਾਲ ਹੀ ਮੈਂ ਕੁਝ ਕਰ ਸਕਦਾ ਹਾਂ। ਮੇਰੀ ਦ੍ਰਿਸ਼ਟੀ ਇਹ ਹੀ ਹੈ ਕਿ ਤੁਸੀਂ ਜਾਗੋ—ਇਹ ਹੀ ਇਕ ਮਾਤਰ ਕ੍ਰਾਂਤੀ ਹੈ। ਤੁਹਾਡੇ ਘਰ ਦੇ ਫ਼ਰਨੀਚਰ ਨੂੰ ਇਧਰੋਂ ਉਧਰ ਕਰਨ ਦੀ ਮੇਰੀ ਕੋਈ ਉਤਸੁਕਤਾ ਨਹੀਂ ਹੈ। ਮਿੱਟੀ-ਘੱਟਾ ਝਾੜਨ ਦਾ ਮੇਰਾ ਮਨ ਨਹੀਂ ਹੈ। ਤੁਹਾਡੀ ਭੁੱਲ ਤੁਹਾਡੀ ਬੇਹੋਸ਼ੀ ਹੈ—ਉਹ ਟੁੱਟ ਜਾਣੀ ਚਾਹੀਦੀ ਹੈ। ਤਦ ਤੁਸੀਂ ਜੇਕਰ ਅਮੀਰ ਵੀ ਨਾ ਹੋਏ, ਗਰੀਬ ਵੀ ਨਾ ਰਹੇ ਤਾਂ ਵੀ ਆਨੰਦ ਦੀ ਬਾਰਸ਼ ਤੁਹਾਡੇ ਘਰ ਉੱਤੇ ਹੋਏਗੀ। ਤਦ ਤੁਹਾਡੇ ਕੋਲ ਦੋ ਜੋੜੇ ਕੱਪੜਿਆਂ ਦੇ ਵੀ ਰਹੇ, ਤਾਂ ਵੀ ਤੁਸੀਂ ਨੱਚ ਸਕੋਗੇ। ਤੁਹਾਨੂੰ ਰੁੱਖਾ-ਸੁੱਕਾ ਵੀ ਖਾਣ ਨੂੰ ਮਿਲਿਆ, ਤਦ ਵੀ ਤੁਹਾਡੇ ਕੰਠ ਤੋਂ ਗੀਤ ਦਾ ਜਨਮ ਹੋ ਸਕੇਗਾ।

ਮਨੁੱਖ ਜਾਤੀ ਉਸੇ ਦਿਨ ਸੁਖੀ ਹੋਏਗੀ, ਜਿਸ ਦਿਨ ਵਿਅਕਤੀ-ਵਿਅਕਤੀ ਸੁਖੀ ਹੁੰਦਾ ਹੈ, ਅਤੇ ਸਮਾਜ ਦਾ ਭਰਮ ਛੁੱਟ ਜਾਂਦਾ ਹੈ ਕਿ ਅਸੀਂ ਸਮਾਜ ਨੂੰ ਸੁਖੀ ਕਰ ਸਕਦੇ ਹਾਂ। ਸਮਾਜ ਕਦੇ ਸੁਖੀ ਨਹੀਂ ਹੋ ਸਕਦਾ। ਸਮਾਜ ਹੈ ਹੀ ਨਹੀਂ। ਸਮਾਜ ਤਾਂ ਇਕ ਸੰਗਿਆ ਮਾਤਰ ਹੈ। ਇਕ ਨਾਂ-ਮਾਤਰ ਹੈ। ਜਿੱਥੇ ਵੀ ਤੁਸੀਂ ਪਾਉਗੇ, ਵਿਅਕਤੀ ਨੂੰ ਪਾਉਗੇ। ਧੜਕਦੇ ਹੋਏ ਆਦਮੀ ਦੇ ਦਿਲ ਨੂੰ ਪਾਉਗੇ।

ਵਿਅਕਤੀ ਦੀ ਆਤਮਾ ਦੀ ਕ੍ਰਾਂਤੀ ਇਕ ਮਾਤਰ ਕ੍ਰਾਂਤੀ ਹੈ।

ਮੇਰੀ ਰਾਜਨੀਤੀ ਵਿਚ ਕੋਈ ਰਸ ਨਹੀਂ ਹੈ। ਅਜਿਹੇ ਸਵਾਲ ਤੁਸੀਂ ਨਾ ਪੁੱਛੋ ਤਾਂ ਚੰਗਾ। ਤੁਸੀਂ ਆਪਣੀ ਬਦਲਾਹਟ ਦੀ ਕੁਝ ਗੱਲ ਪੁੱਛੋ।

ਅੱਜ ਏਨਾ ਹੀ।

ਨੌਵਾਂ ਪ੍ਰਵਚਨ

ਨੌਵਾਂ ਪ੍ਰਵਚਨ

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥
ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥
ਕਵਣ ਸੁ ਅਖਰੁ ਕਵਣੁ ਗੁਣ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥
ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥
ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

ਸੈਮੂਅਲ ਬੈਕੇਟ, ਪੱਛਮ ਦਾ ਇਕ ਬਹੁਤ ਵੱਡਾ ਵਿਚਾਰਕ ਅਤੇ ਨਾਟਕਕਾਰ ਪੈਰਿਸ ਦੀ ਇਕ ਗਲੀ ਵਿਚੋਂ ਲੰਘ ਰਿਹਾ ਸੀ। ਸ਼ਾਮ ਹੋ ਗਈ ਸੀ। ਇਕ ਭਿਖਾਰੀ ਵਾਂਗ ਵਿਖਾਈ ਦੇਣ ਵਾਲਾ ਆਦਮੀ ਉਸ ਦੇ ਕੋਲ ਆਇਆ—ਇਵੇਂ ਹਾਵ-ਭਾਵ ਤੋਂ ਜਿਵੇਂ ਭੀਖ ਮੰਗਣਾ ਚਾਹੁੰਦਾ ਹੋਵੇ। ਲੇਕਿਨ ਇਸ ਤੋਂ ਪਹਿਲਾਂ ਕਿ ਬੈਕੇਟ ਉਸ ਨੂੰ ਕੋਈ ਜਵਾਬ ਦੇਵੇ, ਉਸ ਨੇ ਜੇਬ 'ਚੋਂ ਛੁਰਾ ਕੱਢਿਆ ਤੇ ਬੈਕੇਟ ਦੀ ਛਾਤੀ ਵਿਚ ਖੋਭ ਦਿੱਤਾ। ਬੈਕੇਟ ਬੇਹੋਸ਼ ਹੋ ਕੇ ਡਿੱਗ ਪਿਆ ਅਤੇ ਉਹ ਆਦਮੀ ਫੜ ਲਿਆ ਗਿਆ। ਪੰਦਰਾਂ ਦਿਨਾਂ ਬਾਅਦ ਬੈਕੇਟ ਜਦ ਹਸਪਤਾਲ ਤੋਂ ਬਾਹਰ ਨਿਕਲਿਆ, ਸੱਟ ਜਾਨ-ਲੇਵਾ ਸੀ। ਲੇਕਿਨ ਪੰਦਰਾਂ ਦਿਨ ਉਹ ਹਸਪਤਾਲ ਵਿਚ ਇਹ ਹੀ ਸੋਚਦਾ ਰਿਹਾ ਕਿ ਇਸ ਆਦਮੀ ਨੇ ਸੱਟ ਮਾਰੀ ਕਿਉਂ ? ਨਾ ਕੋਈ ਦੁਸ਼ਮਣੀ, ਦੁਸ਼ਮਣੀ ਤਾਂ ਦੂਰ, ਕੋਈ ਜਾਣ-ਪਛਾਣ ਵੀ ਨਹੀਂ। ਇਸ ਆਦਮੀ ਨੂੰ ਇਸ ਤੋਂ ਪਹਿਲਾਂ ਕਦੇ ਵੇਖਿਆ ਹੀ ਨਹੀਂ ਸੀ। ਇਕ ਜਗਿਆਸਾ ਉਸ ਦੇ ਮਨ 'ਚ ਚੱਲਦੀ ਰਹੀ, ਹਸਪਾਤਲੋਂ ਛੁੱਟਾਂ ਤਾਂ ਸਿੱਧਾ ਜੇਲ੍ਹਖ਼ਾਨੇ ਜਾਵਾਂ। ਕੋਈ ਸ਼ਿਕਾਇਤ ਨਹੀਂ ਸੀ ਮਨ 'ਚ ਸਿਰਫ਼ ਇਹ ਜਾਨਣ ਦੀ ਜਗਿਆਸਾ ਸੀ ਕਿ ਹਮਲਾ ਉਸ ਨੇ ਕੀਤਾ ਕਿਉਂ ? ਅਕਾਰਣ ਮਾਲੂਮ ਹੁੰਦਾ ਹੈ। ਆਦਮੀ ਪਾਗ਼ਲ ਹੈ ? ਪਾਗ਼ਲ ਵੀ ਵਿਖਾਈ ਨਹੀਂ ਦਿੰਦਾ ਸੀ।

ਹਸਪਤਾਲੋਂ ਮੁਕਤ ਹੁੰਦੇ ਹੀ ਉਹ ਜੇਲ੍ਹਖ਼ਾਨੇ ਗਿਆ। ਆਗਿਆ ਲੈ ਕੇ ਅਧਿਕਾਰੀਆਂ ਕੋਲੋਂ ਉਹ ਉਸ ਕੈਦੀ ਦੇ ਕੋਲ ਪੁੱਜਾ ਤੇ ਕਿਹਾ ਕਿ ਮੈਨੂੰ ਕੋਈ ਸ਼ਿਕਾਇਤ ਨਹੀਂ ਹੈ। ਨਾ ਤੇਰੇ ਅਪਰਾਧ ਦੀ ਨਿੰਦਾ ਕਰਨ ਆਇਆ ਹਾਂ। ਨਾ ਤੈਨੂੰ ਇਹ ਕਹਿਣ ਆਇਆ ਹਾਂ ਕਿ ਤੂੰ ਅਜਿਹਾ ਨਾ ਕਰਦਾ। ਇਹ ਸਭ ਸਵਾਲ ਨਹੀਂ ਹਨ। ਇਕ ਹੀ ਮੇਰੇ ਮਨ 'ਚ ਸਵਾਲ ਹੈ ਕਿ ਤੂੰ ਮੈਨੂੰ ਛੁਰਾ ਮਾਰਿਆ ਕਿਉਂ ? ਕਾਰਨ ਕੀ ਹੈ ?

ਉਸ ਆਦਮੀ ਨੇ ਬੈਕੇਟ ਵੱਲ ਗੌਰ ਨਾਲ ਵੇਖਿਆ ਅਤੇ ਕਿਹਾ—ਕਾਰਨ ਤਾਂ ਮੈਨੂੰ ਵੀ ਪਤਾ ਨਹੀਂ। ਤੂੰ ਹੀ ਪ੍ਰੇਸ਼ਾਨ ਹੈਂ, ਇਸ ਤਰ੍ਹਾਂ ਨਾ ਸੋਚ, ਮੈਂ ਵੀ ਪੰਦਰਾਂ ਦਿਨਾਂ ਤੋਂ ਇਹ ਹੀ ਸੋਚ ਰਿਹਾ ਹਾਂ ਕਿ ਮੈਂ ਛੁਰਾ ਮਾਰਿਆ ਕਿਉਂ ? ਨਾ ਕੋਈ ਜਾਣ, ਨਾ ਪਛਾਣ, ਨਾ ਕੋਈ ਦੁਸ਼ਮਣੀ। ਤੂੰ ਤਾਂ ਹਾਂ-ਨਾਂਹ ਵੀ ਨਹੀਂ

ਕਿਹਾ ਸੀ। ਮੈਂ ਵੀ ਆਪਣੇ ਕੋਲੋਂ ਇਹ ਹੀ ਪੁੱਛ ਰਿਹਾ ਹਾਂ। ਤੂੰ ਤਾਂ ਮੇਰੇ ਕੋਲ ਪੁੱਛਣ ਆ ਗਿਆ, ਮੈਂ ਕਿਸ ਕੋਲ ਪੁੱਛਣ ਜਾਵਾਂ ਕਿ ਮੈਂ ਛੁਰਾ ਮਾਰਿਆ ਕਿਉਂ ?

ਬੈਕੇਟ ਦਾ ਸਾਰਾ ਜੀਵਨ ਬਦਲ ਗਿਆ ਉਸ ਘਟਨਾ ਨਾਲ। ਆਦਮੀ ਬੇਹੋਸ਼ ਹੈ।

ਕਿਉਂ ਦਾ ਜਵਾਬ ਤੁਹਾਡੇ ਕੋਲ ਵੀ ਨਹੀਂ ਹੈ। ਕਿਸੇ ਦੇ ਪਿਆਰ 'ਚ ਪੈ ਗਏ, ਕਿਉਂ ? ਕਿਸੇ ਨੂੰ ਵੇਖਦੇ ਹੀ ਦੁਸ਼ਮਣੀ ਹੋ ਜਾਂਦੀ ਹੈ, ਵੇਖਦੇ ਹੀ ਵਿਕਰਸ਼ਣ (ਖਿਚਾਵ) ਹੁੰਦਾ ਹੈ—ਕਿਉਂ ? ਕਿਸੇ ਨੂੰ ਵੇਖਦੇ ਹੀ ਸ਼ਰਧਾ ਆ ਜਾਂਦੀ ਹੈ। ਕੋਈ ਕਾਰਨ ਨਹੀਂ ਹੈ। ਇਕ ਅਚੇਤਨ, ਇਕ ਮੂਰਛਿਤ ਦਸ਼ਾ ਹੈ, ਜਿਵੇਂ ਸੁਫ਼ਨੇ ਵਿਚ ਟੁਰਦਾ ਹੋਵੇ, ਜਾਂ ਨਸ਼ੇ ਵਿਚ ਟੁਰਦਾ ਹੋਵੇ।

ਘਟਨਾਵਾਂ ਵਾਪਰਦੀਆਂ ਚਲੀਆਂ ਜਾਂਦੀਆਂ ਹਨ, ਤੁਸੀਂ ਉਨ੍ਹਾਂ ਦੇ ਮਾਲਕ ਨਹੀਂ ਹੋ। ਘਟਨਾਵਾਂ ਵਾਪਰਦੀਆਂ ਹਨ, ਤੁਸੀਂ ਉਨ੍ਹਾਂ ਦੇ ਕਰਤਾ ਨਹੀਂ ਹੋ। ਤੁਹਾਡੇ ਵਿਚ ਘਟਨਾਵਾਂ ਵਾਪਰਦੀਆਂ ਹਨ, ਲੇਕਿਨ ਤੁਹਾਡੀ ਪਕੜ (ਕੰਟਰੋਲ) ਨਹੀਂ ਹੈ। ਤੁਹਾਡੇ ਅੰਦਰ ਇੰਨੀ ਹੋਸ਼ ਦੀ ਕਿਰਣ ਵੀ ਨਹੀਂ ਹੈ ਕਿ ਤੁਸੀਂ ਕਹਿ ਸਕੋ, ਮੈਂ ਅਜਿਹਾ ਕਿਉਂ ਕੀਤਾ ?

ਬੈਕੇਟ ਵਿਦਿਆਰਥੀ ਸੀ ਦਰਸ਼ਨ ਸ਼ਾਸਤ੍ਰ ਦਾ, ਲੇਕਿਨ ਉਸ ਘਟਨਾ ਤੋਂ ਬਾਅਦ ਦਰਸ਼ਨ ਉੱਤੋਂ ਉਸ ਦੀ ਸ਼ਰਧਾ ਉੱਠ ਗਈ। ਕਿਉਂਕਿ ਦਰਸ਼ਨ ਦੀ ਤਾਂ ਸਾਰੀ ਖੋਜ ਇਹ ਹੀ ਹੈ—ਕਿਉਂ, ਅਜਿਹਾ ਕਿਉਂ ਹੈ ? ਉਸ ਦਿਨ ਤੋਂ ਪਿੱਛੋਂ ਉਸ ਨੇ ਜੋ ਕਵਿਤਾਵਾਂ ਲਿਖੀਆਂ, ਨਾਟਕ ਲਿਖੇ, ਉਹ ਬਹੁਤ ਅਸੰਗਤ ਹਨ, ਏਬਸਰਡ। ਉਨ੍ਹਾਂ ਵਿਚ ਜ਼ੈਨ ਫ਼ਕੀਰਾਂ ਦੀ ਝਲਕ ਹੈ, ਲੇਕਿਨ ਕੋਈ ਤੁਕ ਨਹੀਂ।

ਘਟਨਾਵਾਂ ਵਾਪਰਦੀਆਂ ਹਨ। ਲੇਕਿਨ ਕੋਈ ਕਾਰਨ ਨਹੀਂ ਹੈ। ਉਸ ਦੀ ਬਹੁਤ ਪ੍ਰਸਿੱਧ ਕਿਤਾਬ ਹੈ, ਵੇਟਿੰਗ ਫ਼ਾਰ ਗੋਡੋਡ, ਗੋਡੋਡ ਦੀ ਉਡੀਕ। ਪੂਰੀ ਕਿਤਾਬ ਪੜ੍ਹ ਲੈਣ ਦੇ ਬਾਅਦ ਵੀ ਇਹ ਪਤਾ ਨਹੀਂ ਚੱਲਦਾ ਕਿ ਗੋਡੋਡ ਹੈ ਕੌਣ, ਜਿਸ ਦੀ ਉਡੀਕ ਹੋ ਰਹੀ ਹੈ।

ਦੋ ਵਿਅਕਤੀ ਹਨ, ਬਸ ਉਹ ਬੈਠੇ ਹਨ। ਅਤੇ ਅਜਿਹਾ ਉਨ੍ਹਾਂ ਦਾ ਖ਼ਿਆਲ ਹੈ ਕਿ ਗੋਡੋਡ ਆਉਣ ਵਾਲਾ ਹੈ। ਇਸ ਤਰ੍ਹਾਂ ਦੀ ਉਨ੍ਹਾਂ ਦੀ ਧਾਰਣਾ ਹੈ ਕਿ ਉਸ ਨੇ ਆਸ ਬੰਧਾਈ ਹੈ ਕਿ ਮੈਂ ਆਵਾਂਗਾ। ਅਤੇ ਉਹ ਇਕ ਦੂਜੇ ਨਾਲ ਗੱਲ ਕਰਦੇ ਹਨ ਕਿ ਅਜੇ ਤਕ ਗੋਡੋਡ ਆਇਆ ਨਹੀਂ। ਉਹ ਦੂਜਾ ਵੀ ਇਧਰ-ਉਧਰ ਵੇਖਦਾ ਹੈ। ਉਹ ਕਹਿੰਦਾ ਹੈ ਪਤਾ ਨਹੀਂ ਕਿਉਂ ਦੇਰ ਹੋ ਗਈ। ਅਤੇ ਇਸ ਤਰ੍ਹਾਂ ਗੱਲ ਚੱਲਦੀ ਹੈ। ਪੂਰਾ ਨਾਟਕ, ਬਸ ਇਹ ਦੋ ਆਦਮੀ ਬੈਠੇ ਹਨ ਇਕ ਕਬਾੜਖ਼ਾਨੇ ਦੇ ਕੋਲ ਅਤੇ ਇਨ੍ਹਾਂ ਦੀ ਗੱਲ ਚੱਲਦੀ ਹੈ, ਊਬ ਜਾਂਦੇ ਹਨ, ਥੱਕ

ਜਾਂਦੇ ਹਨ। ਇਕ ਉਨ੍ਹਾਂ ਵਿਚੋਂ ਕਦੇ-ਕਦੇ ਕ੍ਰੋਧ ਵਿਚ ਆ ਜਾਂਦਾ ਹੈ। ਉਹ ਕਹਿੰਦਾ ਹੈ—ਹੁਣ ਮੈਂ ਜਾਂਦਾ ਹਾਂ। ਬਹੁਤ ਹੋ ਗਈ! ਕਦੋਂ ਤਕ ਉਡੀਕ ਕਰਾਂਗੇ?

ਉਹ ਦੂਜਾ ਵੀ ਕਹਿੰਦਾ ਹੈ, ਚਲੋ ਚੱਲੀਏ। ਪਰ ਜਾਂਦੇ-ਆਉਂਦੇ ਕਿਤੇ ਨਹੀਂ, ਬੈਠੇ ਉਥੇ ਹੀ ਹਨ। ਜਾਣ ਵੀ ਕਿਥੇ? ਜਾਣ ਲਈ ਹੈ ਵੀ ਕਿੱਥੇ? ਕਰਨ ਵੀ ਕੀ, ਜੇਕਰ ਉਡੀਕ ਨਾ ਕਰਨ।

ਤਾਂ ਫਿਰ ਉਡੀਕ ਕਰਦੇ ਹਨ। ਫਿਰ ਦੂਜਾ ਸੀਨ ਆਉਂਦਾ ਹੈ ਨਾਟਕ ਦਾ। ਫਿਰ ਉਹ ਬੈਠੇ ਹਨ। ਫਿਰ ਉਹ ਉਡੀਕ ਕਰ ਰਹੇ ਹਨ ਕਿ ਅੱਜ ਤਾਂ ਆਉਣਾ ਹੀ ਚਾਹੀਦਾ ਹੈ, ਅੱਜ ਤਾਂ ਬਿਲਕੁਲ ਪੱਕਾ ਹੈ। ਫਿਰ ਸਮਾਂ ਨਿਕਲ ਜਾਂਦਾ ਹੈ। ਫਿਰ ਉਹ ਨਹੀਂ ਆਉਂਦਾ। ਬੱਸ ਉਸੇ ਦੀ ਗੱਲ ਚੱਲਦੀ ਹੈ। ਇਸ ਤਰ੍ਹਾਂ ਉਡੀਕ ਕਰਦੇ-ਕਰਦੇ ਨਾਟਕ ਪੂਰਾ ਹੋ ਜਾਂਦਾ ਹੈ।

ਜਦ ਇਸ ਵੇਟਿੰਗ ਫ਼ਾਰ ਗੋਡੋਡ ਦੀ ਫ਼ਿਲਮ ਬਣੀ ਤਾਂ ਜੋ ਉਸ ਦਾ ਡਾਇਰੈਕਟਰ ਸੀ, ਉਸ ਨੇ ਬੈਕੇਟ ਨੂੰ ਪੁੱਛਿਆ, ਕਿ ਆਖ਼ਿਰ ਇਹ ਤਾਂ ਦੱਸ ਕਿ ਇਹ ਗੋਡੋਡ ਹੈ ਕੌਣ? ਉਸ ਨੇ ਕਿਹਾ, ਕਿ ਜੇਕਰ ਮੈਨੂੰ ਹੀ ਪਤਾ ਹੁੰਦਾ ਤਾਂ ਮੈਂ ਨਾਟਕ ਵਿਚ ਹੀ ਦੱਸ ਦਿੱਤਾ ਹੁੰਦਾ। ਇਹ ਤਾਂ ਮੈਨੂੰ ਵੀ ਪਤਾ ਨਹੀਂ।

ਪਰ ਇਹ ਗੋਡੋਡ ਸ਼ਬਦ ਸੋਹਣਾ ਹੈ; ਇਹ ਗਾਡ ਨਾਲ ਮਿਲਦਾ-ਜੁਲਦਾ ਹੈ। ਇਸ ਵਿਚ ਕੁਝ ਗਾਡ ਦੀ ਭਿਣਕ ਹੈ, ਈਸ਼ਵਰ ਦੀ।

ਤੁਸੀਂ ਕਿਸ ਦੀ ਉਡੀਕ ਕਰ ਰਹੇ ਹੋ? ਉਡੀਕ ਤੁਸੀਂ ਵੀ ਕਰ ਰਹੇ ਹੋ ਅਤੇ ਤੁਹਾਨੂੰ ਅਜਿਹਾ ਲੱਗ ਰਿਹਾ ਹੈ: ਕੋਈ ਆਉਣ ਵਾਲਾ ਹੈ, ਕੁਝ ਹੋਣ ਵਾਲਾ ਹੈ, ਕੁਝ ਹੋ ਕੇ ਰਹੇਗਾ। ਲੇਕਿਨ ਕਿਸ ਦੀ? ਨਹੀਂ ਹੁੰਦਾ, ਤੁਸੀਂ ਵੀ ਨਰਾਜ਼ ਹੋ ਜਾਂਦੇ ਹੋ। ਕਹਿਣ ਲੱਗਦੇ ਹੋ, ਸਭ ਬੇਕਾਰ ਹੈ, ਛੱਡੋ-ਛੱਡੋ! ਪਰ ਜਾਓ ਕਿੱਥੇ? ਛੱਡ-ਛਡਾ ਕੇ ਵੀ ਕਿੱਥੇ ਜਾਉਗੇ? ਜਿਥੇ ਜਾਉਗੇ, ਉਥੇ ਵੀ ਇਹ ਹੀ ਹੋਏਗਾ। ਉਥੇ ਵੀ ਉਡੀਕ ਕਰਨੀ ਹੋਏਗੀ। ਉਡੀਕ ਕਿਸ ਦੀ ਹੋ ਰਹੀ ਹੈ, ਇਸ ਦਾ ਵੀ ਕੁਝ ਠੀਕ-ਠੀਕ ਪਤਾ ਨਹੀਂ ਹੈ। ਲੇਕਿਨ ਬਿਨਾਂ ਉਡੀਕ ਕੀਤਿਆਂ ਵੀ ਕਿਵੇਂ ਰਹੋਗੇ? ਉਸ ਦੇ ਸਹਾਰੇ ਸਮਾਂ ਬੀਤ ਜਾਂਦਾ ਹੈ। ਗੋਡੋਡ ਸਹੀ ਹੈ, ਅ, ਬ, ਸ, ਕੋਈ ਵੀ ਸਹੀ ਹੈ। ਮੋਖਸ਼, ਨਿਰਵਾਣ, ਈਸ਼ਵਰ, ਕੋਈ ਵੀ ਸਹੀ। ਲੇਕਿਨ ਇਹ ਦਸ਼ਾ ਹੈ।

ਇਹ ਬੈਕੇਟ ਦਾ ਨਾਟਕ ਵੇਟਿੰਗ ਫ਼ਾਰ ਗੋਡੋਡ ਪੂਰੀ ਮਨੁੱਖਤਾ ਦੀ ਕਥਾ ਹੈ। ਆਦਮੀ ਦੀ ਇਹ ਹਾਲਤ ਹੈ।

ਇਕ ਉਡੀਕ ਹੈ, ਪਤਾ ਨਹੀਂ ਕਿਸ ਦੀ। ਹੋਣਾ ਹੋ ਗਿਆ ਹੈ; ਪਰ ਕਿਉਂ ਹੋ ਗਏ ਹਨ, ਇਸ ਦਾ ਕੋਈ ਪਤਾ ਨਹੀਂ। ਕ੍ਰਤਯ ਵੀ ਘਟ ਰਹੇ ਹਨ ਲੇਕਿਨ

ਕਿਉਂ ਤੁਸੀਂ ਕਰ ਰਹੇ ਹੋ—ਇਸ ਦਾ ਕੋਈ ਜਵਾਬ ਨਹੀਂ ਦੇ ਸਕੋਗੇ। ਤੁਹਾਡੇ ਹੋਣ ਦਾ ਵੀ ਤੁਹਾਡੇ ਕੋਲ ਕੋਈ ਜਵਾਬ ਨਹੀਂ ਹੈ; ਤੁਸੀਂ ਕਿਉਂ ਹੋ ? ਤੁਸੀਂ ਆਪਣੇ ਮੋਢੇ ਬਿਚਕਾਉਗੇ। ਤੁਸੀਂ ਕਹੋਗੇ, ਪਤਾ ਹੀ ਹੁੰਦਾ.....।

ਇਸ ਹਨੇਰੀ ਦਸ਼ਾ ਵਿਚ ਦੋ ਸੰਭਾਵਨਾਵਾਂ ਹਨ। ਇਕ ਸੰਭਾਵਨਾ ਤਾਂ ਇਹ ਹੈ ਕਿ ਤੁਸੀਂ ਕੋਈ ਕਲਪਿਤ ਅਰਥ ਆਪਣੇ ਜੀਵਨ ਨੂੰ ਦੇ ਦਿਓ। ਤੁਸੀਂ ਕਿਸੇ ਗੋਡੋਡ ਦੀ ਉਡੀਕ ਕਰਨ ਲੱਗੋ, ਜਿਸ ਦਾ ਤੁਹਾਨੂੰ ਨਾ ਪਤਾ ਹੈ, ਨਾ ਜਿਸ ਨਾਲ ਤੁਹਾਡਾ ਕਦੇ ਮਿਲਣਾ ਹੋਇਆ ਹੈ, ਨਾ ਤੁਸੀਂ ਠੀਕ ਤਰ੍ਹਾਂ ਜਾਣਦੇ ਹੋ ਕਿ ਉਹ ਕੌਣ ਹੈ। ਕਿਸੇ ਅਜਿਹੇ ਅਰਥ ਦੀ ਤੁਸੀਂ ਆਪਣੇ ਜੀਵਨ ਵਿਚ ਕਲਪਣਾ ਕਰ ਲਓ, ਉਸ ਅਰਥ ਦੇ ਸਹਾਰੇ ਜੀਉਣਾ ਹੋ ਜਾਏਗਾ, ਜੀਉਣਾ ਤਾਂ ਕੀ ਹੋਏਗਾ, ਅਰਾਮ ਨਾਲ ਮਰਨਾ ਹੋ ਜਾਏਗਾ। ਇਸ ਤਰ੍ਹਾਂ ਹੌਲੀ-ਹੌਲੀ ਮਰ ਜਾਉਗੇ। ਕਦੇ ਪਤਾ ਨਹੀਂ ਚੱਲੇਗਾ ਕਿ ਅੰਦਰ ਖ਼ਾਲੀਪਨ ਸੀ। ਉਹ ਅਰਥ ਜਿਹੜੇ ਤੁਸੀਂ ਕਲਪਿਤ ਕਰ ਲਏ ਸਨ, ਉਨ੍ਹਾਂ ਦੇ ਸੁਪਨੇ ਤੁਹਾਨੂੰ ਘੇਰੀ ਰੱਖਣਗੇ। ਅਤੇ ਇਸੇ ਤਰ੍ਹਾਂ ਦੇ ਅਰਥ ਦੇ ਸੁਪਨੇ ਤੁਸੀਂ ਆਪਣੇ ਆਲੇ-ਦੁਆਲੇ ਖੜੇ ਕਰ ਲਏ ਹਨ।

ਪਿਓ ਮੇਰੇ ਕੋਲ ਆਉਂਦਾ ਹੈ, ਉਹ ਕਹਿੰਦਾ ਹੈ ਪੁੱਤਰ ਲਈ ਜੀ ਰਿਹਾ ਹਾਂ। ਇਸ ਦਾ ਪਿਓ ਇਸ ਦੇ ਲਈ ਜੀ ਰਿਹਾ ਸੀ। ਇਸ ਦਾ ਪੁੱਤਰ ਆਪਣੇ ਪੁੱਤਰ ਲਈ ਜੀਵੇਗਾ। ਕੌਣ ਕਿਸ ਦੇ ਲਈ ਜੀ ਰਿਹਾ ਹੈ ?

ਪਤਨੀ ਤੋਂ ਪੁੱਛੋ, ਉਹ ਪਤੀ ਲਈ ਜੀ ਰਹੀ ਹੈ। ਪਤੀ ਕੋਲੋਂ ਪੁੱਛੋ, ਉਹ ਕਹਿੰਦਾ ਹੈ ਕਿ ਪ੍ਰੇਸ਼ਾਨ ਹੋ ਰਹੇ ਹਾਂ, ਮਿਹਨਤ ਕਰ ਰਹੇ ਹਾਂ, ਪਤਨੀ ਲਈ ਜੀਉਣਾ ਹੈ! ਛੋਟੇ ਬੱਚੇ ਹਨ, ਉਨ੍ਹਾਂ ਦਾ ਵਿਆਹ ਕਰਨਾ ਹੈ, ਸ਼ਾਦੀ ਕਰਨੀ ਹੈ, ਪੜ੍ਹਾਉਣਾ-ਲਿਖਾਉਣਾ ਹੈ। ਉਹ ਕੀ ਕਰਨਗੇ ? ਉਹ ਵੀ ਇਹ ਹੀ ਕਰਨਗੇ। ਉਨ੍ਹਾਂ ਦੇ ਨਿੱਕੇ ਬੱਚੇ ਹੋਣਗੇ, ਉਨ੍ਹਾਂ ਨੂੰ ਪੜ੍ਹਾਉਣਗੇ, ਲਿਖਾਉਣਗੇ, ਉਨ੍ਹਾਂ ਦੀ ਸ਼ਾਦੀ-ਵਿਆਹ ਕਰਨਗੇ।

ਜੇਕਰ ਤੁਸੀਂ ਗੌਰ ਨਾਲ ਆਦਮੀ ਦੀ ਜ਼ਿੰਦਗੀ ਨੂੰ ਵੇਖੋ ਤਾਂ ਤੁਸੀਂ ਜਿਸ ਵੀ ਕਾਰਨ ਨਾਲ ਜੀ ਰਹੇ ਹੋ, ਤੁਸੀਂ ਪਾਉਗੇ ਉਹ ਕਲਪਿਤ ਹੈ। ਪਰ ਬਿਨਾਂ ਕਲਪਨਾ ਦੇ ਜੀਉਣਾ ਵੀ ਤਾਂ ਔਖਾ ਹੈ ਬਹੁਤ!

ਨੀਤਸ਼ੇ ਨੇ ਕਿਹਾ, ਉਸ ਆਦਮੀ ਨੂੰ ਮੈਂ ਆਦਮੀ ਕਹਾਂਗਾ, ਜਿਹੜਾ ਬਿਨਾਂ ਕਲਪਨਾ ਦੇ ਜੀਉਣ ਲਈ ਸਮਰੱਥ ਹੋਵੇ। ਜੋ ਜੀਵਨ ਦੀ ਸਚਾਈ ਦੇ ਨਾਲ ਜੀਉਣ ਲਈ ਸਮਰੱਥ ਹੋਵੇ—ਸਚਾਈ ਕੋਈ ਵੀ ਹੋਵੇ; ਕਿਸੇ ਕਲਪਨਾ ਦੇ ਤਾਣੇ-ਬਾਣੇ ਨਾ ਬੁਣੇ।

ਪਰ ਇਹੋ ਜਿਹਾ ਆਦਮੀ ਲੱਭਣਾ ਮੁਸ਼ਕਿਲ ਹੈ।

ਫ਼ਰਾਇਡ ਨੇ ਇਕ ਕਿਤਾਬ ਲਿਖੀ ਹੈ ਧਰਮ ਦੇ ਉਪਰ : ਦਿ ਫ਼ਯੂਚਰ ਆਫ਼ ਏਨ ਇਲਯੂਜਨ, ਇਕ ਭਰਮ ਦਾ ਭਵਿੱਖ। ਉਸ ਵਿਚ ਉਸ ਨੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ, ਧਰਮ ਬਿਲਕੁਲ ਮਨੁੱਖ ਦੀ ਭਰਮਣਾ (ਸ਼ੱਕ) ਹੈ। ਮਨ ਦੀ ਹੀ ਖੇਡ ਹੈ।

ਕਿਸੇ ਨੇ ਫ਼ਰਾਇਡ ਨੂੰ ਪੁੱਛਿਆ, ਜੇਕਰ ਅਜਿਹਾ ਹੈ ਤਾਂ ਇਕ ਨਾ ਇਕ ਦਿਨ ਮਨੁੱਖ ਭਰਮ ਤੋਂ ਮੁਕਤ ਹੋ ਜਾਏਗਾ ਅਤੇ ਧਰਮ ਤੋਂ ਵੀ ਮੁਕਤ ਹੋ ਜਾਏਗਾ ? ਫ਼ਰਾਇਡ ਨੇ ਕਿਹਾ, ਇਹ ਮੈਂ ਨਹੀਂ ਕਹਿ ਸਕਦਾ : ਕਿਉਂਕਿ ਮਨੁੱਖ ਕਦੇ ਭਰਮ ਤੋਂ ਬਗ਼ੈਰ ਜੀਉਣ ਲਈ ਰਾਜ਼ੀ ਹੋਏਗਾ, ਇਹ ਗੱਲ ਸੰਦੇਹ-ਪੂਰਣ ਹੈ। ਮਨੁੱਖ ਬਿਨਾਂ ਭਰਮ ਦੇ ਜੀ ਕਿਵੇਂ ਸਕੇਗਾ ? ਸਾਧਾਰਣ ਉਪਾਇ ਇਕ ਹੀ ਹੈ ਕਿ ਤੁਸੀਂ ਕੋਈ ਭਰਮ ਖੜਾ ਕਰ ਲਓ, ਕੋਈ ਇੰਦਰ-ਧਨੁਸ਼ ਖਿੱਚ ਲਓ ਆਕਾਸ਼ ਵਿਚ—ਜਿਹੜਾ ਕਦੇ ਮਿਲਦਾ ਵੀ ਨਹੀਂ ਹੈ, ਪਰ ਜਿਸ ਦੇ ਮਿਲਣ ਦੀ ਆਸ ਬੱਝੀ ਰਹਿੰਦੀ ਹੈ। ਇਸ ਤਰ੍ਹਾਂ ਤੁਸੀਂ ਖਿੱਚੀ ਚਲੇ ਜਾਂਦੇ ਹੋ। ਇਸੇ ਤਰ੍ਹਾਂ ਮੌਤ ਨੇੜੇ ਆ ਜਾਂਦੀ ਹੈ, ਇਕ ਦਿਨ ਤੁਸੀਂ ਡੁੱਬ ਜਾਂਦੇ ਹੋ।

ਕਰੋੜਾਂ ਵਿਚੋਂ ਇਕ ਨੂੰ ਛੱਡ ਕੇ ਜ਼ਿਆਦਾਤਰ ਲੋਕ ਇਸੇ ਤਰ੍ਹਾਂ ਹੀ ਜੀਉਂਦੇ ਹਨ। ਉਨ੍ਹਾਂ ਦਾ ਸੰਸਾਰ ਵੀ ਸੁਫ਼ਨਾ ਹੈ, ਉਨ੍ਹਾਂ ਦਾ ਧਰਮ ਵੀ ਸੁਫ਼ਨਾ ਹੈ। ਉਨ੍ਹਾਂ ਦੇ ਸਿਧਾਂਤ ਵੀ ਸੁਫ਼ਨੇ ਹਨ। ਉਨ੍ਹਾਂ ਦੇ ਸ਼ਾਸਤਰ ਵੀ ਸੁਫ਼ਨੇ ਹਨ। ਉਨ੍ਹਾਂ ਦੀ ਗ੍ਰਿਹਸਥੀ ਵੀ ਸੁਫ਼ਨਾ ਹੈ। ਉਨ੍ਹਾਂ ਦਾ ਸੰਨਿਆਸ ਵੀ ਸੁਫ਼ਨਾ ਹੈ, ਸੁਫ਼ਨੇ ਦਾ ਕੋਈ ਵੀ ਸੰਬੰਧ ਨਹੀਂ ਹੈ ਵਸਤੂ ਨਾਲ। ਸੁਫ਼ਨੇ ਦਾ ਸੰਬੰਧ ਚਿੱਤ ਦੀ ਦਸ਼ਾ ਨਾਲ ਹੈ। ਬੇਹੋਸ਼ ਆਦਮੀ ਬਿਨਾਂ ਸੁਫ਼ਨੇ ਦੇ ਜੀਵੇਗਾ ਕਿਵੇਂ ?

ਸੁਫ਼ਨੇ ਦਾ ਕਾਰਨ ਵਿਗਿਆਨ ਤੋਂ ਪੁੱਛੀਏ—ਕਿ ਆਦਮੀ ਰਾਤ ਸੁਫ਼ਨੇ ਕਿਉਂ ਵੇਖਦਾ ਹੈ ? ਤਾਂ ਉਹ ਕਹਿੰਦੇ ਹਨ, ਇਸ ਲਈ ਵੇਖਦਾ ਹੈ ਕਿ ਜੇਕਰ ਸੁਫ਼ਨੇ ਨਾ ਵੇਖੇ ਤਾਂ ਨੀਂਦ ਟੁੱਟ ਜਾਏਗੀ। ਤੁਸੀਂ ਉਲਟਾ ਸੋਚਦੇ ਹੋਵੋਗੇ। ਤੁਸੀਂ ਸੋਚਦੇ ਹੋਵੋਗੇ, ਰਾਤ ਭਰ ਸੁਫ਼ਨੇ ਟੁਰਦੇ ਰਹੇ, ਇਸ ਲਈ ਚੰਗੀ ਤਰ੍ਹਾਂ ਸੌਂ ਨਹੀਂ ਸਕੇ। ਮਨੋਵਿਗਿਆਨਕ ਕਹਿੰਦੇ ਹਨ ਕਿ ਜੇਕਰ ਸੁਫ਼ਨਾ ਨਾ ਆਵੇ ਤਾਂ ਤੁਸੀਂ ਬਿਲਕੁਲ ਸੌਂ ਨਹੀਂ ਪਾਉਗੇ। ਸੁਫ਼ਨਾ ਤੁਹਾਡੀ ਨੀਂਦ ਨੂੰ ਬਚਾਉਂਦਾ ਹੈ।

ਤੁਹਾਨੂੰ ਰਾਤ ਨੀਂਦ ਵਿਚ ਭੁੱਖ ਲੱਗੀ। ਜੇਕਰ ਸੁਫ਼ਨਾ ਨਾ ਹੋਵੇ ਤਾਂ ਨੀਂਦ ਟੁੱਟ ਜਾਏਗੀ। ਭੁੱਖ ਨੀਂਦ ਤੋੜ ਦੇਵੇਗੀ। ਤੁਸੀਂ ਸੁਫ਼ਨਾ ਵੇਖਦੇ ਹੋ ਕਿ ਪੁੱਜ ਗਏ ਆਪਣੇ ਫਰਿੱਜ ਦੇ ਕੋਲ, ਸਮਾਨ ਕੱਢ ਲਿਆ ਸੁਫ਼ਨੇ ਵਿਚ ! ਤ੍ਰਿਪਤੀ ਨਾਲ

ਭੋਜਨ ਕਰ ਲਿਆ—ਸੁਫ਼ਨੇ ਵਿਚ ! ਲੇਕਿਨ ਇਸ ਸੁਫ਼ਨੇ ਨੇ ਨੀਂਦ ਨੂੰ ਨਹੀਂ ਟੁੱਟਣ ਦਿੱਤਾ—ਨੀਂਦ ਦੀ ਭੁੱਖ ਨੂੰ ਝੂਠੇ ਭੋਜਨ ਵਿਚ ਲੁਕਾ ਦਿੱਤਾ।

ਅਲਾਰਮ ਦੀ ਘੰਟੀ ਵੱਜੀ ਨੀਂਦ ਟੁੱਟ ਜਾਏਗੀ, ਲੇਕਿਨ ਸੁਫ਼ਨੇ ਵਿਚ ਤੁਸੀਂ ਸੁਣਦੇ ਹੋ, ਮੰਦਿਰ ਦੀ ਘੰਟੀ ਵੱਜ ਰਹੀ ਹੈ। ਇਕ ਸੁਫ਼ਨਾ ਆ ਗਿਆ। ਮੰਦਿਰ ਦੀ ਘੰਟੀ ਵੱਜ ਰਹੀ ਹੈ। ਹੁਣ ਨੀਂਦ ਟੁੱਟਣ ਦੀ ਕੋਈ ਜ਼ਰੂਰਤ ਨਹੀਂ। ਤੁਸੀਂ ਅਲਾਰਮ ਨੂੰ ਵੀ ਆਪਣੇ ਸੁਫ਼ਨੇ ਵਿਚ ਸ਼ਾਮਿਲ ਕਰ ਲਿਆ। ਹੁਣ ਤੁਸੀਂ ਮਜ਼ੇ ਨਾਲ ਪਾਸਾ ਪਰਤ ਕੇ ਸੌਂ ਜਾਓ।

ਵਿਗਿਆਨਿਕ ਕਹਿੰਦੇ ਹਨ ਸੁਫ਼ਨਾ ਨੀਂਦ ਨੂੰ ਬਚਾਉਂਦਾ ਹੈ। ਸੁਫ਼ਨੇ ਤਾਂ ਉਨ੍ਹਾਂ ਦੇ ਹੀ ਸਮਾਪਤ ਹੁੰਦੇ ਹਨ ਜਿਨ੍ਹਾਂ ਦੀ ਨੀਂਦ ਹੀ ਸਮਾਪਤ ਹੋ ਜਾਂਦੀ ਹੈ।

ਕ੍ਰਿਸ਼ਨ ਨੇ ਗੀਤਾ ਵਿਚ ਕਿਹਾ ਹੈ—ਯਾ ਨਿਸ਼ਾ ਸਰਵ ਭੂਤਾਯਾਮ ਤਸਯਾਂ ਜਾਗ੍ਰਤੀ ਸੰਯਮੀ। ਜੋ ਸਭ ਦੀ ਰਾਤ ਹੈ ਯੋਗੀ-ਸੰਯਮੀ ਤਦ ਵੀ ਜਾਗਦਾ ਹੈ। ਸੁਫ਼ਨੇ ਤਾਂ ਕਿਸੇ ਬੁੱਧ-ਪੁਰਸ਼ ਦੇ ਹੀ ਸਮਾਪਤ ਹੁੰਦੇ ਹਨ, ਕਿਉਂਕਿ ਉਸ ਦੀ ਨੀਂਦ ਹੀ ਸਮਾਪਤ ਹੋ ਗਈ, ਹੁਣ ਬਚਾਉਣ ਲਈ ਹੀ ਕੁਝ ਨਾ ਰਿਹਾ, ਸੁਫ਼ਨੇ ਦੀ ਕੋਈ ਲੋੜ ਨਹੀਂ। ਜਿਵੇਂ ਰਾਤ ਵਿਚ ਸੁਫ਼ਨਾ ਹੈ ਉਵੇਂ ਹੀ ਦਿਨ ਵਿਚ ਅਰਥ, ਮਤਲਬ, ਜ਼ਿੰਮੇਂਦਾਰੀ ਅਜਿਹੇ ਸੁਫ਼ਨੇ ਹਨ ਦਿਨ ਦੇ। ਦਿਨ ਦੇ ਸੁਫ਼ਨੇ ਹਨ ਰਾਤ ਦੇ ਸੁਫ਼ਨੇ ਹਨ, ਉਹ ਤੁਹਾਡੀ ਨੀਂਦ ਨੂੰ ਬਚਾਉਂਦੇ ਹਨ।

ਇਕ ਹੋਰ ਢੰਗ ਹੈ ਜੀਉਣ ਦਾ—ਉਹ ਹੈ ਸਾਰੇ ਸੁਫ਼ਨਿਆਂ ਨੂੰ, ਨੀਂਦ ਨੂੰ ਤੋੜ ਕੇ ਜੀਉਣਾ। ਝੂਠੇ ਅਰਥ ਨਹੀਂ, ਆਪਣੇ ਮਨੋਕਲਪਿਤ ਅਰਥ ਨਹੀਂ। ਥਾਂ ਖ਼ਾਲੀ ਹੈ ਮੰਨਿਆ, ਲੇਕਿਨ ਗੋਡੋਡ ਦੀ ਉਡੀਕ ਨਹੀਂ, ਕਿਉਂਕਿ ਜਿਸ ਨੂੰ ਅਸੀਂ ਜਾਣਦੇ ਹੀ ਨਹੀਂ ਉਸ ਦੀ ਕੀ ਉਡੀਕ ਕਰਨੀ ? ਉਸ ਦੀ ਉਡੀਕ ਵਿਚ ਮੰਨਿਆ ਕਿ ਸਮਾਂ ਭਰਿਆ ਹੋਇਆ ਨਿਕਲ ਜਾਏਗਾ, ਪਰ ਹੱਥ ਕੀ ਆਏਗਾ ? ਉਸ ਦੀ ਉਡੀਕ ਵਿਚ ਮੰਨਿਆ ਕਿ ਬਹੁਤੀ ਬੇਚੈਨੀ ਨਹੀਂ ਲੱਗੇਗੀ, ਕੁਝ ਕਰਨੇ ਨੂੰ ਲੱਗਦਾ ਰਹੇਗਾ, ਖ਼ਾਲੀ ਨਹੀਂ ਮਾਲੂਮ ਹੋਵੋਗੇ, ਭਰੇ ਰਹੋਗੇ—ਪਰ ਉਸ ਭਰੇ ਹੋਏ ਦਾ ਵੀ ਕੀ ਮੁੱਲ ਹੈ, ਜੋ ਕਦੇ ਘਟਣ ਵਾਲਾ ਨਹੀਂ ?

ਜਾਗੇ ਹੋਏ ਪੁਰਸ਼ ਦਾ ਇਕ ਹੋਰ ਜੀਵਨ ਹੈ, ਉਸ ਜੀਵਨ ਦਾ ਸੰਬੰਧ ਕੋਈ ਅਰਥ ਨਿਰਮਿਤ ਕਰਨ ਨਾਲ ਨਹੀਂ ਹੈ ਸਗੋਂ ਜਾਗਣ ਨਾਲ ਹੈ। ਜਾਗਦੇ ਹੀ ਉਸ ਅਰਥ ਦੀ ਪ੍ਰਤੀਤ ਹੋਣੀ ਸ਼ੁਰੂ ਹੁੰਦੀ ਹੈ ਜੋ ਅਸਤਿੱਤਵ ਵਿਚ ਲੁਕਿਆ ਹੈ। ਫਿਰ ਤੁਸੀਂ ਗੋਡੋਡ ਦੀ ਉਡੀਕ ਨਹੀਂ ਕਰਦੇ। ਫਿਰ ਕਿਸੇ ਦੀ ਉਡੀਕ ਨਹੀਂ ਕਰਦੇ। ਫਿਰ ਤਾਂ ਅਸਤਿੱਤਵ ਵਿਚ ਜੋ ਛੁਪਿਆ ਹੈ, ਉਸ ਦਾ ਨਾਚ ਸ਼ੁਰੂ ਹੋ

ਜਾਂਦਾ ਹੈ। ਉਸ ਨੂੰ ਤੁਸੀਂ ਅੱਖਾਂ ਭਰ ਕੇ ਵੇਖਦੇ ਹੋ। ਕਹਿਣਾ ਠੀਕ ਨਹੀਂ ਕਿ ਵੇਖਦੇ ਹੋ। ਉਸ ਨੂੰ ਤੁਸੀਂ ਅਨੁਭਵ ਕਰਦੇ ਹੋ। ਕਿਉਂਕਿ ਤੁਸੀਂ ਵੀ ਉਹ ਹੀ ਹੋ।

ਤੁਸੀਂ ਉਹ ਹੀ ਅਰਥ ਹੋ ਜੋ ਛੁਪਿਆ ਹੈ ਦਰੱਖ਼ਤਾਂ ਵਿਚ, ਤੁਸੀਂ ਉਹ ਹੀ ਅਰਥ ਹੋ ਜੋ ਲੁਕਿਆ ਹੈ ਪਹਾੜਾਂ ਵਿਚ, ਪਰਬਤਾਂ ਵਿਚ। ਤੁਸੀਂ ਉਹ ਹੀ ਅਰਥ ਹੋ ਜੋ ਵਗਦਾ ਹੈ ਝਰਨਿਆਂ 'ਚ, ਗਾਉਂਦਾ ਹੈ ਪੰਛੀਆਂ 'ਚ। ਤੁਸੀਂ ਉਹ ਹੀ ਅਰਥ ਹੋ ਜਿਸ ਦਾ ਨਾਉਂ ਪਰਮਾਤਮਾ ਹੈ।

ਉਹ ਅਰਥ ਤੁਹਾਥੋਂ ਦੂਰ ਨਹੀਂ ਹੈ। ਤੁਸੀਂ ਉਸ ਦੀ ਕਲਪਣਾ ਨਹੀਂ ਕਰਦੇ। ਤੁਸੀਂ ਉਸ ਦਾ ਸੁਫ਼ਨਾ ਨਹੀਂ ਵੇਖਦੇ। ਤੁਸੀਂ ਉਸ ਨੂੰ ਥੋਪਦੇ ਨਹੀਂ, ਤੁਸੀਂ ਤਾਂ ਮੌਨ ਸ਼ੂਨਯ ਅਤੇ ਸ਼ਾਂਤ ਹੋ ਜਾਂਦੇ ਹੋ—ਉਸ ਸ਼ਾਂਤੀ ਵਿਚ ਜੋ ਹੈ ਉਹ ਪਰਗਟ ਹੁੰਦਾ ਹੈ। ਤੁਸੀਂ ਤਾਂ ਆਪਣੇ ਅੰਦਰ ਬਿਲਕੁਲ ਖ਼ਾਲੀ ਹੋ ਜਾਂਦੇ ਹੋ। ਤੁਸੀਂ ਤਾਂ ਕਹਿੰਦੇ ਹੋ, ਨਾ ਕੁਝ ਕਰਨ ਲਈ ਹੈ, ਨਾ ਕੁਝ ਜਾਨਣ ਲਈ ਹੈ, ਨਾ ਕੁਝ ਲੱਭਣ ਲਈ ਹੈ। ਤਾਂ ਤੁਸੀਂ ਚੁੱਪ ਹੋ ਜਾਂਦੇ ਹੋ, ਮੌਨ ਹੋ ਜਾਂਦੇ ਹੋ। ਉਸੇ ਮੌਨ ਵਿਚ ਅਚਾਨਕ ਇਕ ਗੂੰਜ ਉੱਠਦੀ ਹੈ। ਇਹ ਗੂੰਜ ਤੁਹਾਡੇ ਮਨ ਦੀ ਨਹੀਂ ਹੈ। ਇਕ ਗੀਤ ਪੈਦਾ ਹੁੰਦਾ ਹੈ। ਇਹ ਗੀਤ ਤੁਹਾਡਾ ਬਣਾਇਆ ਹੋਇਆ ਨਹੀਂ ਹੈ। ਤੁਸੀਂ ਪਾਉਂਦੇ ਹੋ ਕਿ ਤੁਸੀਂ ਸ੍ਵੈਂ ਇਸ ਗੀਤ ਦੀ ਇਕ ਲਹਿਰ ਹੋ, ਤੁਸੀਂ ਇਸ ਗੀਤ ਦੀ ਹੀ ਇਕ ਕੜੀ ਹੋ। ਗੀਤ ਤੁਹਾਡੇ ਤੋਂ ਪਹਿਲਾਂ ਵੀ ਚੱਲਦਾ ਸੀ। ਗੀਤ ਤੁਹਾਡੇ ਤੋਂ ਪਿੱਛੋਂ ਵੀ ਚੱਲਦਾ ਰਹੇਗਾ। ਤੁਸੀਂ ਬਸ ਵਿਚਲੀ ਇਕ ਕੜੀ ਹੋ।

ਜਿਸ ਦਿਨ ਅਜਿਹੀ ਪ੍ਰਤੀਤੀ ਹੁੰਦੀ ਹੈ, ਉਸ ਦਿਨ ਹੈ ਮੋਖਸ਼। ਫ਼ਰੀਦ ਦੇ ਸ਼ਬਦਾਂ ਵਿਚ ਕਹੀਏ, ਉਸ ਦਿਨ ਹੈ ਪਿਆਰ ਨਾਲ ਮਿਲਣ। ਉਸ ਤੋਂ ਪਹਿਲਾਂ ਹਨੇਰੇ ਵਿਚ ਟਟੋਲਣਾ ਹੈ।

ਅਤੇ ਇਹ ਦੋ ਦਿਸ਼ਾਵਾਂ ਹਨ। ਹਨੇਰੇ ਵਿਚ ਟਟੋਲਦੇ-ਟਟੋਲਦੇ ਤੁਸੀਂ ਘਬਰਾ ਜਾਓ ਤਾਂ ਮਨ ਦੀਆਂ ਕਲਪਨਾਵਾਂ ਕਰ ਲਓ, ਮਨ ਦੀਆਂ ਕਲਪਨਾਵਾਂ ਵਿਚ ਹੀ ਡੁੱਬੇ ਰਹੋ—ਇਹ ਸੰਸਾਰਿਕ ਵਿਅਕਤੀ ਦੀ ਅਵਸਥਾ ਹੈ।

ਇਸ ਨੂੰ ਮੈਂ ਗ੍ਰਹਿਸਥ ਕਹਿੰਦਾ ਹਾਂ ? ਉਹ ਜਿਹੜਾ ਸੁਫ਼ਨਿਆਂ ਵਿਚ ਡੁੱਬਾ ਹੈ। ਤੁਹਾਡੇ ਘਰ ਦੇ ਕਾਰਨ ਮੈਂ ਤੁਹਾਨੂੰ ਗ੍ਰਹਿਸਥ ਨਹੀਂ ਕਹਿੰਦਾ, ਨਾ ਤੁਹਾਡੀ ਪਤਨੀ ਨਾ ਤੁਹਾਡੇ ਬੱਚਿਆਂ ਦੇ ਕਾਰਨ ਤੁਹਾਨੂੰ ਗ੍ਰਹਿਸਥ ਕਹਿੰਦਾ ਹਾਂ। ਤੁਸੀਂ ਗ੍ਰਹਿਸਥ ਹੋ ਜੇਕਰ ਤੁਸੀਂ ਸੁਫ਼ਨਿਆਂ ਦੇ ਘਰ ਬਣਾਏ ਹਨ। ਤੁਹਾਨੂੰ ਮੈਂ ਸੰਨਿਅੱਸਥ ਕਹਾਂਗਾ ਜੇਕਰ ਤੁਸੀਂ ਸੁਫ਼ਨਿਆਂ ਦੇ ਘਰ ਛੱਡ ਦਿੱਤੇ।

ਜੇਕਰ ਤੁਸੀਂ ਸਚਾਈ ਵਿਚ ਜੀਉਣਾ ਸ਼ੁਰੂ ਹੋ ਗਏ ਤਾਂ ਤੁਹਾਡੇ ਜੀਵਨ ਵਿਚ ਸੰਨਿਆਸ ਦਾ ਪ੍ਰਕਾਸ਼ ਹੋਇਆ। ਤਦ ਕਿਸੇ ਦੀ ਉਡੀਕ ਨਹੀਂ ਕਰਨੀ

ਪੈਂਦੀ। ਜੋ ਘਟਨਾ ਹੈ ਹੁਣੇ ਘਟ ਰਹੀ ਹੈ। ਕਲ੍ਹ ਦੀ ਫਿਰ ਕੋਈ ਜ਼ਰੂਰਤ ਨਹੀਂ ਹੈ। ਜੋ ਹੋ ਰਿਹਾ ਹੈ ਉਹ ਹੁਣੇ ਹੋ ਰਿਹਾ ਹੈ। ਇਸੇ ਘੜੀ ਜੀਵਨ ਦੀ ਮਹਾਂ ਘਟਨਾ ਮੌਜੂਦ ਹੈ। ਇਸੇ ਘੜੀ ਅਸਤਿੱਤਵ ਆਪਣੇ ਸ਼ਿਖ਼ਰ ਉੱਤੇ ਹੈ।

ਕੁਦਰਤ ਸਦਾ ਹੀ ਸ਼ਿਖ਼ਰ ਉੱਤੇ ਹੈ। ਉਸ ਤੋਂ ਹੇਠਾਂ ਕੁਦਰਤ ਹੋਣਾ ਜਾਣਦੀ ਹੀ ਨਹੀਂ। ਇਸੇ ਘੜੀ ਨਾਚ ਚੱਲ ਰਿਹਾ ਹੈ। ਇਸੇ ਘੜੀ ਉਤਸਵ ਹੈ, ਕੱਲ੍ਹ ਨਹੀਂ, ਆਉਣ ਵਾਲੀਆਂ ਘੜੀਆਂ 'ਚ ਨਹੀਂ।

ਸੋ ਇਸ ਨੂੰ ਤੁਸੀਂ ਕਸੌਟੀ ਸਮਝਣਾ। ਜੇਕਰ ਤੁਸੀਂ ਆਉਣ ਵਾਲੀ ਘੜੀ ਲਈ ਜੀ ਰਹੇ ਹੋ ਕਿ ਕੱਲ੍ਹ ਕੁਝ ਹੋਏਗਾ ਤਾਂ ਵੇਟਿੰਗ ਫ਼ਾਰ ਗੋਡੋਡ। ਤਾਂ ਤੁਸੀਂ ਗੋਡੋਡ ਦੀ ਉਡੀਕ ਕਰ ਰਹੇ ਹੋ। ਜਿਸ ਦਾ ਤੁਹਾਨੂੰ ਕੁਝ ਵੀ ਪਤਾ ਨਹੀਂ ਹੈ। ਜੇਕਰ ਤੁਸੀਂ ਹੁਣੇ ਜੀ ਰਹੇ ਹੋ, ਇਸੇ ਛਣ ਜੀ ਰਹੇ ਹੋ, ਤਾਂ ਤੁਸੀਂ ਸਾਰੀ ਉਡੀਕ ਛੱਡ ਦਿੱਤੀ, ਤੁਸੀਂ ਜੀਵਨ ਨੂੰ ਉਪਲਬਧ ਹੋ ਗਏ।

ਇਸ ਜੀਵਨ ਨੂੰ ਹੀ ਪਰਮਾਤਮਾ ਕਿਹਾ ਹੈ। ਉਹ ਇਕ ਸ਼ਬਦ ਹੈ ਪਰਮਾਤਮਾ, ਇਸ ਜੀਵਨ ਦੇ ਵੱਲ ਇਸ਼ਾਰਾ ਹੈ। ਉਹ ਸ਼ਬਦ ਤੁਹਾਨੂੰ ਠੀਕ ਨਾ ਲੱਗੇ—ਕਿਉਂਕਿ ਇਸ ਸਦੀ ਵਿਚ ਉਸ ਸ਼ਬਦ ਦੀ ਸਾਰਥਕਤਾ ਹੌਲੀ-ਹੌਲੀ ਗੁਆਚ ਗਈ ਹੈ। ਤਾਂ ਤੁਸੀਂ ਦੂਜਾ ਸ਼ਬਦ ਚੁਣ ਲੈਣਾ। ਕਹਿਣਾ ਅਸਤਿੱਤਵ, ਕਹਿਣਾ ਜੀਵਨ ਮਹਾਂ-ਜੀਵਨ, ਜਾਂ ਜੋ ਤੁਹਾਨੂੰ ਚੰਗਾ ਲੱਗੇ। ਕਿਸੇ ਸ਼ਬਦ ਉੱਤੇ ਮੇਰਾ ਕੋਈ ਜ਼ੋਰ ਨਹੀਂ ਹੈ, ਕਿਉਂਕਿ ਸ਼ਬਦ ਤਾਂ ਇਸ਼ਾਰੇ ਹਨ। ਕਿਸ ਸ਼ਬਦ ਨਾਲ ਤੁਸੀਂ ਪਰਮਾਤਮਾ ਨੂੰ ਪੁਕਾਰੋਗੇ, ਇਸ ਨਾਲ ਕੀ ਫ਼ਰਕ ਪੈਂਦਾ ਹੈ? ਤੁਸੀਂ ਕੋਈ ਵੀ ਸ਼ਬਦ ਦੇ ਦੇਣਾ।

ਲੇਕਿਨ ਪਰਮਾਤਮਾ ਹੁਣੇ ਅਤੇ ਇੱਥੇ ਹੈ ਅਤੇ ਸੰਸਾਰ ਕਲ੍ਹ ਅਤੇ ਕਿਤੇ ਹੋਰ ਹੈ। ਸੰਸਾਰ ਯਾਨੀ ਭਵਿੱਖ। ਪਰਮਾਤਮਾ ਯਾਨੀ ਵਰਤਮਾਨ।

ਤੁਸੀਂ ਦੋ ਢੰਗਾਂ ਨਾਲ ਜੀ ਸਕਦੇ ਹੋ—ਭਵਿੱਖ ਦੇ ਸਹਾਰੇ ਜਾਂ ਵਰਤਮਾਨ ਵਿਚ। ਵਰਤਮਾਨ ਵਿਚ ਜੋ ਜੀਉਂਦਾ ਹੈ ਉਹ ਸੰਨਿਅੱਸਤ ਹੈ। ਉਹ ਹੀ ਹੈ ਭਗਤ। ਉਹ ਹੀ ਹੈ ਧਾਰਮਿਕ ਭਵਿੱਖ ਵਿਚ ਜੋ ਜੀਉਂਦਾ ਹੈ। ਉਹ ਸੰਸਾਰੀ ਹੈ। ਉਹ ਹੀ ਹੈ ਅਗਿਆਨੀ। ਉਹੀ ਭਟਕਿਆ ਸੁਫ਼ਨਿਆਂ ਵਿਚ, ਤੰਦਰਾਂ ਵਿਚ, ਨਿੰਦ੍ਰਾ ਵਿਚ, ਬੇਹੋਸ਼ੀ ਵਿਚ।

ਫ਼ਰੀਦ ਦੇ ਇਨ੍ਹਾਂ ਆਖ਼ਰੀ ਵਚਨਾਂ ਨੂੰ ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੋ—

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥

ਕਿ ਸਰੋਵਰ ਵਿਚ ਪੰਛੀ ਤਾਂ ਇਕ ਹੈ ਅਤੇ ਫਸਾਉਣ ਵਾਲੇ ਜਾਲ ਪੰਜਾਹ।

ਸਰਵਰ ਪੰਖੀ ਹੇਕੜੋ—ਇਕੱਲਾ ਹੈ ਪੰਛੀ ਅਤੇ ਜਾਲ ਹਨ ਪੰਜਾਹ ਫਸਾਉਣ ਦੇ। ਬਚਣਾ ਮੁਸ਼ਕਿਲ ਮਾਲੂਮ ਹੁੰਦਾ ਹੈ। ਬਚਣਾ ਕਰੀਬ-ਕਰੀਬ ਅਸੰਭਵ ਮਾਲੂਮ ਹੁੰਦਾ ਹੈ।

ਥੋੜ੍ਹਾ ਸੋਚੋ। ਕਿੰਨੇ ਜਾਲ ਹਨ! ਧਨ ਦਾ ਜਾਲ ਹੈ। ਪਦ ਦਾ ਜਾਲ ਹੈ। ਜੱਸ ਦਾ ਜਾਲ ਹੈ, ਕਿੰਨੇ ਜਾਲ ਹਨ—ਵਾਸਨਾਵਾਂ ਦੇ, ਆਸਕਤਿਯਾਂ ਦੇ, ਲੋਭ ਦੇ, ਮੋਹ ਦੇ, ਕ੍ਰੋਧ ਦੇ। ਕਿੰਨੇ ਜਾਲ ਹਨ—ਸਰੀਰ ਦੇ, ਮਨ ਦੇ! ਚੌਹੀਂ ਪਾਸੀਂ ਫਸਾਉਣ ਦੇ ਉਪਾਇ ਹਨ। ਅਤੇ ਪੰਛੀ ਹੈ ਇਕੱਲਾ, ਅਤੇ ਜਾਲ ਹਨ ਪੰਜਾਹ। ਇਕ ਤੋਂ ਬਚੋ, ਦੂਜੇ ਵਿਚ ਉਲਝਣਾ ਹੋ ਜਾਂਦਾ ਹੈ। ਇਧਰ ਬਚ ਨਹੀਂ ਪਾਉਂਦੇ ਖਾਈ ਤੋਂ ਕਿ ਖੂਹ 'ਚ ਡਿੱਗਣਾ ਪੈ ਜਾਂਦਾ ਹੈ। ਇਸ ਲਈ ਜੋ ਬਹੁਤ ਸਜਗ ਹੈ ਉਹ ਹੀ ਬਚ ਪਾਏਗਾ।

ਬਚ ਉਹ ਹੀ ਪਾਏਗਾ ਜਿਹੜਾ ਕਿ ਜਾਲ ਤੋਂ ਨਹੀਂ ਬਚ ਰਿਹਾ, ਸਗੋਂ ਜਿਹੜਾ ਜਾਲ ਦੇ ਰਹੱਸਯ ਨੂੰ ਸਮਝ ਗਿਆ, ਉਸ ਤੋਂ ਬਚ ਰਿਹਾ ਹੈ। ਇਕ ਜਾਲ ਤੋਂ ਬਚਣ ਵਿਚ ਕੋਈ ਕਠਿਨਾਈ ਨਹੀਂ ਹੈ, ਤੁਸੀਂ ਬਚ ਸਕਦੇ ਹੋ।

ਸਮਝੋ, ਤੁਹਾਡੇ ਜੀਵਨ ਵਿਚ ਕਾਮਵਾਸਨਾ ਹੈ। ਵੱਡਾ ਜਾਲ ਹੈ। ਵੱਡੇ ਤੋਂ ਵੱਡਾ ਜਾਲ ਹੈ। ਬਹੁਤ ਤੇਜ਼ ਉਸ ਦਾ ਵੇਗ ਹੈ। ਸੁਭਾਵਿਕ ਹੈ, ਕਿਉਂਕਿ ਕਾਮਵਾਸਨਾ ਤੋਂ ਹੀ ਮਨੁੱਖ ਪੈਦਾ ਹੁੰਦਾ ਹੈ। ਸਰੀਰ ਕਾ ਕਣ-ਕਣ ਕਾਮਵਾਸਨਾ ਨਾਲ ਹੀ ਨਿਰਮਿਤ ਹੁੰਦਾ ਹੈ। ਮਾਂ ਦੇ ਢਿੱਡ ਵਿਚ ਤੁਹਾਡਾ ਜਿਹੜਾ ਪਹਿਲਾ ਅਣੂ ਸੀ, ਉਹ ਤੁਹਾਡੇ ਪਿਤਾ ਅਤੇ ਤੁਹਾਡੀ ਮਾਂ ਦੀ ਵਾਸਨਾ ਦੇ ਦੋ ਅਣੂਆਂ ਦਾ ਮੇਲ ਸੀ। ਫਿਰ ਉਸੇ ਦਾ ਵਿਸਤਾਰ ਹੋ ਕੇ ਤੁਹਾਡਾ ਪੂਰਾ ਸਰੀਰ ਬਣਿਆ, ਤੁਹਾਡਾ ਪੂਰਾ ਮਨ ਬਣਿਆ, ਤੁਸੀਂ ਬਣੇ। ਤੁਹਾਡੇ ਰੋਮ-ਰੋਮ ਵਿਚ ਵਾਸਨਾ ਹੈ। ਸੁਭਾਵਿਕ ਹੈ। ਉਸ ਦਾ ਵੇਗ ਇੰਨਾ ਹੈ, ਤੁਸੀਂ ਲੱਖ ਕਸਮਾਂ ਖਾਓ, ਵਰਤ ਨਿਯਮ, ਸੰਯਮ ਬਣਾਓ, ਟੁੱਟ-ਟੁੱਟ ਜਾਂਦੇ ਹਨ। ਪਛਤਾਓ ਕਿੰਨੇ ਹੀ, ਫਿਰ-ਫਿਰ ਉਲਝ ਜਾਂਦੇ ਹੋ। ਪਰ ਜੇਕਰ ਤੁਸੀਂ ਜ਼ਬਰਦਸਤੀ ਕਰੋ ਤਾਂ ਬਚ ਸਕਦੇ ਹੋ।

ਫਿਰ ਬਹੁਤ ਸਾਰੇ ਸੰਨਿਆਸੀ ਸਾਧੂ, ਭਿਕਸ਼ੂ ਜ਼ਬਰਦਸਤੀ ਆਪਣੇ ਆਪ ਨੂੰ ਰੋਕ ਲੈਂਦੇ ਹਨ। ਤੁਸੀਂ ਚਾਹੋ ਤਾਂ ਰੋਕ ਸਕਦੇ ਹੋ ਜ਼ਬਰਦਸਤੀ, ਕਿਉਂਕਿ ਕਾਮਵਾਸਨਾ ਕੁਝ ਅਜਿਹੀ ਵਾਸਨਾ ਨਹੀਂ ਹੈ ਕਿ ਉਸ ਨਾਲ ਜੀਵਨ ਸੰਕਟ ਵਿਚ ਪੈ ਜਾਏ। ਜੇਕਰ ਤੁਸੀਂ ਭੁੱਖ ਨੂੰ ਜ਼ਬਰਦਸਤੀ ਰੋਕੋਗੇ ਤਾਂ ਜ਼ਿਆਦਾ ਤੋਂ ਜ਼ਿਆਦਾ ਤਿੰਨ ਮਹੀਨੇ ਜੀਉਂਦੇ ਰਹਿ ਸਕੋਗੇ। ਜੇਕਰ ਤ੍ਰੇਹ ਨੂੰ ਜ਼ਕਰਦਸਤੀ ਰੋਕੋ ਤਾਂ ਦੋ-ਚਾਰ ਦਿਨ ਵੀ ਜੀਉਂਦੇ ਰਹਿਣਾ ਮੁਸ਼ਕਿਲ ਹੋ ਜਾਏਗਾ। ਜੇਕਰ

ਸਾਹ ਨੂੰ ਜ਼ਬਰਦਸਤੀ ਰੋਕੋ ਤਾ ਘੜੀ ਭਰ ਵੀ ਜੀਉਣਾ ਮੁਸ਼ਕਿਲ ਹੋ ਜਾਏਗਾ। ਲੇਕਿਨ ਕਾਮਵਾਸਨਾ ਨੂੰ ਤੁਸੀਂ ਜ਼ਬਰਦਸਤੀ ਰੋਕੋ ਤਾਂ ਪੂਰੀ ਜ਼ਿੰਦਗੀ ਤੁਸੀਂ ਮਜ਼ੇ ਨਾਲ ਜੀ ਲਵੋਗੇ। ਕੋਈ ਫ਼ਰਕ ਨਹੀਂ ਪਏਗਾ। ਤੁਸੀਂ ਮਰ ਨਹੀਂ ਜਾਉਗੇ।

ਇਸ ਲਈ ਕਾਮਵਾਸਨਾ ਨੂੰ ਰੋਕਣ ਦੀ ਕੋਸ਼ਿਸ਼ ਲੋਕਾਂ ਨੂੰ ਬਹੁਤ ਆਕ੍ਰਸ਼ਿਤ (ਖਿਚਾਵ) ਕਰਦੀ ਹੈ। ਭੁੱਖ ਨੂੰ ਰੋਕੋ ਤਾਂ ਅੜਚਨ ਹੈ, ਮੌਤ ਖਲੋਤੀ ਹੈ। ਤ੍ਰੇਹ ਨੂੰ ਰੋਕੋ ਤਾਂ ਅੜਚਨ ਹੈ, ਮੌਤ ਖਲੋਤੀ ਹੈ। ਸਾਹ ਨੂੰ ਰੋਕੋ ਤਾਂ ਹੁਣੇ ਮਰੇ, ਕਲ੍ਹ ਦੀ ਗੱਲ ਹੀ ਨਹੀਂ ਹੈ। ਕਾਮਵਾਸਨਾ ਨੂੰ ਰੋਕਣਾ ਆਸਾਨ ਮਾਲੂਮ ਹੁੰਦਾ ਹੈ। ਰੋਕੀ ਰਹੋ, ਤੁਸੀਂ ਮਰ ਨਹੀਂ ਜਾਉਗੇ, ਕਿਉਂਕਿ ਕਾਮਵਸਾਨਾ ਦਾ ਤੁਹਾਡੇ ਜੀਵਨ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ। ਕਾਮਵਾਸਨਾ ਨਾਲ ਤੁਹਾਡੇ ਬੱਚਿਆਂ ਦੇ ਜੀਵਨ ਦਾ ਸੰਬੰਧ ਹੈ, ਤੁਹਾਡੇ ਜੀਵਨ ਦਾ ਸੰਬੰਧ ਨਹੀਂ ਹੈ। ਤੁਹਾਡਾ ਜੀਵਨ ਤਾਂ ਤੁਹਾਡੇ ਮਾਤਾ-ਪਿਤਾ ਦੀ ਵਾਸਨਾ ਨਾਲ ਸ਼ੁਰੂ ਹੋ ਗਿਆ। ਹੁਣ ਕੋਈ ਅੜਚਨ ਨਹੀਂ ਹੈ, ਹੁਣ ਤਾਂ ਤੁਸੀਂ ਯਾਤ੍ਰਾ ਪੂਰੀ ਕਰੋਗੇ।

ਸੋ ਕਾਮਵਾਸਨਾ ਨੂੰ ਲੋਕ ਰੋਕ ਲੈਂਦੇ ਹਨ। ਕਾਮਵਾਸਨਾ ਦੇ ਰੁਕਦੇ ਹੀ ਦੂਜਾ ਜਾਲ ਸ਼ੁਰੂ ਹੋ ਜਾਂਦਾ ਹੈ। ਜਿਨ੍ਹਾਂ ਜਿਨ੍ਹਾਂ ਨੇ ਕਾਮਵਾਸਨਾ ਨੂੰ ਰੋਕਿਆ, ਤੁਸੀਂ ਪਾਉਗੇ ਉਨ੍ਹਾਂ ਦੇ ਜੀਵਨ ਵਿਚ ਕ੍ਰੋਧ ਬਹੁਤ ਜ਼ਿਆਦਾ ਹੋ ਜਾਏਗਾ। ਇਧਰ ਰੋਕਿਆ ਕਾਮ, ਉਧਰ ਕ੍ਰੋਧ ਦਾ ਜਾਲ ਉਲਝਿਆ। ਇਸ ਲਈ ਸਾਧੂ ਸੰਨਿਆਸੀਆਂ ਨੂੰ ਤੁਸੀਂ ਕ੍ਰੋਧੀ ਜ਼ਿਆਦਾ ਪਾਉਗੇ। ਤੁਹਾਨੂੰ ਰਿਸ਼ੀ-ਮੁਨੀਆਂ ਦੀਆਂ ਕਥਾਵਾਂ ਮਿਲ ਜਾਣਗੀਆਂ ਜਿਹੜੇ ਸਰਾਪ ਦੇਣ ਲਈ ਤਿਆਰ ਹੀ ਬੈਠੇ ਹਨ, ਜ਼ਰਾ ਕੁ ਜਿੰਨੀ ਭੁੱਲ ਹੋ ਜਾਏ ਅਤੇ ਸਰਾਪ ਦੇ ਦੇਣਗੇ, ਅਤੇ ਇਹ ਜਨਮ ਹੀ ਨਹੀਂ ਵਿਗਾੜਨਗੇ, ਅਗਲੇ ਜਨਮ ਵੀ ਵਿਗਾੜ ਦੇਣਗੇ।

ਤੁਸੀਂ ਕਦੇ ਸੋਚਿਆ ਕਿ ਰਿਸ਼ੀ-ਮੁਨੀਆਂ ਨਾਲ ਅਜਿਹੀਆਂ ਕਥਾਵਾਂ ਕਿਉਂ ਜੁੜੀਆਂ ਹਨ? ਰਿਸ਼ੀ-ਮੁਨੀਆਂ ਦੇ ਜੀਵਨ ਵਿਚ ਤਾਂ ਸਰਾਪ ਹੋਣਾ ਹੀ ਨਹੀਂ ਚਾਹੀਦਾ। ਉਸ ਦੀ ਤਾਂ ਵਾਣੀ ਉੱਤੇ ਸਰਾਪ ਦਾ ਸਵੱਰ ਆਉਣਾ ਹੀ ਨਹੀਂ ਚਾਹੀਦਾ। ਉਸ ਦੇ ਜੀਵਨ ਤੋਂ ਤਾਂ ਸਦਾ ਹੀ ਆਸ਼ੀਰਵਾਦ ਦੇ ਫੁੱਲ ਡਿੱਗਣੇ ਚਾਹੀਦੇ ਹਨ। ਸਰਾਪ ਦੇ ਕੰਡੇ.....।

ਲੇਕਿਨ ਜਿਨ੍ਹਾਂ ਨੇ ਕਹਾਣੀਆਂ ਲਿਖੀਆਂ ਹਨ ਉਨ੍ਹਾਂ ਨੇ ਕਲਪਨਾ ਨਹੀਂ ਲਿਖੀ, ਸਚਾਈ ਲਿਖੀ ਹੈ। ਜਿਨ੍ਹਾਂ ਨੂੰ ਤੁਸੀਂ ਰਿਸ਼ੀ-ਮੁਨੀ ਕਹਿੰਦੇ ਹੋ, ਉਨ੍ਹਾਂ ਵਿਚੋਂ ਸੌ ਵਿਚੋਂ ਨੜਿੰਨਵੇਂ ਨੇ ਕਾਮਵਾਸਨਾ ਨੂੰ ਜ਼ਬਰਦਸਤੀ ਰੋਕ ਲਿਆ ਹੈ। ਸੁਭਾਵਿਤਾ—ਕ੍ਰੋਧ ਵੱਧ ਜਾਏਗਾ, ਕਿਉਂਕਿ ਜੋ ਵੇਗ ਕਾਮ ਤੋਂ ਨਿਕਲਦੇ ਸਨ, ਹੁਣ ਉਹ ਕਿੱਥੋਂ ਦੀ ਨਿਕਲਣਗੇ? ਤੁਸੀਂ ਇਕ ਦਰਵਾਜ਼ਾ ਬੰਦ ਕਰ ਦਿੱਤਾ

ਵੇਗ ਦੇ ਨਿਕਲਣ ਦਾ, ਉਹ ਕਿਸੇ ਹੋਰ ਦੂਜੀ ਜਾਂ ਤੋਂ ਨਿਕਲਣ ਦਾ ਰਾਹ ਲੱਭ ਲਵੇਗਾ। ਝਰਨੇ ਨੂੰ ਤੁਸੀਂ ਰੋਕ ਦਿੱਤਾ, ਝਰਨਾ ਕਿਤੋਂ ਹੋਰ ਫੁੱਟ ਕੇ ਨਿਕਲੇਗਾ। ਤੁਸੀਂ ਬੀਮਾਰੀ ਇਕ ਪਾਸਿਉਂ ਰੋਕੀ, ਬੀਮਾਰੀ ਦੂਜੇ ਪਾਸਿਉਂ ਫੜ ਲਵੇਗੀ।

ਜੇਕਰ ਤੁਸੀਂ ਕ੍ਰੋਧ ਨੂੰ ਵੀ ਰੋਕ ਦਿਉ, ਕ੍ਰੋਧ ਵੀ ਰੋਕਿਆ ਜਾ ਸਕਦਾ ਹੈ। ਥੋੜ੍ਹੀ ਹੀ ਮਿਹਨਤ ਦੀ ਜ਼ਰੂਰਤ ਹੈ ਤਾਂ ਕ੍ਰੋਧ ਵੀ ਰੁਕ ਜਾਏਗਾ। ਤਾਂ ਤੁਸੀਂ ਪਾਉਗੇ, ਕਿਸੇ ਹੋਰ ਥਾਂ ਤੋਂ ਨਿਕਲਣਾ ਸ਼ੁਰੂ ਹੋ ਗਿਆ। ਜੋ ਲੋਕ ਕ੍ਰੋਧ ਨੂੰ ਰੋਕ ਦੇਣਗੇ, ਉਨ੍ਹਾਂ ਦੇ ਜੀਵਨ ਵਿਚ ਲੋਭ ਵਧ ਜਾਏਗਾ, ਭਿਅੰਕਰ ਲੋਭ ਵਧ ਜਾਏਗਾ। ਲੋਭ ਨੂੰ ਰੋਕੋ ਕੁਝ ਹੋਰ ਵਧ ਜਾਏਗਾ।

ਜਾਲ ਹਨ ਪੰਜਾਹ, ਜਾਨ ਹੈ ਇਕ! ਇਕ ਜਾਲ ਤੋਂ ਬਚੇ ਨਹੀਂ ਕਿ ਦੂਜੇ ਜਾਲ 'ਚ ਉਲਝ ਜਾਉਗੇ। ਅਤੇ ਇਕ ਵਾਰੀ ਤਾਂ ਤੁਸੀਂ ਸਮਝੋਗੇ ਕਿ ਇਕ ਜਾਲ ਤੋਂ ਬਚਣ ਦਾ ਉਪਾਇ ਹੀ ਇਹ ਹੈ ਕਿ ਦੂਜੇ ਜਾਲ ਵਿਚ ਉਲਝ ਜਾਓ, ਤਾਂ ਪਹਿਲੇ ਜਾਲ ਤੋਂ ਬਚ ਜਾਉਗੇ। ਖ਼ਾਲੀ ਤਾਂ ਤੁਸੀਂ ਵੀ ਨਹੀਂ ਰਹਿ ਸਕੋਗੇ।

ਸੋ ਜਿਸ ਵਿਅਕਤੀ ਨੂੰ ਜੀਵਨ ਵਿਚ ਕ੍ਰਾਂਤੀ ਹੀ ਲਿਆਉਣੀ ਹੋਵੇ, ਸੱਚਮੁੱਚ ਹੀ ਕ੍ਰਾਂਤੀ ਲਿਆਉਣੀ ਹੋਵੇ, ਉਹ ਇਕ ਜਾਲ ਤੋਂ ਦੂਜੇ ਜਾਲ ਵਿਚ ਨਹੀਂ ਉਲਝਦਾ; ਉਹ ਠਹਿਰ ਕੇ ਸੋਚਦਾ ਹੈ ਕਿ ਸਾਰੇ ਜਾਲਾਂ ਦਾ ਮੂਲ ਆਧਾਰ ਕੀ ਹੈ। ਮੂਲ ਆਧਾਰ ਤੋਂ ਬਚਣ ਦੀ ਫ਼ਿਕਰ ਕਰਨਾ।

ਪੱਤੇ-ਪੱਤੇ ਉੱਤੇ ਨਾ ਜਾਣਾ, ਜੜ੍ਹਾਂ ਵੱਢਣਾ।

ਮਹਾਂਵੀਰ ਕੋਲੋਂ ਕੋਈ ਪੁੱਛਦਾ ਹੈ: ਸਾਧੂ ਕੌਣ? ਤਾਂ ਮਹਾਂਵੀਰ ਕਹਿੰਦੇ ਹਨ: ਅਸੁੱਤਾ—ਜਿਹੜਾ ਸੁੱਤਾ ਹੋਇਆ ਨਹੀਂ ਜਾਗਿਆ ਹੋਇਆ ਹੈ। ਪੁੱਛਦਾ ਹੈ ਕੋਈ: ਅਸਾਧੂ ਕੌਣ? ਤਾਂ ਮਹਾਂਵੀਰ ਕਹਿੰਦੇ ਹਨ; ਸੁੱਤਾ—ਜਿਹੜਾ ਸੁੱਤਾ ਹੋਇਆ ਹੈ। ਮਹਾਂਵੀਰ ਨੇ ਨਾ ਕ੍ਰੋਧ ਦੀ ਗੱਲ ਕਹੀ, ਨਾ ਲੋਭ ਦੀ ਗੱਲ ਕਹੀ, ਨਾ ਕਾਮ ਦੀ, ਜੜ੍ਹ ਦੀ ਗੱਲ ਕਹੀ—ਸੌਣਾ ਅਤੇ ਜਾਗਣਾ: ਹੋਸ਼ ਅਤੇ ਬੇਹੋਸ਼ੀ; ਚੈਤਨਯ ਅਤੇ ਅਚੇਤਨਾ। ਇਹ ਜੜ੍ਹਾਂ ਹਨ।

ਸੋ ਮੰਨਿਆ ਕਿ ਜਾਲ ਪੰਜਾਹ ਹਨ, ਲੇਕਿਨ ਹਰ ਜਾਲ ਦਾ ਬੁਨਿਆਦੀ ਸੂਤਰ ਇਕ ਹੈ।

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥

ਫਸਾਉਣ ਲਈ ਜਾਲ ਪੰਜਾਹ ਲੱਗੇ ਹਨ ਅਤੇ ਸਰੋਵਰ ਵਿਚ ਪੰਛੀ ਇਕੱਲਾ ਹੈ। ਇਕ ਜਾਲ ਤੋਂ ਬਚਣ ਦੀ ਕੋਸ਼ਿਸ਼ ਕਰ ਕੇ ਤੁਸੀਂ ਦੂਜੇ ਜਾਲ ਵਿਚ ਫਸ ਜਾਉਗੇ।

ਇਕ ਮਿੱਤਰ ਹਨ ਮੇਰੇ। ਹਿੰਦੂ ਸੀ, ਇਸਾਈ ਹੋ ਗਏ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਕਾਰਨ ? ਉਨ੍ਹਾਂ ਨੇ ਕਿਹਾ, ਵੇਖ ਲਿਆ ਹਿੰਦੂ ਧਰਮ ਦਾ ਅਸਾਰ ਰੂਪ। ਕੁਝ ਨਹੀਂ ਸਭ ਧੋਖਾਧੜੀ ਹੈ।

ਮੈਂ ਕਿਹਾ : ਇਸੇ ਤਰ੍ਹਾਂ ਹੀ ਜੇਕਰ ਅੱਖ ਖੋਲ੍ਹੀ ਰੱਖੀ ਤਾਂ ਇਸਾਈਅਤ ਵੀ ਧੋਖਾਧੜੀ ਵਿਖਾਈ ਪਏਗੀ। ਤੁਸੀਂ ਇਕ ਜਾਲ 'ਚੋਂ ਬਚ ਗਏ, ਇਹ ਠੀਕ; ਲੇਕਿਨ ਦੂਜੇ ਜਾਲ ਵਿਚ ਫਸ ਗਏ ਫੇਰ।

ਉਨ੍ਹਾਂ ਕਿਹਾ ਕਿ ਨਹੀਂ, ਇਹ ਕਦੇ ਨਹੀਂ ਹੋਏਗਾ। ਮੈਂ ਬਹੁਤ ਸੋਚ-ਸਮਝ ਕੇ ਗਿਆ ਹਾਂ।

ਸਾਲ ਭਰ ਪਹਿਲਾਂ ਮੈਨੂੰ ਮਿਲਣ ਆਏ, ਕਹਿਣ ਲੱਗੇ : ਠੀਕ ਹੀ ਕਿਹਾ ਸੀ। ਇਹ ਤਾਂ ਉਹੀ ਦਾ ਉਹੀ ਜਾਲ ਹੈ। ਨਾਮ ਹੀ ਕੇਵਲ ਵੱਖ ਹੈ। ਮੰਦਿਰ ਨਹੀਂ ਹੈ, ਚਰਚ ਹੈ। ਸ਼ੰਕਰਾਚਾਰੀਆ ਨਹੀਂ ਤਾਂ ਪੋਪ ਹੈ। ਧੋਖਾਧੜੀ ਉਹੀ ਹੈ। ਮਾਲ ਅੰਦਰ ਉਹੀ ਹੈ, ਸਿਰਫ਼ ਡੱਬੇ ਦੇ ਉੱਤੇ ਰੰਗ-ਰੋਗਨ ਦਾ ਫ਼ਰਕ ਹੈ, ਲੇਬਲ ਵੱਖਰੇ-ਵੱਖਰੇ ਹਨ। ਮੈਂ ਤਾਂ ਫਸ ਗਿਆ, ਹੁਣ ਤੁਸੀਂ ਹੀ ਦੱਸੋ ਕਿ ਮੈਂ ਕਿਹੜੇ ਧਰਮ ਵਿਚ ਸ਼ਾਮਿਲ ਹੋ ਜਾਵਾਂ ?

ਮੈਂ ਕਿਹਾ : ਮੈਂ ਤੁਹਾਡੇ ਕਿਸੇ ਹੋਰ ਜਾਲ ਵਿਚ ਫਸਣ ਦੀ ਸਹਾਇਤਾ ਨਹੀਂ ਕਰਾਂਗਾ। ਤੁਸੀਂ ਜਾਗਦੇ ਕਿਉਂ ਨਹੀਂ ? ਹੁਣ ਤੁਹਾਨੂੰ ਮੁਸਲਮਾਨ ਹੋਣਾ ਕਿ ਤੁਹਾਨੂੰ ਜੈਨ ਹੋਣਾ ਹੈ ਕਿ ਬੋਧ ਹੋਣਾ ਹੈ—ਕੀ ਹੋਣਾ ਹੈ ?

ਉਨ੍ਹਾਂ ਨੇ ਕਿਹਾ : ਜੋ ਵੀ ਤੁਸੀਂ ਆਖੋ।

ਮੈਂ ਕਿਹਾ : ਮੈਂ ਕੁਝ ਵੀ ਨਹੀਂ ਕਹਾਂਗਾ। ਮੈਂ ਤੁਹਾਨੂੰ ਪੁੱਛਦਾ ਹਾਂ : ਤੁਸੀਂ ਇਹ ਕਿਉਂ ਨਹੀਂ ਵੇਖਦੇ ਕਿ ਸਾਰੇ ਸੰਪਰਦਾਏ ਜਾਲ ਹਨ ? ਤੁਸੀਂ ਅਜਿਹਾ ਕਿਉਂ ਨਹੀਂ ਵੇਖਦੇ ਕਿ ਧਰਮ ਦਾ ਸੰਗਠਨ ਨਾਲ ਕੋਈ ਸੰਬੰਧ ਨਹੀਂ ਹੈ ?

ਧਰਮ ਨਿੱਜੀ ਹੈ ਅਤੇ ਵਿਅਕਤੀਗਤ ਹੈ। ਧਰਮ ਦਾ ਭੀੜ ਨਾਲ ਕੀ ਲੈਣਾ-ਦੇਣਾ ਹੈ ? ਭੀੜ ਕਦੇ ਵੀ ਸਮਾਧਿਸਥ ਹੋਈ ਹੈ ਕਿ ਭੀੜ ਕਦੇ ਸਵਰਗ ਗਈ ਹੈ, ਕਿ ਭੀੜ ਨੇ ਕਦੇ ਮੋਖਸ਼ ਦੇ ਦੁਆਰ ਉੱਤੇ ਦਸਤਕ ਦਿੱਤੀ ਹੈ ? ਜਦ ਵੀ ਕੋਈ ਗਿਆ ਇਕੱਲਾ ਗਿਆ ਹੈ। ਇਹ ਇੱਛਾ ਕਿ ਮੈਂ ਕਿਸੇ ਭੀੜ ਦਾ ਹਿੱਸਾ ਹੋ ਜਾਵਾਂ, ਕਿਸੇ ਸਮੂਹ ਸੰਗਠਨ ਦਾ ਅੰਗ ਬਣ ਜਾਵਾਂ—ਇਹ ਇੱਛਾ ਬੇਹੋਸ਼ੀ ਹੈ। ਜਾਗਿਆ ਹੋਇਆ ਵਿਅਕਤੀ ਇਕੱਲਾ ਹੈ, ਸੁੱਤੇ ਹੋਏ ਲੋਕਾਂ ਦੀ ਭੀੜ ਹੈ। ਸੁੱਤਾ ਹੋਇਆ ਆਦਮੀ ਸਹਾਰੇ ਮੰਗਦਾ ਹੈ, ਇਕੱਲਾ ਨਹੀਂ ਹੋ ਸਕਦਾ। ਇਕੱਲੇ ਹੋਣ ਨਾਲ ਡਰ ਲੱਗਦਾ ਹੈ। ਜਾਗਿਆ ਹੋਇਆ ਆਦਮੀ ਪਾਉਂਦਾ

ਹੈ ਕਿ ਇਕੱਲਾ ਹੋਣਾ ਸੁਭਾਵ ਹੈ। ਇਕੱਲੇ ਹੋਣ ਤੋਂ ਇਲਾਵਾ ਹੋਰ ਕੋਈ ਉਪਾਇ ਨਹੀਂ ਹੈ।

ਇਸ ਲਈ ਤਾ ਮਹਾਂਵੀਰ ਵਰਗੇ ਜਾਗੇ ਵਿਅਕਤੀ ਨੇ ਕਿਹਾ—ਮੋਖਸ਼ ਨੂੰ ਜੋ ਨਾਮ ਦਿੱਤਾ, ਸਵਰਗ ਨੂੰ, ਪਰਮ ਅਵਸਥਾ ਨੂੰ ਜੋ ਸ਼ਬਦ ਦਿੱਤਾ, ਉਹ ਕੈਵਲਯ ਹੈ ਕਿ ਉੱਥੇ ਪੁੱਜਦੇ-ਪੁੱਜਦੇ ਵਿਅਕਤੀ ਬਿਲਕੁਲ ਇਕੱਲਾ ਹੋ ਜਾਂਦਾ ਹੈ, ਕੇਵਲ ਮਾਤਰ ਅਸਤਿੱਤਵ ਮਾਤ੍ਰ ਬਚਦਾ ਹੈ। ਉਥੇ ਦੋ ਨਹੀਂ ਰਹਿ ਜਾਂਦੇ। ਇਸ ਲਈ ਸ਼ੰਕਰ ਨੇ ਅਦ੍ਵੈਤ ਸ਼ਬਦ ਦੀ ਵਰਤੋਂ ਕੀਤੀ ਹੈ, ਉਥੇ ਇਕ ਹੀ ਬਚਦਾ ਹੈ।

ਕਬੀਰ ਨੇ ਕਿਹਾ—'ਪ੍ਰੇਮ ਗਲੀ ਅਤਿ ਸਾਂਕਰੀ', 'ਤਾਮੇ ਦੋ ਨ ਸਮਾਏ, ਉਥੇ ਦੋ ਨਹੀਂ ਸਮਾਉਂਦੇ। ਜਿੱਥੇ ਦੋ ਨਹੀਂ ਸਮਾਉਂਦੇ, ਉੱਥੇ ਵੀਹ ਕਰੋੜ ਹਿੰਦੂਆਂ ਦੀ ਭੀੜ ਕਿੱਥੇ ਸਮਾਏਗੀ, ਉੱਥੇ ਸੱਠ ਕਰੋੜ ਮੁਸਲਮਾਨ ਕਿੱਥੇ ਸਮਾਉਣਗੇ, ਉੱਥੇ ਸੌ ਕਰੋੜ ਇਸਾਈ ਕਿੱਥੇ ਸਮਾਉਣਗੇ ? ਉਥੇ ਤਾਂ ਇਕ-ਇਕ ਹੀ ਲੰਘਦਾ ਹੈ ਅਤੇ ਯਾਤ੍ਰਾ ਕਰਦਾ ਹੈ। ਉਹ ਗਲੀ ਬਹੁਤ ਭੀੜੀ ਹੈ।

ਮੈਂ ਉਨ੍ਹਾਂ ਨੂੰ ਕਿਹਾ ਕਿ ਹੁਣ ਹੋਰ ਝੰਜਟ ਵਿਚ ਨਾ ਪਓ। ਜ਼ਿੰਦਗੀ ਇਵੇਂ ਵੀ ਅੱਧੀ ਗੁਆ ਦਿੱਤੀ, ਹੁਣ ਤਾਂ ਜਾਗੋ! ਹੁਣ ਹੋਰ ਨਵੇਂ ਜਾਲ ਦੀ ਕੋਸ਼ਿਸ਼ ਕਰ ਰਹੇ ਹੋ।

ਪਰ ਅਜਿਹਾ ਹੀ ਹੁੰਦਾ ਹੈ। ਤੁਸੀਂ ਇਕ ਥਾਂ ਤੋਂ ਛੁਟ ਨਹੀਂ ਪਾਉਂਦੇ ਕਿ ਛੁੱਟਣੇ ਦੀ ਕੋਸ਼ਿਸ਼ ਵਿਚ ਹੀ ਤੁਸੀਂ ਦੂਜੇ ਜਾਲ ਦਾ ਸਹਾਰਾ ਫੜਨ ਲੱਗਦੇ ਹੋ। ਇਸ ਤੋਂ ਪਹਿਲਾਂ ਕਿ ਤੁਸੀਂ ਛੁੱਟੋ, ਤੁਸੀਂ ਨਵੇਂ ਜਾਲ ਵਿਚ ਉਲਝ ਗਏ ਹੁੰਦੇ ਹੋ। ਹੋਸ਼ ਹੀ ਬਚਾਏਗਾ। ਜਾਲ ਬਦਲਣ ਨਾਲ ਕੁਝ ਵੀ ਨਹੀਂ ਹੋਏਗਾ।

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥

ਸਰੋਵਰ ਵਿਚ ਤਾਂ ਪੰਛੀ ਕੇਵਲ ਇਕ ਹੈ ਅਤੇ ਫਸਾਉਣ ਦੇ ਜਾਲ ਪੰਜਾਹ ਹਨ।

'ਇਹ ਸਰੀਰ ਲਹਿਰਾਂ ਵਿਚ ਡੁੱਬ ਰਿਹਾ ਹੈ! ਹੇ ਸੱਚੇ ਮਾਲਿਕ! ਮੈਨੂੰ ਹੁਣ ਇਕ ਤੇਰੀ ਹੀ ਆਸ ਹੈ।'

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥

ਫ਼ਰੀਦ ਜੀ ਕਹਿੰਦੇ ਹਨ—ਇਹ ਸਰੀਰ ਡੁੱਬ ਰਿਹਾ ਹੈ।

ਇਹ ਜ਼ਰਾ ਸੋਚਣ ਵਰਗਾ ਹੈ। ਫ਼ਰੀਦ ਇਹ ਨਹੀਂ ਕਹਿੰਦੇ ਕਿ ਇਹ ਆਤਮਾ ਡੁੱਬ ਰਹੀ ਹੈ। ਫ਼ਰੀਦ ਕਹਿੰਦੇ ਹਨ—ਇਹ ਸਰੀਰ ਡੁੱਬ ਰਿਹਾ ਹੈ। ਇਹ ਜਾਲ ਪੰਜਾਹ ਹਨ, ਪੰਛੀ ਇਕੱਲਾ ਹੈ। ਇਹ ਸਰੀਰ ਡੁੱਬਦਾ ਜਾ ਰਿਹਾ ਹੈ।

ਕੀ ਤੁਸੀਂ ਵੀ ਇਹ ਕਹਿ ਸਕੋਗੇ, ਇਹ ਸਰੀਰ ਡੁੱਬ ਰਿਹਾ ਹੈ? ਜੇਕਰ ਤੁਸੀਂ ਆਪਣੇ ਵੱਲ ਵੇਖੋਗੇ ਤਾਂ ਤੁਸੀਂ ਪਾਉਗੇ ਕਿ ਅਸੀਂ ਤਾਂ ਪੂਰੇ ਹੀ ਡੁੱਬ ਰਹੇ ਹਾਂ। ਸਰੀਰ ਹੀ ਨਹੀਂ ਡੁੱਬ ਰਿਹਾ, ਆਤਮਾ ਵੀ ਡੁੱਬ ਰਹੀ ਹੈ। ਸਰੀਰ ਹੀ ਨਹੀਂ ਡੁੱਬ ਰਿਹਾ, ਚੈਤਨਯ ਵੀ ਡੁੱਬ ਰਿਹਾ ਹੈ, ਜੇਕਰ ਚੈਤਨਯ ਵੀ ਡੁੱਬ ਰਿਹਾ ਹੈ, ਤਦ ਫਿਰ ਬਚਣ ਦਾ ਉਪਾਇ ਬਹੁਤ ਮੁਸ਼ਕਿਲ ਹੈ, ਕਿਉਂਕਿ ਪ੍ਰਾਰਥਨਾ ਵੀ ਕਰੇਗਾ ਕੌਣ, ਪੁਕਾਰੇਗਾ ਵੀ ਕੌਣ? ਉਸ ਪਰਮਾਤਮਾ ਵੱਲ ਹੱਥ ਵੀ ਕੌਣ ਚੁੱਕੇਗਾ?

ਇਹ ਸਰੀਰ ਲਹਿਰਾਂ ਵਿਚ ਡੁੱਬ ਰਿਹਾ ਹੈ। ਫ਼ਰੀਦ ਇਸ ਨੂੰ ਵੇਖ ਰਹੇ ਹਨ ਕਿ ਇਹ ਸਰੀਰ ਲਹਿਰਾਂ 'ਚ ਡੁੱਬ ਰਿਹਾ ਹੈ। ਇਹ ਵੇਖਣਾ ਹੀ ਹੋਸ਼ ਹੈ। ਇਸੇ ਹੋਸ਼ ਨਾਲ ਪ੍ਰਾਰਥਨਾ ਦੇ ਦਰਵਾਜ਼ੇ ਖੁੱਲ੍ਹਦੇ ਹਨ।

ਤੁਸੀਂ ਬੇਹੋਸ਼, ਪ੍ਰਾਰਥਨਾ ਨਹੀਂ ਕਰ ਸਕੋਗੇ। ਹਾਲਾਂਕਿ ਤੁਸੀਂ ਬੇਹੋਸ਼ੀ ਵਿਚ ਕਈ ਵਾਰ ਪ੍ਰਾਰਥਨਾਵਾਂ ਕੀਤੀਆਂ ਹਨ, ਪਰ ਉਨ੍ਹਾਂ ਪ੍ਰਾਰਥਨਾਵਾਂ ਉੱਤੇ ਬੇਹੋਸ਼ੀ ਦਾ ਧੂੰਆਂ ਸੀ ਅਤੇ ਉਹ ਪ੍ਰਾਰਥਨਾਵਾਂ ਤੁਹਾਡੇ ਕੰਠਾਂ (ਗਲਾਂ) ਵਿਚ ਹੀ ਦੱਬੀਆਂ ਰਹਿ ਗਈਆਂ। ਆਕਾਸ਼ ਤੱਕ ਪੁੱਜੀਆਂ ਹੀ ਨਹੀਂ ਹਨ।

ਤੁਹਾਡੀਆਂ ਪ੍ਰਾਰਥਨਾਵਾਂ ਅਜਿਹੀਆਂ ਹਨ ਜਿਵੇਂ ਕਦੇ ਤੁਸੀਂ ਦੁੱਖ-ਸੁਫ਼ਨਾ ਵੇਖਿਆ ਹੋਵੇ, ਨਾਇਟਮੇਅਰ, ਕੀ ਰਾਤ ਤੁਸੀਂ ਅਨੁਭਵ ਕੀਤਾ ਕਿ ਕੋਈ ਤੁਹਾਡੀ ਛਾਤੀ ਉੱਤੇ ਚੜ੍ਹਿਆ ਬੈਠਾ ਹੈ। ਤੁਸੀਂ ਲੱਖ ਉਪਾਇ ਕਰਦੇ ਹੋ, ਤੁਸੀਂ ਹਿੱਲ-ਜੁੱਲ ਨਹੀਂ ਪਾ ਰਹੇ ਹੋ। ਤੁਸੀਂ ਹੱਥ ਚੁੱਕਣਾ ਚਾਹੁੰਦੇ ਹੋ, ਹੱਥ ਨਹੀਂ ਉੱਠਦਾ। ਲਕਵਾ ਮਾਰ ਗਿਆ ਹੈ। ਸੁਫ਼ਨੇ ਵਿਚ ਹੀ! ਤੁਸੀਂ ਚੀਖਣਾ ਚਾਹੁੰਦੇ ਹੋ, ਲੇਕਿਨ ਕੰਠ ਅਵਰੁੱਧ (ਰੁੰਧਿਆ ਹੋਇਆ) ਹੈ, ਆਵਾਜ਼ ਨਹੀਂ ਨਿਕਲਦੀ।

ਤੁਹਾਡੀਆਂ ਪ੍ਰਾਰਥਨਾਵਾਂ ਬੇਹੋਸ਼ੀ ਵਿਚ ਇਸੇ ਤਰ੍ਹਾਂ ਹੀ ਹਨ। ਤੁਸੀਂ ਕੀਤੀਆਂ ਵੀ, ਤਾਂ ਵੀ ਆਵਾਜ਼ ਨਹੀਂ ਨਿਕਲੀ। ਤੁਸੀਂ ਹੱਥ ਜੋੜੇ ਤਾਂ ਵੀ ਸਿਰ ਨਹੀਂ ਝੁਕਿਆ। ਸਰੀਰ ਝੁਕਿਆ। ਪਰ ਤੁਸੀਂ ਬਿਨਾਂ ਝੁਕੇ ਰਹਿ ਗਏ। ਮੰਦਿਰ ਤਕ ਤੁਸੀਂ ਪੁੱਜੇ, ਲੇਕਿਨ ਉਹ ਮੰਦਿਰ ਤੁਹਾਡੇ ਹੀ ਬਣਾਏ ਹੋਏ ਮੰਦਿਰ ਸਨ, ਪਰਮਾਤਮਾ ਦੇ ਮੰਦਿਰ ਦੀ ਤੁਹਾਨੂੰ ਕੋਈ ਝਲਕ ਨਹੀਂ ਮਿਲੀ।

ਸਰੀਰ ਡੁੱਬਦਾ ਹੋਵੇ ਅਤੇ ਤੁਸੀਂ ਵੇਖਣ ਵਾਲੇ ਸਾਖ਼ਸ਼ੀ ਹੋ, ਤਾਂ ਹੀ ਤੁਸੀਂ ਕਹਿ ਸਕੋਗੇ ਕਿ ਹੇ ਸੱਚੇ ਮਾਲਿਕ, ਮੈਨੂੰ ਹੁਣ ਇਕ ਤੇਰੀ ਹੀ ਆਸ ਹੈ।

ਇਹ ਜ਼ਰਾ ਗੌਰ ਨਾਲ ਸਮਝ ਲੈਣ ਦੀ ਗੱਲ ਹੈ। ਸਿਰਫ਼ ਹੋਸ਼ ਨਾਲ ਹੀ ਪ੍ਰਾਰਥਨਾ ਅਸਲੀ ਹੋ ਸਕਦੀ ਹੈ। ਔਰ ਮਜ਼ਾ ਇਹ ਹੈ ਕਿ ਜੇਕਰ ਹੋਸ਼ ਆ ਜਾਏ ਤਾਂ ਪ੍ਰਾਰਥਨਾ ਨਹੀਂ ਵੀ ਕੀਤੀ ਤਾਂ ਵੀ ਸੁਣ ਲਈ ਜਾਏਗੀ। ਜੇਕਰ ਹੋਸ਼ ਨਾ

ਹੋਵੇ ਤਾਂ ਤੁਸੀਂ ਪ੍ਰਾਰਥਨਾ ਜਨਮਾਂ-ਜਨਮਾਂ ਤਕ ਵੀ ਦੋਹਰਾਈ ਹੋਵੇ ਤਾਂ ਵੀ ਨਹੀਂ ਸੁਣੀ ਜਾਏਗੀ। ਹੋਸ਼ ਸੁਣਿਆ ਜਾਂਦਾ ਹੈ। ਪ੍ਰਾਰਥਨਾ ਨਹੀਂ ਸੁਣੀ ਜਾਂਦੀ। ਪ੍ਰਾਰਥਨਾ ਵਿਚ ਕੁਝ ਵੀ ਨਹੀਂ ਹੈ। ਤੁਹਾਡੇ ਹਿਰਦੇ ਵਿਚ ਜਿੱਥੋਂ ਪ੍ਰਾਰਥਨਾ ਆਉਂਦੀ ਹੈ, ਜਾਗਰਣ ਹੋਵੇ, ਜਾਗਰਣ ਦੀ ਸੁਗੰਧ ਹੋਵੇ, ਜਾਗਰਣ ਦੀ ਧੂਫ਼ ਬਲਦੀ ਹੋਵੇ ਤਾਂ ਹੀ ਉਸ ਧੂਫ਼ ਉੱਤੇ ਯਾਤ੍ਰਾ ਕਰਦੀ ਹੈ ਪ੍ਰਾਰਥਨਾ ਅਤੇ ਤਦ ਤਾਂ ਇਕ ਹੀ ਪ੍ਰਾਰਥਨਾ ਰਹਿ ਜਾਂਦੀ ਹੈ, ਹੋਰ ਕੁਝ ਤਾਂ ਕਹਿਣ ਨੂੰ ਰਹਿ ਨਹੀਂ ਜਾਂਦਾ—ਹੇ ਸੱਚੇ ਮਾਲਿਕ, ਮੈਨੂੰ ਹੁਣ ਇਕ ਤੇਰੀ ਹੀ ਆਸ ਹੈ! ਆਪਣੇ ਆਪ ਤਾਂ ਬਹੁਤ ਕਰਕੇ ਵੇਖ ਲਿਆ। ਹਰ ਵਾਰੀ ਪਾਇਆ ਕਿ ਜੋ ਵੀ ਮੈਂ ਕਰਦਾ ਹਾਂ, ਉਹ ਇਕ ਜਾਲ ਤੋਂ ਤਾਂ ਬਚਾ ਦਿੰਦਾ ਹੈ, ਲੇਕਿਨ ਦੂਜੇ ਜਾਲ ਵਿਚ ਉਲਝਾ ਦਿੰਦਾ ਹੈ। ਕਾਮ ਤੋਂ ਬਚਿਆ ਤਾਂ ਕ੍ਰੋਧ ਵਿਚ ਉਲਝ ਗਿਆ। ਸੰਸਾਰ ਤੋਂ ਬਚਿਆ, ਸੰਨਿਆਸ ਵਿਚ ਉਲਝ ਗਿਆ। ਘਰ ਛੱਡ ਕੇ ਭੱਜਿਆ ਤਾਂ ਮੰਦਿਰ ਵਿਚ ਫਸ ਗਿਆ। ਬਾਜ਼ਾਰ ਨੂੰ ਛੱਡ ਕੇ ਜੰਗਲ ਗਿਆ, ਜੰਗਲ ਵਿਚ ਹੀ ਲਿਪਤਤਾ ਹੋ ਗਈ। ਧਨ ਛੱਡਿਆ, ਲੰਗੋਟੀ ਫੜ ਲਈ। ਪਕੜ ਨਾ ਛੁੱਟੀ। ਇਸ ਤਰ੍ਹਾਂ ਭੱਜਦਾ ਰਿਹਾ। ਬਚਦਾ ਰਿਹਾ, ਲੇਕਿਨ ਹਰ ਵਾਰੀ ਅਖ਼ੀਰ ਵਿਚ ਪਾਇਆ ਕਿ ਕੋਈ ਇੰਜਟ ਖੜੀ ਹੋ ਗਈ, ਕਿਉਂਕ ਮੇਰੇ ਅੰਦਰੋਂ ਤਾਂ ਬੇਹੋਸ਼ੀ ਟੁੱਟੀ ਨਹੀਂ, ਤਾਂ ਮੈਂ ਜੋ ਵੀ ਕੀਤਾ, ਉੱਥੇ ਹੀ ਸੰਸਾਰ ਖੜਾ ਹੋ ਗਿਆ।

ਸੰਸਾਰ ਬੇਹੋਸ਼ੀ ਤੋਂ ਪੈਦਾ ਹੁੰਦਾ ਹੈ, ਉਹ ਬੇਹੋਸ਼ੀ ਦੀ ਸੰਤਾਨ ਹੈ। ਤੁਸੀਂ ਬੇਹੋਸ਼ੀ ਵਿਚ ਹੋ, ਤੁਸੀਂ ਜੋ ਵੀ ਕਰੋਗੇ ਉਹ ਸੰਸਾਰ ਹੋਏਗਾ। ਤੁਸੀਂ ਹੋਸ਼ ਨਾਲ ਭਰ ਜਾਓ, ਤੁਸੀਂ ਜੋ ਵੀ ਕਰੋਗੇ, ਉਹ ਧਰਮ ਹੋਏਗਾ। ਧਰਮ ਕਰਨ ਨਾਲ ਕੋਈ ਹੋਸ਼ ਨਾਲ ਨਹੀਂ ਭਰਦਾ, ਜੋਸ਼ ਨਾਲ ਭਰ ਜਾਣ ਨਾਲ ਧਰਮ ਕਰਦਾ ਹੈ। ਸੰਸਾਰ ਛੱਡਣ ਨਾਲ ਕੋਈ ਜਾਗਦਾ ਨਹੀਂ, ਜਾਗਣ ਨਾਲ ਸੰਸਾਰ ਛੁੱਟਦਾ ਹੈ।

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥

ਹੁਣ ਇਕ ਤੇਰੀ ਹੀ ਆਸ ਹੈ, ਆਪਣੇ ਉੱਤੋਂ ਆਸ ਛੱਡਦੇ ਹਾਂ, ਆਪਣੇ ਆਪ ਨੂੰ ਬਚਾ-ਬਚਾ ਕੇ ਵੇਖ ਲਿਆ, ਬਚਾ ਨਹੀਂ ਪਾਏ, ਹੁਣ ਤੂੰ ਹੀ ਬਚਾ।

ਇਹ ਬਹੁਤ ਡੂੰਘਾ ਅਨੁਭਵ ਹੈ ਜੀਵਨ ਦਾ, ਜਿਸ ਨੂੰ ਉਪਲਬਧ ਹੋ ਜਾਂਦਾ ਹੈ ਉਹ ਪ੍ਰੌੜ੍ਹ ਹੋ ਗਿਆ, ਜਦੋਂ ਤਕ ਇਹੋ ਜਿਹਾ ਅਨੁਭਵ ਨਾ ਉਪਲਬਧ ਹੋਵੇ ਤਦ ਤਕ ਸਮਝਣਾ, ਅਜੇ ਬਾਲਪਨ ਚੱਲ ਰਿਹਾ ਹੈ, ਪ੍ਰੌੜ੍ਹਤਾ ਨਹੀਂ ਆਈ। ਬਾਲਪਨ ਦਾ ਮਤਲਬ ਹੀ ਇਹ ਹੈ ਕਿ ਤੁਸੀਂ ਸੋਚਦੇ ਹੋ, ਆਪਣੇ ਕੀਤੇ ਹੋ ਜਾਏਗਾ। ਸਮੱਸਿਆ ਵੱਡੀ ਹੈ, ਤੁਸੀਂ ਬਹੁਤ ਛੋਟੇ ਹੋ, ਸਮੱਸਿਆ ਵਿਰਾਟ ਹੈ, ਤੁਹਾਡੇ ਹੱਥਾਂ ਦੀ ਇੰਨੀ ਪਹੁੰਚ ਨਹੀਂ ਹੈ। ਅੱਖਾਂ ਬਹੁਤ ਨਿੱਕੀਆਂ ਹਨ। ਵੇਖਣ

ਲਈ ਵਿਰਾਟ ਹੈ। ਹੱਥ ਬਹੁਤ ਨਿੱਕੇ ਹਨ, ਫੜਨ ਲਈ ਆਕਾਸ਼ ਹੈ। ਨਹੀਂ, ਇਹ ਪਕੜ ਨਹੀਂ ਹੋ ਪਾਏਗੀ।

ਤੁਸੀਂ ਆਪਣੇ ਵੱਲੋਂ ਕੋਸ਼ਿਸ਼ ਕੀਤੀ ਤਾਂ ਉਹ ਸਾਰੀ ਕੋਸ਼ਿਸ਼ ਤੁਹਾਡਾ ਮੋਹ ਅਤੇ ਹੰਕਾਰ ਹੀ ਹੋਏਗੀ। ਤੁਸੀਂ ਤਪ ਵੀ ਕੀਤਾ ਤਾਂ ਵੀ ਹੰਕਾਰ ਹੀ ਹੋਏਗਾ। ਤੁਸੀਂ ਪੂਜਾ ਵੀ ਕੀਤੀ ਤਾਂ ਵੀ ਹੰਕਾਰ ਹੀ ਹੋਏਗਾ। ਤੁਸੀਂ ਮੰਦਿਰ ਗਏ ਤਾਂ ਵੀ ਇਸ ਲਈ ਜਾਓਗੇ ਕਿ ਉਸ ਨਾਲ ਹੰਕਾਰ ਦੀ ਤ੍ਰਿਪਤੀ ਹੁੰਦੀ ਹੈ—ਲੋਕ ਕਹਿੰਦੇ ਹਨ—ਬਹੁਤ ਧਾਰਮਿਕ ਹੈ।

ਤੁਸੀਂ ਕਦੇ ਖ਼ਿਆਲ ਕੀਤਾ, ਆਪਣੇ ਹੀ ਉੱਤੇ ਕਦੇ ਖ਼ਿਆਲ ਕੀਤਾ ਕਿ ਆਦਮੀ ਕਿਵੇਂ ਖੇਲ ਖੇਲਦਾ ਹੈ? ਤੁਸੀਂ ਮੰਦਿਰ ਵਿਚ ਖੜੇ ਹੋ, ਕੋਈ ਵੇਖਣ ਵਾਲਾ ਨਹੀਂ ਤਾਂ ਪ੍ਰਾਰਥਨਾ ਵਿਚ ਕੁਝ ਮਜ਼ਾ ਨਹੀਂ ਆਉਂਦਾ। ਭੀੜ ਇਕੱਠੀ ਹੈ ਲੋਕ ਵੇਖ ਰਹੇ ਹਨ—ਤੁਹਾਡੇ ਸਵਰ ਇਕਦਮ ਤੇਜ਼ ਹੋ ਜਾਂਦੇ ਹਨ, ਆਰਤੀ ਵਿਚ ਗਤੀ ਆ ਜਾਂਦੀ ਹੈ—ਪੈਰ ਥਿਰਕਣ ਲੱਗਦੇ ਹਨ। ਤੁਸੀਂ ਪਰਮਾਤਮਾ ਲਈ ਨੱਚ ਰਹੇ ਹੋ ਜਾਂ ਇਨ੍ਹਾਂ ਵੇਖਣ ਵਾਲਿਆਂ ਲਈ ਨੱਚ ਰਹੇ ਹੋ?

ਜਦ ਕੋਈ ਵੇਖਣ ਵਾਲਾ ਨਹੀਂ ਹੁੰਦਾ, ਤੁਸੀਂ ਸੰਖੇਪ ਵਿਚ ਪ੍ਰਾਰਥਨਾ ਕਰ ਕੇ ਟੁਰ ਜਾਂਦੇ ਹੋ। ਤੁਸੀਂ ਛੇਤੀ-ਛੇਤੀ ਕਰ ਕਰਾ ਲੈਂਦੇ ਹੋ। ਜਦ ਵੇਖਣ ਵਾਲੇ ਹੁੰਦੇ ਹਨ ਤਾਂ ਪ੍ਰਾਰਥਨਾ ਬਹੁਤ ਲੰਮੀ ਹੋ ਜਾਂਦੀ ਹੈ। ਹੋਰ ਅਜਿਹਾ ਸਮਝੋ ਕਿ ਸਮਰਾਟ ਵੀ ਆਇਆ ਹੋਵੇ ਵੇਖਣ ਤਦ ਤਾਂ ਤੁਹਾਡੀ ਪ੍ਰਾਰਥਨਾ ਵਿਚ ਅਜਿਹੀ ਲਵਲੀਨਤਾ ਲੱਗੇਗੀ, ਅੱਖੀਆਂ 'ਚੋਂ ਅੱਥਰੂ ਝੜਨਗੇ। ਤੁਹਾਨੂੰ ਵੇਖ ਕੇ ਇਸ ਤਰ੍ਹਾਂ ਲੱਗੇਗਾ, ਤੁਸੀਂ ਬਿਲਕੁਲ ਸਮਾਧਿਸਥ ਹੋ ਗਏ ਹੋ।

ਲੇਕਿਨ ਉਹ ਸਭ ਝੂਠ ਹੈ। ਪ੍ਰਾਰਥਨਾ ਵਿਚ ਤੁਹਾਨੂੰ ਕੋਈ ਰਸ ਨਹੀਂ, ਰਸ ਕੁਝ ਹੋਰ ਹੈ—ਰਿਸਪੈਕਟੇਬਿਲਿਟੀ, ਆਦਰ-ਸਨਮਾਨ, ਲੋਕ ਧਾਰਮਿਕ ਸਮਝਦੇ ਹਨ।

ਮੈਂ ਸੁਣਿਆ ਹੈ ਇਕ ਬਿਲਕੁਲ ਬੋਲ਼ਾ ਅਤੇ ਅੰਨ੍ਹਾ ਆਦਮੀ ਰੋਜ਼ ਚਰਚ ਜਾਂਦਾ ਸੀ—ਇਕ ਬੱਚੇ ਦਾ ਸਹਾਰਾ ਲੈ ਕੇ। ਕਿਸੇ ਨੇ ਇਕ ਦਿਨ ਉਸ ਕੋਲੋਂ ਪੁੱਛਿਆ ਕਿ ਤੂੰ ਕਾਹਦੇ ਲਈ ਆਉਂਦਾ ਹੈਂ? ਨਾ ਤਾਂ ਤੈਨੂੰ ਕੁਝ ਵਿਖਾਈ ਪੈਂਦਾ ਹੈ, ਨਾ ਤੈਨੂੰ ਕੁਝ ਸੁਣਾਈ ਦਿੰਦਾ। ਚਰਚ ਵਿਚ ਪਾਦਰੀ ਕੀ ਸਮਝਾਉਂਦਾ ਹੈ, ਉਹ ਤੈਨੂੰ ਸੁਣਦਾ ਨਹੀਂ। ਕਿਹੜੀਆਂ ਪ੍ਰਾਰਥਨਾਵਾਂ ਹੁੰਦੀਆਂ ਹਨ, ਗੀਤ ਗਾਏ ਜਾਂਦੇ ਹਨ, ਉਹ ਤੈਨੂੰ ਸੁਣਾਈ ਨਹੀਂ ਦੇਂਦੇ। ਤੂੰ ਕਿਉਂ ਰੋਜ਼ ਇੰਨਾ ਪ੍ਰੇਸ਼ਾਨ ਹੁੰਦਾ ਹੈਂ?

ਉਸ ਨੇ ਕਿਹਾ—ਇਹ ਸਵਾਲ ਨਹੀਂ ਹੈ। ਇਹ ਸਵਾਲ ਨਹੀਂ ਹੈ ਸੁਣਨ ਅਤੇ ਵੇਖਣ ਦਾ। ਤੁਸੀਂ ਕੀ ਸੋਚਦੇ ਹੋ, ਜਿਨ੍ਹਾਂ ਨੂੰ ਵਿਖਾਈ ਦਿੰਦਾ ਹੈ, ਉਹ ਵੇਖਣ ਆਉਂਦੇ ਹਨ, ਅਤੇ ਜਿਨ੍ਹਾਂ ਨੂੰ ਸੁਣਾਈ ਪੈਂਦਾ ਹੈ, ਉਹ ਸੁਣਨ ਆਉਂਦੇ ਹਨ ? ਕੋਈ ਇਸ ਲਈ ਨਹੀਂ ਆਉਂਦਾ ਵੇਖਣ ਅਤੇ ਸੁਣਣ। ਲੋਕ ਵਿਖਾਉਣ ਆਉਂਦੇ ਹਨ ਕਿ ਵੇਖੋ ਮੈਂ ਚਰਚ ਵਿਚ ਆਇਆ ਹਾਂ, ਮੈਂ ਧਾਰਮਿਕ ਹਾਂ ! ਮੈਂ ਵੀ ਵਿਖਾਉਣ ਹੀ ਆਉਂਦਾ ਹਾਂ। ਵੇਖਣਾ ਕਿਸ ਨੂੰ ਹੈ ? ਅੱਖ ਦਾ ਕੀ ਮਤਲਬ ਹੈ ? ਸੁਨਣਾ ਕਿਸ ਨੂੰ ਹੈ ? ਸੁਣ ਹੀ ਲਿਆ ਹੁੰਦਾ ਤਾਂ ਆਉਣ ਦੀ ਲੋੜ ਕੀ ਰਹਿੰਦੀ ? ਨਹੀਂ, ਮੈਂ ਤਾਂ ਇਹ ਵਿਖਾਉਣਾ ਚਾਹੁੰਦਾ ਹਾਂ ਕਿ ਲੋਕ ਜਾਣ ਲੈਣ ਕਿ ਮੈਂ ਵੀ ਧਾਰਮਿਕ ਹਾਂ, ਤਾਂਕਿ ਪਰਮਾਤਮਾ ਵੀ ਵੇਖ ਲਵੇ ਕਿ ਹਰ ਇਤਵਾਰ ਨੂੰ ਮੌਜੂਦ ਰਿਹਾ ਹਾਂ, ਕਦੇ ਇਕ ਇਤਵਾਰ ਵੀ ਭੁੱਲਿਆ ਨਹੀਂ, ਹਾਲਾਂਕਿ ਅੰਨ੍ਹਾ ਸੀ, ਬੋਲ਼ਾ ਸੀ। ਆਉਣਾ ਮੁਸ਼ਕਿਲ ਸੀ, ਕਠਿਨਾਈ ਸੀ, ਲੇਕਿਨ ਬਰਾਬਰ ਆਇਆ ਹਾਂ।

ਇਹ ਤਾਂ ਇਕ ਦਾਅਵੇਦਾਰੀ ਹੈ।

ਤੁਸੀਂ ਪੁੰਨ ਲਈ ਮੰਦਿਰ ਜਾਂਦੇ ਹੋ। ਮੰਦਿਰ ਜਾਣ ਵਿਚ ਤੁਹਾਨੂੰ ਆਨੰਦ ਨਹੀਂ ਹੈ। ਤਾਂ ਤੁਸੀਂ ਇਕ ਤੋਂ ਬਚੋਗੇ....ਘਰ ਤੋਂ ਬਚੋਗੇ, ਮੰਦਿਰ 'ਚ ਫਸੋਗੇ। ਕਿਉਂਕਿ ਤੁਹਾਡੇ ਹੋਣ ਦਾ ਢੰਗ ਹੀ ਅਜਿਹਾ ਹੈ ਕਿ ਤੁਸੀਂ ਫਸ ਹੀ ਸਕਦੇ ਹੋ ਮੁਕਤ ਨਹੀਂ ਹੋ ਸਕਦੇ। ਬੇਹੋਸ਼ੀ ਵਿਚ ਕਦੇ ਕੋਈ ਮੁਕਤ ਨਹੀਂ ਹੁੰਦਾ।

ਇਹ ਸਰੀਰ ਲਹਿਰਾਂ 'ਚ ਡੁੱਬ ਰਿਹਾ ਹੈ।

ਸਰੀਰ ਨੂੰ ਆਪਣੇ ਤੋਂ ਵੱਖਰਾ ਕਰ ਕੇ ਵੇਖਣਾ ਹੋਸ਼ ਵੱਲ ਪਹਿਲਾ ਕਦਮ ਹੈ। ਇਹ ਸਰੀਰ ਮੈਂ ਨਹੀਂ ਹਾਂ, ਅਜਿਹੀ ਪ੍ਰਤੀਤੀ ਗਹਿਰੀ ਹੋਣ ਲੱਗੇ। ਟੁਰਦੇ ਵੇਲੇ ਵੇਖਣਾ ਕਿ ਸਰੀਰ ਚੱਲ ਰਿਹਾ ਹੈ, ਮੈਂ ਨਹੀਂ। ਭੁੱਖ ਦੇ ਵੇਲੇ ਵੇਖਣਾ, ਸਰੀਰ ਨੂੰ ਭੁੱਖ ਲੱਗੀ ਹੈ, ਮੈਨੂੰ ਨਹੀਂ। ਤ੍ਰੇਹ ਕੰਠ ਨੂੰ ਤੜਫਾਏ ਤਦ ਜਾਨਣਾ ਕਿ ਦੇਹ ਨੂੰ ਬਹੁਤ ਲੋੜ ਹੈ ਪਾਣੀ ਦੀ, ਮੈਨੂੰ ਨਹੀਂ। ਨੀਂਦ ਆਉਣ ਲੱਗੇ ਤਾਂ ਕਹਿਣਾ, ਸਰੀਰ ਵਿਸ਼ਰਾਮ ਚਾਹੁੰਦਾ ਹੈ। ਸਰੀਰ ਸੌਂਵੇਂ, ਸਰੀਰ ਟੁਰੇ, ਸਰੀਰ ਭੁੱਖਾ ਹੋਵੇ, ਤ੍ਰਿਪਤ ਹੋਵੇ—ਤੁਸੀਂ ਜ਼ਰਾ ਦੂਰ ਰਹਿਣਾ, ਤੁਸੀਂ ਜ਼ਰਾ ਫ਼ਾਸਲਾ ਸਾਧਣਾ। ਤੁਸੀਂ ਬਹੁਤ ਨੇੜੇ ਨਾ ਰਹਿਣਾ। ਜਿੰਨੇ ਤੁਸੀਂ ਨੇੜੇ ਰਹੋਗੇ ਸਰੀਰ ਦੇ, ਓਨਾ ਹੀ ਤੁਸੀਂ ਸਰੀਰ ਦੇ ਨਾਲ ਡੁੱਬੋਗੇ। ਜਿੰਨਾ ਇਹ ਅਲਗਾਵ ਇਹ ਫ਼ਾਸਲਾ ਵੱਧਣ ਲੱਗੇ, ਓਨਾ ਹੀ ਤੁਹਾਡੇ ਅੰਦਰ ਸਾਖਸ਼ੀ ਚੈਤਨਯ ਦਾ ਜਨਮ ਹੋਏਗਾ, ਓਨਾ ਹੀ ਤੁਹਾਡਾ ਹੋਸ਼ ਵਧੇਗਾ। ਤਦ ਸਰੀਰ ਬੀਮਾਰ ਪਏਗਾ ਤਾਂ ਤੁਸੀਂ ਜਾਣੋਂਗੇ ਕਿ ਸਰੀਰ ਬੀਮਾਰ ਪਿਆ ਹੈ, ਮੈਂ ਜਾਨਣ ਵਾਲਾ ਹਾਂ। ਤਦ ਹੀ ਇਹ ਮੁਮਕਿਨ ਹੈ ਕਿ ਫ਼ਰੀਦ ਦੀ

ਤਰ੍ਹਾਂ ਤੁਸੀਂ ਵੀ ਕਹਿ ਸਕੋ—ਇਹੁ ਤਨੁ ਲਹਰੀ ਗਡੁ ਥਿਆ—ਇਹ ਸਰੀਰ ਤਾਂ ਡੁੱਬ ਰਿਹਾ ਹੈ ਲਹਿਰਾਂ ਵਿਚ, ਲੇਕਿਨ ਮੈਂ ਵੇਖ ਰਿਹਾ ਹਾਂ। ਅਤੇ ਇਹ ਜੋ ਮੈਂ ਵੇਖ ਰਿਹਾ ਹਾਂ, ਇਹ ਜੋ ਮੈਂ ਸਾਖ਼ਸ਼ੀ ਹਾਂ—ਇਹ ਹੀ ਸਾਖ਼ਸ਼ੀ ਤਾਂ ਪ੍ਰਾਰਥਨਾ ਹੈ।

ਹੇ ਸੱਚੇ ਮਾਲਿਕ, ਮੈਨੂੰ ਹੁਣ ਇਕ ਤੇਰੀ ਹੀ ਆਸ ਹੈ। ਆਪਣੇ ਵੱਲੋਂ ਸਭ ਕੀਤਾ, ਡੁੱਬਣ ਤੋਂ ਇਲਾਵਾ ਕੁਝ ਵੀ ਨਹੀਂ ਪਾਇਆ। ਬਹੁਤ ਨਦੀਆਂ ਵਿਚ ਡੁੱਬੇ, ਬਹੁਤ ਘਾਟਾਂ ਉੱਤੇ ਉਤਰੇ, ਪਰ ਹਰ ਥਾਂ 'ਤੇ ਡੁੱਬਣਾ ਹੀ ਹੋਇਆ। ਅਖ਼ੀਰ 'ਚ ਹੱਥ ਕੁਝ ਨਾ ਲੱਗਿਆ, ਸਿਰਫ਼ ਮੌਤ ਲੱਗੀ। ਅਖ਼ੀਰ 'ਚ ਸਿਵਾਏ ਦੁੱਖ ਦੇ ਹੋਰ ਕੁਝ ਵੀ ਨਹੀਂ ਪਾਇਆ। ਅਸ਼ਾਂਤੀ, ਬੇਚੈਨੀ, ਵਿਸ਼ਾਧ (ਦੁੱਖ, ਤਕਲੀਫ਼)! ਆਪਣੀ ਵੱਲੋਂ ਕਰਕੇ ਉੱਬ ਚੁੱਕੇ, ਕੁਝ ਹੋਰ ਕਰਨ ਲਈ ਨਹੀਂ ਰਿਹਾ। ਹੇ ਸੱਚੇ ਮਾਲਿਕ, ਮੈਨੂੰ ਹੁਣ ਇਕ ਤੇਰੀ ਹੀ ਆਸ ਹੈ।

ਜੋ ਫ਼ਰੀਦ ਦਾ ਵਚਨ ਹੈ, ਉਹ ਅਨੁਵਾਦ ਤੋਂ ਵੀ ਸੁੰਦਰ ਹੈ—ਸੱਚੇ ਤੇਰੀ ਆਸ! ਉਹ ਇੰਨਾ ਹੀ ਕਹਿ ਰਿਹਾ ਹੈ, ਤੂੰ ਸੱਚ ਹੈਂ। ਸੱਚੇ ਤੇਰੀ ਆਸ! ਅਤੇ ਹੁਣ ਸੱਚੇ ਦੀ ਹੀ ਆਸ ਹੈ। ਆਪਣੇ ਤਕ ਰਹਿ ਕੇ ਵੇਖ ਲਿਆ, ਉਹ ਝੂਠੇ ਦੇ ਨਾਲ ਆਸ਼ਾ ਸੀ। ਮੈਂ ਹੀ ਝੂਠਾ ਸੀ, ਸੋ ਉਸ ਦੇ ਨਾਲ ਜਿੰਨੀਆਂ ਆਸਾਂ ਬੰਨ੍ਹੀਆਂ, ਉਹ ਸਭ ਡੁੱਬੀਆਂ। ਮੈਂ ਹੀ ਝੂਠਾ ਸੀ, ਤਾਂ ਉਸ ਬੇੜੀ ਵਿਚ ਜਿੰਨੀਆਂ ਯਾਤ੍ਰਾਵਾਂ ਕੀਤੀਆਂ, ਉਹ ਸਾਰੀਆਂ ਵਿਅਰਥ ਗਈਆਂ, ਉਹ ਕਾਗਜ਼ ਦੀ ਬੇੜੀ ਸੀ। ਉਹ ਹਮੇਸ਼ਾਂ ਮੰਝਧਾਰ ਤਕ ਪੁੱਜਦੇ-ਪੁੱਜਦੇ ਡੁੱਬ ਗਈ, ਗਲ ਗਈ! ਸੱਚੇ ਤੇਰੀ ਆਸ! ਹੁਣ ਤਾਂ ਮੈਂ ਤੇਰੇ ਵੱਲ ਵੇਖਦਾ ਹਾਂ। ਤੂੰ ਸੱਚਾ ਹੈਂ, ਮੈਂ ਝੂਠਾ ਹਾਂ। ਇਹ ਭਗਤ ਦਾ ਭਾਵ ਹੈ। ਮੈਂ ਸੱਚਾ ਹਾਂ, ਤੂੰ ਝੂਠਾ ਹੈਂ—ਇਹ ਸੰਸਾਰਿਕ ਦਾ ਭਾਵ ਹੈ। ਬਸ, ਇੰਨਾ ਕੁ ਜਿੰਨਾ ਫ਼ਰਕ ਹੈ, ਪਰ ਕਿੰਨਾ ਵੱਡਾ ਫ਼ਰਕ ਹੈ!

ਲੋਕ ਮੇਰੇ ਕੋਲ ਆਉਂਦੇ ਹਨ, ਉਹ ਕਹਿੰਦੇ ਹਨ—ਈਸ਼ਵਰ ਕਿੱਥੇ ਹੈ? ਵਿਖਾਈ ਨਹੀਂ ਦਿੰਦਾ।

ਜਿਹੜੇ ਲੋਕ ਈਸ਼ਵਰ ਉੱਤੇ ਵੀ ਸ਼ੱਕ ਕਰਦੇ ਹਨ, ਉਹ ਕਦੇ ਆਪਣੇ ਉੱਤੇ ਸ਼ੱਕ ਨਹੀਂ ਕਰਦੇ ਕਿ ਮੈਂ ਕਿੱਥੇ ਹਾਂ, ਮੈਂ ਕਿੱਥੇ ਵਿਖਾਈ ਪੈਂਦਾ ਹਾਂ? ਨਹੀਂ, ਉਸ 'ਤੇ ਕਦੇ ਸ਼ੱਕ ਨਹੀਂ ਹੁੰਦਾ, ਉਹ ਸੱਚਾ ਹੈ। ਪਰਮਾਤਮਾ ਝੂਠਾ ਹੈ। ਜਦ ਤੀਰ ਬਦਲ ਜਾਂਦਾ ਹੈ—ਸਚਾਈ ਪਰਮਾਤਮਾ ਦੇ ਵੱਲ ਹੋ ਜਾਂਦੀ ਹੈ ਅਤੇ ਝੂਠ ਆਪਣੇ ਵੱਲ ਹੋ ਜਾਂਦਾ ਹੈ—ਤਦ ਭਗਤ ਦਾ ਜਨਮ ਹੁੰਦਾ ਹੈ। ਤਦ ਭਗਤ ਕਹਿੰਦਾ ਹੈ—ਤੂੰ ਸਭ ਤਰਫ਼ ਵਿਖਾਈ ਪੈਂਦਾ ਹੈਂ, ਮੈਂ ਕਿਤੇ ਵਿਖਾਈ ਨਹੀਂ ਦਿੰਦਾ। ਸੱਚੇ ਤੇਰੀ ਆਸ! ਝੂਠਾ ਸੀ ਮੈਂ ਇਸ ਲਈ ਜਾਲਾਂ ਵਿਚ ਉਲਝਿਆ ਮੈਂ ਖ਼ੁਦ

ਹੀ ਝੂਠ ਸੀ। ਜਾਲਾਂ ਨੇ ਉਲਝਾਇਆ, ਇਹ ਕਹਿਣਾ ਠੀਕ ਨਹੀਂ, ਮੈਂ ਝੂਠ ਸੀ, ਇਸ ਲਈ ਉਲਝਿਆ।

ਮੈਂ ਇਕ ਪਿੰਡ ਵਿਚ ਗਿਆ। ਇਕ ਸੰਨਿਆਸੀ ਮੇਰੇ ਪੁੱਜਣ ਤੋਂ ਪਹਿਲਾਂ ਉਸ ਪਿੰਡ ਵਿਚ ਸਨ। ਬੜੀ ਚਰਚਾ ਸੀ। ਉਸ ਸੰਨਿਆਸੀ ਨੇ ਇਕ ਆਦਮੀ ਨੂੰ ਧੋਖਾ ਦੇ ਦਿੱਤਾ। ਧੋਖਾ ਇਹ ਦਿੱਤਾ ਕਿ ਉਸ ਸੰਨਿਆਸੀ ਨੇ ਕਿਹਾ ਕਿ ਮੈਂ ਸੋਨੇ ਨੂੰ ਦੁਗਣਾ ਕਰ ਦਿੰਦਾ ਹਾਂ, ਸੌ ਰੁਪਏ ਦੇ ਨੋਟ ਨੂੰ ਦੋਹਰਾ ਕਰ ਦਿੰਦਾ ਹਾਂ, ਦੋ ਨੋਟ ਕਰ ਦਿੰਦਾ ਹਾਂ ਇਕ ਦੀ ਥਾਂ। ਉਸ ਨੇ ਕਰ ਕੇ ਵੀ ਵਿਖਾਇਆ। ਕੋਈ ਚਾਲਬਾਜ਼ੀ ਕੀਤੀ ਹੋਏਗੀ। ਸੌ ਰੁਪਏ ਦਾ ਨੋਟ, ਉਸ ਨੇ ਦੋ ਕਰ ਕੇ ਵਿਖਾ ਦਿੱਤਾ, ਭਰੋਸਾ ਆ ਗਿਆ। ਸੋ ਸਾਰੇ ਘਰ ਦਾ ਜੋ ਕੁਝ ਵੀ ਸੀ, ਸੋਨਾ, ਚਾਂਦੀ ਸਭ ਇਕੱਠਾ ਕਰ ਦਿੱਤਾ। ਉਸ ਨੂੰ ਡਬਲ ਕਰਨਾ ਹੈ, ਦੋ-ਗੁਣਾਂ ਕਰਨਾ ਹੈ। ਉਸ ਨੇ ਕਿਹਾ, ਸਭ ਰੱਖ ਦਿਓ, ਦੁਗਣਾ ਹੋ ਜਾਵੇਗਾ। ਉਸ ਨੇ ਇਕ ਮਟਕੀ ਵਿਚ ਸਭ ਰਖਵਾ ਲਿਆ। ਅੱਧੀ ਰਾਤ ਤਕ ਉਸ ਨੇ ਮੰਤ੍ਰ-ਤੰਤ੍ਰ ਕੀਤੇ ਅਤੇ ਫਿਰ ਕਿਹਾ ਇਸ ਮਟਕੀ ਨੂੰ ਲੈ ਕੇ ਸ਼ਮਸ਼ਾਨ ਚੱਲਣਾ ਪਏਗਾ। ਨਾਲ ਚੱਲੋ, ਕੋਈ ਡਰ ਦੀ ਗੱਲ ਨਹੀਂ ਹੈ।

ਥੋੜ੍ਹੀ ਘਬਰਾਹਟ ਤਾਂ ਹੋਈ। ਲੇਕਿਨ ਲੋਭੀ ਆਦਮੀ। ਸੋਚਿਆ ਦੁਗਣਾ ਹੋ ਜਾਏਗਾ। ਕੋਈ ਦਸ-ਬਾਰਾਂ ਹਜ਼ਾਰ ਰੁਪਏ ਦਾ ਸੋਨਾ ਸੀ। ਸੋ ਸ਼ਮਸ਼ਾਨ ਜਾਣ ਲਈ ਵੀ ਤਿਆਰ ਹੋ ਗਿਆ। ਫਿਰ ਉਸ ਨੇ ਰਾਹ ਵਿਚ ਸ਼ਮਸ਼ਾਨ ਦੇ ਭੈਅ ਵੀ ਦੱਸੇ ਕਿ ਘਬਰਾਉਣਾ ਨਹੀਂ, ਜੇਕਰ ਕੋਈ ਗਰਦਨ ਫੜ ਲਵੇ, ਘਬਰਾਉਣਾ ਨਹੀਂ, ਜੇਕਰ ਕੋਈ ਅਸਥੀ-ਪਿੰਜਰ ਇਕ-ਦਮ ਖੜਾ ਹੋ ਜਾਏ, ਕਿਉਂਕਿ ਭੂਤ-ਪ੍ਰੇਤ ਆਉਣਗੇ। ਉਹ ਫਸ ਹੀ ਗਿਆ।

ਮਰਘਟ ਦੇ ਬਾਹਰ ਪੁੱਜ ਕੇ ਉਸ ਨੇ ਕਿਹਾ, ਇਸ ਤਰ੍ਹਾਂ ਕਰੋ ਮਹਾਰਾਜ, ਤੁਸੀਂ ਹੀ ਅੰਦਰ ਚਲੇ ਜਾਓ, ਮੈਨੂੰ ਤਾਂ ਬਹੁਤ ਡਰ ਲੱਗ ਰਿਹਾ ਹੈ।

ਉਸ ਨੇ ਕਿਹਾ, ਜੇ ਡਰ ਲੱਗਿਆ ਤਾਂ ਡਬਲ ਤਾਂ ਹੋਏਗਾ ਹੀ ਨਹੀਂ ਸੋਨਾ, ਸਗੋਂ ਸੋਨਾ ਮਿੱਟੀ ਹੋ ਜਾਏਗਾ। ਉਸ ਗ੍ਰਿਹਸਥੀ ਨੇ ਕਿਹਾ ਵੀ ਕਿ ਭਾਈ ਵਾਪਸ ਚਲੇ ਚਲੋ, ਜਿੰਨਾ ਹੈ ਉਨਾ ਹੀ ਰਹਿਣ ਦਿਓ। ਉਸ ਨੇ ਕਿਹਾ : ਵਿਚਕਾਰ ਤਾਂ ਕਦੇ ਹੋ ਹੀ ਨਹੀਂ ਸਕਦਾ ਵਾਪਸ। ਸੋ ਉਹ ਸ਼ਮਸ਼ਾਨ ਤੋਂ ਬਾਹਰ ਰਹਿ ਗਿਆ, ਅਤੇ ਉਹ ਮਰਘਟ ਦੇ ਅੰਦਰ ਗਿਆ ਤਾਂ ਪਰਤਿਆ ਹੀ ਨਹੀਂ, ਉਹ ਮਟਕੀ ਲੈ ਕੇ ਨਦਾਰਦ ਹੋ ਗਿਆ। ਉਨ੍ਹਾਂ ਨੇ ਪੁਲਿਸ ਵਿਚ ਰਿਪੋਰਟ ਕੀਤੀ, ਸਾਰੇ ਪਿੰਡ ਵਿਚ ਸੰਨਿਆਸੀ ਦੀ ਨਿੰਦਾ ਸੀ। ਉਹ ਮੇਰੇ ਕੋਲ ਵੀ ਆਏ। ਦੂਜੇ ਹੀ ਦਿਨ ਮੈਂ ਉਸ ਪਿੰਡ ਪੁੱਜਿਆ ਸੀ, ਰੋਣ ਲੱਗੇ। ਕਹਿਣ ਲੱਗੇ ਕਿ ਇਸ ਤਰ੍ਹਾਂ ਹੋ ਰਿਹਾ

ਹੈ। ਸੰਨਿਆਸ ਦੇ ਨਾਂ ਉੱਤੇ ਅਜਿਹਾ ਧੋਖਾ ਚੱਲ ਰਿਹਾ ਹੈ। ਧਰਮ ਦੇ ਨਾਂ 'ਤੇ ਇਹੋ ਜਿਹੀ ਬੇਈਮਾਨੀ ਚੱਲ ਰਹੀ ਹੈ। ਅਜਿਹੇ ਚਾਲਬਾਜ਼, ਗੁੰਡੇ ਅਤੇ ਬਦਮਾਸ਼ ਧਰਮ ਦੀ ਓਟ ਵਿਚ ਛੁਪੇ ਹਨ।

ਮੈਂ ਉਨ੍ਹਾਂ ਨੂੰ ਕਿਹਾ ਉਸ ਸੰਨਿਆਸੀ ਦੀ ਗੱਲ ਬਾਅਦ ਵਿਚ ਕਰਾਂਗੇ, ਕਿਉਂਕਿ ਉਹ ਤਾਂ ਇਥੇ ਮੌਜੂਦ ਨਹੀਂ। ਤੁਸੀਂ ਵੀ ਕੋਈ ਭਲੇ ਆਦਮੀ ਨਹੀਂ ਹੋ। ਤੁਸੀਂ ਫਸੇ ਹੋ ਆਪਣੀ ਚਾਲਬਾਜ਼ੀ ਨਾਲ। ਤੁਸੀਂ ਦੁਗਣਾ ਕਰਨਾ ਚਾਹੁੰਦੇ ਸੀ ਸੋਨਾ! ਤੁਸੀਂ ਸੋਚਦੇ ਹੋ ਤੁਸੀਂ ਸੱਜਣ ਆਦਮੀ ਹੋ ? ਤੁਸੀਂ ਉਸ ਸੰਨਿਆਸੀ ਦੀ ਸ਼ਰਾਰਤ ਨਾਲ ਨਹੀਂ ਫਸੇ ਹੋ, ਤੁਸੀਂ ਆਪਣੀ ਬੇਈਮਾਨੀ ਨਾਲ ਫਸੇ ਹੋ। ਜੇਕਰ ਤੁਸੀਂ ਈਮਾਨਦਾਰ ਆਦਮੀ ਹੁੰਦੇ ਤਾਂ ਕਹਿੰਦੇ ਸਾਨੂੰ ਕਰਨਾ ਹੀ ਨਹੀਂ ਹੈ, ਸੌ ਦੇ ਦੋ ਨੋਟ ਮੈਨੂੰ ਬਣਾਉਣੇ ਹੀ ਨਹੀਂ ਹਨ, ਕਿਉਂਕਿ ਇਹ ਤਾਂ ਗ਼ੈਰ-ਕਾਨੂੰਨੀ ਹੈ। ਸੰਨਿਆਸੀ ਤਾਂ ਜਦ ਫੜਿਆ ਜਾਏਗਾ, ਫੜਿਆ ਜਾਏਗਾ; ਮੈਨੂੰ ਹੈਰਾਨਗੀ ਹੈ ਸਰਕਾਰ ਨੇ ਤੈਨੂੰ ਕਿਵੇਂ ਛੱਡ ਦਿੱਤਾ ਹੈ। ਤੂੰ ਤਾਂ ਇਸੇ ਵੇਲੇ ਫੜਿਆ ਜਾਣਾ ਚਾਹੀਦਾ ਏਂ, ਤੂੰ ਤਾਂ ਘੱਟੋ-ਘੱਟ ਉਪਲਬਧ ਹੈਂ। ਤੂੰ ਸੌ ਰੁਪਏ ਦੇ ਡਬਲ ਬਣਾਉਣੇ ਚਾਹੇ, ਤੂੰ ਬਾਰ੍ਹਾਂ ਹਜ਼ਾਰ ਦਾ ਸੋਨਾ ਚੌਵੀ ਹਜ਼ਾਰ ਦਾ ਕਰਨਾ ਚਾਹੁੰਦਾ ਸੀ; ਤੂੰ ਹੈਂ ਬੇਈਮਾਨ! ਤੂੰ ਫਸਿਐਂ ਆਪਣੀ ਬੇਈਮਾਨੀ ਨਾਲ।

ਅਰਬ ਵਿਚ ਇਕ ਕਹਾਵਤ ਹੈ ਕਿ ਸੱਚੇ ਆਦਮੀ ਨੂੰ ਧੋਖਾ ਦੇਣਾ ਮੁਸ਼ਕਿਲ ਹੈ। ਮੈਂ ਵੀ ਇਸ ਵਿਚ ਭਰੋਸਾ ਕਰਦਾ ਹਾਂ। ਤੁਸੀਂ ਸੱਚੇ ਆਦਮੀ ਨੂੰ ਧੋਖਾ ਕਿਵੇਂ ਦਿਉਗੇ ? ਕਿਉਂਕਿ ਧੋਖਾ ਦੇਣ ਲਈ ਤੁਸੀਂ ਜੋ ਉਪਾਇ ਕਰਦੇ ਹੋ ਉਹ ਸਿਰਫ਼ ਝੂਠੇ ਆਦਮੀ ਉੱਤੇ ਕੰਮ ਆਉਂਦੇ ਹਨ। ਇਮਾਨਦਾਰ ਆਦਮੀ ਦੇ ਨਾਲ ਬੇਈਮਾਨੀ ਕਰਨੀ ਨਾਮੁਮਕਿਨ ਹੈ। ਹੋਰ ਤੁਸੀਂ ਕਰ ਵੀ ਲਉਗੇ ਬੇਈਮਾਨੀ, ਤਾਂ ਤੁਹਾਨੂੰ ਹੀ ਲੱਗੇਗਾ ਕਿ ਤੁਸੀਂ ਹੀ ਕੀਤੀ ਹੈ। ਇਮਾਨਦਾਰ ਆਦਮੀ ਨੂੰ ਪਤਾ ਵੀ ਨਹੀਂ ਚੱਲੇਗਾ। ਇਮਾਨਦਾਰੀ ਦੀ ਮਹਿਮਾ ਅਜਿਹੀ ਹੈ ਕਿ ਉਸ ਨੂੰ ਬੇਈਮਾਨੀ ਛੂੰਹਦੀ ਹੀ ਨਹੀਂ; ਇਸੇ ਤਰ੍ਹਾਂ ਜਿਵੇਂ ਸੂਰਜ ਨੂੰ ਕਦੇ ਹਨੇਰਾ ਨਹੀਂ ਛੂੰਹਦਾ। ਕੋਈ ਉਪਾਇ ਨਹੀਂ ਹੈ, ਕਿੰਨਾ ਹੀ ਹਨੇਰਾ ਹੋਵੇ ਸੂਰਜ ਨੂੰ ਹਨੇਰਾ ਕਦੇ ਨਹੀਂ ਛੂੰਹਦਾ। ਸੂਰਜ ਨੂੰ ਤਾਂ ਛੱਡ ਦਿਓ, ਨਿੱਕੇ ਜਿਹੇ ਮਿੱਟੀ ਦੇ ਦੀਵੇ ਨੂੰ ਵੀ ਨਹੀਂ ਛੂਹ ਸਕਦਾ। ਜ਼ਰਾ ਕੁ ਜਿੰਨੀ ਲੌਅ ਬਲਦੀ ਹੈ, ਉਸ ਨੂੰ ਵੀ ਨਹੀਂ ਛੂਹ ਪਾਉਂਦਾ।

ਆਦਮੀ ਫਸਦਾ ਹੈ ਆਪਣੇ ਅੰਦਰਲੇ ਝੂਠ ਦੇ ਕਾਰਨ।

ਫ਼ਰੀਦ ਇਹ ਕਹਿ ਰਹੇ ਹਨ ਕਿ ਉਹ ਪੰਜਾਹ ਜਾਲ ਹਨ, ਮੰਨਿਆ, ਪਰ ਅਸਲੀ ਜਾਲ ਤਾਂ ਇਹ ਹੈ ਕਿ ਮੈਂ ਜੋ ਝੂਠਾ ਸੀ ਉਸ ਨੂੰ ਮੈਂ ਸੱਚਾ ਸਮਝਦਾ ਸੀ। ਹੁਣ ਉਹ ਝੂਠ ਟੁੱਟ ਗਿਆ। ਫੱਸ-ਫੱਸ ਕੇ ਮੈਂ ਵੇਖ ਲਿਆ ਕਿ ਕੋਈ ਹੋਰ

ਨਹੀਂ ਸੀ ਫਸਾਉਂਦਾ, ਮੈਂ ਹੀ ਫਸਦਾ ਸੀ। ਸੱਚੇ ਤੇਰੀ ਆਸ! ਹੁਣ ਤੇਰੇ ਉੱਤੇ ਹੀ ਸਭ ਛੱਡਦਾ ਹਾਂ। ਹੁਣ ਤੇਰੀ ਹੀ ਇਕ ਆਸ ਹੈ।

ਹੋਰ ਇਕ ਬਹੁਤ ਮਜ਼ੇ ਦੀ ਗੱਲ, ਤੁਸੀਂ ਸ਼ਾਇਦ ਧਿਆਨ ਦਿੱਤਾ ਹੋਵੇ ਕਿ ਦੁਨੀਆਂ ਵਿਚ ਬੀਮਾਰੀਆਂ ਤਾਂ ਹਜ਼ਾਰਾਂ ਕਿਸਮਾਂ ਦੀਆਂ ਹੁੰਦੀਆਂ ਹਨ। ਲੇਕਿਨ ਤੰਦਰੁਸਤੀ ਇਕ ਹੀ ਤਰ੍ਹਾਂ ਹੀ ਹੁੰਦੀ ਹੈ। ਬੀਮਾਰੀਆਂ ਦੇ ਹਜ਼ਾਰ ਢੰਗ ਹਨ, ਕਰੋੜਾਂ ਢੰਗ ਹਨ। ਬੀਮਾਰੀਆਂ ਦੀ ਕੋਈ ਗਿਣਤੀ ਨਹੀਂ ਹੈ? ਅਸੰਖ ਹਨ। ਲੇਕਿਨ ਤੰਦਰੁਸਤੀ? ਤੰਦਰੁਸਤੀ ਬਸ, ਇਕ ਹੀ ਢੰਗ ਦੀ ਹੁੰਦੀ ਹੈ—ਹਿੰਦੂ ਦੀ ਹੋਵੇ, ਮੁਸਲਮਾਨ ਦੀ ਹੋਵੇ, ਈਸਾਈ ਦੀ ਹੋਵੇ, ਕਾਲੇ ਦੀ ਹੋਵੇ, ਗੋਰੇ ਦੀ ਹੋਵੇ, ਇਸਤ੍ਰੀ ਦੀ ਹੋਵੇ, ਪੁਰਸ਼ ਦੀ ਹੋਵੇ। ਤੰਦਰੁਸਤੀ ਦਾ ਸਵਾਦ ਇਕ ਹੈ।

ਝੂਠ ਅਨੇਕ ਹੁੰਦੇ ਹਨ, ਸਤਯ ਇਕ ਹੈ।

ਸੱਚੇ ਤੇਰੀ ਆਸ!

ਜਦ ਤਕ ਤੁਸੀਂ ਝੂਠ ਵਿਚ ਫਸੇ ਹੋ, ਤੁਸੀਂ ਵੀ ਅੰਦਰ ਅਨੇਕ ਨੂੰ ਪਕੜਿਆ ਹੋਇਆ ਹੈ, ਇਕ ਨੂੰ ਨਹੀਂ ਫੜਿਆ ਤੁਸੀਂ। ਇਕ ਲਈ ਅਨੇਕ ਤੁਹਾਨੂੰ ਫਸਾ ਲੈਂਦੇ ਹਨ। ਅੰਦਰਲੀ ਮਾਇਆ ਹੀ ਬਾਹਰ ਦੀ ਮਾਇਆ ਨਾਲ ਰਲ ਜਾਂਦੀ ਹੈ, ਤੁਸੀਂ ਫਸ ਜਾਂਦੇ ਹੋ। ਅੰਦਰਲਾ ਝੂਠ ਬਾਹਰ ਦੇ ਝੂਠ ਨਾਲ ਰਲ ਜਾਂਦਾ ਹੈ, ਤੁਸੀਂ ਫਸ ਜਾਂਦੇ ਹੋ। ਅੰਦਰਲਾ ਝੂਠ ਨਾ ਰਹਿ ਜਾਏ, ਬੱਸ ਗੱਲ ਸਮਾਪਤ ਹੋ ਗਈ।

ਇਕ ਝੇਨ ਫ਼ਕੀਰ ਰਾਤ ਸੌਣ ਦੇ ਹੀ ਨੇੜੇ ਸੀ ਕਿ ਇਕ ਚੋਰ ਉਸ ਦੇ ਘਰ 'ਚ ਆ ਗਿਆ। ਪਿੰਡ ਤੋਂ ਦੂਰ ਸੀ ਘਰ। ਫ਼ਕੀਰ ਨੂੰ ਬਹੁਤ ਬੇਚੈਨੀ ਹੋਈ ਕਿ ਵਿਚਾਰਾ ਚੋਰ! ਇੰਨੀ ਰਾਤ ਮੱਸਿਆ ਦੀ, ਹਨੇਰੀ ਰਾਤ ਵਿਚ, ਇੰਨੀ ਦੂਰ ਟੁਰ ਕੇ ਆਇਆ ਅਤੇ ਝੌਂਪੜੇ ਵਿਚ ਕੁਝ ਹੈ ਹੀ ਨਹੀਂ। ਸਿਰਫ਼ ਇਕ ਕੰਬਲ ਹੈ, ਜਿਹੜਾ ਉਸ ਨੇ ਖ਼ੁਦ ਹੀ ਉਪਰ ਲਿਆ ਹੋਇਆ ਹੈ। ਸੋ ਉਹ ਚੁੱਪ-ਚਾਪ ਕੰਬਲ ਨੂੰ ਇਕ ਕੋਨੇ ਵਿਚ ਰੱਖ ਕੇ ਹਨੇਰ ਵਿਚ ਸਰਕ ਗਿਆ, ਕਿ ਇਹ ਕੁਝ ਤਾਂ ਲੈ ਜਾਏ; ਨਹੀਂ ਤਾਂ ਇੰਨੀ ਦੂਰ ਆਇਆ ਤੇ ਖ਼ਾਲੀ ਹੱਥ ਜਾਏ! ਅਜਿਹੀ ਸਾਡੀ ਖ਼ੁਸ਼ਕਿਸਮਤੀ ਕਿੱਥੇ ਕਿ ਇਥੇ ਚੋਰ ਆਉਣ। ਚੋਰ ਤਾਂ ਧਨਪਤੀਆਂ ਦੇ ਘਰ ਜਾਂਦੇ ਹਨ। ਪਹਿਲੀ ਵਾਰੀ ਤਾਂ ਤਕਦੀਰ ਖੁੱਲ੍ਹੀ ਕਿ ਚੋਰ ਨੇ ਮੈਨੂੰ ਇਹ ਸਨਮਾਨ ਦਿੱਤਾ, ਅਤੇ ਇਸ ਨੂੰ ਵੀ ਮੈਂ ਅਧੂਰਾ ਅਤੇ ਖ਼ਾਲੀ ਹੱਥ ਭੇਜ ਦਿਆਂ! ਸੋ ਆਪਣੇ ਕੰਬਲ ਨੂੰ ਸਰਕਾ ਕੇ ਇਕ ਕੋਨੇ ਵਿਚ ਹੋ ਗਿਆ। ਚੋਰ ਕੁਝ ਡਰਿਆ ਕਿ ਇਹ ਮਾਮਲਾ ਕੀ ਹੈ। ਉਹ ਹਨੇਰੇ ਵਿਚ ਖਲੋਤਾ ਵੇਖ ਰਿਹਾ ਹੈ। ਅਤੇ ਜਦ ਉਹ ਕੰਬਲ ਨੂੰ ਛੱਡ ਕੇ ਹਟ ਗਿਆ ਇਕ ਪਾਸੇ ਤਾਂ ਉਸ ਨੂੰ ਹੋਰ ਵੀ ਡਰ ਲੱਗਿਆ ਕਿ ਇਹ ਕੋਈ ਫਸਾਉਣ ਦੀ ਤਰਕੀਬ ਤਾਂ ਨਹੀਂ ਹੈ, ਕੀ ਮਾਮਲਾ

ਹੈ ? ਘਰ ਵਿਚ ਕੁਝ ਹੈ ਵੀ ਨਹੀਂ, ਆਦਮੀ ਵੀ ਅਜੀਬ ਹੈ! ਕੁਝ ਵੀ ਨਹੀਂ ਹੈ ਘਰ ਵਿਚ, ਬੱਸ ਇਹ ਕੰਬਲ ਹੀ ਇਕ ਮਾਤਰ ਦਿੱਸਦਾ ਹੈ, ਖ਼ੁਦ ਨੰਗਾ ਮਾਲੂਮ ਹੁੰਦਾ ਹੈ। ਤਾਂ ਉਸ ਨੇ ਨਿਕਲ ਕੇ ਭੱਜਣਾ ਚਾਹਿਆ। ਅਤੇ ਉਸ ਨੇ ਸੋਚਿਆ ਕਿ ਇਸ ਦਾ ਕੰਬਲ ਵੀ ਕਿਸ ਮਤਲਬ ਦਾ ਹੋਏਗਾ, ਹਜ਼ਾਰ ਮੋਰੀਆਂ ਹੋਣਗੀਆਂ, ਸੜਿਆ ਗਲਿਆ ਹੋਏਗਾ! ਜਿਸ ਦੇ ਕੋਲ ਕੁਝ ਨਹੀਂ, ਉਸ ਦੇ ਕੰਬਲ ਦਾ ਵੀ ਕੀ ਭਰੋਸਾ!

ਭੱਜਣ ਨੂੰ ਹੀ ਸੀ ਕਿ ਉਸ ਫ਼ਕੀਰ ਨੇ ਦਰਵਾਜ਼ੇ 'ਤੇ ਆ ਕੇ ਰੋਕ ਲਿਆ ਅਤੇ ਕਿਹਾ ਕਿ ਅਜਿਹੀ ਜ਼ਿਆਦਤੀ ਨਾ ਕਰ, ਇਹ ਕੰਬਲ ਲੈ ਜਾ, ਨਹੀਂ ਤਾਂ ਮੇਰੇ ਮਨ 'ਚ ਸਦਾ ਲਈ ਪੀੜਾ ਰਹਿ ਜਾਏਗੀ ਕਿ ਤੂੰ ਆਇਆ ਵੀ, ਖ਼ਾਲੀ ਹੱਥ ਗਿਆ। ਕੌਣ ਆਉਂਦਾ ਹੈ ਹਨੇਰੀ ਰਾਤ ਵਿਚ ? ਅਤੇ ਸਾਡੇ ਫ਼ਕੀਰਾਂ ਦੇ ਘਰ ਤਾਂ ਕਦੇ ਕੋਈ ਆਉਂਦਾ ਹੀ ਨਹੀਂ, ਤੂੰ ਤਾਂ ਮੈਨੂੰ ਧਨੀ ਹੋਣ ਦਾ ਸਨਮਾਨ ਦਿੱਤਾ। ਹੁਣ ਤੂੰ ਅਜਿਹਾ ਨਾ ਕਰ, ਛੇਤੀ ਵੀ ਨਾ ਕਰ, ਲੈ ਜਾ ਕੰਬਲ, ਨਹੀਂ ਤਾਂ ਮੈਨੂੰ ਬਹੁਤ ਤਕਲੀਫ਼ ਹੋਏਗੀ। ਹੋਰ ਜੇਕਰ ਦੂਜੀ ਵਾਰੀ ਆਵੇਂ ਤਾਂ ਜ਼ਰਾ ਖ਼ਬਰ ਕਰ ਦੇਵੀਂ, ਮੈਂ ਇੰਤਜ਼ਾਮ ਪਹਿਲਾਂ ਤੋਂ ਕਰ ਰੱਖਾਂਗਾ, ਕੁਝ ਮਿਲੇਗਾ ਜ਼ਰੂਰ। ਪਤਾ ਨਾ ਹੋਵੇ ਤਾਂ ਅਸੀਂ ਵੀ ਕੀ ਕਰ ਸਕਦੇ ਹਾਂ ? ਇਸ ਤਰ੍ਹਾਂ ਮਹਿਮਾਨ ਦੇ ਵਾਂਗ ਨਾ ਆਉਣਾ, ਇਕ ਚਿੱਠੀ ਪਾ ਦੇਣਾ।

ਉਹ ਆਦਮੀ ਘਬਰਾ ਗਿਆ ਸੀ। ਘਬਰਾਹਟ ਵਿਚ ਉਸ ਨੇ ਸੋਚਿਆ, ਲੈ ਕੰਬਲ ਅਤੇ ਨਿਕਲ ਚੱਲ, ਇਹ ਆਦਮੀ ਤਾਂ ਆਮ ਆਦਮੀ ਵਰਗਾ ਮਾਲੂਮ ਨਹੀਂ ਹੁੰਦਾ, ਕਿਉਂਕਿ ਜਾਂ ਤਾਂ ਪਾਗ਼ਲ ਹੈ, ਜਾਂ ਕਿਸੇ ਹੋਰ ਲੋਕ ਦਾ ਹੈ। ਜਦ ਉਹ ਕੰਬਲ ਲੈ ਕੇ ਭੱਜਣ ਲੱਗਾ ਤਾਂ ਉਸ ਫ਼ਕੀਰ ਨੇ ਕਿਹਾ ਕਿ ਦੇਖ ਭਾਈ, ਦਰਵਾਜ਼ਾ ਭੇੜ ਦੇਵੀਂ, ਅਤੇ ਧਿਆਨ ਰੱਖੀ ਕਿ ਜਦ ਵੀ ਕਿਸੇ ਦੇ ਘਰ ਜਾਈਏ ਦਰਵਾਜ਼ਾ ਖੋਲ੍ਹੀਏ ਤਾਂ ਭੇੜ ਕੇ ਜਾਣਾ ਚਾਹੀਦਾ।

ਉਸ ਚੋਰ ਨੇ ਵੀ ਸੋਚਿਆ ਕਿ ਕਿਸ ਤਰ੍ਹਾਂ ਦੇ ਆਦਮੀ ਨਾਲ ਪਾਲਾ ਪਿਆ (ਵਾਸਤਾ ਪਿਆ) ਅਤੇ ਜਦ ਉਹ ਦਰਵਾਜ਼ਾ ਭੇੜਨ ਲੱਗਾ ਤਾਂ ਫ਼ਕੀਰ ਨੇ ਕਿਹਾ ਕਿ ਵੇਖ ਧੰਨਵਾਦ ਦੇ ਦੇ, ਪਿੱਛੋਂ ਕੰਮ ਆਏਗਾ। ਮੈਂ ਤੈਨੂੰ ਕੰਬਲ ਦਿੱਤਾ, ਨਾਹੱਕ ਚੋਰ ਕਿਉਂ ਬਣ ਰਿਹਾ ਹੈਂ ? ਧੰਨਵਾਦ ਦੇ ਕੇ, ਗੱਲ ਮੁੱਕ ਗਈ।

ਸੋ ਉਸ ਨੇ ਧੰਨਵਾਦ ਦਿੱਤਾ ਅਤੇ ਭੱਜਿਆ। ਉਹ ਫੜਿਆ ਗਿਆ ਬਾਅਦ ਵਿਚ। ਹੋਰ ਚੋਰੀਆਂ ਫੜੀਆਂ, ਇਹ ਕੰਬਲ ਵੀ ਫੜਿਆ ਗਿਆ। ਮੈਜਿਸਟ੍ਰੇਟ ਨੇ ਉਸ ਫ਼ਕੀਰ ਨੂੰ ਸੱਦਿਆ, ਕਿਉਂਕਿ ਜੇਕਰ ਫ਼ਕੀਰ ਕਹਿ ਦੇਵੇ ਕਿ ਹਾਂ, ਇਹ ਚੋਰੀ ਕਰਨ ਘਰ 'ਚ ਆਇਆ ਸੀ ਤਾਂ ਬੱਸ ਕਾਫ਼ੀ ਹੈ। ਉਸ ਦੇ ਵਚਨ ਦਾ

ਤਾਂ ਭਰੋਸਾ ਸੀ ਮੁਲਕ ਵਿਚ। ਫਿਰ ਕੋਈ ਹੋਰ ਖੁਰਾ-ਖੋਜ ਦੀ ਲੋੜ ਨਹੀਂ, ਇਹ ਪੱਕਾ ਚੋਰ ਹੈ। ਲੇਕਿਨ ਉਸ ਫ਼ਕੀਰ ਨੇ ਕਿਹਾ ਨਹੀਂ, ਇਸ ਨੇ ਚੋਰੀ ਨਹੀਂ ਕੀਤੀ, ਮੈਂ ਭੇਂਟ ਦਿੱਤੀ ਸੀ ਅਤੇ ਇਸ ਨੇ ਭੇਂਟ ਤੋਂ ਬਾਅਦ ਧੰਨਵਾਦ ਵੀ ਦਿੱਤਾ ਸੀ, ਇਸ ਲਈ ਗੱਲ ਖ਼ਤਮ ਹੋ ਗਈ ਸੀ।

ਫ਼ਕੀਰ ਤਾਂ ਅਦਾਲਤ ਤੋਂ ਬਾਹਰ ਨਿਕਲ ਆਇਆ, ਚੋਰ ਨੂੰ ਵੀ ਛੱਡ ਦਿੱਤਾ ਗਿਆ। ਉਸ ਨੇ ਆ ਕੇ ਫ਼ਕੀਰ ਦੇ ਪੈਰ ਫੜ ਲਏ, ਉਸ ਨੇ ਕਿਹਾ ਕਿ ਮੈਨੂੰ ਵੀ ਨਾਲ ਲੈ ਚੱਲੋ। ਹੁਣ ਜਦ ਤਕ ਤੇਰੇ ਵਰਗਾ ਨਾ ਹੋ ਜਾਵਾਂ, ਤਦ ਤਕ ਚੈਨ ਨਹੀਂ ਮਿਲੇਗੀ। ਤੂੰ ਵੀ ਆਦਮੀ ਗ਼ਜ਼ਬ ਦਾ ਹੈਂ। ਤੂੰ ਮੇਰੀ ਇੰਨੀ ਫ਼ਿਕਰ ਕੀਤੀ ਉਸ ਰਾਤ, ਕੰਬਲ ਵੀ ਦਿੱਤਾ ਅਤੇ ਭਵਿੱਖ ਦੀ ਵੀ ਚਿੰਤਾ ਲਈ ਕਿ ਧੰਨਵਾਦ ਵੀ ਮੇਰੇ ਕੋਲੋਂ ਦਿਲਵਾ ਲਿਆ ਕਿ ਮੈਂ ਚੋਰ ਨਾ ਰਹਿ ਜਾਵਾਂ।

ਉਸ ਫ਼ਕੀਰ ਨੇ ਕਿਹਾ—ਜਦ ਤੋਂ ਅਸੀਂ ਸਾਧੂ ਹੋਏ ਤਦ ਤੋਂ ਸਾਡੇ ਲਈ ਕੋਈ ਚੋਰ ਨਹੀਂ ਰਿਹਾ।

ਇਸ ਨੂੰ ਥੋੜ੍ਹਾ ਸੋਚੋ। ਜਦ ਤੁਸੀਂ ਸਾਧੂ ਹੋ ਜਾਓਗੇ ਤਦ ਤੁਹਾਡੇ ਲਈ ਕੋਈ ਚੋਰ ਨਹੀਂ ਰਹਿ ਜਾਏਗਾ। ਅਤੇ ਤੁਹਾਡੇ ਲਈ ਕੋਈ ਚੋਰ ਹੈ, ਤਦ ਤਕ ਜਾਨਣਾ ਕਿ ਅੰਦਰ ਕੋਈ ਚੋਰ ਮੌਜੂਦ ਹੈ। ਚੋਰ ਨਾਲ ਹੀ ਚੋਰ ਦੀ ਪਛਾਣ ਹੁੰਦੀ ਹੈ। ਸਾਧੂ ਨਾਲ ਸਾਧੂ ਦੀ ਪਛਾਣ ਹੁੰਦੀ ਹੈ। ਤੁਸੀਂ ਸਾਧੂ ਹੋ ਤਾਂ ਤੁਸੀਂ ਚੋਰ ਵਿਚ ਵੀ ਸਾਧੂ ਨੂੰ ਵੇਖ ਲਓਗੇ। ਤੁਸੀਂ ਚੋਰ ਹੋ ਤਾਂ ਤੁਸੀਂ ਸਾਧੂ ਵਿਚ ਵੀ ਚੋਰ ਨੂੰ ਵੇਖ ਲਓਗੇ।

ਆਦਮੀ ਫਸਦਾ ਹੈ ਜਾਲ ਦੇ ਕਾਰਨ ਨਹੀਂ, ਅੰਦਰਲੇ ਮੋਹ, ਅੰਦਰਲੀ ਮਾਯਾ, ਅੰਦਰਲੇ ਅਸਤਯ, ਅੰਦਰਲੀ ਬੇਹੋਸ਼ੀ ਦੇ ਕਾਰਨ।

ਹੇ ਸੱਚੇ ਮਾਲਿਕ, ਮੈਨੂੰ ਹੁਣ ਇਕ ਤੇਰੀ ਹੀ ਆਸ ਹੈ! ਉਸ ਝੂਠ ਦਾ ਮੈਂ ਹੁਣ ਸਹਾਰਾ ਛੱਡ ਦਿੱਤਾ, ਹੁਣ ਉਸ ਕਾਗਜ਼ ਦੀ ਬੇੜੀ 'ਤੇ ਯਾਤ੍ਰਾ ਨਹੀਂ ਕਰਦਾ। ਸੱਚੇ ਤੇਰੀ ਆਸ!

ਕਵਣ ਸੁ ਅਖਰੁ ਕਵਣੁ ਗੁਣ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥

ਉਹ ਕਿਹੜਾ ਸ਼ਬਦ ਹੈ ਫ਼ਰੀਦ, ਉਹ ਕਿਹੜਾ ਗੁਣ ਹੈ ਫ਼ਰੀਦ, ਕਿਹੜਾ ਅਨਮੋਲ ਮੰਤਰ ਹੈ, ਕਿਹੜਾ ਭੇਸ, ਮੈਂ ਧਾਰਨ ਕਰਾਂ ਮੇਰੇ ਮਾਲਿਕ ਜਿਸ ਨਾਲ ਕਿ ਮੈਂ ਤੈਨੂੰ ਆਪਣੇ ਵੱਸ 'ਚ ਕਰ ਲਵਾਂ?

ਕਿਹੋ ਜਿਹੇ ਕੱਪੜੇ ਪਾਵਾਂ, ਕਿਹੋ ਜਿਹਾ ਗੁਣ ਧਾਰਨ ਕਰਾਂ, ਕਿਹੜਾ ਮੰਤਰ ਪੜ੍ਹਾਂ ਕਿ ਮੈਂ ਆਪਣੇ ਸਵਾਮੀ ਨੂੰ ਵੱਸ 'ਚ ਕਰ ਲਵਾਂ?

ਹੁਣ ਹੋਰ ਸਭ ਨੂੰ ਵੱਸ ਵਿਚ ਕਰ ਕੇ ਵੇਖ ਲਿਆ, ਭਿਖਾਰੀ ਤੋਂ ਭਿਖਾਰੀ ਅਤੇ ਭਿਖਾਰੀ ਤੋਂ ਭਿਖਾਰੀ ਹੁੰਦਾ ਗਿਆ। ਸਾਮਰਾਜ ਜਿੱਤ ਕੇ ਵੇਖ ਲਿਆ, ਪੂੰਜੀ ਹੱਥ ਨਾ ਆਈ। ਹੁਣ ਤਾਂ ਤੈਨੂੰ, ਮਾਲਿਕ ਨੂੰ ਹੀ ਪਾਉਣਾ ਹੈ, ਹੋਰ ਕੁਝ ਪਾਉਣ ਜਿਹਾ ਨਹੀਂ ਰਿਹਾ।

ਜੀਸਸ ਦਾ ਇਕ ਬਹੁਤ ਪ੍ਰਸਿੱਧ ਵਚਨ ਹੈ। ਇਕ ਆਦਮੀ ਨਿਕੋਡੇਮਸ ਜੀਸਸ ਦੇ ਕੋਲ ਆਇਆ ਅਤੇ ਉਸ ਨੇ ਕਿਹਾ ਕਿ ਮੈਨੂੰ ਅਸੀਸ ਦਿਓ ਕਿ ਮੇਰੇ ਧਨ ਵਿਚ ਵਾਧਾ ਹੋਵੇ। ਮੇਰੀ ਸਮ੍ਰਧੀ ਵਧੇ, ਮੇਰੇ ਸੌਭਾਗਯ ਵਿਚ ਹਜ਼ਾਰ ਗੁਣੀ ਗਤਿ ਹੋਵੇ।

ਜੀਸਸ ਨੇ ਕਿਹਾ—ਸੀਕ ਇਫ਼ ਫਸਟ ਦੀ ਕਿੰਗਡਮ ਆਫ਼ ਗਾਡ, ਦੈਨ ਆਲ ਏਲਸ ਸ਼ੈਲ ਬੀ ਏਡੇਡ ਅਨਟੂ ਯੂ। ਤੂੰ ਸਿਰਫ਼ ਪਰਮਾਤਮਾ ਨੂੰ ਲੱਭ, ਪਰਮਾਤਮਾ ਦੇ ਰਾਜਯ ਨੂੰ ਲੱਭ, ਬਾਕੀ ਸਭ ਆਪਣੇ ਆਪ ਪਿੱਛੇ ਚਲਿਆ ਆਏਗਾ।

ਅਤੇ ਇਸ ਤੋਂ ਉਲਟੀ ਗੱਲ ਵੀ ਧਿਆਨ ਰੱਖਣਾ, ਜਿਸ ਨੇ ਬਾਕੀ ਨੂੰ ਲੱਭਿਆ, ਉਸ ਨੇ ਕਦੇ ਕੁਝ ਨਹੀਂ ਪਾਇਆ, ਬਾਕੀ ਤਾਂ ਗੁਆਇਆ ਹੀ, ਉਸ ਨੇ ਪਰਮਾਤਮਾ ਵੀ ਗੁਆਇਆ। ਜਿਸ ਨੇ ਪਰਮਾਤਮਾ ਨੂੰ ਲੱਭਿਆ, ਉਸ ਨੇ ਪਰਮਾਤਮਾ ਨੂੰ ਤਾਂ ਪਾਇਆ ਹੀ, ਬਾਕੀ ਸਭ ਵੀ ਪਾ ਲਿਆ, ਕਿਉਂਕਿ ਉਸ ਤੋਂ ਬਾਹਰ ਹੋਰ ਕੀ ਹੈ?

ਫ਼ਰੀਦ ਕਹਿੰਦਾ ਹੈ—ਕਿਹੜਾ ਸ਼ਬਦ ਹੈ, ਜਿਹੜਾ ਤੇਰੇ ਕੰਨਾਂ ਲਈ ਮਿੱਠਾ ਹੋਵੇ, ਉਹ ਹੀ ਗਾਵਾਂ, ਉਹ ਹੀ ਗੁਣਗੁਣਾਵਾਂ? ਕਿਹੜਾ ਹੈ ਉਹ ਗੁਣ ਜਿਸ ਨੂੰ ਮੈਂ ਓਢ ਲਵਾਂ, ਤੇ ਤੇਰੇ ਪਿਆਰ ਦੀ ਨਜ਼ਰ ਮੇਰੇ ਵੱਲ ਹੋ ਜਾਏ? ਕਿਹੜਾ ਅਨਮੋਲ ਮੰਤਰ ਹੈ ਜੋ ਕੁੰਜੀ ਬਣ ਜਾਏ ਅਤੇ ਤੇਰੇ ਹਿਰਦੇ ਦੇ ਦੁਆਰ ਮੇਰੇ ਲਈ ਖੁੱਲ੍ਹ ਜਾਣ? ਕਿਹੜਾ ਭੇਸ ਧਾਰਨ ਕਰਾਂ? ਕਿਹੜਾ ਭੇਸ ਤੈਨੂੰ ਪਿਆਰਾ ਹੈ? ਮੈਂ ਉਹ ਹੀ ਭੇਸ ਧਾਰਨ ਕਰਨੇ ਨੂੰ ਰਾਜ਼ੀ ਹਾਂ। ਪਰ ਹੁਣ ਬੱਸ ਤੈਨੂੰ ਹੀ ਵੱਸ ਵਿਚ ਕਰਨ ਦਾ ਖ਼ਿਆਲ ਹੈ। ਹੋਰ ਸਾਰੀ ਦੌੜ, ਨੱਠ-ਭੱਜ ਕੇ ਵੇਖ ਲਈ, ਵਿਅਰਥ ਪਾਈ।

ਕਵਣ ਸੁ ਅਖਰੁ ਕਵਣੁ ਗੁਣ.....॥

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥

'ਦੀਨਤਾ ਉਹ ਸ਼ਬਦ ਹੈ, ਧੀਰਜ ਉਹ ਗੁਣ ਹੈ, ਸ਼ੀਲ ਉਹ ਮੰਤਰ ਹੈ। ਤੂੰ ਇਨ੍ਹਾਂ ਹੀ ਤਿੰਨਾਂ ਦੇ ਭੇਸ ਨੂੰ ਧਾਰਨ ਕਰ ਭੈਣ, ਤੇਰਾ ਸਵਾਮੀ ਤੇਰੇ ਵੱਸ ਵਿਚ ਹੋ ਜਾਏਗਾ।

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

ਇਹ ਤਿੰਨ ਸ਼ਬਦ ਗੌਰ ਨਾਲ ਸਮਝੋ।

ਦੀਨਤਾ ਉਹ ਸ਼ਬਦ ਹੈ।

ਜੀਸਸ ਨੇ ਕਿਹਾ ਹੈ—ਬਲੈਸਿੱਡ ਆਰ ਦਾ ਮੀਕ। ਧੰਨ ਹਨ ਉਹ ਜੋ ਦੀਨ ਹਨ।

ਲਾਉਤਸੁ ਦੇ ਸਾਰੇ ਵਚਨ ਦੀਨਤਾ ਦੀ ਮਹਿਮਾ ਗਾਉਂਦੇ ਹਨ। ਧੰਨ ਹੈ ਉਹ ਜਿਹੜਾ ਸਭ ਤੋਂ ਪਿੱਛੇ ਹੈ, ਕਿਉਂਕਿ ਉਹ ਹੀ ਅੱਗੇ ਹੋ ਜਾਏਗਾ। ਧੰਨ ਹੈ ਉਹ ਜਿਸ ਦੇ ਕੋਲ ਕੁਝ ਵੀ ਨਹੀਂ ਹੈ, ਕਿਉਂਕਿ ਸਾਰਾ ਕੁਝ ਉਸੇ ਦਾ ਹੈ।

ਦੀਨਤਾ ਉਹ ਸ਼ਬਦ ਹੈ।

ਦੀਨਤਾ ਦਾ ਕੀ ਅਰਥ ਹੈ?

ਦੀਨਤਾ ਦਾ ਅਰਥ ਹੈ ਕਿ ਮੇਰੇ ਕੋਲ ਅਜਿਹਾ ਕੁਝ ਵੀ ਨਹੀਂ ਕਿ ਜਿਸ ਦੇ ਕਾਰਨ ਮੈਂ ਆਕੜ ਸਕਾਂ। ਨਾ ਬੁੱਧੀ ਹੈ, ਨਾ ਗਿਆਨ ਹੈ, ਨਾ ਤਪੱਸਿਆ ਹੈ, ਨਾ ਤਿਆਗ ਹੈ—ਮੇਰੇ ਕੋਲ ਅਜਿਹਾ ਕੁਝ ਵੀ ਨਹੀਂ ਕਿ ਜਿਸ ਦੇ ਕਾਰਨ ਮੈਂ ਆਕੜ ਸਕਾਂ।

ਆਕੜ ਹੰਕਾਰ ਹੈ। ਅਤੇ ਹੰਕਾਰ ਲਈ ਸਹਾਰੇ ਚਾਹੀਦੇ ਹਨ। ਧਨ, ਪਦ ਹੋਵੇ ਤਾਂ ਆਕੜ ਹੋ ਸਕਦੀ ਹੈ। ਗਿਆਨ ਹੋਵੇ ਤਾਂ ਆਕੜ ਹੋ ਸਕਦੀ ਹੈ। ਤਿਆਗ ਹੋਵੇ ਤਾਂ ਆਕੜ ਹੋ ਸਕਦੀ ਹੈ। ਅਜਿਹਾ ਕੁਝ ਵੀ ਨਹੀਂ ਮੇਰੇ ਕੋਲ ਕਿ ਮੈਂ ਆਕੜ ਸਕਾਂ! ਮੇਰੇ ਕੋਲ ਅਜਿਹਾ ਕੁਝ ਵੀ ਨਹੀਂ ਹੈ ਜਿਸ ਨਾਲ ਮੈਂ ਕਹਿ ਸਕਾਂ ਕਿ ਮੈਂ ਹਾਂ। ਮੈਂ ਬਿਲਕੁਲ ਖ਼ਾਲੀ ਹਾਂ।

ਧਿਆਨ ਰੱਖਣਾ, ਆਦਮੀ ਦਾ ਮਨ ਇੰਨਾ ਚਲਾਕ ਹੈ ਕਿ ਉਹ ਦੀਨਤਾ ਦੇ ਕਾਰਨ ਵੀ ਆਕੜ ਸਕਦਾ ਹੈ। ਉਹ ਇਹ ਕਹਿ ਸਕਦਾ ਹੈ—ਮੈਂ ਬਿਲਕੁਲ ਦੀਨ ਹਾਂ ਵੇਖੋ, ਮੈਂ ਤੁਹਾਡੇ ਤੋਂ ਬਹੁਤਾ ਦੀਨ ਹਾਂ—ਮੇਰੇ ਤੋਂ ਬਹੁਤਾ ਦੀਨ ਹੋਰ ਕੋਈ ਵੀ ਤਾਂ ਨਹੀਂ! ਫਿਰ ਦੀਨਤਾ ਹੀ ਧੰਨ ਹੋ ਗਈ।

ਮੈਂ ਸੁਣਿਆ ਹੈ, ਚਾਰ ਈਸਾਈ ਫ਼ਕੀਰ ਇਕ ਚੌਰਾਹੇ ਉੱਤੇ ਮਿਲੇ। ਉਨ੍ਹਾਂ ਚੌਹਾਂ ਦੇ ਚਾਰ ਵੱਡੇ ਆਸ਼ਰਮ ਸਨ ਜੰਗਲ ਵਿਚ। ਚਾਰੇ ਪਰਤ ਰਹੇ ਸਨ ਸ਼ਹਿਰ ਤੋਂ ਉਪਦੇਸ਼ ਕਰ ਕੇ, ਰਾਹ ਵਿਚ ਮਿਲਣਾ ਹੋ ਗਿਆ। ਵਿਸ਼ਰਾਮ ਕਰ ਰਹੇ ਸਨ ਦਰੱਖਤ ਦੇ ਹੇਠਾਂ ਬੈਠ ਕੇ। ਪਹਿਲੇ ਈਸਾਈ ਫ਼ਕੀਰ ਨੇ ਕਿਹਾ ਕਿ ਤੁਹਾਨੂੰ ਪਤਾ ਹੋਣਾ ਚਾਹੀਦਾ ਕਿ ਸਾਡੀ ਜਿਹੜਾ ਮੋਨਾਸਟ੍ਰੀ ਹੈ, ਸਾਡਾ ਜੋ ਆਸ਼ਰਮ ਹੈ, ਉਸ ਨੇ ਅੱਜ ਤਕ ਜਿੰਨੇ ਵੱਡੇ ਦਾਰਸ਼ਨਿਕ ਦੁਨੀਆਂ ਨੂੰ ਦਿੱਤੇ, ਓਨੇ ਤੁਹਾਡੇ ਕਿਸੇ ਆਸ਼ਰਮ ਨੇ ਨਹੀਂ ਦਿੱਤੇ।

ਦੂਜੇ ਨੇ ਕਿਹਾ—ਇਹ ਗੱਲ ਬਿਲਕੁਲ ਠੀਕ ਹੈ, ਜਿੰਨੇ ਵੱਡੇ ਦਾਰਸ਼ਨਿਕ ਤੁਹਾਡੇ ਆਸ਼ਰਮ ਵਿਚ ਪੈਦਾ ਹੋਏ, ਕਿਸੇ ਆਸ਼ਰਮ 'ਚ ਨਹੀਂ ਪੈਦਾ ਹੋਏ। ਲੇਕਿਨ ਜਿੰਨੇ ਵੱਡੇ ਤਿਆਗੀ ਸਾਡੇ ਆਸ਼ਰਮ 'ਚੋਂ ਪੈਦਾ ਹੋਏ, ਓਨੇ ਵੱਡੇ ਤਿਆਗੀ ਤੁਹਾਡੇ ਜਾਂ ਕਿਸੇ ਵੀ ਆਸ਼ਰਮ ਤੋਂ ਕਦੇ ਪੈਦਾ ਨਹੀਂ ਹੋਏ।

ਤੀਜੇ ਨੇ ਕਿਹਾ—ਇਹ ਗੱਲ ਵੀ ਸੱਚ ਹੈ—ਲੇਕਿਨ ਪਾਂਡਿਤਯ ਵਿਚ ਤਾਂ ਤੁਸੀਂ ਸਾਡਾ ਕੋਈ ਮੁਕਾਬਲਾ ਨਹੀਂ ਕਰ ਸਕਦੇ। ਜਿਸ ਤਰ੍ਹਾਂ ਦੇ ਸ਼ਾਸਤ੍ਰ ਦੇ ਜਾਣਕਾਰ ਅਤੇ ਜਿਹੋ-ਜਿਹੀ ਬਾਲ ਦੀ ਖੱਲ ਲਾਹੁਣ ਵਾਲੇ ਕੁਸ਼ਲ ਚਿੰਤਕ ਅਸੀਂ ਪੈਦਾ ਕੀਤੇ ਹਨ, ਕਿਸੇ ਨੇ ਪੈਦਾ ਨਹੀਂ ਕੀਤੇ।

ਤਿੰਨਾਂ ਨੇ ਚੌਥੇ ਦੇ ਵੱਲ ਵੇਖਿਆ ਜਿਹੜਾ ਚੁੱਪ-ਚਾਪ ਬੈਠ ਸੀ। ਉਸ ਨੂੰ ਚੁੱਪ ਵੇਖ ਕੇ ਉਨ੍ਹਾਂ ਨੇ ਕਿਹਾ—ਤੂੰ ਕੁਝ ਬੋਲਦਾ ਨਹੀਂ?

ਉਸ ਨੇ ਕਿਹਾ ਕਿ ਜਿੱਥੋਂ ਤਕ ਸਾਡੇ ਆਸ਼ਰਮ ਦਾ ਸੰਬੰਧ ਹੈ, ਜਿਸ ਤਰ੍ਹਾਂ ਦੇ ਦੀਨ, ਨਾ ਕੁਝ ਵਿਨਮ੍ਰ ਵਿਅਕਤੀ ਅਸੀਂ ਪੈਦਾ ਕੀਤੇ ਹਨ, ਉਸ ਦਾ ਕੋਈ ਮੁਕਾਬਲਾ ਨਹੀਂ। ਵੀ ਆਰ ਦੀ ਟਾਪ ਇਨ ਹਯੁਮਿਲਿਟੀ।

ਟਾਪ ਇਨ ਹਯੁਮਿਲਿਟੀ। ਸਿਖ਼ਰ ਉੱਤੇ ਹਾਂ ਵਿਨਮ੍ਰਤਾ ਦੇ। ਲੇਕਿਨ ਵਿਨਮ੍ਰਤਾ ਦਾ ਕੋਈ ਸਿਖ਼ਰ ਹੁੰਦਾ ਹੈ? ਸਿਖ਼ਰ ਹੀ ਦੇ ਕਾਰਨ ਤਾਂ ਵਿਨਮ੍ਰਤਾ ਨਹੀਂ ਹੁੰਦੀ। ਜਿੱਥੇ ਵਿਨਮ੍ਰਤਾ ਹੈ ਉਥੇ ਵਿਨਮ੍ਰਤਾ ਦਾ ਭਾਵ ਵੀ ਨਹੀਂ ਹੋ ਸਕਦਾ। ਵਿਨਮ੍ਰਤਾ ਦਾ ਭਾਵ ਵੀ ਹੋਵੇ ਤਾਂ ਵਿਨਮ੍ਰਤਾ ਨਸ਼ਟ ਹੋ ਜਾਂਦੀ ਹੈ। ਵਿਨਮ੍ਰਤਾ ਬਹੁਤ ਨਾਜ਼ੁਕ ਗੱਲ ਹੈ। ਵਿਨਮ੍ਰਤਾ ਦਾ ਭਾਵ ਵੀ ਨਸ਼ਟ ਕਰ ਦਿੰਦਾ ਹੈ ਉਸ ਨੂੰ। ਉਸ ਤੋਂ ਜ਼ਿਆਦਾ ਬਾਰੀਕ ਅਤੇ ਕੋਮਲ ਹੋਰ ਕੋਈ ਤੰਤੂ ਨਹੀਂ ਹੈ।

ਦੀਨਤਾ ਦਾ ਅਰਥ ਹੈ—ਮੈਂ ਕੁਝ ਵੀ ਨਹੀਂ ਹਾਂ। ਜਿਵੇਂ ਹੀ ਇਹ ਘੜੀ ਵਾਪਰਦੀ ਹੈ ਕਿ ਮੈਂ ਕੁਝ ਵੀ ਨਹੀਂ ਹਾਂ, ਉਥੇ ਹੀ ਪਰਮਾਤਮਾ ਸਭ ਕੁਝ ਹੋ ਜਾਂਦਾ ਹੈ। ਜਦ ਤਕ ਮੈਂ ਕੁਝ ਹਾਂ ਤਕ ਤਕ ਪਰਮਾਤਮਾ ਸਭ ਕੁਝ ਨਹੀਂ ਹੋ ਸਕਦਾ। ਜਿੰਨਾ ਮੈਂ ਹਾਂ, ਓਨਾ ਪਰਮਾਤਮਾ ਨਾਲੋਂ ਕੱਟਿਆ ਰਹੇਗਾ। ਜਿਸ ਦਿਨ ਮੈਂ ਸ਼ੂਨਯ ਹਾਂ ਉਸ ਦਿਨ ਪਰਮਾਤਮਾ ਪੂਰਣ ਹੈ। ਜਦ ਤਕ ਮੈਂ ਪੂਰਣ ਹਾਂ ਤਕ ਤਕ ਪਰਮਾਤਮਾ ਸ਼ੂਨਯ ਹੈ।

ਉਹ ਕਿਹੜਾ ਸ਼ਬਦ ਹੈ?

ਦੀਨਤਾ ਉਹ ਸ਼ਬਦ ਹੈ।

ਉਹ ਕਿਹੜਾ ਗੁਣ ਹੈ?

ਧੀਰਜ ਉਹ ਗੁਣ ਹੈ।

ਧੀਰਜ ਨੂੰ ਵੀ ਸਮਝੋ। ਧੀਰਜ ਦਾ ਅਰਥ ਹੁੰਦਾ ਹੈ—ਮਿਲਣਾ ਜ਼ਰੂਰ ਹੈ, ਮਿਲਣਾ ਇੰਨਾ ਨਿਸ਼ਚਿਤ ਹੈ ਕਿ ਕਾਹਲੀ ਕੀ ਹੈ? ਕਾਹਲੀ ਤਾਂ ਇਸ ਲਈ ਹੁੰਦੀ ਹੈ ਕਿ ਮਿਲਣਾ ਅਨਿਸ਼ਚਿਤ ਹੈ। ਤੁਹਾਨੂੰ ਪੱਕਾ ਭਰੋਸਾ ਨਹੀਂ ਕਿ ਮਿਲਣਾ ਹੋਏਗਾ, ਇਸ ਲਈ ਤੁਸੀਂ ਕਾਹਲੀ ਵਿਚ ਹੁੰਦੇ ਹੋ। ਜਦ ਮਿਲਣਾ ਬਿਲਕੁਲ ਹੀ ਨਿਸ਼ਚਿਤ ਹੋਵੇ, ਜਦ ਉਸ ਵਿਚ ਰੱਤੀ ਭਰ ਸ਼ੱਕ ਨਾ ਹੋਵੇ ਤਾ ਫਿਰ ਛੇਤੀ ਕੀ? ਜਦ ਮਿਲੇ ਤਦ ਮਿਲੇ। ਜਦ ਮਿਲੇ ਤਦੇ ਛੇਤੀ ਹੈ।

ਧੀਰਜ ਦਾ ਅਰਥ ਹੈ—ਚਾਹੁੰਦਾ ਤਾਂ ਹਾਂ ਇਸੇ ਘੜੀ ਤੂੰ ਮਿਲ ਜਾਏਂ—ਲੇਕਿਨ ਜੇਕਰ ਅਨੰਤ ਕਾਲ ਵਿਚ ਵੀ ਮਿਲਿਆ ਤਾਂ ਵੀ ਸ਼ਿਕਾਇਤ ਨਹੀਂ ਹੈ। ਅਨੰਤ ਕਾਲ ਵੀ ਤੇਰੀ ਉਡੀਕ ਵਿਚ ਮਧੁਰ ਹੋ ਜਾਏਗਾ। ਤੇਰੀ ਉਡੀਕ ਦਾ ਹੀ ਸਮਾਂ ਹੋਏਗਾ, ਬੇਚੈਨੀ ਦਾ ਨਹੀਂ ਹੋਏਗਾ। ਤੇਰੀ ਰਾਹ ਉੱਤੇ ਅੱਖਾਂ ਵਿਛਾ ਕੇ ਬੈਠੇ ਰਹਾਂਗੇ। ਉਹ ਘੜੀਆਂ ਵੀ ਸੁੱਖ ਦੀਆਂ ਹੀ ਘੜੀਆਂ ਹੋਣਗੀਆਂ। ਤੂੰ ਆਉਣ ਵਾਲਾ ਹੈਂ।

ਹੋਰ ਜੇਕਰ ਧੀਰਜ ਪਰਿਪੂਰਣ ਹੋਵੇ ਤਾਂ ਮਿਲਣ ਇਸੇ ਘੜੀ ਹੋ ਜਾਂਦਾ ਹੈ। ਇਹ ਬਹੁਤ ਵਿਰੋਧਾਭਾਸੀ ਗੱਲ ਹੈ। ਇਸ ਨੂੰ ਇਸ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕਰੋ—ਜਿੰਨੀ ਤੁਸੀਂ ਕਾਹਲੀ ਕੀਤੀ ਓਨੀ ਦੇਰ ਹੋ ਜਾਏਗੀ। ਕਿਉਂਕਿ ਤੁਹਾਡੀ ਕਾਹਲੀ ਬੇਚੈਨੀ ਅਤੇ ਅਸ਼ਾਂਤੀ ਦੀ ਖ਼ਬਰ ਹੈ ਅਤੇ ਜਿੰਨੀ ਤੁਸੀਂ ਕਾਹਲੀ ਨਾ ਕੀਤੀ ਓਨੀ ਛੇਤੀ ਹੋ ਜਾਏਗੀ, ਕਿਉਂਕਿ ਤੁਹਾਡਾ ਛੇਤੀ ਨਾ ਕਰਨਾ ਤੁਹਾਡੇ ਸ਼ਾਂਤ, ਪ੍ਰਫੁੱਲਿਤ ਹੋਣ ਦਾ ਲੱਛਣ ਹੈ। ਜੇਕਰ ਤੁਹਾਡਾ ਧੀਰਜ ਅਨੰਤ ਹੈ ਤਾਂ ਇਸੇ ਛਣ ਪਰਮਾਤਮਾ ਮਿਲ ਜਾਏਗਾ। ਜੇਕਰ ਤੁਹਾਡੇ ਧੀਰਜ ਵਿਚ ਥੋੜ੍ਹੀ ਕਮੀ ਹੈ—ਓਨੀ ਹੀ ਦੇਰ ਲੱਗੇਗੀ। ਜਿੰਨੀ ਧੀਰਜ ਵਿਚ ਕਮੀ ਹੈ ਓਨੀ ਹੀ ਦੇਰ ਲੱਗਦੀ ਹੈ।

ਮੈਂ ਇਕ ਬਹੁਤ ਪੁਰਾਣੀ ਕਹਾਣੀ ਤੁਹਾਨੂੰ ਸੁਣਾਵਾਂ ਜੋ ਮੈਂ ਲਗਾਤਾਰ ਤੁਹਾਨੂੰ ਸੁਣਾਉਂਦਾ ਰਿਹਾ ਹਾਂ। ਨਾਰਦ ਜਾਂਦੇ ਹਨ ਸੁਵਰਗ ਦੇ ਵੱਲ। ਇਕ ਬੁੱਢਾ ਫ਼ਕੀਰ ਬਹੁਤ ਪੁਰਾਣਾ ਤਪੱਸਵੀ, ਬ੍ਰਿਛ ਦੇ ਹੇਠਾਂ ਆਪਣੀ ਤਪੱਸਿਆ ਕਰ ਰਿਹਾ ਹੈ। ਨਾਰਦ ਉਸ ਦੇ ਕੋਲੋਂ ਦੀ ਲੰਘਦੇ ਹਨ ਆਪਣੀ ਵੀਣਾ ਵਜਾਉਂਦੇ, ਤਾਂ ਉਹ ਕਹਿੰਦਾ ਹੈ, ਕਿੱਥੇ ਜਾਂਦੇ ਹੋ? ਪਰਮਾਤਮਾ ਵੱਲ ਜਾ ਰਹੇ ਹਾਂ। ਜੇਕਰ ਜਾ ਰਹੇ ਹੋ ਤਾਂ ਪੁੱਛ ਲੈਣਾ, ਮੇਰੇ ਸੰਬੰਧ ਵਿਚ ਕਿ ਹੁਣ ਹੋਰ ਕਿੰਨੀ ਦੇਰ ਹੈ? ਤਿੰਨ ਜਨਮ ਮੈਨੂੰ ਹੋ ਗਏ ਤਪੱਸਿਆ ਕਰਦੇ। ਕਿਸੇ ਚੀਜ਼ ਦੀ ਹੱਦ ਹੁੰਦੀ ਹੈ, ਸੀਮਾ ਹੁੰਦੀ ਹੈ। ਹੁਣ ਇਹ ਗੱਲ ਹੱਦੋਂ ਬਾਹਰ ਹੁੰਦੀ ਜਾ ਰਹੀ ਹੈ। ਧੀਰਜ ਦਾ ਗੁਣ ਠੀਕ ਹੈ, ਲੇਕਿਨ ਕਦ ਤਕ? ਜ਼ਰਾ ਪੁੱਛ ਲੈਣਾ—ਹੋਰ ਕਿੰਨੀ ਦੇਰ ਹੈ?

ਨਾਰਦ ਨੇ ਕਿਹਾ ਜ਼ਰੂਰ ਪੁੱਛ ਲਵਾਂਗਾ। ਹਾਸਾ ਤਾਂ ਨਾਰਦ ਨੂੰ ਬਹੁਤ ਆਇਆ ਕਿ ਇਹ ਗੱਲ ਵੀ ਕੋਈ ਪ੍ਰਾਰਥਨਾ ਨਾਲ ਭਰੇ ਚਿੱਤ ਦੀ ਹੈ! ਪ੍ਰਾਰਥਨਾ ਨਾਲ ਭਰੇ ਚਿੱਤ ਦੀ ਕਦੇ ਕੋਈ ਧੀਰਜ ਦੀ ਸੀਮਾ ਹੁੰਦੀ ਹੈ? ਇਹ ਵੀ ਕੋਈ ਪ੍ਰੇਮੀ ਦਾ ਲੱਛਣ ਹੈ? ਲੇਕਿਨ ਹੁਣ ਠੀਕ ਹੈ, ਪੁੱਛ ਲਵਾਂਗੇ।

ਇਕ ਦੂਜੇ ਬ੍ਰਿਛ ਦੇ ਹੇਠਾਂ ਇਕ ਯੁਵਕ ਸੰਨਿਆਸੀ ਨੱਚ ਰਿਹਾ ਸੀ, ਆਪਣਾ ਇਕਤਾਰਾ ਲਈ, ਉਸ ਤੋਂ ਨਾਰਦ ਨੇ ਮਜ਼ਾਕ ਵਿਚ ਹੀ ਪੁੱਛਿਆ ਕਿ ਭਾਈ, ਤੈਨੂੰ ਤਾਂ ਨਹੀਂ ਪੁੱਛਣਾ ਕਿ ਕਿੰਨੀ ਕੁ ਦੇਰ ਹੈ? ਤੇਰੀ ਵੀ ਪੁੱਛ ਲਵਾਂਗੇ ਇਨ੍ਹਾਂ ਦੇ ਨਾਲ ਹੀ।

ਲੇਕਿਨ ਉਸ ਨੇ ਕੋਈ ਜਵਾਬ ਨਹੀਂ ਦਿੱਤਾ, ਉਹ ਨੱਚਦਾ ਹੀ ਰਿਹਾ। ਥੋੜ੍ਹੀ ਨਾਰਦ ਨੂੰ ਵੀ ਹੈਰਾਨੀ ਹੋਈ, ਕਿਹਾ ਸੁਣਦਾ ਨਹੀਂ, ਬੋਲਾ ਹੈਂ? ਜਾ ਰਿਹਾ ਹਾਂ ਪਰਮਾਤਮਾ ਦੇ ਵੱਲ ਤੇਰੀ ਵੀ ਪੁੱਛ ਲਵਾਂਗਾ।

ਲੇਕਿਨ ਉਸ ਯੁਵਕ ਨੇ ਫਿਰ ਵੀ ਕੋਈ ਧਿਆਨ ਨਹੀਂ ਦਿੱਤਾ, ਉਹ ਨੱਚਦਾ ਹੀ ਰਿਹਾ।

ਕੁਝ ਦਿਨਾਂ ਪਿੱਛੋਂ ਨਾਰਦ ਵਾਪਸ ਪਰਤੇ। ਉਸ ਬੁੱਢੇ ਆਦਮੀ ਨੂੰ ਆਖਿਆ... ਉਹ ਤਿਆਰ ਬੈਠਾ ਸੀ, ਮਾਲਾ ਦਾ ਮਣਕਾ ਵੀ ਹੱਥ ਵਿਚ ਘੁੰਮਦਾ ਰੁਕ ਗਿਆ ਸੀ। ਉਸ ਨੇ ਪੁੱਛਿਆ—ਪੁੱਛਿਆ? ਕੀ ਬੋਲੇ?

ਨਾਰਦ ਨੇ ਕਿਹਾ ਕਿ ਮਾਫ਼ ਕਰਨਾ, ਉਨ੍ਹਾਂ ਨੇ ਕਿਹਾ, ਤਿੰਨ ਜਨਮ ਹੋਰ ਲੱਗ ਜਾਣਗੇ। ਉਸ ਨੇ ਮਾਲਾ ਉੱਥੇ ਹੀ ਸੁੱਟੀ। ਲੱਤ ਮਾਰ ਕੇ ਮੂਰਤੀ ਹਟਾ ਦਿੱਤੀ। ਪੂਜਾ ਦੇ ਫੁੱਲ ਖਿੰਡਾ ਦਿੱਤੇ ਅਤੇ ਕਿਹਾ, ਬੱਸ ਹੋ ਗਿਆ ਬਹੁਤ! ਇਹ ਤਾਂ ਅੰਧੇਰ ਹੈ। ਤਿੰਨ ਜਨਮਾਂ ਤੋਂ ਧੱਕੇ ਖਾ ਰਿਹਾ ਹਾਂ! ਹੋਰ ਤਿੰਨ ਜਨਮ! ਨਹੀਂ, ਹੁਣ ਨਹੀਂ ਸਿਹਾ ਜਾਂਦਾ।

ਨਾਰਦ ਉਸ ਨੌਜਵਾਨ ਫ਼ਕੀਰ ਦੇ ਕੋਲ ਗਏ ਜਿਹੜਾ ਅਜੇ ਵੀ ਤੰਬੂਰਾ ਲਈ ਨੱਚੀ ਜਾ ਰਿਹਾ ਸੀ, ਕਿਹਾ ਕਿ ਭਾਈ ਡਰ ਲੱਗਦਾ ਹੈ ਤੇਰੇ ਤੋਂ ਕਿ ਕਹਾਂ ਕਿ ਨਾ ਕਹਾਂ, ਕਿਉਂਕਿ ਤਿੰਨ ਜਨਮਾਂ ਦੀ ਗੱਲ ਤੋਂ ਹੀ ਉਹ ਬੁੱਢਾ ਸੰਨਿਆਸੀ ਇੰਨਾ ਨਾਰਾਜ਼ ਹੋ ਗਿਆ ਕਿ ਡਰ ਸੀ ਕਿਤੇ ਹਮਲਾ ਨਾ ਕਰ ਦੇਵੇ ਸਾਡੇ ਉੱਤੇ, ਜਿਵੇਂ ਸਾਡਾ ਕੋਈ ਕਸੂਰ ਹੋਵੇ! ਲੇਕਿਨ ਜਦ ਪੁੱਛ ਹੀ ਲਿਆ ਤਾਂ ਕਹਿ ਦੇਣਾ ਠੀਕ ਹੈ। ਤੇਰੇ ਸੰਬੰਧ ਵਿਚ ਵੀ ਪੁੱਛਿਆ ਸੀ। ਨਾਰਾਜ਼ ਨਾ ਹੋਵੀਂ, ਪਰਮਾਤਮਾ ਨੇ ਕਿਹਾ ਹੈ ਕਿ ਜਿੰਨੇ ਉਸ ਦਰੱਖ਼ਤ ਦੇ ਪੱਤੇ ਹਨ, ਜਿੱਥੇ ਉਹ ਨੱਚ ਰਿਹਾ ਹੈ ਯੁਵਕ ਸੰਨਿਆਸੀ, ਓਨੇ ਜਨਮ ਲੱਗਣਗੇ।

ਉਹ ਸੰਨਿਆਸੀ ਹੋਰ ਜ਼ੋਰ ਨਾਲ ਨੱਚਣ ਲੱਗਾ। ਉਸ ਨੇ ਕਿਹਾ, ਤਦ ਤਾਂ ਪਾ ਹੀ ਲਿਆ! ਇੰਨੇ ਕੁ ਪੱਤੇ! ਸੰਸਾਰ ਵਿਚ ਕਿੰਨੇ ਪੱਤੇ ਹਨ! ਸਿਰਫ਼ ਇੰਨੇ ਹੀ ਪੱਤੇ, ਜਿੰਨੇ ਇਸ ਦਰੱਖ਼ਤ ਵਿਚ ਹਨ! ਜਿੱਤ ਲਿਆ, ਮਾਮਲਾ ਹੱਲ ਹੋ ਗਿਆ! ਧੰਨਵਾਦ!

ਅਤੇ ਕਹਿੰਦੇ ਹਨ, ਇਹ ਕਹਿੰਦੇ ਹੀ ਉਹ ਸੰਨਿਆਸੀ ਮੁਕਤ ਹੋ ਗਿਆ। ਕਿਉਂਕਿ ਜਿਸ ਦੀ ਜਿੰਨੀ ਉਡੀਕ ਹੋਵੇ—ਜਿਹੜਾ ਕਹਿ ਸਕੇ ਇੰਨੇ ਕੁ ਪੱਤੇ ਇਸ ਦਰੱਖਤ ਵਿਚ, ਧਰਤੀ ਤਾਂ ਅਨੰਤ ਪੱਤਿਆਂ ਨਾਲ ਭਰੀ ਹੈ, ਏਨੇ ਨਾਲ ਹੀ ਪਾ ਲਵਾਂਗਾ, ਤਾਂ, ਤਾਂ ਇਹ ਕੰਢਾ ਕੋਲ ਹੀ ਹੈ। ਮਿਲ ਹੀ ਗਿਆ, ਹੁਣ ਇਸ ਵਿਚ ਦੇਰ ਹੀ ਕੀ ਰਹੀ!

ਜਿਹੜਾ ਇਸ ਭਾਵ ਨਾਲ ਭਰਿਆ ਹੋਵੇ ਉਸ ਨੂੰ ਘੜੀ ਭਰ ਦੀ ਦੇਰ ਨਹੀਂ ਲੱਗੇਗੀ।

ਇਸ ਲਈ ਫ਼ਰੀਦ ਜੀ ਕਹਿੰਦੇ ਹਨ—ਧੀਰਜ ਉਹ ਗੁਣ ਹੈ। ਦੀਨਤਾ ਉਹ ਸ਼ਬਦ ਹੈ। ਧੀਰਜ ਉਹ ਗੁਣ। ਸ਼ੀਲ ਉਹ ਅਨਮੋਲ ਮੰਤ੍ਰ ਹੈ।

ਉਡੀਕ ਕਰੋ ਅਨੰਤ ਦੀ, ਲੇਕਿਨ ਤਿਆਰੀ ਇਵੇਂ ਰੱਖੋ ਜਿਵੇਂ ਹੁਣੇ ਆਇਆ, ਹੁਣੇ ਆਇਆ। ਸ਼ੀਲ ਦਾ ਇਹ ਹੀ ਅਰਥ ਹੈ। ਜਿਵੇਂ ਮਹਿਮਾਨ ਘਰ ਵਿਚ ਆਉਂਦਾ ਹੈ ਤਾਂ ਤੁਸੀਂ ਨਵੇਂ ਤਕੀਏ ਕੱਢਦੇ ਹੋ, ਨਵਾਂ ਬਿਸਤਰਾ ਵਿਛਾਉਂਦੇ ਹੋ, ਘਰ ਦੀ ਸਫ਼ਾਈ ਕਰਦੇ ਹੋ। ਤੁਹਾਨੂੰ ਜੇਕਰ ਪਤਾ ਹੋਵੇ, ਆਏਗਾ ਕਦੇ ਕੋਈ ਤਾਂ, ਪਰ ਅੱਜ ਤਾਂ ਸਫ਼ਾਈ ਨਹੀਂ ਕਰੋਗੇ। ਜਦ ਆਏਗਾ ਤਦ ਵੇਖਾਂਗੇ। ਲੇਕਿਨ ਜਿਵੇਂ ਹੁਣੇ ਕੋਈ ਆਉਂਦਾ ਹੋਵੇ, ਤਾਂ ਤੁਸੀਂ ਝੱਟ ਘਰ ਸਾਫ਼ ਕਰ ਲੈਂਦੇ ਹੋ। ਬੰਦਨਵਾਰ (ਸੁਵਾਗਤੀ ਫੁੱਲ) ਬੰਨ੍ਹ ਦਿੰਦੇ ਹੋ, ਘਿਓ ਦਾ ਦੀਵਾ ਜਗਾ ਦਿੰਦੇ ਹੋ। ਉਹ ਚਾਹੇ ਅਨੰਤ ਕਾਲ ਵਿਚ ਆਏ, ਲੇਕਿਨ ਤੁਹਾਡੇ ਲਈ ਤਾਂ ਹੁਣੇ ਹੀ ਆ ਰਿਹਾ ਹੈ। ਅਨੰਤ ਕਾਲ ਯਾਨੀ ਹੁਣੇ ਹੀ।

ਇਹ ਧੀਰਜ ਦਾ ਲੱਛਣ ਹੋਇਆ, ਲੇਕਿਨ ਸਿਰਫ਼ ਧੀਰਜ ਰੱਖ ਕੇ ਬੈਠੇ ਰਹਿਣ ਨਾਲ ਕੁਝ ਨਹੀਂ ਹੋਏਗਾ, ਕਿਉਂਕਿ ਧੀਰਜ ਵੀ ਆਲਸ ਹੋ ਸਕਦਾ ਹੈ। ਤੁਸੀਂ ਆਲਸ ਨੂੰ ਧੀਰਜ ਦਾ ਨਾਉਂ ਦੇ ਸਕਦੇ ਹੋ ਕਿ ਅਸੀਂ ਤਾਂ ਧੀਰਜ ਵਾਲੇ ਹਾਂ, ਜਦ ਆਏਗਾ ਤਕ ਠੀਕ। ਪਰ ਇਹ ਉਦਾਸੀ ਨਾ ਹੋਵੇ।

ਸ਼ੀਲ ਦਾ ਅਰਥ ਹੈ ਤਿਆਰੀ—ਆਪਣੇ ਹਿਰਦੇ ਦੇ ਮੰਦਿਰ ਨੂੰ ਪਵਿੱਤਰ ਕਰਨਾ।

ਸ਼ੀਲ ਦਾ ਅਰਥ ਹੈ—ਅੰਮ੍ਰਿਤ ਦਾ ਮੀਂਹ ਪਏਗਾ ਤਾਂ ਸੋਨੇ ਦਾ ਕਟੋਰਾ ਤਾਂ ਤਿਆਰ ਕਰ ਲਵਾਂ—ਪਰਮਾਤਮਾ ਘਰ ਆਏਗਾ, ਤਾਂ ਮੈਂ ਉਸ ਦੇ ਲਾਇਕ ਤਾਂ

ਹੋ ਜਾਵਾਂ। ਧੀਰਜ ਕਰਾਂਗਾ, ਧੀਰਜ ਰੱਖਾਂਗਾ, ਜਦ ਆਏਗਾ ਤਦ ਠੀਕ ਹੈ, ਲੇਕਿਨ ਮੇਰੇ ਵੱਲੋਂ ਤਿਆਰੀ ਹੁਣੇ ਹੈ। ਤੇਰੇ ਵੱਲੋਂ ਤੂੰ ਅਨੰਤ ਕਾਲ ਵਿਚ ਆਉਣਾ, ਕੋਈ ਸ਼ਿਕਾਇਤ ਨਹੀਂ ਹੈ—ਪਰ ਮੇਰੇ ਵੱਲੋਂ ਮੈਂ ਇਸੇ ਘੜੀ ਤਿਆਰ ਹਾਂ। ਦੀਨ ਹਾਂ, ਕੁਝ ਵੀ ਨਹੀਂ ਹੈ ਮੇਰੇ ਕੋਲ। ਦਾਅਵਾ ਕੁਝ ਵੀ ਨਹੀਂ ਕਰ ਸਕਦਾ ਕਿ ਤੂੰ ਹੁਣੇ ਆ। ਦਾਅਵਾ ਤਾਂ ਉਸ ਦੇ ਕੋਲ ਹੁੰਦਾ ਹੈ ਜਿਸ ਦੇ ਕੋਲ ਕੁਝ ਬਲ ਹੋਵੇ, ਕੋਈ ਬਲ ਮੇਰੇ ਕੋਲ ਨਹੀਂ ਹੈ। ਉਡੀਕ ਅਨੰਤ ਤਕ ਕਰਾਂਗਾ। ਦੀਨ ਹਾਂ। ਰਾਹ ਤੇਰੀ ਤੱਕਾਂਗਾ। ਜਦ ਵੀ ਆਵੇਂਗਾ ਤਦੇ ਧੰਨ ਭਾਗ ਮੇਰੇ। ਤਦੇ ਸ਼ੁਕਰਗੁਜ਼ਾਰੀ ਮੰਨਾਂਗਾ, ਅਹੋਭਾਵ ਨਾਲ ਨੱਚਾਂਗਾ। ਲੇਕਿਨ ਤਿਆਰ ਆਪਣੇ ਨੂੰ ਰੱਖਿਆ ਹੈ ਜਿਵੇਂ ਤੂੰ ਹੁਣੇ ਆਉਂਦਾ ਹੋਵੇਂ।

ਪੁਰਾਣੀ ਲਾਉਤਸੇ ਦੀ ਕਹਾਵਤ ਹੈ—ਜੀਓ ਇਸ ਤਰ੍ਹਾਂ ਜਿਵੇਂ ਇਹ ਆਖ਼ਰੀ ਦਿਨ ਹੋਵੇ, ਅਤੇ ਜੀਓ ਇਸ ਤਰ੍ਹਾਂ ਵੀ ਜਿਵੇਂ ਸਦਾ ਰਹਿਣਾ ਹੋਵੇ। ਬੜਾ ਔਖਾ ਹੈ! ਜੀਓ ਇਸ ਤਰ੍ਹਾਂ ਜਿਵੇਂ ਇਹ ਆਖ਼ਰੀ ਦਿਨ ਹੋਵੇ, ਕੱਲ੍ਹ 'ਤੇ ਨਹੀਂ ਟਾਲਣਾ, ਜੋ ਵੀ ਕਰਨਾ ਹੈ ਅੱਜ ਕਰ ਲਓ। ਇਹੀ ਘੜੀ ਇਕ ਮਾਤਰ ਘੜੀ ਹੈ। ਹੱਥ ਵਿਚ ਬੱਸ ਇਹ ਹੀ ਹੈ। ਕਲ੍ਹ ਦੀ ਸੋਚ ਕੇ ਨਾ ਟਾਲੋ। ਜੀਓ ਇਸ ਤਰ੍ਹਾਂ ਜਿਵੇਂ ਅੱਜ ਆਖ਼ਰੀ ਦਿਨ ਹੋਵੇ—ਇਹ ਸੂਰਜ ਢਲੇਗਾ ਅਤੇ ਤੁਸੀਂ ਵੀ ਢਲੋਗੇ।

ਲਾਉਤਸੇ ਉਸੇ ਦੇ ਨਾਲ ਇਹ ਵੀ ਕਹਿੰਦਾ ਹੈ—ਜੀਓ ਇਵੇਂ ਵੀ ਜਿਵੇਂ ਸਦਾ ਇੱਥੇ ਰਹਿਣਾ ਹੋਵੇ। ਤਾਂ ਕਾਹਲੀ ਵੀ ਨਾ ਕਰੋ। ਕਰਨ ਲਈ ਤਾਂ ਹੁਣੇ ਕਰ ਲਓ, ਲੇਕਿਨ ਉਡੀਕ ਅਨੰਤ ਦੀ ਰੱਖੋ। ਬੀਂ ਤਾਂ ਹੁਣੇ ਬੀਜ ਦਿਓ, ਪਰ ਫਲ ਜਦ ਆਉਣਗੇ ਤਦੇ ਠੀਕ ਹੈ। ਕੋਈ ਕਾਹਲੀ ਨਹੀਂ ਹੈ, ਜਿਵੇਂ ਅਨੰਤ ਤਕ ਇਥੇ ਰਹਿਣਾ ਹੋਵੇ, ਜਿਸ ਤਰ੍ਹਾਂ ਕਦੇ ਇੱਥੋਂ ਬਾਹਰ ਜਾਣਾ ਹੀ ਨਾ ਹੋਵੇ।

ਪਰਮਾਤਮਾ ਦੇ ਮਿਲਣ ਲਈ ਤਿਆਰੀ ਤਾਂ ਇਸ ਤਰ੍ਹਾਂ ਕਰੋ ਜਿਸ ਤਰ੍ਹਾਂ ਹੁਣੇ ਹੀ ਆਇਆ, ਦਰਵਾਜ਼ੇ 'ਤੇ ਦਸਤਕ ਹੋਣ ਹੀ ਵਾਲੀ ਹੈ, ਉਸ ਦੇ ਪੈਰਾਂ ਦੇ ਨਿਸ਼ਾਨ ਪੈਣ ਲੱਗੇ, ਦੁਆਰ ਉੱਤੇ ਪੈਰਾਂ ਦੀ ਆਵਾਜ਼ ਆ ਗਈ, ਹੁਣੇ ਆ ਹੀ ਰਿਹਾ ਹੈ—ਤਿਆਰ ਤਾਂ ਰਹੋ। ਅਤੇ ਉਡੀਕ ਇੰਨੀ ਰੱਖੋ ਕਿ ਅਨੰਤ ਕਾਲ ਵਿਚ ਵੀ ਆਏਗਾ ਤਾਂ ਵੀ ਤੁਹਾਡੇ ਅੰਦਰ ਸ਼ਿਕਾਇਤ ਨਹੀਂ ਹੋਏਗੀ।

'ਦੀਨਤਾ ਉਹ ਸ਼ਬਦ ਹੈ, ਧੀਰਜ ਉਹ ਗੁਣ ਹੈ, ਸ਼ੀਲ ਉਹ ਮੰਤਰ ਹੈ—ਇਨ੍ਹਾਂ ਤਿੰਨਾਂ ਦੇ ਭੇਸ ਨੂੰ ਹੀ ਧਾਰਨ ਕਰ ਭੈਣ।'

ਫ਼ਰੀਦ ਆਪਣੇ ਆਪ ਨੂੰ ਕਹਿ ਰਿਹਾ ਹੈ, ਕਿਉਂਕਿ ਹੁਣ ਉਹ ਇਸਤ੍ਰੀ ਹੋ ਗਿਆ ਹੈ। ਹੁਣ ਉਹ ਪੁਰਸ਼ ਨਹੀਂ ਹੈ। ਹੁਣ ਉਹ ਪਰਮਾਤਮਾ ਉੱਤੇ ਹਮਲਾ

ਨਹੀਂ ਕਰ ਰਿਹਾ ਹੈ। ਹੁਣ ਤਾਂ ਇਸਤ੍ਰੀ ਦੇ ਵਾਂਗ ਆਪਣੇ ਹਿਰਦੇ ਦੇ ਦੁਆਰ ਖੋਲ੍ਹ ਕੇ ਉਡੀਕ ਕਰ ਰਿਹਾ ਹੈ।

ਇਨ੍ਹਾਂ ਤਿੰਨਾਂ ਦੇ ਭੇਸ ਨੂੰ ਧਾਰਨ ਕਰ ਭੈਣ, ਤੇਰਾ ਸਵਾਮੀ ਤੇਰੇ ਵੱਸ ਵਿਚ ਹੋ ਜਾਏਗਾ।

ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥

'ਪ੍ਰਭੂ ਦੇ ਅਜਿਹੇ ਵਿਰਲੇ ਹੀ ਭਗਤ ਹਨ, ਜਿਹੜੇ ਬੁੱਧੀਮਾਨ ਹੁੰਦੇ ਹੋਏ ਵੀ ਸਰਲ ਹਨ।'

ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥

'ਜੋ ਬਲਵਾਨ ਹੁੰਦੇ ਹੋਏ ਵੀ ਨਿਰਬਲ ਹਨ ਅਤੇ ਜੋ ਦੀਨ ਹੁੰਦੇ ਹੋਏ ਵੀ ਆਪਣਾ ਸਭ ਕੁਝ ਦੇ ਦਿੰਦੇ ਹਨ।

ਇਕ ਵੀ ਪਿਆਰ ਤੋਂ ਵਾਂਝੀ ਗੱਲ ਮੂੰਹੋਂ ਨਾ ਕੱਢ, ਕਿਉਂਕਿ ਸੱਚਾ ਮਾਲਕ ਹਰ ਪ੍ਰਾਣੀ ਦੇ ਅੰਦਰ ਹੈ। ਕਿਸੇ ਦੇ ਦਿਲ ਨੂੰ ਤੂੰ ਨਾ ਦੁਖਾ, ਕਿਉਂਕਿ ਹਰ ਦਿਲ ਇਕ ਅਮੋਲ ਰਤਨ ਹੈ।'

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥

'ਹਰ ਦਿਲ ਇਕ ਰਤਨ ਹੈ। ਉਸ ਨੂੰ ਦੁਖਾਉਣਾ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਜੇਕਰ ਤੂੰ ਪ੍ਰੀਤਮ ਦਾ ਆਸ਼ਿਕ ਹੈਂ ਤਾਂ ਕਿਸੇ ਦੇ ਵੀ ਦਿਲ ਨੂੰ ਨਾ ਦੁਖਾਈਂ।'

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥

ਇਕ-ਇਕ ਸ਼ਬਦ ਨੂੰ ਗੌਰ ਨਾਲ ਸਮਝੋ।

ਪ੍ਰਭੂ ਦੇ ਇਸ ਤਰ੍ਹਾਂ ਦੇ ਵਿਰਲੇ ਹੀ ਭਗਤ ਹਨ, ਜਿਹੜੇ ਬੁੱਧੀਮਾਨ ਹੁੰਦੇ ਹੋਏ ਵੀ ਸਰਲ ਹਨ। ਬੁੱਧੂ ਹੋ ਕੇ ਸਰਲ ਹੋਣਾ ਆਸਾਨ ਹੈ। ਇਸ ਲਈ ਸਰਲ ਵਿਅਕਤੀ ਬੁੱਧੂ ਵਰਗਾ ਮਾਲੂਮ ਹੁੰਦਾ ਹੈ ਅਤੇ ਬੁੱਧੂ ਨਾਲੋਂ ਵੀ ਸਰਲ ਹੋਣ ਦਾ ਧੋਖਾ ਹੁੰਦਾ ਹੈ। ਲੇਕਿਨ ਹੋਣਾ ਅਜਿਹਾ ਚਾਹੀਦਾ ਕਿ ਬੁੱਧੀਮਾਨ ਹੁੰਦੇ ਹੋਏ ਕੋਈ ਸਰਲ ਹੋਵੇ।

ਬੁੱਧੂ ਬਹੁਤ ਚਾਲਾਕ ਹੈ। ਇਸ ਲਈ ਬੁੱਧੀ ਜਿਵੇਂ ਹੀ ਸ਼ਿਕਸ਼ਤ (ਤਾਲੀਮ ਯਾਫ਼ਤਾ) ਹੁੰਦੀ ਹੈ, ਦੀਕਸ਼ਤ ਹੁੰਦੀ ਹੈ, ਚਾਲਾਕੀ ਅੰਦਰ ਦਾਖ਼ਲ ਹੋ ਜਾਂਦੀ ਹੈ। ਇਸ ਲਈ ਤਾਲੀਮ ਜਿੰਨੀ ਦੁਨੀਆਂ ਵਿਚ ਵਧਦੀ ਹੈ, ਲੋਕ ਉਨੇ ਚਾਲਾਕ,

ਬੇਈਮਾਨ, ਧੋਖੇਬਾਜ਼ ਹੁੰਦੇ ਚਲੇ ਜਾਂਦੇ ਹਨ। ਬੇ-ਪੜ੍ਹਿਆ ਲਿਖਿਆ ਆਦਮੀ ਸਰਲ ਹੁੰਦਾ ਹੈ, ਕਿਉਂਕਿ ਬੁੱਧੂ ਹੁੰਦਾ ਹੈ। ਪੜ੍ਹਿਆ-ਲਿਖਿਆ ਆਦਮੀ ਜਟਿਲ ਹੋ ਜਾਂਦਾ ਹੈ। ਕਿਉਂਕਿ ਬੁੱਧੂ ਨਹੀਂ ਰਹਿ ਜਾਂਦਾ, ਉਸ ਦੀ ਸਰਲਤਾ ਗੁੰਮ ਹੋ ਜਾਂਦੀ ਹੈ।

ਲੇਕਿਨ ਫ਼ਰੀਦ ਠੀਕ ਕਹਿ ਰਿਹਾ ਹੈ। ਉਹ ਕਹਿ ਰਿਹਾ ਹੈ, ਸਰਲਤਾ ਜੇਕਰ ਬੁੱਧੂ ਹੋ ਕੇ ਹੋਵੇ ਤਾਂ ਉਹ ਵੀ ਕੀ ਸਰਲਤਾ? ਜੇਕਰ ਬੁੱਧੀਮਾਨ ਹੋ ਕੇ ਚਾਲਾਕ ਹੋ ਗਏ ਤਾਂ ਉਹ ਕਜਿਹੀ ਬੁੱਧੀਮਾਨੀ? ਬੁੱਧੀਮਾਨ ਹੋ ਕੇ ਕੋਈ ਸਰਲ ਹੋਵੇ—ਕਦੇ ਕੋਈ ਬੁੱਧ-ਪੁਰਸ਼ ਅਜਿਹਾ ਹੀ ਹੁੰਦਾ ਹੈ; ਬੁੱਧੀਮਾਨ ਹੋ ਕੇ ਸਰਲ! ਬੁੱਧੀਮਤਾ ਅਪ੍ਰਤਿਮ ਹੁੰਦੀ ਹੈ, ਆਖ਼ਰੀ ਹੁੰਦੀ ਹੈ; ਲੇਕਿਨ ਚਾਲਾਕੀ ਨਹੀਂ ਹੁੰਦੀ। ਸਰਲਤਾ ਅਜਿਹੀ ਹੁੰਦੀ ਹੈ ਨਿੱਕੇ ਬੱਚੇ ਵਰਗੀ, ਬੁੱਧੀਮਾਨੀ ਅਜਿਹੀ ਹੁੰਦੀ ਹੈ ਬੁੱਢਿਆਂ ਵਰਗੀ। ਪ੍ਰੌੜ੍ਹਤਾ ਬਜ਼ੁਰਗ ਦੀ, ਸਰਲਤਾ ਬੱਚੇ ਦੀ।

ਪ੍ਰਭੂ ਦੇ ਅਜਿਹੇ ਵਿਰਲੇ ਹੀ ਭਗਤ ਹਨ ਜੋ ਬੁੱਧੀਮਾਨ ਹੁੰਦੇ ਹੋਏ ਸਰਲ ਹਨ। ਅਤੇ ਇਹ ਹੀ ਸਾਧਨਾ ਹੈ। ਸਾਧਨਾ ਹੈ ਬੁੱਧੀ ਨੂੰ, ਚੈਤਨਯ ਨੂੰ; ਹੋਸ਼ ਨੂੰ ਲੇਕਿਨ ਸਰਲਤਾ ਨਹੀਂ ਗੁਆ ਦੇਣੀ ਹੈ, ਸਰਲਤਾ ਨੂੰ ਵੀ ਨਾਲ ਬਚਾਉਂਦੇ ਹੋਏ ਟੁਰਨਾ ਹੈ। ਨਹੀਂ ਤਾਂ ਮਹਿੰਗਾ ਸੌਦਾ ਹੋ ਜਾਏਗਾ। ਬੁੱਧੀਮਾਨ ਹੋ ਜਾਗੇ, ਸਰਲਤਾ ਗੁਆਚ ਗਈ—ਤਾਂ ਪੰਡਿਤ ਹੀ ਰਹਿ ਜਾਉਗੇ, ਗਿਆਨਵਾਨ ਨਹੀਂ ਹੋ ਪਾਉਗੇ। ਜੇਕਰ ਬੁੱਧੀਮਤਾ ਦੇ ਨਾਲ ਸਰਲਤਾ ਵੀ ਬਚ ਗਈ ਤਾਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ।

ਜੋ ਬਲਵਾਨ ਹੁੰਦੇ ਹੋਏ ਨਿਰਬਲ ਹਨ.....।

ਨਿਰਬਲ ਹੋ ਕੇ ਤਾਂ ਨਿਰਬਲ ਹੋਣ ਵਿਚ ਕੋਈ ਖ਼ਾਸ ਗੱਲ ਨਹੀਂ ਹੈ, ਲੇਕਿਨ ਜੋ ਬਲਵਾਨ ਹੁੰਦੇ ਹੋਏ ਨਿਰਬਲ ਹਨ, ਉਨ੍ਹਾਂ ਦੀ ਨਿਰਬਲਤਾ ਦੀ ਇਕ ਖ਼ੂਬੀ ਹੈ, ਇਕ ਮਹਿਮਾ ਹੈ। ਜੇਕਰ ਤੁਸੀਂ ਕਾਇਰ ਹੋ, ਇਸ ਲਈ ਨਿਰਬਲ ਹੋ; ਜੇਕਰ ਭੈ-ਭੀਤ ਹੋ; ਇਸ ਲਈ ਭਗਵਾਨ ਦੇ ਸਾਹਮਣੇ ਝੁਕੇ ਹੋ; ਜੇਕਰ ਤੁਹਾਡਾ ਭਗਵਾਨ ਤੁਹਾਡੇ ਭੈ ਤੋਂ ਪੈਦਾ ਹੋਇਆ ਹੈ ਤਾਂ ਦੋ ਕੌਡੀਆਂ ਦਾ ਹੈ। ਨਹੀਂ, ਭਗਵਾਨ ਤੁਹਾਡੇ ਅਭੈ ਤੋਂ ਪੈਦਾ ਹੋਣਾ ਚਾਹੀਦਾ। ਡਰ ਕੇ ਨਾ ਝੁਕਣਾ। ਪ੍ਰੇਮ ਨਾਲ ਝੁਕਣਾ, ਨਿਰਬਲ ਹੋ ਕੇ ਨਾ ਝੁਕਣਾ; ਕਿਉਂਕਿ ਨਿਰਬਨਤਾ ਵਿਚ ਤਾਂ ਕੋਈ ਵੀ ਝੁਕ ਜਾਂਦਾ ਹੈ। ਹੋਰ ਜਦ ਨਿਰਬਲਤਾ ਵਿਚ ਤੁਸੀਂ ਝੁਕਦੇ ਹੋ ਤਾਂ ਝੁਕਣ ਵਿਚ ਆਨੰਦ ਨਹੀਂ ਹੁੰਦਾ, ਝੁਕਣ ਵਿਚ ਇਕ ਪੀੜਾ ਹੁੰਦੀ ਹੈ ਕਿ ਨਿਰਬਲ ਹਾਂ, ਇਸ ਲਈ ਝੁਕ ਰਿਹਾ ਹਾਂ। ਨਹੀਂ! ਬਲਵਾਨ ਹੁੰਦੇ ਹੋਏ ਵੀ ਨਿਰਬਲ ਹੋਣਾ।

ਬਲਵਾਨ ਹੁੰਦੇ ਹੋਏ ਨਿਰਬਲ ਹੋਣ ਦਾ ਅਰਥ ਹੈ; ਬਲਵਾਨ ਹੋਣ ਦੀ ਆਕੜ ਨਾ ਲੈਣਾ। ਤਾਂ ਨਿਰਬਲਤਾ ਤੁਹਾਡਾ ਭਾਵ ਰਹੇਗੀ। ਬਲਵਾਨ ਤੁਹਾਡੀ ਹਾਲਤ ਹੋਵੇਗੀ।

'ਅਤੇ ਜੋ ਦੀਨ ਹੁੰਦੇ ਹੋਏ ਵੀ ਆਪਣਾ ਸਭ ਕੁਝ ਦੇ ਦਿੰਦੇ ਹਨ.....।' ਇਹ ਬਹੁਤ ਔਖੀ ਗੱਲ ਹੈ। ਇਹ ਤੀਜੀ ਗੱਲ ਸਭ ਤੋਂ ਜ਼ਿਆਦਾ ਔਖੀ ਹੈ, ਦੀਨ ਹੁੰਦੇ ਹੋਏ ਆਪਣਾ ਸਭ ਕੁਝ ਦੇ ਦਿੰਦੇ ਹਨ। ਜਿਨ੍ਹਾਂ ਦੇ ਕੋਲ ਕੁਝ ਹੈ, ਉਹ ਤਾਂ ਕੁਝ ਦੇ ਸਕਦੇ ਹਨ: ਧਨ ਹੈ, ਧਨ ਦੇ ਸਕਦੇ ਹਨ। ਲੇਕਿਨ ਜਿਨ੍ਹਾਂ ਦੇ ਕੋਲ ਕੁਝ ਵੀ ਨਹੀਂ ਹੈ, ਉਹ ਕੀ ਦੇਣਗੇ? ਅਕਿੰਚਨ, ਦੀਨ—ਉਹ ਤਾਂ ਸਿਰਫ਼ ਆਪਣੇ ਆਪ ਨੂੰ ਹੀ ਦੇ ਸਕਦੇ ਹਨ, ਹੋਰ ਤਾਂ ਕੁਝ ਦੇਣ ਨੂੰ ਬਚਿਆ ਨਹੀਂ। ਮੇਰਾ ਤਾਂ ਕੁਝ ਹੈ ਹੀ ਨਹੀਂ, ਬੱਸ ਮੈਂ ਹੀ ਹਾਂ।

ਦੀਨ ਹੁੰਦੇ ਹੋਏ ਜਿਹੜੇ ਆਪਣਾ ਸਭ ਕੁਝ ਦੇ ਦਿੰਦੇ ਹਨ—ਜੋ ਜਾਣਦੇ ਹਨ ਕਿ ਮੇਰੇ ਕੋਲ ਕੁਝ ਵੀ ਨਹੀਂ, ਫਿਰ ਵੀ ਆਪਣੇ ਨੂੰ ਪੂਰਾ ਦੇ ਦਿੰਦੇ ਹਨ!

ਪਰਮਾਤਮਾ ਦੇ ਮਾਰਗ 'ਤੇ ਤੁਹਾਡੇ ਧਨ ਨਾਲ ਕੁਝ ਵੀ ਨਹੀਂ ਹੋਏਗਾ। ਦਾਨ ਧਨ ਦਾ ਨਹੀਂ ਚੱਲੇਗਾ, ਦਾਨ ਤਾਂ ਸ੍ਵੈ ਦਾ ਹੀ ਚੱਲੇਗਾ। ਆਪਣੇ ਨੂੰ ਹੀ ਦੇ ਦੇਣਾ ਪਏਗਾ।

ਅਤੇ ਜਿਸ ਦੇ ਜੀਵਨ ਵਿਚ ਇਹ ਤਿੰਨ ਗੱਲਾਂ ਵਾਪਰ ਜਾਂਦੀਆਂ ਹਨ—ਬੁੱਧੀਮਾਨ ਹੁੰਦੇ ਹੋਏ ਸਰਲ; ਸਬਲ ਹੁੰਦੇ ਹੋਏ ਨਿਰਬਲ; ਦੀਨ ਹੁੰਦੇ ਹੋਏ ਸਰਬਸ ਦਾ ਦਾਨੀ—ਉਸ ਦੇ ਮੂੰਹੋਂ ਫਿਰ ਕਿਸੇ ਲਈ ਵੀ ਅਪ੍ਰਿਯ ਗੱਲ ਨਹੀਂ ਨਿਕਲਦੀ।

ਇਕ ਵੀ ਅਪ੍ਰਿਯ ਗੱਲ ਮੂੰਹੋਂ ਨਾ ਨਿਕਲੇ, ਕਿਉਂਕ ਸੱਚਾ ਮਾਲਿਕ ਹਰ ਪ੍ਰਾਣੀ ਦੇ ਅੰਦਰ ਹੈ—ਤਦ ਤਾਂ ਫਿਰ ਉਸ ਨੂੰ ਸਭ ਥਾਂ ਉਸੇ ਦੀ ਝਲਕ ਵਿਖਾਈ ਪੈਣ ਲੱਗਦੀ ਹੈ।

ਇਕ ਹੀ ਜੋਤ ਜਗ ਰਹੀ ਹੈ ਸਾਰਿਆਂ ਦੀਵਿਆਂ ਵਿਚ। ਅਤੇ ਇਕ ਹੀ ਪ੍ਰਾਣ ਉਜਾਗਰ ਹੈ ਸਭ ਘਟਾਂ ਵਿਚ।

ਕਿਸੇ ਦੇ ਦਿਲ ਨੂੰ ਤੂੰ ਨਾ ਦੁਖਾ, ਕਿਉਂਕਿ ਹਰ ਦਿਲ ਇਕ ਅਨਮੋਲ ਰਤਨ ਹੈ। ਅਤੇ ਹਰ ਦਿਲ ਇਕ ਰਤਨ ਹੈ, ਉਸ ਨੂੰ ਦੁਖਾਉਣਾ ਕਿਸੇ ਵੀ ਤਰ੍ਹਾਂ ਠੀਕ ਨਹੀਂ। ਜੇਕਰ ਤੂੰ ਪ੍ਰੀਤਮ ਦਾ ਆਸ਼ਿਕ ਹੈਂ ਤਾਂ ਕਿਸੇ ਦੇ ਵੀ ਦਿਲ ਨੂੰ ਨਾ ਦੁਖਾ, ਕਿਸੇ ਦੇ ਵੀ ਦਿਲ ਨੂੰ ਨਾ ਸਤਾ।

ਭਗਤੀ ਫ਼ਰੀਦ ਦੀ ਵਧਦੇ-ਵਧਦੇ ਮਹਾਂਵੀਰ ਦੀ ਅਹਿੰਸਾ ਹੋ ਜਾਂਦੀ ਹੈ। ਭਗਤੀ ਵਧਦੇ-ਵਧਦੇ ਬੁੱਧ ਦੀ ਕਰੁਣਾ ਹੋ ਜਾਂਦੀ ਹੈ। ਸ਼ੁਰੂ ਹੋਇਆ ਪ੍ਰੇਮ ਪਰਮਾਤਮਾ ਤੋਂ, ਅੰਤ ਹੁੰਦਾ ਹੈ, ਪ੍ਰੇਮ ਸਮੱਸਤ ਨਾਲ, ਸਰਬ ਨਾਲ। ਸ਼ੁਰੂ ਤਾਂ

ਹੋਈ ਸੀ ਗੰਗੋਤ੍ਰੀ, ਬੜੀ ਮਹੀਨ ਧਾਰ ਸੀ, ਜਦ ਸਾਗਰ ਵਿਚ ਡਿੱਗਦੀ ਹੈ ਤਾਂ ਗੰਗਾ ਬਹੁਤ ਵੱਡੀ ਹੋ ਜਾਂਦੀ ਹੈ।

ਸ਼ੁਰੂ ਤਾਂ ਹੁੰਦਾ ਹੈ ਪ੍ਰੇਮ ਇਵੇਂ ਹੀ ਜਿਵੇਂ ਆਸ਼ਿਕ ਦਾ ਮਾਸ਼ੂਕ ਦੇ ਨਾਲ, ਮਾਸ਼ੂਕ ਦਾ ਆਸ਼ਿਕ ਦੇ ਨਾਲ; ਲੇਕਿਨ ਜਿਵੇਂ-ਜਿਵੇਂ ਪ੍ਰੇਮ ਦੀ ਤਾਰ ਡੂੰਘੀ ਹੁੰਦੀ ਹੈ, ਸਭਨਾਂ ਵਿਚ ਉਹ ਹੀ ਪਰਮਾਤਮਾ ਵਿਖਾਈ ਪੈਣ ਲੱਗਦਾ ਹੈ। ਅਤੇ ਇਕ ਅਜਿਹੀ ਘੜੀ ਆਉਂਦੀ ਹੈ ਕਿ ਉਸ ਤੋਂ ਸਿਵਾ ਕੋਈ ਵੀ ਵਿਖਾਈ ਨਹੀਂ ਪੈਂਦਾ। ਸਾਰੇ ਘਰ ਉਸ ਦੇ ਮੰਦਿਰ ਹੋ ਜਾਂਦੇ ਹਨ। ਅਤੇ ਹਰ ਅੱਖ ਵਿਚ ਉਹੀ ਝਾਂਕਦਾ ਹੈ, ਹਰ ਪ੍ਰਾਣੀ ਵਿਚ ਉਹੀ ਧੜਕਦਾ ਹੈ। ਅਤੇ ਜਿਸ ਦਿਨ ਭਗਤੀ ਇਸ ਉਚਾਈ ਤੇ ਪੁੱਜਦੀ ਹੈ, ਉਸ ਦਿਨ ਭਗਤ ਭਗਵਾਨ ਹੋ ਗਿਆ। ਉਸ ਦਿਨ ਭਗਤ ਅਤੇ ਭਗਵਾਨ ਵਿਚ ਕੋਈ ਭੇਦ ਨਹੀਂ।

ਅਜਿਹੀ ਇਹ ਪ੍ਰੇਮ ਦੀ ਕਥਾ ਹੈ। ਅਕੱਥ ਕਹਾਣੀ ਪ੍ਰੇਮ ਦੀ।

ਅੱਜ ਏਨਾ ਹੀ।

ਦਸਵਾਂ ਪ੍ਰਵਚਨ

ਸਵਾਲ-ਸਾਰ

1. ਦੀਨਤਾ, ਧੀਰਜ ਅਤੇ ਸ਼ੀਲ ਨੂੰ ਕਿਵੇਂ ਸਾਧੀਏ ?

2. ਪ੍ਰਕਿਰਤੀ ਦੇ ਕਣ-ਕਣ ਵਿਚ ਭਗਵਤਾ ਅਤੇ ਬੁੱਧਤਵ ਦੀ ਭਗਵਤਾ ਦੇ ਗੁਣਧਰਮ ਵਿਚ ਕੀ ਫ਼ਰਕ ਹੈ ?

3. ਕੀ ਕਦੇ ਭਗਵਾਨ ਵੀ ਭਗਤ ਹੁੰਦਾ ਹੈ ?

4. ਸਾਰ-ਅਸਾਰ ਦੀ ਸੀਮਾ ਰੇਖਾ ਕਿੱਥੇ ਹੈ ?

5. ਸਾਫ਼ਨਿਆਂ ਤੋਂ ਰਹਿਤ ਜੀਵਨ ਵੀ ਰਸਪੂਰਣ ਕਿਵੇਂ ਹੁੰਦਾ ਹੈ ?

6. ਫ਼ਰੀਦ ਵਰਗੇ ਸੰਤ ਸਾਨੂੰ ਇੰਨੇ ਆਤਮੀਯ ਕਿਉਂ ਲੱਗਦੇ ਹਨ ?

7. ਪਰਮਾਤਮਾ ਨੇ ਸਾਨੂੰ ਬਣਾਇਆ—ਫਿਰ ਵੀ ਉਸ ਦਾ ਵਿਸਮ੍ਰਣ ਕਿਉਂ ?

ਪਹਿਲਾ ਸਵਾਲ—ਸੰਤ ਫ਼ਰੀਦ ਨੇ ਦੀਨਤਾ, ਧੀਰਜ ਅਤੇ ਸ਼ੀਲ ਦੀ ਗੱਲ ਕਹੀ ਅਤੇ ਤੁਸੀਂ ਉਨ੍ਹਾਂ ਦੀ ਵਿਆਖਿਆ ਕਰਦੇ ਹੋਏ ਉਨ੍ਹਾਂ ਨੂੰ ਬਹੁਤ ਮਹੱਤਵਪੂਰਣ ਦੱਸਿਆ। ਕਿਰਪਾ ਕਰ ਕੇ ਦੱਸੋ ਕਿ ਕੀ ਇਹ ਗੁਣ ਬਾਹਰੋਂ ਸਿੱਖੇ ਜਾ ਸਕਦੇ ਹਨ, ਬਾਹਰੋਂ ਸਾਧੇ ਜਾ ਸਕਦੇ ਹਨ ?

ਧਰਮ ਨੂੰ ਬਾਹਰੋਂ ਸਿੱਖਣ ਦਾ ਕੋਈ ਉਪਾਇ ਨਹੀਂ ਹੈ। ਜਿਸ ਨੇ ਧਰਮ ਨੂੰ ਬਾਹਰੋਂ ਸਿੱਖਣਾ ਚਾਹਿਆ, ਉਹ ਧਰਮ ਦੇ ਨਾਂ 'ਤੇ ਸਿਰਫ਼ ਆਪਣੇ ਆਪ ਨੂੰ ਧੋਖਾ ਦੇਵੇਗਾ।

ਧਰਮ ਤਾਂ ਜਾਗ੍ਰਤ ਹੁੰਦਾ ਹੈ ਅੰਦਰੋਂ। ਉਹ ਤੁਹਾਡੇ ਅੰਦਰ ਦੇ ਜਾਗਰਣ ਦਾ ਨਤੀਜਾ ਹੈ।

ਧਰਮ ਆਚਰਨ ਨਹੀਂ ਹੈ। ਭੁੱਲ ਕੇ ਵੀ ਧਰਮ ਨੂੰ ਆਚਰਨ ਨਾ ਸਮਝਣਾ। ਇਸ ਦਾ ਇਹ ਅਰਥ ਨਹੀਂ ਹੈ ਕਿ ਧਰਮ ਨਾਲ ਆਚਰਨ ਰੂਪਾਂਤਰਿਤ ਨਹੀਂ ਹੁੰਦਾ, ਰੂਪਾਂਤਰਿਤ (ਬਦਲਣਾ) ਹੁੰਦਾ ਹੈ, ਲੇਕਿਨ ਆਰੋਪਿਤ (ਥੋਪਣਾ) ਨਹੀਂ ਕੀਤਾ ਜਾਂਦਾ। ਤੁਸੀਂ ਬਦਲਦੇ ਹੋ, ਇਸ ਲਈ ਤੁਹਾਡਾ ਸਲੂਕ ਬਦਲ ਜਾਂਦਾ ਹੈ। ਤੁਸੀਂ ਨਵੇਂ ਹੋ ਜਾਂਦੇ ਹੋ, ਇਸ ਲਈ ਤੁਹਾਡੇ ਵਰਤਾਓ ਵਿਚ ਨਈਂ ਗੰਧ ਆ ਜਾਂਦੀ ਹੈ। ਲੇਕਿਨ ਤੁਹਾਡਾ ਵਰਤਾਓ ਬਦਲਣ ਨਾਲ ਤੁਸੀਂ ਨਹੀਂ ਬਦਲੋਗੇ। ਤੁਸੀਂ ਤੁਹਾਡੇ ਵਰਤਾਓ ਤੋਂ ਬਹੁਤ ਵੱਡੇ ਹੋ। ਤੁਸੀਂ ਜੋ ਕਰਦੇ ਹੋ, ਉਸ ਤੋਂ ਤੁਹਾਡਾ ਹੋਣਾ ਬਹੁਤ ਵਿਰਾਟ ਹੈ। ਤੁਹਾਡਾ ਕ੍ਰਤਯ (ਕਰਮ) ਤੁਹਾਨੂੰ ਨਹੀਂ ਛੂਹ ਸਕੇਗਾ। ਕਰਮ ਤਾਂ ਅਜਿਹਾ ਹੈ ਜਿਵੇਂ ਦਰੱਖ਼ਤਾਂ 'ਤੇ ਲੱਗੇ ਪੱਤੇ ਹਨ, ਹਜ਼ਾਰਾਂ ਹਨ। ਅਤੇ ਧਿਆਨ ਰੱਖਣਾ, ਦਰੱਖ਼ਤ ਦੇ ਪੱਤੇ ਨੂੰ ਤੁਸੀਂ ਰੰਗ ਦਿਓ, ਇਸ ਨਾਲ ਕੁਝ ਫ਼ਰਕ ਨਹੀਂ ਪਏਗਾ, ਦਰੱਖ਼ਤ ਵਿਚ ਜਦ ਨਵੇਂ ਪੱਤੇ ਆਉਣਗੇ ਉਹ ਫਿਰ ਉਸੇ ਰੰਗ ਦੇ ਹੋਣਗੇ, ਜਿਸ ਰੰਗ ਦੇ ਸੀ। ਤੁਹਾਡੇ ਰੰਗੇ ਪੱਤੇ ਦਿਨ ਦੋ ਦਿਨ ਲਈ ਧੋਖਾ ਦੇ ਦੇਣਗੇ। ਇਸ ਤੋਂ ਬਹੁਤੇ ਕੰਮ ਦੇ ਨਹੀਂ ਹਨ। ਦਰੱਖ਼ਤ ਦੀ ਜੜ੍ਹ ਵਿਚ ਹੀ ਕੋਈ ਬਦਲਾਓ ਹੋਵੇ, ਜੜ੍ਹ ਤੋਂ ਹੀ ਬਦਲਾਹਟ ਹੋਵੇ, ਤਾਂ ਦਰੱਖ਼ਤ ਵਿਚ ਨਵੇਂ ਰੰਗ, ਨਵੇਂ ਢੰਗ ਆ ਸਕਦੇ ਹਨ।

ਜੀਵਨ ਨੂੰ ਬਦਲਣ ਦੇ ਦੋ ਉਪਾਇ ਹਨ। ਇਕ ਹੈ ਕਿ ਤੁਸੀਂ ਬਾਹਰੋਂ ਜੀਵਨ ਉੱਤੇ ਰੰਗ ਰੋਗਨ ਕਰ ਲਓ। ਨੀਤੀ ਇਹ ਹੀ ਕਰਦੀ ਹੈ। ਇਸ ਲਈ

ਨੀਤੀ (ਰਾਜ ਵਿਦਿਆ) ਦੇ ਕੋਲ ਤੁਸੀਂ ਧਰਮ ਦੇ ਸੰਬੰਧ ਵਿਚ ਸਾਰੇ ਝੂਠੇ ਸਿੱਕੇ ਪਾਉਗੇ। ਜਿਵੇਂ ਧਰਮ ਕਹਿੰਦਾ ਹੈ ਦੀਨਤਾ! ਜੇਕਰ ਅੰਦਰੋਂ ਆਏਗੀ ਤਾਂ ਇਸ ਦੀਨਤਾ ਵਿਚ ਕੋਈ ਹੰਕਾਰ ਨਹੀਂ ਹੋਵੇਗਾ, ਜੇਕਰ ਬਾਹਰੋਂ ਥੋਪੋਗੇ ਤਾਂ ਇਸ ਦੀਨਤਾ ਵਿਚ ਹੰਕਾਰ ਹੋਏਗਾ। ਬਾਹਰੋਂ ਤੁਸੀਂ ਦੀਨਤਾ ਨੂੰ ਥੋਪੋਗੇ ਤਾਂ ਤੁਸੀਂ ਵਿਖਾਉਣਾ ਚਾਹੋਗੇ ਕਿ ਤੁਸੀਂ ਦੀਨ ਹੋ। ਤੁਸੀਂ ਚਾਹੋਗੇ ਕਿ ਲੋਕ ਜਾਨਣ ਕਿ ਤੁਸੀਂ ਦੀਨ ਹੋ। ਤੁਸੀਂ ਥਾਂ-ਥਾਂ ਉਛਾਲਦੇ ਫਿਰੋਗੇ ਆਪਣੀ ਦੀਨਤਾ ਨੂੰ। ਪ੍ਰਦਰਸ਼ਨ ਹੋਏਗਾ ਉਸ ਦਾ।

ਇਕ ਫ਼ਕੀਰ ਸੁਕਰਾਤ ਨੂੰ ਮਿਲਣ ਆਇਆ। ਉਹ ਬਹੁਤ ਦੀਨ ਫ਼ਕੀਰ ਸੀ। ਉਸ ਦੇ ਕੱਪੜੇ ਫਟੇ ਹੋਏ ਸਨ। ਅਤੇ ਸੁਕਰਾਤ ਨਾਲ ਜਦ ਉਹ ਗੱਲ ਕਰਨ ਲੱਗਾ ਤਾਂ ਸੁਕਰਾਤ ਥੋੜ੍ਹਾ ਹੈਰਾਨ ਹੋਇਆ, ਕਿਉਂਕਿ ਆਦਮੀ ਦੇ ਕੱਪੜੇ ਤਾਂ ਫਟੇ ਹੋਏ ਸਨ, ਪਰ ਹੰਕਾਰ ਬਿਲਕੁਲ ਤਾਜ਼ਾ ਸੀ, ਸਾਬਤ ਸੀ। ਕੱਪੜਿਆਂ ਵਿਚ ਤਾਂ ਮੋਰੀਆਂ ਸਨ, ਲੀਰ-ਲੀਰ ਚੀਥੜੇ ਸਨ, ਉਪਰੋਂ ਤਾਂ ਗਰੀਬੀ ਸੀ, ਲੇਕਿਨ ਅੰਦਰ ਬਹੁਤ ਹੰਕਾਰ ਦਾ ਭਾਵ ਸੀ। ਸੁਕਰਾਤ ਨੇ ਉਸ ਨੂੰ ਆਖਿਆ—ਸ੍ਰੀਮਾਨ ਜੀ, ਕੱਪੜੇ ਫਟਣ ਨਾਲ ਕੁਝ ਵੀ ਨਹੀਂ ਹੋਏਗਾ। ਤੇਰੇ ਕੱਪੜਿਆਂ ਦੇ ਛੇਕਾਂ ਵਿਚੋਂ ਤੇਰਾ ਹੰਕਾਰ ਝਲਕ ਰਿਹਾ ਹੈ, ਹੋਰ ਕੁਝ ਵੀ ਨਹੀਂ।

ਜੇਕਰ ਦੀਨਤਾ ਤੁਸੀਂ ਉਪਰੋਂ ਥੋਪੀ ਤਾਂ ਤੁਹਾਨੂੰ ਦੀਨਤਾ ਦੀ ਆਕੜ ਪੈਦਾ ਹੋਵੇਗੀ। ਪਰ ਜੇਕਰ ਦੀਨਤਾ ਅੰਦਰੋਂ ਆਈ, ਤਾਂ ਤੁਹਾਡੇ ਹੰਕਾਰ ਨੂੰ ਪੂਰਾ ਰੋੜ੍ਹ ਕੇ ਲੈ ਜਾਏਗੀ। ਤੁਸੀਂ ਭੁੱਲ ਹੀ ਜਾਉਗੇ ਕਿ ਤੁਸੀਂ ਦੀਨ ਹੋ। ਤੁਹਾਨੂੰ ਚੇਤਾ ਹੀ ਨਹੀਂ ਰਹੇਗਾ ਕਿ ਤੁਸੀਂ ਦਰਿਦ੍ਰ ਹੋ। ਤੁਸੀਂ ਇਸ ਦੀ ਘੋਸ਼ਣਾ ਨਹੀਂ ਕਰਦੇ ਫਿਰੋਗੇ। ਕੌਣ ਘੋਸ਼ਣਾ ਕਰੇਗਾ? ਅੰਦਰ ਇਕ ਸ਼ੂਨਯ ਛਾ ਜਾਂਦਾ ਹੈ।

ਸੋ ਇਕ ਤਾਂ ਸ਼ੂਨਯ ਦੀ ਦੀਨਤਾ ਹੈ, ਸ਼ੂਨਯ ਤੋਂ ਉਪਜੀ ਦਰਿਦ੍ਰਤਾ ਹੈ, ਜਿਸ ਨੂੰ ਜੀਸਸ ਨੇ ਪੂਅਰ ਇਨ ਸਪਿਰਟ ਕਿਹਾ ਹੈ—ਉਹ ਜਿਹੜੇ ਆਪਣੇ ਅੰਦਰੋਂ, ਆਤਮਾ ਤੋਂ ਦੀਨ ਹੋ ਗਏ ਹਨ ਅਤੇ ਇਕ ਤੁਹਾਡੇ ਤਥਾ ਕਥਿਤ ਸਾਧੂ, ਸੰਨਿਆਸੀ, ਮੁਨੀਆਂ ਦੀ ਦੀਨਤਾ ਹੈ, ਜਿਹੜੀ ਉਨ੍ਹਾਂ ਨੇ ਉਪਰੋਂ ਥੋਪ ਲਈ ਹੈ। ਉਨ੍ਹਾਂ ਦੀਆਂ ਅੱਖਾਂ ਵਿਚ ਜ਼ਰਾ ਅੱਖਾਂ ਪਾ ਕੇ ਵੇਖਣਾ ਤੁਸੀਂ ਉੱਥੇ ਹੰਕਾਰ ਨੂੰ ਹੀ ਝਲਕਦਾ ਪਾਉਗੇ।

ਫ਼ਰੀਦ ਕਹਿੰਦਾ ਹੈ—ਧੀਰਜ! ਅੰਦਰੋਂ ਜੋ ਧੀਰਜ ਆਏਗਾ, ਉਸ ਧੀਰਜ ਵਿਚ ਪਰਮ ਸ਼ਾਂਤੀ ਹੋਏਗੀ, ਕੋਈ ਤਰੰਗ ਵੀ ਨਹੀਂ ਉੱਠੇਗੀ ਬੇ-ਚੈਨੀ ਦੀ। ਬਾਹਰੋਂ ਜਿਹੜਾ ਧੀਰਜ ਹੋਏਗਾ, ਉਹ ਕੇਵਲ ਧੀਰਜ ਦਾ ਆਸ਼ਵਾਸਨ (ਦਿਲਾਸਾ, ਤਸੱਲੀ) ਹੋਏਗਾ। ਬਾਹਰੋਂ ਜੋ ਧੀਰਜ ਹੋਏਗਾ ਉਹ ਧੀਰਜ ਘੱਟ,

ਇਕ ਤਰ੍ਹਾਂ ਦਾ ਦਿਲਾਸਾ ਹੋਏਗਾ। ਤੁਸੀਂ ਕਹੋਗੇ—ਘਬਰਾਓ ਨਾ, ਬਹੁਤੀ ਦੂਰ ਨਹੀਂ ਹੈ, ਬੱਸ ਹੁਣ ਆਉਣ ਹੀ ਵਾਲਾ ਹੈ ਪ੍ਰੀਤਮ, ਹੁਣ ਪਿਆਰਾ ਆਉਂਦਾ ਹੀ ਹੋਏਗਾ, ਥੋੜ੍ਹਾ ਧੀਰਜ ਹੋਰ ਰੱਖ ਮਨ, ਬੱਸ ਹੁਣ ਆਉਣ ਵਿਚ ਬਹੁਤੀ ਦੇਰ ਨਹੀਂ ਹੈ।

ਇਸ ਤਰ੍ਹਾਂ ਸਮਝਾਉਗੇ। ਤੁਹਾਡਾ ਧੀਰਜ ਸਮਝਾਵਟ ਹੋਏਗਾ। ਤੁਸੀਂ ਆਪਣੇ ਆਪ ਨੂੰ ਸਮਝਾ-ਬੁਝਾ ਕੇ ਬਿਠਾ ਲਿਆ ਹੈ, ਲੇਕਿਨ ਅੰਦਰ ਤਾਂ ਤੁਹਾਡੀ ਬੇ-ਸਬਰੀ ਜਗਦੀ ਰਹੇਗੀ। ਹੋਰ ਤੁਹਾਡੇ ਬਾਹਰ ਕੀ ਹੈ ਇਹ ਪਰਮਾਤਮਾ ਨਹੀਂ ਵੇਖਦਾ, ਤੁਹਾਡੇ ਅੰਦਰ ਕੀ ਹੈ ਉਹ ਹੀ ਕਸੌਟੀ ਹੈ।

ਧੀਰਜ ਜਿਸ ਦੇ ਅੰਦਰ ਫਲਿੱਤ ਹੋਇਆ। ਉਹ ਤਾਂ ਫ਼ਿਕਰ ਹੀ ਛੱਡ ਦਿੰਦਾ ਹੈ, ਉਹ ਆਏਗਾ ਕਿ ਨਹੀਂ ਆਏਗਾ, ਸਮਝਾਉਂਦਾ ਵੀ ਨਹੀਂ ਕਿ ਹੁਣ ਆਉਂਦਾ ਹੀ ਹੋਏਗਾ। ਜਿਸ ਨੂੰ ਸਬਰ-ਸੰਤੋਖ ਅੰਦਰੋਂ ਮਿਲਿਆ ਹੈ, ਉਸ ਲਈ ਤਾਂ ਪਰਮਾਤਮਾ ਆ ਹੀ ਗਿਆ। ਪਰਮਾਤਮਾ ਵੱਲੋਂ ਆਉਣਾ ਜਦ ਹੋਏਗਾ, ਹੋਏਗਾ—ਲੇਕਿਨ ਭਗਤ ਦੇ ਵੱਲੋਂ ਤਾਂ ਆਉਣਾ ਹੋ ਹੀ ਗਿਆ। ਉਹ ਤਾਂ ਉਸ ਦੇ ਧੀਰਜ ਵਿਚ ਹੀ ਆ ਗਿਆ। ਹੁਣ ਕੁਝ ਹੋਰ ਅਲੱਗ ਤੋਂ ਪਾਉਣ ਦੀ ਲੋੜ ਨਹੀਂ ਹੈ। ਹੁਣ ਨਾ ਆਵੇ ਅਨੰਤ ਤੱਕ ਤਾਂ ਵੀ ਭਗਤ ਪਿੱਛੇ ਪਰਤ ਕੇ ਨਹੀਂ ਵੇਖੇਗਾ, ਹੁਣ ਤੱਕ ਆਏ ਨਹੀਂ। ਸ਼ਿਕਾਇਤ ਨਹੀਂ ਹੋਏਗੀ।

ਹੋਰ, ਦੋਹਾਂ ਧੀਰਜਾਂ ਵਿਚ ਬਹੁਤ ਫ਼ਰਕ ਹੈ। ਇਕ ਧੀਰਜ ਦਿਖਾਵਾ ਹੈ, ਇਕ ਧੀਰਜ ਸਤਯ ਹੈ।

ਸ਼ੀਲ!—ਫ਼ਰੀਦ ਕਹਿ ਰਿਹਾ ਹੈ। ਸ਼ੀਲ ਦਾ ਅਰਥ ਹੈ—ਪਵਿੱਤ੍ਰਤਮ ਆਚਰਣ।

ਸੋ ਇਕ ਤਾਂ ਪਵਿੱਤ੍ਰਤਾ ਹੁੰਦੀ ਹੈ ਜਿਹੜੀ ਤੁਹਾਨੂੰ ਸਮਾਜ ਸਿਖਾਉਂਦਾ ਹੈ—ਕੀ ਕਰੋ, ਕੀ ਨਾ ਕਰੋ। ਹਰ ਸਮਾਜ ਦੀਆਂ ਪਵਿੱਤ੍ਰਤਾ ਦੀਆਂ ਧਾਰਨਾਵਾਂ ਵੱਖਰੀਆਂ ਹਨ। ਹਿੰਦੂ ਕਿਸੇ ਗੱਲ ਨੂੰ ਪਵਿੱਤ੍ਰ ਮੰਨਦੇ ਹਨ, ਮੁਸਲਮਾਨ ਕਿਸੇ ਗੱਲ ਨੂੰ ਪਵਿੱਤ੍ਰ ਮੰਨਦੇ ਹਨ। ਜੇਕਰ ਤੁਸੀਂ ਜੈਨ ਘਰ ਵਿਚ ਪੈਦਾ ਹੋਏ ਤਾਂ ਤੁਹਾਡੀ ਪਵਿੱਤ੍ਰਤਾ ਅਤੇ ਤੁਹਾਡਾ ਸ਼ੀਲ, ਆਚਰਣ ਮੁਸਲਮਾਨ ਤੋਂ ਭਿੰਨ ਹੋਏਗਾ, ਹਿੰਦੂ ਤੋਂ ਭਿੰਨ ਹੋਏਗਾ, ਬੋਧ ਕੋਲੋਂ ਭਿੰਨ ਹੋਏਗਾ, ਕਿਉਂਕਿ ਉਹ ਤੁਸੀਂ ਸਿੱਖਿਆ ਹੈ। ਪਰ ਜੇਕਰ ਅੰਦਰੋਂ ਸ਼ੀਲ ਆਇਆ ਤਾਂ ਤੁਸੀਂ ਅਚਾਨਕ ਪਾਉਗੇ, ਤੁਹਾਡੇ ਆਚਰਣ ਦਾ ਨਾ ਤਾਂ ਹਿੰਦੂ ਨਾਲ, ਨਾ ਮੁਸਲਮਾਨ ਨਾਲ, ਨਾ ਈਸਾਈ ਨਾਲ ਕੁਝ ਲੈਣਾ-ਦੇਣਾ ਹੈ। ਹੁਣ ਤੁਹਾਡੇ ਅੰਦਰ ਇਕ ਆਚਰਣ ਪੈਦਾ ਹੋਇਆ ਜੋ ਤੁਹਾਡਾ ਆਪਣਾ ਹੈ। ਸ਼ੀਲ ਤੁਹਾਡਾ ਹੋਏਗਾ ਤਦ। ਤਦ ਸੰਸਕਾਰ ਨਹੀਂ

ਹੋਏਗਾ। ਤਦ ਤੁਹਾਡੇ ਗਿਆਨ ਨਾਲ ਆਏਗਾ, ਤੁਹਾਡੀ ਸਮਝ ਤੋਂ ਆਏਗਾ। ਤੁਸੀਂ ਠੀਕ ਕਰੋਗੇ ਕਿਉਂਕਿ ਤੁਹਾੜੇ ਕੋਲ ਠੀਕ ਵੇਖਣ ਦਾ ਢੰਗ ਹੋਏਗਾ। ਦੂਜੇ ਲੋਕ ਕਹਿੰਦੇ ਹਨ ਕਿ ਠੀਕ ਹੈ, ਇਸ ਕਾਰਨ ਨਹੀਂ, ਤੁਹਾਨੂੰ ਵਿਖਾਈ ਪਏਗਾ ਕਿ ਕੀ ਠੀਕ ਹੈ। ਸਮਯੱਕ (ਪੂਰਣ) ਦ੍ਰਿਸ਼ਟੀ ਹੋਏਗੀ ਤੁਹਾਡੇ ਕੋਲ।

ਇਨ੍ਹਾਂ ਤਿੰਨਾਂ ਗੁਣਾਂ ਨੂੰ ਬਾਹਰੋਂ ਸਾਧਣ ਦਾ ਕੋਈ ਉਪਾਇ ਨਹੀਂ, ਅੰਦਰੋਂ ਹੀ ਸਾਧਿਆ ਜਾ ਸਕਦਾ ਹੈ। ਬਾਹਰੋਂ ਸਾਧਣ ਦਾ ਅਰਥ ਹੈ, ਤੁਸੀਂ ਉਤਾਵਲੇ ਹੋ ਕਿ ਦੂਜੇ ਲੋਕ ਤੁਹਾਨੂੰ ਕਿਹੋ ਜਿਹਾ ਮੰਨਦੇ ਹਨ। ਅੰਦਰੋਂ ਸਾਧਣ ਦਾ ਅਰਥ ਹੈ ਕਿ ਤੁਸੀਂ ਉਤਾਵਲੇ ਹੋ ਕਿ ਤੁਸੀਂ ਅੰਦਰੋਂ ਕਿਹੋ ਜਿਹੇ ਹੋ। ਦੂਜਿਆਂ ਤੋਂ ਕੀ ਲੈਣਾ-ਦੇਣਾ ਹੈ, ਕੀ ਮਤਲਬ ਹੈ? ਦੂਜੇ ਸਮਝਦੇ ਹੋਣ ਕਿ ਤੁਸੀਂ ਸਬਰ ਸੰਤੋਖ ਵਾਲੇ ਹੋ ਅਤੇ ਧੀਰਜ ਵਾਲੇ ਨਹੀਂ ਹੋ—ਕੀ ਫ਼ਰਕ ਪੈਂਦਾ ਹੈ? ਕੀ ਸਮਝਾਉਣ ਜਾਣਾ ਹੈ ਉਨ੍ਹਾਂ ਨੂੰ? ਉਨ੍ਹਾਂ ਨਾਲ ਕੀ ਮਤਲਬ? ਦੂਜੇ ਸਮਝਦੇ ਹਨ ਤੁਸੀਂ ਆਚਰਣਹੀਨ ਹੋ। ਤੁਸੀਂ ਤਸੱਲੀਬਖ਼ਸ਼ ਹੋ ਆਪਣੇ ਆਚਰਣ ਤੋਂ, ਹੁਣ ਤੁਸੀਂ ਕਿਸੇ ਨੂੰ ਸਮਝਾਉਣ, ਦਾਅਵਾ ਕਰਨ, ਪ੍ਰਮਾਣ ਦੇਣ ਤਾਂ ਨਹੀਂ ਜਾਉਗੇ। ਕੀ ਮਤਲਬ ਹੈ? ਕੌਣ ਕਿਸ ਨੂੰ ਸਮਝਾ ਸਕਿਆ ਹੈ? ਹੋਰ, ਜਦ ਤੁਸੀਂ ਆਚਰਣਵਾਨ ਹੋ, ਗੱਲ ਸਮਾਪਤ ਹੋ ਗਈ।

ਪਰਮਾਤਮਾ ਇਹ ਨਹੀਂ ਪੁੱਛੇਗਾ, ਕਿ ਦੂਜੇ ਤੁਹਾਡੇ ਸੰਬੰਧ ਵਿਚ ਕੀ ਕਹਿੰਦੇ ਸਨ, ਪਰਮਾਤਮਾ ਦੇ ਸਾਹਮਣੇ ਜਦ ਤੁਸੀਂ ਖਲੋਵੋਗੇ, ਤੁਹਾਡਾ ਅੰਤਾਕਰਣ ਝਲਕੇਗਾ।

ਕਿਵੇਂ ਇਨ੍ਹਾਂ ਨੂੰ ਅੰਦਰੋਂ ਸਾਧੀਏ? ਬਾਹਰੋਂ ਸਾਧਣਾ ਆਸਾਨ ਹੈ। ਅੰਦਰੋਂ ਸਾਧਣਾ ਬੜਾ ਔਖਾ ਹੈ, ਕਿਉਂਕਿ ਬਾਹਰੋਂ ਸਾਧਣ ਨਾਲ ਬਦਲਣਾ ਤਾਂ ਪੈਂਦਾ ਨਹੀਂ, ਤੁਸੀਂ ਤਾਂ ਤੁਸੀਂ ਰਹਿੰਦੇ ਹੋ, ਉਪਰੋਂ ਥੋੜ੍ਹੇ ਕੱਪੜੇ ਬਦਲ ਲੈਂਦੇ ਹੋ। ਤੁਸੀਂ ਤਾਂ ਤੁਸੀਂ ਹੀ ਰਹਿੰਦੇ ਹੋ, ਤੁਹਾਡੀ ਕਰੂਪਤਾ ਤਾਂ ਕਰੂਪਤਾ ਹੀ ਰਹਿੰਦੀ ਹੈ, ਉਪਰੋਂ ਥੋੜ੍ਹੀ ਸੁਗੰਧ ਛਿੜਕ ਲੈਂਦੇ ਹੋ।

ਬਾਹਰੋਂ ਸਾਧਣਾ ਤਾਂ ਬਿਲਕੁਲ ਆਸਾਨ ਹੈ। ਉਹ ਤਾਂ ਨਾਟਕ ਹੈ। ਉਹ ਤਾਂ ਅਭਿਨਯ (ਐਕਟਿੰਗ) ਹੈ। ਅੰਦਰੋਂ ਸਾਧਣਾ ਤਾਂ ਔਖਾ ਹੈ, ਕਿਉਂਕਿ ਤੁਹਾਨੂੰ ਬਦਲਣਾ ਪਏਗਾ। ਇੰਚ-ਇੰਚ ਬਦਲਾਹਟ ਕਰਨੀ ਹੋਏਗੀ। ਨਵੇਂ ਨੂੰ ਜਨਮ ਦੇਣਾ ਹੋਏਗਾ। ਪੁਰਾਣੇ ਨੂੰ ਵਿਦਾ ਕਰਨਾ ਹੋਏਗਾ। ਕ੍ਰਾਂਤੀ ਹੋਏਗੀ। ਅੱਗ ਵਿਚੋਂ ਲੰਘੋਗੇ।

ਅੰਦਰੋਂ ਕਿਵੇਂ ਸਾਧੋਗੇ? ਅਤੇ ਕੀ ਆਧਾਰ ਹੋਏਗਾ ਅੰਦਰ ਦੇ ਸਾਧਣ ਦਾ?

ਦੋ ਆਧਾਰ ਹਨ ਜਿਸ ਤਰ੍ਹਾਂ ਮੈਂ ਫ਼ਰੀਦ ਦੀ ਚਰਚਾ ਵਿਚ ਬਾਰ-ਬਾਰ ਕਿਹਾ। ਇਕ ਆਧਾਰ ਹੈ ਪ੍ਰੇਮ ਦਾ ਅਤੇ ਇਕ ਆਧਾਰ ਧਿਆਨ ਦਾ। ਜਿਸ ਨੂੰ ਅੰਦਰੋਂ ਸਾਧਣਾ ਹੈ ਜਾਂ ਤਾਂ ਉਹ ਪਰਮਾਤਮਾ ਦੇ ਡੂੰਘੇ ਪ੍ਰੇਮ ਵਿਚ ਪੈ ਜਾਏ। ਕਿਉਂਕਿ ਜਦ ਤੁਸੀਂ ਉਸ ਨੂੰ ਅਸਲੀਅਤ ਵਿਚ ਪਿਆਰ ਕਰਨ ਲੱਗਦੇ ਹੋ, ਤਾਂ ਉਹ ਹੀ ਪ੍ਰੇਮ ਤੁਹਾਨੂੰ ਬਦਲ ਦੇਵੇਗਾ। ਤੁਸੀਂ ਪ੍ਰੇਮ ਕੀਤਾ ਅਤੇ ਤੁਸੀਂ ਬਦਲੇ, ਕਿਉਂਕਿ ਜਿਸ ਨੂੰ ਤੁਸੀਂ ਪ੍ਰੇਮ ਕੀਤਾ, ਉਸ ਨੂੰ ਤੁਸੀਂ ਧੋਖਾ ਨਹੀਂ ਦੇ ਸਕੋਗੇ, ਜਿਸ ਨੂੰ ਤੁਸੀਂ ਪ੍ਰੇਮ ਕੀਤਾ ਚਾਹਿਆ, ਪੂਰੇ ਮਨ ਨਾਲ ਚਾਹਿਆ, ਤੁਸੀਂ ਉਸ ਲਈ ਆਪਣੇ ਆਪ ਨੂੰ ਤਿਆਰ ਵੀ ਕਰੋਗੇ। ਜਿਸ ਨੂੰ ਬੁਲਾਇਆ ਹੈ ਉਸ ਦੇ ਲਾਇਕ ਵੀ ਹੋਣਾ ਪਏਗਾ। ਬੁਲਾਵਾ ਭੇਜਿਆ ਹੈ ਤਾਂ ਸ਼ੀਲ ਵੀ ਨਿਰਮਿਤ ਹੋਏਗਾ। ਪਰ ਤੁਹਾਨੂੰ ਕੁਝ ਕਰਨਾ ਨਹੀਂ ਪਵੇਗਾ, ਤੁਹਾਡਾ ਪਿਆਰ ਹੀ ਕਰ ਲਵੇਗਾ।

ਸੋ ਜਾਂ ਤਾਂ ਤੁਸੀਂ ਪ੍ਰੇਮ ਵਿਚ ਪੈ ਜਾਓ ਅਸਤਿੱਤਵ (ਹੋਂਦ) ਦੇ, ਤਦ ਤੁਹਾਡੇ ਵਿਚ ਫੁੱਲਾਂ ਵਰਗੀ ਗੰਧ, ਸਵੇਰੇ ਦੀ ਓਸ ਵਰਗੀ ਤਾਜ਼ਗੀ ਆਪਣੇ ਆਪ ਪੈਦਾ ਹੋਣ ਲੱਗੇਗੀ ਅਤੇ ਇਕ ਅਨੰਤ ਧੀਰਜ ਤੁਹਾਡੇ ਅੰਦਰ ਆ ਜਾਏਗਾ, ਕਿਉਂਕਿ ਉਸ ਦੀ ਯਾਦ ਵੀ ਜਦ ਇੰਨਾ ਸੁੱਖ ਦੇਵੇਗੀ, ਉਸ ਦਾ ਸਿਮਰਨ ਵੀ ਜਦ ਤੁਹਾਨੂੰ ਇੰਨੀ ਪੁਲਕ ਅਤੇ ਨਾਚ ਨਾਲ ਭਰ ਜਾਏਗਾ, ਤਾਂ ਉਸ ਦੇ ਮਿਲਣ ਦੀ ਤਾਂ ਗੱਲ ਹੀ ਕੀ ਕਹਿਣੀ! ਉਸ ਦੇ ਮਿਲਣ ਦਾ ਖ਼ਿਆਲ ਹੀ ਕਾਫ਼ੀ ਹੋਏਗਾ, ਮਿਲਣ ਤਾਂ ਬਹੁਤ ਦੂਰ ਹੋਵੇ ਤਾਂ ਵੀ ਕੋਈ ਅੰਤਰ ਨਹੀਂ ਪੈਂਦਾ। ਉਸ ਨਾਲ ਮਿਲਣ ਹੋਣ ਵਾਲਾ ਹੈ—ਬੱਸ ਇੰਨਾ ਕਾਫ਼ੀ ਹੋਏਗਾ। ਇਸ ਨਾਲ ਹੀ ਤੁਸੀਂ ਸਬਰ-ਸੰਤੋਖ ਨਾਲ ਭਰ ਜਾਉਗੇ। ਤੁਹਾਡੇ ਮਨ ਦੀ ਝੀਲ ਉੱਤੇ ਕੋਈ ਲਹਿਰ ਨਹੀਂ ਉੱਠੇਗੀ, ਸਾਰੀਆਂ ਲਹਿਰਾਂ ਸੌਂ ਜਾਣਗੀਆਂ। ਸੰਨਾਟੇ ਵਿਚ ਚੁੱਪ ਹੋ ਕੇ ਤੁਸੀਂ ਉਸ ਦੀ ਉਡੀਕ ਕਰੋਗੇ। ਮੌਨ ਹੋ ਕੇ ਉਡੀਕ ਕਰੋਗੇ—ਕਿਤੇ ਬੇਚੈਨੀ ਵਿਚ ਉਹ ਆਏ ਤੇ ਤੁਸੀਂ ਚੂਕ (ਭੁੱਲ) ਜਾਓ। ਕਿਤੇ ਅਜਿਹਾ ਨਾ ਹੋਵੇ ਕਿ ਤੁਸੀਂ ਵਿਚਾਰਾਂ ਵਿਚ ਉਲਝੇ ਰਹੋ, ਉਹ ਦਰਵਾਜ਼ੇ ਉੱਤੇ ਦਸਤਕ ਦੇਵੇ ਅਤੇ ਤੁਸੀਂ ਪਛਾਣ ਨਾ ਸਕੋ। ਕਿਤੇ ਅਜਿਹਾ ਨਾ ਹੋਵੇ ਕਿ ਉਹ ਕਿਸੇ ਇਹੋ ਜਿਹੇ ਰੂਪ ਵਿਚ ਆਵੇ ਅਤੇ ਤੁਸੀਂ ਉਸ ਦੀ ਪਛਾਣ ਨਾ ਕਰ ਸਕੋ। ਉਹ ਤਾਂ ਆਉਂਦਾ ਹੈ ਹਜ਼ਾਰ ਰੂਪਾਂ ਵਿਚ, ਹਜ਼ਾਰ ਬਹਾਨਿਆਂ ਨਾਲ ਤੁਹਾਡੇ ਦਰਵਾਜ਼ੇ 'ਤੇ ਦਸਤਕ ਦਿੰਦਾ ਹੈ। ਬਹੁਤ-ਬਹੁਤ ਰੂਪਾਂ ਵਿਚ ਤੁਹਾਡੇ ਹੱਥ ਫੜਦਾ ਹੈ। ਬਹੁਤ-ਬਹੁਤ ਰੂਪਾਂ ਵਿਚ ਤੁਹਾਨੂੰ ਪੁਕਾਰਦਾ ਹੈ, ਬੁਲਾਉਂਦਾ ਹੈ, ਰਿਝਾਉਂਦਾ ਹੈ। ਤੁਸੀਂ ਹੀ ਆਪਣੇ ਅੰਦਰ ਇੰਨੇ ਬੇਚੈਨ ਹੋ,

ਅਤੇ ਉਲਝੇ ਹੋ ਕਿ ਤੁਹਾਨੂੰ ਇਹ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ। ਤੁਸੀਂ ਕੁਝ ਦਾ ਕੁਝ ਸਮਝ ਲੈਂਦੇ ਹੋ।

ਸੋ ਜਿਵੇਂ ਵੀ ਤੁਸੀਂ ਉਸ ਦੇ ਪਿਆਰ ਨਾਲ ਭਰੋਗੇ, ਤੁਸੀਂ ਸੰਨਾਟੇ ਨਾਲ ਭਰ ਜਾਉਗੇ।

ਤੁਸੀਂ ਕਦੇ ਦੋ ਪ੍ਰੇਮੀਆਂ ਨੂੰ ਇਕੱਠੇ ਬੈਠੇ ਦੇਖਿਆ ਹੈ ? ਉਹ ਚੁੱਪ ਹੋ ਜਾਂਦੇ ਹਨ। ਬੋਲਣਾ ਵੀ ਵਿਘਨ ਮਾਲੂਮ ਹੁੰਦਾ ਹੈ। ਬੋਲਣ ਨਾਲ ਵੀ ਇਹ ਜਿਹੜਾ ਸੰਨਾਟਾ ਦੋਹਾਂ ਦੇ ਵਿਚਕਾਰ ਚੱਲ ਰਿਹਾ ਹੈ, ਟੁੱਟ ਜਾਏਗਾ। ਸ਼ਬਦ ਉਪੱਦਰ ਕਰਨਗੇ। ਉਹ ਚੁੱਪ ਹੋ ਜਾਂਦੇ ਹਨ। ਡੂੰਘੇ ਮੌਨ ਵਿਚ ਉਨ੍ਹਾਂ ਦਾ ਮਿਲਨ ਹੁੰਦਾ ਹੈ।

ਇਹ ਤਾਂ ਸਾਧਾਰਨ ਪ੍ਰੇਮੀਆਂ ਦੀ ਗੱਲ ਹੈ। ਜਦ ਤੁਸੀਂ ਅਸਤਿੱਤਵ ਦੇ ਪ੍ਰੇਮ ਵਿਚ ਪਉਗੇ, ਪਰਮਾਤਮਾ ਦੇ, ਤਦ ਤਾਂ ਬਿਲਕੁਲ ਚੁੱਪ ਹੋ ਜਾਉਗੇ। ਉਸ ਦਾ ਪ੍ਰੇਮ ਹੀ ਤੁਹਾਨੂੰ ਚੁੱਕ ਲਵੇਗਾ, ਤੁਹਾਡੇ ਗਰਤ (ਘੇਰਾ) ਤੋਂ। ਉਸ ਦਾ ਪਿਆਰ ਹੀ ਸੇਤੂ ਬਣ ਜਾਏਗਾ, ਸਹਾਰਾ ਬਣ ਜਾਏਗਾ। ਤੁਸੀਂ ਆਪਣੀਆਂ ਗਹਿਰੀਆਂ ਹਨੇਰੀਆਂ ਖਾਈਆਂ ਤੋਂ ਬਾਹਰ ਚਲੇ ਜਾਉਗੇ। ਸੂਰਜ ਵੱਲ ਅੱਖ ਚੁੱਕਦੇ ਹੀ ਤੁਹਾਡੇ ਜੀਵਨ ਦੀ ਯਾਤ੍ਰਾ ਪ੍ਰਕਾਸ਼ ਵੱਲ ਹੋ ਜਾਂਦੀ ਹੈ।

ਇਕ ਤਾਂ ਮਾਰਗ ਹੈ ਪ੍ਰੇਮ। ਇਕ ਮਾਰਗ ਹੈ ਧਿਆਨ। ਜੇਕਰ ਤੁਸੀਂ ਪ੍ਰੇਮ ਨਾ ਕਰ ਪਾਓ; ਤੁਸੀਂ ਕਹੋ, ਕਿਸ ਨੂੰ ਪ੍ਰੇਮ ਕਰੀਏ; ਤੁਸੀਂ ਪੁੱਛੋ ਕਿਥੇ ਹੈ ਉਹ, ਪਹਿਲਾਂ ਪਤਾ ਹੋਵੇ ਤਾਂ ਹੀ ਤਾਂ ਪ੍ਰੇਮ ਕਰਾਂਗੇ; ਜੇਕਰ ਤੁਸੀਂ ਅਗਿਆਤ ਨੂੰ ਪ੍ਰੇਮ ਨਾ ਕਰ ਸਕੋ—ਹੋਰ ਸਭ ਪ੍ਰੇਮ ਅਗਿਆਤ ਦਾ ਪ੍ਰੇਮ ਹੈ। ਜਦ ਤੁਸੀਂ ਕਿਸੇ ਸਾਧਾਰਣ ਵਿਅਕਤੀ ਦੇ ਪ੍ਰੇਮ ਵਿਚ ਵੀ ਪੈ ਜਾਂਦੇ ਹੋ ਤਾਂ ਤੁਸੀਂ ਜਾਣਦੇ ਹੋ, ਕੌਣ ਹੈ ਉਹ ? ਪਛਾਣਦੇ ਹੋ ? ਕੁਝ ਪਤਾ ਠਿਕਾਣਾ ਹੈ ? ਸ਼ਕਲ-ਸੂਰਤ ਪਛਾਨਣ ਨਾਲ ਕੀ ਹੁੰਦਾ ਹੈ; ਕੌਣ ਹੈ ਅੰਦਰ ? ਉਥੇ ਤਾਂ ਅਜਨਬੀ ਲੁਕਿਆ ਹੈ, ਅਗਿਆਤ ਲੁਕਿਆ ਹੈ। ਇਕ ਇਸਤ੍ਰੀ ਦੇ ਪ੍ਰੇਮ ਵਿਚ ਪਓ, ਇਕ ਪੁਰਸ਼ ਦੇ ਪ੍ਰੇਮ ਵਿਚ ਪਓ, ਇਕ ਨਿੱਕੇ ਬੱਚੇ ਨਾਲ ਲਗਾਵ ਹੋ ਜਾਏ—ਕੌਣ ਹੈ ਉਥੇ ਅੰਦਰ ? ਪਛਾਣਿਆ ਹੈ ? ਠੀਕ-ਠੀਕ ਪਤਾ ਕਰ ਲਿਆ ? ਪ੍ਰੇਮ ਵਰਗਾ ਡੂੰਘਾ ਸੰਬੰਧ ਬੰਨ੍ਹਣ ਟੁਰੇ ਹੋ, ਪਛਾਣ ਠੀਕ ਤਰ੍ਹਾਂ ਕਰ ਲਈ ਹੈ ਜਾਂ ਨਹੀਂ ?

ਸੋ ਅੰਦਰ ਤਾਂ ਅਜਨਬੀ ਹੈ। ਸਾਰੇ ਪ੍ਰੇਮ ਅਗਿਆਤ ਦੇ ਪ੍ਰੇਮ ਹਨ। ਪ੍ਰੇਮ ਅਗਿਆਤ ਦੀ ਹੀ ਘਟਨਾ ਹੈ।

ਸੋ ਜੇਕਰ ਤੁਸੀਂ ਪੁੱਛੋ ਕਿ ਕਿਥੇ ਹੈ ਪਰਮਾਤਮਾ, ਪਹਿਲਾਂ ਪਤਾ ਹੋਵੇ, ਪਹਿਲਾਂ ਠੀਕ ਤਰ੍ਹਾਂ ਜਾਂਚ ਪੜਤਾਲ ਕਰ ਲਈਏ, ਪੁਲਿਸ ਵਿਚ ਜਾ ਕੇ ਪੁਲਿਸ ਦੇ ਬਹੀ-ਖਾਤਿਆਂ ਵਿਚ ਦੇਖ ਲਈਏ, ਕਿ ਇਸ ਆਦਮੀ ਦੇ ਸੰਬੰਧ ਵਿਚ ਕੀ-ਕੀ

ਲਿਖਿਆ ਹੈ, ਕੋਈ ਕਾਲੇ ਕਾਰਨਾਮੇ ਤਾਂ ਨਹੀਂ ਹਨ। ਹੋਰਨਾਂ ਕੋਲੋਂ ਪੁੱਛ ਲਈਏ, ਜਿਹੜੇ ਇਸ ਦੇ ਪ੍ਰੇਮ ਵਿਚ ਪਏ ਹਨ ਕਿ ਪੈ ਕੇ ਕੁਝ ਪਾਇਆ ਹੈ ਕਿ ਗੁਆਇਆ ਹੈ—ਜੇਕਰ ਤੁਸੀਂ ਇੰਨੀ ਹੋਸ਼ਿਆਰੀ ਵਰਤਣੀ ਚਾਹੀ ਤਾਂ ਤੁਸੀਂ ਪ੍ਰੇਮ ਵਿਚ ਨਹੀਂ ਪੈ ਸਕੋਗੇ। ਇੰਨਾ ਵਿਚਾਰ, ਇੰਨੀ ਕੁਸ਼ਲਤਾ, ਇੰਨੀ ਹੋਸ਼ਿਆਰੀ, ਇੰਨੀ ਚਾਲਾਕੀ : ਪ੍ਰੇਮ ਲਈ ਦਰਵਾਜ਼ਾ ਬੰਦ ਹੋ ਜਾਂਦਾ ਹੈ।

ਪ੍ਰੇਮ ਤਾਂ ਨਿਰਦੋਸ਼ ਮਨ ਦੀ ਪ੍ਰਾਰਥਨਾ ਹੈ। ਉਹ ਤਾਂ ਭੋਲੇਪਣ ਦਾ ਭਾਵ ਹੈ। ਉਹ ਤਾਂ ਇਕ ਨਿੱਕੇ ਬੱਚੇ ਦੇ ਨਾਲ, ਜਿਵੇਂ ਨਿੱਕਾ ਬੱਚਾ ਪਿਓ ਦਾ ਹੱਥ ਫੜ ਕੇ ਟੁਰ ਪੈਂਦਾ ਹੈ, ਬਿਨਾਂ ਫ਼ਿਕਰ ਕੀਤੇ ਕਿ ਪਿਓ ਕਿੱਥੇ ਲੈ ਜਾਏਗਾ, ਖੱਡੇ ਵਿਚ ਸੁੱਟੇਗਾ, ਕੀ ਕਰੇਗਾ—ਵੈਸਾ ਹੀ ਹੈ। ਪ੍ਰੇਮ ਤਾਂ ਇਕ ਵਿਸ਼ਵਾਸ ਹੈ, ਇਕ ਸ਼ਰਧਾ ਹੈ।

ਜੇਕਰ ਉਹ ਨਾ ਹੋ ਸਕੇ ਤਾਂ ਧਿਆਨ ਮਾਰਗ ਹੈ। ਘਬਰਾਉਣ ਦੀ ਕੋਈ ਲੋੜ ਨਹੀਂ। ਪ੍ਰੇਮ ਨਾ ਹੋ ਸਕੇ ਤਾਂ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਨਾ ਕਰਨਾ, ਕਿਉਂਕਿ ਜ਼ਬਰਦਸਤੀ ਪ੍ਰੇਮ ਹੁੰਦਾ ਹੀ ਨਹੀਂ। ਨਾ ਹੋਵੇ ਤਾਂ ਸਮਝਣਾ ਕਿ ਉਹ ਦੁਆਰ ਤੁਹਾਡੇ ਲਈ ਨਹੀਂ ਹੈ। ਪਰ ਕੁਝ ਚਿੰਤਾ ਦੀ ਗੱਲ ਨਹੀਂ ਹੈ, ਹੋਰ ਵੀ ਇਕ ਦੁਆਰ ਹੈ ਅਤੇ ਇਹ ਮੇਰੀ ਪ੍ਰਤੀਤੀ ਹੈ ਕਿ ਜਿਹੜਾ ਵੀ ਪ੍ਰੇਮ ਵਿਚ ਅਸਮਰਥ ਪਾਉਂਦਾ ਹੈ, ਧਿਆਨ ਵਿਚ ਇਕ ਦਮ ਸਮਰੱਥ ਹੈ। ਜੋ ਧਿਆਨ ਵਿਚ ਅਸਮਰਥ ਪਾਉਂਦਾ ਹੈ, ਉਹ ਪ੍ਰੇਮ ਵਿਚ ਸਮਰੱਥ ਹੈ। ਪਰਮਾਤਮਾ ਨੇ ਤੁਹਾਨੂੰ ਕਿੰਨੀ ਹੀ ਦੂਰ ਭੇਜਿਆ ਹੋਵੇ, ਦਰਵਾਜ਼ੇ ਬੰਦ ਨਹੀਂ ਕਰ ਲਏ ਹਨ। ਹੋਰ ਤੁਸੀਂ ਕਿੰਨੀ ਹੀ ਦੂਰ ਚੱਲ ਕੇ ਆ ਗਏ ਹੋਵੋ ਉਸ ਵੱਲ ਪਿੱਠ ਕਰ ਕੇ ਲੇਕਿਨ ਉਸ ਤਕ ਪੁੱਜਣ ਦੇ ਦੁਆਰ ਸਦਾ ਹੀ ਖੁੱਲ੍ਹੇ ਹਨ। ਹਾਂ, ਗ਼ਲਤ ਦਰਵਾਜ਼ੇ 'ਤੇ ਦਸਤਕ ਨਾ ਦੇਣਾ, ਆਪਣਾ ਦੁਆਰ ਠੀਕ ਤਰ੍ਹਾਂ ਪਛਾਣ ਲੈਣਾ।

ਜੇਕਰ ਪ੍ਰੇਮ ਨਾ ਕਰ ਸਕੋ ਤਾਂ ਧਿਆਨ।

ਧਿਆਨ ਦਾ ਅਰਥ ਹੈ, ਸ਼ਾਂਤ ਹੋ ਜਾਣਾ ਆਪਣੇ ਵਿਚ ਬਿਨਾਂ ਕਿਸੇ ਦੇ ਸਹਾਰੇ ਤੋਂ, ਮੌਨ ਹੋ ਜਾਣਾ ਬਿਨਾਂ ਕਿਸੇ ਦੀ ਮੌਜੂਦਗੀ ਦੇ, ਆਪਣੇ ਤਾਈਂ ਮੌਨ ਹੋ ਜਾਣਾ, ਆਪਣੇ ਇਕਾਂਤ ਵਿਚ ਲੀਨ ਹੋ ਜਾਣਾ। ਫਿਰ ਨਾ ਤਾਂ ਕਿਸੇ ਦੀ ਉਡੀਕ ਕਰਨੀ ਹੈ, ਇਸ ਲਈ ਧੀਰਜ ਦਾ ਕੋਈ ਸਵਾਲ ਨਹੀਂ ਹੈ। ਉਡੀਕ ਹੀ ਨਹੀਂ ਕਰਨੀ ਹੈ ਤਾਂ ਬੇ-ਸਬਰੀ ਕਿੱਥੋਂ ਹੋਏਗੀ ? ਕੋਈ ਆਉਣ ਵਾਲਾ ਹੀ ਨਹੀਂ ਹੋਏਗਾ ਤਾਂ ਬੇ-ਸਬਰੀ ਕਿਸ ਲਈ ਹੋਏਗੀ ? ਤੁਸੀਂ ਹੀ ਹੋ, ਤੁਸੀਂ ਕਾਫ਼ੀ ਹੋ—ਬੱਸ ਇਸੇ ਨਾਲ ਧੀਰਜ ਪੈਦਾ ਹੋ ਜਾਂਦਾ ਹੈ। ਇਸ ਨੂੰ ਧੀਰਜ ਕਹਿਣਾ ਵੀ ਠੀਕ ਨਹੀਂ, ਕਿਉਂਕਿ ਇਸ ਵਿਚ ਬੇ-ਸਬਰੀ ਨੂੰ ਵੀ ਮਿਟਾਉਣ ਦੀ ਗੱਲ ਨਹੀਂ

ਹੈ। ਕੋਈ ਆਉਂਦਾ ਹੀ ਨਹੀਂ ਹੈ, ਕਿਸੇ ਲਈ ਤਿਆਗੀ ਹੀ ਨਹੀਂ ਕਰਨੀ ਹੈ। ਲੇਕਿਨ ਜਦ ਤੁਸੀਂ ਆਪਣੇ ਅੰਦਰ ਉਤਰਦੇ ਹੋ ਤਾਂ ਤੁਸੀਂ ਪਾਉਂਦੇ ਹੋ, ਜਿੰਨੇ ਵੀ ਪਵਿੱਤਰ ਹੁੰਦੇ ਹੋ, ਓਨੇ ਹੀ ਆਨੰਦਿਤ ਹੁੰਦੇ ਚਲੇ ਜਾਂਦੇ ਹੋ। ਹੁਣ ਸ਼ੀਲ ਪਰਮਾਤਮਾ ਨੂੰ ਪਾਉਣ ਦਾ ਉਪਾਇ ਨਹੀਂ ਹੈ, ਹੁਣ ਤਾਂ ਸ਼ੀਲ ਅੰਦਰਲਾ ਆਨੰਦ ਹੈ। ਤੁਸੀਂ ਜਿੰਨੇ ਪਵਿੱਤਰ ਹੁੰਦੇ ਹੋ ਓਨਾ ਹੀ ਮਧੁਰ ਸੰਗੀਤ ਵੱਜਣ ਲੱਗਦਾ ਹੈ। ਪਵਿੱਤਰਤਾ ਦਾ ਗੀਤ ਪੈਦਾ ਹੁੰਦਾ ਹੈ, ਉਹ ਤੁਹਾਨੂੰ ਖਿਚਦਾ ਚਲਾ ਜਾਂਦਾ ਹੈ। ਸ਼ੀਲ ਵਧਦਾ ਚਲਾ ਜਾਂਦਾ ਹੈ।

ਕਿਸੇ ਹੋਰ ਲਈ ਚੰਗੇ ਹੋਣ ਲਈ ਨਹੀਂ, ਆਪਣੇ ਹੀ ਵਾਸਤੇ ਚੰਗੇ ਹੋਣ ਦੀ ਗੱਲ ਹੈ! ਹੋਰ ਜਿਵੇਂ-ਜਿਵੇਂ ਤੁਸੀਂ ਸ਼ਾਂਤ ਹੁੰਦੇ ਹੋ, ਸ਼ੀਲ ਵਧਦਾ ਹੈ, ਧੀਰਜ ਉਪਲਬਧ ਹੁੰਦਾ ਹੈ—ਤੁਸੀਂ ਅਚਾਨਕ ਪਾਉਂਦੇ ਹੋ, ਅੰਦਰ ਇਕ ਸ਼ੂਨਯ ਉਤਰਨ ਲੱਗਾ। ਪੂਰਣ ਤਾਂ ਤੁਹਾਨੂੰ ਨਹੀਂ ਉਤਰੇਗਾ ਕਿਉਂਕਿ ਤੁਹਾਡੀ ਭਾਸ਼ਾ ਵਿਚ ਧਿਆਨੀ ਦੀ ਭਾਸ਼ਾ ਵਿਚ, ਪਰਮਾਤਮਾ ਦਾ ਨਾਉਂ ਸ਼ੂਨਯ ਹੈ, ਪੂਰਣ ਨਹੀਂ। ਪ੍ਰੇਮੀ ਦੀ ਭਾਸ਼ਾ ਵਿਚ ਸ਼ੂਨਯ ਦਾ ਨਾਉਂ ਪੂਰਣ ਹੈ, ਪਰਮਾਤਮਾ ਹੈ। ਇਹ ਭਾਸ਼ਾ ਦੇ ਭੇਦ ਹਨ, ਉਤਰਦਾ ਤਾਂ ਉਹ ਹੀ ਹੈ। ਉਸ ਦਾ ਇਕ ਨਾਉਂ ਪੂਰਣ ਹੈ, ਇਕ ਨਾਉਂ ਸ਼ੂਨਯ ਹੈ। ਧਿਆਨੀ ਜਦ ਉਸ ਨੂੰ ਵੇਖਦਾ ਹੈ ਤਾਂ ਉਹ ਸ਼ੂਨਯ ਮਾਲੂਮ ਹੁੰਦਾ ਹੈ। ਪ੍ਰੇਮੀ ਜਦ ਉਸ ਨੂੰ ਵੇਖਦਾ ਹੈ ਤਾਂ ਉਹ ਪੂਰਣ ਮਾਲੂਮ ਹੁੰਦਾ ਹੈ। ਇਹ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ। ਇਹ ਵੇਖਣ ਦੇ ਢੰਗ ਉੱਤੇ ਨਿਰਭਰ ਹੈ।

ਇਸ ਲਈ ਬੁੱਧ ਮਹਾਂਵੀਰ ਸ਼ੂਨਯ ਦੀ ਗੱਲ ਕਰਦੇ ਹਨ। ਕ੍ਰਿਸ਼ਨ, ਮੀਰਾ, ਚੈਤਨਯ ਪੂਰਣ ਦੀ ਗੱਲ ਕਰਦੇ ਹਨ। ਇਨ੍ਹਾਂ ਵਿਚ ਕੁਝ ਵਿਰੋਧ ਨਹੀਂ ਹੈ, ਹੋ ਹੀ ਨਹੀਂ ਸਕਦਾ! ਸ਼ਬਦ ਕਿੰਨੇ ਹੀ ਵਿਪਰੀਤ ਹੋਣ, ਇਨ੍ਹਾਂ ਦੀ ਮਹਿਸੂਸੀਅਤ ਤਾਂ ਇਕ ਹੈ।

ਸੋ ਜਾਂ ਤਾਂ ਆਪਣੇ ਅੰਦਰ ਉਤਰਦੇ ਜਾਓ, ਹੌਲੀ-ਹੌਲੀ ਤੁਸੀਂ ਸ਼ੂਨਯ ਹੋਵੋਗੇ, ਦੀਨ ਹੋ ਜਾਉਗੇ। ਲੇਕਿਨ ਉਹ ਦੀਨਤਾ ਖ਼ੁਸ਼ਕਿਸਮਤੀ ਹੈ। ਉਹ ਸ਼ੂਨਯ ਵਿਚ ਕੁਝ ਵੀ ਨਹੀਂ ਬਚੇਗਾ, ਸਭ ਗੁਆਚ ਜਾਏਗਾ। ਤੁਸੀਂ ਪੂਰੀ ਤਰ੍ਹਾਂ ਪੂਰੇ ਦੀਨ ਹੋ ਜਾਉਗੇ। ਲੇਕਿਨ ਉਸ ਦੀਨਤਾ ਤੋਂ ਵੱਡੀ ਕੋਈ ਪੂੰਜੀ ਨਹੀਂ ਹੈ। ਉਸ ਦੀਨਤਾ ਵਿਚ ਹੀ ਧੀਰਜ ਹੋਏਗਾ, ਕਿਉਂਕਿ ਨਾ ਕਿਤੇ ਜਾਣਾ ਹੈ ਨਾ ਕਿਤੇ ਕੁਝ ਪਾਉਣਾ ਹੈ। ਸ੍ਵੈ ਨੂੰ ਤਾਂ ਪਾਇਆ ਹੀ ਹੋਇਆ ਹੈ। ਉਹ ਮਿਲੀ ਹੀ ਹੋਈ ਗੱਲ ਹੈ। ਉੱਥੇ ਤਾਂ ਤੁਸੀਂ ਪੁੱਜ ਹੀ ਗਏ ਹੋ। ਉਹ ਮੰਦਿਰ ਤਾਂ ਸਦਾ ਤੁਹਾਡੇ ਨਾਲ ਹੀ ਸੀ, ਤੁਸੀਂ ਅੱਖ ਨਹੀਂ ਘੁਮਾਈ ਸੀ ਉਸ ਵੱਲ ਬੱਸ ਇੰਨੀ ਹੀ ਗੱਲ

ਸੀ। ਹੁਣ ਅੱਖ ਘੁਮਾ ਕੇ ਵੇਖ ਲਿਆ, ਪਛਾਣ ਗਏ। ਹੁਣ ਸਬਰ ਹੈ। ਹੁਣ ਇਕ ਸ਼ੀਲ ਦੀ ਸੁਗੰਧ ਉੱਠਣੀ ਸ਼ੁਰੂ ਹੁੰਦੀ ਹੈ।

ਸੋ ਚਾਹੇ ਪ੍ਰੇਮ ਚਾਹੇ ਧਿਆਨ—ਪਰ ਘਟਨਾਵਾਂ ਅੰਦਰੋਂ ਬਾਹਰਲੇ ਪਾਸੇ ਵੱਗਣਗੀਆਂ, ਬਾਹਰੋਂ ਅੰਦਰਲੇ ਪਾਸੇ ਨਹੀਂ। ਜਿਵੇਂ ਗੰਗੋਤ੍ਰੀ ਤੋਂ ਗੰਗਾ ਵਗਦੀ ਹੈ, ਇਸੇ ਤਰ੍ਹਾਂ ਹੀ ਤੁਹਡਾ ਅੰਦਰ ਦੀ ਗੰਗੋਤ੍ਰੀ ਤੋਂ ਗੰਗਾ ਵਗੇਗੀ ਤੁਹਾਡੇ ਜੀਵਨ ਦੀ। ਗੰਗਾ ਗੰਗੋਤ੍ਰੀ ਵੱਲ ਨਹੀਂ ਵਗਦੀ ਹੈ। ਸੋ ਬਾਹਰੋਂ ਤੁਹਾਡੇ ਅੰਦਰਲੇ ਝਰਨੇ ਵੱਲ ਆਚਰਣ ਨਹੀਂ ਵਗੇਗਾ। ਉਹੋ ਜਿਹਾ ਆਚਰਣ ਪਾਖੰਡ ਹੈ ਅਤੇ ਉਹੋ ਜਿਹੇ ਆਚਰਣ ਨਾਲ ਕਦੇ ਕੋਈ ਬਦਲਾਓ ਨਹੀਂ ਹੁੰਦਾ, ਉਲਟਾ ਜਿਹੜਾ ਸਮਾਂ ਰੂਪਾਂਤਰਣ (ਬਦਲਾਓ) ਦੇ ਕੰਮ ਆ ਜਾਂਦਾ, ਉਹ ਵਿਅਰਥ ਗੁਆ ਦਿੱਤਾ ਜਾਂਦਾ ਹੈ। ਹਾਂ, ਪਾਖੰਡ ਨਾਲ ਤੁਸੀਂ ਚਾਹੇ ਦੂਜਿਆਂ ਨੂੰ ਧੋਖਾ ਦੇ ਲਓ, ਆਪਣੇ ਆਪ ਨੂੰ ਧੋਖਾ ਨਹੀਂ ਦੇ ਪਾਉਗੇ ਅਤੇ ਜਿਸ ਨੇ ਆਪਣੇ ਆਪ ਨੂੰ ਧੋਖਾ ਨਹੀਂ ਦਿੱਤਾ, ਉਹ ਵਿਅਕਤੀ ਅੱਜ ਨਹੀਂ ਕਲ੍ਹ ਕ੍ਰਾਂਤੀ ਵਿਚੋਂ ਲੰਘ ਹੀ ਜਾਏਗਾ।

ਦੂਜਾ ਸਵਾਲ—ਇਕ ਭਗਵੱਤਾ ਹੈ ਜਿਹੜੀ ਕੁਦਰਤ ਦੇ ਕਣ-ਕਣ ਵਿਚ, ਨਦੀਆਂ, ਝਰਨਿਆਂ ਵਿਚ, ਬ੍ਰਿਛਾਂ, ਪੰਛੀਆਂ ਦੇ ਗੀਤਾਂ ਵਿਚ ਵੱਸਦੀ ਹੈ, ਅਤੇ ਇਕ ਭਗਵੱਤਾ ਹੈ ਜੋ ਕਿਸੇ ਮਨੁੱਖ ਦੇ ਬੁੱਧਤਵ ਦੇ ਮਾਧਿਅਮ ਨਾਲ ਪਰਗਟ ਹੁੰਦੀ ਹੈ। ਕੀ ਦੋਵੇਂ ਇਕ ਹੀ ਹਨ ਜਾਂ ਉਨ੍ਹਾਂ ਦੇ ਗੁਣ ਧਰਮ ਵਿਚ ਕੁਝ ਫ਼ਰਕ ਹੈ?

ਦੋਵੇਂ ਇਕ ਹੀ ਹਨ। ਗੁਣ ਧਰਮ ਵਿਚ ਕੋਈ ਵੀ ਫ਼ਰਕ ਨਹੀਂ। ਲੇਕਿਨ ਪਰਗਟ ਹੋਣ ਵਿਚ ਭੇਦ ਹੈ।

ਪੰਛੀ ਗਾਉਂਦੇ ਹਨ। ਬੁੱਧ-ਪੁਰਸ਼ਾਂ ਦੇ ਕੰਠ ਤੋਂ ਵੀ ਇਕ ਗੀਤ ਪੈਦਾ ਹੁੰਦਾ ਹੈ। ਲੇਕਿਨ ਪੰਛੀ ਬੇਹੋਸ਼ੀ ਵਿਚ ਗਾਉਂਦੇ ਹਨ। ਬੁੱਧ-ਪੁਰਸ਼ ਦਾ ਗੀਤ ਪਰਿਪੂਰਣ ਹੋਸ਼ ਦਾ ਹੈ, ਜਾਗਰਣ ਦਾ ਹੈ।

ਪੰਛੀ ਗਾਉਂਦੇ ਹਨ, ਉਨ੍ਹਾਂ ਨੂੰ ਪਤਾ ਨਹੀਂ—ਕਿ ਕਿਉਂ ਗਾਉਂਦੇ ਹਨ? ਪੰਛੀ ਗਾਉਂਦੇ ਹਨ, ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਉਹ ਗਾਉਂਦੇ ਹਨ। ਬੁੱਧ-ਪੁਰਸ਼ ਗਾਉਂਦੇ ਹਨ ਤਾਂ ਉਨ੍ਹਾਂ ਨੂੰ ਪਤਾ ਹੈ—ਕਿਉਂ ਗਾਉਂਦੇ ਹਨ? ਉਨ੍ਹਾਂ ਨੂੰ ਪਤਾ ਕਿ ਉਹ ਗਾਉਂਦੇ ਹਨ।

ਸੋ ਇਕ ਤਾਂ ਗੀਤ ਸੁੱਤੇ ਹੋਏ ਪ੍ਰਾਣਾਂ ਤੋਂ ਪੈਦਾ ਹੋ ਰਿਹਾ ਹੈ ਅਤੇ ਇਕ ਗੀਤ ਜਾਗਰਤ ਪੈਦਾ ਹੋ ਜਿਹਾ ਹੈ। ਗੁਣਧਰਮ ਵਿਚ ਤਾਂ ਕੋਈ ਫ਼ਰਕ ਨਹੀਂ ਹੈ, ਕਿਉਂਕਿ ਗੀਤ ਇਕ ਹੀ ਸ੍ਰੋਤ (ਝਰਨਾ) ਤੋਂ ਆ ਰਿਹਾ ਹੈ—ਉਹ ਜਿਹੜੀ ਚੇਤਨਯ ਦੀ ਗੰਗੋਤ੍ਰੀ ਹੈ ਉਥੋਂ ਹੀ ਆ ਰਿਹਾ ਹੈ। ਲੇਕਿਨ ਪਰਗਟ ਹੋਣ ਵਿਚ ਫ਼ਰਕ ਹੈ।

ਜਿਵੇਂ ਤੁਸੀਂ ਕਦੇ ਰਾਤ ਸੌਂ ਗਏ ਅਤੇ ਤੁਸੀਂ ਨੀਂਦ ਵਿਚ ਗੁਣਗੁਣਾਇਆ ਤੁਸੀਂ ਇਕ ਗੀਤ ਦੀ ਕੜੀ ਗਾਈ ਜਾਂ ਪ੍ਰਾਰਥਨਾ ਦਾ ਇਕ ਸੁਰ ਚੁੱਕਿਆ—ਇਹ ਹੋ ਸਕਦਾ ਹੈ ਕਿ ਉਸੇ ਸਮੇਂ ਮੰਦਿਰ ਵਿਚ ਜਾਗ ਕੇ ਕੋਈ ਉਸੇ ਕੜੀ ਨੂੰ ਦੁਹਰਾਉਂਦਾ ਹੋਵੇ। ਉਨ੍ਹਾਂ ਕੜੀਆਂ ਵਿਚ ਕੋਈ ਭੇਦ ਨਹੀਂ ਹੋਏਗਾ। ਜਿੱਥੋਂ ਆਉਂਦੀਆਂ ਹਨ ਉਥੋਂ ਵੀ ਕੋਈ ਭੇਦ ਨਹੀਂ ਹੈ, ਤੁਸੀਂ ਨੀਂਦ ਵਿਚ ਗੁਣਗੁਣਾਓ ਜਾਂ ਜਾਗ ਕੇ—ਤੁਸੀਂ ਹੀ ਗੁਣਗੁਣਾਉਂਦੇ ਹੋ। ਲੇਕਿਨ ਪਰਗਟ ਹੋਣ ਵਿਚ ਫ਼ਰਕ ਹੈ। ਤੁਸੀਂ ਨੀਂਦ ਵਿਚ ਗੁਣਗੁਣਾ ਰਹੇ ਹੋ, ਤੁਹਾਨੂੰ ਪਤਾ ਨਹੀਂ ਤੁਸੀਂ ਕੀ ਗੁਣਗੁਣਾਇਆ। ਤੁਹਾਨੂੰ ਇਹ ਹੀ ਪਤਾ ਨਹੀਂ ਕਿ ਤੁਸੀਂ ਗੁਣਗੁਣਾਇਆ। ਸਵੇਰੇ ਉੱਠ ਕੇ ਤੁਸੀਂ ਭੁੱਲ ਹੀ ਜਾਉਗੇ ਕੋਈ ਦੂਜਾ ਤੁਹਾਨੂੰ ਯਾਦ ਦਿਲਾਏਗਾ ਤਾਂ ਵੀ ਤੁਸੀਂ ਮੰਨੋਗੇ ਨਹੀਂ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਨੀਂਦ ਵਿਚ ਗੁਣਗੁਣਾਇਆ ਨਹੀਂ, ਇਵੇਂ ਹੀ ਅਫ਼ਵਾਹ ਉਡਾ ਦਿੱਤੀ ਹੋਵੇਗੀ ਕਿਸੇ ਨੇ।

ਲੇਕਿਨ ਜਿਸ ਨੇ ਜਾਗ ਕੇ ਗੁਣਗੁਣਾਇਆ.....।

ਅਜਿਹਾ ਸਮਝੋ ਕਿ ਤੁਹਾਨੂੰ ਇਸ ਬਗੀਚੇ ਵਿਚ ਲਿਆਂਦਾ ਗਿਆ। ਤੁਸੀਂ ਸ਼ਰਾਬ ਪੀ ਕੇ ਬੇਹੋਸ਼ ਸੀ। ਫੁੱਲਾਂ ਦੀ ਖ਼ੁਸ਼ਬੂ ਤੁਹਾਡੇ ਨਾਸਾਪੁੱਟਾਂ ਨੂੰ ਛੂਹੇਗੀ। ਦਰੱਖ਼ਤਾਂ ਦੀ ਹਰਿਆਲੀ ਤੁਹਾਡੀਆਂ ਅੱਖਾਂ ਨੂੰ ਸਪਰਸ਼ ਕਰੇਗੀ। ਬਗੀਚੇ ਦੀ ਠੰਢਕ ਤੁਹਾਡੇ ਰੋਮ-ਰੋਮ ਨੂੰ ਠੰਢਿਆਂ ਕਰੇਗੀ। ਪੰਛੀਆਂ ਦੇ ਗੀਤ ਵੀ ਤੁਹਾਡੇ ਕੰਨਾਂ ਨਾਲ ਟਕਰਾਉਣਗੇ। ਲੇਕਿਨ ਤੁਹਾਨੂੰ ਕੁਝ ਵੀ ਪਤਾ ਨਹੀਂ ਹੋਏਗਾ, ਤੁਸੀਂ ਸ਼ਰਾਬ ਪੀ ਕੇ ਬੇਹੋਸ਼ ਹੋ। ਫਿਰ ਦੂਜੇ ਦਿਨ ਹੋਸ਼ ਵਿਚ ਆਏ, ਸ਼ਰਾਬ ਨਹੀਂ ਪੀਤੀ ਹੋਈ ਸੀ, ਅੰਦਰ ਜਗਦਾ ਹੋਇਆ ਹੋਸ਼ ਦਾ ਦੀਵਾ ਸੀ—ਉਹ ਹੀ ਪੰਛੀ ਸਨ, ਉਹ ਹੀ ਦਰੱਖ਼ਤ ਸਨ, ਉਹ ਹੀ ਫੁੱਲ ਸਨ, ਉਹ ਹੀ ਆਕਾਸ਼ ਸੀ, ਪਰ ਹੁਣ ਗੱਲ ਹੀ ਹੋਰ ਹੈ।

ਬੁੱਧ-ਪੁਰਸ਼ਾਂ ਤੋਂ ਜੋ ਪਰਗਟ ਹੁੰਦਾ ਹੈ ਉਹ ਉਹ ਹੀ ਹੈ ਜੋ ਝਰਨਿਆਂ ਅਤੇ ਪਹਾੜਾਂ 'ਚੋਂ ਪਰਗਟ ਹੋ ਰਿਹਾ ਹੈ। ਲੇਕਿਨ ਬੁੱਧ ਪੁਰਸ਼ਾਂ ਵਿਚ ਝਰਨੇ ਅਤੇ ਪਹਾੜ ਜਾਗ ਗਏ ਹਨ। ਬੁੱਧ-ਪੁਰਸ਼ਾਂ ਵਿਚ ਪੰਛੀ ਅਤੇ ਦਰੱਖ਼ਤ ਹੋਸ਼ ਨਾਲ ਭਰ ਗਏ ਹਨ। ਪੰਛੀ ਅਤੇ ਦਰੱਖ਼ਤਾਂ ਵਿਚ ਬੁੱਧ ਸੁੱਤੇ ਹੋਏ ਹਨ। ਚੱਟਾਨ ਤੋਂ ਚੱਟਾਨ ਵਿਚ ਵੀ ਭਵਿੱਖ ਦਾ ਕੋਈ ਬੁੱਧ ਸੁੱਤਾ ਹੋਇਆ ਹੈ। ਪਰਮ ਬੁੱਧਤਵ ਵਿਚ ਵੀ ਅਤੀਤ ਦੀ ਕੋਈ ਚੱਟਾਨ ਜਾਗੀ ਹੈ, ਇਸ ਲਈ ਚੱਟਾਨ ਉੱਤੇ ਵੀ ਸੰਭਲ ਕੇ ਪੈਰ ਰੱਖਣਾ, ਪਵਿੱਤਰ ਭੂਮੀ ਹੈ। ਮਾਫ਼ੀ ਮੰਗਣਾ, ਜਦ ਪੈਰ ਰੱਖੋ ਅਤੇ ਚੱਟਾਨ ਜਦੋਂ ਤੁਹਾਡੇ ਪਾਰ ਕਰਨ ਦਾ ਮਾਰਗ ਬਣੇ, ਪੌੜੀ ਬਣੇ ਤਾਂ ਧੰਨਵਾਦ ਦੇਣਾ, ਕਿਉਂਕਿ ਕੋਈ ਬੁੱਧ-ਪੁਰਸ਼ ਸੁੱਤਾ ਹੈ।

ਚੱਟਾਨ ਵਿਚ ਅਤੇ ਬੁੱਧ-ਪੁਰਸ਼ਾਂ ਵਿਚ ਫ਼ਾਸਲਾ ਹੈ—ਫ਼ਾਸਲਾ ਗੁਣ ਦਾ ਨਹੀਂ ਹੈ—ਫ਼ਾਸਲਾ ਸਿਰਫ਼ ਸੌਣ ਅਤੇ ਜਾਗਣ ਦਾ ਹੈ।

ਤੀਜਾ ਸਵਾਲ—ਤੁਸੀਂ ਆਖਿਆ ਹੈ ਭਗਤ ਹੀ ਭਗਵਾਨ ਹੋ ਜਾਂਦਾ ਹੈ। ਕਦੀ ਕਦੇ ਭਗਵਾਨ ਵੀ ਭਗਤ ਹੁੰਦਾ ਹੈ ?

ਭਗਵਾਨ ਤਾਂ ਭਗਤ ਹੋਇਆ ਹੀ ਹੋਇਆ ਹੈ, ਨਹੀਂ ਤਾਂ ਭਗਤ ਆਏਗਾ ਕਿਥੋਂ ?

ਤੁਸੀਂ ਭਗਵਾਨ ਹੋ! ਤੁਹਾਨੂੰ ਪਤਾ ਨਾ ਹੋਵੇ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।

ਭਗਵਾਨ ਤਾਂ ਭਗਤ ਹੋਇਆ ਹੀ ਹੈ ਉਹ ਘਟਨਾ ਤਾਂ ਘਟੀ ਹੀ ਹੈ, ਉਸ ਨੂੰ ਘਟਨੇ ਦੀ ਹੁਣ ਹੋਰ ਕੋਈ ਜ਼ਰੂਰਤ ਨਹੀਂ ਹੈ। ਉਹ ਤਾਂ ਹਰ ਘੜੀ ਉਹ ਹੀ ਘਟ ਰਹੀ ਹੈ। ਹੁਣ ਤਾਂ ਦੂਜੀ ਘਟਨਾ ਨੂੰ ਪੂਰਾ ਕਰਨਾ ਹੈ ਕਿ ਭਗਤ ਭਗਵਾਨ ਹੋਵੇ। ਭਗਵਾਨ ਹੀ ਹੈ—ਅਨੇਕ-ਅਨੇਕ ਰੂਪਾਂ ਵਿਚ, ਅਨੰਤ-ਅਨੰਤ ਰੂਪਾਂ ਵਿਚ। ਗਹਿਰਾਈ ਵਿਚ ਲੱਭੋਗੇ ਤਾਂ ਸਦਾ ਉਸੇ ਨੂੰ ਪਾਉਗੇ। ਜਿਵੇਂ ਹਰ ਲਹਿਰ ਵਿਚ ਲੱਭੋਗੇ ਤਾਂ ਸਾਗਰ ਨੂੰ ਪਾਉਗੇ, ਇਸ ਤਰ੍ਹਾਂ ਹਰ ਰੂਪ ਵਿਚ ਲੱਭੋਗੇ ਤਾਂ ਉਸੇ ਨੂੰ ਪਾਉਗੇ।

ਜੀਸਸ ਨੇ ਕਿਹਾ ਹੈ—ਚੁੱਕੋ ਪੱਥਰ ਨੂੰ ਮੈਨੂੰ ਹੀ ਦੱਬਿਆ ਪਾਉਗੇ। ਤੋੜੋ ਦਰੱਖ਼ਤਾਂ ਨੂੰ ਮੈਨੂੰ ਹੀ ਲੁਕਿਆ ਪਾਉਗੇ। ਉਹ ਤਾਂ ਮੌਜੂਦ ਹੀ ਹੈ। ਭਗਵਾਨ ਤਾਂ ਭਗਤ ਹੋ ਹੀ ਗਿਆ ਹੈ। ਲੜੀ ਪੂਰੀ ਹੋ ਜਾਏਗੀ, ਜੇਕਰ ਭਗਵਾਨ ਜਿਵੇਂ ਭਗਤ ਹੋਇਆ, ਵੈਸੇ ਭਗਤ ਫਿਰ ਤੋਂ ਭਗਵਾਨ ਹੋ ਜਾਏ—ਤਾਂ ਯਾਤ੍ਰੀ ਆਪਣੇ ਘਰ ਵਾਪਸ ਪਰਤ ਜਾਏਗਾ ਤਾਂ ਯਾਤ੍ਰਾ ਪੂਰੀ ਹੋ ਜਾਏਗੀ।

ਚੌਥਾ ਸਵਾਲ—ਅੱਜ ਸਾਨੂੰ ਜੋ ਸਾਰਪੂਰਣ ਲੱਗਦਾ ਹੈ ਉਹ ਹੀ ਕੱਲ੍ਹ ਅਸਾਰ ਹੋ ਜਾਂਦਾ ਹੈ। ਸਾਰ ਅਤੇ ਅਸਾਰ ਦੇ ਵਿਚਕਾਰ ਸੀਮਾ-ਰੇਖਾ ਕਿੱਥੇ ਹੈ ? ਕੀ ਤੁਹਾਨੂੰ ਬੁੱਧ-ਪੁਰਸ਼ਾਂ ਨੂੰ ਸਾਰ-ਅਸਾਰ ਨਾਲ-ਨਾਲ ਦਿੱਸਦੇ ਹਨ ?

ਜੋ ਤੁਹਾਨੂੰ ਅੱਜ ਸਾਰ ਲੱਗਦਾ ਹੈ, ਕਲ੍ਹ ਅਸਾਰ ਹੋ ਜਾਂਦਾ ਹੈ। ਜੋ ਅੱਜ ਅਸਾਰ ਲੱਗਦਾ ਹੈ ਉਹ ਕਲ੍ਹ ਸਾਰ ਹੋ ਜਾਂਦਾ ਹੈ। ਕਿਉਂ ? ਕਿਉਂਕਿ ਤੁਸੀਂ ਜਾਗ ਕੇ ਨਹੀਂ ਵੇਖਿਆ। ਬਿਨਾਂ ਜਾਗੇ ਜੋ ਤੁਸੀਂ ਵੇਖਦੇ ਹੋ, ਉਹ ਵੇਖਣਾ ਅਧੂਰਾ ਹੈ।

ਹਨੇਰੀ ਰਾਤ ਹੈ, ਤੁਸੀਂ ਇਕ ਰਸਤੇ ਤੋਂ ਲੰਘਦੇ ਹੋ—ਦੂਰ ਦਿੱਸਦਾ ਹੈ ਕਿ ਕੋਈ ਚੋਰ ਲੁਕਿਆ ਹੈ ਹਨੇਰੇ ਵਿਚ, ਡਰਦੇ ਹੋ, ਘਬਰਾਉਂਦੇ ਹੋ। ਉਸੀ ਤਰ੍ਹਾਂ ਲੱਗਦਾ ਹੈ ਜੋ ਚੋਰ ਨੂੰ ਲੁਕਿਆ ਵੇਖ ਕੇ ਲੱਗਦਾ ਹੈ—ਰਾਹ ਅਣਜਾਣ ਹੈ, ਲੰਘਣਾ ਜ਼ਰੂਰੀ ਹੈ, ਪਾਰ ਤਾਂ ਹੋਣਾ ਹੈ—ਛੁਰਾ ਕੱਢ ਲੈਂਦੇ ਹੋ, ਸੰਭਲ ਜਾਂਦੇ ਹੋ, ਹਮਲੇ

ਦੀ ਤਿਆਰੀ ਕਰ ਲੈਂਦੇ ਹੋ। ਪਰ ਜਿਵੇਂ-ਜਿਵੇਂ ਕੋਲ ਆਉਂਦੇ ਹੋ, ਪਾਉਂਦੇ ਹੋ ਕਿ ਨਹੀਂ, ਚੋਰ ਨਹੀਂ ਹੈ, ਇਹ ਤਾਂ ਵਰਦੀ ਪੁਲਿਸ ਵਾਲੇ ਦੀ ਮਾਲੂਮ ਹੁੰਦੀ ਹੈ, ਕੋਈ ਪੁਲਿਸ ਵਾਲਾ ਖਲੋਤਾ ਹੈ। ਛੁਰੇ ਨੂੰ ਪਰਤ ਕੇ ਰੱਖ ਲੈਂਦੇ ਹੋ। ਫਿਰ ਨਿਸ਼ਚਿੰਤ ਟੁਰਨ ਲੱਗਦੇ ਹੋ, ਗੀਤ ਗੁਣਗੁਣਾਉਣ ਲੱਗਦੇ ਹੋ—ਕੋਈ ਡਰ ਨਹੀਂ ਹੈ, ਹੋਰ ਕੋਲ ਆਉਂਦੇ ਹੋ, ਪਾਉਂਦੇ ਹੋ ਕਿ ਪੁਲਿਸ ਵਾਲਾ ਵੀ ਨਹੀਂ ਹੈ, ਦਰੱਖ਼ਤ ਦਾ ਠੂੰਠ ਹੈ। ਹਨੇਰੇ ਵਿਚ ਧੋਖਾ ਹੋ ਗਿਆ। ਫਿਰ ਬਿਲਕੁਲ ਕੋਲ ਆ ਜਾਂਦੇ ਹੋ। ਫਿਰ ਛੂਹ ਕੇ ਵੇਖਦੇ ਹੋ ਠੂੰਠ ਨੂੰ ਟਾਰਚ ਜਗਾ ਲੈਂਦੇ ਹੋ, ਸਾਰੇ ਪਾਸਿਆਂ ਤੋਂ ਪਛਾਣ ਲੈਂਦੇ ਹੋ। ਹੁਣ ਕੋਈ ਫ਼ਰਕ ਨਹੀਂ ਪਏਗਾ। ਹੁਣ ਤੁਸੀਂ ਦੂਰ ਵੀ ਚਲੇ ਜਾਓ, ਅਤੇ ਫਿਰ ਤੁਹਾਨੂੰ ਹਨੇਰੇ ਵਿਚ ਭਰਮ ਹੋਣ ਲੱਗੇ ਕਿ ਕਿਤੇ ਪੁਲਿਸ ਵਾਲਾ ਤਾਂ ਨਹੀਂ ਖਲੋਤਾ—ਤੁਸੀਂ ਖ਼ੁਦ ਹੀ ਹੱਸੋਗੇ। ਤੁਸੀਂ ਕਹੋਗੇ—ਉਹ ਠੂੰਠ ਹੈ, ਕਿਤੇ ਕੋਈ ਚੋਰ ਤਾਂ ਨਹੀਂ ਲੁਕਿਆ, ਤੁਸੀਂ ਖ਼ੁਦ ਹੀ ਹੱਸੋਗੇ, ਤੁਸੀਂ ਕਹੋਗੇ ਉਹ ਪੁਰਾਣਾ ਠੂੰਠ ਹੈ। ਮੈਂ ਉਸ ਨੂੰ ਨੇੜਿਉਂ ਵੇਖ ਲਿਆ ਹੈ।

ਅੱਜ ਜੋ ਸਾਰ ਹੈ, ਕਲ੍ਹ ਅਸਾਰ ਹੋ ਜਾਂਦਾ ਹੈ। ਅੱਜ ਜੋ ਅਸਾਰ ਹੈ, ਕਲ੍ਹ ਸਾਰ ਹੋ ਜਾਂਦਾ ਹੈ। ਕਿਉਂਕਿ ਤੁਸੀਂ ਦੂਰ ਤੋਂ ਵੇਖਿਆ ਹੈ, ਬੜੀ ਦੂਰੋਂ ਵੇਖਿਆ ਹੈ।

ਦੂਰੀ ਕੀ ਹੈ? ਦੂਰੀ ਹੈ ਬੇਹੋਸ਼ੀ ਦੀ। ਤੁਸੀਂ ਠੀਕ-ਠੀਕ ਅੱਖਾਂ ਖੋਲ੍ਹ ਕੇ ਨਹੀਂ ਵੇਖਿਆ। ਤੁਸੀਂ ਤੰਦ੍ਰਾ ਵਿਚ ਵੇਖਿਆ ਹੈ, ਬੇਹੋਸ਼ੀ ਵਿਚ ਵੇਖਿਆ ਹੈ। ਜਿਸ ਦਿਨ ਤੁਸੀਂ ਪੂਰੀ ਤਰ੍ਹਾਂ ਪੂਰਣ ਹੋਸ਼ ਨਾਲ ਭਰ ਕੇ ਵੇਖੋਗੇ, ਉਸੇ ਦਿਨ ਗੱਲ ਸਮਾਪਤ ਹੋ ਜਾਏਗੀ। ਉਸ ਦਿਨ ਜੋ ਜਿਸ ਤਰ੍ਹਾਂ ਹੈ ਉਸ ਤਰ੍ਹਾਂ ਹੀ ਦਿੱਸ ਜਾਏਗਾ। ਫਿਰ ਸਾਰ-ਸਾਰ ਹੀ ਰਹਿੰਦਾ ਹੈ, ਅਸਾਰ ਅਸਾਰ ਹੀ ਰਹਿੰਦਾ ਹੈ।

ਇਸ ਲਈ ਅਸੀਂ ਇਸ ਦੇਸ਼ ਵਿਚ ਜਿਹੜੀ ਕਸੌਟੀ ਬਣਾਈ ਹੈ, ਉਹ ਇਹ ਹੈ ਕਿ ਜਦ ਤੁਸੀਂ ਉਸ ਚੀਜ਼ ਨੂੰ ਜਾਣ ਲਓ ਜੋ ਬਦਲਦੀ ਨਾ ਹੋਵੇ ਤਦ ਹੀ ਜਾਨਣਾ ਕਿ ਸਤਯ ਨਾਲ ਪਛਾਣ ਹੋਈ, ਜੋ ਬਾਰ-ਬਾਰ ਬਦਲ ਜਾਂਦੀ ਹੈ, ਉਹ ਕੰਮ ਚਲਾਊ ਹੈ।

ਇਸੇ ਲਈ ਤੁਸੀਂ ਹੈਰਾਨ ਹੋਵੋਗੇ ਜਾਣ ਕੇ ਕਿ ਭਾਰਤ ਵਿਚ ਅਸੀਂ ਗਿਆਨ ਦੇ ਦੋ ਹਿੱਸੇ ਕੀਤੇ ਹਨ। ਇਕ ਨੂੰ ਅਸੀਂ ਕਹਿੰਦੇ ਹਾਂ ਵਿਦਿਆ, ਇਕ ਨੂੰ ਅਸੀਂ ਕਹਿੰਦੇ ਹਾਂ ਅਵਿਦਿਆ। ਤੁਸੀਂ ਸ਼ਾਇਦ ਸੋਚਦੇ ਹੋਵੋ ਕਿ ਅਵਿਦਿਆ ਅਰਥ ਅਗਿਆਨ ਹੈ ਤਾਂ ਤੁਸੀਂ ਗ਼ਲਤੀ ਵਿਚ ਹੋ, ਅਵਿਦਿਆ ਗਿਆਨ ਦਾ ਇਕ ਹਿੱਸਾ ਹੈ ਅਗਿਆਨ ਨਹੀਂ ਹੈ। ਜਿਸ ਨੂੰ ਅੱਜ ਸਾਇੰਸ ਆਖਦੇ ਹਾਂ, ਉਸ ਨੂੰ ਉਪਨਿਸ਼ਦਾਂ ਨੇ ਅਵਿਦਿਆ ਕਿਹਾ ਹੈ। ਜਿਸ ਨੂੰ ਅੱਜ ਵਿਗਿਆਨ ਕਹਿੰਦੇ ਹਾਂ, ਉਸ ਨੂੰ ਅਵਿਦਿਆ ਕਿਹਾ ਹੈ, ਅਗਿਆਨ ਨੂੰ ਨਹੀਂ। ਅਵਿਦਿਆ ਅਜਿਹੀ

ਵਿਦਿਆ ਹੈ ਜੋ ਥਿਰ ਨਹੀਂ ਹੈ, ਜਿਹੜੀ ਬਦਲਦੀ ਚਲੀ ਜਾਂਦੀ ਹੈ, ਜੋ ਅੱਜ ਕੁਝ, ਕਲ੍ਹ ਕੁਝ, ਪਰਸੋਂ ਕੁਝ। ਵਿਗਿਆਨਿਕ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਮੈਂ ਜੋ ਕਹਿ ਰਿਹਾ ਹਾਂ ਉਹ ਸਤਯ ਹੈ। ਉਹ ਇੰਨਾਂ ਹੀ ਕਹਿੰਦਾ ਹੈ, ਕਰੀਬ-ਕਰੀਬ।

ਕਰੀਬ-ਕਰੀਬ ਸਤਯ ਦਾ ਕੀ ਅਰਥ ਹੁੰਦਾ ਹੈ? ਤੁਸੀਂ ਕਦੇ ਕਿਸੇ ਨੂੰ ਕਹਿੰਦੇ ਹੋ ਕਿ ਮੈਂ ਕਰੀਬ-ਕਰੀਬ ਪ੍ਰੇਮ ਕਰਦਾ ਹਾਂ? ਭੁੱਲ ਕੇ ਵੀ ਨਾ ਕਦੇ ਕਹਿਣਾ, ਨਹੀਂ ਤਾਂ ਦੂਜਾ ਕਹੇਗਾ, ਆਪਣੇ ਰਾਹ ਲੱਗੋ। ਕਰੀਬ-ਕਰੀਬ ਪ੍ਰੇਮ ਦਾ ਕੀ ਮਤਲਬ ਹੁੰਦਾ ਹੈ? ਕਰੀਬ-ਕਰੀਬ ਦਾ ਅਰਥ ਤਾਂ ਹੋਇਆ ਨਹੀਂ।

ਵਿਗਿਆਨ ਕਹਿੰਦਾ ਹੈ—ਇਹ ਜੋ ਅਸੀਂ ਕਹਿ ਰਹੇ ਹਾਂ, ਅੱਜ ਤਕ ਜੋ ਜਾਣਿਆ ਹੈ ਉਸ ਦਾ ਨਿਚੋੜ ਹੈ, ਕਲ੍ਹ ਇਹ ਬਦਲ ਸਕਦਾ ਹੈ।

ਪਿਛਲੇ ਦੋ ਸੌ ਵਰ੍ਹਿਆਂ ਵਿਚ ਵਿਗਿਆਨ ਨੇ ਜੋ ਵੀ ਕਿਹਾ, ਉਹ ਹਰ ਬਾਰ ਬਦਲਣਾ ਪਿਆ। ਇਧਰ ਵਿਗਿਆਨਿਕ ਕਹਿ ਨਹੀਂ ਪਾਉਂਦਾ ਕਿ ਕੋਈ ਦੂਜਾ ਵਿਗਿਆਨਿਕ ਉਸ ਨੂੰ ਗ਼ਲਤ ਸਿੱਧ ਕਰਨ ਲਈ ਤਿਆਰ ਹੋ ਜਾਂਦਾ ਹੈ। ਤਦ ਤਾਂ ਵਿਗਿਆਨ ਕਹਿੰਦਾ ਹੈ ਕਿ ਕੋਈ ਫ਼ੈਸਲਾ ਸਤਯ ਹੈ ਹੀ ਨਹੀਂ, ਸਾਰੇ ਸਤਯ ਕੰਮ ਚਲਾਊ ਹਨ। ਜਦ ਤਕ ਕੰਮ ਚੱਲਦਾ ਹੈ, ਠੀਕ ਹੈ, ਜਦ ਵੱਡਾ ਸਤਯ ਪਰਗਟ ਹੋਏਗਾ ਤਾਂ ਉਹ ਢਹਿ ਜਾਣਗੇ।

ਇਸ ਗੱਲ ਨੂੰ ਉਪਨਿਸ਼ਦਾਂ ਨੇ, ਵੇਦਾਂ ਨੇ ਅਵਿਦਿਆ ਕਿਹਾ ਹੈ। ਅਵਿਦਿਆ ਦਾ ਅਰਥ ਹੈ—ਹੁਣੇ ਸਾਰ ਮਾਲੂਮ ਹੁੰਦਾ ਹੈ, ਫਿਰ ਅਸਾਰ ਮਾਲੂਮ ਹੋਣ ਲੱਗਦਾ ਹੈ। ਹੋਰ, ਕਈ ਵਾਰੀ ਅਜਿਹਾ ਹੁੰਦਾ ਹੈ ਕਿ ਵਰ੍ਹਿਆਂ ਪਿੱਛੋਂ ਉਹ ਜੋ ਅਸਾਰ ਸਿੱਧ ਹੋ ਗਿਆ ਸੀ, ਫਿਰ ਤੋਂ ਸਾਰ ਹੋ ਜਾਂਦਾ ਹੈ।

ਤੁਹਾਡਾ ਮਨ ਹੀ ਡਾਵਾਂਡੋਲ ਹੈ। ਤੁਹਾਡਾ ਮਨ ਚੰਚਲ ਹੈ। ਉਸ ਚੰਚਲ ਮਨ ਦੇ ਮਾਧਿਅਮ ਨਾਲ ਤੁਸੀਂ ਜੋ ਵੇਖਦੇ ਹੋ, ਉਹ ਸਭ ਡਾਵਾਂਡੋਲ ਹੈ, ਕੰਬਦਾ ਹੋਇਆ ਹੈ। ਉਸ ਕੰਬਦੇ ਹੋਏ ਵਿਚ ਤੁਸੀਂ ਸਤਯ ਨੂੰ ਨਹੀਂ ਪਾ ਸਕੋਗੇ।

ਫਿਰ ਸਤਯ ਕਿਵੇਂ ਪਾਉਗੇ?

ਸਤਯ ਨੂੰ ਪਾਉਣ ਦਾ ਸਵਾਲ ਵਸਤੂ (ਚੀਜ਼) ਨਾਲ ਨਹੀਂ ਹੈ, ਆਬਜੈਕਟ ਨਾਲ ਨਹੀਂ ਹੈ, ਵਿਸ਼ੇ ਨਾਲ ਨਹੀਂ ਹੈ—ਸਤਯ ਨੂੰ ਪਾਉਣ ਦਾ ਸੰਬੰਧ ਤੁਹਾਡੇ ਅੰਦਰ ਦੇ ਲਗਾਤਰ ਜਾਗਰਣ ਨਾਲ ਹੈ। ਤੁਹਾਡੀ ਚੇਤਨਾ ਦੀ ਲੋਅ ਨਾ ਕੰਬੇ, ਤੁਹਾਡੀ ਚੇਤਨਾ ਦੀ ਲੋਅ ਨਿਸ਼ਕੰਪ ਹੋ ਜਾਏ ਜਿਵੇਂ ਕੋਈ ਹਵਾ ਦਾ ਬੁੱਲਾ ਨਾ ਆਉਂਦਾ ਹੋਵੇ, ਦੁਆਰ-ਦਰਵਾਜ਼ੇ ਬੰਦ ਹੋਣ ਅਤੇ ਦੀਵੇ ਦੀ ਲੋਅ ਅਕੰਪ ਜਗਦੀ ਹੋਵੇ—ਉਸ ਨੂੰ ਗੀਤਾ ਵਿਚ 'ਸਿਥਿਤ-ਪ੍ਰਗਯ' (ਜੋ ਸਭ ਤਰ੍ਹਾਂ ਦੇ ਮਨੋ-ਵਿਕਾਰਾਂ

ਤੋਂ ਪਰ੍ਹੇ ਹੋਵੇ) ਦੀ ਅਵਸਥਾ ਕਿਹਾ ਹੈ, ਜਿੱਥੇ ਗਿਆਨ ਦੀ ਜੋਤ ਅਡੋਲ ਹੋ ਗਈ ਹੋਵੇ। ਉਸ ਅਡੋਲ ਦਸ਼ਾ ਵਿਚ ਕੋਈ ਵੀ ਚੀਜ਼ ਕੰਬਦੀ ਨਹੀਂ ਹੈ। ਉਹ ਸਥਿਰ ਦਸ਼ਾ ਵਿਚ ਤੁਸੀਂ ਜੋ ਜਾਣਦੇ ਹੋ, ਉਹ ਵਿਦਿਆ ਹੈ। ਫਿਰ ਤੁਸੀਂ ਜਿਹੋ ਜਿਹਾ ਜਾਣਦੇ ਹੋ, ਉਹੋ ਜਿਹਾ ਹੀ ਹੈ, ਫਿਰ ਉਹ ਸਦਾ-ਸਦਾ ਲਈ ਉਹੋ ਜਿਹਾ ਹੈ, ਫਿਰ ਚਿਰਕਾਲ ਲਈ ਉਸੇ ਤਰ੍ਹਾਂ ਦਾ ਹੈ।

ਇਸ ਲਈ ਮਹਾਂਵੀਰ ਨੂੰ, ਬੁੱਧ ਨੂੰ ਅਸੀਂ ਸਿਰਫ਼ ਗਿਆਨੀ ਨਹੀਂ ਕਿਹਾ ਹੈ, ਕਿਉਂਕਿ ਗਿਆਨੀ ਤਾਂ ਕਈ ਵਾਰੀ ਬਦਲਦੇ ਵੇਖੇ ਜਾਂਦੇ ਹਨ, ਅੱਜ ਕੁਝ ਕਹਿੰਦੇ ਹਨ, ਕਲ੍ਹ ਕੁਝ ਕਹਿੰਦੇ ਹਨ। ਅਸੀਂ ਉਨ੍ਹਾਂ ਨੂੰ ਤ੍ਰਿਕਾਲਦਰਸ਼ੀ ਕਿਹਾ ਹੈ। ਇਹ ਸੋਚਣ ਵਰਗਾ ਹੈ। ਤ੍ਰਿਕਾਲੱਗਯ ਕਿਹਾ ਹੈ। ਇਸ ਦਾ ਅਰਥ ਹੈ ਕਿ ਉਹ ਜੋ ਜਾਣਦੇ ਹਨ ਉਹ ਤਿੰਨਾਂ ਕਾਲਾਂ ਵਿਚ ਸਤਯ ਹੈ, ਅਤੀਤ ਵਿਚ, ਵਰਤਮਾਨ ਵਿਚ, ਭਵਿੱਖ ਵਿਚ, ਕਿਸੇ ਕਾਲ ਵਿਚ ਅਸਤਯ ਨਹੀਂ ਹੋਏਗਾ। ਉਨ੍ਹਾਂ ਨੇ ਜੋ ਕਿਹਾ ਹੈ, ਬੱਸ ਅਜਿਹਾ ਹੀ ਸਦਾ-ਕਾਲ ਵਿਚ ਸਦਾ-ਸਦਾ ਸਤਯ ਹੋਏਗਾ।

ਜਿਸ ਦੀ ਪ੍ਰਗਿਆ (ਗਿਆਨ) ਥਿਰ ਹੋ ਗਈ, ਉਹ ਤ੍ਰਿਕਾਂਲੱਗਯ ਹੈ। ਉਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਉਸ ਤੋਂ ਪੁਛਣ ਜਾਉਗੇ ਕਿ ਮੇਰੇ ਘਰ ਪਤਨੀ ਗਰਭਵਤੀ ਹੈ ਤਾਂ ਮੁੰਡਾ ਹੋਏਗਾ ਕਿ ਕੁੜੀ, ਤਾਂ ਉਹ ਤੁਹਾਨੂੰ ਦੱਸੇਗਾ ਕਿ ਮੁੰਡਾ ਹੋਏਗਾ। ਤ੍ਰਿਕਾਲੱਗਯ ਦਾ ਤੁਸੀਂ ਇਹ ਮਤਲਬ ਨਾ ਸਮਝ ਲੈਣਾ। ਤੁਸੀਂ ਤਾਂ ਜੀਵਨ ਦੀ ਡੂੰਘੀ ਤੋਂ ਡੂੰਘੀ ਚੀਜ਼ ਨੂੰ ਬਾਜ਼ਾਰ ਵਿਚ ਖਿੱਚ ਲਿਆਉਂਦੇ ਹੋ। ਤੁਸੀਂ ਇਹ ਨਾ ਪੁੱਛਣ ਚਲੇ ਜਾਣਾ ਕਿ ਨੰਬਰ ਲਾ ਰਹੇ ਹਾਂ ਘੋੜਿਆਂ ਉੱਤੇ, ਕਿਹੜਾ ਘੋੜਾ ਆਏਗਾ, ਕਿ ਲਾਟਰੀ ਦਾ ਟਿਕਟ ਖ਼ਰੀਦ ਰਹੇ ਹਾਂ, ਹੁਣ ਦੱਸ ਹੀ ਦਿਓ ਜਦ ਤ੍ਰਿਕਾਲੱਗਯ (ਤਿੰਨਾਂ ਕਾਲਾਂ ਨੂੰ ਜਾਨਣ ਵਾਲੇ) ਹੋ, ਤਾਂ ਨੰਬਰ ਦੱਸ ਦਿਓ, ਉਹ ਹੀ ਖ਼ਰੀਦ ਲਈਏ ਕਿਉਂ ਹੋਰ ਝੰਜਟ ਵਿਚ ਪਈਏ! ਤ੍ਰਿਕਾਲੱਗਯ ਦਾ ਅਰਥ ਇਹ ਨਹੀਂ ਹੁੰਦਾ ਕਿ ਉਹ ਤੁਹਾਨੂੰ ਅਤੀਤ ਅਤੇ ਭਵਿੱਖ ਦੱਸੇਗਾ।

ਤ੍ਰਿਕਾਲੱਗਯ ਦਾ ਅਰਥ ਹੁੰਦਾ ਹੈ ਕਿ ਉਸਨੇ ਜੋ ਵੀ ਜਾਣਿਆ ਹੈ ਉਹ ਤਿੰਨਾਂ ਕਾਲਾਂ ਵਿਚ ਸਤਯ ਹੈ। ਇਸ ਫ਼ਰਕ ਨੂੰ ਚੰਗੀ ਤਰ੍ਹਾਂ ਸਮਝ ਲੈਣਾ। ਨਹੀਂ ਤਾਂ ਜੈਨੀਆਂ ਨੇ ਮਹਾਂਵੀਰ ਦੀ ਫ਼ਜ਼ੀਹਤ ਕਰਵਾ ਸੁੱਟੀ ਹੈ। ਉਹ ਕਹਿੰਦੇ ਹਨ— ਤ੍ਰਿਕਾਲੱਗਯ! ਤਾਂ ਫਿਰ ਮਹਾਂਵੀਰ ਨੇ ਜੋ-ਜੋ ਕਿਹਾ ਹੈ ਉਹ ਭਵਿੱਸ਼ਵਾਣੀ ਹੈ। ਜੇਕਰ ਉਹੋ ਜਿਹਾ ਨਾ ਹੋਵੇ ਤਾ ਮੁਸੀਬਤ, ਕਿਉਂਕਿ ਉਸ ਨਾਲ ਮਹਾਂਵੀਰ ਦਾ ਤ੍ਰਿਕਾਲੱਗਯ ਸ਼ੱਕਪੂਰਣ ਹੁੰਦਾ ਹੈ।

ਤ੍ਰਿਕਾਲੱਗਯ ਦਾ ਕੁਲ ਅਰਥ ਇੰਨਾ ਹੀ ਹੈ ਕਿ ਮਹਾਂਵੀਰ ਨੇ ਜੋ ਵੀ ਕਿਹਾ ਹੈ, ਜੋ ਵੀ ਉਨ੍ਹਾਂ ਨੇ ਆਪਣੇ ਪਰਮ ਗਿਆਨ ਦੇ ਪ੍ਰਕਾਸ਼ ਵਿਚ ਜਾਣਿਆ ਹੈ ਉਹ ਕਿਸੇ ਕਾਲ ਵਿਚ ਬੱਝਿਆ ਨਹੀਂ ਹੋਵੇਗਾ, ਉਹ ਹਰ ਸਮੇਂ ਸਤਯ ਹੋਏਗਾ। ਇਸ ਦਾ ਸੰਬੰਧ ਕੋਈ ਇਸ ਆਪਾ-ਧਾਪੀ ਦੇ ਸੰਸਾਰ ਨਾਲ ਨਹੀਂ ਹੈ। ਇਸ ਦਾ ਕੋਈ ਸੰਬੰਧ ਇਤਿਹਾਸ, ਰੋਜ਼-ਮੱਰਾ ਦੀਆਂ ਘਟਨਾਵਾਂ ਨਾਲ ਨਹੀਂ ਹੈ। ਇਸ ਦਾ ਸੰਬੰਧ ਜੀਵਨ ਦੇ ਬਹੁਤ ਗਹਿਰੇ ਸਤਯਾਂ ਨਾਲ ਹੈ। ਫਿਰ ਜੋ ਸਾਰ ਹੈ ਉਹ ਸਾਰ ਹੈ, ਅਤੇ ਜੋ ਅਸਾਰ ਹੈ ਉਹ ਅਸਾਰ ਹੈ।

ਹੋਰ, ਠੀਕ ਪੁੱਛਿਆ ਹੈ—ਗਿਆਨੀ ਨੂੰ, ਜਾਗਰਤ ਪੁਰਸ਼ ਨੂੰ ਦੋਵੇਂ ਨਾਲ-ਨਾਲ ਵਿਖਾਈ ਪੈਂਦੇ ਹਨ? ਵੱਖਰੇ-ਵੱਖਰੇ ਨਹੀਂ ਵਿਖਾਈ ਪੈਂਦੇ, ਦੋਵੇਂ ਇਕੱਠੇ ਵਿਖਾਈ ਦਿੰਦੇ ਹਨ। ਜਦ ਪ੍ਰਗਿਆਵਾਨ ਵਿਅਕਤੀ ਦੇਖਦਾ ਹੈ ਕਿ ਸੰਸਾਰ ਝੂਠ, ਉਸੇ ਛਣ ਵੇਖਦਾ ਹੈ, ਯੁਗਪਤ (ਇਕ ਹੀ ਵੇਲੇ ਇਕੱਠੇ) ਪਰਮਾਤਮਾ ਸਤਯ। ਇਹ ਦੋ ਗੱਲਾਂ ਨਹੀਂ ਹਨ ਕਿ ਉਹ ਪਹਿਲਾਂ ਵੇਖਦਾ ਹੈ ਕਿ ਸੰਸਾਰ ਝੂਠ, ਮਾਯਾ ਅਤੇ ਫਿਰ ਵਰ੍ਹਿਆਂ ਦੀ ਖੋਜ ਤੋਂ ਬਾਅਦ ਪਾਉਂਦਾ ਹੈ ਕਿ ਪਰਮਾਤਮਾ ਸਤਯ ਹੈ। ਨਾ, ਜਦ ਦੇਖਦਾ ਹੈ—ਸੰਸਾਰ ਅਸਤਯ, ਉਸੇ ਦਾ ਦੂਜਾ ਪਹਿਲੂ ਹੈ—ਪਰਮਾਤਮਾ ਸਤਯ। ਤੁਸੀਂ ਜਦ ਵੇਖਦੇ ਹੋ, ਪਰਮਾਤਮਾ ਨਹੀਂ ਵਿਖਾਈ ਪੈਂਦਾ, ਉਸਦਾ ਅਰਥ ਹੈ ਤੁਹਾਨੂੰ ਸੰਸਾਰ ਵਿਖਾਈ ਦਿੰਦਾ ਹੈ।

ਪਰਮਾਤਮਾ ਜਦ ਤਕ ਅਸਤਯ ਹੈ, ਸੰਸਾਰ ਸਤਯ ਹੈ। ਜਦ ਤਕ ਸੰਸਾਰ ਸਤਯ ਹੈ ਤਦ ਤਕ ਪਰਮਾਤਮਾ ਅਸਤਯ ਹੈ।

ਹੋਰ, ਅਗਿਆਨੀਆਂ ਨੇ ਵੀ ਗਿਆਨੀਆਂ ਕੋਲੋਂ ਬੜੇ ਅਜੀਬ-ਅਜੀਬ ਸਵਾਲ ਪੁੱਛੇ ਹਨ! ਜਿਵੇਂ ਸ਼ੰਕਰ ਦੇ ਕੋਲ ਲੋਕ ਪਹੁੰਚ ਜਾਂਦੇ ਹਨ। ਉਹ ਕਹਿੰਦੇ ਹਨ, ਠੀਕ ਹੈ ਤੁਸੀਂ ਕਹਿੰਦੇ ਹੋ—ਸੰਸਾਰ ਮਾਯਾ, ਬ੍ਰਹਮ ਸਤਯ, ਅਸੀਂ ਤੁਹਾਡੇ ਤੋਂ ਪੁੱਛਦੇ ਹਾਂ ਦੋਹਾਂ ਦਾ ਸੰਬੰਧ ਕੀ? ਸਵਾਲ ਬਿਲਕੁਲ ਸਹੀ ਮਾਲੂਮ ਹੁੰਦਾ ਹੈ ਅਤੇ ਸਵਾਲ ਬਿਲਕੁਲ ਗ਼ਲਤ ਹੈ, ਕਿਉਂਕਿ ਦੋ ਤਾਂ ਵਿਖਾਈ ਹੀ ਨਹੀਂ ਪੈਂਦੇ ਸ਼ੰਕਰ ਨੂੰ। ਜਦ ਸੰਸਾਰ ਮਾਯਾ ਵਿਖਾਈ ਪੈਂਦਾ ਹੈ ਤਦੇ ਤਾਂ ਪਰਮਾਤਮਾ ਸਤਯ ਵਿਖਾਈ ਪੈਂਦਾ ਹੈ। ਇਹ ਇਕ ਹੀ ਗੱਲ ਦੇ ਦੋ ਪਹਿਲੂ ਹਨ, ਇਹ ਦੋ ਚੀਜ਼ਾਂ ਨਹੀਂ ਹਨ।

ਇਸ ਤਰ੍ਹਾਂ ਸਮਝੋ ਕਿ ਇਕ ਰੱਸੀ ਪਈ ਹੈ ਅਤੇ ਤੁਸੀਂ ਹਨੇਰੇ ਵਿਚ ਸਮਝਿਆ ਕਿ ਸੱਪ ਹੈ, ਫਿਰ ਤੁਸੀਂ ਕੋਲ ਆਏ, ਦੀਵਾ ਬਾਲਿਆ, ਦੇਖਿਆ ਕਿ ਰੱਸੀ ਹੈ—ਤਾਂ ਜੋ ਸੱਪ ਤੁਸੀਂ ਦੇਖਿਆ ਸੀ, ਮਾਯਾ ਹੋ ਗਿਆ, ਅਸਾਰ ਹੋ ਗਿਆ, ਅਸਤਯ ਹੋ ਗਿਆ, ਅਤੇ ਜਿਹੜੀ ਰੱਸੀ ਹੁਣ ਤਕ ਨਹੀਂ ਵੇਖੀ ਸੀ, ਉਹ ਸਤਯ ਹੋ ਗਈ।

ਹੁਣ ਤੁਹਾਨੂੰ ਕੋਈ ਪੁੱਛੇ ਕਿ ਜਿਹੜਾ ਸੱਪ ਤੁਸੀਂ ਪਹਿਲਾਂ ਵੇਖਿਆ ਸੀ ਅਤੇ ਰੱਸੀ ਤੁਸੀਂ ਜੋ ਹੁਣ ਵੇਖ ਰਹੇ ਹੋ, ਇਨ੍ਹਾਂ ਦੋਹਾਂ ਵਿਚ ਸੰਬੰਧ ਕੀ ਹੈ—ਤਾਂ ਤੁਸੀਂ ਕੀ ਕਹੋਗੇ ? ਕੋਈ ਸੰਬੰਧ ਹੋ ਸਕਦਾ ਹੈ, ਦੋ ਹੈਨ ਕਿੱਥੇ ? ਜਦ ਤਕ ਮੈਂ ਸੱਪ ਵੇਖਿਆ ਰੱਸੀ ਨਹੀਂ ਵੇਖੀ ਸੀ—ਤਦ ਵੀ ਇਕ ਸੀ। ਜਦ ਮੈਂ ਰੱਸੀ ਵੇਖੀ, ਤਦ ਸੱਪ ਨਹੀਂ ਵਿਖਾਈ ਪਿਆ—ਤਦ ਹੀ ਇਕ ਹੀ ਰਿਹਾ। ਹੁਣ ਦੋਹਾਂ ਦੇ ਵਿਚਾਲੇ ਤੁਸੀਂ ਸੰਬੰਧ ਪੁੱਛਦੇ ਹੋ ? ਦੋ ਇਕੱਠੇ ਹੋਣ ਤਾਂ ਸੰਬੰਧਿਤ ਹੋ ਸਕਦੇ ਹਨ।

ਇਕ ਹੀ ਵਿਖਾਈ ਪੈਂਦਾ ਹੈ। ਜਿਸ ਨੂੰ ਸੰਸਾਰ ਵਿਖਾਈ ਪੈਂਦਾ ਹੈ, ਉਨ੍ਹਾਂ ਨੂੰ ਬ੍ਰਹਮ ਵਿਖਾਈ ਨਹੀਂ ਪੈਂਦਾ। ਜਿਨ੍ਹਾਂ ਨੂੰ ਬ੍ਰਹਮ ਵਿਖਾਈ ਪੈਂਦਾ ਹੈ ਉਨ੍ਹਾਂ ਨੂੰ ਸੰਸਾਰ ਵਿਖਾਈ ਨਹੀਂ ਪੈਂਦਾ।

ਤੁਹਾਨੂੰ ਜੋ ਕੁਝ ਵਿਖਾਈ ਦਿੰਦਾ ਹੈ, ਉਸ ਵਿਚ ਅਤੇ ਮੈਨੂੰ ਜੋ ਵਿਖਾਈ ਦਿੰਦਾ ਹੈ, ਉਸ ਵਿਚ ਕੀ ਸੰਬੰਧ ਹੈ ? ਕੋਈ ਸੰਬੰਧ ਨਹੀਂ ਹੈ। ਉਹ ਤੁਹਾਡਾ ਵੇਖਣਾ ਹੈ, ਇਹ ਮੇਰਾ ਵੇਖਣਾ ਹੈ। ਮੈਂ ਜੋ ਅਗਿਆਨ ਵਿਚ ਵੇਖਿਆ, ਉਸ ਵਿਚ, ਅਤੇ ਜੋ ਮੈਂ ਗਿਆਨ ਵਿਚ ਵੇਖਿਆ, ਉਸ ਵਿਚ ਕੀ ਸੰਬੰਧ ਹੈ ? ਉਹ ਦੋਵੇਂ ਇਕੱਠੇ ਤਾਂ ਕਦੇ ਆਉਂਦੇ ਹੀ ਨਹੀਂ, ਸੰਬੰਧ ਹੋ ਹੀ ਨਹੀਂ ਸਕਦਾ।

ਇਸ ਲਈ ਸ਼ੰਕਰ ਜਵਾਬ ਦੇਣ ਦੀ ਕੋਸ਼ਿਸ਼ ਵੀ ਕਰਦੇ ਹਨ, ਤਾਂ ਵੀ ਜਵਾਬ ਜਮ ਨਹੀਂ ਪਾਂਦਾ ਅਤੇ ਲੋਕ ਪੁੱਛਦੇ ਹੀ ਚਲੇ ਜਾਂਦੇ ਹਨ ਤਾਂ ਜਵਾਬ ਦੇਣਾ ਪੈਂਦਾ ਹੈ। ਨਹੀਂ ਤਾ ਲੋਕ ਸੋਚਦੇ ਹਨ—ਸਾਡੇ ਤੇ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ, ਉੱਤਰ ਨਹੀਂ ਦਿੱਤਾ ਜਾ ਰਿਹਾ ਹੈ, ਅਤੇ ਅਸੀਂ ਇੰਨਾ ਕੀਮਤੀ ਸਵਾਲ ਪੁੱਛ ਰਹੇ ਹਾਂ, ਇੰਨਾ ਮਹੱਤਵਪੂਰਣ, ਮਾਯਾ ਅਤੇ ਬ੍ਰਹਮ ਨੂੰ ਜੋੜਨ ਵਾਲਾ ਸਵਾਲ! ਅਤੇ ਜੇਕਰ ਜਵਾਬ ਨਾ ਦੇ ਸਕੋ ਤਾਂ ਕੁਝ ਕਮੀ ਹੈ ਤੁਹਾਡੇ ਗਿਆਨ ਵਿਚ।

ਬੁੱਧ ਸ਼ੰਕਰ ਤੋਂ ਬਹੁਤੇ ਹਿੰਮਤਵਰ ਹਨ। ਸ਼ੰਕਰ ਨੇ ਤਾਂ ਕੁਝ ਨਾ ਕੁਝ ਜਵਾਬ ਦਿੱਤੇ, ਕਿਸੇ ਨਾ ਕਿਸੇ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕੀਤੀ, ਬੁੱਧ ਨੇ ਸਾਫ਼ ਕਹਿ ਦਿੱਤਾ ਕਿ ਨਹੀਂ, ਇਹ ਸਵਾਲ ਹੀ ਨਾ ਪੁੱਛੋ, ਇਹ ਸਵਾਲ ਹੀ ਗ਼ਲਤ ਹੈ—ਜਵਾਬ ਮੈਂ ਨਹੀਂ ਦਿਆਂਗਾ।

ਭਾਰਤ ਵਿਚੋਂ ਬੁੱਧ ਦਾ ਪ੍ਰਭਾਵ ਸਮਾਪਤ ਹੋ ਗਿਆ—ਉਸ ਦਾ ਕੁਲ ਕਾਰਨ ਇੰਨਾ ਹੈ ਕਿ ਭਾਰਤ ਦੀ ਆਦਤ ਵਿਅਰਥ ਦੇ ਸਵਾਲ ਪੁੱਛਣੇ ਅਤੇ ਜਵਾਬ ਹਾਸਿਲ ਕਰਨ ਦੀ ਹੈ। ਬੁੱਧ ਨੇ ਉਸ ਆਦਤ ਦਾ ਸਾਥ ਨਹੀਂ ਦਿੱਤਾ। ਲੋਕਾਂ ਨੇ ਕਿਹਾ—ਤਾਂ ਫਿਰ ਇਨ੍ਹਾਂ ਨੂੰ ਪਤਾ ਹੀ ਨਹੀਂ ਹੋਏਗਾ।

ਭਾਰਤ ਪੁਰਾਣਾ ਪੰਡਿਤ ਹੈ। ਇੱਥੇ ਦੁਕਾਨ-ਦੁਕਾਨ 'ਤੇ ਬੈਠਾ, ਪਾਨ ਵੇਚਣ ਵਾਲਾ ਵੀ ਪੰਡਿਤ ਹੈ। ਇੱਥੇ ਬ੍ਰਹਮ-ਗਿਆਨ ਤਾਂ ਘਰ-ਘਰ ਵਿਚ ਹੈ। ਇੱਥੇ ਹਰ ਆਦਮੀ ਨੂੰ ਬ੍ਰਹਮ-ਗਿਆਨੀ ਮੰਨ ਸਕਦੇ ਹੋ। ਸਭਨਾਂ ਨੂੰ ਪਤਾ ਹੈ।

ਅਤੇ ਜਦ ਬੁੱਧ ਨੇ ਕਿਹਾ, ਨਹੀਂ ਇਸ ਦਾ ਕੋਈ ਜਵਾਬ ਨਹੀਂ ਦਿਆਂਗੇ, ਇਹ ਸਵਾਲ ਹੀ ਗ਼ਲਤ ਹਨ—ਤਾਂ ਲੋਕਾਂ ਨੇ ਕਿਹਾ—ਪਤਾ ਹੀ ਨਹੀਂ ਹੋਏਗਾ ਇਸ ਆਦਮੀ ਹੈ। ਜੇਕਰ ਸਵਾਲ ਹੀ ਗ਼ਲਤ ਸੀ ਤਾਂ ਵੇਦ ਵਿਚ ਕਿਉਂ ਜਵਾਬ ਦਿੱਤਾ ਗਿਆ ਹੈ? ਉਪਨਿਸ਼ਦ ਵਿਚ ਕਿਉਂ ਜਵਾਬ ਹੈ? ਸਦਾ ਗਿਆਨੀ ਉੱਤਰ ਦਿੰਦੇ ਰਹੇ ਹਨ—ਇਹ ਆਦਮੀ ਕਹਿੰਦਾ ਹੈ—ਸਵਾਲ ਗ਼ਲਤ ਹੈ। ਮਾਮਲਾ ਮਾਲੂਮ ਹੁੰਦਾ ਹੈ ਇਸ ਨੂੰ ਜਵਾਬ ਪਤਾ ਨਹੀਂ ਹੈ। ਅਤੇ ਸਾਨੂੰ ਪਤਾ ਹੈ ਜਵਾਬ, ਇਸ ਨੂੰ ਪਤਾ ਨਹੀਂ ਹੈ।

ਬੁੱਧ ਦਾ ਪ੍ਰਭਾਵ ਭਾਰਤ ਤੋਂ ਉੱਠ ਗਿਆ। ਉਸ ਦਾ ਕੁਲ ਕਾਰਨ ਇੰਨਾ ਸੀ ਕਿ ਬੁੱਧ ਨੇ ਭਾਰਤ ਦੀ ਪੰਡਿਤਾਈ ਪੂਰਣ ਮਨੋਦਸ਼ਾ ਦੇ ਨਾਲ ਕੋਈ ਸਹਿਯੋਗ ਨਹੀਂ ਕੀਤਾ।

ਜਦ ਅਸਾਰ ਦਿੱਸਦਾ ਹੈ ਤਦੇ ਸਾਰ ਵਿਖਾਈ ਪੈ ਜਾਂਦਾ ਹੈ।

ਸਾਰ ਅਤੇ ਅਸਾਰ ਦੋ ਚੀਜ਼ਾਂ ਨਹੀਂ ਹਨ—ਇਕ ਹੀ ਪ੍ਰਕਾਸ਼ ਦਾ ਅਨੁਭਵ ਹੈ। ਇਕ ਚੀਜ਼ ਅਸਾਰ ਹੋ ਜਾਂਦੀ ਹੈ ਦੂਜੀ ਸਾਰ ਹੋ ਜਾਂਦੀ ਹੈ। ਜਿਹੜੀ ਕੱਲ੍ਹ ਤਕ ਅਸਾਰ ਸੀ ਅੱਜ ਸਾਰ ਹੋ ਜਾਂਦੀ ਹੈ—ਜੋ ਕਲ੍ਹ ਤਕ ਸਾਰ ਸੀ ਉਹ ਅੱਜ ਅਸਾਰ ਹੋ ਜਾਂਦੀ ਹੈ। ਲੇਕਿਨ ਜੇਕਰ ਇਹ ਅਨੁਭਵ ਬਿਨਾਂ ਵਿਘਨ ਤੋਂ ਹੋਵੇ, ਭਵਿਸ਼ਯ ਵਿਚ ਕਦੇ ਖੰਡਿਤ ਨਾ ਹੋਵੇ, ਤੁਹਾਡੀ ਪ੍ਰਗਿਆ ਨੇ ਥਿਰ ਹੋ ਕੇ ਜਾਣਿਆ ਹੋਵੇ ਤਾਂ ਫਿਰ ਸਦਾ ਰਹਿਣ ਵਾਲਾ ਹੋਏਗਾ, ਫਿਰ ਬਦਲੇਗਾ ਨਹੀਂ। ਮੰਨੀਆਂ ਹੋਈਆਂ ਗੱਲਾਂ ਤਾਂ ਬਦਲ ਜਾਣਗੀਆਂ, ਜਾਣੀਆਂ ਹੋਈਆਂ ਗੱਲਾਂ ਵੀ ਬਦਲ ਜਾਣਗੀਆਂ—ਸਿਰਫ਼ ਜੀਵੇ ਹੋਏ ਅਨੁਭਵ ਨਹੀਂ ਬਦਲਦੇ ਹਨ।

ਸੋ ਸਤਯ ਨੂੰ ਜਾਨਣਾ ਨਹੀਂ ਹੈ—ਸਤਯ ਨੂੰ ਜੀਉਣਾ ਹੈ—ਸਤਯ ਦੇ ਨਾਲ ਇਕ ਰੂਪ ਹੋ ਜਾਣਾ ਹੈ। ਤੁਹਾਡੀ ਪ੍ਰਗਿਆ ਥਿਰ ਹੋ ਕੇ ਸਤਯ ਹੋ ਜਾਏ—ਤੁਹਾਡੀ ਪ੍ਰਗਿਆ (ਗਿਆਨ) ਦਾ ਕੰਪਕ ਗੁਆਚ ਜਾਏ, ਧਿਆਨ ਵਿਚ ਹੋ ਜਾਏ, ਸਮਾਧਿਸੱਥ ਹੋ ਜਾਏ—ਉਸ ਸਮਾਧੀ ਦੀ ਦਸ਼ਾ ਵਿਚ ਜੋ ਸਮਾਧਾਨ ਤੁਹਾਨੂੰ ਮਿਲੇਗਾ, ਉਹ ਕਿਸੇ ਕਾਲ ਵਿਚ, ਕਿਸੇ ਲੋਕ ਵਿਚ ਖੰਡਿਤ ਨਹੀਂ ਹੁੰਦਾ ਹੈ। ਉਸ ਅਖੰਡ ਨੂੰ ਹੀ ਅਸੀਂ ਸਤਯ ਕਹਿੰਦੇ ਹਾਂ।

ਪੰਜਵਾਂ ਸਵਾਲ—ਸਾਨੂੰ ਤਾਂ ਸੁਫ਼ਨਿਆਂ ਤੋਂ ਰਹਿਤ ਜੀਵਨ ਰਸਹੀਣ ਲੱਗਦਾ ਹੈ। ਪਰ ਤੁਹਾਡੇ ਵਰਗੇ ਬੁੱਧ-ਪੁਰਸ਼ਾਂ ਦਾ ਜੀਵਨ ਤਾਂ ਸੁਫ਼ਨਿਆਂ ਤੋਂ ਰਹਿਤ ਹੈ, ਫਿਰ ਵੀ ਇੰਨਾ ਰਸਪੂਰਣ ਕਿਉਂ ਹੈ?

ਤੁਹਾਨੂੰ ਰਸਹੀਨ ਲੱਗਦਾ ਹੈ ਬਿਨਾਂ ਸੁਫ਼ਨਿਆਂ ਦੇ, ਕਿਉਂਕਿ ਤੁਸੀਂ ਜੀਵਨ ਦਾ ਰਸ ਤਾਂ ਜਾਣਿਆ ਨਹੀਂ। ਤੁਸੀਂ ਸੁਫ਼ਨੇ ਦਾ ਹੀ ਰਸ ਜਾਣਦੇ ਹੋ ਅਤੇ ਉਸੇ ਨਾਲ ਆਪਣੇ ਆਪ ਨੂੰ ਸਮਝਾਈ ਚਲੇ ਜਾਂਦੇ ਹੋ।

ਅਜਿਹਾ ਸਮਝੋ, ਤੁਹਾਨੂੰ ਭੁੱਖ ਲੱਗੀ ਹੈ ਅਤੇ ਤੁਹਾਨੂੰ ਅਸਲੀ ਭੋਜਨ ਮਿਲਿਆ ਹੀ ਨਹੀਂ, ਸੋ ਅੱਖਾਂ ਬੰਦ ਕਰ ਕੇ ਤੁਸੀਂ ਸੁਫ਼ਨਿਆਂ ਦੇ ਭੋਜਨ ਕੀਤੇ ਹਨ—ਬਹੁਤ ਸੁਆਦਲੇ ਸਨ, ਖ਼ੂਬ ਜੀ ਭਰ ਕੇ ਖਾਧਾ, ਖ਼ੂਬ ਚੱਬਿਆ, ਖ਼ੂਬ ਜੁਗਾਲੀ ਕੀਤੀ, ਆਪਣੇ ਆਪ ਨੂੰ ਵੀ ਧੋਖਾ ਦੇ ਲਿਆ ਕਿ ਭੁੱਖ ਸਮਾਪਤ ਹੋ ਗਈ, ਲੇਕਿਨ ਸੁਫ਼ਨੇ ਦਾ ਭੋਜਨ ਅਸਲੀ ਭੁੱਖ ਨੂੰ ਨਹੀਂ ਮਿਟਾ ਸਕੇਗਾ। ਇਹ ਹੋ ਸਕਦਾ ਹੈ ਕਿ ਧੋਖਾ ਹੌਲੀ-ਹੌਲੀ ਇੰਨਾ ਡੂੰਘਾ ਹੋ ਜਾਏ ਕਿ ਅਸਲੀ ਭੁੱਖ ਹੀ ਲੱਗਣੀ ਬੰਦ ਹੋ ਜਾਏ, ਪਰ ਸਰੀਰ ਸੁੱਕੇਗਾ, ਕੁਮਲੱਕ ਜਾਏਗਾ ਅਤੇ ਜਿੰਨਾ ਹੀ ਸਰੀਰ ਸੁੱਕੇਗਾ, ਕੁਮਲੱਕੇਗਾ ਤੇ ਜੀਵਨ 'ਚੋਂ ਜੜ੍ਹਾਂ ਜਿੰਨੀਆਂ ਉਖੜੀਆਂ-ਉਖੜੀਆਂ ਹੋਣ ਲੱਗਣਗੀਆਂ, ਓਨੇ ਹੀ ਜ਼ਿਆਦਾ ਸੁਫ਼ਨੇ ਤੁਹਾਨੂੰ ਵੇਖਣੇ ਪੈਣਗੇ, ਕਿਉਂਕਿ ਤਦ ਹੋਰ ਸੁਫ਼ਨਿਆਂ ਦੀ ਲੋੜ ਪਏਗੀ, ਤਾਂਕਿ ਤੁਸੀਂ ਆਪਣੇ ਆਪ ਨੂੰ ਸਮਝਾ ਲਓ ਕਿ ਨਹੀਂ, ਭੋਜਨ ਤਾਂ ਅਸੀਂ ਰੋਜ਼ ਕਰ ਰਹੇ ਹਾਂ, ਘੰਟਿਆਂ-ਬੱਧੀ ਕਰ ਰਹੇ ਹਾਂ।

ਜੀਵਨ ਝੂਠੇ ਭੋਜਨ ਨਾਲ ਨਹੀਂ ਭਰਦਾ, ਅਤੇ ਨਾ ਹੀ ਰਸ ਸੁਫ਼ਨਿਆਂ ਤੋਂ ਆ ਸਕਦਾ ਹੈ। ਸੁਫ਼ਨੇ ਤਾਂ ਜੀਵਨ ਵਿਚ ਤੁਸੀਂ ਜੋ ਰਸ ਭੁੱਲ ਰਹੇ ਹੋ ਉਸ ਨੂੰ ਪੂਰਾ ਕਰਨ ਲਈ ਹਨ। ਝੂਠੇ ਪਰਿਪੂਰਕ ਹਨ।

ਅਜਿਹਾ ਹੀ ਹੈ ਜਿਵੇਂ ਅਸੀਂ ਛੋਟੇ ਬੱਚੇ ਦੇ ਮੂੰਹ ਵਿਚ ਚੂਸਨੀ ਦੇ ਦਿੰਦੇ ਹਾਂ, ਉਹ ਸੋਚਦਾ ਹੈ ਸਤੱਨ ਹੈ ਮਾਂ ਦਾ, ਉਹ ਚੂਸਨੀ ਚੂੰਘਦਾ ਰਹਿੰਦਾ ਹੈ—ਸੌਂ ਜਾਂਦਾ ਹੈ। ਇਸ ਨਾਲ ਕੁਝ ਢਿੱਡ ਨਹੀਂ ਭਰਦਾ, ਨਾ ਤਾਕਤ ਮਿਲਦੀ ਹੈ, ਨਾ ਖ਼ੂਨ ਬਣਦਾ ਹੈ, ਨਾ ਹੱਡੀਆਂ ਬਣਦੀਆਂ—ਪਰ ਝਪਕੀ ਲੱਗ ਜਾਂਦੀ ਹੈ, ਸੋਚਦੇ-ਸੋਚਦੇ ਕਿ ਦੁੱਧ ਹੀ ਪੀ ਰਿਹਾ ਹਾਂ, ਸੌਂ ਜਾਂਦਾ ਹੈ। ਅਸੀਂ ਬੱਚੇ ਨੂੰ ਧੋਖਾ ਦੇ ਦਿੱਤਾ। ਬੱਚਾ ਇਸ ਧੋਖੇ ਤੋਂ ਕਦੇ ਨਾ ਕਦੇ ਸੰਭਲ ਹੀ ਜਾਏਗਾ ਕਿਉਂਕਿ ਅਸੀਂ ਦਿੱਤਾ ਹੈ। ਫਿਰ ਜੀਵਨ ਵਿਚ ਅਜਿਹੇ ਵੀ ਧੋਖੇ ਹਨ ਜੋ ਤੁਸੀਂ ਖ਼ੁਦ ਹੀ ਦੇ ਰਹੇ ਹੋ, ਉਨ੍ਹਾਂ ਤੋਂ ਜਾਗਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਤੁਸੀਂ ਕਦੇ ਕੁੱਤੇ ਨੂੰ ਵੇਖਿਆ ?—ਸੁੱਕੀ ਹੱਡੀ ਨੂੰ ਚੱਬਦਿਆਂ, ਉਹ ਬਹੁਤ ਰਸ ਲੈਂਦਾ ਹੈ। ਸੁੱਕੀ ਹੱਡੀ ਵਿਚ ਕੋਈ ਰਸ ਨਹੀਂ। ਸੁੱਕੀ ਹੱਡੀ 'ਚੋਂ ਕੋਈ ਰਸ ਨਿਕਲ ਵੀ ਨਹੀਂ ਸਕਦਾ। ਹੁੰਦਾ ਕੀ ਹੈ ? ਜਦ ਕੁੱਤਾ ਸੁੱਕੀ ਹੱਡੀ ਚਬਾਉਂਦਾ ਹੈ ਤਾਂ ਸੁੱਕੇਪਣ ਦੇ ਕਾਰਨ, ਹੱਡੀ ਦੀ ਸਖ਼ਤਾਈ ਦੇ ਕਾਰਨ ਉਸ ਦਾ ਮੂੰਹ ਛਿੱਲਿਆ ਜਾਂਦਾ ਹੈ ਤੇ ਖ਼ੂਨ ਨਿਕਲਣ ਲੱਗਦਾ ਹੈ। ਉਹ ਉਸੇ ਖ਼ੂਨ ਨੂੰ ਚੂਸਦਾ ਹੈ ਤੇ ਸੋਚਦਾ ਹੈ ਕਿ ਹੱਡੀ ਵਿਚੋਂ ਰਸ ਆ ਜਿਹਾ ਹੈ। ਜ਼ਖ਼ਮ ਬਣ ਰਹੇ ਹਨ ਮੂੰਹ ਵਿਚ ਹੱਡੀ ਨਾਲ, ਰਸ ਨਹੀਂ ਆ ਜਿਹਾ ਹੈ! ਨੁਕਸਾਨ ਹੋ ਜਿਹਾ ਹੈ। ਹਾਨੀ ਹੋ ਰਹੀ ਹੈ। ਘਾਤਕ ਹੈ। ਪਰ ਕੁੱਤੇ ਨੂੰ ਕੌਣ ਸਮਝਾਏ ? ਜੇਕਰ ਤੁਸੀਂ ਹੱਡੀ ਖੋਹਣਾ ਚਾਹੋ, ਕੁੱਤਾ ਮਰਨ-ਮਾਰਨ ਲਈ ਉਤਾਰੂ ਹੋ ਜਾਏਗਾ। ਕਿਉਂਕਿ ਕੁੱਤਾ ਸੋਚ ਰਿਹਾ ਹੈ ਕਿ ਜੋ ਖ਼ੂਨ ਉਸ ਦੇ ਕੰਠ ਵਿਚ ਉੱਤਰ ਰਿਹਾ ਹੈ ਉਹ ਹੱਡੀ 'ਚੋਂ ਨਿਕਲ ਰਿਹਾ ਹੈ।

ਦੂਜਿਆ ਦੇ ਧੋਖੇ ਤਾਂ ਤੋੜ ਦੇਣੇ ਆਸਾਨ ਹਨ। ਹੁਣ ਤੁਸੀਂ ਖ਼ੁਦ ਹੀ ਆਪਣੇ ਆਪ ਨੂੰ ਧੋਖਾ ਦਿਓ ਤਾਂ ਬਹੁਤ ਮੁਸ਼ਕਿਲ ਹੈ।

ਜਿਨ੍ਹਾਂ ਨੂੰ ਤੁਸੀਂ ਪਾਗ਼ਲ ਕਹਿੰਦੇ ਹੋ, ਉਹ ਕੌਣ ਹਨ ? ਉਹ ਤੁਹਾਡੇ ਵਰਗੇ ਹੀ ਲੋਕ ਹਨ। ਜਿਨ੍ਹਾਂ ਨੇ ਸੁਫ਼ਨਾ ਇੰਨਾ ਵੇਖਿਆ, ਇੰਨਾ ਵੇਖਿਆ ਕਿ ਹੌਲੀ-ਹੌਲੀ ਸੁਫ਼ਨਾ ਹੀ ਸੱਚ ਹੋ ਗਿਆ ਅਤੇ ਜ਼ਿੰਦਗੀ ਝੂਠ ਹੋ ਗਈ! ਸੁਫ਼ਨੇ ਵਿਚ ਇੰਨੀ ਬੁਰੀ ਤਰ੍ਹਾਂ ਗੁਆਚ ਗਏ ਹਨ ਕਿ ਹੁਣ ਤੁਸੀਂ ਉਨ੍ਹਾਂ ਨੂੰ ਉਸ ਸੁਫ਼ਨੇ ਤੋਂ ਬਾਹਰ ਖਿੱਚ ਕੇ ਨਹੀਂ ਲਿਆ ਸਕਦੇ, ਤੁਸੀਂ ਉਨ੍ਹਾਂ ਨੂੰ ਜਗਾ ਨਹੀਂ ਸਕਦੇ, ਲੇਕਿਨ ਤੁਸੀਂ ਜਾਣਦੇ ਹੋ ਕਿ ਪਾਗ਼ਲ ਕਿੰਨੇ ਹੀ ਮਸਤ ਵਿਖਾਈ ਪੈਣ ਉਨ੍ਹਾਂ ਦੀ ਮਸਤੀ ਝੂਠੀ ਹੈ। ਇਲਾਜ ਦੀ ਜ਼ਰੂਰਤ ਹੈ। ਪਾਗ਼ਲਾਂ ਦੇ ਜੀਵਨ ਵਿਚ ਕਿੰਨਾ ਹੀ ਰਸ ਵਿਖਾਈ ਪਏ, ਤੁਸੀਂ ਜਾਣਦੇ ਹੋ ਕਿ ਤੁਸੀਂ ਇਸ ਰਸ ਨੂੰ ਪਾਗ਼ਲ ਹੋ ਕੇ ਲੈਣ ਲਈ ਰਾਜ਼ੀ ਨਹੀਂ ਹੋਵੋਗੇ।

ਪਾਗਲਖ਼ਾਨੇ ਵਿਚ ਜਾਓ, ਤੁਸੀਂ ਪਾਗਲਾਂ ਨੂੰ ਸਾਧਾਰਣ ਲੋਕਾਂ ਨਾਲੋਂ ਜ਼ਿਆਦਾ ਮਸਤ ਪਾਉਗੇ। ਕਾਰਨ ਕੀ ਹੈ ? ਕੀ ਉਨ੍ਹਾਂ ਨੂੰ ਕੋਈ ਮਸਤੀ ਉਪਲਬਧ ਹੋ ਗਈ ਹੈ ? ਨਹੀਂ, ਉਹ ਸੁਫ਼ਨਿਆਂ ਵਿਚ ਇੰਨੇ ਗੁਆਚ ਗਏ ਹਨ ਕਿ ਹੁਣ ਜ਼ਿੰਦਗੀ ਦੀਆਂ ਸੱਚਾਈਆਂ ਉਨ੍ਹਾਂ ਨੂੰ ਚੌਂਕਾਉਂਦੀਆਂ ਵੀ ਨਹੀਂ। ਉਹ ਆਪਣੇ ਸੁਫ਼ਨੇ ਵਿਚ ਹੀ ਰਹਿੰਦੇ ਹਨ। ਕਿਸੇ ਦਾ ਪ੍ਰੇਮ ਅਜਿੱਪਟ ਦੀ ਰਾਣੀ ਕਿਲਓਪੈਟਰਾ ਨਾਲ ਹੈ। ਕਿਲਓਪੈਟਰਾ ਨੂੰ ਮਰਿਆਂ ਹਜ਼ਾਰਾਂ ਸਾਲ ਹੋ ਗਏ। ਪਰ ਪਾਗਲਖ਼ਾਨੇ ਵਿਚ ਉਸ ਦਾ ਕੋਈ ਪ੍ਰੇਮੀ ਹੈ ਕਿਲਊਪੈਟਰਾ ਦਾ। ਉਹ ਕਿਲਊਪੈਟਰਾ ਨਾਲ ਆਪਣੇ ਸੁਫ਼ਨੇ ਵਿਚ ਰਹਿ ਰਿਹਾ ਹੈ। ਉਹ ਉਸੇ ਦੇ ਨਾਲ ਉੱਠਦਾ ਹੈ, ਬੈਠਦਾ

ਹੈ, ਗੱਲਬਾਤ ਕਰਦਾ ਹੈ। ਉਹ ਕਿਲਊਪੈਟਰਾ ਨਾਲ ਹੀ ਜੀ ਰਿਹਾ ਹੈ। ਤੁਸੀਂ ਸਾਰੇ ਹੱਸੋਗੇ, ਪਰ ਉਹ ਖ਼ੁਸ਼ ਹੈ। ਉਸ ਦਾ ਜੀਵਨ ਬਹੁਤ ਰਸਪੂਰਣ ਮਾਲੂਮ ਹੋਏਗਾ।

ਤੁਹਾਡੇ ਸੁਫ਼ਨੇ ਦਾ ਰਸ ਵੀ ਇਹੋ ਜਿਹਾ ਹੀ ਹੈ। ਤੁਸੀਂ ਬਿਨਾਂ ਸੁਫ਼ਨੇ ਦੇ ਨਹੀਂ ਰਹਿ ਸਕਦੇ, ਕਿਉਂਕਿ ਤੁਹਾਡੀ ਜ਼ਿੰਦਗੀ ਵਿਚ ਕੁਝ ਖ਼ਾਲੀਪਨ ਹੈ, ਜੋ ਤੁਸੀਂ ਸੁਫ਼ਨਿਆਂ ਨਾਲ ਭਰਦੇ ਹੋ। ਹੋਰ ਧਿਆਨ ਰੱਖਣਾ, ਇਸ ਤਰ੍ਹਾਂ ਜੇਕਰ ਤੁਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਰਹੇ ਅਤੇ ਝੂਠੀ ਚੂਸਣੀ ਹੀ ਚੁੰਘਦੇ ਰਹੇ, ਅਤੇ ਝੂਠੇ ਭੋਜਨਾਂ ਵਿਚ ਰਸ ਲੈਂਦੇ ਰਹੇ, ਤੇ ਕਲਪਣਾ ਦੇ ਤਾਣੇ-ਬਾਣੇ ਬੁਣਦੇ ਰਹੇ—ਤਾਂ ਹੌਲੀ-ਹੌਲੀ ਤੁਹਾਡਾ ਸਚਾਈ ਨਾਲੋਂ ਸਾਰਾ ਸੰਬੰਧ ਟੁੱਟ ਜਾਏਗਾ, ਤਦ ਜਾਗਣਾ ਬਹੁਤ ਮੁਸ਼ਕਿਲ ਹੋਏਗਾ।

ਬੁੱਧ-ਪੁਰਸ਼ ਦੇ ਜੀਵਨ ਵਿਚ ਜੋ ਰਸ ਵਿਖਾਈ ਪੈਂਦਾ ਹੈ, ਉਹ ਸੁਫ਼ਨਿਆਂ ਦਾ ਨਹੀਂ ਹੈ, ਉਹ ਅਸਲੀ ਜੀਵਨ ਦਾ ਹੈ।

ਦੁਨੀਆਂ ਵਿਚ ਦੋ ਤਰ੍ਹਾਂ ਦੇ ਲੋਕ ਮਸਤ ਵਿਖਾਈ ਪੈਂਦੇ ਹਨ—ਜਾਂ ਤਾਂ ਬੁੱਧ-ਪੁਰਸ਼ ਜਾਂ ਪਾਗ਼ਲ, ਜਾਂ ਤਾਂ ਪਾਗ਼ਲ ਜਾਂ ਵਿਮੁੱਕਤ। ਇਸ ਲਈ ਕਈ ਵਾਰੀ ਤਾਂ ਬੁੱਧ-ਪੁਰਸ਼ਾਂ ਨੂੰ ਵੀ ਲੋਕਾਂ ਨੇ ਪਾਗ਼ਲ ਸਮਝ ਲਿਆ ਹੈ, ਕਿਉਂਕਿ ਉਨ੍ਹਾਂ ਵਿਚ ਇਕ ਗੱਲ ਇਕੋ ਜਿਹੀ ਵਿਖਾਈ ਪੈਂਦੀ ਹੈ ਅਤੇ ਕਈ ਵਾਰੀ ਅਜਿਹਾ ਵੀ ਹੋਇਆ ਹੈ ਕਿ ਪਾਗ਼ਲ ਨੂੰ ਬੁੱਧ-ਪੁਰਸ਼ ਸਮਝ ਲਿਆ ਹੈ, ਕਿਉਂਕਿ ਉਨ੍ਹਾਂ ਵਿਚ ਵੀ ਸਮਾਨਤਾ ਮਾਲੂਮ ਪੈਂਦੀ ਹੈ।

ਪੂਰਬ ਵਿਚ ਅਜਿਹਾ ਬਹੁਤ ਵਾਰ ਹੋਇਆ ਹੈ ਕਿ ਪਾਗ਼ਲਾਂ ਨੂੰ ਲੋਕਾਂ ਨੇ ਪਰਮਹੰਸ ਸਮਝ ਲਿਆ। ਕਿਉਂਕਿ ਮਸਤੀ ਤਾਂ ਉਨ੍ਹਾਂ ਦੀ ਅਜਿਹੀ ਹੀ ਲੱਗਦੀ ਹੈ ਜਿਹੋ ਜਿਹੀ ਬੁੱਧ ਪੁਰਸ਼ਾਂ ਦੀ ਹੈ ਅਤੇ ਸਾਡੇ ਕੋਲ ਨਾਪਣ-ਵਾਪਣ ਦਾ ਕੋਈ ਉਪਾਇ ਵੀ ਨਹੀਂ ਹੈ ਅਤੇ ਪੱਛਮ ਵਿਚ ਅਜਿਹਾ ਅੱਜ ਵੀ ਹੋ ਰਿਹਾ ਹੈ ਕਿ ਬਹੁਤ ਸਾਰੇ ਅਜਿਹੇ ਪੁਰਸ਼ ਜੋ ਪਾਗ਼ਲ ਨਹੀਂ ਹਨ, ਸਿਰਫ਼ ਮਸਤ ਹਨ, ਆਪਣੀ ਮਸਤੀ ਵਿਚ, ਪਾਗ਼ਲਖ਼ਾਨਿਆਂ ਵਿਚ ਪਏ ਹਨ, ਕਿਉਂਕਿ ਪੱਛਮ ਕਹਿੰਦਾ ਹੈ—ਹੋਰ ਤਾਂ ਕੋਈ ਕਾਰਨ ਨਹੀਂ, ਸਿਰਫ਼ ਪਾਗ਼ਲ.....। ਜਿਵੇਂ ਪੂਰਬ ਵਿਚ ਪਾਗ਼ਲ ਪਰਮਹੰਸ ਹੋ ਗਏ ਬਹੁਤ ਵਾਰ, ਇਸ ਤਰ੍ਹਾਂ ਪੱਛਮ ਵਿਚ ਬਹੁਤ ਸਾਰੇ ਪਰਮਹੰਸ ਪਾਗ਼ਲਖ਼ਾਨਿਆਂ ਵਿਚ ਪਏ ਹਨ। ਕਿਉਂਕਿ ਪੂਰਬ ਵਿਚ ਇਕ ਤਰ੍ਹਾਂ ਦਾ ਭਰਮ ਸੀ ਕਿ ਜੋ ਵੀ ਮਸਤ ਹੋ ਗਿਆ ਉਹ ਹੀ ਗਿਆਨ ਨੂੰ ਉਪਲਬਧ ਹੈ। ਸਾਰੇ ਮਸਤ ਹੋ ਜਾਣੇ ਵਾਲੇ ਗਿਆਨ ਨੂੰ ਉਪਲਬਧ ਨਹੀਂ ਹੁੰਦੇ। ਸਾਰੇ ਗਿਆਨ ਨੂੰ ਪ੍ਰਾਪਤ ਕਰ ਲੈਣ ਵਾਤੇ ਮਸਤ ਜ਼ਰੂਰ ਹੋ ਜਾਂਦੇ ਹਨ। ਲੇਕਿਨ ਸਾਰੇ ਮਸਤੀ

ਨੂੰ ਪ੍ਰਾਪਤ ਲੋਕ ਗਿਆਨ ਨੂੰ ਉਪਲਬਧ ਨਹੀਂ ਹੋ ਜਾਂਦੇ। ਬਹੁਤਿਆਂ ਦੀ ਮਸਤੀ ਤਾਂ ਪਾਗ਼ਲਪਨ ਦੀ ਹੁੰਦੀ ਹੈ, ਵਿਛਿਪਤਤਾ ਦੀ ਹੁੰਦੀ ਹੈ।

ਸੋ ਦੋ ਤਰ੍ਹਾਂ ਦੇ ਰਸ ਸੰਭਵ ਹਨ—ਜਾਂ ਤਾਂ ਤੁਸੀਂ ਪਾਗ਼ਲ ਹੋ ਜਾਓ ਜਾਂ ਤੁਸੀਂ ਜਾਗ ਜਾਓ, ਜਾਂ ਤਾਂ ਤੁਸੀਂ ਮਨ ਵਿਚ ਇਸ ਭਾਂਤ ਗੁੰਮ ਹੋ ਜਾਓ ਕਿ ਬਾਹਰ ਨਿਕਲਣ ਦੀ ਥਾਂ ਹੀ ਨਾ ਰਹਿ ਜਾਏ, ਜਾਂ ਮਨ ਬਿਲਕੁਲ ਗੁਆਚ ਜਾਏ ਤੇ ਮਨ ਦੇ ਪਰਤਣ ਦਾ ਰਾਹ ਹੀ ਨਾ ਰਹਿ ਜਾਏ, ਜਾਂ ਤੁਸੀਂ ਮਨ ਵਿਚ ਗੁੰਮ ਹੋ ਜਾਓ ਜਾਂ ਮਨ ਤੁਹਾਡੇ ਵਿਚ ਪੂਰੀ ਤਰ੍ਹਾਂ ਗੁੰਮ ਹੋ ਜਾਏ। ਦੋ ਉਪਾਇ ਹਨ। ਇਨ੍ਹਾਂ ਦੋਹਾਂ ਦੇ ਵਿਚਾਲੇ ਸਾਧਾਰਣ ਆਦਮੀ ਜੀਉਂਦਾ ਹੈ। ਨਾ ਤਾਂ ਉਹ ਪਾਗ਼ਲ ਹੈ ਨਾ ਉਹ ਪਰਮਹੰਸ ਹੈ। ਉਹ ਥੋੜ੍ਹੀ-ਥੋੜ੍ਹੀ ਸਚਾਈ ਵੀ ਵੇਖਦਾ ਹੈ, ਥੋੜ੍ਹਾ-ਥੋੜ੍ਹਾ ਸੁਫ਼ਨਾ ਵੀ ਵੇਖਦਾ ਹੈ, ਉਸ ਦਾ ਜੀਵਨ ਬਹੁਤ ਦੁਵਿਧਾ ਦਾ ਹੈ। ਉਹ ਵਿਚਾਲੇ ਫਸਿਆ ਹੈ ਤ੍ਰਿਸ਼ੰਕੂ ਦੇ ਵਾਂਗ।

ਤੁਸੀਂ ਵੀ ਸੁਫ਼ਨੇ ਵੇਖਦੇ ਰਹਿੰਦੇ ਹੋ। ਦੁਕਾਨ ਉੱਤੇ ਬੈਠੇ ਹੋ, ਗ੍ਰਾਹਕ ਨਹੀਂ ਹੈ—ਸੁਫ਼ਨਾ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਅਚਾਨਕ ਰਸਤੇ ਉੱਤੇ ਕ੍ਰੋੜਾਂ ਰੁਪਈਆਂ ਦੀ ਥੈਲੀ ਮਿਲ ਗਈ ਹੈ। ਹੁਣ ਤੁਸੀਂ ਜਾਣਦੇ ਹੋ, ਭਲੀ-ਭਾਂਤ ਜਾਣਦੇ ਹੋ ਕਿ ਕੀ ਪਾਗ਼ਲਪਨ ਸੋਚ ਰਹੇ ਹੋ। ਕਈ ਬਾਰ ਤੁਹਾਨੂੰ ਸਮਝ ਵਿਚ ਵੀ ਆ ਜਾਂਦਾ ਹੈ ਕਿ ਇਹ ਕੀ ਪਾਗ਼ਲਪਨ ਹੈ, ਪਰ ਫਿਰ ਵੀ ਰਸ ਮਾਲੂਮ ਹੁੰਦਾ ਹੈ ਅਤੇ ਤੁਸੀਂ ਸੋਚਦੇ ਹੋ ਕਿ ਚਲੋ, ਕੋਈ ਹਰਜਾ ਨਹੀਂ, ਕੀ ਕਰੋਗੇ ਜੇਕਰ ਕਰੋੜ ਰੁਪਏ ਮਿਲ ਜਾਣ ?— ਤਾਂ ਤੁਸੀਂ ਮਕਾਨ ਬਣਾ ਰਹੇ ਹੋ, ਮਹਿਲ ਖੜਾ ਕਰ ਰਹੇ ਹੋ। ਫਿਰ ਵੀ ਤੁਹਾਡੇ ਅੰਦਰ ਕੋਈ ਆਖੀ ਚਲਾ ਜਾਂਦਾ ਹੈ ਕਿ ਕੀ ਕਰ ਰਹੇ ਹੋ, ਕਿਉਂ ਸਮਾਂ ਖ਼ਰਾਬ ਕਰ ਰਹੇ ਹੋ, ਕਿਉਂ ਵਿਅਰਥ ਦੀਆਂ ਗੱਲਾਂ ਵਿਚ ਪਏ ਹੋ ? ਲੇਕਿਨ ਫਿਰ ਵੀ ਰਸ ਆਉਂਦਾ ਹੈ! ਹੱਡੀ ਨਾਲ ਆਪਣੇ ਹੀ ਮੂੰਹ ਦਾ ਖ਼ੂਨ ਵਗਣ ਲੱਗਦਾ ਹੈ।

ਸੁਫ਼ਨਾ, ਝੂਠ ਹੈ ਇਹ ਜਾਣਦੇ ਹੋਏ ਵੀ, ਤੁਹਾਡੇ ਜੀਵਨ ਵਿਚ ਸੱਚਾ ਭੋਜਨ ਇੰਨਾ ਘੱਟ ਹੈ ਕਿ ਝੂਠੇ ਭੋਜਨ ਵਿਚ ਵੀ ਰਸ ਆਉਣ ਲੱਗਦਾ ਹੈ, ਤੁਸੀਂ ਉਸੇ ਰਸ ਵਿਚ ਡੁੱਬਣ ਲੱਗਦੇ ਹੋ।

ਮੈਂ ਜਾਣਦਾ ਹਾਂ, ਤੁਹਾਡਾ ਸਵਾਲ ਠੀਕ ਹੈ ਕਿ ਸਾਨੂੰ ਤਾਂ ਸੁਫ਼ਨਿਆਂ ਤੋਂ ਰਹਿਤ ਜੀਵਨ ਰਸਹੀਣ ਲੱਗਦਾ ਹੈ। ਲੱਗੇਗਾ ਹੀ ਕਿਉਂਕਿ ਤੁਹਾਡੀ ਅਸਲੀ ਰਸ ਨਾਲ ਕੋਈ ਵਾਕਫ਼ੀਅਤ ਨਹੀਂ ਹੈ।

'ਅਤੇ ਤੁਹਾਡੇ ਵਰਗੇ ਬੁੱਧ-ਪੁਰਸ਼ਾਂ ਦਾ ਜੀਵਨ ਸੁਫ਼ਨਿਆਂ ਤੋਂ ਬਿਨਾਂ ਹੈ। ਫਿਰ ਵੀ ਇੰਨਾ ਰਸਪੂਰਣ ਕਿਉਂ ਹੈ ?'—ਕਿਉਂਕਿ ਰਸ ਦਾ ਪਤਾ ਹੈ। ਹੋਰ ਜਿੰਨੀ

ਛੇਤੀ ਜਾਗ ਸਕੋ ਸੁਫ਼ਨਿਆਂ ਤੋਂ, ਚਾਹੇ ਜਾਗਣ ਵਿਚ ਕਿੰਨੀ ਹੀ ਰਸਹੀਣਤਾ ਪੈਦਾ ਹੋਵੇ, ਉਸ ਨੂੰ ਝੇਲਣਾ ਪਏਗਾ (ਬਰਦਾਸ਼ਤ ਕਰਨਾ ਪਏਗਾ) ਉਹ ਤਪੱਸਿਆ ਹੈ। ਉਹ ਹੀ ਸਾਧਨਾ ਹੈ। ਝੂਠੇ ਸੁਫ਼ਨੇ ਨੂੰ ਤੋੜਨਾ ਹੀ ਪਏਗਾ, ਚਾਹੇ ਟੁੱਟ ਕੇ ਤੁਸੀਂ ਅਚਾਨਕ ਪਾਓ ਕਿ ਮਹਿਲ ਹੈ ਹੀ ਨਹੀਂ, ਝੌਂਪੜੇ ਵਿਚ ਬੈਠੇ ਹਾਂ, ਮਹਿਲ ਖ਼ਾਲੀ ਸੁਫ਼ਨੇ ਵਿਚ ਸੀ। ਸ਼ਾਇਦ ਸੁਫ਼ਨਾ ਟੁੱਟ ਕੇ ਤੁਸੀਂ ਪਾਓ ਕਿ ਸਾਹਮਣੇ ਰੋੜੇ-ਪੱਥਰਾਂ ਦੇ ਢੇਰ ਲੱਗੇ ਹਨ, ਇਹ ਹੀਰੇ-ਜਵਾਹਰਾਤ ਨਹੀਂ ਹਨ। ਲੇਕਿਨ ਇਸ ਸਚਾਈ ਨਾਲ ਵਾਕਫ਼ ਹੋਣਾ ਪਏਗਾ, ਕਿਉਂਕਿ ਸਚਾਈ ਨਾਲ ਪਰਿਚਿੱਤ ਹੋ ਕੇ ਹੀ ਕੋਈ ਮਹਾਂਯਥਾਰਥ (ਸਚਾਈ) ਵੱਲ ਜਾ ਸਕਦਾ ਹੈ। ਜੇਕਰ ਇਹ ਕੰਕੜ-ਪੱਥਰ ਹਨ ਤਾਂ ਛੱਡੋ, ਹੀਰਿਆਂ ਦੀ ਖੋਜ ਵਿਚ ਨਿਕਲੋ।

ਲੇਕਿਨ ਜੋ ਆਦਮੀ ਰੋੜੇ-ਪੱਥਰਾਂ ਦਾ ਸੁਫ਼ਨਾ ਵੇਖ ਰਿਹਾ ਹੈ ਕਿ ਹੀਰੇ ਹਨ, ਉਹ ਤਾਂ ਕਦੇ ਹੀਰਿਆਂ ਦੀ ਖੋਜ ਵਿਚ ਨਹੀਂ ਜਾਏਗਾ, ਉਸ ਤਾਂ ਹੀਰੇ ਮਿਲੇ ਹੀ ਹੋਏ ਹਨ। ਪੀੜਾ ਹੋਏਗੀ। ਇਸ ਲਈ ਪਾਗ਼ਲਪਨ ਤੋਂ ਪਰਮਹੰਥ ਵੱਲ ਜਾਣ ਵਿਚ, ਸੁਫ਼ਨਿਆਂ ਤੋਂ ਸਤਯ ਵੱਲ ਜਾਣ ਵਿਚ ਇਕ ਸੰਕ੍ਰਮਣ (ਇਕ ਅਵਸਥਾ ਤੋਂ ਦੂਜੀ ਅਵਸਥਾ 'ਚ ਜਾਣਾ) ਦਾ ਕਾਲ ਹੈ, ਜਦ ਬਹੁਤ ਪੀੜ ਹੋਏਗੀ—ਜੋ-ਜੋ ਸੀ ਉਹ ਛੁੱਟਦਾ ਮਾਲੂਮ ਪਏਗਾ, ਜੋ-ਜੋ ਮੰਨ ਰੱਖਿਆ ਸੀ ਕਿ ਮਿਲਿਆ ਹੀ ਹੈ, ਅਚਾਨਕ ਜਾਨਣਾ ਹੋਏਗਾ ਕਿ ਕਦੇ ਮਿਲਿਆ ਨਹੀਂ ਸੀ, ਆਪਣੇ ਆਪ ਨੂੰ ਧੋਖਾ ਦੇ ਰਹੇ ਸੀ, ਹੱਥ ਥੋੜ੍ਹੀ ਦੇਰ ਲਈ ਬਿਲਕੁਲ ਖ਼ਾਲੀ ਹੋ ਜਾਣਗੇ, ਬੜੀ ਰਿੱਕਤਤਾ (ਖ਼ਾਲੀਪਨ) ਫੜੇਗੀ।

ਧਿਆਨ ਰੱਖਣਾ, ਰਿੱਕਤਤਾ ਅਤੇ ਸ਼ੂਨਯਤਾ ਵਿਚ ਇਹ ਹੀ ਫ਼ਰਕ ਹੈ। ਰਿੱਕਤਤਾ ਦਾ ਅਰਥ ਹੈ—ਜੋ ਸੀ ਨਹੀਂ, ਮੰਨ ਰੱਖਿਆ ਸੀ ਹੈ, ਉਹ ਗੁਆਚ ਗਿਆ—ਤਾਂ ਰਿੱਕਤਤਾ, ਏਮਟੀਨੈਸ ਅਤੇ ਜਦ ਕੋਈ ਇਸ ਰਿੱਕਤਤਾ ਵਿਚ ਰਹਿਣ ਲਈ ਰਾਜ਼ੀ ਹੋ ਜਾਂਦਾ ਹੈ, ਤਾਂ ਹੌਲੀ-ਹੌਲੀ ਉਸ ਦਾ ਅਵਤਰਨ ਹੁੰਦਾ ਹੈ, ਜੋ ਹੈ, ਜੋ ਸਦਾ ਹੀ ਛੁਪਿਆ ਸੀ ਅਤੇ ਅਸੀਂ ਵਿਅਰਥ ਹੀ ਉਲਝੇ ਰਹੇ, ਇਸ ਲਈ ਉਸ ਵੱਲ ਨਜ਼ਰ ਨਾ ਗਈ—ਹੁਣ ਉਸ ਦਾ ਅਵਤਰਣ ਹੋ ਰਿਹਾ ਹੈ। ਉਸ ਦਾ ਨਾਉਂ ਸ਼ੂਨਯਤਾ ਹੈ।

ਸ਼ੂਨਯਤਾ ਅਤੇ ਰਿੱਕਤਤਾ ਵਿਚ ਬਹੁਤ ਫ਼ਰਕ ਹੈ। ਰਿੱਕਤਤਾ ਹੈ ਸੁਫ਼ਨਿਆਂ ਦਾ ਟੁੱਟ ਜਾਣਾ। ਸ਼ੂਨਯਤਾ ਹੈ ਸਤਯ ਦਾ ਉਤਰ ਆਉਣਾ। ਰਸ ਤਾਂ ਸਤਯ ਵਿਚ ਹੈ। ਰਸੋ ਵੈਸਹ:; ਰਸ ਤਾਂ ਬਸ ਉਸੇ ਵਿਚ ਹੈ।

ਹੋਰ ਕਿਸੇ ਰਸ ਵਿਚ ਆਪਣੇ ਆਪ ਨੂੰ ਨਾ ਉਲਝਾਉਣਾ। ਤੁਸੀਂ ਜਾਣਦੇ ਹੋ ਭਲੀ-ਭਾਂਤ ਕਿਉਂਕਿ ਕਿੰਨਾ ਹੀ ਧੋਖਾ ਦਿਓ, ਕਿਵੇਂ ਧੋਖਾ ਦੇ ਪਾਉਗੇ ? ਤੁਸੀਂ

ਜਾਣਦੇ ਹੋ ਕਿ ਰਸ ਦਾ ਦਿਖਾਵਾ ਕਰ ਰਹੇ ਹਾਂ ਕਿ ਮਿਲ ਰਿਹਾ ਹੈ, ਪਰ ਮਿਲ ਨਹੀਂ ਰਿਹਾ—ਨਹੀਂ ਤਾਂ ਤੁਹਾਡੇ ਚੇਹਰੇ ਇੰਨੇ ਉਦਾਸ ਕਿਉਂ ਹਨ ? ਕੋਸ਼ਿਸ਼ ਕਰਦੇ ਹੋ ਹੱਸਣ ਦੀ, ਮੁਸਕਰਾਉਣ ਦੀ, ਪਰ ਕੰਠ ਵਿਚ ਕੁਝ ਅਟਕ ਜਾਂਦਾ ਹੈ, ਲੱਗਦਾ ਹੈ ਵਿਅਰਥ ਹੀ ਹੱਸ ਰਹੇ ਹਾਂ, ਹੱਸਣ ਯੋਗਯ ਕੁਝ ਹੈ ਨਹੀਂ, ਸ਼ਾਇਦ ਇਸ ਲਈ ਹੱਸ ਰਹੇ ਹੋ ਕਿ ਕਿਤੇ ਰੋਣ ਨਾਲ ਲੱਗ ਪਓ। ਕਿਤੇ ਅੱਥਰੂ ਨਾ ਆ ਜਾਣ, ਸ਼ਾਇਦ ਹੰਝੂਆਂ ਵਿਚ ਲੁਕਾ ਰਹੇ ਹੋ ਮੁਸਕਰਾਹਟਾਂ ਵਿਚ।

ਇਹ ਧੋਖੇ ਬੰਦ ਕਰੋ। ਇਹ ਖੇਡ ਕਿਸ ਨਾਲ ਖੇਲ ਰਹੇ ਹੋ ? ਇਹ ਖੇਡ ਆਪਣੇ ਨਾਲ ਹੀ ਚੱਲ ਰਿਹਾ ਹੈ ਅਤੇ ਆਤਮਘਾਤੀ ਹੈ। ਇਸ ਖੇਡ ਨੂੰ ਛੱਡੋ, ਤੋੜੋ। ਇਸ ਤੋਂ ਬਾਹਰ ਆਓ। ਕਿੰਨੀ ਹੀ ਪੀੜ ਹੋਵੇ, ਬਾਹਰ ਆਉਣਾ ਹੀ ਹੋਏਗਾ—ਕਿਉਂਕਿ ਤਦ ਹੀ ਅਨੰਦ ਦੇ ਦੁਆਰ ਖੁੱਲ੍ਹ ਸਕਦੇ ਹਨ।

ਛੇਵਾਂ ਸਵਾਲ—ਫ਼ਰੀਦ ਵਰਗੇ ਸੰਤ ਸਾਨੂੰ, ਸਾਡੇ ਆਪਣੇ, ਇੰਨੇ ਆਤਮੀਯ ਕਿਉਂ ਲੱਗਦੇ ਹਨ ?

ਸੁਭਾਵਿਕ ਹੈ ਕਿ ਉਹ ਆਤਮੀਯ (ਆਪਣੇ ਸੰਬੰਧੀ) ਲੱਗਣ, ਕਿਉਂਕਿ ਉਹ ਤੁਹਾਡੇ ਉਸ ਦੁੱਖ ਨੂੰ ਵੀ ਪਛਾਣਦੇ ਹਨ ਜਿੱਥੇ ਤੁਸੀਂ ਹੋ, ਅਤੇ ਉਹ ਤੁਹਾਡੇ ਉਸ ਅਨੰਦ ਨੂੰ ਵੀ ਪਛਾਣਦੇ ਹਨ ਜਿੱਥੇ ਤੁਸੀਂ ਹੋ ਸਕਦੇ ਹੋ। ਉਹ ਤੁਹਾਡਾ ਵਰਤਮਾਨ ਵੀ ਬੋਲਦੇ ਹਨ ਅਤੇ ਤੁਹਾਡਾ ਭਵਿੱਖ ਵੀ। ਉਹ ਤੁਹਾਡੇ ਅੱਜ ਦੇ ਦੁੱਖ ਦੀ ਕਥਾ ਵੀ ਕਹਿੰਦੇ ਹਨ ਅਤੇ ਕੱਲ੍ਹ ਦੇ ਸੁੱਖ ਦਾ ਪਰਮ ਸੌਭਾਗਯ ਵੀ।

ਫ਼ਰੀਦ ਵਿਚ ਤੁਸੀਂ ਆਪਣੇ ਅੱਜ ਦੀ ਸਚਾਈ ਨੂੰ ਵੀ ਪਾਉਗੇ ਤੇ ਕੱਲ੍ਹ ਦੇ ਸਤਯ ਨੂੰ ਵੀ। ਫ਼ਰੀਦ ਇਕ ਸੇਤੂ ਹੈ। ਉਹ ਤੁਹਾਨੂੰ ਖ਼ਬਰ ਦਿੰਦੇ ਹਨ ਕਿ ਤੁਸੀਂ ਕੌਣ ਹੋ ਅਤੇ ਕਿੱਥੇ ਹੋ। ਉਹ ਤੁਹਾਨੂੰ ਜਗਾਉਂਦੇ ਹਨ, ਤੁਹਾਡੀ ਨੀਂਦ ਤੋਂ ਅਤੇ ਤੁਹਾਨੂੰ ਬੁਲਾਉਂਦੇ ਹਨ ਉਸ ਜਾਗਰਣ ਦੇ ਵੱਲ ਵੀ, ਜੋ ਤੁਸੀਂ ਹੋ ਸਕਦੇ ਹੋ। ਜੋ ਤੁਹਾਡਾ ਸੁਭਾਵ-ਸਿੱਧ ਅਧਿਕਾਰ ਹੈ, ਜਿਸ ਨੂੰ ਗੁਆਉਣ ਦਾ ਕੋਈ ਕਾਰਨ ਨਹੀਂ ਹੈ, ਸਿਰਫ਼ ਜਾਗਣ ਮਾਤਰ ਨਾਲ ਜੋ ਮਿਲ ਜਾਏਗਾ, ਜਿਸ ਨੂੰ ਤੁਸੀਂ ਗੁਆਇਆ ਹੈ ਆਪਣੀਆਂ ਹੀ ਨਿੱਕੀਆਂ ਭੁੱਲਾਂ ਦੇ ਕਾਰਨ।

ਨਿੱਕੀਆਂ-ਨਿੱਕੀਆਂ ਭੁੱਲਾਂ ਦੇ ਕਾਰਨ ਗੁਆਇਆ ਹੈ। ਤੁਸੀਂ ਅਕਾਰਨ ਹੀ ਭਿਖਾਰੀ ਬਣੇ ਹੋ। ਉਹ ਤੁਹਾਡੇ ਭਿਖਾਰੀਪਣ ਦਾ ਵੀ ਬੋਧ ਦਿੰਦੇ ਹਨ ਅਤੇ ਤੁਹਾਡੇ ਅੰਦਰ ਲੁਕੇ ਸਮਰਾਟ ਵੱਲ ਵੀ ਇਸ਼ਾਰਾ ਕਰਦੇ ਹਨ। ਉਹ ਤੁਹਾਨੂੰ ਦੁੱਖ ਵੀ ਦਿੰਦੇ ਹਨ ਅਤੇ ਤੁਹਾਨੂੰ ਮਹਾਂਸੁੱਖ ਦੇ ਵੱਲ ਵੀ ਉਠਾਉਂਦੇ ਹਨ।

ਇਸ ਲਈ ਫ਼ਰੀਦ ਵਰਗੇ ਸੰਤ ਬਹੁਤ ਆਤਮ-ਸੰਬੰਧੀ ਮਾਲੂਮ ਹੋਣਗੇ। ਫ਼ਰੀਦ ਵਰਗੇ ਵਿਅਕਤੀ ਦੇ ਨਾਲ ਤੁਹਾਨੂੰ ਬੜੀ ਨੇੜਤਾ ਮਾਲੂਮ ਹੋਏਗੀ। ਉਹ

ਕਲ੍ਹ ਤੁਹਾਡੇ ਹੀ ਨਾਲ ਸਨ—ਉਨ੍ਹਾਂ ਹੀ ਹਨੇਰੇ ਰਾਹਾਂ 'ਤੇ ਜਿਨ੍ਹਾਂ 'ਤੇ ਤੁਸੀਂ ਹੋ, ਉਨ੍ਹਾਂ ਹੀ ਹਨੇਰੀਆਂ ਅਤੇ ਅੰਨ੍ਹੀਆਂ ਗਲੀਆਂ ਵਿਚ ਭਟਕਦੇ ਸੀ ਜਿੱਥੇ ਤੁਸੀਂ ਹੋ, ਤੁਹਾਡੇ ਵਾਂਗ ਹੀ ਨਰਕ, ਦੁੱਖ ਅਤੇ ਪੀੜਾ ਵਿਚ ਜੀਉਂਦੇ ਸਨ, ਤੁਸੀਂ ਜਿੱਥੇ ਖਾਈਆਂ ਵਿਚ ਪਏ ਹੋ, ਟੋਇਆਂ ਵਿਚ ਪਏ ਹੋ—ਲੰਗੜੇ, ਅਪਾਹਜ, ਅਪੰਗ ਜਿਹੋ ਜਿਹੇ ਹੀ ਉਹ ਸਨ, ਪਰ ਉਨ੍ਹਾਂ ਨੇ ਹਿੰਮਤ ਇਕੱਠੀ ਕੀਤੀ। ਉਨ੍ਹਾਂ ਨੇ ਆਪਣੇ ਨੂੰ ਸੰਭਾਲਿਆ—ਉੱਠੇ। ਰਾਹ ਉਨ੍ਹਾਂ ਨੂੰ ਮਿਲ ਗਈ। ਪ੍ਰਕਾਸ਼ ਦਾ ਅਵਤਰਣ ਹੋਇਆ। ਹੁਣ ਉਹ ਤੁਹਾਨੂੰ ਪੁਕਾਰ ਰਹੇ ਹਨ।

ਤੁਸੀਂ ਪੰਡਿਤਾਂ ਦੀ ਭਾਸ਼ਾ ਵਿਚ ਇਹੋ ਜਿਹੀ ਆਤਮੀਅਤਾ ਨਹੀਂ ਧਾਉਗੇ। ਪੰਡਿਤ ਦੀ ਭਾਸ਼ਾ ਵਿਚ ਤੁਸੀਂ ਨਿੰਦਾ ਹੀ ਪਾਉਗੇ—ਇਹ ਫ਼ਰਕ ਹੈ ਸੰਤ ਅਤੇ ਪੰਡਿਤ ਦੀ ਭਾਸ਼ਾ ਵਿਚ। ਪੰਡਿਤ ਦੀ ਭਾਸ਼ਾ ਵਿਚ ਤੁਸੀਂ ਪਾਪੀ ਹੋ, ਨਿੰਦਿਤ ਹੋ, ਬੁਰੇ ਹੋ। ਸੰਤ ਦੀ ਭਾਸ਼ਾ ਵਿਚ ਤੁਸੀਂ ਪਾਉਗੇ, ਉਹ ਕਹੇਗਾ ਕਿ ਤੁਸੀਂ ਬੁਰੇ ਨਹੀਂ ਹੋ, ਤੁਸੀਂ ਮੰਨ ਰੱਖਿਆ ਹੈ ਕਿ ਤੁਸੀਂ ਬੁਰੇ ਹੋ, ਤੁਸੀਂ ਤਾਂ ਭਲੇ ਹੋ। ਤੁਹਾਡੇ ਤੋਂ ਭਲਾ ਹੋਰ ਕੁਝ ਵੀ ਨਹੀਂ ਹੈ। ਤੁਸੀਂ ਪਰਮਾਤਮਾ ਹੋਵੋ। ਪੰਡਿਤ ਕਹੇਗਾ—ਤੁਸੀਂ ਨਾਰਕੀਏ (ਨਰਕ) ਹੋ, ਪਾਪੀ ਹੋ, ਤੁਸੀਂ ਬਹੁਤ ਬੁਰੇ ਕਰਮ ਕੀਤੇ ਹਨ। ਸੰਤ ਕਹੇਗਾ ਬੁਰੇ ਕਰਮ ਤੁਹਾਡੇ ਤੋਂ ਹੋ ਹੀ ਕਿਵੇਂ ਸਕਦੇ ਹਨ! ਜ਼ਰਾ ਜਾਗੋ! ਹੋਏ ਹੋਣਗੇ ਨੀਂਦ ਵਿਚ, ਸੁਫ਼ਨੇ ਵੇਖੇ ਹੋਣਗੇ। ਲੇਕਿਨ ਪਾਪ ਤੁਹਾਨੂੰ ਛੂਹ ਕਿਵੇਂ ਸਕਦਾ ਹੈ? ਤੁਹਾਡੇ ਅੰਦਰ ਪਰਮਾਤਮਾ ਦਾ ਕਮਲ ਹੈ, ਉਸ ਨੂੰ ਪਾਣੀ ਛੂੰਹਦਾ ਨਹੀਂ, ਇਸ ਤਰ੍ਹਾਂ ਤੁਹਾਨੂੰ ਪਾਪ ਨਹੀਂ ਛੂੰਹਦਾ ਹੈ।

ਸੰਤ ਤਾਂ ਤੁਹਾਨੂੰ ਭਰਦੇ ਹਨ ਤਸੱਲੀਆਂ ਨਾਲ, ਤੁਸੀਂ ਜੋ ਹੋ ਸਕਦੇ ਹੋ ਉਸ ਦੇ ਵੱਲ ਇਸ਼ਾਰਾ ਹੈ ਉਨ੍ਹਾਂ ਦਾ—ਮੁੱਕਤ ਆਕਾਸ਼ ਦੇ ਵੱਲ! ਪੰਡਿਤ ਤੁਹਾਨੂੰ ਨਿੰਦਾ ਨਾਲ ਭਰਦੇ ਹਨ, ਤੁਸੀਂ ਜੋ ਹੁਣ ਹੋ, ਉਸ ਵੱਲ ਉਨ੍ਹਾਂ ਦਾ ਇਸ਼ਾਰਾ ਹੈ। ਪੰਡਿਤ ਤੁਹਾਨੂੰ ਡਰਾਉਂਦੇ ਹਨ, ਕਿਉਂਕਿ ਡਰਾ ਕੇ ਹੀ ਤੁਹਾਡਾ ਸ਼ੋਸ਼ਣ (ਬਰਬਾਦ ਕਰਨਾ) ਹੋ ਸਕਦਾ ਹੈ। ਤੁਸੀਂ ਭੈ-ਭੀਤ ਹੋ ਜਾਓ ਤਾਂ ਪੰਡਿਤ ਦੇ ਪੈਰ ਫੜ ਲਉਗੇ, ਪਰੋਹਿਤ ਦੇ ਪੈਰ ਫੜ ਲਉਗੇ ਕਿ ਹੁਣ ਕੁਝ ਕਰੋ, ਕੁਝ ਬੀਚ-ਬਚਾਵਾ ਕਰੋ, ਕੁਝ ਦਲਾਲੀ ਜੋ ਤੁਹਾਨੂੰ ਲੈਣੀ ਹੋਵੇ ਲੈ ਲਓ। ਅਸੀਂ ਤਾਂ ਪਾਪੀ ਹਾਂ। ਸਾਡੇ ਅਪਵਿੱਤਰ ਸ਼ਬਦ ਤਾਂ ਉਸ ਤਕ ਨਹੀਂ ਪੁੱਜ ਸਕਣਗੇ। ਤੁਸੀਂ ਪੁੰਨਆਤਮਾ ਹੋ, ਤੁਸੀਂ ਸਾਡੇ ਲਈ ਪ੍ਰਾਰਥਨਾ ਕਰੋ, ਆਸ਼ੀਰਵਾਦ ਦਿਓ। ਤੁਸੀਂ ਪਰਮਾਤਮਾ ਕੋਲ ਸਾਡੀ ਤਰਫ਼ਦਾਰੀ ਕਰੋ, ਤੁਸੀਂ ਸਾਡੇ ਵਕੀਲ ਹੋ ਜਾਓ!

ਪੰਡਿਤ ਤੁਹਾਨੂੰ ਡਰਾਉਂਦਾ ਹੈ, ਕੰਬਾਉਂਦਾ ਹੈ—ਨਰਕ ਦਾ ਭੈਅ ਪਾਪਾਂ ਦੀ ਲੰਮੀ ਕਥਾ! ਉਹ ਤੁਹਾਨੂੰ ਇੰਨਾ ਕੰਬਾ ਦਿੰਦਾ ਹੈ ਕਿ ਫਿਰ ਤੁਸੀਂ ਕਦੇ ਜੀਵਨ

ਵਿਚ ਸੰਭਲ ਨਹੀਂ ਪਾਉਗੇ, ਅੰਦਰ ਡਰ ਲੱਗਦਾ ਹੀ ਰਹੇਗਾ। ਉਸੇ ਡਰ ਨਾਲ ਤੁਸੀਂ ਮੰਦਿਰ ਵਿਚ ਝੁਕੋਗੇ, ਮਸਜਿਦ ਵਿਚ ਝੁਕੋਗੇ, ਗੁਰਦੁਆਰੇ ਵਿਚ ਜਾਉਗੇ। ਉਸੇ ਡਰ ਨਾਲ ਕੁਰਾਨ ਪੜ੍ਹੋਗੇ, ਬਾਈਬਲ ਪੜ੍ਹੋਗੇ, ਵੇਦ ਦੁਹਰਾਉਗੇ। ਉਸੇ ਡਰ ਵਿਚ ਤੁਹਾਡੇ ਸਾਰੇ ਕ੍ਰਿਯਾਕਾਂਡ, ਯੱਗ ਪੈਦਾ ਹੋਣਗੇ।

ਲੇਕਿਨ ਭੈਅ ਨਾਲ ਭਗਵਾਨ ਦਾ ਕੀ ਸੰਬੰਧ ਹੋ ਸਕਦਾ ਹੈ?

ਹਾਂ, ਪੰਡਿਤ ਤੁਹਾਨੂੰ ਚੂਸੇਗਾ, ਤੁਹਾਡਾ ਸ਼ੋਸ਼ਣ ਕਰੇਗਾ, ਤੁਹਾਡੇ ਉੱਤੇ ਮਾਲਕੀਅਤ ਕਰੇਗਾ। ਪਰੋਹਿਤ ਤੁਹਾਡੀ ਛਾਤੀ ਉੱਤੇ ਚੜ੍ਹ ਬੈਠੇਗਾ।

ਸੰਤ ਨੇ ਤੁਹਾਡਾ ਕੋਈ ਸ਼ੋਸ਼ਣ ਨਹੀਂ ਕਰਨਾ ਹੈ। ਸੰਤ ਨੇ ਤਾਂ ਤੁਹਾਨੂੰ ਜਗਾਉਣਾ ਹੈ ਤਾਂਕਿ ਤੁਹਾਡਾ ਸ਼ੋਸ਼ਣ (ਬਰਬਾਦੀ—ਨੁਕਸਾਨ) ਹੀ ਨਾਮੁਮਕਿਨ ਹੋ ਜਾਏ। ਸੰਤ ਤੁਹਾਨੂੰ ਕਿਸੇ ਮੰਦਿਰ ਦਾ ਰਾਹ ਨਹੀਂ ਦੱਸਦਾ! ਉਹ ਕਹਿੰਦਾ ਹੈ—ਤੁਸੀਂ ਮੰਦਿਰ ਹੋ! ਸੰਤ ਕਿਸੇ ਪਰਮਾਤਮਾ ਵੱਲ ਆਕਾਸ਼ ਵਿਚ ਤੁਹਾਡੀਆਂ ਅੱਖਾਂ ਨਹੀਂ ਉਠਵਾਉਂਦਾ—ਉਹ ਕਹਿੰਦਾ ਹੈ—ਕਰੋ ਅੱਖਾਂ ਬੰਦ, ਉਹ ਤੁਹਾਡੇ ਅੰਦਰ ਹੈ, ਉਹ ਪਰਮਾਤਮਾ ਤੁਹਾਡੇ ਘਟ-ਘਟ ਵਿਚ ਹੈ, ਝਾਂਕੋ ਉੱਥੇ।

ਪੰਡਤਾਈ ਅਲੋਚਨਾ ਸਿਖਾਉਂਦੀ ਹੈ, ਦੂਜੇ ਦੀ ਨਿੰਦਾ ਸਿਖਾਉਂਦੀ ਹੈ, ਅਤੇ ਦੂਜੇ ਦੀ ਨਿੰਦਾ ਦੇ ਨਾਲ ਤੁਹਾਡੇ ਹੰਕਾਰ ਨੂੰ ਭਰਨ ਦਾ ਉਪਾਇ ਦਿੰਦੀ ਹੈ। ਸੰਤ ਕਹਿੰਦਾ ਹੈ—ਆਪਣੇ ਗਿਰੇਬਾਨ ਵਿਚ ਵੇਖੋ। ਜੇ ਤੂੰ ਅਕਲ ਲਤੀਫ.....

ਫਰੀਦਾ ਜੇ ਤੂ ਅਕਲਿ ਲਤੀਫੁ—ਜੇਕਰ ਤੂੰ ਬੁੱਧੀਮਾਨ ਹੈਂ ਫ਼ਰੀਦ ਤਾਂ ਆਪਣੇ ਵੱਲ ਵੇਖ, ਦੂਜੇ ਦੇ ਖ਼ਿਲਾਫ਼ ਕਾਲੇ ਅੰਕ ਨਾ ਲਿਖ, ਦੂਜੇ ਦੀ ਭੁੱਲ ਨਾ ਵੇਖ, ਆਪਣੇ ਗਿਰੇਬਾਨ ਵਿਚ ਝਾਤੀ ਪਾ।

ਸੰਤ ਤੁਹਾਨੂੰ ਤੁਹਾਡੇ ਵੱਲ ਮੋੜਦੇ ਹਨ। ਸੰਤ ਤੁਹਾਨੂੰ ਘਰ ਵਾਪਸ ਲੈ ਆਉਂਦੇ ਹਨ। ਇਸ ਲਈ ਸੁਭਾਵਿਕ ਹੈ ਕਿ ਸੰਤਾਂ ਦੇ ਵਚਨਾਂ ਵਿਚ ਇਕ ਮਿਠਾਸ ਹੈ। ਪੰਡਿਤਾਂ ਦੇ ਵਚਨਾਂ ਵਿਚ ਇਕ ਕਰਕਸ਼ਤਾ ਹੈ। ਪੰਡਿਤ ਦੇ ਵਚਨਾਂ ਵਿਚ ਤਰਕ ਹੋਵੇ ਭਲਾ, ਸ਼ਾਸਤ੍ਰ ਹੋਵੇ, ਸ਼ਾਸਤ੍ਰੀਏ ਸ਼ਬਦ ਹੋਣ—ਲੇਕਿਨ ਹਿਰਦੇ ਦਾ ਅੰਤਰਨਾਦ ਨਹੀਂ ਹੈ। ਉਧਾਰ ਹੈ ਸਭ। ਬਾਸੀ ਹੈ। ਝੂਠਾ ਹੈ। ਹਜ਼ਾਰ-ਹਜ਼ਾਰ ਹੋਠਾਂ ਤੋਂ ਚੱਲਿਆ ਹੈ, ਗੰਦਾ ਹੈ।

ਸੰਤ ਫਿਰ ਤੋਂ ਮੂਲ ਸਰੋਤ ਤੋ ਖ਼ਬਰ ਲਿਆਉਂਦਾ ਹੈ। ਸੰਤ ਵੇਦ ਨਹੀਂ ਦੁਹਰਾਉਂਦਾ—ਸੰਤ ਤਾਂ ਸ੍ਵੈ (ਖ਼ੁਦ) ਵੇਦ ਹੈ। ਪੰਡਿਤ ਵੇਦ ਦੁਹਰਾਉਂਦੇ ਹਨ। ਸੰਤ ਉਪਨਿਸ਼ਦ, ਕੁਰਾਨ, ਬਾਈਬਲ ਦੇ ਲਈ ਪ੍ਰਮਾਣ ਇਕੱਠੇ ਨਹੀਂ ਕਰਦਾ—ਸੰਤ ਖ਼ੁਦ ਪ੍ਰਮਾਣ ਹੈ। ਸਾਰੇ ਕੁਰਾਨ, ਸਾਰੀਆਂ ਬਾਈਬਲਾਂ, ਸਾਰੇ ਵੇਦ ਉਸ ਦੇ ਹੋਣ ਨਾਲ ਸੱਚ ਹਨ। ਸੰਤ ਵਿਚ ਫਿਰ ਤੋਂ ਪਰਮਾਤਮਾ ਉਤਰਦਾ

ਹੈ—ਅਭਿਨਵ (ਬਿਲਕੁਲ ਨਵਾਂ) ਰੂਪ, ਫਿਰ ਤੋਂ ਨਵਾਂ ਅਤੇ ਤਾਜ਼ਾ, ਸੱਦ: ਸਨਾਤ! (ਹਰ ਵੇਲੇ ਤਾਜ਼ਾ)! ਇਸ ਲਈ ਸੰਤ ਮਧੁਰ ਹੈ, ਪ੍ਰੀਤੀਕਰ ਹੈ। ਇਕ ਕਵਿਤਾ ਹੈ ਸੰਤ ਵਿਚ ਜਿਹੜੀ ਤੁਹਾਡੇ ਹਿਰਦੇ ਨੂੰ ਗੁਦਗੁਦਾਏਗੀ। ਸੰਤ ਨਾਲ ਤੁਹਾਡੀ ਆਤਮੀਅਤਾ (ਆਤਮਿਕ) ਪ੍ਰੇਮ ਸੱਧ ਜਾਏਗੀ।

ਸੰਤ ਨਾਲ ਸਿਰਫ਼ ਉਨ੍ਹਾਂ ਲੋਕਾਂ ਦੀ ਹੀ ਆਤਮੀਅਤਾ ਨਹੀਂ ਸੱਧਦੀ ਹੈ ਜਿਹੜੇ ਮਹਾਂਹੰਕਾਰੀ ਹਨ। ਸੰਤ ਦੀ ਬਾਣੀ ਉਨ੍ਹਾਂ ਤਕ ਹੀ ਨਹੀਂ ਪੁੱਜਦੀ, ਜਿਨ੍ਹਾਂ ਦੇ ਹਿਰਦੇ ਉੱਤੇ ਹੰਕਾਰ ਦੇ ਪੱਥਰ ਪਏ ਹਨ। ਸੰਤ ਦੀ ਬਾਣੀ ਉਨ੍ਹਾਂ ਦੇ ਪ੍ਰਾਣਾਂ ਨੂੰ ਹੀ ਨਹੀਂ ਪੁਕਾਰ ਪਾਉਂਦੀ ਜਿਨ੍ਹਾਂ ਦੇ ਪ੍ਰਾਣ ਕਰੀਬ-ਕਰੀਬ ਮੁਰਦਾ ਹਨ। ਅਤੇ ਮਰ ਚੁੱਕੇ ਹਨ, ਜਿਹੜੇ ਜੀਉਂਦੇ ਜੀ ਲਾਸ਼ ਬਣ ਗਏ ਹਨ। ਸੰਤ ਕੇਵਲ ਉਨ੍ਹਾਂ ਨੂੰ ਹੀ ਨਹੀਂ ਜਗਾ ਪਾਉਂਦੇ ਜਿਨ੍ਹਾਂ ਦੇ ਸੰਪਰਦਾਇਆਂ ਨੇ ਸ਼ਰਾਬ ਦੇ ਵਾਂਗ ਅਸਰ ਕੀਤਾ ਹੈ। ਸੰਤ ਕੇਵਲ ਉਨ੍ਹਾਂ ਨੂੰ ਹੀ ਨਹੀਂ ਉਠਾ ਪਾਉਂਦਾ ਜਿਹੜੇ ਸ਼ਾਸਤ੍ਰਾਂ ਵਿਚ ਇੰਨੀ ਬੁਰੀ ਤਰ੍ਹਾਂ ਦਬ ਗਏ ਹਨ ਕਿ ਹੁਣ ਉਨ੍ਹਾਂ ਦੇ ਉੱਠਣ ਦੀ ਸ਼ਕਤੀ ਮੁੱਕ ਗਈ ਹੈ! ਸੰਤ ਕੇਵਲ ਉਨ੍ਹਾਂ ਨੂੰ ਹੀ ਮੁਕਤ ਨਹੀਂ ਕਰ ਪਾਉਂਦਾ, ਜਿਨ੍ਹਾਂ ਨੇ ਆਪਣੇ ਕੈਦਖ਼ਾਨਿਆਂ ਨੂੰ ਹੀ ਮੋਖਸ਼ ਸਮਝ ਰੱਖਿਆ ਹੈ, ਜਿਨ੍ਹਾਂ ਨੇ ਹਨੇਰੇ ਨੂੰ ਪ੍ਰਕਾਸ਼ ਮੰਨ ਲਿਆ ਹੈ, ਮੌਤ ਨੂੰ ਜੀਵਨ ਸਮਝ ਰਹੇ ਹਨ। ਨਹੀਂ ਤਾਂ ਜੇਕਰ ਤੁਸੀਂ ਥੋੜ੍ਹੇ ਜਿਹੇ ਵੀ ਜੀਉਂਦੇ ਜੀ ਹੋ ਅਜੇ ਅਤੇ ਤੁਹਾਡੀ ਸੁਵਾਸ ਅਜੇ ਟੁੱਟ ਨਹੀਂ ਗਈ ਹੈ ਅਤੇ ਤੁਹਾਡੇ ਅੰਦਰ ਰੱਤੀ ਭਰ ਵੀ ਬੋਧ ਹੈ, ਅਤੇ ਤੁਸੀਂ ਜੀਵਨ ਨੂੰ ਕੇਵਲ ਸ਼ਾਸਤ੍ਰਾਂ ਦੀਆਂ ਅੱਖਾਂ ਨਾਲ ਨਹੀਂ, ਆਪਣੀਆਂ ਅੱਖਾਂ ਨਾਲ ਵੇਖਣ ਦੀ ਕੋਸ਼ਿਸ਼ ਕੀਤੀ ਹੈ ਤਾਂ ਕੋਈ ਨਾ ਕੋਈ ਫ਼ਰੀਦ ਤੁਹਾਡੇ ਲਈ ਬੇੜੀ ਬਣ ਜਾਏਗਾ, ਕਿਸੇ ਨਾ ਕਿਸੇ ਫ਼ਰੀਦ ਦੀ ਬਾਣੀ ਤੁਹਾਨੂੰ ਉਸ ਪਾਰ ਲੈ ਜਾਣ ਲਈ ਰਸਤਾ ਬਣ ਜਾਏਗੀ।

ਸੁਭਾਵਿਕ ਹੈ ਕਿ ਸੰਤ ਆਤਮੀਯ ਮਾਲੂਮ ਪੈਂਦੇ ਹਨ। ਆਤਮੀਯ ਨਾ ਮਾਲੂਮ ਪੈਣ ਤਾਂ ਚਿੰਤਤ ਹੋਣਾ। ਉਸ ਦਾ ਅਰਥ ਹੈ ਕਿ ਤੁਸੀਂ ਕਿਸੇ ਗ਼ਲਤ ਹੋ। ਜੇਕਰ ਸੰਤਾਂ ਤੋਂ ਤੁਹਾਨੂੰ ਸੱਟ ਵੱਜੇ, ਉਨ੍ਹਾਂ ਦੇ ਹੋਣ ਨਾਲ ਤੁਹਾਨੂੰ ਪੀੜ ਹੋਵੇ, ਤਾਂ ਸਮਝਣਾ ਕਿ ਤੁਸੀਂ ਰੋਗੀ ਹੋ, ਬੀਮਾਰ ਹੋ। ਜਿਵੇਂ ਬੁਖ਼ਾਰ ਤੋਂ ਪਿੱਛੋਂ ਸੁਆਦਲੇ ਤੋਂ ਸੁਆਦਲਾ ਭੋਜਨ ਵੀ ਸੁਆਦਲਾ ਨਹੀਂ ਮਾਲੂਮ ਹੁੰਦਾ, ਇਸੇ ਤਰ੍ਹਾਂ ਹੀ ਹੰਕਾਰ ਦੇ ਬਾਅਦ ਸੰਤਾਂ ਦੀ ਮਧੁਰ ਬਾਣੀ ਵੀ ਮਧੁਰ (ਮਿੱਠੀ) ਮਾਲੂਮ ਨਹੀਂ ਹੁੰਦੀ। ਤੁਹਾਡੀ ਜੀਭ ਹੀ ਖ਼ਰਾਬ ਹੋ ਗਈ। ਤੁਸੀਂ ਸੁਆਦ ਦੀ ਛਮਤਾ (ਤਾਕਤ) ਹੀ ਗੁਆ ਦਿੱਤੀ—ਨਹੀਂ ਤਾਂ ਇਹ ਬਿਲਕੁਲ ਸੁਭਾਵਿਤ ਹੈ, ਜਿਵੇਂ ਪੰਛੀਆਂ ਦੇ ਗੀਤ ਮਧੁਰ ਲੱਗਦੇ ਹਨ, ਫੁੱਲ ਪ੍ਰਾਣਾਂ ਨੂੰ ਲੁਭਾਉਂਦੇ ਹਨ, ਆਕਾਸ਼ ਦੇ ਤਾਰੇ

ਪੁਕਾਰਦੇ ਹਨ—ਇਕ ਅਹੋਭਾਵ ਫੜਦਾ ਹੈ—ਸੰਤਤਵ ਤਾਰਿਆਂ ਤੋਂ ਵੱਡਾ ਤਾਰਾ ਹੈ, ਫੁੱਲਾਂ ਤੋਂ ਵੱਡਾ ਫੁੱਲ ਹੈ, ਦਰੱਖ਼ਤਾਂ ਤੋਂ ਬਹੁਤੀ ਹਰਿਆਲੀ ਹੈ ਉਸ ਵਿਚ, ਉਹ ਜੀਵਨ ਦਾ ਪਰਮ ਸ਼ਿਖ਼ਰ ਹੈ, ਉਸ ਤੋਂ ਪਾਰ ਫਿਰ ਕੁਝ ਵੀ ਨਹੀਂ ਹੈ, ਉਹ ਪਰਮਾਤਮਾ ਦੀ ਇਸ ਧਰਤੀ ਉੱਤੇ ਉੱਤਮ ਤੋਂ ਉੱਤਮ ਝਲਕ ਹੈ—ਬਹੁਤ ਕਰਕੇ ਪਰਮਾਤਮਾ ਇਸ ਧਰਤੀ 'ਤੇ ਉਹ ਹੈ। ਇਸ ਲਈ ਤਾਂ ਅਸੀਂ ਸੰਤਾਂ ਨੂੰ ਅਵਤਾਰ ਕਿਹਾ ਹੈ।

ਅਵਤਾਰ ਦਾ ਇੰਨਾ ਹੀ ਮਤਲਬ ਹੈ ਕਿ ਤੈਨੂੰ ਇੱਥੇ ਪਾਉਣਾ ਬਹੁਤ ਮੁਸ਼ਕਿਲ ਹੈ, ਪਰ ਕਦੇ-ਕਦੇ ਕੋਈ ਤੈਨੂੰ ਇੱਥੇ ਵੀ ਖਿੱਚ ਲਿਆਉਂਦਾ ਹੈ। ਜਿਵੇਂ ਭਗੀਰਥ ਦੀ ਕਥਾ ਹੈ ਕਿ ਗੰਗਾ ਨੂੰ ਭਗੀਰਥ ਧਰਤੀ 'ਤੇ ਲੈ ਆਏ। ਬਹੁਤ ਮੁਸ਼ਕਿਲ ਸੀ ਲਿਆਉਣਾ। ਗੰਗਾ ਦਾ ਵਿਰਾਟ ਰੂਪ ਸੀ। ਡਰ ਸੀ ਕਿ ਧਰਤੀ ਡੁੱਬ ਨਾ ਜਾਏ। ਲਿਆਉਣਾ ਵੀ ਜ਼ਰੂਰੀ ਸੀ, ਕਿਉਂਕਿ ਗੰਗਾ ਤੋਂ ਬਿਨਾਂ ਧਰਤੀ ਵੀ ਧਰਤੀ ਹੁੰਦੀ, ਕਿਉਂਕਿ ਗੰਗਾ ਤੋਂ ਬਗੈਰ ਸਭ ਸੁੰਨਾ ਹੁੰਦਾ। ਸਵਰਗ ਵਿਚ ਵਗਦੀ ਸੀ ਗੰਗਾ। ਸਵਰਗ ਦੀ ਗੰਗਾ ਚਾਹੀਦੀ ਹੀ ਹੈ ਧਰਤੀ ਉੱਤੇ, ਨਹੀਂ ਤਾਂ ਧਰਤੀ ਬਿਨਾਂ ਪ੍ਰਾਣਾਂ ਤੋਂ ਹੋ ਜਾਏਗੀ, ਇਕ ਵੱਡਾ ਸ਼ਮਸ਼ਾਨ ਹੋ ਜਾਏਗੀ।

ਭਗੀਰਥ ਨੇ ਬਹੁਤ ਸਾਧਣਾ ਕੀਤੀ। ਗੰਗਾ ਨੂੰ ਰੀਝਾਇਆ, ਰਾਜ਼ੀ ਕੀਤਾ। ਗੰਗਾ ਰਾਜ਼ੀ ਤਾਂ ਹੋ ਗਈ, ਪਰ ਉਸ ਨੇ ਕਿਹਾ ਕਿ ਮੇਰੇ ਅਘਾਤ (ਮਾਰ) ਨੂੰ ਨਹੀਂ ਝੱਲ ਸਕੋਗੇ। ਪਵਿੱਤਰਤਾ ਦੀ ਮਾਰ ਵੀ ਤਾਂ ਵੱਡੀ ਹੈ! ਜਿਵੇਂ ਪੰਜ ਕੈਂਡਲ ਦੇ ਬਲਬ ਵਿਚ ਹਜ਼ਾਰ ਕੈਂਡਲ ਦੀ ਬਿਜਲੀ ਦੌੜ ਜਾਏ ਤਾਂ ਫਿਊਜ਼ ਉੱਡ ਜਾਏਗਾ, ਬਲਬ ਟੁੱਟ-ਫੁੱਟ ਜਾਏਗਾ, ਖ਼ਤਰਾ ਹੈ।

ਗੰਗਾ ਨੇ ਕਿਹਾ: ਮੈਂ ਸਵਰਗ ਵਿਚ ਵਗਦੀ ਰਹੀ ਹਾਂ, ਇੰਨੀ ਵੱਡੀ ਪਵਿੱਤਰਤਾ, ਇੰਨਾ ਸਵਰਗੀਏ ਪੁੰਨ, ਧਰਤੀ ਨਹੀਂ ਝੱਲ ਪਾਏਗੀ। ਮੁਸ਼ਕਿਲ ਹੋ ਜਾਏਗੀ। ਤੂੰ ਜਾ, ਕਿਸੇ ਨੂੰ ਰਾਜ਼ੀ ਕਰ ਜਿਹੜਾ ਮੈਨੂੰ ਝੱਲਣ ਲਈ ਰਾਜ਼ੀ ਹੋਵੇ।

ਭਗੀਰਥ ਨੇ ਗੰਗਾ ਨੂੰ ਤਾਂ ਆਉਣ ਲਈ ਰਾਜ਼ੀ ਕਰ ਲਿਆ, ਲੇਕਿਨ ਝੱਲੇਗਾ ਕੌਣ? ਉਨ੍ਹਾਂ ਨੇ ਸ਼ਿਵ ਦੀ ਬੜੀ ਪ੍ਰਾਰਥਨਾ-ਪੂਜਾ ਕੀਤੀ ਕਿ ਤੁਸੀਂ ਇਸ ਨੂੰ ਰੋਕ ਲਓ। ਕਥਾ ਬੜੀ ਮਿੱਠੀ ਹੈ। ਸ਼ਿਵ ਰਾਜ਼ੀ ਹੋ ਗਏ। ਅਤੇ ਕਹਿੰਦੇ ਹਨ ਗੰਗਾ ਉਤਰੀ ਤਾਂ ਉਨ੍ਹਾਂ ਦੀਆਂ ਜਟਾਵਾਂ ਵਿਚ ਕਈ ਜਨਮਾਂ ਤਕ ਭਟਕਦੀ ਰਹੀ। ਜਟਾਵਾਂ ਵਿਚ ਉਤਾਰ ਲਿਆ ਉਸ ਨੂੰ। ਭਟਕਦੀ ਰਹੀ ਉਥੇ। ਰਸਤਾ ਹੀ ਲੱਭਣਾ ਔਖਾ ਹੋ ਗਿਆ ਉਸ ਨੂੰ। ਮਿਟਾਉਣ ਦੀ ਤਾਂ ਗੱਲ ਦੂਰ, ਧਰਤੀ ਨੂੰ ਡੋਬਣ ਦੀ ਗੱਲ ਦੂਰ—ਉਸ ਨੂੰ ਸ਼ਿਵ ਦੀਆਂ ਜਟਾਵਾਂ ਵਿਚੋਂ ਬਾਹਰ ਆਉਣ

ਦਾ ਰਾਹ ਨਾ ਲੱਭੇ। ਤਦ ਤਕ ਉਸ ਦਾ ਤੂਫ਼ਾਨੀ ਰੂਪ ਸੀ, ਅੰਧੜ ਜਿਹੜਾ ਉਸ ਦੇ ਪ੍ਰਾਣਾਂ ਵਿਚ ਸੀ ਉਹ ਸ਼ਾਂਤ ਹੋ ਗਿਆ। ਸ਼ਿਵ ਨੇ ਉਸ ਨੂੰ ਸ਼ਾਂਤ ਬਣਾ ਦਿੱਤਾ। ਸ਼ਿਵ ਨੇ ਉਸ ਨੂੰ ਨਰਮ ਕਰ ਦਿੱਤਾ। ਆਕੜ ਚਲੀ ਗਈ।

ਪਵਿੱਤਰਤਾ ਦੀ ਵੀ ਇਕ ਆਕੜ ਹੈ। ਸਵਰਗ ਦੀ ਗੰਗਾ ਸੀ! ਵੱਡੀ ਆਕੜ ਸੀ! ਵੱਡੀ ਅਸਿਮਤਾ (ਹੰਕਾਰ) ਸੀ! ਸ਼ਿਵ ਦੇ ਸਿਰ ਵਿਚ ਭਟਕ ਕੇ ਉਹ ਹੰਕਾਰ ਗੁਆਚ ਗਿਆ। ਦੀਨ ਅਨੁਭਵ ਹੋਈ। ਫਿਰ ਉਤਰੀ ਧਰਤੀ ਉੱਤੇ।

ਸ਼ਿਵਤੱਵ ਦਾ ਅਰਥ, ਸ਼ਿਵ ਅਰਥ ਹੈ, ਬੁੱਧ-ਪੁਰਸ਼।

ਹੋਰ ਜਟਾਜੂਟ ਦੀ ਗੱਲ ਬਹੁਤ ਠੀਕ ਹੈ, ਕਿਉਂਕਿ ਜਦ ਪਹਿਲੀ ਵਾਰੀ ਪਰਮਾਤਮਾ ਉਤਰਦਾ ਹੈ ਤਾਂ ਉਹ ਤੁਹਾਡੇ ਸਿਰ ਦੇ ਅੰਦਰ, ਬਾਹਰ ਦੇ ਜਟਾਜੂਟ ਵਿਚ ਨਹੀਂ, ਅੰਦਰਲੇ ਜਟਾਜੂਟ ਵਿਚ ਉਤਰਦਾ ਹੈ, ਅੰਦਰ ਜਿਹੜਾ ਅਨੰਤ ਨਾੜੀਆਂ ਦਾ ਜਾਲ ਹੈ, ਮਸਤਿਕ ਵਿਚ ਜੋ ਕੋਈ ਸਤ ਕਰੋੜ ਸੈੱਲ ਹਨ—ਉਨ੍ਹਾਂ ਵਿਚ ਹੀ ਉਤਰਦਾ ਹੈ, ਉਨ੍ਹਾਂ ਵਿਚ ਹੀ ਭਟਕਦਾ ਹੈ, ਉਨ੍ਹਾਂ ਵਿਚੋਂ ਹੀ ਰਾਹ ਲੱਭਦਾ ਹੈ।

ਬੁੱਧ-ਪੁਰਸ਼ ਦਾ ਮਸਤਿਕ ਜਦੋਂ ਜਾਗਦਾ ਹੈ ਤਾਂ ਪਰਮਾਤਮਾ ਉਤਰਿਆ! ਫਿਰ ਸ਼ਿਵ ਮਿਲੇ ਸਵਰਗ ਦੀ ਗੰਗਾ ਨੂੰ! ਫਿਰ ਵਰ੍ਹੇ ਲੱਗ ਜਾਂਦੇ ਹਨ ਉਥੇ ਭਟਕਣ ਵਿਚ। ਉਥੇ ਸੌਮਯਰੂਪ ਗ੍ਰਹਿਣ ਹੁੰਦਾ ਹੈ। ਜਿਵੇਂ ਤੁਸੀਂ ਮਿੱਟੀ ਨੂੰ ਸਿੱਧਾ ਨਹੀਂ ਖਾ ਸਕੋਗੇ। ਹਾਲਾਂਕਿ ਰੋਜ਼ ਮਿੱਟੀ ਨੂੰ ਖਾਂਦੇ ਹੋ—ਕਦੇ ਕਣਕ ਦੀ ਸ਼ਕਲ ਵਿਚ ਖਾਂਦੇ ਹੋ, ਕਦੇ ਅਨਾਰ ਦੀ ਸ਼ਕਲ ਵਿਚ ਖਾਂਦੇ ਹੋ, ਕਿਤੇ ਅਮਰੂਦ, ਅੰਬ ਦੀ ਸ਼ਕਲ ਵਿਚ ਖਾਂਦੇ ਹੋ—ਖਾਂਦੇ ਮਿੱਟੀ ਨੂੰ ਹੀ ਹੋ: ਪਰ ਮਿੱਟੀ ਨੂੰ ਸਿੱਧਾ ਨਹੀਂ ਖਾ ਸਕੋਗੇ। ਪਹਿਲਾਂ ਦਰੱਖ਼ਤ ਮਿੱਟੀ ਨੂੰ ਖਾਂਦਾ ਹੈ, ਫਿਰ ਦਰੱਖ਼ਤ ਮਿੱਟੀ ਨੂੰ ਰੂਪਾਂਤਰਿਤ ਕਰਦਾ ਹੈ, ਫਲ ਬਣ ਜਾਂਦਾ ਹੈ। ਫਿਰ ਫਲ ਤੁਸੀਂ ਖਾ ਲੈਂਦੇ ਹੋ। ਹੈ ਮਿੱਟੀ ਹੀ; ਲੇਕਿਨ ਵਿਚਕਾਰ ਦਰੱਖ਼ਤ ਮਾਧਿਅਮ ਜ਼ਰੂਰੀ ਸੀ।

ਪਰਮਾਤਮਾ ਨੂੰ ਤੁਸੀਂ ਸਿੱਧਾ ਨਹੀਂ ਖਾ ਸਕੋਗੇ। ਉਹ ਤੁਹਾਡੇ ਲਈ ਬਹੁਤ ਮੁਸ਼ਕਿਲ ਹੋ ਜਾਏਗਾ। ਕੋਈ ਸ਼ਿਵ ਪਹਿਲਾਂ ਉਸ ਨੂੰ ਪਚਾਉਂਦਾ ਹੈ, ਫਿਰ ਉਹ ਤੁਹਾਡੇ ਲਾਇਕ ਹੋ ਜਾਂਦਾ ਹੈ। ਫਿਰ ਤੁਹਾਨੂੰ ਛੋਟੇ-ਛੋਟੇ, ਜਿੰਨੀ ਤੁਹਾਨੂੰ ਜ਼ਰੂਰਤ ਹੈ, ਜਿੰਨਾ ਤੁਸੀਂ ਝੱਲ ਸਕੋਗੇ, ਪਚਾ ਸਕੋਗੇ, ਉਸ ਮਿਕਦਾਰ ਵਿਚ ਮਿਲ ਜਾਂਦਾ ਹੈ। ਬੁੱਧ ਤਾਂ ਪੂਰੇ ਪਰਮਾਤਮਾ ਨੂੰ ਪਚਾ ਲੈਂਦੇ ਹਨ, ਫਿਰ ਉਨ੍ਹਾਂ ਦੇ ਇਕ-ਇਕ ਬਚਨ ਵਿਚੋਂ ਇਕ-ਇਕ ਫਲ ਦੀ ਤਰ੍ਹਾਂ ਉਹ ਤੁਹਾਡੇ ਉੱਤੇ ਵੱਸਣ ਲੱਗਦੇ ਹਨ, ਇਕ-ਇਕ ਫੁੱਲ ਵਿਚ ਤੁਹਾਡੇ ਕੋਲ ਆਉਣ ਲੱਗਦੇ ਹਨ। ਗੰਗਾ ਦਾ ਤੂਫ਼ਾਨ

ਤਾਂ ਸ਼ਿਵ ਝੱਲ ਲੈਂਦੇ ਹਨ, ਫਿਰ ਗੰਗਾ ਸ਼ਾਂਤ ਹੋ ਜਾਦੀ ਹੈ; ਫਿਰ ਤੁਸੀਂ ਉਸ ਉੱਤੇ ਤੀਰਥ ਯਾਤ੍ਰਾ ਕਰ ਪਾਉਂਦੇ ਹੋ; ਫਿਰ ਤੁਸੀਂ ਘਾਟ ਬਣਾ ਲੈਂਦੇ ਹੋ : ਫਿਰ ਮੰਦਿਰ ਬਣਾ ਲੈਂਦੇ ਹੋ; ਫਿਰ ਤੁਸੀਂ ਪੂਜਾ ਕਰ ਪਾਂਦੇ ਹੋ।

ਸੰਤ ਪੁਰਸ਼ ਉਸ ਗੰਗਾ ਨੂੰ ਬਾਰ-ਬਾਰ ਲਿਆਉਂਦੇ ਹਨ।

ਅਤੀਤ ਵਿਚ ਉਹ ਗੰਗਾ ਹਜ਼ਾਰਾਂ ਵਾਰ ਉਤਰੀ ਹੈ; ਲੇਕਿਨ ਸ਼ਾਸਤ੍ਰਾਂ ਵਿਚ ਜੋ ਉਸ ਦੇ ਸੰਬੰਧ ਵਿਚ ਲਿਖਿਆ ਹੈ, ਉਹ ਹੁਣ ਬਹੁਤ ਪੁਰਾਣਾ ਹੋ ਗਿਆ ਹੈ, ਉਸ ਉੱਤੇ ਬਹੁਤ ਧੂੜ ਜੰਮ ਗਈ ਹੈ, ਉਸ ਉੱਤੇ ਸ਼ਬਦਾਂ ਦੀ ਪਰਤ-ਦਰ-ਪਰਤ ਇਕੱਠੀ ਹੋ ਗਈ ਹੈ। ਹੁਣ ਪਛਾਨਣਾ ਮੁਸ਼ਕਿਲ ਹੈ। ਉਸ ਦੀ ਤਾਜ਼ਗੀ ਗੁਆਚ ਗਈ ਹੈ। ਪੰਡਿਤ ਉਸ ਨੂੰ ਦੋਹਰਾਈ ਚਲੇ ਜਾਂਦੇ ਹਨ। ਉਹ ਉਸ ਉੱਤੇ ਹੋਰ ਵੀ ਪਰਤਾਂ ਜਮਾਈ ਚਲੇ ਜਾਂਦੇ ਹਨ—ਅਰਥਾਂ ਦੀਆਂ ਪਰਤਾਂ—ਅਰਥ ਹੋਰ ਲੁਕਦਾ ਚਲਾ ਜਾਂਦਾ ਹੈ। ਪੰਡਿਤ ਜਿੰਨੀਆਂ ਟੀਕਾਵਾਂ ਕਰਦੇ ਹਨ, ਉਨੇ ਹੀ ਸ਼ਾਸਤ੍ਰ ਬੇਬੂਝ ਹੋ ਜਾਂਦੇ ਹਨ। ਫਿਰ ਗੱਲ ਇੰਨੀ ਔਖੀ ਹੋ ਜਾਂਦੀ ਹੈ ਕਿ ਉਸ ਪਾਸਿਉਂ ਰਾਹ ਹੀ ਨਹੀਂ ਰਹਿ ਜਾਂਦਾ। ਫਿਰ ਕੋਈ ਸੰਤ ਪੁਰਸ਼, ਕੋਈ ਫ਼ਰੀਦ, ਕੋਈ ਕਬੀਰ, ਕੋਈ ਦਾਦੂ, ਕੋਈ ਸਹਜੋ ਫਿਰ ਉਤਾਰ ਲਿਆਉਂਦੀ ਹੈ।

ਸੁਭਾਵਿਕ ਹੈ ਕਿ ਉਨ੍ਹਾਂ ਨਾਲ ਤੁਹਾਨੂੰ ਆਤਮੀਅਤਾ ਲੱਗੇ। ਨਾ ਲੱਗੇ ਤਾਂ ਸਮਝਣਾ ਕਿ ਤੁਸੀਂ ਰੋਗੀ ਹੋ, ਤੁਹਾਡਾ ਚਿੱਤ ਜ਼ਹਿਰੀਲਾ ਹੈ। ਆਤਮੀਅਤਾ ਨਾ ਲੱਗੇ ਤਾਂ ਸਮਝਣਾ ਖ਼ੁਦ ਨੂੰ ਤੰਦਰੁਸਤ ਕਰਨਾ ਜ਼ਰੂਰੀ ਹੈ।

ਸਤਵਾਂ ਸਵਾਲ—ਪਰਮਾਤਮਾ ਨੇ ਸਾਨੂੰ ਬਣਾਇਆ ਹੈ, ਅਤੇ ਉਹ ਹੀ ਸਾਡਾ ਸੁੱਖ ਕਰਤਾ ਅਤੇ ਦੁੱਖ ਕਰਤਾ ਹੈ; ਫਿਰ ਜਨਮ ਦੇ ਨਾਲ ਸਾਨੂੰ ਉਸਦਾ ਵਿਸਮ੍ਰਣ (ਭੁੱਲ ਜਾਣਾ) ਕਿਉਂ ਹੋ ਜਾਂਦਾ ਹੈ? ਪਰਮਾਤਮਾ ਉਸ ਦੀ ਸਾਨੂੰ ਲਗਾਤਾਰ ਯਾਦ ਕਿਉਂ ਨਹੀਂ ਦੁਆਉਂਦਾ ਹੈ?

ਪਰਮਾਤਮਾ ਨੇ ਸਾਨੂੰ ਬਣਾਇਆ ਉਹ ਹੀ ਸਾਡਾ ਸੁੱਖ ਕਰਤਾ, ਦੁੱਖ ਕਰਤਾ ਹੈ—ਅਜਿਹਾ ਤੁਹਾਨੂੰ ਕਿਸ ਨੇ ਕਿਹਾ? ਇਹ ਤੁਸੀਂ ਕਿਵੇਂ ਜਾਣਿਆ? ਤੁਸੀਂ ਸੁਣ ਲਿਆ ਹੋਏਗਾ। ਕਿਸੇ ਨੇ ਕਹਿ ਦਿੱਤਾ ਹੋਏਗਾ। ਤੁਸੀਂ ਗੱਲ ਫੜ ਲਈ।

ਦੂਜਿਆਂ ਦੀਆਂ ਗੱਲਾਂ ਨੂੰ ਨਾ ਫੜੋ, ਜਦ ਤਕ ਤੁਹਾਨੂੰ ਹੀ ਪਤਾ ਨਾ ਹੋਵੇ—ਕਿਉਂਕਿ ਦੂਜਿਆਂ ਦੀਆਂ ਉਧਾਰ ਗੱਲਾਂ ਨਾਲ ਜੋ ਤੁਸੀਂ ਸਵਾਲ ਉਠਾਉਗੇ ਉਹ ਤੁਹਾਨੂੰ ਕਿਤੇ ਵੀ ਨਹੀਂ ਲੈ ਜਾਣਗੇ। ਸਵਾਲ ਤੁਹਾਡੇ ਪ੍ਰਾਣਾਂ ਤੋਂ ਆਉਣਾ ਚਾਹੀਦਾ ਹੈ। ਮੇਰੇ ਕੋਲੋਂ ਤੁਸੀਂ ਉਨ੍ਹਾਂ ਸਵਾਲਾਂ ਦੇ ਜਵਾਬ ਮੰਗੋ ਜਿਹੜੇ ਤੁਹਾਡੇ ਪ੍ਰਾਣਾਂ ਤੋਂ ਉੱਠਦੇ ਹੋਣ, ਤਾਂ ਕੁਝ ਲਾਭ ਹੋਏਗਾ।

ਪਹਿਲਾਂ ਤਾਂ ਸਵਾਲ ਹੀ ਝੂਠਾ ਹੈ, ਕਿਉਂਕਿ ਤੁਹਾਨੂੰ ਪਤਾ ਹੀ ਨਹੀਂ ਕਿ ਪਰਮਾਤਮਾ ਨੇ ਬਣਾਇਆ। ਇਹ ਹੀ ਜਿਸ ਨੂੰ ਪਤਾ ਚੱਲ ਗਿਆ ਉਸ ਦੇ ਕੀ ਕੋਈ ਸਵਾਲ ਬਾਕੀ ਰਹਿ ਜਾਂਦੇ ਹਨ?

ਤੁਹਾਨੂੰ ਪਤਾ ਨਹੀਂ ਹੈ ਕਿ ਪਰਮਾਤਮਾ ਦੁੱਖ-ਕਰਤਾ—ਸੁੱਖ-ਕਰਤਾ ਹੈ। ਇਹ ਹੀ ਤੁਹਾਨੂੰ ਪਤਾ ਹੁੰਦਾ ਤਾਂ ਹੋਰ ਕੀ ਬਾਕੀ ਰਹਿ ਜਾਂਦਾ ਹੈ ਜਾਨਣ ਲਈ? ਸੁੱਖ ਅਤੇ ਦੁੱਖ ਵਿਚ ਸਭ ਆ ਗਿਆ। ਕੁਝ ਹੋਰ ਬਚਿਆ ਹੋਏਗਾ, ਉਹ ਪਰਮਾਤਮਾ ਵਿਚ ਆ ਗਿਆ। ਸਭ ਸਮਾਪਤ ਹੋ ਜਾਂਦਾ ਹੈ।

ਨਹੀਂ, ਇਹ ਤੁਸੀਂ ਸੁਣ ਲਿਆ ਹੈ। ਇਸ ਨੂੰ ਤੁਸੀਂ ਸੁਣਿਆ ਹੈ, ਮੰਨਿਆ ਵੀ ਨਹੀਂ ਹੈ ਹਾਲੇ। ਤੁਹਾਡੇ ਹਿਰਦੇ ਨੇ ਇਸ ਨੂੰ ਸਵੀਕਾਰ ਵੀ ਨਹੀਂ ਕੀਤਾ ਹੈ। ਤੁਹਾਨੂੰ ਸ਼ੱਕ ਹੋਇਆ ਹੈ। ਲੇਕਿਨ ਸੰਦੇਹ ਨੂੰ ਵੀ ਸਿੱਧਾ ਪੁੱਛਣ ਦੀ ਹਿੰਮਤ ਨਹੀਂ ਹੈ। ਉਸ ਨੂੰ ਵੀ ਤੁਸੀਂ ਆਸਤਿਕ ਦੇ ਢੰਗ ਨਾਲ ਪੁੱਛਦੇ ਹੋ। ਨਾਸਤਿਕ ਦੇ ਢੰਗ ਨਾਲ ਪੁੱਛਣਾ ਬੇਹਤਰ ਹੈ—ਘੱਟੋ-ਘੱਟ ਇਮਾਨਦਾਰ ਹੁੰਦਾ ਹੈ।

ਸੋ ਤੁਸੀਂ ਕਹਿੰਦੇ ਹੋ ਉਪਰੋਂ—ਸਾਨੂੰ ਪਰਮਾਤਮਾ ਨੇ ਬਣਾਇਆ, ਉਹ ਹੀ ਦੁੱਖ-ਕਰਤਾ—ਸੁੱਖ-ਕਰਤਾ। ਫਿਰ ਸਾਨੂੰ ਜਨਮ ਦੇ ਨਾਲ-ਨਾਲ ਉਸ ਦਾ ਵਿਸਮ੍ਰਣ (ਭੁੱਲ ਜਾਣਾ) ਕਿਉਂ ਹੋ ਜਾਂਦਾ ਹੈ?

ਜੇਕਰ ਵਿਸਮ੍ਰਣ ਹੀ ਹੋ ਗਿਆ ਹੈ, ਤਾਂ ਕਿਸ ਪਰਮਾਤਮਾ ਦੀ ਗੱਲ ਕਰ ਰਹੇ ਹੋ ਜਿਸ ਨੇ ਤੁਹਾਨੂੰ ਬਣਾਇਆ? ਇਹ ਬਕਵਾਸ ਛੱਡੋ। ਸਿੱਧਾ ਕਹੋ ਕਿ ਸਾਨੂੰ ਕੋਈ ਪਰਮਾਤਮਾ ਦਾ ਸਮ੍ਰਣ ਨਹੀਂ ਹੈ—ਇਹ ਪਰਮਾਤਮਾ ਕੌਣ ਹੈ? ਕਿੱਥੇ ਹੈ? ਸਾਨੂੰ ਤਾਂ ਕੁਝ ਵੀ ਚੇਤਾ ਨਹੀਂ ਹੈ। ਅਸੀਂ ਕਿਵੇਂ ਮੰਨੀਏ ਕਿ ਉਸ ਨੇ ਸਾਨੂੰ ਬਣਾਇਆ? ਅਸੀਂ ਕਿਵੇਂ ਮੰਨੀਏ ਕਿ ਉਸ ਨੇ ਹੀ ਸੁੱਖ, ਉਸ ਨੇ ਹੀ ਦੁੱਖ ਬਣਾਏ?

ਸਿੱਧੀ ਗੱਲ ਪੁੱਛੋ ਤਾਂ ਰਸਤਾ ਆਸਾਨ ਹੋ ਜਾਂਦਾ ਹੈ। ਜਦ ਤੁਸੀਂ ਪੁੱਠੀਆਂ ਸਿੱਧੀਆਂ ਗੱਲਾਂ ਵਿਚ ਪੈਂਦੇ ਹੋ ਤਾਂ ਰਾਹ ਹੋਰ ਵੀ ਔਖਾ ਹੋ ਜਾਂਦਾ ਹੈ।

ਠੀਕ ਹੈ ਗੱਲ ਤੁਹਾਨੂੰ ਚੇਤਾ ਨਹੀਂ ਹੈ, ਭੁੱਲ ਗਏ ਹੋ। ਇਹ ਵੀ ਸਵਾਲ ਇਸ ਲਈ ਉੱਠਦਾ ਹੈ ਕਿ ਤੁਸੀਂ ਮੰਨ ਲਿਆ ਕਿ ਕੋਈ ਪਰਮਾਤਮਾ ਹੈ, ਜਿਸ ਦੀ ਸਾਨੂੰ ਯਾਦ ਨਹੀਂ ਹੈ, ਜਿਸ ਦਾ ਸਾਨੂੰ ਵਿਸਮ੍ਰਣ ਹੋ ਗਿਆ ਹੈ। ਇਸ ਮਾਨਤਾ ਦੀ ਝੰਜਟ ਵਿਚ ਪਓਗੇ ਤਾਂ ਸਵਾਲ ਤੋਂ ਪਿੱਛੋਂ ਸਵਾਲ ਉੱਠਦੇ ਚਲੇ ਜਾਣਗੇ।

ਤੁਸੀਂ ਮਨ ਦੀ ਸਲੇਟ ਨੂੰ ਕੋਰੀ ਕਰੋ। ਕਿਸੇ ਦੀ ਨਾ ਮੰਨੋ। ਇੰਨਾ ਹੀ ਕਹੋ ਕਿ ਮੈਂ ਹਾਂ, ਇਸ ਤੋਂ ਜ਼ਿਆਦਾ ਮੈਨੂੰ ਕੁਝ ਵੀ ਪਤਾ ਨਹੀਂ ਹੈ, ਇਹ

ਈਮਾਨਦਾਰੀ ਹੋਏਗੀ। ਤੁਹਾਡੇ ਤੋਂ ਇਲਾਵਾ ਤੁਹਾਨੂੰ ਹੋਰ ਕੀ ਪਤਾ ਹੈ ? ਤੁਹਾਡੇ ਤੋਂ ਇਲਾਵਾ ਤੁਹਾਡੀਆਂ ਬਾਕੀ ਜਿੰਨੀਆਂ ਗੱਲਾਂ ਹਨ, ਸਭ ਮਾਨਤਾਵਾਂ ਹਨ।

ਮੈਂ ਇੱਥੇ ਬੋਲ ਰਿਹਾ ਹਾਂ, ਇਹ ਵੀ ਪੱਕਾ ਨਹੀਂ ਹੋ ਸਕਦਾ, ਕਿਉਂਕਿ ਹੋ ਸਕਦਾ ਹੈ, ਤੁਸੀਂ ਸੁਫ਼ਨਾ ਵੇਖ ਰਹੇ ਹੋਵੋ। ਕਿਵੇਂ ਤੈਅ ਕਰੋਗੇ ਕਿ ਮੈਂ ਇੱਥੇ ਬੈਠ ਕੇ ਬੋਲ ਰਿਹਾ ਹਾਂ, ਅਸਲੀਅਤ ਹਾਂ, ਅਤੇ ਤੁਹਾਡਾ ਸੁਫ਼ਨਾ ਨਹੀਂ ਹੈ ? ਕਿਵੇਂ ਤੈਅ ਕਰੋਗੇ ? ਕੀ ਉਪਾਇ ਹੈ ? ਕਦੇ-ਕਦੇ ਤੁਸੀਂ ਸੁਫ਼ਨੇ ਵਿਚ ਵੀ ਮੈਨੂੰ ਬੋਲਦੇ ਸੁਣਿਆ ਹੈ। ਜਦ ਸੁਫ਼ਨੇ ਵਿਚ ਬੋਲਦੇ ਸੁਣਿਆ ਹੈ ਤਦ ਬਿਲਕੁਲ ਅਜਿਹਾ ਲੱਗਿਆ ਹੈ ਕਿ ਇਹ ਬਿਲਕੁਲ ਸਤਯ ਹੈ, ਸਵੇਰੇ ਜਾਗ ਕੇ ਪਾਇਆ ਕਿ ਇਹ ਤਾਂ ਗੱਲ ਝੂਠ ਸੀ। ਕੀ ਤੁਹਾਨੂੰ ਪੱਕਾ ਹੈ ਕਿ ਕਿਸੇ ਦਿਨ ਜਾਗ ਕੇ ਤੁਸੀਂ ਨਾ ਪਾਉਗੇ ਕਿ ਜੋ ਤੁਸੀਂ ਸੁਣ ਰਹੇ ਸੀ, ਉਹ ਤੁਸੀਂ ਸੁਣਿਆ ਨਹੀਂ ਸੀ, ਤੁਹਾਡੇ ਹੀ ਮਨ ਦੀ ਖੇਡ ਸੀ ?

ਦੂਜੇ ਦਾ ਭਰੋਸਾ ਵੀ ਨਹੀਂ ਹੋ ਸਕਦਾ। ਭਰੋਸਾ ਤਾਂ ਸਿਰਫ਼ ਇਕ ਚੀਜ਼ ਦਾ ਹੋ ਸਕਦਾ ਹੈ—ਉਹ ਤੁਹਾਡਾ ਆਪਣਾ ਹੋਣਾ ਹੈ। ਪਰਮਾਤਮਾ ਤਾਂ ਬਹੁਤ ਦੂਰ ਹੈ—ਪਤੀ ਅਤੇ ਪਤਨੀ ਦਾ ਵੀ ਪੱਕਾ ਭਰੋਸਾ ਨਹੀਂ ਹੋ ਸਕਦਾ ਕਿ ਉਹ ਹਨ। ਤੁਹਾਡੀ ਬਗਲ ਵਿਚ ਜੋ ਬੈਠਿਆ ਹੈ, ਜਿਸ ਨੂੰ ਤੁਸੀਂ ਛੂਹ ਸਕਦੇ ਹੋ, ਉਸ ਦਾ ਵੀ ਪੱਕਾ ਭਰੋਸਾ ਨਹੀਂ ਹੋ ਸਕਦਾ ਕਿ ਉਹ ਹੈ। ਕਿਉਂਕਿ ਸੁਫ਼ਨੇ ਵਿਚ ਵੀ ਤੁਸੀਂ ਕਈ ਵਾਰੀ ਲੋਕਾਂ ਨੂੰ ਛੂਹਿਆ ਅਤੇ ਪਾਇਆ ਹੈ ਕਿ ਉਹ ਹਨ। ਇਹ ਵੀ ਸੁਫ਼ਨਾ ਹੋ ਸਕਦਾ ਹੈ।

ਸੋ ਸਾਧਕ ਨੂੰ, ਜਿਹੜਾ ਖੋਜ ਉੱਤੇ ਨਿਕਲਿਆ ਹੈ, ਪਰਮਾਤਮਾ ਦੀ ਸਤਯ ਦੀ ਕੋਈ ਵੀ ਨਾਉਂ ਜਾਂ ਜੀਵਨ ਦੀ—ਉਸ ਨੂੰ ਇਕ ਗੱਲ ਖ਼ਿਆਲ ਰੱਖਣੀ ਚਾਹੀਦੀ, ਪੱਕੇ ਆਧਾਰਾਂ ਤੋਂ ਸ਼ੁਰੂ ਕਰੋ ਯਾਤ੍ਰਾ। ਇਕ ਹੀ ਚੀਜ਼ ਪੱਕੀ ਹੈ ਕਿ ਮੈਂ ਹਾਂ, ਅਤੇ ਹੋਰ ਕੁਝ ਵੀ ਪੱਕਾ ਨਹੀਂ ਹੈ। ਹਾਂ, ਇਸ ਉੱਤੇ ਸ਼ੱਕ ਨਾਮੁਮਕਿਨ ਹੈ ਕਿ ਮੈਂ ਹਾਂ ਕਿਉਂਕਿ ਇਸ ਉੱਤੇ ਤਾਂ ਸ਼ੱਕ ਕਰਨ ਲਈ ਵੀ ਮੈਨੂੰ ਹੋਣਾ ਪਏਗਾ, ਨਹੀਂ ਤਾਂ ਕੌਣ ਸ਼ੱਕ ਕਰੇਗਾ। ਜੇਕਰ ਮੈਂ ਕਹਾਂ ਕਿ ਪਤਾ ਨਹੀਂ, ਮੈਂ ਹਾਂ ਜਾਂ ਨਹੀਂ—ਤਾਂ ਵੀ ਪੱਕਾ ਹੈ ਕਿ ਮੈਂ ਹਾਂ, ਨਹੀਂ ਤਾਂ ਕੌਣ ਕਹੇਗਾ ਕਿ ਪਤਾ ਨਹੀਂ ਮੈਂ ਹਾਂ ਜਾਂ ਨਹੀਂ ? ਸੁਫ਼ਨਾ ਵੇਖਣ ਲਈ ਵੀ ਤਾਂ ਇਕ ਵੇਖਣ ਵਾਲਾ ਚਾਹੀਦਾ। ਝੂਠ ਦੁਹਰਾਉਣ ਲਈ ਵੀ ਤਾਂ ਕੋਈ ਚਾਹੀਦਾ ਜਿਹੜਾ ਸੱਚ-ਮੁੱਚ ਹੋਵੇ, ਨਹੀਂ ਤਾਂ ਝੂਠ ਵੀ ਕੌਣ ਦੁਹਰਾਏਗਾ ?

ਇਕ ਚੀਜ਼ ਪੱਕੀ ਹੈ ਕਿ ਮੈਂ ਹਾਂ। ਹੁਣ ਬੇਹਤਰ ਇਹ ਹੀ ਹੋਏਗਾ ਕਿ ਮੈਂ ਇਸੇ ਨੂੰ ਜਾਨਣ ਟੁਰਾਂ ਕਿ ਮੈਂ ਕੌਣ ਹਾਂ, ਕੀ ਹਾਂ ?

ਜਿਵੇਂ ਹੀ ਤੁਸੀਂ ਇਸ ਵਿਚ ਉਤਰਨ ਲੱਗੋਗੇ ਪੌੜੀ-ਪੌੜੀ, ਉਵੇਂ ਹੀ ਉਵੇਂ ਤੁਸੀਂ ਪਾਉਗੇ ਕਿ ਇਹ ਤਾਂ ਬਹੁਤ ਅਨੋਖੀ ਗੱਲ ਹੋਣ ਲੱਗੀ ਕਿ ਉਤਰਦੇ ਤੁਸੀਂ ਆਪਣੇ ਵਿਚ ਹੋ, ਪਹੁੰਚਦੇ ਪਰਮਾਤਮਾ ਵਿਚ ਹੋ! ਜਾਣਦੇ ਆਪਣੇ ਆਪ ਨੂੰ ਹੋ, ਪਛਾਣ ਪਰਮਾਤਮਾ ਨਾਲ ਹੋਣ ਲੱਗਦੀ ਹੈ, ਕਿਉਂਕਿ ਤੁਸੀਂ ਪਰਮਾਤਮਾ ਹੋ। ਅਤੇ ਜਿਸ ਦਿਨ ਤੁਸੀਂ ਆਪਣੇ ਅੰਦਰ ਪੂਰੇ ਉਤਰ ਜਾਉਗੇ, ਆਪਣੀ ਪੂਰੀ ਡੂੰਘਾਈ ਨੂੰ ਛੂਹ ਲਵੋਂਗੇ, ਆਪਣੇ ਪੂਰੇ ਵਿਸਤਾਰ ਨੂੰ ਸਪਰਸ਼ (ਛੂਹਣਾ) ਕਰ ਲਉਗੇ, ਆਪਣੀ ਅਨੰਤਤਾ ਦੇ ਸੁਆਦ ਨਾਲ ਭਰ ਜਾਉਗੇ, ਉਸ ਦਿਨ ਤੁਸੀਂ **ਪਹਿਲੀ ਵਾਰੀ** ਜਾਣੋਂਗੇ ਕਿ ਪਰਮਾਤਮਾ ਹੈ ਅਤੇ ਉਸ ਦਿਨ ਤੁਸੀਂ ਇਹ ਵੀ ਜਾਣੋਂਗੇ ਕਿ ਉਹੀ ਸਭ ਕੁਝ ਹੈ, ਉਸ ਦਿਨ ਤੁਸੀਂ ਇਹ ਵੀ ਜਾਣੋਂਗੇ ਕਿ ਉਸ ਨੂੰ ਅਸੀਂ ਭੁਲਾ ਭਾਵੇਂ ਦਿੱਤਾ ਹੋਵੇ, ਲੇਕਿਨ ਫਿਰ ਵੀ ਅਸੀਂ ਭੁਲਾ ਨਹੀਂ ਪਾਏ, ਭੁਲਾਉਣ ਦੀ ਕੋਸ਼ਿਸ਼ ਕੀਤੀ ਹੋਵੇ, ਲੇਕਿਨ ਸਫ਼ਲ ਨਹੀਂ ਹੋ ਪਾਏ।

ਕੋਈ ਮਨੁੱਖ ਪਰਮਾਤਮਾ ਨੂੰ ਭੁਲਾਉਣ ਵਿਚ ਸਫ਼ਲ ਨਹੀਂ ਹੋ ਪਾਇਆ ਹੈ। ਇਸ ਲਈ ਤਾਂ ਇੰਨੇ ਮੰਦਿਰ ਹਨ, ਇੰਨੀਆਂ ਮਸਜਿਦਾਂ, ਇੰਨੇ ਗਿਰਜੇ, ਗੁਰਦੁਆਰੇ ਹਨ। ਇਹ ਇਸੇ ਗੱਲ ਦਾ ਸਬੂਤ ਹਨ ਕਿ ਤੁਸੀਂ ਲੱਖ ਕੋਸ਼ਿਸ਼ ਕੀਤੀ ਹੈ ਭੁਲਾਉਣ ਦੀ, ਭੁਲਾ ਨਹੀਂ ਪਾਏ।

ਪਰਮਾਤਮਾ ਨੂੰ ਭੁਲਾਉਣਾ ਅਸੰਭਵ ਹੈ, ਕਿਉਂਕਿ ਉਹ ਤੁਹਾਡਾ ਸੁਭਾਵ ਹੈ। ਹਾਂ, ਤੁਸੀਂ ਚਾਹੋ ਤਾਂ ਉਸ ਦੀ ਯਾਦ ਨਾ ਕਰੋ, ਇਹ ਹੋ ਸਕਦਾ ਹੈ। ਇਹ ਜ਼ਰਾ ਜਟਿਲ ਹੋਏਗਾ। ਮੈਂ ਫਿਰ ਤੋਂ ਦੁਹਰਾ ਦਿਆਂ—ਪਰਮਾਤਮਾ ਨੂੰ ਭੁਲਾਉਣਾ ਨਾਮੁਮਕਿਨ ਹੈ—ਹਾਂ ਜਾਹੋ ਤਾਂ ਚੇਤੇ ਨਾ ਕਰੋ, ਇਹ ਹੋ ਸਕਦਾ ਹੈ। ਤੁਸੀਂ ਆਪਣੀ ਯਾਦਦਾਸ਼ਤ ਨੂੰ ਦੂਜੀਆਂ ਚੀਜ਼ਾਂ ਨਾਲ ਭਰ ਰੱਖਿਆ ਹੈ—ਧਨ ਹੈ, ਪਦ ਹੈ, ਪ੍ਰਤਿਸ਼ਠਾ ਹੈ, ਘਰ ਹੈ, ਸੰਪਤੀ ਹੈ, ਦੁਕਾਨ ਹੈ, ਬਾਜ਼ਾਰ ਹੈ, ਤਿਜੋਰੀ ਹੈ—ਇਨ੍ਹਾਂ ਸਭਨਾਂ ਨਾਲ ਭਰੀ ਰੱਖੋ ਆਪਣੀ ਯਾਦਦਾਸ਼ਤ ਨੂੰ, ਤੁਸੀਂ ਉਸ ਨੂੰ ਥਾਂ ਹੀ ਨਾ ਦਿਓ ਪਰਗਟ ਹੋਣ ਦੀ, ਤੁਸੀਂ ਮੌਕਾ ਹੀ ਨਾ ਦਿਓ ਕਿ ਉਹ ਤੁਹਾਨੂੰ ਯਾਦ ਆ ਜਾਏ, ਬਸ ਇੰਨਾ ਤੁਸੀਂ ਕਰ ਸਕਦੇ ਹੋ, ਦੂਜੀਆਂ ਯਾਦਦਾਸ਼ਤਾਂ ਨਾਲ ਭਰ ਸਕਦੇ ਹੋ। ਪਰ ਜਿਸ ਦਿਨ ਤੁਸੀਂ ਚਾਹੋਗੇ, ਬਸ ਚਾਹ ਚਾਹੀਦੀ। ਜਿਸ ਦਿਨ ਤੁਸੀਂ ਚਾਹੋਗੇ, ਜਿਸ ਦਿਨ ਤੁਸੀਂ ਉੱਥ ਜਾਉਗੇ ਇਸ ਸਾਰੀ ਖੇਡ ਤੋਂ, ਇਸ ਬਕਵਾਸ ਤੋਂ, ਜਿਸ ਨਾਲ ਤੁਸੀਂ ਆਪਣੇ ਆਪ ਨੂੰ ਭਰ ਲਿਆ ਹੈ—ਉਸੇ ਦਿਨ ਇਕ ਛਣ ਵਿਚ ਤੁਸੀਂ ਹਟਾ ਦਿਉਗੇ ਇਹ ਕੂੜਾ-ਕਚਰਾ, ਝਾਂਕ ਕੇ ਅੰਦਰ ਵੇਖੋਗੇ, ਉਸ ਨੂੰ ਤੁਸੀਂ ਬੈਠਾ ਪਾਉਗੇ। ਉਹ ਸਦਾ ਉੱਥੇ ਮੌਜੂਦ ਹੈ, ਕਿਉਂਕਿ ਤੁਸੀਂ ਹੀ ਉਹ ਹੀ ਹੋ।

ਕੋਈ ਪਰਮਾਤਮਾ ਨੂੰ ਕਦੇ ਭੁੱਲਿਆ ਨਹੀਂ ਹੈ। ਨਾਸਤਿਕ ਵੀ ਨਹੀਂ ਭੁੱਲਦੇ ਹਨ। ਉਨ੍ਹਾਂ ਦੇ ਯਾਦ ਕਰਨ ਦਾ ਢੰਗ ਵੱਖਰਾ ਹੈ। ਉਹ ਕਹਿੰਦੇ ਹਨ, ਪਰਮਾਤਮਾ ਨਹੀਂ ਹੈ—ਇਹ ਉਨ੍ਹਾਂ ਦੇ ਯਾਦ ਕਰਨ ਦਾ ਢੰਗ ਹੈ।

ਮੈਂ ਸੁਣਿਆ ਹੈ, ਇਕ ਰਿਸ਼ੀ ਕਿਸੇ ਉੱਤੇ ਨਾਰਾਜ਼ ਹੋ ਗਿਆ, ਤਾਂ ਉਸ ਨੇ ਉਸ ਨੂੰ ਸਰਾਪ ਦੇ ਦਿੱਤਾ ਕਿ ਤੈਨੂੰ ਤਿੰਨ ਜਨਮਾਂ ਤਕ ਸੰਸਾਰ ਵਿਚ ਭਟਕਣਾ ਪਏਗਾ। ਜਿਸ ਉੱਤੇ ਨਾਰਾਜ਼ ਹੋ ਗਿਆ ਸੀ, ਉਸ ਨੇ ਬੜੀ ਰਿਸ਼ੀ ਦੀ ਸੇਵਾ ਕੀਤੀ, ਤਾਂ ਉਹ ਪ੍ਰਸੰਨ ਹੋ ਗਿਆ, ਲੇਕਿਨ ਬਦ-ਦੁਆ (ਸਰਾਪ) ਨੂੰ ਕੱਟਿਆ ਨਹੀਂ ਜਾ ਸਕਦਾ, ਦੇ ਦਿੱਤਾ, ਦੇ ਦਿੱਤਾ। ਛੁੱਟ ਗਏ ਤੀਰ ਸ਼ਬਦਾਂ ਦੇ, ਉਨ੍ਹਾਂ ਨੂੰ ਵਾਪਸ ਕਿਵੇਂ ਪਰਤਾਉਗੇ? ਜੋ ਸ਼ਬਦ ਨਿਕਲ ਗਿਆ, ਨਿਕਲ ਗਿਆ—ਹੁਣ ਉਸ ਨੂੰ ਪਰਤਾਇਆ ਨਹੀਂ ਜਾ ਸਕਦਾ। ਜੋ ਹੋ ਚੁੱਕਿਆ, ਹੋ ਚੁੱਕਿਆ।

ਸੋ, ਰਿਸ਼ੀ ਬਹੁਤ ਖ਼ੁਸ਼ ਹੋ ਗਿਆ! ਉਸ ਨੇ ਕਿਹਾ ਮਜਬੂਰੀ ਹੈ। ਹੁਣ ਮੈਂ ਵਾਪਸ ਨਹੀਂ ਮੁੜ ਸਕਦਾ, ਜੋ ਹੋ ਗਿਆ ਹੈ। ਸਰਾਪ ਤਾਂ ਦੇ ਦਿੱਤਾ। ਤਿੰਨ ਜਨਮ ਤੂੰ ਭਟਕੇਂਗਾ। ਹੁਣ ਤੂੰ ਕੋਈ ਵਰਦਾਨ ਚਾਹੁੰਦਾ ਹੋਵੇਂ ਤਾਂ ਉਹ ਮੈਂ ਦੇ ਸਕਦਾ ਹਾਂ। ਤੂੰ ਵਰਦਾਨ ਮੰਗ ਲੈ।

ਤਾਂ ਉਸ ਨੇ ਕਿਹਾ, ਤਿੰਨ ਜਨਮ ਤਾਂ ਭਟਕਾਂਗਾ, ਤੁਸੀਂ ਮੈਨੂੰ ਇਕ ਹੀ ਵਰਦਾਨ ਦੇ ਦਿਓ ਕਿ ਮੈਂ ਪਰਮਾਤਮਾ ਨੂੰ ਕਦੇ ਭੁੱਲਾਂ ਨਾ! ਉਸ ਰਿਸ਼ੀ ਨੇ ਬਹੁਤ ਸੋਚਿਆ। ਉਸ ਨੇ ਕਿਹਾ—ਅੱਛਾ ਜਾ, ਤੂੰ ਨਾਸਤਿਕ ਹੋ ਜਾ। ਉਹ ਆਦਮੀ ਬਹੁਤ ਘਬਰਾਇਆ, ਉਸ ਨੇ ਕਿਹਾ, ਇਹ ਕਿਹੋ ਜਿਹਾ ਵਰਦਾਨ ਹੈ? ਇਹ ਤਾਂ ਸਰਾਪ ਹੋ ਗਿਆ। ਪਹਿਲਾਂ ਤੋਂ ਵੀ ਬੁਰਾ ਹੋ ਗਿਆ। ਤਿੰਨਾਂ ਜਨਮਾਂ ਤੋਂ ਬਾਅਦ ਤਾਂ ਮੁੜਨਾ ਹੋ ਜਾਂਦਾ, ਹੁਣ ਇਹ ਤਿੰਨ ਜਨਮ ਜੇਕਰ ਨਾਸਤਿਕ ਰਹੇ ਤਾਂ ਫਿਰ ਪਰਤਣਾ ਕਿਵੇਂ ਹੋਏਗਾ? ਇਹ ਤਾਂ ਹੱਦ ਹੋ ਗਈ। ਹੁਣ ਤੁਸੀਂ ਕਹੋਗੇ, ਇਹ ਸ਼ਬਦ ਵੀ ਨਿਕਲ ਗਏ, ਵਾਪਸ ਨਹੀਂ ਪਰਤ ਸਕਦੇ।

ਰਿਸ਼ੀ ਨੇ ਕਿਹਾ—ਮੈਂ ਤੈਨੂੰ ਸੋਚ ਕੇ ਅਨੁਭਵ ਨਾਲ ਕਹਿੰਦਾ ਹਾਂ। ਆਸਤਿਕ ਤਾਂ ਕਦੇ-ਕਦੇ ਭੁੱਲ ਜਾਦਾ ਹੈ, ਨਾਸਤਿਕ ਕਦੇ ਨਹੀਂ ਭੁੱਲਦਾ। ਉਹ ਕਹਿੰਦਾ ਹੀ ਰਹਿੰਦਾ ਹੈ, ਈਸ਼ਵਰ ਨਹੀਂ ਹੈ। ਚੌਵੀ ਘੰਟੇ ਲੜਨ ਲਈ ਤਿਆਰ ਹੈ ਕਿ ਈਸ਼ਵਰ ਨਹੀਂ ਹੈ। ਜਿਰਹ ਕਰਨ ਲਈ ਹਜ਼ਾਰ ਕੰਮ ਛੱਡ ਕੇ ਤਿਆਰ ਹੈ। ਆਸਤਿਕ ਵੀ ਕਹਿੰਦਾ ਹੈ ਕਿ ਭਾਈ, ਅਜੇ ਤਾਂ ਫ਼ੁਰਸਤ ਨਹੀਂ ਹੈ, ਦੁਕਾਨ ਵਿਚ ਲੱਗੇ ਹਾਂ। ਨਾਸਤਿਕ ਲੜਨ ਲਈ ਤਿਆਰ ਹੈ। ਉਸ ਦੀ ਵੀ ਕੋਸ਼ਿਸ਼ ਈਸ਼ਵਰ ਦੀ ਯਾਦਦਾਸ਼ਤ ਦੀ ਹੈ, ਉਹ ਭੁਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਭੁਲਾ ਨਹੀਂ ਪਾਉਂਦਾ। ਉਹ ਚਾਹੁੰਦਾ ਹੈ, ਈਸ਼ਵਰ ਨਾ ਹੋਵੇ, ਪਰ ਚਾਹੁਣ ਨਾਲ

ਕੀ ਹੁੰਦਾ ਹੈ ? ਉਹ ਸਿੱਧ ਕਰਦਾ ਹੈ ਕਿ ਨਹੀਂ ਹੈ, ਲੇਕਿਨ ਉਸੇ ਨੂੰ ਸਿੱਧ ਕਰਨ ਵਿਚ ਲੱਗ ਜਾਂਦਾ ਹੈ।

ਨਹੀਂ, ਕੋਈ ਉਪਾਇ ਨਹੀਂ ਹੈ। ਨਾ ਆਸਤਿਕ ਭੁੱਲ ਸਕਦਾ ਹੈ ਨਾ ਨਾਸਤਿਕ। ਭੁੱਲ ਤਾਂ ਤੁਸੀਂ ਨਹੀਂ ਸਕਦੇ ਹੋ, ਲੇਕਿਨ ਤੁਸੀਂ ਦੂਜੀਆਂ ਚੀਜ਼ਾਂ ਦੀ ਯਾਦਦਾਸ਼ਤ ਭਰ ਸਕਦੇ ਹੋ।

ਧਿਆਨ ਦਾ ਕੁਝ ਇੰਨਾ ਹੀ ਅਰਥ ਹੈ ਕਿ ਤੁਸੀਂ ਦੂਜੀਆਂ ਯਾਦਦਾਸ਼ਤਾਂ ਨੂੰ ਹਟਾ ਦਿਓ, ਉਸ ਦੀ ਯਾਦਦਾਸ਼ਤ ਪ੍ਰਕਾਸ਼ਮਾਨ ਹੋ ਜਾਏਗੀ—ਜਿਵੇਂ ਜਵਾਲਾ-ਮੁਖੀ ਫੁਟ ਪਏ! ਉਹ ਤੁਹਾਡੇ ਅੰਦਰ ਦੱਬੀ ਹੈ।

ਪ੍ਰੇਮ ਦਾ ਇੰਨਾ ਹੀ ਅਰਥ ਹੈ ਕਿ ਤੁਸੀਂ ਦੂਜੀਆਂ ਯਾਦਦਾਸ਼ਤਾਂ ਨੂੰ ਹਟਾ ਦਿਓ—ਅਚਾਨਕ ਤੁਸੀਂ ਪਾਉਗੇ ਕਿ ਉਸ ਦੇ ਵਿਜੋਗ ਦਾ ਗੀਤ ਉੱਠਣ ਲੱਗਾ। ਅਚਾਨਕ ਤੁਸੀਂ ਪਾਉਗੇ, ਤੁਸੀਂ ਉਸ ਨੂੰ ਟਟੋਲਣਾ ਸ਼ੁਰੂ ਕਰ ਦਿੱਤਾ, ਲੱਭਣਾ ਸ਼ੁਰੂ ਕਰ ਦਿੱਤਾ। ਅਤੇ ਜਦ ਵੀ ਕਿਸੇ ਨੇ ਪਾਇਆ ਹੈ—ਚਾਹੇ ਧਿਆਨੀ ਨੇ, ਚਾਹੇ ਪ੍ਰੇਮੀ ਨੇ, ਸਭਨਾਂ ਨੇ ਆਪਣੇ ਅੰਦਰ ਪਾਇਆ ਹੈ।

ਇਸ ਲਈ ਤੁਸੀਂ ਵੱਖਰੇ ਨਹੀਂ ਹੋ ਜੋ ਉਸ ਨੂੰ ਭੁੱਲ ਜਾਓ। ਤੁਸੀਂ ਉਹ ਹੀ ਹੋ। ਸ੍ਵੈਂ ਨੂੰ ਕੋਈ ਕਿਵੇਂ ਭੁੱਲ ਸਕੇਗਾ ? ਹਾਂ, ਭੁੱਲਣ ਦੀ ਖੇਡ ਚਾਹੇ ਜਿੰਨੀ ਦੇਰ ਖੇਡਣੀ ਹੋਵੇ ਖੇਡ ਲਓ। ਇਸ ਲਈ ਸੰਸਾਰ ਨੂੰ ਅਸੀਂ ਲੀਲ੍ਹਾ ਕਹਿੰਦੇ ਹਾਂ, ਉਹ ਪਰਮਾਤਮਾ ਦੀ ਲੁਕਣ-ਮੀਟੀ ਹੈ। ਉਸ ਵਿਚ ਜਿੰਨੀ ਦੇਰ ਖੇਡਣਾ ਉਹ ਖੇਡ ਲੈ ਸਕਦੇ ਹੋ। ਜਿਸ ਦਿਨ ਵੀ ਤੁਹਾਡੀ ਚਾਹਤ ਪ੍ਰਗਾੜ੍ਹ ਹੋਏਗੀ ਕਿ ਹੁਣ ਘਰ ਪਰਤਣਾ ਹੈ, ਤੁਸੀਂ ਪਰਤ ਜਾਉਗੇ।

ਅੰਤ ਕਰਨਾ ਚਾਹਾਂਗਾ ਬੁੱਧ ਦੀ ਇਕ ਘਟਨਾ ਨਾਲ।

ਬੁੱਧ ਲੰਘ ਰਹੇ ਹਨ ਇਕ ਪਿੰਡ ਵਿਚੋਂ। ਨਦੀ ਦੇ ਕੰਢੇ 'ਤੇ ਉਨ੍ਹਾਂ ਨੇ ਕੁਝ ਬੱਚਿਆਂ ਨੂੰ ਰੇਤ ਦੇ ਘਰ ਬਣਾਉਂਦੇ ਵੇਖਿਆ। ਉਹ ਖਲੋ ਗਏ। ਅਜਿਹੀ ਉਨ੍ਹਾਂ ਦੀ ਆਦਤ ਸੀ। ਭਿਕਸ਼ੂ ਵੀ ਚੁੱਪਚਾਪ, ਉਨ੍ਹਾਂ ਦੇ ਨਾਲ ਸਨ, ਉਹ ਵੀ ਖੜੇ ਹੋ ਗਏ! ਬੱਚੇ ਖੇਡ ਰਹੇ ਹਨ, ਰੇਤ ਦੇ ਘਰ ਬਣਾ ਰਹੇ ਹਨ ਨਦੀ ਦੇ ਤੱਟ 'ਤੇ। ਕਿਸੇ ਦਾ ਪੈਰ ਕਿਸੇ ਦੇ ਘਰ ਵਿਚ ਲੱਗ ਜਾਂਦਾ ਹੈ। ਰੇਤ ਦਾ ਘਰ ਵਿਗੜ ਜਾਂਦਾ ਹੈ। ਝਗੜਾ ਹੋ ਜਾਂਦਾ ਹੈ! ਮਾਰ-ਕੁਟਾਈ ਵੀ ਹੁੰਦੀ ਹੈ, ਗਾਲੀ-ਗਲੋਚ ਵੀ ਹੁੰਦੀ ਹੈ ਕਿ ਤੂੰ ਮੇਰਾ ਘਰ ਮਿਟਾ ਦਿੱਤਾ, ਉਹ ਉਸ ਦੇ ਘਰ ਉੱਤੇ ਕੁੱਦ ਪੈਂਦਾ ਹੈ। ਉਹ ਉਸ ਦਾ ਘਰ ਮਿਟਾ ਦਿੰਦਾ ਹੈ। ਫਿਰ ਆਪਣਾ ਘਰ ਬਣਾਉਣ ਵਿਚ ਲੱਗ ਜਾਂਦੇ ਹਨ। ਬਹੁਤ ਮਗਨ ਹਨ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਬੁੱਧ ਆ ਕੇ ਚੁੱਪ-ਚਾਪ ਖੜੇ ਹੋ ਗਏ ਹਨ। ਉਹ ਘਾਟ ਉੱਤੇ ਚੁੱਪ-ਚਾਪ ਖਲੋਤੇ ਵੇਖ

ਰਹੇ ਹਨ। ਉਹ ਬੱਚੇ ਇੰਨੇ ਮਗਨ ਹਨ ਕਿ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਹੈ। ਘਰ ਬਣਾਉਣਾ ਇੰਨੀ ਰੁਝਾਨ ਵਾਲੀ ਵੀ ਗੱਲ ਹੈ। ਅਤੇ ਫਿਰ ਦੂਜੇ ਦੁਸ਼ਮਣ ਹਨ, ਉਨ੍ਹਾਂ ਤੋਂ ਜ਼ਿਆਦਾ ਅੱਛਾ ਬਣਾਉਣਾ ਹੈ। ਮੁਕਾਬਲਾ ਹੈ, ਜਲਨ ਹੈ, ਈਰਖਾ ਹੈ, ਸਭ ਆਪਣੇ-ਆਪਣੇ ਘਰ ਨੂੰ ਵੱਡਾ ਕਰਨ ਵਿਚ ਲੱਗੇ ਹਨ। ਹੋਰ ਜਿੰਨਾ ਵੱਡਾ ਘਰ ਹੁੰਦਾ ਹੈ, ਓਨਾ ਹੀ ਛੇਤੀ ਢਹਿ ਜਾਣ ਦਾ ਵੀ ਡਰ ਹੁੰਦਾ ਹੈ। ਉਸ ਦੀ ਸੁਰੱਖਿਆ ਵੀ ਕਰਨੀ ਹੈ। ਇਹ ਸਭ ਹੋ ਰਿਹਾ ਹੈ। ਅਤੇ ਤਦੇ ਅਚਾਨਕ ਇਕ ਇਸਤ੍ਰੀ ਨੇ ਆ ਕੇ ਘਾਟ ਉੱਤੇ ਆਵਾਜ਼ ਦਿੱਤੀ ਕਿ ਸ਼ਾਮ ਹੋ ਗਈ, ਮਾਵਾਂ ਘਰਾਂ ਵਿਚ ਯਾਦ ਕਰਦੀਆਂ ਹਨ, ਘਰ ਚੱਲੋ। ਬੱਚਿਆਂ ਨੇ ਚੌਂਕ ਕੇ ਵੇਖਿਆ, ਦਿਨ ਬੀਤ ਗਿਆ, ਸੂਰਜ ਡੁੱਬ ਗਿਆ। ਹਨੇਰਾ ਉਤਰ ਰਿਹਾ ਹੈ। ਉਹ ਉੱਛਲੇ, ਕੁੱਦੇ ਆਪਣੇ ਹੀ ਘਰਾਂ ਉੱਤੇ, ਸਭ ਮਲੀਆਮੇਟ ਕਰ ਸੁੱਟਿਆ। ਹੁਣ ਕੋਈ ਝਗੜਾ ਵੀ ਨਹੀਂ ਕਿਸੇ ਦੂਜੇ ਨਾਲ ਕਿ ਤੂੰ ਮੇਰੇ ਘਰ ਉੱਤੇ ਕੁੱਦ ਰਿਹਾ ਹੈਂ ਕਿ ਮੈਂ ਤੇਰੇ ਘਰ ਉੱਤੇ। ਆਪਣੇ ਹੀ ਘਰ 'ਤੇ ਕੁੱਦੇ। ਹੁਣ ਕੋਈ ਲੜਿਆ ਵੀ ਨਹੀਂ। ਕੋਈ ਈਰਖਾ ਵੀ ਨਹੀਂ ਉੱਠੀ, ਜਲਨ ਵੀ ਨਹੀਂ ਉੱਠੀ। ਖੇਡ ਹੀ ਖ਼ਤਮ ਹੋ ਗਈ! ਮਾਂ ਦੀ ਘਰੋਂ ਆਵਾਜ਼ ਆ ਗਈ—ਉਹ ਸਾਰੇ ਨੱਠਦੇ-ਭੱਜਦੇ ਆਪਣੇ ਘਰਾਂ ਵੱਲ ਚਲੇ ਗਏ। ਦਿਨ ਭਰ ਦਾ ਸਾਰਾ ਝਗੜਾ, ਵਿਉਪਾਰ, ਮਕਾਨ, ਆਪਣਾ-ਪਰਾਇਆ—ਸਭ ਭੁੱਲ ਗਿਆ। ਘਰੋਂ ਆਵਾਜ਼ ਆ ਗਈ!

ਬੁੱਧ ਨੇ ਭਿਕਸ਼ੂਆਂ ਨੂੰ ਕਿਹਾ—ਇਸੇ ਤਰ੍ਹਾਂ ਇਕ ਦਿਨ ਜਦ ਘਰ ਤੋਂ ਆਵਾਜ਼ ਆ ਜਾਂਦੀ ਹੈ ਤਦ ਤੁਹਾਡੇ ਬਾਜ਼ਾਰ, ਤੁਹਾਡੀਆਂ ਰਾਜਧਾਨੀਆਂ, ਇਸੇ ਤਰ੍ਹਾਂ ਹੀ ਪਈਆਂ ਰਹਿ ਜਾਂਦੀਆਂ ਹਨ—ਰੇਤ ਦੇ ਘਰ! ਜਦ ਤਕ ਖੇਡਣਾ ਹੋਵੇ ਖੇਡ ਲਓ। ਖੇਡ ਰਹੇ ਹੋ ਤਦ ਵੀ ਘਰ ਥੋੜ੍ਹੇ ਭੁੱਲ ਗਏ ਹੋ! ਜੇਕਰ ਭੁੱਲ ਹੀ ਗਏ ਹੁੰਦੇ ਘਰ ਤਾਂ ਜਦ ਦਰਵਾਜ਼ੇ ਉੱਤੇ ਆ ਕੇ ਕੋਈ ਆਵਾਜ਼ ਦਿੰਦਾ ਹੈ, ਜਾਂ ਘਾਟ ਉੱਤੇ ਆਵਾਜ਼ ਦਿੰਦਾ ਹੈ ਕਿ ਮਾਂ ਘਰ ਚੇਤੇ ਕਰਦੀ ਹੈ, ਚਲੋ, ਤਦ ਤੁਸੀਂ ਕਿਵੇਂ ਪਛਾਣਦੇ ਹੋ—ਕੌਣ ਮਾਂ, ਕਜਿਹੀ ਮਾਂ?

ਜੇਕਰ ਮੈਂ ਤੁਹਾਨੂੰ ਆਵਾਜ਼ ਦਿੱਤੀ ਹੈ ਤੇ ਕਿਹਾ ਹੈ ਕਿ ਸ਼ਾਮ ਹੋ ਗਈ ਹੈ, ਹੁਣ ਘਰ ਚੱਲੋ—ਤੇ ਜੇਕਰ ਤੁਸੀਂ ਉਸ ਆਵਾਜ਼ ਨੂੰ ਸੁਣਿਆ ਅਤੇ ਤੁਸੀਂ ਜੇਕਰ ਥੋੜ੍ਹਾ ਵੀ ਸਮਝ ਪਾਏ ਹੋ, ਤਾਂ ਉਸਦਾ ਅਰਥ ਇਹ ਹੀ ਹੈ ਕਿ ਪਰਮਾਤਮਾ ਨੂੰ ਭੁੱਲ ਕੇ ਵੀ ਭੁਲਾਇਆ ਨਹੀਂ ਜਾ ਸਕਦਾ। ਭੁਲਾਉਣ ਦੀ ਕੋਸ਼ਿਸ਼ ਕਰ ਸਕਦੇ ਹੋ, ਸਫਲ ਉਸ ਵਿਚ ਕਦੇ ਕੋਈ ਵੀ ਨਹੀਂ ਹੋਇਆ ਹੈ। ਪਰਮਾਤਮਾ ਨੂੰ ਭੁਲਾਉਣ ਦੀ ਕੋਸ਼ਿਸ਼ ਅਸਫ਼ਲ ਹੀ ਹੁੰਦੀ ਹੈ। ਉਹ ਸਫ਼ਲ ਹੋ ਹੀ ਨਹੀਂ ਸਕਦੀ। ਸਫ਼ਲਤਾ ਸੰਭਵ ਹੀ ਨਹੀਂ ਹੈ। ਹਾਂ, ਦੇਰ ਹੋ ਸਕਦੀ ਹੈ। ਲੇਕਿਨ ਇਕ-ਨਾ-ਇਕ ਦਿਨ

ਸ਼ਾਮ ਹੋਏਗੀ, ਸੂਰਜ ਡੁੱਬੇਗਾ, ਤੁਹਾਨੂੰ ਆਵਾਜ਼ ਸੁਣਾਈ ਪਏਗੀ। ਆਵਾਜ਼ ਸੁਣਾਈ ਪੈਂਦੇ ਹੀ ਇਹ ਸਾਰਾ ਸੰਸਾਰ ਇਵੇਂ ਹੀ ਹੋ ਜਾਂਦਾ ਹੈ ਜਿਵੇਂ ਰੇਤ ਦੇ ਘਰ ਘੋਲੇ। ਫਿਰ ਉਨ੍ਹਾਂ ਤੋਂ ਪੈਦਾ ਹੋਏ ਵੈਮਨਸਯ, ਈਰਸ਼ਾ, ਸੰਘਰਸ਼ ਸਭ ਗੁਆਚ ਜਾਂਦੇ ਹਨ। ਅਦਾਲਤ, ਮੁਕੱਦਮੇ, ਬਾਜ਼ਾਰ, ਹਿਸਾਬ-ਕਿਤਾਬ ਸਭ ਵਿਅਰਥ ਹੋ ਜਾਂਦਾ ਹੈ ਜਦ ਘਰ ਦੀ ਯਾਦ ਆ ਜਾਂਦੀ ਹੈ! ਹੋਰ ਘਰ ਨੂੰ ਕਦੇ ਕੋਈ ਭੁੱਲਦਾ ਹੈ? ਕੋਈ ਕਦੇ ਨਹੀਂ ਭੁੱਲਦਾ।

ਠੀਕ ਅਜਿਹੀ ਹੀ ਘਟਨਾ ਕਬੀਰ ਦੇ ਜੀਵਨ ਵਿਚ ਹੈ। ਇਕ ਬਾਜ਼ਾਰ 'ਚੋਂ ਲੰਘਦੇ ਹਨ। ਇਕ ਬੱਚਾ ਆਪਣੀ ਮਾਂ ਦੇ ਨਾਲ ਬਾਜ਼ਾਰ ਆਇਆ ਹੈ। ਮਾਂ ਤਾਂ ਸਬਜ਼ੀ-ਭਾਜੀ ਖ਼ਰੀਦਣ ਵਿਚ ਲੱਗ ਗਈ ਅਤੇ ਬੱਚਾ ਇਕ ਬਿੱਲੀ ਦੇ ਨਾਲ ਖੇਡਣ 'ਚ ਲੱਗ ਗਿਆ। ਉਹ ਬਿੱਲੀ ਦੇ ਨਾਲ ਖੇਡਣ ਵਿਚ ਇੰਨਾ ਮਗਨ ਹੋ ਗਿਆ ਕਿ ਭੁੱਲ ਹੀ ਗਿਆ ਕਿ ਬਾਜ਼ਾਰ ਵਿਚ ਹੈ। ਭੁੱਲ ਹੀ ਗਿਆ ਕਿ ਮਾਂ ਦੇ ਨਾਲੋਂ ਵਿੱਛੜ ਗਿਆ ਹੈ—ਭੁੱਲ ਹੀ ਗਿਆ ਕਿ ਮਾਂ ਕਿੱਥੇ ਗਈ?

ਕਬੀਰ ਬੈਠੇ ਉਸ ਨੂੰ ਵੇਖ ਰਹੇ ਹਨ। ਉਹ ਵੀ ਬਾਜ਼ਾਰ ਆਏ ਹਨ, ਆਪਣਾ ਜੋ ਕੁਝ ਕੱਪੜਾ ਵਗ਼ੈਰਾ ਬੁਣਦੇ ਹਨ, ਵੇਚਣ ਲਈ। ਉਹ ਵੇਖ ਰਹੇ ਹਨ। ਉਨ੍ਹਾਂ ਨੇ ਵੇਖ ਲਿਆ ਕਿ ਮਾਂ ਵੀ ਨਾਲ ਸੀ ਇਸ ਬੱਚੇ ਦੇ, ਅਤੇ ਉਹ ਜਾਣਦੇ ਹਨ ਕਿ ਥੋੜ੍ਹੀ ਦੇਰ ਵਿਚ ਉਪੱਦਰ ਮੱਚੇਗਾ ਕਿਉਂਕਿ ਮਾਂ ਤਾਂ ਬਾਜ਼ਾਰ ਵਿਚ ਕਿਤੇ ਚਲੀ ਗਈ ਹੈ, ਅਤੇ ਬੱਚਾ ਬਿੱਲੀ ਦੇ ਨਾਲ ਤੱਲੀਨ ਹੋ ਗਿਆ ਹੈ। ਅਚਾਨਕ ਬਿੱਲੀ ਨੇ ਛਾਲ ਮਾਰੀ ਤੇ ਉਹ ਇਕ ਘਰ ਦੇ ਅੰਦਰ ਚਲੀ ਗਈ। ਬੱਚੇ ਨੂੰ ਹੋਸ਼ ਆਇਆ। ਉਸ ਨੇ ਚੌਹੀਂ ਪਾਸੀਂ ਵੇਖਿਆ ਤੇ ਜ਼ੋਰ ਨਾਲ ਆਵਾਜ਼ ਦਿੱਤੀ ਆਪਣੀ ਮਾਂ ਨੂੰ। ਚੀਖ਼ ਨਿਕਲ ਗਈ। ਦੋ ਘੰਟਿਆਂ ਤਕ ਖੇਡਦਾ ਰਿਹਾ—ਤਦ ਮਾਂ ਦੀ ਬਿਲਕੁਲ ਯਾਦ ਨਹੀਂ ਸੀ ਕੀ ਤੁਸੀਂ ਕਹੋਗੇ?

ਕਬੀਰ ਆਪਣੇ ਭਗਤਾਂ ਨੂੰ ਕਹਿੰਦੇ—ਅਜਿਹੀ ਹੀ ਪ੍ਰਾਰਥਨਾ ਹੈ, ਜਦ ਤੁਹਾਨੂੰ ਯਾਦ ਆਉਂਦੀ ਹੈ ਅਤੇ ਇਕ ਚੀਖ਼ ਨਿਕਲ ਜਾਂਦੀ ਹੈ। ਕਿੰਨੇ ਦਿਨ ਖੇਡਦੇ ਰਹੇ ਸੰਸਾਰ ਵਿਚ, ਇਸ ਨਾਲ ਕੀ ਫ਼ਰਕ ਪੈਂਦਾ ਹੈ? ਜਦ ਚੀਖ਼ ਨਿਕਲ ਜਾਂਦੀ ਹੈ ਤਾਂ ਪ੍ਰਾਰਥਨਾ ਦਾ ਜਨਮ ਹੋ ਜਾਂਦਾ ਹੈ।

ਤਦ ਕਬੀਰ ਨੇ ਉਸ ਬੱਚੇ ਦਾ ਹੱਥ ਫੜਿਆ, ਉਸ ਦੀ ਮਾਂ ਨੂੰ ਲੱਭਣ ਨਿਕਲੇ। ਤਦ ਕੋਈ ਸਤਿਗੁਰੂ ਮਿਲ ਹੀ ਜਾਂਦਾ ਹੈ, ਜਦ ਤੁਹਾਡੀ ਚੀਖ਼ ਨਿਕਲ ਜਾਂਦੀ ਹੈ। ਜਿਸ ਦਿਨ ਤੁਹਾਡੀ ਚੀਖ਼ ਨਿਕਲੇਗੀ, ਤੁਸੀਂ ਸਤਿਗੁਰੂ ਨੂੰ ਕਿਤੇ ਨੇੜੇ ਹੀ ਪਾਉਗੇ—ਕੋਈ ਫ਼ਰੀਦ, ਕੋਈ ਕਬੀਰ, ਕੋਈ ਨਾਨਕ, ਤੁਹਾਡਾ ਹੱਥ ਫੜ ਲਵੇਗਾ ਅਤੇ ਕਹੇਗਾ ਕਿ ਅਸੀਂ ਉਸ ਨੂੰ ਜਾਣਦੇ ਹਾਂ ਭਲੀ-ਭਾਂਤ, ਅਸੀਂ

ਉਸ ਘਰ ਤਕ ਪੁੱਜ ਗਏ ਹਾਂ, ਅਸੀਂ ਤੁਹਾਨੂੰ ਪਹੁੰਚਾ ਦਿੰਦੇ ਹਾਂ।

ਪ੍ਰਾਰਥਨਾ ਦਾ ਅਰਥ ਹੈ—ਯਾਦ, ਕਿ ਓਏ, ਮੈਂ ਕਿਨੀ ਦੇਰ ਤਕ ਭੁੱਲਿਆ ਰਿਹਾ! ਪ੍ਰਾਰਥਨਾ ਦਾ ਅਰਥ ਹੈ—ਸਮ੍ਰਿਤਿ (ਚੇਤਾ) ਕਿ ਓਏ, ਮੈਂ ਕਿੰਨੀ ਦੇਰ ਤਕ ਵਿਸਮਰਣ (ਭੁਲਾ ਦੇਣਾ) ਕੀਤਾ! ਪ੍ਰਾਰਥਨਾ ਦਾ ਅਰਥ ਹੈ! ਯਾਦ ਕਿ ਓਏ ਕਿ ਇਹ ਵੀ ਮੁਮਕਿਨ ਹੈ ਕਿ ਇੰਨੀ ਦੇਰ ਤਕ ਯਾਦ ਭੁੱਲ ਗਈ ਸੀ! ਤਦ ਇਕ ਚੀਖ਼ ਨਿਕਲ ਜਾਂਦੀ ਹੈ। ਤਦ ਅੱਖਾਂ ਹੰਝੂਆਂ ਨਾਲ ਭਰ ਜਾਂਦੀਆਂ ਹਨ, ਹਿਰਦੇ ਇਕ ਨਵੀਂ ਚਾਹਤ ਨਾਲ! ਤਦ ਸਾਰਾ ਸੰਸਾਰ ਪਿਆ ਰਹਿ ਜਾਂਦਾ ਹੈ—ਰੇਤ ਦੇ ਘਰ-ਘੋਲੇ ਹਨ! ਫਿਰ ਤਾਂ ਜਦ ਤਕ ਮਾਂ ਨਾ ਮਿਲ ਜਾਏ, ਤਦ ਤਕ ਚੈਨ ਨਹੀਂ।

ਇਸ ਲਈ ਤਾਂ ਫ਼ਰੀਦ ਕਹਿੰਦੇ ਹਨ ਕਿ ਬਹੁਤ ਵਿਰਹ ਹੈ, ਬਹੁਤ ਰੋ ਰਹੇ ਹਨ! ਹੱਡੀ-ਹੱਡੀ ਇਸ ਲੰਮੀ ਯਾਤ੍ਰਾ ਨਾਲ ਥੱਕ ਗਈ ਹੈ! ਪੈਰ ਉੱਠਦੇ ਨਹੀਂ। ਸਭ ਸੁਫ਼ਨੇ ਮਿੱਟੀ ਵਿਚ ਰੁਲ ਗਏ ਹਨ। ਹੁਣ ਬੱਸ ਇਕ ਤੇਰੀ ਆਸ ਹੈ। ਸੱਚੇ ਇਕ ਤੇਰੀ ਆਸ! ਇਹ ਹੀ ਪ੍ਰਾਰਥਨਾ ਹੈ। ਇਸ ਪ੍ਰਾਰਥਨਾ ਦੇ ਪਿੱਛੇ ਹੀ ਲੁਕਿਆ ਪਰਮਾਤਮਾ ਹੈ। ਬਸ ਤੁਸੀਂ ਪ੍ਰਾਰਥਨਾ ਕਰ ਲਓ, ਬਾਕੀ ਪਰਮਾਤਮਾ ਉੱਤੇ ਛੱਡ ਦਿਓ। ਤੁਸੀਂ ਪੁਕਾਰੋ ਹਿਰਦੇ ਭਰ ਕੇ! ਅਤੇ ਮੈਂ ਤੁਹਾਨੂੰ ਆਖਦਾ ਹਾਂ, ਕਿ ਕੋਈ ਪੁਕਾਰ ਕਦੇ ਖ਼ਾਲੀ ਨਹੀਂ ਗਈ ਹੈ।

ਅੱਜ ਏਨਾ ਹੀ।

ਓਸ਼ੋ—ਇਕ ਪਰਿਚਯ

ਬੁੱਧਤਵ ਦੀ ਪ੍ਰਵਾਹਮਨ (ਵਗਦੀ ਰਹਿਣ ਵਾਲੀ) ਧਾਰਾ ਵਿਚ ਓਸ਼ੋ ਇਕ ਨਵਾਂ ਪ੍ਰਾਰੰਭ (ਸ਼ੁਰੂਆਤ) ਹਨ, ਉਹ ਅਤੀਤ ਦੀ ਕਿਸੇ ਵੀ ਧਾਰਮਿਕ ਪਰੰਪਰਾ ਜਾਂ ਸੰਖਲਾ (ਲੜੀ) ਦੀ ਕੜੀ ਹਨ। ਓਸ਼ੋ ਦੇ ਨਾਲ ਇਕ ਨਵੇਂ ਯੁਗ ਦਾ ਸ਼ੁਭਾਰੰਭ (ਸ਼ੁਰੂਆਤ) ਹੁੰਦਾ ਹੈ ਅਤੇ ਉਨ੍ਹਾਂ ਦੇ ਨਾਲ ਹੀ ਸਮਯ, ਸੁੰਦਰ ਅਤੇ ਸਪੱਸ਼ਟ ਖੰਡਾਂ ਵਿਚ ਵਿਭਾਜਿਤ (ਵੰਡ) ਹੁੰਦਾ ਹੈ। ਓਸ਼ੋ ਤੋਂ ਪਹਿਲਾਂ ਤਥਾ ਓਸ਼ੋ ਤੋਂ ਪਿੱਛੋਂ।

ਓਸ਼ੋ ਦੇ ਆਗਮਨ ਨਾਲ ਇਕ ਨਵੇਂ ਮਨੁੱਖ ਦਾ, ਇਕ ਨਵੇਂ ਜਗਤ ਦਾ, ਇਕ ਨਵੇਂ ਯੁਗ ਦਾ ਸੂਤਰਪਾਤ ਹੋਈ ਹੈ, ਜਿਸ ਦੀ ਆਧਾਰਸ਼ਿਲਾ ਅਤੀਤ ਦੇ ਕਿਸੇ ਧਰਮ ਵਿਚ ਨਹੀਂ ਹੈ, ਕਿਸੇ ਦਾਰਸ਼ਨਿਕ ਵਿਚਾਰ-ਧਾਰਾ ਵਿਚ ਨਹੀਂ ਹੈ। ਓਸ਼ੋ ਖ਼ੁਦ ਆਪਣੇ ਆਪ ਵਿਚ ਇਸ਼ਨਾਨ ਕੀਤੀ ਹੋਈ ਧਾਰਮਿਕਤਾ ਦੇ ਪਹਿਲੇ ਪੁਰਸ਼ ਹਨ, ਸਦਾ ਹੀ ਅਨੋਖੇ ਸੰਬੁੱਧ ਰਹਸਯ-ਦਰਸ਼ੀ ਹਨ।

ਮਧਯ ਪ੍ਰਦੇਸ਼ ਦੇ ਕੁਛਵਾੜਾ ਪਿੰਡ ਵਿਚ 11 ਦਸੰਬਰ 1931 ਨੂੰ ਜਨਮੇ ਓਸ਼ੋ ਦਾ ਬਚਪਨ ਦਾ ਨਾਮ ਰਜਨੀਸ਼ ਚੰਦ੍ਰਮੋਹਨ ਸੀ। ਉਨ੍ਹਾਂ ਨੇ ਜੀਵਨ ਦੇ ਪ੍ਰਾਰੰਭਿਕ ਕਾਲ ਵਿਚ ਹੀ ਇਕ ਨਿਡਰ, ਸਵਤੰਤਰ ਆਤਮਾ ਦਾ ਪਰਿਚਯ ਦਿੱਤਾ। ਖ਼ਤਰਿਆਂ ਨਾਲ ਖੇਡਣਾ ਉਨ੍ਹਾਂ ਨੂੰ ਬਹੁਤ ਪ੍ਰੀਤੀਕਰ ਸੀ। 100 ਫੁਟ ਉੱਚੇ ਪੁਲ ਤੋਂ ਕੁੱਦ ਕੇ ਬਰਸਾਤ ਵਿਚ ਠਾਠਾਂ ਮਾਰਦੀ ਨਦੀ ਨੂੰ ਤੈਰ ਕੇ ਪਾਰ ਕਰਨਾ ਉਨ੍ਹਾਂ ਲਈ ਸਾਧਾਰਣ ਖੇਡ ਸੀ। ਯੁਵਾ (ਜੁਆਨ) ਓਸ਼ੋ ਨੇ ਆਪਣੀ ਅਲੌਕਿਕ ਬੁੱਧੀ ਕਥਾ ਦ੍ਰਿੜ੍ਹਤਾ ਨਾਲ ਪੰਡਿਤ-ਪੁਰੋਹਿਤ, ਮੁੱਲੇ, ਪਾਦਰੀਆਂ, ਸੰਤਾਂ-ਮਹਾਤਮਾਵਾਂ—ਜਿਹੜੇ ਆਪਣੇ ਅਨੁਭਵ ਤੋਂ ਬਿਨਾਂ ਹੀ ਭੀੜ ਦੇ ਅਗੁਆਂ ਬਣੇ ਬੈਠੇ—ਦੀਆ ਮੂੜ੍ਹਤਾਵਾਂ ਅਤੇ ਪਖੰਡਾਂ ਦਾ ਪਰਦਾ ਫਾਸ਼ ਕੀਤਾ।

21 ਮਈ 1953 ਨੂੰ 21 ਵਰ੍ਹੇ ਦੀ ਉਮਰ ਵਿਚ ਓਸ਼ੋ ਸੰਬੋਧੀ (ਪਰਮ ਜਾਗਰਣ) ਨੂੰ ਉਪਲਬਧ ਹੋਏ। ਸੰਬੋਧੀ ਦੇ ਸੰਬੰਧ ਵਿਚ ਉਹ ਕਹਿੰਦੇ ਹਨ: ਹੁਣ ਮੈਂ ਕਿਸੇ ਵੀ ਤਰ੍ਹਾਂ ਦੀ ਖੋਜ ਵਿਚ ਨਹੀਂ ਹਾਂ। ਅਸਤਿੱਤਵ ਨੇ ਆਪਣੇ ਸਭ ਦਰਵਾਜ਼ੇ ਮੇਰੇ ਲਈ ਖੋਲ੍ਹ ਦਿੱਤੇ ਹਨ। ਉਨ੍ਹਾਂ ਦਿਨਾਂ ਵਿਚ ਉਹ ਜੱਬਲਪੁਰ ਦੇ

ਇਕ ਕਾਲਿਜ ਵਿਚ ਦਰਸ਼ਨ ਸ਼ਾਸਤਰ ਦੇ ਵਿਦਿਆਰਥੀ ਸਨ। ਸੰਬੋਧੀ ਘਟਿਤ ਹੋਣ ਦੇ ਬਾਅਦ ਵੀ ਉਨ੍ਹਾਂ ਨੇ ਪੜ੍ਹਾਈ ਜਾਰੀ ਰੱਖੀ ਅਤੇ ਸੰਨ 1957 ਵਿਚ ਸਾਗਰ ਵਿਸ਼ਵ ਵਿਦਿਆਲੇ ਤੋਂ ਦਰਸ਼ਨ ਸ਼ਾਸਤਰ ਵਿਚ ਪ੍ਰਥਮ (ਗੋਲਡ ਮੈਡਲਿਸਟ) ਰਹਿ ਕੇ ਐਮ.ਏ. ਦੀ ਉਪਾਧੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਹ ਜੱਬਲਪੁਰ ਵਿਸ਼ਵ ਵਿਦਿਆਲੇ ਵਿਚ ਦਰਸ਼ਨ ਸ਼ਾਸਤਰ ਦੇ ਪ੍ਰਧਾਨ ਅਧਿਆਪਕ ਪਦ ਉੱਤੇ ਕੰਮ ਕਰਨ ਲੱਗੇ। ਵਿਦਿਆਰਥੀਆਂ ਦੇ ਵਿਚਕਾਰ ਉਹ 'ਆਚਾਰਯ ਰਜਨੀਸ਼' ਦੇ ਨਾਮ ਨਾਲ ਪਿਆਰੇ ਸਨ।

ਵਿਸ਼ਵ ਵਿਦਿਆਲੇ ਦੇ ਆਪਣੇ ਨੌਂ ਸਾਲਾਂ ਦੇ ਅਧਿਆਪਨ-ਕਾਲ ਦੇ ਦੌਰਾਨ ਉਹ ਪੂਰੇ ਭਾਰਤ ਵਿਚ ਭ੍ਰਮਣ (ਘੁੰਮਣਾ) ਵੀ ਕਰਦੇ ਰਹੇ। ਹਮੇਸ਼ਾ ਹੀ ਹਜ਼ਾਰਾਂ ਦੀ ਗਿਣਤੀ ਵਿਚ ਸੁਣਨ ਵਾਲੇ ਉਨ੍ਹਾਂ ਦੀਆਂ ਸਭਾਵਾਂ ਵਿਚ ਮੌਜੂਦ ਹੁੰਦੇ। ਉਹ ਅਧਿਆਤਮਕ ਜਨ-ਜਾਗਰਣ ਦੀ ਇਕ ਲਹਿਰ ਫੈਲਾ ਰਹੇ ਸਨ। ਉਨ੍ਹਾਂ ਦੀ ਵਾਣੀ ਵਿਚ ਅਤੇ ਉਨ੍ਹਾਂ ਦੀ ਮੌਜੂਦਗੀ ਵਿਚ ਉਹ ਜਾਦੂ ਸੀ, ਉਹ ਸੁਗੰਧ ਸੀ, ਜਿਹੜੀ ਕਿਸੇ ਪਾਰ ਦੇ ਲੋਕ ਤੋਂ ਆਉਂਦੀ ਸੀ।

ਸੰਨ 1966 ਵਿਚ ਓਸ਼ੋ ਨੇ ਵਿਸ਼ਵ ਵਿਦਿਆਲੇ ਦੇ ਪ੍ਰਧਾਨ ਅਧਿਆਪਕ ਪਦ ਤੋਂ ਅਸਤੀਫ਼ਾ ਦੇ ਦਿੱਤਾ, ਤਾਂਕਿ ਅਸਤਿੱਤਵ (ਕੁਦਰਤ) ਨੇ ਜਿਸ ਧਰਮ ਭਗਵੱਤਾ ਦਾ ਖ਼ਜ਼ਾਨਾ ਉਨ੍ਹਾਂ ਉੱਤੇ ਲੁਟਾਇਆ ਹੈ ਉਸ ਨੂੰ ਉਹ ਪੂਰੀ ਮਾਨਵਤਾ ਲਈ ਵੰਡ ਸਕਣ ਅਤੇ ਇਕ ਨਵੇਂ ਮਨੁੱਖ ਨੂੰ ਜਨਮ ਦੇਣ ਦੀ ਪ੍ਰਕਿਰਿਆ ਵਿਚ ਸਮਗਰਤਾ ਨਾਲ ਲੱਗ ਸਕਣ।

ਓਸ਼ੋ ਦਾ ਇਹ ਨਵਾਂ ਮਨੁੱਖ 'ਜੋਰਬਾ ਦਿ ਬੁੱਧਾ' ਇਕ ਅਜਿਹਾ ਮਨੁੱਖ ਹੈ ਜਿਹੜਾ ਜੋਰਬਾ ਦੀ ਤਰ੍ਹਾਂ ਭੌਤਿਕ ਜੀਵਨ ਦਾ ਪੂਰਾ ਆਨੰਦ ਮਨਾਉਣਾ ਜਾਣਦਾ ਹੈ ਅਤੇ ਜਿਹੜਾ ਗੌਤਮ ਬੁੱਧ ਦੇ ਵਾਂਗ ਮੌਨ ਹੋ ਕੇ ਧਿਆਨ ਵਿਚ ਉਤਰਨ ਲਈ ਪੂਰਣ ਹੈ। ਅਜਿਹਾ ਮਨੁੱਖ ਜਿਹੜਾ ਭੌਤਿਕ ਅਤੇ ਅਧਿਆਤਮਿਕ, ਦੋਹਾਂ ਤਰ੍ਹਾਂ ਨਾਲ ਸਮਰੱਧ (ਭਰਪੂਰ) ਹੈ। 'ਜੋਰਬਾ ਦਿ ਬੁੱਧਾ' ਇਕ ਸਮੱਗਰ ਅਤੇ ਅਨਵੰਡਿਆ ਮਨੁੱਖ ਹੈ। ਇਸ ਨਵੇਂ ਮਨੁੱਖ ਦੇ ਬਿਨਾਂ ਧਰਤੀ ਦਾ ਕੋਈ ਭਵਿੱਖ ਬਾਕੀ ਨਹੀਂ ਹੈ।

ਸੰਨ 1970 ਵਿਚ ਓਸ਼ੋ ਬੰਬਈ ਰਹਿਣ ਲਈ ਆ ਗਏ। ਹੁਣ ਪੱਛਮ ਤੋਂ ਸਤਯ ਦੇ ਖੋਜੀ ਵੀ ਜਿਹੜੇ ਇਕੱਲੀ ਭੌਤਿਕ ਸਮ੍ਰਿੱਧੀ (ਦੁਨਿਆਵੀ ਮਾਲ ਦੌਲਤ) ਤੋਂ ਉਬ ਗਏ ਸਨ ਅਤੇ ਜੀਵਨ ਦੇ ਕਈ ਹੋਰ ਗਹਿਰੇ ਰਹਸਿਯਾਂ ਨੂੰ ਜਾਨਣ ਅਤੇ ਸਮਝਣ ਲਈ ਉਤਾਵਲੇ ਸਨ, ਉਨ੍ਹਾਂ ਤਕ ਪਹੁੰਚਣ ਲੱਗੇ। ਓਸ਼ੋ ਨੇ ਉਨ੍ਹਾਂ

ਨੂੰ ਦੱਸਿਆ ਕਿ ਅਗਲਾ ਕਦਮ ਧਿਆਨ ਹੈ। ਧਿਆਨ ਹੀ ਜੀਵਨ ਵਿਚ ਸਾਰਥਕਤਾ ਦੇ ਫੁੱਲ ਖਿੜਾਣ ਵਿਚ ਸਹਿਯੋਗੀ ਸਿੱਧ ਹੋਏਗਾ।

ਇਸੇ ਸਾਲ ਸਤੰਬਰ ਵਿਚ ਮਨਾਲੀ (ਹਿਮਾਲਯ) ਵਿਚ ਆਯੋਜਿਤ (ਪ੍ਰਬੰਧਿਤ) ਆਪਣੇ ਇਕ ਸ਼ਿਵਿਰ ਵਿਚ ਓਸ਼ੋ ਨੇ ਨਵ ਸੰਨਿਆਸ ਵਿਚ ਦਿਕਸ਼ਾ ਦੇਣਾ ਪ੍ਰਾਰੰਭ ਕੀਤਾ। ਇਸੇ ਸਮਯ ਦੇ ਆਸ-ਪਾਸ ਉਹ ਆਚਾਰਿਯ ਰਜਨੀਸ਼ ਤੋਂ ਭਗਵਾਨ ਸ਼੍ਰੀ ਦੇ ਰੂਪ ਵਿਚ ਜਾਣੇ ਜਾਣ ਲੱਗੇ।

ਸੰਨ 1974 ਵਿਚ ਉਹ ਆਪਣੇ ਬਹੁਤ ਸਾਰੇ ਸੰਨਿਆਸੀਆਂ ਦੇ ਨਾਲ ਪੂਨਾ ਆ ਗਏ, ਜਿਥ 'ਸ਼੍ਰੀ ਰਜਨੀਸ਼ ਆਸ਼ਰਮ' ਦੀ ਸਥਾਪਨਾ ਹੋਈ। ਪੂਨਾ ਆਉਣ ਤੋਂ ਬਾਅਦ ਦੇ ਪ੍ਰਭਾਵ ਦਾ ਦਾਇਰਾ ਵਿਸ਼ਵਵਿਆਪੀ (ਪੂਰੀ ਦੁਨੀਆਂ ਵਿਚ) ਹੋਣ ਲੱਗਾ।

ਸ਼੍ਰੀ ਰਜਨੀਸ਼ ਆਸ਼ਰਮ ਪੂਨਾ ਵਿਚ ਹਰ ਰੋਜ਼ ਆਪਣੇ ਪ੍ਰਵਚਨਾਂ ਵਿਚ ਓਸ਼ੋ ਨੇ ਮਾਨਵ-ਚੇਤਨਾ ਦੇ ਵਿਕਾਸ ਦੇ ਹਰ ਪਹਿਲੂ ਨੂੰ ਉਜਾਗਰ ਕੀਤਾ। ਬੁੱਧ, ਮਹਾਂਵੀਰ, ਕ੍ਰਿਸ਼ਨ, ਸ਼ਿਵ, ਸ਼ਾਂਡਿਲਯ, ਨਾਰਦ, ਗੋਰਖ, ਕਬੀਰ, ਨਾਨਕ, ਮਲੂਕਦਾਸ, ਰੈਦਾਸ, ਦਰਿਆ ਦਾਸ, ਮੀਰਾ ਆਦਿ ਉੱਤੇ ਉਨ੍ਹਾਂ ਦੇ ਹਜ਼ਾਰਾਂ ਪ੍ਰਵਚਨ ਉਪਲਬਧ ਹਨ। ਜੀਵਨ ਦਾ ਅਜਿਹਾ ਕੋਈ ਵੀ ਆਯਾਮ (ਪਹਿਲੂ) ਨਹੀਂ ਹੈ ਜਿਹੜਾ ਉਨ੍ਹਾਂ ਦੇ ਪ੍ਰਵਚਨਾਂ ਤੋਂ ਅਣਛੁਹਿਆ ਰਿਹਾ ਹੋਵੇ। ਯੋਗ, ਤੰਤ੍ਰ, ਤਾਓ, ਝੇਨ, ਹਸੀਦ, ਸੂਫ਼ੀ ਵਰਗੀਆਂ ਵੱਖ-ਵੱਖ ਸਾਧਨਾਵਾਂ-ਪਰੰਪਰਾਵਾਂ ਦੇ ਗੂੜ੍ਹ ਰਹਿਸਯਾਂ ਉੱਤੇ ਉਨ੍ਹਾਂ ਨੇ ਪੂਰੀ ਤਰ੍ਹਾਂ ਵਿਸਤਾਰ (ਖੋਲ੍ਹ ਕੇ) ਨਾਲ ਪ੍ਰਕਾਸ਼ ਪਾਇਆ ਹੈ। ਨਾਲ ਹੀ ਰਾਜਨੀਤੀ, ਕਲਾ, ਵਿਗਿਆਨ, ਮਨੋਵਿਗਿਆਨ, ਦਰਸ਼ਨ, ਸ਼ਿਕਸ਼ਾ, ਪਰਿਵਾਰ, ਸਮਾਜ, ਗਰੀਬੀ, ਜਨ-ਸੰਖਿਆ—ਵਿਸਫੋਟ, ਪਰਿਯਾਵਰਣ ਅਤੇ ਸੰਭਾਵਿਤ ਪ੍ਰਮਾਣੂ ਯੁੱਧ ਦੇ—ਉਸ ਤੋਂ ਵੀ ਵਧ ਕੇ ਏਡਸ, ਮਹਾਂਮਾਰੀ ਦੇ ਵਿਸ਼ਵ-ਸੰਕਟ ਵਰਗੇ ਅਨੇਕ ਵਿਸ਼ਿਆਂ ਉਪਰ ਵੀ ਉਨ੍ਹਾਂ ਦੀ ਕ੍ਰਾਂਤੀਕਾਰੀ ਜੀਵਨ ਦ੍ਰਿਸ਼ਟੀ ਉਪਲਬਧ ਹੈ।

ਸ਼ਿਸ਼ਯਾਂ ਅਤੇ ਸਾਧਕਾਂ ਦੇ ਵਿਚਕਾਰ ਦਿੱਤੇ ਗਏ ਉਨ੍ਹਾਂ ਦੇ ਪ੍ਰਵਚਨ ਛੇ ਸੌ ਪੰਜਾਹ (650) ਤੋਂ ਵੀ ਵੱਧ ਕਿਤਾਬਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਤੀਹ (30) ਤੋਂ ਵੀ ਵਧ ਭਾਸ਼ਾਵਾਂ ਵਿਚ ਅਨੁਵਾਦਿਤ ਹੋ ਚੁੱਕੇ ਹਨ। ਉਹ ਕਹਿੰਦੇ ਹਨ, ਮੇਰਾ ਸੰਦੇਸ਼ ਕੋਈ ਸਿਧਾਂਤ, ਕੋਈ ਚਿੰਤਨ ਨਹੀਂ ਹੈ। ਮੇਰੇ ਸੰਦੇਸ਼ ਤਾਂ ਰੂਪਾਂਤਰਣ ਹੋ ਚੁਕੇ ਹਨ। ਉਹ ਕਹਿੰਦੇ ਹਨ, ਮੇਰਾ ਸੰਦੇਸ਼ ਕੋਈ ਸਿਧਾਂਤ, ਕੋਈ ਚਿੰਤਨ ਨਹੀਂ ਹੈ। ਮੇਰਾ ਸੰਦੇਸ਼ ਤਾਂ ਰੂਪਾਂਤਰਣ ਦੀ ਇਕ ਕੀਮਿਯਾ, ਇਕ ਵਿਗਿਆਨ ਹੈ।

ਓਸ਼ੋ ਆਪਣੀ ਰਿਹਾਇਸ਼ਗਾਹ ਵਿਚੋਂ ਦਿਨ ਵਿਚ ਕੇਵਲ ਦੋ ਵਾਰ ਬਾਹਰ ਆਉਂਦੇ, ਸਵੇਰੇ ਪ੍ਰਵਚਨ ਦੇਣ ਲਈ ਅਤੇ ਸ਼ਾਮ ਵੇਲੇ ਸਤਯ ਦੀ ਯਾਤ੍ਰਾ ਉੱਤੇ ਨਿਕਲੇ ਹੋਏ ਸਾਧਕਾਂ ਨੂੰ ਮਾਰਗ ਦਰਸ਼ਨ ਅਤੇ ਨਵੇਂ ਪ੍ਰੇਮੀਆਂ ਨੂੰ ਸੰਨਿਆਸ ਦੀਕਸ਼ਾ ਦੇਣ ਲਈ।

ਸੰਨ 1980 ਵਿਚ ਕੱਟੜਪੰਥੀ ਹਿੰਦੂ ਸਮੁਦਾਯ ਦੇ ਇਕ ਸਦਸਯ (ਮੈਂਬਰ) ਦੁਆਰਾ ਉਨ੍ਹਾਂ ਦੀ ਹੱਤਿਆ ਦਾ ਪ੍ਰਯਾਸ ਵੀ ਉਨ੍ਹਾਂ ਦੇ ਇਕ ਪ੍ਰਵਚਨ ਦੇ ਦੌਰਾਨ ਕੀਤਾ ਗਿਆ।

ਅਚਾਨਕ ਸਰੀਰਕ ਰੂਪ ਨਾਲ ਬੀਮਾਰ ਹੋ ਜਾਣ ਨਾਲ 1981 ਦੀ ਬਸੰਤ ਰਿਤੂ ਵਿਚ ਉਹ ਮੌਨ ਵਿਚ ਚਲੇ ਗਏ। ਡਾਕਟਰਾਂ ਦੀ ਸਲਾਹ-ਮਸ਼ਵਰੇ ਦੇ ਨਾਲ ਉਸੇ ਸਾਲ ਜੂਨ ਵਿਚ ਉਨ੍ਹਾਂ ਨੂੰ ਅਮਰੀਕਾ ਲੈ ਜਾਇਆ ਗਿਆ। ਉਨ੍ਹਾਂ ਦੇ ਅਮਰੀਕੀ ਸ਼ਿਸ਼ਿਆਂ ਨੇ ਔਰੇਗਨ ਰਾਜ ਦੇ ਮਧਯ ਭਾਗ ਵਿਚ 64,000 ਏਕੜ ਜ਼ਮੀਨ ਖ਼ਰੀਦੀ, ਜਿਥੇ ਉਨ੍ਹਾਂ ਨੇ ਓਸ਼ੋ ਨੂੰ ਰਹਿਣ ਲਈ ਆਮੰਤਰਿਤ (ਬੁਲਾਵਾ) ਕੀਤਾ। ਹੌਲੀ-ਹੌਲੀ ਇਹ ਰੇਗਿਸਤਾਨੀ ਜਗ੍ਹਾ ਇਕ ਫੂਲਦੇ-ਫਲਦੇ ਕਮਯੂਨ ਵਿਚ ਬਦਲਦੀ ਗਈ। ਉਥੇ ਲਗਪਗ 5,000 ਮਿੱਤ੍ਰ ਪ੍ਰੇਮੀ ਮਿਲ-ਜੁਲ ਕੇ ਆਪਣੇ ਸਤਿਗੁਰੂ ਦੀ ਛਤਰ ਛਾਯਾ ਵਿਚ ਆਨੰਦ ਅਤੇ ਉਤਸਵ ਦੇ ਵਾਤਾਵਰਣ ਵਿਚ ਇਕ ਅਨੋਖੇ ਨਗਰ ਦੇ ਸ੍ਰਜਨ ਨੂੰ ਯਥਾਰਥ (ਸੱਚਾ ਰੂਪ) ਰੂਪ ਦੇ ਰਹੇ ਸਨ। ਛੇਤੀ ਹੀ ਇਹ ਨਗਰ ਰਜਨੀਸ਼ ਪੁਰਮ ਨਾਮ ਨਾਲ ਸੰਯੁਗਤ ਰਾਜਯ ਅਮਰੀਕਾ ਦਾ ਇਕ ਨਿਗਮੀਕ੍ਰਤ (ਇਲੰਕਾਰਪੋਰੇਟਿਡ) ਸ਼ਹਿਰ ਬਣ ਗਿਆ। ਪਰ ਕੱਟੜਪੰਥੀ ਇਸਾਈ ਪੋਪ ਵਗੈਰਾ ਦੇ ਦਬਾਓ ਵਿਚ ਅਤੇ ਰਾਜਨੀਤਕਾਂ ਦੇ ਨਿਹਿਤ ਸਵਾਰਥਾਂ ਵਸ ਪ੍ਰਾਰੰਭ (ਸ਼ੁਰੂ) ਤੋਂ ਹੀ ਕਮਯੂਨ ਦੇ ਇਸ ਪ੍ਰਯੋਗ ਨੂੰ ਨਸ਼ਟ ਕਰਨ ਲਈ ਅਮਰੀਕਾ ਦੀਆਂ ਸੰਘੀਯ, ਰਾਜਯ ਅਤੇ ਸਥਾਨੀਯ ਸਰਕਾਰਾਂ ਹਰ ਸੰਭਵ (ਮੁਮਕਿਨ) ਯਤਨ ਕਰ ਰਹੀਆਂ ਸਨ।

ਜਿਵੇਂ ਅਚਾਨਕ ਇਕ ਦਿਨ ਓਸ਼ੋ ਮੌਨ ਹੋ ਗਏ ਸਨ, ਉਸੇ ਤਰ੍ਹਾਂ ਹੀ ਅਚਾਨਕ ਅਕਤੂਬਰ 1984 ਵਿਚ ਉਨ੍ਹਾਂ ਨੇ ਫਿਰ ਤੋਂ ਪ੍ਰਚਵਨ ਪ੍ਰਾਰੰਭ ਕਰ ਦਿੱਤਾ। ਜੀਵਨ ਸਤਯਾਂ (ਸੱਚਾਈਆਂ) ਦੇ ਇੰਨੇ ਸਪੱਸ਼ਟਵਾਦੀ ਅਤੇ ਮੁੱਖ ਤੋਂ ਉਚਾਰੇ ਗਏ ਵਚਨਾਂ ਰਾਹੀਂ ਨਿਹਿਤ ਸਵਾਰਥਾਂ ਦੀਆਂ ਜੜ੍ਹਾਂ ਹੋਰ ਵੀ ਤਿੜਕਣ ਲੱਗੀਆਂ

ਅਕਤੂਬਰ 1985 ਵਿਚ ਅਮਰੀਕਾ ਸਰਕਾਰ ਨੇ ਮਨਘੜੰਤ ਆਰੋਪ (ਇਲਜ਼ਾਮ) ਲਗਾਏ। ਬਿਨਾਂ ਕਿਸੇ ਗ੍ਰਿਫ਼ਤਾਰੀ ਵਾਰੰਟ ਦੇ ਓਸ਼ੋ ਨੂੰ ਬੰਦੂਕ ਦੀ ਨੋਕ ਉੱਤੇ ਹਿਰਾਸਤ ਵਿਚ ਲੈ ਲਿਆ ਗਿਆ। 12 ਦਿਨ ਤਕ ਉਨ੍ਹਾਂ ਦੀ

ਜ਼ਮਾਨਤ ਸਵੀਕਾਰ ਨਹੀਂ ਕੀਤੀ ਗਈ ਅਤੇ ਉਨ੍ਹਾਂ ਦੇ ਹੱਥਾਂ-ਪੈਰਾਂ ਵਿਚ ਬੇੜੀਆਂ ਪਾ ਕੇ ਉਨ੍ਹਾਂ ਨੂੰ ਇਕ ਜੇਲ੍ਹ ਤੋਂ ਦੂਜੀ ਜੇਲ੍ਹ ਵਿਚ ਘੁਮਾਉਂਦੇ ਹੋਏ ਪੋਰਟਲੈਂਡ (ਆਰੇਗਨ) ਲੈ ਜਾਇਆ ਗਿਆ। ਇਸ ਤਰ੍ਹਾਂ ਜਿਹੜੀ ਯਾਤ੍ਰਾ ਕੁਲ ਪੰਜ ਘੰਟਿਆਂ ਦੀ ਸੀ ਉਹ ਅੱਠ ਦਿਨਾਂ ਵਿਚ ਪੂਰੀ ਕੀਤੀ ਗਈ। ਜੇਲ੍ਹ ਵਿਚ ਉਨ੍ਹਾਂ ਦੇ ਸਰੀਰ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ ਅਤੇ ਇਥੇ ਹੀ ਸੰਘੀਯ ਸਰਕਾਰ ਨੇ ਉਨ੍ਹਾਂ ਨੂੰ ਥੇਲਿਯਮ ਨਾਮਕ ਹੌਲੀ-ਹੌਲੀ ਅਸਰ ਵਾਲਾ ਜ਼ਹਿਰ ਦਿੱਤਾ।

14 ਨਵੰਬਰ 1985 ਨੂੰ ਅਮਰੀਕਾ ਛੱਡ ਕੇ ਓਸ਼ੋ ਭਾਰਤ ਆ ਗਏ। ਇੱਥੋਂ ਦੀ ਤਤਕਾਲੀਨ ਸਰਕਾਰ ਨੇ ਵੀ ਉਨ੍ਹਾਂ ਨੂੰ ਪੂਰੀ ਦੁਨੀਆਂ ਤੋਂ ਅਲੱਗ-ਥਲੱਗ ਕਰ ਦੇਣ ਦਾ ਪੂਰਾ ਯਤਨ ਕੀਤਾ। ਤਦ ਓਸ਼ੋ ਨੇਪਾਲ ਚਲੇ ਗਏ। ਨੇਪਾਲ ਵਿਚ ਵੀ ਉਨ੍ਹਾਂ ਨੂੰ ਬਹੁਤਾ ਸਮਾਂ ਰੁਕਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਫ਼ਰਵਰੀ 1986 ਵਿਚ ਉਹ ਦੁਨੀਆਂ ਦਾ ਦੌਰਾ ਕਰਨ ਲਈ ਨਿਕਲ ਪਏ, ਜਿਸ ਦੀ ਸ਼ੁਰੂਆਤ ਉਨ੍ਹਾਂ ਨੇ ਗਰੀਸ ਤੋਂ ਕੀਤੀ, ਲੇਕਿਨ ਅਮਰੀਕਾ ਦੇ ਦਬਾਵ ਦੇ ਹੇਠਾਂ 21 ਦੇਸ਼ਾਂ ਨੇ ਜਾਂ ਤਾਂ ਉਨ੍ਹਾਂ ਨੂੰ ਦੇਸ਼ ਤੋਂ ਨਿਸਕਾਸ਼ਿਤ (ਕੱਢ ਦੇਣਾ) ਕੀਤਾ, ਜਾਂ ਫਿਰ ਦੇਸ਼ ਵਿਚ ਪ੍ਰਵੇਸ਼ ਦੀ ਇਜਾਜ਼ਤ ਹੀ ਨਹੀਂ ਦਿੱਤੀ। ਇਨ੍ਹਾਂ ਤਥਾ ਕਥਿਤ ਸਵਤੰਤਰ ਅਤੇ ਲੋਕਤਾਂਤਰਿਕ ਦੇਸ਼ਾਂ ਵਿਚ ਗਰੀਸ, ਇਟਲੀ, ਸਵਿਟਜ਼ਰਲੈਂਡ, ਸਵੀਡਨ, ਗਰੇਟ ਬ੍ਰਿਟੇਨ, ਪੱਛਮੀ ਜਰਮਨੀ, ਹਾਲੈਂਡ, ਕਨਾਡਾ, ਕਮਾਇਕਾ ਅਤੇ ਸਪੇਨ ਪ੍ਰਮੁੱਖ ਸਨ।

ਓਸ਼ੋ ਜੁਲਾਈ 1986 ਬੰਬਈ ਅਤੇ ਜਨਵਰੀ 1987 ਵਿਚ ਪੂਨਾ ਦੇ ਆਪਣੇ ਆਸ਼ਰਮ ਵਿਚ ਪਰਤ ਆਏ, ਜਿਹੜਾ ਹੁਣ ਓਸ਼ੋ ਕਮਯੂਨ ਇੰਟਰਨੈਸ਼ਨਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਥੇ ਉਹ ਫਿਰ ਤੋਂ ਆਪਣੀ ਕ੍ਰਾਂਤੀਕਾਰੀ ਸ਼ੈਲੀ ਵਿਚ ਆਪਣੇ ਪ੍ਰਵਚਨਾਂ ਨਾਲ ਪੰਡਿਤ-ਪ੍ਰੋਹਤਾਂ ਅਤੇ ਰਾਜਨੀਤਕਾਂ ਦੇ ਪਖੰਡਾਂ ਤੇ ਮਾਨਵਤਾ ਲਈ ਉਨ੍ਹਾਂ ਦੇ ਜਾਲ ਵਿਛਾਣ ਦਾ ਪਰਦਾ ਫ਼ਾਸ਼ ਕਰਨ ਲੱਗੇ।

ਇਸੇ ਦੌਰਾਨ ਭਾਰਤ ਸਹਿਤ ਸਾਰੀ ਦੁਨੀਆਂ ਦੇ ਬੁੱਧੀਜੀਵੀ ਵਰਗ (ਕੌਮ) ਅਤੇ ਸਮਾਚਾਰ ਮਾਧਿਯਮਾਂ ਨੇ ਓਸ਼ੋ ਦੇ ਪ੍ਰਤਿ (ਲਈ) ਗ਼ੈਰ-ਪੱਕਸ਼ਪਾਤ ਪੂਰਨ ਵਿਧਾਇਕ ਚਿੰਤਨ ਦਾ ਰੁਖ ਅਪਨਾਇਆ। ਛੋਟੇ-ਵੱਡੇ ਸਭ ਤਰ੍ਹਾਂ ਦੇ ਸਮਾਚਾਰ ਪੱਤਰਾਂ (ਅਖ਼ਬਾਰਾਂ ਤੇ ਰਸਾਲੇ ਆਦਿ) ਵਿਚ ਅਕਸਰ ਉਨ੍ਹਾਂ ਦੇ ਅੰਮ੍ਰਿਤ ਵਚਨ ਅਤੇ ਉਨ੍ਹਾਂ ਦੇ ਸੰਬੰਧ ਵਿਚ ਮਾਨ-ਸਨਮਾਨ ਵਾਲੇ ਸੰਗੀਤਕਾਰ, ਨਰਤਕ, ਸਾਹਿਤਕਾਰ, ਕਵੀ ਤੇ ਸ਼ਾਇਰ ਓਸ਼ੋ ਕਮਯੂਨ ਇੰਟਰਨੈਸ਼ਨਲ ਵਿਚ ਅਕਸਰ

ਆਉਣ ਲੱਗੇ। ਮਨੁੱਖ ਦੇ ਜੀਵਨ ਦਾ ਏਨਾ ਅਨੋਖਾ ਰੂਪ ਵੇਖ ਕੇ ਉਨ੍ਹਾਂ ਨੂੰ ਆਪਣੀਆਂ ਅੱਖਾਂ ਉੱਤੇ ਹੀ ਵਿਸ਼ਵਾਸ ਨਾ ਹੁੰਦਾ।

26 ਦਸੰਬਰ 1988 ਨੂੰ ਓਸ਼ੋ ਨੇ ਆਪਣੇ ਨਾਮ ਦੇ ਅੱਗੋਂ ਭਗਵਾਨ ਸੰਬੋਧਨ ਹਟਾ ਦਿੱਤਾ। 27 ਫ਼ਰਵਰੀ 1989 ਨੂੰ ਓਸ਼ੋ ਕਮਯੂਨ ਇੰਟਰਨੈਸ਼ਨਲ ਦੇ ਬੁੱਧਸਭਾਗਾਰ ਵਿਚ ਸ਼ਾਮ-ਪ੍ਰਵਚਨ ਦੇ ਵੇਲੇ ਉਨ੍ਹਾਂ ਦੇ 10,000 ਸ਼ਿਸ਼ਿਆਂ ਅਤੇ ਪ੍ਰੇਮੀਆਂ ਨੇ ਇਕ ਮਤ ਹੋ ਕੇ ਆਪਣੇ ਪਿਆਰੇ ਸਤਿਗੁਰੂ ਨੂੰ 'ਓਸ਼ੋ' ਨਾਮ ਦੇ ਨਾਲ ਬੁਲਾਉਣ ਦਾ ਫ਼ੈਸਲਾ ਕੀਤਾ।

ਅਕਤੂਬਰ 1985 ਵਿਚ ਜੇਲ੍ਹ ਵਿਚ ਅਮਰੀਕਾ ਦੀ ਰੀਗਨ ਸਰਕਾਰ ਰਾਹੀਂ ਓਸ਼ੋ ਨੂੰ ਥੇਲਿਯਮ ਨਾਮਕ ਹੌਲੀ ਅਸਰ ਕਰਨ ਵਾਲਾ ਜ਼ਹਿਰ ਦਿੱਤੇ ਜਾਣ ਅਤੇ ਸਰੀਰ ਨੂੰ ਪ੍ਰਾਣਘਾਤਕ ਰੇਡਿਏਸ਼ਨ ਤੋਂ ਲੰਘਾਏ ਜਾਣ ਦੇ ਕਾਰਨ ਉਨ੍ਹਾਂ ਦਾ ਸਰੀਰ ਤਦੋਂ ਤੋਂ ਲਗਾਤਾਰ ਬੀਮਾਰ ਰਹਿਣ ਲੱਗਾ ਸੀ ਅਤੇ ਅੰਦਰ ਹੀ ਅੰਦਰ ਛੀਣ ਹੁੰਦਾ ਚਲਾ ਗਿਆ। ਇਸ ਦੇ ਬਾਵਜੂਦ ਓਸ਼ੋ—ਓਸ਼ੋ ਕਮਯੂਨ ਇੰਟਰਨੈਸ਼ਨਲ, ਪੂਨਾ ਦੇ ਗੌਤਮ ਦਿ ਬੁੱਧਾ ਆਡੀਟੋਰੀਅਮ ਵਿਚ 10 ਅਪ੍ਰੈਲ 1989 ਤਕ ਹਰ ਰੋਜ਼ ਸ਼ਾਮ ਦਸ ਹਜ਼ਾਰ ਸ਼ਿਸ਼ਿਆਂ, ਖੋਜੀਆਂ ਅਤੇ ਪ੍ਰੇਮੀਆਂ ਦੀ ਸਭਾ ਵਿਚ ਪ੍ਰਵਚਨ ਦਿੰਦੇ ਰਹੇ ਅਤੇ ਉਨ੍ਹਾਂ ਨੂੰ ਧਿਆਨ ਵਿਚ ਡੁਬਾਉਂਦੇ ਰਹੇ। ਇਸ ਦੇ ਬਾਅਦ ਦੇ ਅਗਲੇ ਕਈ ਮਹੀਨੇ ਉਨ੍ਹਾਂ ਦਾ ਸਰੀਰਕ ਕਸ਼ਟ ਵਧ ਗਿਆ।

17 ਸਤੰਬਰ 1989 ਨੂੰ ਫਿਰ ਤੋਂ ਗੌਤਮ ਦਿ ਬੁੱਧਾ ਆਡਿਟੋਰੀਅਮ ਵਿਚ ਹਰ ਸ਼ਾਮ ਕੇਵਲ ਅੱਧੇ ਘੰਟੇ ਲਈ ਆ ਕੇ ਓਸ਼ੋ ਮੌਨ ਦਰਸ਼ਨ-ਸਤਸੰਗ ਦੇ ਸੰਗੀਤ ਅਤੇ ਮੌਨ ਵਿਚ ਸ਼ਿਸ਼ਿਆਂ ਨੂੰ ਡੁਬਾਉਂਦੇ ਰਹੇ। ਇਸ ਬੈਠਕ ਨੂੰ ਉਨ੍ਹਾਂ ਨੇ 'ਓਸ਼ੋ ਵਾਇਟ ਰੋਬ ਬ੍ਰਦਰਹੁੱਡ' ਨਾਮ ਦਿੱਤਾ। ਓਸ਼ੋ 16 ਜਨਵਰੀ 1990 ਤਕ ਹਰ ਰੋਜ਼ ਸ਼ਾਮ ਸੱਤ ਵਜੇ 'ਓਸ਼ੋ ਵਾਇਟਰੋਬ ਬ੍ਰਦਰਹੁੱਡ' ਦੀ ਸਭਾ ਵਿਚ ਉਪਸਥਿਤ ਹੁੰਦੇ ਰਹੇ।

17 ਜਨਵਰੀ ਨੂੰ ਉਹ ਕੇਵਲ ਸਭਾ ਵਿਚ ਨਮਸਕਾਰ ਕਰ ਕੇ ਵਾਪਸ ਚਲੇ ਗਏ। 18 ਜਨਵਰੀ ਨੂੰ 'ਓਸ਼ੋ ਵਾਇਟਰੋਬ ਬ੍ਰਦਰਹੁੱਡ' ਦੀ ਸ਼ਾਮ ਵਿਚ ਉਨ੍ਹਾਂ ਦੇ ਨਿੱਜੀ ਡਾਕਟਰ ਸਵਾਮੀ ਅਮ੍ਰਤੋ ਨੇ ਸੂਚਨਾ ਦਿੱਤੀ ਕਿ ਓਸ਼ੋ ਦੇ ਸਰੀਰ ਦਾ ਦਰਦ ਇੰਨਾ ਵਧ ਗਿਆ ਹੈ ਕਿ ਉਹ ਸਾਡੇ ਵਿਚਕਾਰ ਨਹੀਂ ਆ ਸਕਦੇ, ਲੇਕਿਨ ਉਹ ਆਪਣੇ ਕਮਰੇ ਵਿਚ ਹੀ ਸਤ ਵਜੇ ਸਾਡੇ ਨਾਲ ਧਿਆਨ ਵਿਚ ਬੈਠਣਗੇ। ਦੂਜੇ ਦਿਨ 19 ਜਨਵਰੀ 1990 ਨੂੰ ਓਸ਼ੋ ਸ਼ਾਮ ਦੇ ਪੰਜ ਵਜੇ ਸਰੀਰ ਛੱਡ ਕੇ ਮਹਾਂ ਪਰਿਯਾਣ ਕਰ ਗਏ। ਇਸ ਦੀ ਘੋਸ਼ਣਾ ਸ਼ਾਮ ਦੀ ਸਭਾ ਵਿਚ ਕੀਤੀ

ਗਈ। ਓਸ਼ੋ ਦੀ ਇੱਛਾ ਦੇ ਅਨੁਸਾਰ, ਓਸ਼ੋ ਸ਼ਾਮ ਦੀ ਸਭਾ ਵਿਚ ਉਨ੍ਹਾਂ ਦੀ ਦੇਹ ਗੌਤਮ ਦਿ ਬੁੱਧਾ ਆਡਿਟੋਰੀਅਮ ਵਿਚ 10 ਮਿੰਟ ਲਈ ਲਿਆ ਕੇ ਰੱਖੀ ਗਈ। 10 ਹਜ਼ਾਰ ਸ਼ਿਸ਼ ਅਤੇ ਪ੍ਰੇਮੀਆਂ ਨੇ ਉਨ੍ਹਾਂ ਦੇ ਆਖ਼ਰੀ ਦਰਸ਼ਨ ਕੀਤੇ। ਤੇ ਫਿਰ ਉਤਸਵ, ਸੰਗੀਤ-ਨਾਚ ਦੇ ਭਾਵਾਂ ਵਿਚ ਰਤ ਹੋਈ। ਫਿਰ ਉਨ੍ਹਾਂ ਦਾ ਸਰੀਰ ਦਾਹ ਸੰਸਕਾਰ ਲਈ ਲੈ ਜਾਇਆ ਗਿਆ।

21 ਜਨਵਰੀ 1990 ਦੀ ਸ਼ਾਮ ਢਲਣ ਵੇਲੇ ਉਨ੍ਹਾਂ ਦੇ ਅਸਥੀ-ਫੁੱਲਾਂ ਦਾ ਕਲਸ਼ ਮਹੋਤਸਵਪੂਰਵਕ ਕਮਯੂਨ ਵਿਚ ਲਿਆ ਕੇ ਚੁਅਗਤਸੂ ਹਾਲ ਵਿਚ ਨਿਰਮਿਤ ਸੰਗਮਰਮਰ ਦੀ ਸਮਾਧੀ ਭਵਨ ਵਿਚ ਸਥਾਪਿਤ ਕੀਤਾ ਗਿਆ।

ਓਸ਼ੋ ਦੀ ਸਮਾਧੀ ਉੱਤੇ ਸੁਨਹਿਰੀ ਅੱਖਰਾਂ ਵਿਚ ਉਕਰਿਆ ਹੈ :

OSHO
Never Born
Never Died
Only Visited This
Planet Earth Between
Dec. 11, 1931 - Jan. 19, 1990

ਧਿਆਨ ਅਤੇ ਸੂਜਨ ਦਾ ਇਹ ਅਨੋਖਾ ਨਵ ਸੰਨਿਆਸ ਉਪਵਨ, ਓਸ਼ੋ ਕਮਯੂਨ ਓਸ਼ੋ ਦੀ ਵਿਦੇਹ-ਉਪਸਥਿਤੀ ਵਿਚ ਅੱਜ ਪੂਰੀ ਦੁਨੀਆਂ ਲਈ ਇਕ ਅਜਿਹਾ ਪ੍ਰਬਲ ਚੁੰਬਕੀਯੇ ਆਕਰਸ਼ਣ ਕੇਂਦਰ ਬਣ ਗਿਆ ਹੈ ਕਿ ਇਥੇ ਲਗਾਤਾਰ ਨਵੇਂ-ਨਵੇਂ ਲੋਕ ਆਤਮ-ਰੂਪਾਂਤਰਣ ਲਈ ਆ ਰਹੇ ਹਨ ਅਤੇ ਓਸ਼ੋ ਦੀ ਸਘਨ-ਜੀਵੰਤ ਉਪਸਥਿਤੀ ਵਿਚ ਸਾਧਨਾ ਕਰ ਰਹੇ ਹਨ।